# ਕੌਰਵ ਸਭਾ

ਨਾਵਲ

**ਲੇਖਕ ਦੀਆਂ ਹੋਰ ਰਚਨਾਵਾਂ :**

ਨਾਵਲ : ਅੱਗ ਦੇ ਬੀਜ, ਕਾਫ਼ਲਾ, ਕਟਹਿਰਾ, ਤਫ਼ਤੀਸ਼, ਸੁਧਾਰ ਘਰ
ਕਹਾਣੀ ਸੰਗ੍ਰਹਿ : ਪੁਨਰਵਾਸ, ਲਾਮ, ਠੋਸ ਸਬੂਤ

**ਲੇਖਕ ਸੰਬੰਧੀ ਰਚੀਆਂ ਗਈਆਂ ਪੁਸਤਕਾਂ**

1. ਤਫ਼ਤੀਸ਼ ਦਾ ਵਿਸ਼ਲੇਸ਼ਣ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
2. ਨਾਵਲਕਾਰ ਮਿੱਤਰ ਸਨ ਮੀਤ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
3. ਤਫ਼ਤੀਸ਼ ਦਾ ਵਿਸ਼ਲੇਸ਼ਣ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
4. ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ : ਅਮਰਜੀਤ ਸਿੰਘ ਗਰੇਵਾਲ
5. ਕੌਰਵ ਸਭਾ ਦੀਆਂ ਪਰਤਾਂ : ਸੰਪਾਦਕ : ਡਾ. ਹਰਭਜਨ ਸਿੰਘ ਭਾਟੀਆ
6. Fiction of Mitter Sain Meet : Dr. T. R. Vinod
7. ਸੰਵਾਦ ਦਰ ਸੰਵਾਦ : ਸੰਪਾਦਕ : ਡਾ. ਐਸ. ਤਰਸੇਮ

**ਪ੍ਰਮੁੱਖ ਇਨਾਮ ਅਤੇ ਸਨਮਾਨ**

1. ਸਾਹਿਤ ਅਕਾਡਮੀ ਪੁਰਸਕਾਰ, 2008
2. ਕੇਂਦਰੀ ਸਰਕਾਰ ਦੇ ਪੁਲਿਸ ਵਿਭਾਗ ਦਾ ਪੰਡਿਤ ਗੋਬਿੰਦ ਵਲਬ ਪੰਤ ਪੁਰਸਕਾਰ

# ਕੌਰਵ ਸਭਾ

ਨਾਵਲ

**ਮਿੱਤਰ ਸੈਨ ਮੀਤ**

**KAORAV SABHA**
(Novel)
*by :*
**Mitter Sen Meet**
Address:
H.No. 297, Street No.5,
Upkar Nagar, Civil Lines,
Ludhiana (Pb.), M-098556-31777
Email : mittersainmeet@hotmail.com

© Author
**ISBN :** 978-81041-70-3

ਪਹਿਲੀ ਵਾਰ : ਜਨਵਰੀ, 2003
ਦੂਜੀ ਵਾਰ : ਮਈ, 2003
ਤੀਜੀ ਵਾਰ : 2005
ਚੌਥੀ ਵਾਰ : ਅਗਸਤ 2011

ਮੁੱਲ : 150/- ਰੁਪਏ

ਪ੍ਰਕਾਸ਼ਕ :

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਟੈਲੀਫ਼ੋਨ : (0183) 2547974, 2557973
ਫ਼ੈਕਸ : (0183) 5017488
Email : csjssales@hotmail.com
csjspurchase@yahoo.com
csjsexports@vsnl.com
Visit our website : www.csjs.com

Printed in India

**ਪ੍ਰਿੰਟਰ :** ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : (0183) 2705003

# ਭਾਗ ਪਹਿਲਾ

## ਮੁਕੱਦਮੇਬਾਜ਼ੀ

"ਜੋ ਜਿੱਤ ਗਿਆ
ਸੋ ਹਰ ਗਿਆ।
ਜੋ ਹਰ ਗਿਆ
ਸੋ ਮਰ ਗਿਆ।"

*- ਪੰਜਾਬੀ ਕਹਾਵਤ*

# - 1 -

ਪਾਰਕ ਦਾ ਦੂਸਰਾ ਚੱਕਰ ਸ਼ੁਰੂ ਕਰਦਿਆਂ ਹੀ ਰਾਮ ਨਾਥ ਨੂੰ ਘਰੋਂ ਸੁਨੇਹਾ ਆ ਗਿਆ। ਮਾਇਆ ਨਗਰ ਤੋਂ ਫ਼ੋਨ ਆਇਆ ਸੀ। ਨੀਲਮ ਭੈਣ ਦੇ ਘਰ ਡਾਕਾ ਪਿਆ ਸੀ। ਸਾਰਾ ਟੱਬਰ ਜ਼ਖ਼ਮੀ ਸੀ। ਸੈਰ ਵਿਚੇ ਛੱਡੋ। ਘਰੇ ਆਓ, ਤੁਰੰਤ ਮਾਇਆ ਨਗਰ ਜਾਣਾ ਸੀ।

ਤੇਜ਼ ਤੁਰਨ ਕਾਰਨ ਰਾਮ ਨਾਥ ਦਾ ਸਾਹ ਪਹਿਲਾਂ ਹੀ ਚੜ੍ਹਿਆ ਹੋਇਆ ਸੀ। ਡਾਕੇ ਦੀ ਖ਼ਬਰ ਸੁਣਕੇ ਦਿਲ ਦੀ ਧੜਕਨ ਵੀ ਤੇਜ਼ ਹੋ ਗਈ। ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ।

ਆਪਣੇ ਆਪ ਨੂੰ ਸੰਭਾਲਣ ਦਾ ਯਤਨ ਕਰਦਾ ਰਾਮ ਨਾਥ ਘਾਹ ਉਪਰ ਬੈਠ ਗਿਆ। ਬੂਟ ਲਾਹੇ। ਪਸੀਨੇ ਦੀਆਂ ਬੂੰਦਾਂ ਪੂੰਝੀਆਂ। ਪਾਣੀ ਪੀਤਾ। ਅੱਖਾਂ ਤੇ ਛਿੱਟੇ ਮਾਰੇ। ਮਨ ਕੁਝ ਠਿਕਾਣੇ ਆਇਆ। ਘਰ ਜਾਣ ਲਈ ਉਹ ਬੇਟੀ ਦੇ ਮੋਪਡ ਪਿੱਛੇ ਬੈਠ ਗਿਆ।

ਘਰ ਗਏ ਨੂੰ ਪਤਨੀ ਸੰਗੀਤਾ ਨੇ ਹੋਈ ਘਟਨਾ ਦਾ ਵਿਸਤਾਰ ਦੱਸਿਆ।

ਡਾਕੇ ਨਾਲੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਸੀ ਕਿ ਫ਼ੋਨ ਨੀਲਮ ਦੇ ਕਿਸੇ ਗੁਆਂਢੀ ਦੇ ਘਰੋਂ ਆਇਆ ਸੀ। ਨੀਲਮ ਦੇ ਜੇਠ ਮੋਹਨ ਲਾਲ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਉਨ੍ਹਾਂ ਨੂੰ ਸੂਚਿਤ ਕਿਉਂ ਨਹੀਂ ਕੀਤਾ?

ਮੋਹਨ ਦਾ ਪਰਿਵਾਰ ਸਾਧਾਰਨ ਪਰਿਵਾਰ ਨਹੀਂ ਸੀ। ਉਹ ਮਾਇਆ ਨਗਰ ਦੇ ਚੁਣਵੇਂ ਘਰਾਂ ਵਿਚੋਂ ਇਕ ਗਿਣਿਆ ਜਾਂਦਾ ਸੀ। ਉਨ੍ਹਾਂ ਦਾ ਚੰਗਾ ਕਾਰੋਬਾਰ ਸੀ। ਸਰਕਾਰੇ-ਦਰਬਾਰੇ ਪਹੁੰਚ ਸੀ। ਸਾਰੇ ਸ਼ਹਿਰ ਵਿਚ ਜਾਣ-ਪਹਿਚਾਣ ਸੀ। ਕੀ ਉਨ੍ਹਾਂ ਵਿਚੋਂ ਕੋਈ ਮੌਕੇ ਵਾਲੀ ਥਾਂ ਤੇ ਨਹੀਂ ਸੀ ਪੁੱਜਾ? ਜੇ ਹਾਂ ਤਾਂ ਕਿਉਂ ਨਹੀਂ ?

ਸ਼ਹਿਰ ਜਾਣ ਦੀ ਤਿਆਰੀ ਵਿਚ ਰੁੱਝੀ ਪਤਨੀ ਦੀ ਸਹਾਇਤਾ ਕਰਦਾ ਰਾਮ ਨਾਥ ਇਸ ਗੁੱਥੀ ਨੂੰ ਸੁਲਝਾਉਣ ਦਾ ਯਤਨ ਕਰਨ ਲੱਗਾ।

ਇਹ ਪ੍ਰਸ਼ਨ ਰਾਮ ਨਾਥ ਦੇ ਮਨ ਵਿਚ ਬਿਨਾਂ ਵਜ੍ਹਾ ਨਹੀਂ ਸੀ ਉੱਠ ਰਿਹਾ। ਇਸ ਦੇ ਪਿੱਛੇ ਵੱਡਾ ਪਿਛੋਕੜ ਸੀ।

ਕੁਝ ਦੇਰ ਤੋਂ ਦੋਹਾਂ ਪਰਿਵਾਰਾਂ ਵਿਚਕਾਰ ਖਿੱਚੋਤਾਣ ਚੱਲ ਰਹੀ ਸੀ। ਜਾਇਦਾਦ ਦਾ ਝਗੜਾ ਪਰਿਵਾਰਕ ਸਾਲਸਾਂ ਦੇ ਹੱਥੋਂ ਨਿਕਲ ਕੇ ਕਚਹਿਰੀ ਤਕ ਅੱਪੜ ਗਿਆ ਸੀ। ਆਪਸ ਵਿਚ ਮੂੰਹ ਮੋਟੇ ਸਨ ਅਤੇ ਬੋਲਚਾਲ ਬੰਦ ਸੀ।

ਰਾਮ ਨਾਥ ਦਾ ਮੱਥਾ ਠਨਕ ਰਿਹਾ ਸੀ। ਕਿਧਰੇ ਇਹ ਵਾਰਦਾਤ ਉਸੇ ਪਰਿਵਾਰ ਨੇ ਨਾ ਕਰਾਈ ਹੋਵੇ ?

ਉਸ ਪਰਿਵਾਰ ਉਪਰ ਵੀ ਰਾਮ ਨਾਥ ਬੇ-ਵਜ੍ਹਾ ਸ਼ੱਕ ਨਹੀਂ ਸੀ ਕਰ ਰਿਹਾ।

ਕਿਸੇ ਹੋਰ ਵੱਲੋਂ ਨਹੀਂ, ਅਜਿਹੀ ਵਾਰਦਾਤ ਦੀ ਚਿਤਾਵਨੀ ਖੁਦ ਨੀਲਮ ਦੀ ਜਠਾਨੀ ਕੋਲੋਂ ਮਿਲੀ ਸੀ। ਚਾਚੇ ਭਤੀਜਿਆਂ ਵਿਚਕਾਰ ਸੌ ਮਨ-ਮੁਟਾਵ ਹੋਇਆ ਹੋਵੇ। ਮਾਇਆ ਦੇਵੀ ਲਈ ਵੇਦ ਅਤੇ ਉਸਦਾ ਪਰਿਵਾਰ ਪਹਿਲਾਂ ਵਾਂਗ ਆਪਣਾ ਸੀ। ਮੋਹਨ ਦੇ ਜਿਉਂਦੇ

ਹੋਰ ਗੱਲ ਸੀ। ਹੁਣ ਮੁੰਡੇ ਆਪ-ਹੁਦਰੇ ਹੋਏ ਫਿਰਦੇ ਸਨ। ਉਨ੍ਹਾਂ ਦੇ ਚਾਲੇ ਠੀਕ ਨਹੀਂ ਸਨ। ਦਾਰੂ ਪੀਂਦੇ ਮੁੰਡਿਆਂ ਨੂੰ ਕਈ ਵਾਰ ਮਾਇਆ ਦੇਵੀ ਨੇ ਭੈੜੇ ਮਨਸੂਬੇ ਘੜਦੇ ਸੁਣਿਆ ਸੀ। ਕਦੇ ਉਹ ਆਖਦੇ ਸਨ ਚਾਚੇ ਵੇਦ ਨੂੰ ਆਪਣੇ ਡਉਲਿਆਂ 'ਤੇ ਮਾਣ ਹੈ। ਜਵਾਨੀ ਵਿਚ ਪਹਿਲਵਾਨੀ ਕਰਦੇ ਨੇ ਉਸ ਨੇ ਡਉਲੇ ਬਣਾਏ ਸਨ। ਉਹ ਵੇਦ ਦੇ ਡਉਲਿਆਂ ਦਾ ਚੂਰਮਾ ਬਣਾ ਦੇਣਗੇ। ਨੀਲਮ ਨੂੰ ਆਪਣੀ ਅਕਲ ਉਪਰ ਹੰਕਾਰ ਸੀ। ਉਹ ਉਸਦੇ ਦਿਮਾਗ਼ ਦੀ ਖੱਖੜੀ-ਖੱਖੜੀ ਕਰ ਦੇਣਗੇ। ਨੇਹਾ ਵਿਚਾਰੀ ਨੇ ਕਦੇ ਕਿਸੇ ਦਾ ਕੁਝ ਨਹੀਂ ਸੀ ਵਿਗਾੜਿਆ। ਉਹ ਆਪਣੀ ਛੋਟੀ ਭੈਣ ਨੂੰ ਭਰੇ ਬਜ਼ਾਰ ਨੰਗਾ ਕਰਨ ਦੀ ਸੋਚ ਰਹੇ ਸਨ। ਵੇਦ ਦਾ ਇਕੋ-ਇਕ ਵਾਰਿਸ ਕਮਲ ਉਨ੍ਹਾਂ ਦੀਆਂ ਅੱਖਾਂ ਵਿੱਚ ਵੱਧ ਰੜਕਦਾ ਸੀ। ਕਦੇ-ਕਦੇ ਉਹ ਉਸ ਦਾ ਕੰਡਾ ਕੱਢਣ ਦੀ ਬਕ-ਬਕ ਕਰਿਆ ਕਰਦੇ ਸਨ।

ਹਮਦਰਦੀ ਵਜੋਂ ਮਾਇਆ ਦੇਵੀ ਨੇ ਵੇਦ ਨੂੰ ਸੁਝਾਅ ਦਿੱਤਾ ਸੀ। ਲੈ ਦੇ ਕਰਕੇ ਮੁੰਡਿਆਂ ਨਾਲ ਸਮਝੌਤਾ ਕਰ ਲਓ। ਕੱਲ੍ਹ ਨੂੰ ਕੋਈ ਭਾਣਾ ਵਰਤ ਗਿਆ ਤਾਂ ਉਸ ਨੂੰ ਉਲਾਂਭਾ ਨਾ ਦਿਓ।

ਰਾਮ ਨਾਥ ਨੂੰ ਇਸ ਤਾੜਨਾ ਦੀ ਖ਼ਬਰ ਮਿਲੀ ਸੀ, ਪਰ ਉਸਨੇ ਇਸ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ। ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਅਪਰਾਧ-ਵਿਗਿਆਨ ਪੜ੍ਹਾਇਆ ਜਾਂਦਾ ਸੀ। ਇਸ ਵਿਗਿਆਨ ਦੇ ਇਕ ਪਾਠ ਦਾ ਅਧਿਐਨ ਕਰਦੇ ਉਸ ਨੇ ਪੜ੍ਹਿਆ ਸੀ ਕਿ ਸਭਿਅਕ ਜਮਾਤਾਂ ਸਰੀਰਕ ਹਿੰਸਾ ਦਾ ਸਹਾਰਾ ਨਹੀਂ ਲੈਂਦੀਆਂ। ਖ਼ੂਨ-ਖਰਾਬੇ ਦੀ ਥਾਂ ਉਹ ਕਾਨੂੰਨੀ ਲੜਾਈ ਲੜਨ ਵਿਚ ਵਿਸ਼ਵਾਸ ਰੱਖਦੀਆਂ ਹਨ। ਇਹ ਕੇਵਲ ਸਿਧਾਂਤ ਹੀ ਨਹੀਂ ਸੀ। ਇਸ ਸਿਧਾਂਤ ਨੂੰ ਸੱਚ ਦੀ ਕਸਵੱਟੀ 'ਤੇ ਪੂਰਾ ਉਤਰਦੇ ਰਾਮ ਨਾਥ ਨਿਤ ਦੇਖਦਾ ਸੀ। ਇਕ ਭਈਆ ਦੂਸਰੇ ਭਈਏ ਦਾ ਪੰਜਾਹ ਰੁਪਏ ਦੇ ਝਗੜੇ ਕਾਰਨ ਗਲ਼ ਵੱਢ ਦਿੰਦਾ ਸੀ। ਪਰ ਮਾਇਆ ਨਗਰ ਵਿਚ ਲੋਕਾਂ ਦੇ ਮੁਕੱਦਮੇ ਵੀ ਚੱਲਦੇ ਸਨ ਅਤੇ ਸਾਂਝੇ ਕਾਰੋਬਾਰ ਵੀ। ਪਤੀ ਪਤਨੀ ਤਲਾਕ ਲੈ ਕੇ ਵੀ ਇਕ ਦੂਜੇ ਦੇ ਘਰ ਰਾਤ ਕੱਟ ਜਾਂਦੇ ਸਨ।

ਇਸੇ ਸਿਧਾਂਤ 'ਤੇ ਅਮਲ ਕਰਦਿਆਂ ਰਾਮ ਨਾਥ ਨੇ ਵੇਦ ਨੂੰ ਇਸ ਚਿਤਾਵਨੀ ਉਪਰ ਧਿਆਨ ਨਾ ਦੇਣ ਦੀ ਸਲਾਹ ਦਿੱਤੀ ਸੀ। ਹੁਣ ਉਸ ਨੂੰ ਆਪਣੀ ਇਸ ਸਲਾਹ 'ਤੇ ਪਛਤਾਵਾ ਹੋ ਰਿਹਾ ਸੀ।

ਮਾਇਆ ਨਗਰ ਵਿਚ ਜਾਣ ਲਈ ਰਾਮ ਨਾਥ ਨੇ ਟੈਕਸੀ ਮੰਗਵਾ ਲਈ। ਟਰੈਕ-ਸੂਟ ਲਾਹ ਕੇ ਕੁੜਤਾ ਪਜਾਮਾ ਪਾ ਲਿਆ। ਅਲਮਾਰੀ ਵਿਚ ਹੱਥ ਮਾਰਿਆ। ਦਸ ਹਜ਼ਾਰ ਰੁਪਿਆ ਪਿਆ ਸੀ। ਚੁੱਕ ਕੇ ਬੋਝੇ ਪਾ ਲਿਆ।

ਛੋਟੇ ਭਰਾ ਮੰਗਤ ਨੂੰ ਬੁਲਾ ਕੇ ਸਾਰੀ ਸਥਿਤੀ ਤੋਂ ਜਾਣੂ ਕਰਾਇਆ। ਬੱਚਿਆਂ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਲਾਈ। ਵੀਹ ਹਜ਼ਾਰ ਦਾ ਚੈੱਕ ਕੱਟ ਕੇ ਉਸਨੂੰ ਫੜਾਇਆ। ਦਿਨੇ ਉਹ ਬੈਂਕ ਵਿਚੋਂ ਪੈਸੇ ਕਢਵਾ ਲਏ। ਮਾਇਆ ਨਗਰ ਜਾਂਦਿਆਂ ਹੀ ਉਹ ਫ਼ੋਨ ਕਰੇਗਾ। ਮਸਲਾ ਗੰਭੀਰ ਨਾ ਹੋਇਆ ਤਾਂ ਸ਼ਾਮ ਤਕ ਵਾਪਸ ਆ ਜਾਏਗਾ। ਲੋੜ ਪਈ ਤਾਂ ਮੰਗਤ ਨੂੰ ਬੁਲਾ ਲਏਗਾ।

ਰਾਮ ਨਾਥ ਦੇ ਸ਼ਹਿਰ ਤੋਂ ਮਾਇਆ ਨਗਰ ਦਾ ਰਸਤਾ ਇਕ ਘੰਟੇ ਦਾ ਸੀ। ਅੱਗੇ ਇਹ ਪੈਂਡਾ ਅੱਖ ਝਪਕਦਿਆਂ ਨਿਕਲ ਜਾਂਦਾ ਸੀ। ਅੱਜ ਹਰ ਪਲ ਜਿਵੇਂ ਜੁਗਾਂ ਜਿੱਡਾ ਲੰਬਾ ਹੋ ਗਿਆ ਸੀ। ਉਸਦਾ ਮਨ ਕਾਹਲਾ ਪੈ ਰਿਹਾ ਸੀ। ਉਸਨੂੰ ਨੀਲਮ ਦੇ ਪਰਿਵਾਰ



ਦੀ ਚਿੰਤਾ ਖਾ ਰਹੀ ਸੀ। ਫ਼ੋਨ 'ਤੇ ਕਦੇ ਸੱਚ ਨਹੀਂ ਦੱਸਿਆ ਜਾਂਦਾ। ਬਹੁਤ ਕੁਝ ਛੁਪਾ ਲਿਆ ਲਗਦਾ ਸੀ। ਰੱਬ ਖ਼ੈਰ ਕਰੇ। ਮਨ ਹੀ ਮਨ ਉਹ ਪ੍ਰਾਰਥਨਾ ਕਰ ਰਿਹਾ ਸੀ।

ਇਹ ਵਾਰਦਾਤ ਕਿਸ ਨੇ ਕੀਤੀ ਹੋਏਗੀ ?

ਕਾਰ ਦੇ ਮਾਇਆ ਨਗਰ ਦੇ ਰਾਹ ਪੈਂਦਿਆਂ ਹੀ ਰਾਮ ਨਾਥ ਦਾ ਜ਼ਿਹਨ ਪ੍ਰਸ਼ਨਾਂ ਨਾਲ ਭਰਨ ਲੱਗਾ।

ਅੱਜ-ਕੱਲ੍ਹ ਕਾਲੇ ਕੱਛਿਆਂ ਵਾਲੇ ਅਜਿਹੀਆਂ ਵਾਰਦਾਤਾਂ ਵਿਚ ਰੁੱਝੇ ਹੋਏ ਹਨ। ਹੋ ਸਕਦਾ ਹੈ ਇਹ ਵਾਰਦਾਤ ਅਜਿਹੇ ਕਿਸੇ ਗਰੋਹ ਨੇ ਕੀਤੀ ਹੋਵੇ ?

ਦੂਸਰੇ ਹੀ ਪਲ ਉਸਨੇ ਕਾਲੇ ਕੱਛਿਆਂ ਵਾਲਿਆਂ ਦੇ ਇਸ ਵਾਰਦਾਤ ਵਿਚ ਸ਼ਾਮਲ ਹੋਣ ਨੂੰ ਨਕਾਰ ਦਿੱਤਾ। ਇਹ ਗਰੋਹ ਅਜਿਹੀ ਵਾਰਦਾਤ ਸ਼ਹਿਰਾਂ ਜਾਂ ਪਿੰਡਾਂ ਦੇ ਬਾਹਰ-ਵਾਰ ਵੱਸੇ ਘਰਾਂ ਵਿਚ ਕਰਦਾ ਸੀ। ਨੀਲਮ ਦਾ ਘਰ ਸ਼ਹਿਰ ਦੇ ਪਚੱਗ ਵਿਚ ਸੀ। ਗਲੀ ਦੇ ਦੋਹੀਂ ਪਾਸੀਂ ਲੋਹੇ ਦੇ ਵੱਡੇ ਗੇਟ ਸਨ। ਪਹਿਰੇਦਾਰ ਸਾਰੀ ਰਾਤ ਪਹਿਰਾ ਦਿੰਦਾ ਸੀ।

ਇਹ ਵਾਰਦਾਤ ਕਿਸੇ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋਈ ਜਾਪਦੀ ਸੀ।

ਰਾਮ ਨਾਥ ਦੀ ਹਦਾਇਤ ਉਪਰ ਡਰਾਈਵਰ ਨੇ ਗੱਡੀ ਸੌ ਦੀ ਸਪੀਡ ਉਪਰ ਛੱਡ ਦਿੱਤੀ। ਉਸੇ ਰਫ਼ਤਾਰ ਨਾਲ ਰਾਮ ਨਾਥ ਖਿਆਲੀ ਘੋੜੇ ਦੌੜਾ-ਦੌੜਾ ਅਤੇ ਟੁੱਟੀਆਂ ਤੰਦਾਂ ਜੋੜ-ਜੋੜ ਘਟਨਾ ਦੀ ਤਹਿ ਤਕ ਜਾਣ ਦਾ ਯਤਨ ਕਰਨ ਲੱਗਾ।

ਰਾਮ ਨਾਥ ਨੂੰ ਮੋਹਨ ਦੇ ਮੁੰਡਿਆਂ 'ਤੇ ਸ਼ੱਕ ਹੋ ਰਿਹਾ ਸੀ। ਪਰ ਉਹ ਵੇਦ ਦੇ ਪਰਿਵਾਰ ਦੇ ਖ਼ੂਨ ਦੇ ਪਿਆਸੇ ਬਣ ਜਾਣਗੇ, ਇਹ ਸੱਚਾਈ ਉਸ ਤੋਂ ਨਿਗਲੀ ਨਹੀਂ ਸੀ ਜਾ ਰਹੀ।

ਮੋਹਨ ਵੱਡਾ ਭਰਾ ਸੀ। ਵੇਦ ਛੋਟਾ ਸੀ। ਪਰ ਦੋਹਾਂ ਵਿਚਕਾਰ ਰਿਸ਼ਤਾ ਪਿਓ-ਪੁੱਤਰਾਂ ਵਰਗਾ ਸੀ। ਮੋਹਨ ਉਮਰ ਵਿੱਚ ਵੇਦ ਨਾਲੋਂ ਕੇਵਲ ਦਸ ਸਾਲ ਵੱਡਾ ਸੀ, ਪਰ ਰੁਤਬੇ ਵਿਚ ਸੌ ਗੁਣਾ ਵੱਡਾ ਸੀ।

ਵੇਦ ਹਾਲੇ ਤੀਸਰੀ ਵਿਚ ਪੜ੍ਹਦਾ ਸੀ, ਜਦੋਂ ਮੋਹਨ ਸਿਵਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਮਾਇਆ ਨਗਰ ਦੇ ਮਸ਼ਹੂਰ ਇੰਜੀਨੀਅਰਿੰਗ ਕਾਲਜ ਵਿਚ ਦਾਖ਼ਲ ਹੋਇਆ ਸੀ। ਉਸ ਸਮੇਂ ਇਸ ਕਾਲਜ ਵਿਚ ਦਾਖ਼ਲਾ ਚੁਣਵੇਂ ਵਿਦਿਆਰਥੀਆਂ ਨੂੰ ਮਿਲਦਾ ਸੀ।

ਡਿਗਰੀ ਹਾਸਲ ਕਰਦਿਆਂ ਹੀ ਉਸਨੂੰ ਨੌਕਰੀ ਮਿਲ ਗਈ। ਪੀ. ਡਬਲਯੂ. ਡੀ. ਵਰਗਾ ਮਹਿਕਮਾ ਮਿਲ ਗਿਆ ਅਤੇ ਐਸ.ਡੀ.ਓ. ਦਾ ਰੁਤਬਾ। ਬਠਿੰਡੇ ਵਰਗੇ ਸ਼ਹਿਰ ਵਿਚ ਨਿਯੁਕਤੀ ਹੋ ਗਈ, ਜਿਹੜਾ ਓਹਨੀਂ ਦਿਨੀਂ ਤਰੱਕੀ ਦੀਆਂ ਮੰਜ਼ਲਾਂ ਛਾਲੀਂ ਤੈਅ ਕਰ ਰਿਹਾ ਸੀ। ਕਿਧਰੇ ਥਰਮਲ ਪਲਾਂਟ ਉਸਰ ਰਿਹਾ ਸੀ, ਕਿਧਰੇ ਖਾਦ ਫੈਕਟਰੀ। ਕਿਧਰੇ ਫੌਜੀ ਛਾਉਣੀ ਦਾ ਵਿਸਥਾਰ ਹੋ ਰਿਹਾ ਸੀ, ਕਿਧਰੇ ਹੋਟਲ ਸਿਨਮੇ ਉਸਰ ਰਹੇ ਸਨ।

ਆਵਾਜਾਈ ਨੂੰ ਸੌਖਾ ਬਨਾਉਣ ਲਈ ਸਰਕਾਰ ਸੜਕਾਂ ਦਾ ਜਾਲ ਵਿਛਾ ਰਹੀ ਸੀ। ਸਰਕਾਰੀ ਇਮਾਰਤਾਂ ਧਰਤੀ ਦੀ ਹਿੱਕ 'ਤੇ ਖੁੰਭਾਂ ਵਾਂਗ ਉੱਗ ਰਹੀਆਂ ਸਨ।

ਮੋਹਨ ਲਾਲ ਹੱਥੀਂ ਕੰਮ ਕਰਕੇ ਖਾਣ ਵਾਲੇ ਪਰਿਵਾਰ ਵਿਚੋਂ ਆਇਆ ਸੀ। ਸਰੀਰਕ ਮਿਹਨਤ ਕਰਨ ਦੀ ਉਸ ਦੀ ਪਹਿਲੇ ਦਿਨੋਂ ਆਦਤ ਸੀ। ਦਿਮਾਗ਼ ਦੇਣ ਵਿਚ ਕੁਦਰਤ ਨੇ ਖੁੱਲ੍ਹ ਵਰਤੀ ਸੀ। ਦੋਹਾਂ ਦੇ ਸੁਮੇਲ ਨਾਲ ਮੋਹਨ ਦੇ ਕੰਮ ਦੀਆਂ ਚਾਰੇ ਪਾਸੇ ਧੁੰਮਾਂ ਪੈ ਗਈਆਂ। ਹਰ ਸੜਕ, ਹਰ ਇਮਾਰਤ ਮਿਥੇ ਟੀਚੇ ਤੋਂ ਪਹਿਲਾਂ ਤਿਆਰ ਕਰਾਉਣ ਲਈ ਉਹ ਮਸ਼ਹੂਰ ਹੋ ਗਿਆ।

ਨਾਂ ਦੇ ਨਾਲ-ਨਾਲ ਮੋਹਨ ਨੇ ਰੱਜਵਾਂ ਧਨ ਵੀ ਕਮਾਇਆ। ਲੇਬਰ ਦੇ ਠੇਕੇਦਾਰ ਤੋਂ ਲੈ ਕੇ ਲੁੱਕ ਸੀਮਿੰਟ ਦੇ ਠੇਕੇਦਾਰ ਤਕ ਉਸਨੂੰ ਕਮਿਸ਼ਨ ਦੇਣਾ ਪੈਂਦਾ ਸੀ। ਹੌਲੀ-ਹੌਲੀ ਉਸ ਨੇ ਠੇਕੇਦਾਰਾਂ ਨਾਲ ਦੋਸਤੀ ਪਾ ਲਈ। ਕਮਿਸ਼ਨ ਦੀ ਥਾਂ ਉਨ੍ਹਾਂ ਨਾਲ ਹਿੱਸੇਦਾਰੀ ਕਰ ਲਈ।

ਸ਼ਹਿਰ ਦੇ ਇਕ ਸਿਰਕੱਢ ਠੇਕੇਦਾਰ ਨੇ ਉਸ ਦੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਨੂੰ ਆਪਣਾ ਜਵਾਈ ਬਣਾ ਲਿਆ। ਬਠਿੰਡੇ ਸ਼ਹਿਰ ਵਿਚ ਉਸਦੇ ਪੈਰ ਹੋਰ ਪੱਕੇ ਹੋ ਗਏ।

ਮੋਹਨ ਲਾਲ ਨੇ ਆਪਣੀ ਸਥਿਤੀ ਮਜ਼ਬੂਤ ਕਰਕੇ ਘਰ ਦੇ ਸੁਧਾਰ ਵੱਲ ਧਿਆਨ ਦਿੱਤਾ। ਕੱਚੇ-ਪੱਕੇ ਮਕਾਨ ਦੀ ਥਾਂ ਦੋ ਮੰਜ਼ਲੀ ਇਮਾਰਤ ਉਸਾਰ ਦਿੱਤੀ। ਬਾਪ ਨੂੰ ਕਰਿਆਨੇ ਦੀ ਦੁਕਾਨ ਤੋਂ ਉਠਾ ਕੇ ਕੱਪੜੇ ਦੇ ਆਲੀਸ਼ਾਨ ਸ਼ੋਅ-ਰੂਮ ਉਪਰ ਬੈਠਾ ਦਿੱਤਾ।

ਮੋਹਨ ਨੇ ਬਹੁਤ ਕੋਸ਼ਿਸ਼ ਕੀਤੀ। ਵੇਦ ਦੋ ਅੱਖਰ ਪੜ੍ਹਕੇ ਕੋਈ ਚੰਗੀ ਲਾਈਨ ਅਖ਼ਤਿਆਰ ਕਰ ਲਏ। ਡਾਕਟਰ ਬਣੇ ਜਾਂ ਇੰਜੀਨੀਅਰ। ਪਰ ਵੇਦ ਦਾ ਧਿਆਨ ਪੜ੍ਹਾਈ ਵੱਲ ਘੱਟ, ਖੇਡਾਂ ਵੱਲ ਜ਼ਿਆਦਾ ਸੀ। ਪਹਿਲਵਾਨੀ ਉਸਦਾ ਪਹਲਿਾ ਸ਼ੌਕ ਸੀ। ਉਹ ਸਾਰਾ ਦਿਨ ਡੰਡ ਬੈਠਕਾਂ ਕੱਢਣ ਵਿਚ ਬਿਤਾ ਦਿੰਦਾ ਸੀ।

ਅੱਜ-ਕੱਲ੍ਹ ਦੇ ਦਿਨ ਹੁੰਦੇ ਤਾਂ ਮੋਹਨ ਉਸ ਨੂੰ ਡੋਨੇਸ਼ਨ ਦੇ ਕੇ ਕਿਧਰੇ ਦਾਖ਼ਲਾ ਲੈ ਦਿੰਦਾ। ਓਹਨੀਂ ਦਿਨੀਂ ਨੰਬਰਾਂ ਦੀ ਪੁੱਛ ਪੈਂਦੀ ਸੀ ਅਤੇ ਨੰਬਰ ਵੇਦ ਦੇ ਪੱਲੇ ਨਹੀਂ ਸਨ ਪੈਂਦੇ।

ਡਿਗਦੇ-ਢਹਿੰਦੇ ਵੇਦ ਨੇ ਜਿਉਂ ਹੀ ਬੀ.ਏ. ਪਾਸ ਕੀਤੀ ਮੋਹਨ ਲਾਲ ਨੇ ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨਾਲ ਗੰਢ-ਤੁੱਪ ਕਰਕੇ ਉਸਨੂੰ ਕਲਰਕ ਭਰਤੀ ਕਰਵਾ ਦਿੱਤਾ। ਨਾਲ ਪ੍ਰਧਾਨ ਤੋਂ ਵਾਅਦਾ ਲਿਆ, ਜਿਉਂ ਹੀ ਚੁੰਗੀ ਜਾਂ ਟੈਕਸ ਇੰਸਪੈਕਟਰ ਦੀ ਆਸਾਮੀ ਖਾਲੀ ਹੋਈ ਉਹ ਝੱਟ ਵੇਦ ਨੂੰ ਉੱਥੇ ਅੜਾ ਦੇਵੇਗਾ।

ਮੋਹਨ ਲਾਲ ਦੇ ਰੁਤਬੇ ਨੂੰ ਧਿਆਨ ਵਿੱਚ ਰੱਖਦਿਆਂ ਰਾਮ ਨਾਥ ਦੇ ਬਾਪ ਨੇ ਆਪਣੀ ਸਭ ਤੋਂ ਸੋਹਣੀ ਅਤੇ ਬੀ.ਏ. ਪਾਸ ਧੀ ਨੂੰ ਉਸ ਦੇ ਲੜ ਲਾ ਦਿੱਤਾ।

ਸਭ ਪਾਸਿਉਂ ਸੰਤੁਸ਼ਟ ਵੇਦ ਢੋਲੇ ਗਾਉਣ ਲੱਗਾ।

ਪੰਜ ਸਾਲ ਦੀ ਮਿਆਦ ਪੂਰੀ ਹੋਣ ਤੇ ਜਦੋਂ ਮੋਹਨ ਲਾਲ ਦੇ ਅਫ਼ਸਰ ਦੀ ਬਦਲੀ ਪਟਿਆਲੇ ਦੀ ਹੋਈ, ਉਹ ਮੋਹਨ ਲਾਲ ਨੂੰ ਬਦਲਵਾ ਕੇ ਪਟਿਆਲੇ ਲੈ ਗਿਆ। ਮੋਹਨ ਨੇ ਪਟਿਆਲੇ ਦਾ ਮੂੰਹ-ਮੱਥਾ ਸੰਵਾਰ ਦਿੱਤਾ। ਨਾਲ ਆਪਣੀ ਤਜੌਰੀ ਭਰ ਲਈ।

ਤਰੱਕੀ ਲੈ ਕੇ ਅਫ਼ਸਰ ਮਾਇਆ ਨਗਰ ਚਲਾ ਗਿਆ। ਮੋਹਨ ਲਾਲ ਦੀ ਤਰੱਕੀ ਹੋਣ ਵਾਲੀ ਸੀ। ਤਰੱਕੀ ਵਿਚ ਕੋਈ ਵਿਘਨ ਨਾ ਪਏ ਇਸ ਲਈ ਮੋਹਨ ਲਾਲ ਨੂੰ ਅਫ਼ਸਰ ਦੇ ਖੰਭਾਂ ਦੀ ਜ਼ਰੂਰਤ ਸੀ।

ਅਫ਼ਸਰ ਨੇ ਮੋਹਨ ਲਾਲ ਦੀ ਬੇਨਤੀ ਝੱਟ ਪਰਵਾਨ ਕਰ ਲਈ। ਅੱਜ-ਕੱਲ੍ਹ ਮਿਹਨਤੀ ਅਤੇ ਵਫ਼ਾਦਾਰ ਅਫ਼ਸਰਾਂ ਦੀ ਕਮੀ ਹੁੰਦੀ ਜਾ ਰਹੀ ਸੀ। ਮੋਹਨ ਵਿਚ ਇਹ ਦੋਵੇਂ ਗੁਣ ਸਨ। ਉਹ ਝੱਟ ਉਸਨੂੰ ਮਾਇਆ ਨਗਰ ਲੈ ਗਿਆ।

ਮਾਇਆ ਨਗਰ ਵਿਚ ਮੋਹਨ ਵਰਗੇ ਕਈ ਮਿਹਨਤੀ ਅਫ਼ਸਰ ਬੈਠੇ ਸਨ। ਉਹ ਵਫ਼ਾਦਾਰ ਭਾਵੇਂ ਘੱਟ ਸਨ ਪਰ ਜੁਗਾੜੀਏ ਵੱਧ ਸਨ।

ਮੋਹਨ ਲਾਲ ਅਫ਼ਸਰਾਂ ਦੀ ਭੀੜ ਵਿਚ ਗੁਆਚ ਗਿਆ।

ਪਰ ਦਰਿਆਵਾਂ ਦੇ ਵਹਾਅ ਠੱਲ੍ਹੇ ਨਹੀਂ ਰਹਿੰਦੇ। ਮੋਹਨ ਲਾਲ ਨੇ ਮਹਿਕਮੇ ਦਾ ਖਹਿੜਾ



ਛੱਡ ਕੇ ਮਾਇਆ ਨਗਰ ਦੀਆਂ ਵਿਉਪਾਰਕ ਸੰਭਾਵਨਾਵਾਂ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ।

ਸੜਕਾਂ 'ਤੇ ਲੁੱਕ ਵਿਛਾਉਣ ਦਾ ਰਵਾਇਤੀ ਤਰੀਕਾ ਮਹਿੰਗਾ ਵੀ ਪੈ ਰਿਹਾ ਸੀ ਅਤੇ ਕੰਮ ਵੀ ਵਧੀਆ ਨਹੀਂ ਸੀ ਹੋ ਰਿਹਾ। ਸਰਕਾਰ ਨੇ ਸਾਰੇ ਫਾਇਦੇ ਨੁਕਸਾਨ ਵਿਚਾਰ ਕੇ ਮਿਕਸ ਪਲਾਂਟਾਂ ਵਿਚ ਤਿਆਰ ਕੀਤੇ ਮਾਲ ਨੂੰ ਸੜਕਾਂ ’ਤੇ ਵਿਛਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ। ਝੱਟ ਮੋਹਨ ਲਾਲ ਨੇ ਆਪਣੇ ਤਜਰਬੇ ਤੋਂ ਫ਼ਾਇਦਾ ਉਠਾਉਣ ਦਾ ਮਨ ਬਣਾ ਲਿਆ।

ਜਿਸ-ਜਿਸ ਅਫ਼ਸਰ ਨੇ ਮਿਕਸ ਪਲਾਂਟ ਚੱਲਣ ਵਿਚ ਮਦਦਗਾਰ ਸਾਬਤ ਹੋਣਾ ਸੀ, ਉਨ੍ਹਾਂ ਦੇ ਹਿੱਸੇ-ਪੱਤੀਆਂ ਰੱਖ ਕੇ ਦਿਨਾਂ ਵਿਚ ਮਿਕਸ ਪਲਾਂਟ ਗੱਡ ਦਿੱਤਾ।

ਓਨਾ ਮਾਲ ਸੜਕਾਂ ’ਤੇ ਨਹੀਂ ਸੀ ਪੈਂਦਾ ਜਿੰਨਾ ਬਚ ਰਹਿੰਦਾ ਸੀ। ਓਨੀ ਕਮਾਈ ਸੜਕਾਂ ਤੇ ਮਾਲ ਵਿਛਾਅ ਕੇ ਨਹੀਂ ਸੀ ਹੁੰਦੀ, ਜਿੰਨੀ ਬਚੇ ਮਾਲ ਨੂੰ ਵੇਚ ਕੇ ਹੁੰਦੀ ਸੀ। ਪਲਾਂਟ ਦਾ ਖਰਚਾ ਦੋ ਸਾਲ ਵਿਚ ਨਿਕਲ ਗਿਆ। ਜਦੋਂ ਤਕ ਮਿਕਸ ਪਲਾਂਟ ਵਿਚੋਂ ਹੁੰਦੀ ਕਮਾਈ ਦੀ ਸਮਝ ਹੋਰ ਵਿਉਪਾਰੀਆਂ ਨੂੰ ਲਗਦੀ, ਉਦੋਂ ਤਕ ਮੋਹਨ ਲਾਲ ਕਈ ਕਰੋੜ ਰੁਪਿਆ ਕਮਾ ਚੁੱਕਾ ਸੀ।

ਇਸ ਕਮਾਈ ਵਿਚੋਂ ਉਹ ਸ਼ਹਿਰ ਦੀ ਹੱਦ 'ਤੇ ਚਲਦੇ ਦੋ ਭੱਠੇ ਅਤੇ ਇਕ ਸ਼ੈਲਰ ਖਰੀਦ ਚੁੱਕਾ ਸੀ। ਕੋਇਲੇ ਦੀ ਦਲਾਲੀ ਵਿਚੋਂ ਚੰਗਾ ਪੈਸਾ ਬਣ ਰਿਹਾ ਸੀ। ਵਿਚੇ ਇਸ ਵਿਉਪਾਰ ਵਿਚ ਨਹੁੰ ਅਟਕਾ ਲਿਆ।

ਵਧੀਆ ਇੱਟ ਮਾਇਆ ਨਗਰ ਦੇ ਵਿਉਪਾਰੀ ਲੈ ਜਾਂਦੇ। ਪਿੱਲੀ ਇੱਟ ਵਧੀਆ ਇੱਟ ਦੇ ਭਾਅ ਸਰਕਾਰ ਦੀਆਂ ਸੜਕਾਂ ਅਤੇ ਇਮਾਰਤਾਂ ਵਿਚ ਖਪ ਜਾਂਦੀ। ਕੋਇਲੇ ਦੇ ਨਾਲ-ਨਾਲ ਮੋਹਨ ਲਾਲ ਨੇ ਸਰਕਾਰ ਨੂੰ ਲੁੱਕ ਸਪਲਾਈ ਕਰਨ ਦੇ ਠੇਕੇ ਲੈ ਲਏ। ਚੌਥਾ ਹਿੱਸਾ ਕੋਲਤਾਰ ਮਾਇਆ ਨਗਰ ਪੁੱਜਦੀ। ਤਿੰਨ ਚੌਥਾਈ ਮਥੁਰਾ ਵਿਚ ਹੀ ਵਿਕ ਜਾਂਦੀ ਸੀ।

ਮੀਂਹ ਵਾਂਗ ਬਰਸਦੇ ਪੈਸੇ ਨੂੰ ਮੋਹਨ ਲਾਲ ਕਿਥੇ ਸੰਭਾਲੇ ?

ਦੋਸਤਾਂ ਮਿੱਤਰਾਂ ਨੇ ਸਲਾਹ ਦਿੱਤੀ। ਬਲੈਕ ਮਨੀ ਨੂੰ ਜਾਇਦਾਦ ਵਿਚ ਖਪਾਓ। ਮਾਇਆ ਨਗਰ ਵਿਚ ਪਲਾਟਾਂ ਦੀ ਕੀਮਤ ਪੰਜਾਹ-ਪੰਜਾਹ ਲੱਖ ਰੁਪਏ ਤਕ ਸੀ। ਇਕ ਨੰਬਰ ਦੇ ਲੱਖ ਨਾਲ ਵੀਹ ਲੱਖ ਛਪ ਜਾਂਦਾ ਸੀ।

ਇਸ ਧੰਦੇ ਵਿਚ ਸਭ ਤੋਂ ਵੱਧ ਲੁੱਟ ਸੀ। ਪਲਾਟਾਂ ਦੀ ਖ਼ਰੀਦੋ ਫਰੋਖ਼ਤ ਛੱਡ ਕੇ ਉਸ ਨੇ ਕਾਲੋਨੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ।

ਮਰਿਆਂ ਖਪਿਆਂ ਅਤੇ ਲਵਾਰਸਾਂ ਦੀ ਜ਼ਮੀਨ ਮਿੱਟੀ ਦੇ ਮੁੱਲ ਮਿਲਦੀ ਸੀ। ਮਾਲ ਮਹਿਕਮੇ ਅਤੇ ਪੁਲਿਸ ਦੇ ਅਫ਼ਸਰਾਂ ਨਾਲ ਮਿਲ ਕੇ ਮਿੱਟੀ ਸੋਨੇ ਵਿਚ ਬਦਲ ਜਾਂਦੀ ਸੀ।

ਕਾਲੋਨੀ ਦੇ ਧੰਦੇ ਨੇ ਇਕ ਹੋਰ ਫ਼ਾਇਦਾ ਕੀਤਾ। ਅਫ਼ਸਰਾਂ, ਸ਼ਾਹੂਕਾਰਾਂ ਅਤੇ ਵਿਉਪਾਰੀਆਂ ਨਾਲ ਵਾਹ ਪੈਣ ਲੱਗਾ। ਸਿਆਸੀ ਬੰਦਿਆਂ ਦਾ ਕਾਲਾ ਧਨ ਖਪਾਉਣ ਦਾ ਮੌਕਾ ਮਿਲਣ ਲੱਗਾ। ਉਸਦੀ ਜਾਣ-ਪਹਿਚਾਣ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ। ਸਾਰੇ ਅੜੇ ਕੰਮ ਚੁਟਕੀ ’ਚ ਹੋਣ ਲੱਗੇ।

ਦੋਸਤਾਂ ਦੇ ਨਾਲ-ਨਾਲ ਦੁਸ਼ਮਣਾਂ ਦੀ ਗਿਣਤੀ ਵੀ ਵਧਣ ਲੱਗੀ। ਕਦੇ ਇਨਕਮ-ਟੈਕਸ ਵਾਲਿਆਂ ਨੇ ਛਾਪੇ ਮਾਰੇ ਅਤੇ ਕਦੇ ਵਿਜੀਲੈਂਸ ਵਾਲਿਆਂ ਨੇ। ਉਸਦੀ ਜਾਇਦਾਦ

ਦੀ ਪੜਤਾਲ ਹੋਈ, ਪਰਚੇ ਦਰਜ ਹੋਏ ਅਤੇ ਮੁਕੱਦਮੇ ਚੱਲਣ ਲੱਗੇ।

ਸਰਕਾਰੀ ਨੌਕਰੀ ਉਹ ਛੱਡਣੀ ਨਹੀਂ ਸੀ ਚਾਹੁੰਦਾ। ਉਸਦਾ ਰੁਤਬਾ ਵੱਡਾ ਸੀ। ਸਰਕਾਰ ਵਿਚ ਪੁੱਛ ਬਣੀ ਹੋਈ ਸੀ। ਆਪਣੇ ਰੁਤਬੇ ਦੇ ਆਧਾਰ 'ਤੇ ਉਹ ਅਫਸਰਾਂ ਨੂੰ ਆਸਾਨੀ ਨਾਲ ਮਿਲ ਸਕਦਾ ਸੀ। ਕਲੱਬਾਂ ਹੋਟਲਾਂ ਵਿਚ ਜਾ ਸਕਦਾ ਸੀ।

ਅਫ਼ਸਰੀ ਦੇ ਨਾਲੋ-ਨਾਲ ਵਿਉਪਾਰ ਚਲਾਉਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ। ਬੱਚੇ ਹਾਲੇ ਛੋਟੇ ਸਨ। ਪਤਨੀ ਬਹੁਤੀ ਹੁਸ਼ਿਆਰ ਨਹੀਂ ਸੀ। ਮਾਇਆ ਨਗਰ ਵਿਚ ਹੋਰ ਸਭ ਕੁਝ ਸੀ, ਪਰ ਵਫ਼ਾਦਾਰੀ ਦਾ ਨਾਂ-ਨਿਸ਼ਾਨ ਨਹੀਂ ਸੀ। ਕਿਹੜਾ ਕਦੋਂ ਠੱਗੀ ਮਾਰ ਜਾਏ, ਕੋਈ ਭਰੋਸਾ ਨਹੀਂ ਸੀ। ਜਿਹੜੇ ਬੰਦਿਆਂ ਨੂੰ ਮੋਹਨ ਨੇ ਦਿਹਾੜੀਦਾਰਾਂ ਤੋਂ ਠੇਕੇਦਾਰ ਬਣਾਇਆ ਸੀ, ਲੋੜ ਪੈਣ 'ਤੇ ਉਹੋ ਉਸ ਨੂੰ ਠਿੱਬੀ ਪਾ ਰਹੇ ਸਨ।

ਮੋਹਨ ਲਾਲ ਭਰੋਸਾ ਕਰੇ ਤਾਂ ਕਿਸ 'ਤੇ ? ਇਸ ਸਮੱਸਿਆ ਦਾ ਹੱਲ ਉਸਦੀ ਪਤਨੀ ਮਾਇਆ ਨੇ ਸੁਝਾਇਆ ਸੀ।

"ਸਾਡੇ ਨੌਕਰ-ਚਾਕਰ ਕੋਠੀਆਂ ਫੈਕਟਰੀਆਂ ਦੇ ਮਾਲਕ ਬਣ ਗਏ। ਵੇਦ ਨੂੰ ਸ਼ਹਿਰ ਕਿਉਂ ਨਹੀਂ ਬੁਲਾ ਲੈਂਦੇ! ਉਹ ਚਾਰ ਪੈਸੇ ਬਣਾ ਲਏਗਾ ਤਾਂ ਘਰ ਵਿਚ ਤਾਂ ਰਹਿਣਗੇ। ਭਰਾ-ਭਰਾ ਦੀ ਬਾਂਹ ਹੁੰਦਾ ਹੈ। ਅੜੇ-ਥੁੜੇ ਬਰਾਬਰ ਖੜੇਗਾ।"

ਪਹਿਲਾਂ ਵੇਦ ਨੇ ਜਕੋ-ਤੱਕੀ ਕੀਤੀ। ਵੇਦ ਦਾ ਆਪਣੇ ਸ਼ਹਿਰ ਵਿਚ ਵਧੀਆ ਗੁਜ਼ਾਰਾ ਹੋ ਰਿਹਾ ਸੀ। ਉਸਦਾ ਦਿਲ ਲੱਗਾ ਹੋਇਆ ਸੀ। ਉਸਨੂੰ ਮਾਇਆ ਦੀ ਬਹੁਤੀ ਭੁੱਖ ਨਹੀਂ ਸੀ।

ਪਰ ਨੀਲਮ ਨੂੰ ਜਦੋਂ ਇਸ ਪੇਸ਼ਕਸ਼ ਦਾ ਪਤਾ ਲੱਗਾ ਉਸਦੇ ਮੂੰਹ ਵਿਚ ਪਾਣੀ ਆ ਗਿਆ। ਮਾਇਆ ਨਗਰ ਨੂੰ ਭਾਰਤ ਦਾ ਮਾਨਚੈਸਟਰ ਆਖਿਆ ਜਾਂਦਾ ਸੀ। ਬੱਚੇ ਕਾਰੋਬਾਰ ਚਲਾਉਣ ਵਾਲੇ ਹੋਣ ਤਾਂ ਭਾਵੇਂ ਕਰੋੜਪਤੀ ਬਣ ਜਾਣ। ਪੜ੍ਹਨਾ ਹੋਵੇ ਤਾਂ ਘਰ ਬੈਠੇ ਡਾਕਟਰ ਬਣ ਸਕਦੇ ਸਨ, ਇੰਜੀਨੀਅਰ ਬਣ ਸਕਦੇ ਸਨ। ਉੱਚ-ਕੋਟੀ ਦੇ ਹੋਰ ਕੋਰਸਾਂ ਲਈ ਯੂਨੀਵਰਸਿਟੀ ਸੀ। ਉੱਤਰੀ ਭਾਰਤ ਦੇ ਸਭ ਤੋਂ ਵੱਧ ਮਾਹਿਰ ਡਾਕਟਰ ਇਸੇ ਸ਼ਹਿਰ ਵਿਚ ਰਹਿੰਦੇ ਸਨ। ਮਨੋਰੰਜਨ ਲਈ ਹੋਟਲ ਸਨ, ਕਲੱਬ ਸਨ। ਖ਼ਰੀਦੋ-ਫ਼ਰੋਖ਼ਤ ਲਈ ਦੁਨੀਆਂ ਭਰ ਦੇ ਸ਼ੋਅ-ਰੂਮ।

ਨੀਲ਼ਮ ਦੀ ਆਰ ਤੋਂ ਤੰਗ ਆ ਕੇ ਵੇਦ ਨੇ ਆਪਣਾ ਮਨ ਬਦਲ ਲਿਆ। ਬੱਚਿਆਂ ਦੇ ਭਵਿੱਖ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸੀ।

ਰਾਮ ਨਾਥ ਦੀ ਟੈਕਸੀ ਮਾਇਆ ਨਗਰ ਵੱਲ ਦੌੜ ਰਹੀ ਸੀ, ਪਰ ਰਾਮ ਨਾਥ ਸਮੇਂ ਨੂੰ ਪਿਛਾਂਹ ਵੱਲ ਮੋੜਨਾ ਚਾਹੁੰਦਾ ਸੀ।

ਚੰਗਾ ਹੁੰਦਾ ਜੇ ਵੇਦ ਆਪਣਾ ਸ਼ਹਿਰ ਨਾ ਛੱਡਦਾ। ਚੰਗਾ ਹੁੰਦਾ ਜੇ ਉਸ ਨੇ ਮੋਹਨ ਦੀ ਤਜਵੀਜ਼ ਠੁਕਰਾ ਦਿੱਤੀ ਹੁੰਦੀ। ਅੱਜ ਇਹ ਦਿਨ ਨਾ ਵੇਖਣਾ ਪੈਂਦਾ।

ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਰਾਮ ਲਕਸ਼ਮਨ ਵਾਲਾ ਪਿਆਰ ਸੁਗਰੀਵ ਬਾਲੀ ਵਿਚ ਬਦਲ ਜਾਏਗਾ।

ਜਦੋਂ ਤਕ ਵਿਉਪਾਰਕ ਸਾਂਝ ਮੋਹਨ ਅਤੇ ਵੇਦ ਵਿਚਕਾਰ ਰਹੀ ਸਭ ਅੱਛਾ ਹੁੰਦਾ ਰਿਹਾ। ਮੋਹਨ ਵੇਦ ਨੂੰ ਜੋ ਜ਼ਿੰਮੇਵਾਰੀ ਸੌਂਪਦਾ ਉਹ ਉਸ ਨੂੰ ਪੂਰੀ ਈਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ ਰਿਹਾ। ਮੋਹਨ ਜਿਥੇ ਆਖਦਾ, ਵੇਦ ਅੱਖਾਂ ਮੀਚ ਕੇ ਦਸਤਖ਼ਤ ਕਰ ਦਿੰਦਾ ਰਿਹਾ। ਬਦਲੇ ਵਿਚ ਮੋਹਨ ਉਸ ਨੂੰ ਹਿੱਸੇ ਆਉਂਦਾ ਮੁਨਾਫ਼ਾ ਬਿਨਾਂ ਕਿਸੇ ਘਾਟ ਵਾਧ



ਦੇ ਦਿੰਦਾ ਰਿਹਾ।

ਜਦੋਂ ਵੇਦ ਮਾਇਆ ਨਗਰ ਆਇਆ ਸੀ ਉਸ ਦਾ ਸਾਰਾ ਸਮਾਨ ਇਕੋ ਫੋਰ-ਵੀਲਰ ਵਿਚ ਆ ਗਿਆ ਸੀ।

ਹੁਣ ਵੇਦ ਕੋਲ ਸਭ ਕੁਝ ਸੀ। ਪੋਸ਼ ਕਾਲੋਨੀ ਵਿਚ ਪੰਜ ਸੌ ਗਜ਼ ਦੀ ਕੋਠੀ ਸੀ। ਦੋ ਹੋਰ ਪਲਾਟ ਉਸ ਦੇ ਨਾਂ ਸਨ। ਮੋਹਨ ਦੀਆਂ ਕਈ ਫਰਮਾਂ ਵਿਚ ਉਹ ਹਿੱਸੇਦਾਰ ਸੀ। ਪ੍ਰਾਪਰਟੀ ਡੀਲਰ ਦਾ ਉਸਦਾ ਆਪਣਾ ਵੱਖਰਾ ਕੰਮ ਸੀ। ਉਸਦਾ ਦਫ਼ਤਰ ਏਅਰ-ਕੰਡੀਸ਼ਨ ਸੀ। ਉਸ ਕੋਲ ਏਅਰ-ਕੰਡੀਸ਼ਨ ਕਾਰ ਸੀ। ਪਤਨੀ ਕੋਲ ਕਿਲੋ ਦੇ ਲਗਪਗ ਸੋਨਾ ਸੀ। ਦੋਹਾਂ ਬੱਚਿਆਂ ਦੇ ਨਾਂ ਵੱਡੇ-ਵੱਡੇ ਫਿਕਸ ਡਿਪਾਜ਼ਿਟ ਸਨ। ਵੇਦ ਦੀ ਸ਼ਰਾਫ਼ਤ ਕਾਰਨ ਆਪਣੇ ਕਾਰੋਬਾਰਾ ਵਿਚ ਉਸ ਦਾ ਨਾਂ ਇੱਜ਼ਤ ਨਾਲ ਲਿਆ ਜਾਂਦਾ ਸੀ।

ਨੀਲਮ ਚੰਗੇ ਖਿਆਲਾਂ ਦੀ ਧਾਰਨੀ ਸੀ। ਆਂਢ-ਗੁਆਂਢ ਵਿਚ ਉਸਦੀ ਚੰਗੀ ਪੁੱਛਗਿੱਛ ਸੀ।

ਦੋਵੇਂ ਪਰਿਵਾਰ ਰੰਗਾਂ ਵਿਚ ਵੱਸਦੇ ਸਨ।

ਰਾਮ ਨਾਥ ਦੀ ਕਾਰ ਸਿਵਲ ਲਾਈਨ ਵਿਚ ਪ੍ਰਵੇਸ਼ ਕਰ ਗਈ। ਜਿਉਂ-ਜਿਉਂ ਘਰ ਨੇੜੇ ਆ ਰਿਹਾ ਸੀ, ਉਸ ਦੇ ਦਿਲ ਦੀ ਧੜਕਨ ਤੇਜ਼ ਹੁੰਦੀ ਜਾ ਰਹੀ ਸੀ। ਪਤਾ ਨਹੀਂ ਅੱਗੋਂ ਕੀ ਸੁਨੇਹਾ ਮਿਲਣ ਵਾਲਾ ਹੈ? ਗੰਭੀਰ ਰੂਪ ਵਿਚ ਜ਼ਖਮੀ ਹੋਇਆ ਕੋਈ ਮੈਂਬਰ ਦਮ ਵੀ ਤੋੜ ਸਕਦਾ ਸੀ।

ਮੌਤ ਦਾ ਖ਼ਿਆਲ ਆਉਂਦੇ ਹੀ ਰਾਮ ਨਾਥ ਦੇ ਮੱਥੇ 'ਤੇ ਤਰੇਲੀ ਆ ਗਈ। ਦਿਮਾਗ਼ ਨੂੰ ਘੁਮੇਰ ਚੜ੍ਹੀ। ਖੱਬੀ ਬਾਂਹ ਵਿਚ ਦਰਦ ਹੋਇਆ।

ਰਾਮ ਨਾਥ ਦੀ ਘਬਰਾਹਟ ਹੋਰ ਵਧ ਗਈ। ਇਹ ਸਭ ਹਾਰਟ-ਅਟੈਕ ਦੀਆਂ ਨਿਸ਼ਾਨੀਆਂ ਸਨ।

ਹਾਰਟ-ਅਟੈਕ ਦਾ ਖਿਆਲ ਆਉਂਦੇ ਹੀ ਰਾਮ ਨਾਥ ਨੂੰ ਫੇਰ ਮੋਹਨ ਲਾਲ ਦੀ ਯਾਦ ਆ ਗਈ।

ਇਹ ਮੋਹਨ ਨੂੰ ਹੋਈ ਹਾਰਟ-ਅਟੈਕ ਦੀ ਬਿਮਾਰੀ ਹੀ ਸੀ ਜਿਸ ਨੇ ਦੋਹਾਂ ਪਰਿਵਾਰਾਂ ਦੀ ਸਾਂਝੀ ਕੰਧ ਵਿਚ ਤਰੇੜ ਪਾਈ ਸੀ।

ਪਹਿਲਾ ਅਟੈਕ ਉਸ ਨੂੰ ਦਸ ਸਾਲ ਪਹਿਲਾਂ ਹੋਇਆ ਸੀ। ਉਦੋਂ ਮੋਹਨ ਦੀ ਉਮਰ ਪੰਜਾਹ ਸਾਲ ਸੀ। ਬਾਈਪਾਸ ਸਰਜਰੀ ਕਰਵਾ ਕੇ ਉਹ ਨੌ-ਬਰ-ਨੌ ਹੋ ਗਿਆ ਸੀ। ਸਗੋਂ ਪਹਿਲਾਂ ਨਾਲੋਂ ਵੱਧ ਜਵਾਨ ਮਹਿਸੂਸ ਕਰਨ ਲੱਗਾ ਸੀ।

ਸਾਲ ਭਰ ਮੋਹਨ ਲਾਲ ਡਾਕਟਰਾਂ ਦੀਆਂ ਹਦਾਇਤਾਂ 'ਤੇ ਅਮਲ ਕਰਦਾ ਰਿਹਾ। ਲੰਬੀਆਂ ਸੈਰਾਂ ਅਤੇ ਖਾਣ-ਪੀਣ ਦਾ ਪਰਹੇਜ਼ ਕਰਦਾ ਰਿਹਾ।

ਵਧਦੇ ਕਾਰੋਬਾਰ ਨਾਲ ਦੋਸਤਾਂ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਵਿਉਪਾਰਕ ਗੰਢਾਂ ਨੂੰ ਪੀਡਾ ਕਰਨ ਲਈ ਮਜਬੂਰਨ ਹੋਟਲਾਂ ਕਲੱਬਾਂ ਵਿਚ ਜਾਣਾ ਪਿਆ।

ਮੋਹਨ ਇਕੱਲਾ ਨਹੀਂ ਸੀ ਜਿਸ ਦੀ ਬਾਈਪਾਸ ਸਰਜਰੀ ਹੋਈ ਸੀ। ਇਥੇ ਅੱਧਿਆਂ ਨਾਲੋਂ ਵੱਧ ਵਿਉਪਾਰੀ ਸੀਨਾ ਚਿਰਵਾਈ ਫਿਰਦੇ ਸਨ। ਕੋਈ ਡਾਕਟਰਾਂ ਦੀ ਸਲਾਹ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ। ਖਾਧੇ-ਪੀਤੇ ਬਿਨਾਂ ਮਾਨਸਿਕ ਤਨਾਅ ਦੂਰ ਹੋਣ ਵਾਲਾ ਨਹੀਂ ਸੀ। ਉਹ ਭੁੱਖੇ ਰਹਿਣ ਨਾਲੋਂ ਖਾਂਦੇ-ਪੀਂਦੇ ਮਰਨ ਨੂੰ ਤਰਜੀਹ ਦਿੰਦੇ ਸਨ।

ਰੀਸੋ-ਰੀਸ ਮੋਹਨ ਨੇ ਪਹਿਲਾਂ ਇਕ ਪੈੱਗ ਲੈਣਾ ਸ਼ੁਰੂ ਕੀਤਾ, ਫੇਰ ਦੋ ਅਤੇ ਅਖ਼ੀਰ

ਤਿੰਨ।

ਜੇ ਵਿਉਪਾਰ ਵਧ ਰਿਹਾ ਸੀ ਤਾਂ ਉਮਰ ਵੀ ਵਧ ਰਹੀ ਸੀ।

ਉਧਰ ਉਸਦੇ ਸਾਥੀਆਂ ਵੱਲੋਂ ਘੁਟਾਲੇ ਕਰਨ ਦੀ ਗਿਣਤੀ ਵੱਧ ਰਹੀ ਸੀ। ਕਈ ਵਾਰ ਨੇੜਲਾ ਦੋਸਤ ਹੀ ਹੱਥ 'ਤੇ ਹੱਥ ਮਾਰ ਜਾਂਦਾ ਸੀ। ਗਿਲਾ ਕਰਨ ਤੇ ਆਖਦਾ ਸੀ "ਵਿਉਪਾਰ ਵਿਚ ਸਭ ਚਲਦਾ ਹੈ।"

ਘਾਟਿਆਂ ਵਾਧਿਆਂ ਅਤੇ ਖਿੱਚੋਤਾਣ ਕਾਰਨ ਮੋਹਨ ਲਾਲ ਦਾ ਮਾਨਸਿਕ ਤਨਾਉ ਵਧਣ ਲੱਗਾ। ਪਹਿਲਾਂ ਸ਼ੂਗਰ ਹੋਈ, ਫੇਰ ਖ਼ੂਨ ਦਾ ਦਬਾਅ ਹੇਠ ਉੱਤੇ ਹੋਣ ਲੱਗਾ।

ਡਾਕਟਰਾਂ ਨੇ ਖ਼ਤਰੇ ਦੀ ਘੰਟੀ ਖੜਕਾਈ। ਪਰਹੇਜ ਰੱਖੋ। ਖ਼ੂਨ ਗਾੜ੍ਹਾ ਹੁੰਦਾ ਜਾ ਰਿਹਾ ਸੀ। ਗਾੜ੍ਹਾ ਖ਼ੂਨ ਦਿਲ 'ਤੇ ਅਸਰ ਕਰ ਰਿਹਾ ਸੀ। ਦੋਬਾਰਾ ਸਰਜਰੀ ਨਹੀਂ ਹੋਣੀ। ਦੋਬਾਰਾ ਹੋਇਆ ਅਟੈਕ ਜਾਨ-ਲੇਵਾ ਸਾਬਤ ਹੋਣਾ ਹੈ।

ਡਾਕਟਰਾਂ ਦੀ ਚਿਤਾਵਨੀ ਦੇ ਬਾਵਜੂਦ ਦੂਸਰਾ ਅਟੈਕ ਹੋ ਗਿਆ।

ਫੌਰੀ ਤੌਰ 'ਤੇ ਉਸ ਅਟੈਕ ਦਾ ਅਸਰ ਮੋਹਨ ਲਾਲ 'ਤੇ ਨਹੀਂ ਸੀ ਹੋਇਆ। ਪਰ ਰਾਮ ਨਾਥ ਨੂੰ ਲਗਦਾ ਸੀ ਉਸ ਅਟੈਕ ਦਾ ਅਸਰ ਹੁਣ ਵੇਦ ਪਰਿਵਾਰ ਉਪਰ ਹੋਇਆ ਸੀ।

ਦੂਸਰੇ ਅਟੈਕ ਬਾਅਦ ਡਾਕਟਰਾਂ ਨੇ ਮੋਹਨ ਲਾਲ ਨੂੰ ਪੂਰੀ ਤਰ੍ਹਾਂ ਬਿਸਤਰ ਉਪਰ ਲਿਟਾ ਦਿੱਤਾ। ਹੁਣ ਸਮਾਂ ਮਾਨਸਿਕ ਤਨਾਅ ਤੋਂ ਦੂਰ ਰਹਿਣ ਦਾ ਸੀ। ਮਾਨਸਿਕ ਤਨਾਅ ਤੋਂ ਖਹਿੜਾ ਛੁਡਾਉਣ ਲਈ ਵਿਉਪਾਰ ਤੋਂ ਖਹਿੜਾ ਛੁਡਾਉਣਾ ਜ਼ਰੂਰੀ ਸੀ।

ਮੋਹਨ ਲਾਲ ਨੇ ਆਪਣੀ ਸਥਿਤੀ ਭਾਂਪ ਲਈ। ਉਸਦਾ ਕੋਈ ਵੀ ਦਿਨ ਆਖ਼ਰੀ ਦਿਨ ਹੋ ਸਕਦਾ ਸੀ।

ਲਾਲਚ-ਵੱਸ ਪਹਿਲਾਂ ਉਹ ਗ਼ਲਤੀ ਕਰ ਬੈਠਾ ਸੀ। ਉਸਨੇ ਸਿਹਤ ਦੀ ਪਰਵਾਹ ਨਹੀਂ ਸੀ ਕੀਤੀ। ਉਹ ਦੋਬਾਰਾ ਗ਼ਲਤੀ ਕਰਨ ਵਾਲਾ ਨਹੀਂ ਸੀ। ਹੁਣ ਹਾਲਾਤ ਬਦਲੇ ਹੋਏ ਸਨ। ਹੁਣ ਕੋਠੀਆਂ, ਕਾਰਾਂ, ਕਾਰਖ਼ਾਨੇ, ਸੋਨਾ, ਚਾਂਦੀ ਸਭ ਵਾਧੂ ਹੋਇਆ ਪਿਆ ਸੀ। ਇਹ ਸੰਭਲ ਜਾਏ ਉਹੋ ਬਹੁਤ ਸੀ।

ਮੁੰਡੇ ਕਾਰੋਬਾਰ ਸੰਭਾਲਣ ਯੋਗ ਹੋ ਗਏ ਸਨ।

ਵੱਡਾ ਪੰਕਜ ਅਮਰੀਕਾ ਤੋਂ ਐਮ.ਬੀ.ਏ. ਕਰ ਆਇਆ ਸੀ। ਛੋਟੇ ਨੀਰਜ ਨੇ ਮਕੈਨੀਕਲ ਇੰਜੀਨੀਅਰਿੰਗ ਰੁੜਕੀ ਤੋਂ ਕੀਤੀ ਸੀ। ਦੋਹਾਂ ਵਿਚ ਲੋੜੀਂਦੀ ਕਾਬਲੀਅਤ ਹੈ ਸੀ।

ਮੋਹਨ ਨੇ ਪੈਸਾ ਬਥੇਰਾ ਕਮਾਇਆ ਸੀ ਪਰ ਰੁਲ-ਖੁਲ ਕੇ। ਕਦੇ ਸੜਕਾਂ 'ਤੇ ਖੜੋ ਕੇ ਧੂੜਾਂ ਫੱਕ ਕੇ, ਅਤੇ ਕਦੇ ਸੜਦੀ ਲੁੱਕ ਦੇ ਧੂੰਏ ਨਾਲ ਫੇਫੜੇ ਗਾਲ ਕੇ। ਕਦੇ ਦਫ਼ਤਰਾਂ ਦੀ ਖਾਕ ਛਾਣੀ, ਕਦੇ ਅਫ਼ਸਰਾਂ ਦੇ ਹੁੱਕੇ ਭਰੇ।

ਮੋਹਨ ਚਾਹੁੰਦਾ ਸੀ ਉਸਦੇ ਬੱਚੇ ਇਸ ਇਤਿਹਾਸ ਨੂੰ ਨਾ ਦੁਹਰਾਉਣ। ਉਹ ਉਨ੍ਹਾਂ ਲਈ ਕੋਈ ਵੱਡਾ ਉਦਯੋਗ ਸਥਾਪਤ ਕਰਨਾ ਚਾਹੁੰਦਾ ਸੀ।

ਮੋਹਨ ਦੇ ਦੋਸਤਾਂ ਮਿੱਤਰਾਂ ਨੇ ਰਾਏ ਦਿੱਤੀ। ਇਨ੍ਹੀ ਦਿਨੀਂ ਲੋਹੇ ਦੇ ਵਿਉਪਾਰ ਦੀ ਚੜ੍ਹਤ ਸੀ। ਲੋਹੇ ਦੀਆਂ ਮਿੱਲਾਂ ਸੋਨੇ ਦੀਆਂ ਸਿੱਲਾਂ ਢਾਲ ਰਹੀਆਂ ਸਨ।

ਇਹ ਰਾਏ ਮੋਹਨ ਦੇ ਮਨ ਲੱਗ ਗਈ। ਉਹ ਲੋਹੇ ਦੀ ਮਿੱਲ ਦੇ ਸੁਪਨੇ ਦੇਖਣ ਲੱਗਾ।

ਦੋ ਏਕੜ ਦਾ ਪਲਾਟ। ਚਾਰੇ ਪਾਸੇ ਉੱਚੀ-ਉੱਚੀ ਦੀਵਾਰ। ਪਲਾਟ ਦੇ ਵਿਚਕਾਰ



ਵੱਡਾ ਸਾਰਾ ਪਲਾਂਟ। ਇਕ ਪਾਸੇ ਵੱਡਾ ਸਾਰਾ ਏਅਰ-ਕੰਡੀਸ਼ਨ ਦਫ਼ਤਰ। ਦੂਜੇ ਪਾਸੇ ਨੌਕਰਾਂ ਦੇ ਕੁਆਟਰਾਂ ਦੀ ਕਤਾਰ। ਚਾਰ-ਚਾਰ ਗੇਟ। ਹਰ ਗੇਟ 'ਤੇ ਪਹਿਰਾ। ਵੱਡੀਆਂ-ਵੱਡੀਆਂ ਕਾਰਾਂ, ਨੋਟ, ਮਾਲਕ, ਸਲੂਟ।

ਕੁਝ ਦਿਨ ਸੋਚ ਵਿਚਾਰ ਕੇ ਮੋਹਨ ਨੇ ਲੋਹੇ ਦੀ ਮਿੱਲ ਲਾਉਣ ਦਾ ਐਲਾਨ ਕਰ ਦਿੱਤਾ। ਹੈਵੀ ਇੰਡਸਟਰੀ। ਸਾਰਾ ਕਾਲਾ ਧਨ ਇਕ ਥਾਂ ਖਪਾ ਦਿਓ।

ਕਰੋੜਾਂ ਰੁਪਏ ਦੇ ਇਸ ਖਲਜਗਣ ਵਿਚ ਵੇਦ ਪੈਣਾ ਨਹੀਂ ਸੀ ਚਾਹੁੰਦਾ। ਮਿੱਲ ਦੇ ਪਲਾਂਟ ਦੀ ਕੀਮਤ ਪੰਜਾਹ ਲੱਖ ਸੀ। ਮਸ਼ੀਨ ਦੀ ਕੀਮਤ ਦੋ ਕਰੋੜ। ਕਰੋੜ ਰੁਪਿਆ ਕੋਲੋਂ ਲਗਾਣਾ ਸੀ। ਕਈ ਕਰੋੜ ਦਾ ਸਰਕਾਰ ਕੋਲੋਂ ਕਰਜ਼ਾ ਲੈਣਾ ਸੀ। ਵੇਦ ਸੀ ਅਨਪੜ੍ਹ ਗਵਾਰ। ਇਹ ਪੇਚੀਦਾ ਕੰਮ ਉਸਦੇ ਵੱਸ ਦਾ ਨਹੀਂ ਸੀ।

ਨੀਲਮ ਇਕ ਵਾਰ ਫੇਰ ਵੇਦ ਨੂੰ ਝੁਕਾਉਣ ਵਿਚ ਕਾਮਯਾਬ ਹੋ ਗਈ ਸੀ।

ਵੇਦ ਸਹਿਮਤ ਜ਼ਰੂਰ ਹੋ ਗਿਆ ਸੀ ਪਰ ਆਪਣੇ ਅੰਦਰੋਂ ਉਸ ਨੂੰ ਖ਼ਤਰੇ ਦੀਆਂ ਘੰਟੀਆਂ ਸੁਣਾਈ ਦੇਣ ਲੱਗੀਆਂ ਸਨ। ਮੋਹਨ ਨਾਲ ਸਾਂਝੇਦਾਰੀ ਕਰਨ ਵਿਚ ਹੋਰ ਗੱਲ ਸੀ। ਭਤੀਜਿਆਂ ਨਾਲ ਸਾਂਝੇਦਾਰੀ ਨਿਭੇਗੀ ਜਾਂ ਨਹੀਂ? ਇਸ ਬਾਰੇ ਵੇਦ ਨੂੰ ਯਕੀਨ ਨਹੀਂ ਸੀ। ਉਹ ਪੜ੍ਹੇ-ਲਿਖੇ ਸਨ। ਕਾਰੋਬਾਰ ਨਵੇਂ ਢੰਗ ਦਾ ਸੀ। ਵੇਦ ਉਨ੍ਹਾਂ ਨਾਲ ਕਿਸ ਤਰ੍ਹਾਂ ਭਿੜੇਗਾ? ਉਸ ਦੀ ਸਮਝੋਂ ਬਾਹਰ ਸੀ।

ਦੀਪ ਨਗਰ ਮੁਹੱਲੇ ਵੱਲ ਜਾਂਦੇ ਰਾਮ ਨਾਥ ਨੂੰ ਅੱਜ ਵੇਦ ਦੀ ਅਕਲ ਦੀ ਸਮਝ ਆਈ ਸੀ। ਵੇਦ ਦੀ ਸੋਚ ਠੀਕ ਸੀ। ਨੀਲਮ ਗਲਤ ਸੀ। ਚੰਗਾ ਹੁੰਦਾ ਜੇ ਵੇਦ ਨੀਲਮ ਦੀ ਸਲਾਹ ਨੂੰ ਨਕਾਰਣ ਦਾ ਦਮ ਰੱਖਦਾ ਹੁੰਦਾ। ਅੱਜ ਉਨ੍ਹਾਂ ਨੂੰ ਇਹ ਦਿਨ ਨਾ ਦੇਖਣੇ ਪੈਂਦੇ।

ਵੇਦ ਨੂੰ ਇਸ ਕਾਰੋਬਾਰ ਦੀ ਕਦੇ ਸਮਝ ਨਹੀਂ ਸੀ ਆਈ। ਮੋਹਨ ਨੇ ਆਪਣੀ ਸਾਰੀ ਪੂੰਜੀ ਇਸ ਕਾਰੋਬਾਰ ਵਿਚ ਲਾ ਦਿੱਤੀ ਸੀ। ਉਸ ਦੇ ਪਿੱਛੇ ਲੱਗ ਕੇ ਵੇਦ ਨੇ ਆਪਣਾ ਸਾਰਾ ਨਿੱਕ-ਸੁੱਕ ਮੋਹਨ ਨੂੰ ਫੜਾ ਦਿੱਤਾ। ਹੋਰ ਵੇਦ ਨੂੰ ਕੁਝ ਪਤਾ ਨਹੀਂ ਸੀ। ਪੈਸਾ ਕਿਥੋਂ ਆਇਆ, ਕਿੱਥੇ ਗਿਆ? ਲੋਨ ਕਿਥੋਂ ਲਿਆ ਗਿਆ? ਕਿਹੜੀ ਜਾਇਦਾਦ ਗਹਿਣੇ ਟਿਕੀ? ਵਫ਼ਾਦਾਰ ਸਿਪਾਹੀ ਵਾਂਗ ਉਹ ਜਿੱਥੇ ਆਖਦੇ ਦਸਤਖ਼ਤ ਕਰਦਾ ਰਿਹਾ।

ਸਿਰ ਮੁਨਾਉਂਦੇ ਹੀ ਔਲੇ ਪੈਣ ਵਾਲੀ ਕਹਾਵਤ ਮੋਹਨ ਲਾਲ ਦੇ ਇਸ ਕਾਰੋਬਾਰ ਉਪਰ ਸਹੀ ਸਿੱਧ ਹੋਈ ਸੀ।

ਕੇਂਦਰ ਵਿਚ ਸਰਕਾਰ ਬਦਲ ਗਈ। ਨਵੀਂ ਸਰਕਾਰ ਨੇ ਸਖ਼ਤੀ ਕਰ ਦਿੱਤੀ। ਨਵੇਂ ਕਰਜ਼ਿਆਂ ਦੀਆਂ ਸ਼ਰਤਾਂ ਸਖ਼ਤ ਹੋ ਗਈਆਂ। ਸਬ-ਸਿਡੀਆਂ ਘਟ ਗਈਆਂ। ਟੈਕਸਾਂ ਵਿਚ ਮਿਲਦੀਆਂ ਛੋਟਾਂ ਬੰਦ ਹੋ ਗਈਆਂ। ਆਮਦ ਦਰਾਮਦ ਦੀਆਂ ਸ਼ਰਤਾਂ ਢਿੱਲੀਆਂ ਹੋ ਗਈਆਂ। ਬਾਹਰੋਂ ਆਉਂਦਾ ਮਾਲ ਸਸਤਾ ਪੈਣ ਲੱਗਾ। ਕੱਚੇ ਮਾਲ ਅਤੇ ਬਿਜਲੀ ਦੀਆਂ ਦਰਾਂ ਵਧ ਗਈਆਂ। ਹੇਰਾ-ਫੇਰੀਆਂ ਦੇ ਰਸਤੇ ਬੰਦ ਹੋ ਗਏ।

ਮਿੱਲ ਨੂੰ ਮਿਲਣ ਵਾਲੀ ਮਨਜ਼ੂਰੀ ਵਿਚ ਦੇਰ ਹੋਣ ਲੱਗੀ। ਖਰਚੇ ਵਧਣ ਲੱਗੇ। ਬਜਟ ਹਿਚਕੋਲੇ ਖਾਣ ਲੱਗਾ।

ਦੂਜੇ ਪਾਸੇ ਮੋਹਨ ਦੀ ਬਿਮਾਰੀ ਵਧ ਗਈ। ਪੰਕਜ ਹੋਰਾਂ ਦੀ ਇੱਕ ਟੰਗ ਫੈਕਟਰੀ ਹੁੰਦੀ, ਦੂਜੀ ਦਿੱਲੀ।

ਵੇਦ ਨੂੰ ਕੁਝ ਪਤਾ ਨਹੀਂ ਸੀ। ਸਾਰਾ ਕਾਰੋਬਾਰ ਮੁਲਾਜ਼ਮ ਦੇਖ ਰਹੇ ਸਨ।

ਕਈ ਲੱਖ ਰੁਪਏ ਕਾਗਜ਼-ਪੱਤਰ ਤਿਆਰ ਕਰਨ ਅਤੇ ਰਿਸ਼ਵਤ ਦੇਣ ਵਿਚ ਖਰਚ ਹੋ ਚੁੱਕੇ ਸਨ। ਪਲਾਟ ਦੀਆਂ ਕਿਸ਼ਤਾਂ ਭਰੀਆਂ ਜਾ ਚੁੱਕੀਆਂ ਸਨ। ਮਸ਼ੀਨਰੀ ਲਈ ਐਡਵਾਂਸ ਭੇਜਿਆ ਜਾ ਚੁੱਕਿਆ ਸੀ। ਇਸ ਪੜਾਅ 'ਤੇ ਪੁੱਜ ਕੇ ਪਿੱਛੇ ਨਹੀਂ ਸੀ ਹਟਿਆ ਜਾ ਸਕਦਾ।

ਮਾਹਿਰਾਂ ਨੇ ਸਲਾਹ ਦਿੱਤੀ। ਔਖੇ-ਸੌਖੇ ਮਿੱਲ ਚਾਲੂ ਕਰੋ। ਕਦੇ ਵੀ ਹਾਲਾਤ ਸੁਖਾਵੇਂ ਹੋ ਸਕਦੇ ਸਨ। ਮੁਕਾਬਲਾ ਸਖ਼ਤ ਹੋ ਚਲਿਆ ਸੀ। ਮੁਕਾਬਲੇ ਕਾਰਨ ਮਾੜੀਆਂ ਇਕਾਈਆਂ ਨੇ ਫੇਲ੍ਹ ਹੋ ਜਾਣਾ ਸੀ। ਪਿੱਛੇ ਬਚੀਆਂ ਇਕਾਈਆਂ ਨੇ ਫੇਰ ਕਾਰੋਬਾਰ 'ਤੇ ਭਾਰੂ ਹੋ ਜਾਣਾ ਸੀ।

ਇਸੇ ਖਿੱਚੋਤਾਣ ਵਿਚ ਮਿੱਲ ਦਾ ਸ਼ੁਰੂ ਹੋਣਾ ਦੋ ਸਾਲ ਪੱਛੜ ਗਿਆ।

ਇਕ ਪਾਸੇ ਮਸ਼ੀਨਰੀ ਦੀ ਕੀਮਤ ਵਧ ਗਈ। ਦੂਜੇ ਪਾਸੇ ਕਰਜ਼ੇ ਦੀਆਂ ਬਾਕੀ ਰਹਿੰਦੀਆਂ ਕਿਸ਼ਤਾਂ ਰੁਕ ਗਈਆਂ। ਕਰਜ਼ਾ ਮਿੱਲ ਦੀ ਉਸਾਰੀ ਦੇ ਹਿਸਾਬ ਨਾਲ ਮਿਲਣਾ ਸੀ। ਮੁਲਾਜ਼ਮਾਂ ਦਾ ਖਰਚਾ ਬੋਝ ਨੂੰ ਹੋਰ ਬੋਝਲ ਕਰਨ ਲੱਗਾ।

ਮੋਹਨ ਲਾਲ ਦਾ ਤੁਰਨਾ-ਫਿਰਨਾ ਬੰਦ ਹੋ ਗਿਆ। ਉਸ ਦੀ ਹਾਲਤ ਨੂੰ ਧਿਆਨ ਵਿਚ ਰੱਖਦੇ ਹੋਏ ਫੈਕਟਰੀ ਵਿਚ ਪੈਣ ਵਾਲੇ ਘਾਟੇ ਦੀ ਗੱਲ ਉਸ ਤੋਂ ਛੁਪਾਈ ਗਈ ਸੀ।

ਪਰ ਬਿੱਲੀ ਨੂੰ ਕਿੰਨਾ ਚਿਰ ਬੋਰੇ ਵਿਚ ਛੁਪਾ ਕੇ ਰੱਖਿਆ ਜਾ ਸਕਦਾ ਹੈ ? ਮੁੱਛਾਂ ਦਾੜ੍ਹੀ ਨਾਲੋਂ ਵੱਧ ਚੱਲੀਆਂ ਸਨ। ਮਿੱਲ ਦੈਂਤ ਦਾ ਰੂਪ ਧਾਰ ਗਈ ਸੀ। ਉਹ ਸਾਰੇ ਪੈਸੇ ਖਾ ਗਈ ਸੀ ਪਰ ਢਿੱਡ ਹਾਲੇ ਵੀ ਨਹੀਂ ਸੀ ਭਰਿਆ।

ਅਖ਼ੀਰ ਕੌੜਾ ਘੁੱਟ ਭਰਿਆ ਗਿਆ। ਮਿੱਲ ਦੀ ਉਸਾਰੀ ਰੋਕ ਕੇ ਉਸ ਨੂੰ ਵਿਕਰੀ ਤੇ ਲਗਾ ਦਿੱਤਾ ਗਿਆ।

ਦੋਹਾਂ ਪਰਿਵਾਰਾਂ ਦਾ ਬਹੁਤ ਕੁਝ ਇਸ ਮਿੱਲ ਨੇ ਨਿਗਲ ਲਿਆ ਸੀ। ਨੀਰਜ ਅਤੇ ਪੰਕਜ ਦੇ ਹੱਥੀਂ ਸਭ ਕੁਝ ਵਾਪਰਿਆ ਸੀ। ਇਸ ਲਈ ਉਨ੍ਹਾਂ ਨੂੰ ਪਏ ਘਾਟੇ ਦੀਆਂ ਬਾਰੀਕੀਆਂ ਦਾ ਪਤਾ ਸੀ। ਵੇਦ ਨੂੰ ਆਪਣੇ ਭਤੀਜਿਆਂ ਤੇ ਵਿਸ਼ਵਾਸ ਸੀ, ਉਸਨੇ ਸਬਰ ਕਰ ਲਿਆ ਸੀ।

ਪਰ ਨੀਲਮ ਨੂੰ ਇੰਨਾ ਘਾਟਾ ਕਿਵੇਂ ਪਿਆ? ਇਹ ਸਮਝ ਨਹੀਂ ਸੀ ਆ ਰਹੀ। ਮੋਹਨ ਲਾਲ 'ਤੇ ਭਰੋਸਾ ਕੀਤਾ ਜਾ ਸਕਦਾ ਸੀ। ਪਰ ਮਾਇਆ ਨਗਰ ਦੀ ਆਬੋ-ਹਵਾ ਵਿਚ ਪਲੇ ਭਤੀਜਿਆਂ ਉੱਪਰ ਅੰਨ੍ਹੀ ਸ਼ਰਧਾ ਨਹੀਂ ਸੀ ਰੱਖੀ ਜਾ ਸਕਦੀ।

ਨੀਲਮ ਦੇ ਦੂਰ ਦੇ ਰਿਸ਼ਤੇ ਵਿਚੋਂ ਲਗਦੇ ਇਕ ਭਾਣਜੇ ਦੀ ਮਿੱਲ ਗੋਬਿੰਦਗੜ੍ਹ ਚਲਦੀ ਸੀ। ਉਹ ਪਿੱਛੇ ਜਿਹੇ ਉਸ ਨੂੰ ਇਕ ਵਿਆਹ ਵਿਚ ਮਿਲਿਆ ਸੀ। ਉਹ ਮਿੱਲ ਮੁਨਾਫ਼ਾ ਕਮਾ ਰਹੀ ਸੀ।

ਵੇਦ ਨੇ ਨੀਲਮ ਨੂੰ ਸਮਝਾਇਆ। ਉਹ ਮਿੱਲ ਪੁਰਾਣੀ ਸੀ। ਪਲਾਟ ਅਤੇ ਮਸ਼ੀਨਰੀ ਪੁਰਾਣੇ ਭਾਅ ਵਿਚ ਖਰੀਦੇ ਹੋਏ ਸਨ। 'ਗੁਡ ਵਿੱਲ' ਬਣੀ ਹੋਈ ਸੀ। ਆਈ ਚਲਾਈ ਚੱਲ ਰਹੀ ਹੋਏਗੀ।

ਪਰ ਨੀਲਮ ਉਸ ਨਾਲ ਸਹਿਮਤ ਨਹੀਂ ਸੀ। ਉਹ ਸਵੇਰੇ ਸ਼ਾਮ ਵੇਦ ਨੂੰ ਤੁੰਨਣ ਲਗਦੀ। ਉਹ ਭਤੀਜਿਆਂ ਕੋਲੋਂ ਹਿਸਾਬ ਤਾਂ ਲਵੇ। ਪਤਾ ਤਾਂ ਲਗੇ ਘਾਟਾ ਕਿੱਥੇ ਪਿਆ ਸੀ ? ਮਨ ਨੂੰ ਤਸੱਲੀ ਤਾਂ ਹੋਵੇ।

ਪਰ ਵੇਦ ਦੀ ਨਾ ਹਿਸਾਬ ਮੰਗਣ ਦੀ ਹਿੰਮਤ ਸੀ, ਨਾ ਉਸ ਨੇ ਹਿਸਾਬ ਮੰਗਿਆ।



ਪਏ ਘਾਟੇ ਅਤੇ ਵੇਦ ਦੀ ਜ਼ਿੱਦ ਤੋਂ ਤੰਗ ਆਈ ਨੀਲਮ ਨੇ ਗੁੱਸੇ ਦਾ ਇਜ਼ਹਾਰ ਆਪਣੇ ਢੰਗ ਨਾਲ ਕਰਨਾ ਸ਼ੁਰੂ ਕਰ ਦਿੱਤਾ।

ਭਤੀਜਿਆਂ ਦੀ ਹੇਰਾ-ਫੇਰੀ ਦੀ ਸ਼ਿਕਾਇਤ ਪਹਿਲਾਂ ਉਸਨੇ ਦੂਰ ਦੇ ਰਿਸ਼ਤੇਦਾਰਾਂ ਕੋਲ ਕੀਤੀ। ਫੇਰ ਨੇੜੇ ਦੇ ਦੋਸਤਾਂ-ਮਿੱਤਰਾਂ ਕੋਲ। ਇਸ਼ਕ-ਮੁਸ਼ਕ ਵਾਂਗ ਉੱਡਦੀ-ਉੱਡਦੀ ਗੱਲ ਮੋਹਨ ਤਕ ਅੱਪੜਦੀ ਰਹੀ। ਭਰਾ ਦੀ ਗਲਤੀ 'ਤੇ ਪਰਦਾ ਪਾਉਣ ਲਈ ਉਹ ਗੱਲ ਆਈ ਗਈ ਕਰਦਾ ਰਿਹਾ। "ਚੁਗਲੀ ਹੋਈ ਹੈ" ਆਖ ਕੇ ਗੱਲ ਟਾਲਦਾ ਰਿਹਾ।

ਪਰ ਜਦੋਂ ਇਹ ਗੱਲ ਪੰਕਜ ਦੇ ਸਹੁਰਿਆਂ ਤਕ ਅੱਪੜੀ ਅਤੇ ਫੇਰ ਸਹੁਰਿਆਂ ਰਾਹੀਂ ਪੰਕਜ ਕੋਲ ਤਾਂ ਮਸਲਾ ਮੋਹਨ ਲਾਲ ਦੇ ਹੱਥੋਂ ਨਿਕਲ ਗਿਆ।

ਕੁਝ ਦਿਨ ਘਰ ਵਿਚ ਘੁਸਰ-ਮੁਸਰ ਹੋਈ। ਮੋਹਨ ਲਾਲ ਨੇ ਗੱਲ ਆਈ ਗਈ ਕਰਨ ਦਾ ਯਤਨ ਕੀਤਾ। ਪਰ ਮੁੰਡੇ ਇਕੋ ਜ਼ਿੱਦ ਫੜ ਕੇ ਬੈਠ ਗਏ। ਇਕੱਠ ਕਰੋ। ਹਿਸਾਬ ਕਿਤਾਬ ਮੂੰਹ 'ਤੇ ਮਾਰੋ। ਸਾਂਝੇ ਕਾਰੋਬਾਰ ਬੰਦ ਕਰੋ।

ਨੀਲਮ ਦੀ ਗਲਤੀ ਅਤੇ ਮੁੰਡਿਆਂ ਦੇ ਫੈਸਲੇ ਨੇ ਮੋਹਨ ਲਾਲ ਦੇ ਮਾਨਸਿਕ ਤਨਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਪਹਿਲਾਂ ਉਸਦਾ ਸ਼ੂਗਰ ਵਧਿਆ। ਫੇਰ ਦਿਲ ਦੀ ਧੜਕਣ। ਫੇਰ ਉਸਨੂੰ ਤੀਸਰਾ ਅਟੈਕ ਹੋਇਆ ਅਤੇ ਦਿਲ ਦੀ ਧੜਕਣ ਬੰਦ ਹੋ ਗਈ।

"ਬੱਚਿਓ, ਮੌਤ ਦਾ ਸਮਾਂ ਅਤੇ ਸਥਾਨ ਪਹਿਲਾਂ ਤੋਂ ਨਿਸ਼ਚਿਤ ਹੈ। ਮੌਤ ਦਾ ਕੋਈ ਬਹਾਨਾ ਬਣਨਾ ਹੁੰਦਾ ਹੈ। ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਹੈ।"

ਘਰ ਦੇ ਬਜ਼ੁਰਗਾਂ, ਪੰਡਤਾਂ ਅਤੇ ਸਾਧ-ਸੰਤਾਂ ਨੇ ਪੰਕਜ ਹੋਰਾਂ ਨੂੰ ਬਹੁਤ ਸਮਝਾਇਆ। ਪਰ ਉਹ ਆਪਣੇ ਬਾਪ ਦੀ ਬੇਵਕਤੀ ਮੌਤ ਦਾ ਜ਼ਿੰਮੇਵਾਰ ਵੇਦ ਪਰਿਵਾਰ ਨੂੰ ਠਹਿਰਾਉਣ ਤੋਂ ਬਾਜ ਨਾ ਆਏ।

ਮਿੱਲ ਵਿਚ ਪਏ ਘਾਟੇ, ਲੱਗੀ ਤੁਹਮਤ ਅਤੇ ਬਾਪ ਦੀ ਬੇਵਕਤੀ ਮੌਤ ਨੇ ਦੋਹਾਂ ਭਰਾਵਾਂ ਦੇ ਮਨਾਂ ਨੂੰ ਜ਼ਹਿਰ ਨਾਲ ਭਰ ਦਿੱਤਾ। ਸਾਰਾ ਦਿਨ ਉਹ ਇਕੋ ਨੁਕਤੇ 'ਤੇ ਸੋਚਦੇ ਰਹਿੰਦੇ। ਵੇਦ ਪਰਿਵਾਰ ਨੂੰ ਨੀਵਾਂ ਕਿਸ ਤਰ੍ਹਾਂ ਦਿਖਾਇਆ ਜਾਵੇ ?

ਮੋਹਨ ਲਾਲ ਦੇ ਭੋਗ ਤੇ ਹੋਏ ਰਿਸ਼ਤੇਦਾਰਾਂ ਦੇ ਇਕੱਠ ਵਿਚ ਹਿਸਾਬ-ਕਿਤਾਬ ਪੇਸ਼ ਕੀਤਾ ਗਿਆ। ਪਹਿਲਾਂ ਪੰਕਜ ਹੋਰਾਂ ਨੇ ਕੋਈ ਹੇਰਾ-ਫੇਰੀ ਨਹੀਂ ਸੀ ਕੀਤੀ। ਫੇਰ ਵਾਧਾ ਘਾਟਾ ਕਰਕੇ ਪਿਆ ਘਾਟਾ ਦੁਗਣਾ ਦਿਖਾਇਆ ਗਿਆ। ਪਹਿਲਾਂ ਪਏ ਘਾਟੇ ਦੀ ਵੰਡ ਨਹੀਂ ਸੀ ਹੋਈ। ਹੁਣ ਪਾਈ-ਪਾਈ ਦਾ ਭੁਗਤਾਨ ਮੰਗਿਆ ਗਿਆ। ਮਿੱਲ ਵਿਚ ਵੇਦ ਦਾ ਵੀਹ ਲੱਖ ਚਲਦਾ ਸੀ। ਉਸ ਵੱਲ ਪੰਜ ਲੱਖ ਹੋਰ ਨਿਕਲਦਾ ਸੀ। ਉਸ ਦਾ ਭੁਗਤਾਨ ਤਿੰਨ ਮਹੀਨੇ ਦੇ ਅੰਦਰ-ਅੰਦਰ ਮੰਗਿਆ ਗਿਆ।

ਬਿਮਾਰੀ ਦੇ ਦਿਨਾਂ ਵਿਚ ਮੋਹਨ ਨੇ ਆਪਣੇ ਕਾਰੋਬਾਰ ਅਤੇ ਜਾਇਦਾਦ ਦਾ ਵੇਰਵਾ ਆਪਣੇ ਦੋਹਾਂ ਬੇਟਿਆਂ ਨੂੰ ਸਮਝਾ ਦਿੱਤਾ ਸੀ। ਅਜਿਹੀਆਂ ਬੇ-ਨਾਮੀ ਜਾਇਦਾਦਾਂ ਦੀ ਲਿਸਟ ਲੰਬੀ ਸੀ ਜਿਨ੍ਹਾਂ ਦਾ ਅਸਲੀ ਮਾਲਕ ਮੋਹਨ ਸੀ ਪਰ ਕਾਗਜ਼ੀਂ-ਪੱਤਰੀਂ ਵੇਦ ਦਾ ਨਾਂ ਬੋਲਦਾ ਸੀ।

ਅਜਿਹੇ ਕੁਝ ਲੈਣ ਦੇਣ ਅਮਨ ਅਮਾਨ ਨਾਲ ਨਿਬੜ ਗਏ। ਕੁਝ ਵਿਚ ਥੋੜ੍ਹਾ ਵਾਧਾ ਘਾਟਾ ਹੋਇਆ। ਕਿਤੇ-ਕਿਤੇ ਤਕਰਾਰ ਹੋਇਆ। ਇਕ ਦੋ ਥਾਈਂ ਗੁੱਥੀ ਸਾਲਸਾਂ ਨੇ ਸੁਲਝਾਈ।

ਨਗਰ ਸੁਧਾਰ ਟਰੱਸਟ ਵੱਲੋਂ ਗੁਰਦੇਵ ਨਗਰ ਵਰਗੀ ਪੌਸ਼ ਕਲੋਨੀ ਵਿਚ ਅਲਾਟ

ਹੋਏ ਇਕ ਹਜ਼ਾਰ ਗਜ਼ ਦੇ ਪਲਾਟ ਦਾ ਨਬੇੜਾ ਜਦੋਂ ਕਿਸੇ ਤਰ੍ਹਾਂ ਵੀ ਨਾ ਹੋਇਆ ਤਾਂ ਦੋਹਾਂ ਧਿਰਾਂ ਵਿਚਕਾਰ ਗਾਲੀ ਗਲੋਚ ਹੋਇਆ, ਜਾਨੋਂ ਮਾਰਨ ਅਤੇ ਘਰੋਂ ਉਜਾੜਨ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਵੇਦ ਆਖਦਾ ਸੀ ਉਸਨੇ ਇਹ ਪਲਾਟ ਆਪਣੇ ਬਲਬੂਤੇ ਉਪਰ ਅਲਾਟ ਕਰਵਾਇਆ ਸੀ। ਸਾਰੀ ਕੀਮਤ ਉਸਨੇ ਆਪਣੇ ਖਾਤੇ ਵਿਚੋਂ ਚੁਕਤਾ ਕੀਤੀ ਸੀ। ਟਰੱਸਟ ਦਾ ਚੇਅਰਮੈਨ ਮੋਹਨ ਲਾਲ ਦਾ ਵਾਕਿਫ਼ ਸੀ। ਯਾਰੀ ਨਿਭਾਉਣ ਲਈ ਪਲਾਟ ਦੀ ਲਾਟਰੀ ਵੇਦ ਦੇ ਨਾਂ, ਹੇਰਾ-ਫੇਰੀ ਨਾਲ ਕੱਢੀ ਗਈ ਸੀ, ਇਹ ਗੱਲ ਦਰੁਸਤ ਸੀ। ਪਰ ਮੋਹਨ ਦੀ ਇਸ ਪਲਾਟ ਵਿਚ ਹਿੱਸਾ ਰੱਖਣ ਦੀ ਕੋਈ ਨੀਅਤ ਨਹੀਂ ਸੀ।

ਪੰਕਜ ਦਾ ਅਖਾਣ ਸੀ ਕਿ ਉਸ ਸਮੇਂ ਇਸ ਕਾਲੋਨੀ ਵਿਚ ਜ਼ਮੀਨ ਦਾ ਭਾਅ ਸੱਤ ਹਜ਼ਾਰ ਰੁਪਏ ਗਜ਼ ਸੀ। ਪਲਾਟ ਸੱਤ ਸੌ ਰੁਪਏ ਗਜ਼ ਦੇ ਹਿਸਾਬ ਨਾਲ ਅਲਾਟ ਹੋਇਆ ਸੀ। ਵੇਦ ਉਨ੍ਹੀਂ ਦਿਨੀਂ ਮੋਹਨ ਦੇ ਮੁਨਸ਼ੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਚੇਅਰਮੈਨ ਦਾ ਸਿਰ ਨਹੀਂ ਸੀ ਭਵਿਆਂ ਕਿ ਉਹ ਸੱਤਰ ਲੱਖ ਦਾ ਪਲਾਟ ਸੱਤਰ ਹਜ਼ਾਰ ਵਿਚ ਕਿਸੇ ਕਰਿੰਦੇ ਦੇ ਨਾਂ ਅਲਾਟ ਕਰਦਾ। ਇਹ ਪਲਾਟ ਉਨ੍ਹਾਂ ਦੇ ਬਾਪ ਦਾ ਸੀ। ਇਸ ਉਪਰ ਉਨ੍ਹਾਂ ਦਾ ਹੱਕ ਸੀ।

ਵੇਦ ਮੋਹਨ ਦੇ ਅਹਿਸਾਨ ਕਾਰਨ ਅੱਧਾ ਪਲਾਟ ਛੱਡਣ ਨੂੰ ਤਿਆਰ ਹੋ ਗਿਆ। ਪੂਰਾ ਪਲਾਟ ਛੱਡ ਕੇ ਉਸਦੇ ਆਪਣੇ ਸੁਪਨੇ ਖੇਰੂੰ-ਖੇਰੂੰ ਹੋ ਜਾਣੇ ਸਨ। ਇਹੋ ਪਲਾਟ ਉਸਦੀ ਧਰੋਹਰ ਸੀ। ਅੱਧੇ ਪਲਾਟ ਵਿਚ ਉਸ ਨੇ ਕਮਲ ਦੀ ਕੋਠੀ ਉਸਾਰਨ ਦਾ ਸੁਪਨਾ ਲਿਆ ਸੀ ਅਤੇ ਅੱਧਾ ਵੇਚ ਕੇ ਨੇਹਾ ਦਾ ਸ਼ਾਨਦਾਰ ਵਿਆਹ ਕਰਨ ਦਾ।

ਰਾਮ ਨਾਥ ਨੂੰ ਬੁਲਾ ਕੇ ਵੇਦ ਨੇ ਪਲਾਟ ਦੇ ਕਾਗਜ਼-ਪੱਤਰ ਦਿਖਾਏ। ਉਸ ਤੋਂ ਕਾਨੂੰਨੀ ਰਾਏ ਲਈ।

ਕਾਨੂੰਨੀ ਨੁਕਤੇ ਵੇਦ ਦੇ ਹੱਕ ਵਿਚ ਸਨ। ਅਲਾਟਮੈਂਟ ਹੋਈ ਨੂੰ ਅੱਠ ਸਾਲ ਹੋ ਗਏ ਸਨ। ਅਲਾਟਮੈਂਟ ਲਈ ਦਿੱਤੀ ਦਰਖ਼ਾਸਤ ਤੋਂ ਲੈ ਕੇ ਰਜਿਸਟਰੀ ਤਕ ਵੇਦ ਦਾ ਨਾਂ ਬੋਲਦਾ ਸੀ। ਸਾਰੀਆਂ ਕਿਸ਼ਤਾਂ ਵੇਦ ਨੇ ਚੈਕਾਂ ਰਾਹੀਂ ਭੁਗਤਾਈਆਂ ਸਨ। ਦੇਸ਼ ਦੀ ਕੋਈ ਅਦਾਲਤ ਪਲਾਟ ਵਿਚ ਮੋਹਨ ਦਾ ਹਿੱਸਾ ਬਹਾਲ ਨਹੀਂ ਸੀ ਕਰ ਸਕਦੀ।

ਰਾਮ ਨਾਥ ਨੂੰ ਆਪਣੀ ਇਸ ਕਾਨੂੰਨੀ ਰਾਏ ਤੇ ਅੱਜ ਪਛਤਾਵਾ ਹੋ ਰਿਹਾ ਸੀ। ਚੰਗਾ ਹੁੰਦਾ ਜੇ ਉਹ ਵਿਚ ਪੈ ਕੇ, ਲੈ ਦੇ ਕਰ ਕੇ ਝਗੜਾ ਨਿਪਟਾ ਦਿੰਦਾ। ਬਾਕੀ ਸਭ ਝਗੜੇ ਨਿਬੜ ਗਏ ਸਨ। ਅੱਡ-ਵਿੱਡ ਹੋ ਕੇ ਕੋਈ ਰੁੱਖੀ ਖਾਂਦਾ ਕੋਈ ਚੋਪੜੀ ਖਾਂਦਾ, ਕਿਸੇ ਨੂੰ ਕਿਸੇ ਨਾਲ ਵਾਸਤਾ ਨਹੀਂ ਸੀ ਰਹਿਣਾ।

ਖਿਝੇ ਪੰਕਜ ਨੇ ਅਦਾਲਤ ਵਿਚ ਮੁਕੱਦਮਾ ਠੋਕ ਦਿੱਤਾ। ਗਾਹੇ-ਬਗਾਹੇ ਧਮਕੀਆਂ ਦਿੰਦਾ ਰਹਿੰਦਾ।

"ਪਲਾਟ ਮੈਂ ਲੈ ਕੇ ਰਹਿਣਾ ਹੈ। ਅਦਾਲਤ ਰਾਹੀਂ ਨਾ ਮਿਲਿਆ ਉਂਝ ਲੈ ਲੈਣਾ ਹੈ।"

ਰਾਮ ਨਾਥ ਦਾ ਤਜਰਬਾ ਆਖ ਰਿਹਾ ਸੀ ਪੰਕਜ ਨੇ ਇਹ ਚੰਨ 'ਉਂਝ' ਪਲਾਟ ਲੈਣ ਲਈ ਚਾੜ੍ਹਿਆ ਸੀ।



## -2-

ਨੀਲਮ ਦੀ ਕੋਠੀ ਦੀਪ ਨਗਰ ਦੀ ਗਲੀ ਨੰਬਰ ਚਾਰ ਵਿਚ ਪੈਂਦੀ ਸੀ।

ਜਿਉਂ ਹੀ ਰਾਮ ਨਾਥ ਦੀ ਕਾਰ ਗਲੀ ਦੇ ਮੋੜ ਕੋਲ ਪੁੱਜੀ ਲਾਲ ਬੱਤੀ ਵਾਲੀ ਪੁਲਿਸ ਦੀ ਇਕ ਜਿਪਸੀ ਹੂਟਰ ਮਾਰਦੀ ਉਨ੍ਹਾਂ ਦੇ ਕੋਲ ਦੀ ਲੰਘੀ।

ਇਹ ਜਿਪਸੀ ਕਿਸੇ ਸੀਨੀਅਰ ਪੁਲਿਸ ਅਫ਼ਸਰ ਦੀ ਸੀ। ਇਹ ਪੁਲਿਸ ਕਪਤਾਨ ਦੀ ਵੀ ਹੋ ਸਕਦੀ ਸੀ ਅਤੇ ਡੀ.ਆਈ.ਜੀ. ਦੀ ਵੀ। ਏਡਾ ਸੀਨੀਅਰ ਅਫ਼ਸਰ ਕੇਵਲ ਹੋਏ ਕਤਲ ਦਾ ਮੌਕਾ ਦੇਖਣ ਆਉਂਦਾ ਹੈ।

ਰਾਮ ਨਾਥ ਦਾ ਮੱਥਾ ਠਣਕਿਆ। ਕੋਈ ਭਾਣਾ ਵਰਤ ਗਿਆ ਲਗਦਾ ਸੀ। ਉਸਨੇ ਨਿਕਲਣ ਵਾਲੀ ਭੁੱਬ ਨੂੰ ਤਾਂ ਕਾਬੂ ਕਰ ਲਿਆ ਪਰ ਹਉਕੇ ਨੂੰ ਨਾ ਠੱਲ੍ਹ ਸਕਿਆ।

'ਰੱਬਾ ਸੁੱਖ ਰੱਖੀਂ!' ਮਨ ਵਿਚ ਦੁਆਵਾਂ ਕਰਦਾ ਰਾਮ ਨਾਥ ਵਾਰਦਾਤ ਵਾਲੀ ਥਾਂ 'ਤੇ ਪੁੱਜਣ ਲਈ ਕਾਹਲਾ ਪੈਣ ਲੱਗਾ।

ਨੀਲਮ ਦੀ ਕੋਠੀ ਗਲੀ ਦੇ ਅੱਧ ਵਿਚਕਾਰ ਸੀ। ਸਾਰੀ ਗਲੀ ਲੋਕਾਂ ਨਾਲ ਭਰੀ ਪਈ ਸੀ। ਕੁਝ ਲੋਕ ਇਧਰ-ਉਧਰ ਭੱਜ ਨੱਠ ਰਹੇ ਸਨ। ਕੁਝ ਛੋਟੀਆਂ-ਛੋਟੀਆਂ ਟੋਲੀਆਂ ਬਣਾਈ ਗੱਲੀਂ ਰੁਝੇ ਹੋਏ ਸਨ।

ਪੁਲਿਸ ਦੀਆਂ ਦੋ ਤਿੰਨ ਗੱਡੀਆਂ ਨੇ ਕੋਠੀ ਦੇ ਗੇਟ ਅਤੇ ਉਸਦੇ ਅੱਗੇ ਪਿੱਛੇ ਵਾਲੀ ਜਗ੍ਹਾ ਘੇਰੀ ਹੋਈ ਸੀ।

ਰਾਮ ਨਾਥ ਨੇ ਆਪਣੀ ਗੱਡੀ ਪਿੱਛੇ ਹੀ ਰੁਕਵਾ ਲਈ। ਉਹ ਅਤੇ ਸੰਗੀਤਾ ਭੈੜੀ ਤੋਂ ਭੈੜੀ ਖ਼ਬਰ ਸੁਣਨ ਲਈ ਆਪਣੇ ਆਪ ਨੂੰ ਤਿਆਰ ਕਰਦੇ, ਤੇਜ਼ੀ ਨਾਲ ਕੋਠੀ ਵੱਲ ਵਧਣ ਲੱਗੇ।

ਕੁਝ ਗੁਆਂਢੀ ਰਾਮ ਨਾਥ ਨੂੰ ਜਾਣਦੇ ਸਨ। ਰਾਮ ਨਾਥ ਨੂੰ ਆਇਆ ਦੇਖ ਕੇ ਉਹ ਉਸ ਵੱਲ ਹੋ ਲਏ।

"ਵਕੀਲ ਸਾਹਿਬ ਬਹੁਤ ਮਾੜਾ ਹੋਇਆ।" ਜਿਸ ਗੁਆਂਢੀ ਨੇ ਰਾਮ ਨਾਥ ਦੇ ਘਰ ਫ਼ੋਨ ਕੀਤਾ ਸੀ ਸਭ ਤੋਂ ਪਹਿਲਾਂ ਉਸ ਨੇ ਹਾਅ-ਦਾ-ਨਾਅਰਾ ਮਾਰਿਆ।

"ਸੁੱਖ ਤਾਂ ਹੈ?" ਰਾਮ ਨਾਥ ਨੂੰ ਲੁੱਟੇ ਗਏ ਸਮਾਨ ਨਾਲੋਂ ਰਿਸ਼ਤੇਦਾਰਾਂ ਦਾ ਵੱਧ ਫਿਕਰ ਸੀ। ਉਹ ਉਨ੍ਹਾਂ ਦੀ ਤੰਦਰੁਸਤੀ ਦੀ ਖ਼ਬਰ ਝੱਟਪੱਟ ਸੁਨਣਾ ਚਾਹੁੰਦਾ ਸੀ।

"ਬਾਕੀ ਸਭ ਠੀਕ ਹਨ, ਪਰ ਕਮਲ...।" ਰਾਮ ਨਾਥ ਦੇ ਗਲ ਲੱਗ ਕੇ ਗੁਆਂਢੀ ਇਉਂ ਭੁੱਬਾਂ ਮਾਰਨ ਲੱਗਾ ਜਿਵੇਂ ਕਮਲ ਆਪਣਾ ਪੁੱਤਰ ਹੋਵੇ।

"ਬਾਕੀ ਤਾਂ ਜ਼ਿੰਦਾ ਹਨ?" ਬੜੇ ਨਰਦਈਆਂ ਵਾਂਗ ਰਾਮ ਨਾਥ ਨੇ ਗੁਆਂਢੀਆਂ ਕੋਲੋਂ ਪੁੱਛਿਆ।

"ਹਾਂ। ਉਂਝ ਠੀਕ ਨੇ। ਪਰ ਹਸਪਤਾਲ ਵਿਚ ਨੇ।" ਇਕ ਹੋਰ ਗੁਆਂਢੀ ਨੇ ਰਾਮ ਨਾਥ ਦਾ ਹੱਥ ਫੜ ਕੇ ਢਾਰਸ ਬੰਨ੍ਹਾਉਂਦਿਆਂ ਆਖਿਆ।

ਪੁਲਿਸ ਮੌਕੇ ਦਾ ਮੁਆਇਨਾ ਕਰ ਰਹੀ ਸੀ। ਕੋਈ ਸਬੂਤ ਨਾ ਮਿਟ ਜਾਏ ਇਸ ਲਈ ਬਾਹਰਲੇ ਬੰਦੇ ਨੂੰ ਕੋਠੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ।

ਰਾਮ ਨਾਥ ਆਮ ਲੋਕਾਂ ਵਾਂਗ ਕੋਠੀ ਦੇ ਗੇਟ ਕੋਲ ਜਾ ਕੇ ਰੁਕ ਗਿਆ।

ਗੇਟ ਤੇ ਪਹਿਰਾ ਦੇ ਰਹੇ ਇਕ ਸਿਪਾਹੀ ਨੂੰ ਇਕ ਗੁਆਂਢੀ ਨੇ ਸੂਚਿਤ ਕੀਤਾ। "ਇਹ

ਵਕੀਲ ਸਾਹਿਬ ਹਨ ਅਤੇ ਵੇਦ ਦੇ ਸਾਲਾ ਸਾਹਿਬ ਹਨ।" ਥਾਣੇਦਾਰ ਨੂੰ ਇਨ੍ਹਾਂ ਦੀ ਉਡੀਕ ਸੀ।

ਥਾਣੇਦਾਰ ਦੀ ਇਜਾਜ਼ਤ ਦੀ ਕੋਈ ਲੋੜ ਨਹੀਂ ਸੀ। ਸਿਪਾਹੀ ਰਾਮ ਨਾਥ ਨੂੰ ਕੋਠੀ ਅੰਦਰ ਲੈ ਗਿਆ।

ਸੰਗੀਤਾ ਨੂੰ ਬਾਹਰ ਰੋਕ ਦਿੱਤਾ ਗਿਆ। ਅੰਦਰਲਾ ਦ੍ਰਿਸ਼ ਭਿਆਨਕ ਸੀ। ਔਰਤਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ।

ਖ਼ੂਨ ਦੇ ਧੱਬੇ ਕੋਠੀ ਦੇ ਗੇਟ ਤਕ ਪਹੁੰਚੇ ਹੋਏ ਸਨ। ਜਿਉਂ-ਜਿਉਂ ਰਾਮ ਨਾਥ ਅੱਗੇ ਵੱਧ ਰਿਹਾ ਸੀ ਤਿਉਂ-ਤਿਉਂ ਧੱਬਿਆਂ ਦੇ ਅਕਾਰ ਅਤੇ ਗਿਣਤੀ ਵਧਦੀ ਜਾ ਰਹੀ ਸੀ। ਲਾਬੀ ਵਾਲੇ ਦਰਵਾਜ਼ੇ ਕੋਲ ਖ਼ੂਨ ਇੰਝ ਡੁਲ੍ਹਿਆ ਪਿਆ ਸੀ, ਜਿਵੇਂ ਕੋਈ ਖ਼ੂਨ ਦੀ ਹੋਲੀ ਖੇਡ ਕੇ ਹਟਿਆ ਹੋਵੇ।

ਲਾਬੀ ਅੰਦਰਲਾ ਦ੍ਰਿਸ਼ ਹੋਰ ਵੀ ਭਿਆਨਕ ਸੀ।

ਲਾਬੀ ਵਿਚਲਾ ਸਾਰਾ ਫਰਨੀਚਰ ਬਿਖਰਿਆ ਪਿਆ ਸੀ। ਟੁਕੜੇ-ਟੁਕੜੇ ਹੋਏ ਸ਼ੋਅ-ਪੀਸ ਆਪਣੀ ਹੱਡ-ਬੀਤੀ ਸੁਣਾ ਰਹੇ ਸਨ। ਸੈਂਟਰਲ ਟੇਬਲ ਦੇ ਸ਼ੀਸ਼ੇ ਦੇ ਹਜ਼ਾਰ ਟੁਕੜੇ ਹੋਏ ਪਏ ਸਨ। ਅਲਮਾਰੀਆਂ ਅਤੇ ਪੇਟੀਆਂ ਦਾ ਸਮਾਨ ਇਧਰ-ਉਧਰ ਖਿਲਰਿਆ ਪਿਆ ਸੀ। ਸਮਾਨ ਦੀ ਲੁੱਟ-ਖਸੁੱਟ ਹੀ ਨਹੀਂ, ਤੋੜ-ਭੰਨ ਵੀ ਰੱਜ ਕੇ ਹੋਈ ਸੀ।

ਸਭ ਤੋਂ ਭਿਆਨਕ ਦ੍ਰਿਸ਼ ਸੀ ਨੇਹਾ ਦੇ ਬੈਡਰੂਮ ਦੇ ਦਰਵਾਜ਼ੇ ਕੋਲ ਦਾ, ਜਿਥੇ ਕਮਲ ਦੀ ਖ਼ੂਨ ਵਿਚ ਲੱਥ-ਪੱਥ ਲਾਸ਼ ਪਈ ਸੀ।

ਕਮਲ ਦਾ ਚਿਹਰਾ ਕੱਦੂ ਵਾਂਗ ਫਿਸਿਆ ਪਿਆ ਸੀ। ਅੱਖਾਂ ਬਾਹਰ ਨਿਕਲੀਆਂ ਹੋਈਆਂ ਸਨ। ਮੂੰਹ ਅੱਡਿਆ ਹੋਇਆ ਸੀ। ਵਾਲਾਂ ਦਾ ਰੰਗ ਕਾਲੇ ਦੀ ਥਾਂ ਲਾਲ ਹੋਇਆ ਹੋਇਆ ਸੀ। ਉਸਦੇ ਢਿੱਡ 'ਚ ਵੱਜੇ ਚਾਕੂਆਂ ਨੇ ਉਸ ਦੀਆਂ ਆਂਦਰਾਂ ਬਾਹਰ ਕੱਢ ਦਿੱਤੀਆਂ ਸਨ। ਉਹ ਹਾਲੇ ਤਕ ਉਸੇ ਤਰ੍ਹਾਂ ਧਰਤੀ 'ਤੇ ਵਿਛੀਆਂ ਪਈਆਂ ਸਨ। ਉਸਦੀ ਬਨੈਣ ਫਟੀ ਹੋਈ ਸੀ। ਕੁੜਤੇ ਪਜਾਮੇ ਦਾ ਰੰਗ ਸੂਹਾ ਹੋਇਆ ਹੋਇਆ ਸੀ।

ਪੁਲਿਸ ਹੁਣੇ ਪੁੱਜੀ ਸੀ। ਸਭ ਤੋਂ ਪਹਿਲਾਂ ਮੌਕਾ ਪੁਲਿਸ ਕਪਤਾਨ ਨੇ ਦੇਖਿਆ ਸੀ। ਉਸਦਾ ਹੁਕਮ ਸੀ ਵਾਰਦਾਤ ਵਾਲੇ ਦ੍ਰਿਸ਼ ਵਿਚ ਇੰਚ ਭਰ ਵੀ ਤਬਦੀਲੀ ਨਾ ਕੀਤੀ ਜਾਵੇ। ਕਪਤਾਨ ਨੇ ਆਪਣੀ ਹਾਜ਼ਰੀ ਵਿਚ ਫੋਟੋਆਂ ਖਿਚਵਾਈਆਂ ਸਨ ਅਤੇ ਵੀਡੀਓ ਫ਼ਿਲਮ ਤਿਆਰ ਕਰਵਾਈ ਸੀ। ਹਾਲੇ ਹੋਰ ਮਾਹਿਰਾਂ ਨੇ ਆਉਣਾ ਸੀ। ਸਬੂਤ ਇਕੱਠੇ ਕਰਨੇ ਸਨ। ਕਪਤਾਨ ਹੁਣੇ-ਹੁਣੇ ਗਿਆ ਸੀ। ਬਾਕੀ ਦੀ ਕਾਰਵਾਈ ਮੁੱਖ ਅਫ਼ਸਰ ਨੇ ਕਰਨੀ ਸੀ।

ਕਮਲ ਦੀ ਲਾਸ਼ ਢੱਕਣ ਲਈ ਉਸਨੇ ਗੁਆਂਢੀਆਂ ਕੋਲੋਂ ਕੱਪੜਾ ਮੰਗਿਆ ਸੀ। ਪਰ ਕਿਸੇ ਗੁਆਂਢੀ ਨੇ ਪਹਿਲ ਨਹੀਂ ਸੀ ਕੀਤੀ। ਇਸ ਲਈ ਲਾਸ਼ ਮਜਬੂਰਨ ਨੰਗੀ ਰੱਖਣੀ ਪਈ ਸੀ।

ਰਾਮ ਨਾਥ ਦੇ ਆ ਜਾਣ 'ਤੇ ਥਾਣੇਦਾਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸਨੇ ਕਮਲ ਦੇ ਬੈਡਰੂਮ ਵਿਚ ਪਈ ਇਕ ਚਾਦਰ ਚੁੱਕੀ ਅਤੇ ਖ਼ੁਦ ਹੀ ਕਮਲ ਉਪਰ ਓੜ ਦਿੱਤੀ।

ਰਾਮ ਨਾਥ ਸਭ ਕੁਝ ਚੁੱਪਚਾਪ ਦੇਖ ਰਿਹਾ ਸੀ। ਉਸ ਦੀਆਂ ਗਿਆਨ-ਇੰਦਰੀਆਂ ਜਿਵੇਂ ਸੁੰਨ ਹੋ ਗਈਆਂ ਸਨ। ਜਿਵੇਂ ਉਨ੍ਹਾਂ ਦਾ ਦਿਮਾਗ਼ ਨਾਲੋਂ ਸੰਪਰਕ ਟੁੱਟ ਗਿਆ ਸੀ।



ਇਸੇ ਲਈ ਇੰਨੇ ਭਿਆਨਕ ਦ੍ਰਿਸ਼ ਨੂੰ ਉਹ ਆਸਾਨੀ ਨਾਲ ਦੇਖ ਰਿਹਾ ਸੀ। ਕੋਈ ਪ੍ਰਤੀਕਰਮ ਨਹੀਂ ਸੀ ਹੋ ਰਿਹਾ। ਰਾਮ ਨਾਥ ਨੂੰ ਆਪਣੇ ਇਸ ਵਰਤਾਰੇ ਦਾ ਅਹਿਸਾਸ ਵੀ ਹੋ ਰਿਹਾ ਸੀ ਪਰ ਪਤਾ ਨਹੀਂ ਫੇਰ ਵੀ ਕਿਉਂ ਉਹ ਪੱਥਰ ਦਾ ਬੁੱਤ ਬਣਿਆ ਖੜ੍ਹਾ ਸੀ।

ਪੁਲਿਸ ਮੁਲਾਜ਼ਮ ਦੋਸ਼ੀਆਂ ਵੱਲੋਂ ਛੱਡੇ ਸਬੂਤ ਇਕੱਠੇ ਕਰਨ ਦਾ ਯਤਨ ਕਰ ਰਹੇ ਸਨ। ਕੋਈ ਉਂਗਲਾਂ ਦੇ ਨਿਸ਼ਾਨ ਲੱਭ ਰਿਹਾ ਸੀ। ਕੋਈ ਹਥਿਆਰਾਂ ਦੀ ਖੋਜ ਕਰ ਰਿਹਾ ਸੀ। ਇਕ ਟੀਮ ਕੁੱਤਿਆਂ ਦੀ ਮਦਦ ਨਾਲ ਦੋਸ਼ੀਆਂ ਦਾ ਪਿੱਛਾ ਕਰਨ ਦਾ ਯਤਨ ਕਰ ਰਹੀ ਸੀ।

"ਬਵਾ ਮਾੜਾ ਹੋਇਆ ਵਕੀਲ ਸਾਹਿਬ!" ਹੱਥਲੇ ਕੰਮ ਨੂੰ ਸਹਾਇਕ ਦੇ ਹਵਾਲੇ ਕਰਕੇ ਮੁੱਖ ਅਫ਼ਸਰ ਨੇ ਰਾਮ ਨਾਥ ਕੋਲ ਆ ਕੇ ਹਮਦਰਦੀ ਜਿਤਾਈ।

"ਇਹ ਕਿਸ ਤਰ੍ਹਾਂ ਹੋਇਆ ਹੈ?" ਇਹ ਪਹਿਲੀ ਵਾਰ ਸੀ ਜਦੋਂ ਰਾਮ ਨਾਥ ਦੇ ਗਲੇ ਵਿਚੋਂ ਕੁਝ ਸ਼ਬਦ ਅਤੇ ਅੱਖਾਂ ਵਿਚੋਂ ਕੁਝ ਅੱਥਰੂ ਨਿਕਲੇ ਸਨ।

"ਸਾਨੂੰ ਇਹ ਕਾਲੇ ਕੱਛਿਆਂ ਵਾਲੇ ਗਰੋਹ ਦੀ ਕੀਤੀ ਵਾਰਦਾਤ ਲਗਦੀ ਹੈ। ਇਨ੍ਹੀਂ ਦਿਨੀਂ ਉਹ ਇਸ ਇਲਾਕੇ ਵਿਚ ਸਰਗਰਮ ਹਨ। ਤਰੀਕਾ ਵਾਰਦਾਤ ਉਹੋ ਹੈ। ਤੁਹਾਨੂੰ ਕਿਸੇ 'ਤੇ ਸ਼ੱਕ ਹੈ ਤਾਂ ਦੱਸੋ?"

ਹਮਦਰਦੀ ਜਿਤਾਉਣ ਦਾ ਫਰਜ਼ ਨਿਭਾਅ ਕੇ ਮੁੱਖ ਅਫ਼ਸਰ ਅਸਲ ਮੁੱਦੇ 'ਤੇ ਆਇਆ।

ਵਾਰਦਾਤ ਭਿਆਨਕ ਸੀ। ਇਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲੱਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ। ਮੁਲਜ਼ਮਾਂ ਬਾਰੇ ਕੋਈ ਸੁਰਾਗ਼ ਨਹੀਂ ਸੀ ਲੱਭ ਰਿਹਾ। ਬਲਾਈਂਡ ਕੇਸ ਸੀ। ਮੁਕੱਦਮਾ ਦਰਜ ਕਰਨ ਵਿਚ ਮੁੱਖ ਅਫ਼ਸਰ ਨੂੰ ਦਿੱਕਤ ਪੇਸ਼ ਆਉਣੀ ਸੀ। ਪੱਤਰਕਾਰ ਇੱਲਾਂ ਵਾਂਗ ਮੰਡਰਾ ਰਹੇ ਸਨ। ਅਫ਼ਸਰ ਅਲੱਗ ਕੰਨ ਖਾ ਰਹੇ ਸਨ। ਮੁੱਖ ਮੰਤਰੀ ਤਕ ਨੂੰ ਸੂਚਨਾ ਜਾਣੀ ਸੀ।

ਲਾਸ਼ ਦਾ ਪੋਸਟ-ਮਾਰਟਮ ਕਰਾਉਣਾ ਸੀ। ਮਜ਼ਰੂਬਾਂ ਦੀਆਂ ਸੱਟਾਂ ਬਾਰੇ ਡਾਕਟਰਾਂ ਤੋਂ ਰਿਪੋਰਟਾਂ ਹਾਸਲ ਕਰਨੀਆਂ ਸਨ। ਕੁੜੀ ਜੇ ਹੋਸ਼ ਵਿਚ ਹੋਈ ਉਸਦਾ ਬਿਆਨ ਕਲਮਬੰਦ ਕਰਨਾ ਸੀ। ਅੱਗੇ ਕੰਮ ਹੀ ਕੰਮ ਸਨ। ਥਾਣੇਦਾਰ ਕੋਲ ਬਹੁਤੀਆਂ ਹਮਦਰਦੀਆਂ ਜਿਤਾਉਣ ਦਾ ਵਕਤ ਨਹੀਂ ਸੀ।

"ਮੇਰੇ ਭੈਣ-ਭਣੋਈਏ ਤੋਂ ਪੁੱਛਣਾ ਸੀ, ਉਹੋ ਕੁਝ ਦੱਸ ਸਕਦੇ ਹਨ।"

ਰਾਮ ਨਾਥ ਨੂੰ ਪੰਕਜ ਹੋਰਾਂ ਉਪਰ ਪੱਕਾ ਸ਼ੱਕ ਸੀ। ਪਰ ਭੈਣ-ਭਣੋਈਏ ਦੀ ਰਾਇ ਬਿਨਾਂ ਉਹ ਕਿਸੇ ਦਾ ਨਾਂ ਨਹੀਂ ਸੀ ਲੈ ਸਕਦਾ।

"ਉਹ ਹਸਪਤਾਲ ਵਿਚ ਪਏ ਹਨ। ਸੱਟਾਂ ਕਾਫ਼ੀ ਹਨ। ਡਾਕਟਰ ਨੇ ਬੇਹੋਸ਼ੀ ਦਾ ਟੀਕਾ ਲਾ ਦਿੱਤਾ ਹੋਏਗਾ। ਸਾਨੂੰ ਹਾਲੇ ਕੁਝ ਸਮਾਂ ਮੁਆਇਨਾ ਕਰਨ 'ਤੇ ਲੱਗੇਗਾ। ਤੁਸੀਂ ਹਸਪਤਾਲ ਜਾ ਕੇ ਉਨ੍ਹਾਂ ਨਾਲ ਰਾਏ ਕਰ ਲਓ। ਜਿਸ ਤਰ੍ਹਾਂ ਕਹੋਗੇ ਪਰਚਾ ਦਰਜ ਕਰ ਲਵਾਂਗੇ।"

ਵੈਸੇ ਥਾਣੇਦਾਰ ਦੀ ਮੁੱਢਲੀ ਤਫ਼ਤੀਸ਼ ਤੋਂ ਵਾਰਦਾਤ ਕਾਲੇ ਕੱਛਿਆਂ ਵਾਲੇ ਗਰੋਹ ਵੱਲੋਂ ਕੀਤੀ ਪਾਈ ਗਈ ਸੀ। ਦੋਸ਼ੀਆਂ ਉਪਰ ਡਕੈਤੀ ਅਤੇ ਡਕੈਤੀ ਦੌਰਾਨ ਹੋਏ ਕਤਲ ਦੀ ਦਫ਼ਾ ਲੱਗਣੀ ਸੀ।

ਰਾਮ ਨਾਥ ਕਾਨੂੰਨ ਜਾਣਦਾ ਸੀ। ਇਸ ਲਈ ਥਾਣੇਦਾਰ ਨੇ ਦਰਜ ਹੋਣ ਵਾਲੇ ਪਰਚੇ ਦਾ ਮਜ਼ਮੂਨ ਅਤੇ ਲਗਦੀਆਂ ਧਾਰਾਵਾਂ ਵੱਲ ਇਸ਼ਾਰਾ ਕਰ ਦਿੱਤਾ ਸੀ। ਅੱਗੇ ਉਹ ਖ਼ੁਦ ਸਿਆਣਾ ਸੀ।

ਪਰਿਵਾਰ ਦੇ ਜੀਆਂ ਨੂੰ ਮਿਲੇ ਬਿਨਾਂ ਰਾਮ ਨਾਥ ਕੁਝ ਨਹੀਂ ਸੀ ਆਖ ਸਕਦਾ।

ਵੈਸੇ ਵੀ ਮੁਕੱਦਮੇ ਨਾਲੋਂ ਵੱਧ ਜ਼ਰੂਰੀ ਜ਼ਖ਼ਮੀਆਂ ਦੀ ਸਾਂਭ-ਸੰਭਾਲ ਸੀ। ਇਥੇ ਸੰਗੀਤਾ ਦੇ ਕਰਨ ਵਾਲਾ ਕੁਝ ਨਹੀਂ ਸੀ।

ਸੰਗੀਤਾ ਅਤੇ ਇਕ ਗੁਆਂਢੀ ਨੂੰ ਨਾਲ ਲੈ ਕੇ ਰਾਮ ਨਾਥ ਹਸਪਤਾਲ ਲਈ ਰਵਾਨਾ ਹੋ ਗਿਆ।

ਰਸਤੇ ਵਿਚ ਗੁਆਂਢੀ ਰਾਮ ਨਾਥ ਨੂੰ ਹੋਈ ਵਾਰਦਾਤ ਦਾ ਵੇਰਵਾ ਦੇਣ ਲੱਗਾ।

ਉਹ ਅਤੇ ਵੇਦ ਸਵੇਰੇ ਚਾਰ ਵਜੇ ਸੈਰ ਕਰਨ ਜਾਇਆ ਕਰਦੇ ਸਨ। ਜੇ ਵੇਦ ਪਹਿਲਾਂ ਜਾਗ ਪਏ ਉਹ ਜੈ ਨਰਾਇਣ ਦੀ ਬੈੱਲ ਖੜਕਾ ਦਿੰਦਾ ਸੀ। ਨਹੀਂ ਤਾਂ ਜੈ ਨਰਾਇਣ ਵੇਦ ਨੂੰ ਉਠਾ ਲੈਂਦਾ ਸੀ।

ਅੱਜ ਸਵੇਰੇ ਜਦੋਂ ਸਾਢੇ ਚਾਰ ਵਜੇ ਤਕ ਵੇਦ ਦੀ ਉੱਘ-ਸੁੱਘ ਨਾ ਨਿਕਲੀ ਤਾਂ ਨਿਯਮ ਅਨੁਸਾਰ ਉਸ ਨੇ ਵੇਦ ਦੀ ਬੈੱਲ ਖੜਕਾਈ। ਜਦੋਂ ਬੈੱਲ ਨਾ ਖੜਕੀ, ਉਸਨੂੰ ਹੈਰਾਨੀ ਹੋਈ। ਬਿਜਲੀ ਹੈ ਸੀ। ਫੇਰ ਬੈੱਲ ਕਿਉਂ ਨਹੀਂ ਖੜਕੀ ? ਸੋਚਿਆ ਖ਼ਰਾਬ ਹੋ ਗਈ ਹੋਵੇਗੀ।

ਰਾਤ ਦਸ ਵਜੇ ਤਕ ਉਹ ਇਕੱਠੇ ਸਨ। ਵੇਦ ਦੇ ਬਾਹਰ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ। ਗੇਟ ਦੇ ਹੋੜੇ ਵੱਲ ਨਜ਼ਰ ਮਾਰੀ ਤਾਂ ਲੱਗਾ, ਜਿਵੇਂ ਗੇਟ ਖੁੱਲ੍ਹਾ ਪਿਆ ਸੀ। ਗੇਟ ਖੋਲ੍ਹ ਕੇ ਉਹ ਅੰਦਰ ਚਲਾ ਗਿਆ। ਹੋ ਸਕਦਾ ਹੈ ਵੇਦ ਬਾਥਰੂਮ ਵਿਚ ਹੋਵੇ। ਇਸੇ ਲਈ ਜਵਾਬ ਨਾ ਦੇ ਰਿਹਾ ਹੋਵੇ। ਚਾਰ ਕਦਮ ਅੱਗੇ ਜਾ ਕੇ ਜੈ ਨਰਾਇਣ ਨੂੰ ਖ਼ੂਨ ਦੇ ਧੱਬੇ ਨਜ਼ਰ ਆਏ। ਇੱਡਾ ਵਾਕਿਆ ਹੋ ਗਿਆ ਸੀ, ਇਹ ਫੇਰ ਵੀ ਜੈ ਨਰਾਇਣ ਦੇ ਜ਼ਿਹਨ ਵਿਚ ਨਹੀਂ ਸੀ ਆਇਆ। ਜਦੋਂ ਅਗਾਂਹ ਪੋਰਚ ਵਿਚ ਖ਼ੂਨ ਹੀ ਖ਼ੂਨ ਨਜ਼ਰ ਆਇਆ ਤਾਂ ਉਸਨੂੰ ਕਾਂਬਾ ਛਿੜ ਗਿਆ। ਉਹ ਓਹਨੀਂ ਪੈਰੀਂ ਵਾਪਸ ਮੁੜ ਆਇਆ। ਗਲੀ ਵਿਚ ਖੜ੍ਹ ਕੇ ਸ਼ੋਰ ਮਚਾਇਆ।

ਗੁਆਂਢ ਵਿਚ ਭਗਦੜ ਪੈ ਗਈ।

ਸੌ ਨੰਬਰ 'ਤੇ ਪੁਲਿਸ ਕੰਟਰੋਲ ਰੂਮ ਨੂੰ ਫ਼ੋਨ ਕੀਤਾ।

ਅੱਧਾ ਘੰਟਾ ਬੀਤ ਜਾਣ 'ਤੇ ਵੀ ਜਦੋਂ ਪੁਲਿਸ ਦਾ ਸਿਪਾਹੀ ਤਕ ਮੌਕੇ 'ਤੇ ਨਾ ਪੁੱਜਾ ਤਾਂ ਕੁਝ ਗੁਆਂਢੀ ਭੱਜ ਕੇ ਥਾਣੇ ਗਏ।

ਸਵੇਰ ਦਾ ਸਮਾਂ ਸੀ। ਸੰਤਰੀ ਅਤੇ ਮੁਨਸ਼ੀ ਤੋਂ ਸਿਵਾ ਥਾਣੇ ਕੋਈ ਨਹੀਂ ਸੀ। ਕੋਈ ਜੰਗਲ ਪਾਣੀ ਗਿਆ ਸੀ, ਕੋਈ ਦਾਤਣ ਕੁਰਲਾ ਕਰ ਰਿਹਾ ਸੀ। ਭਾਜੜ ਗੁਆਂਢੀਆਂ ਨੂੰ ਪਈ ਸੀ ਪੁਲਿਸ ਨੂੰ ਨਹੀਂ। ਕੁਆਟਰਾਂ ਵਿਚ ਜਾ-ਜਾ ਮਸਾਂ ਸਿਪਾਹੀ ਖੜ੍ਹੇ ਕੀਤੇ। ਫ਼ੋਨ ਕਰ-ਕਰ ਥਾਣੇਦਾਰ ਬੁਲਾਏ। ਚਾਰ ਪੁਲਿਸ ਵਾਲਿਆਂ ਨੂੰ ਇਕੱਠੇ ਹੁੰਦਿਆਂ ਨੂੰ ਘੰਟਾ ਲਗ ਗਿਆ।

ਦੋ ਘੰਟਿਆਂ ਬਾਅਦ ਪੁਲਿਸ ਮੌਕੇ 'ਤੇ ਪੁੱਜੀ। ਡਰਦਾ ਗੁਆਂਢੀ ਕੋਈ ਅੰਦਰ ਨਹੀਂ ਸੀ ਵੜਿਆ। ਪੁਲਿਸ ਦੇ ਨਾਲ ਉਹ ਕੋਠੀ ਅੰਦਰ ਗਏ। ਕਮਲ ਦਾ ਸਰੀਰ ਠੰਢਾ ਹੋਇਆ ਪਿਆ ਸੀ। ਬਾਕੀ ਤਿੰਨੇ ਬੇਹੋਸ਼ ਸਨ। ਕਮਲ ਦੇ ਸਰੀਰ ਵਿਚੋਂ ਬਹੁਤ ਖ਼ੂਨ ਵਹਿ ਚੁੱਕਾ



ਸੀ। ਵਾਰਦਾਤ ਪਤਾ ਨਹੀਂ ਕਿਸ ਵਕਤ ਹੋਈ ਸੀ। ਜੇ ਪੁਲਿਸ ਸਮੇਂ ਸਿਰ ਪੁੱਜ ਜਾਂਦੀ, ਸ਼ਾਇਦ ਉਹ ਬਚ ਜਾਂਦਾ।

ਪੁਲਿਸ ਨੇ ਆਪਣੀ ਐਂਬੂਲੈਂਸ ਬੁਲਾਈ। ਮਜ਼ਰੂਬਾਂ ਨੂੰ ਹਸਪਤਾਲ ਪਹੁੰਚਾਇਆ। ਚਾਰ ਗੁਆਂਢੀ ਦੇਖਭਾਲ ਲਈ ਨਾਲ ਗਏ।

ਜੈ ਨਰਾਇਣ ਨੇ ਮੋਹਨ ਲਾਲ ਦੇ ਘਰ ਫ਼ੋਨ ਕੀਤਾ। ਪਤਾ ਲੱਗਾ ਮੁੰਡੇ ਬਾਹਰ ਗਏ ਹੋਏ ਸਨ।

ਪਰਿਵਾਰ ਦੇ ਸਾਰੇ ਜੀਅ ਫੱਟੜ ਹੋ ਗਏ ਸਨ। ਬਹੁਤ ਸਾਰੇ ਅਹਿਮ ਫੈਸਲੇ ਕਰਨੇ ਸਨ। ਪਰਚਾ ਕਟਵਾਉਣਾ ਸੀ। ਜ਼ਖ਼ਮੀਆਂ ਨੂੰ ਕਿਸ ਹਸਪਤਾਲ ਵਿਚ ਦਾਖ਼ਲ ਕਰਵਾਇਆ ਜਾਏ ? ਇਹ ਸੋਚਣਾ ਸੀ। ਇਹ ਫੈਸਲੇ ਘਰ ਦੇ ਕਿਸੇ ਮੈਂਬਰ ਦੁਆਰਾ ਕੀਤੇ ਜਾਣੇ ਸਨ।

ਕੁਦਰਤੀ ਜੈ ਨਰਾਇਣ ਨੂੰ ਰਾਮ ਨਾਥ ਦੇ ਨਾਂ ਪਤੇ ਵਾਲਾ ਕਾਰਡ ਲੱਭ ਗਿਆ। ਉਸਨੇ ਝੱਟ ਰਾਮ ਨਾਥ ਨੂੰ ਫ਼ੋਨ ਖੜਕਾ ਦਿੱਤਾ।

ਵੈਸੇ ਮੋਹਨ ਲਾਲ ਦਾ ਮੈਨੇਜਰ ਆਇਆ ਸੀ। ਮਾਇਆ ਦੇਵੀ ਨਾਲ ਆਈ ਸੀ। ਉਹ ਥਾਣੇਦਾਰ ਨੂੰ ਮਿਲ ਗਿਆ ਸੀ। ਸ਼ਾਇਦ ਚਾਹ ਪਾਣੀ ਦੇ ਗਿਆ ਸੀ।

ਮਾਇਆ ਦੇਵੀ ਤੋਂ ਇਹ ਦ੍ਰਿਸ਼ ਦੇਖਿਆ ਨਹੀਂ ਸੀ ਗਿਆ। ਉਸ ਨੂੰ ਖੋਹ ਪੈਣ ਲੱਗੀ ਸੀ। ਗੁਆਂਢੀਆਂ ਨੇ ਤੁਰੰਤ ਉਸਨੂੰ ਘਰ ਮੋੜ ਦਿੱਤਾ।

ਚੰਗਾ ਸੀ ਰਾਮ ਨਾਥ ਆ ਗਿਆ ਸੀ। ਉਹ ਵਕੀਲ ਸੀ। ਉਸਨੇ ਸਭ ਸੰਭਾਲ ਲੈਣਾ ਸੀ।

## -3-

ਮਾਇਆ ਨਗਰ ਦੇ ਕੁਝ ਹਸਪਤਾਲ ਆਧੁਨਿਕ ਡਾਕਟਰੀ ਸਹੂਲਤਾਂ ਕਾਰਨ ਉੱਤਰੀ ਭਾਰਤ ਦੇ ਚੁਣੇ ਹਸਪਤਾਲਾਂ ਵਿਚੋਂ ਗਿਣੇ ਜਾਂਦੇ ਸਨ। ਇਨ੍ਹਾਂ ਹਸਪਤਾਲਾਂ ਵਿਚ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਖ਼ਬਰ ਲੈਣ ਰਾਮ ਨਾਥ ਕਈ ਵਾਰ ਮਾਇਆ ਨਗਰ ਆਇਆ ਸੀ।

ਇਥੋਂ ਦੇ ਸਿਵਲ ਹਸਪਤਾਲ ਆਉਣ ਦਾ ਇਹ ਉਸਦਾ ਪਹਿਲਾ ਮੌਕਾ ਸੀ।

ਕਾਨੂੰਨ, ਸਰਕਾਰੀ ਡਾਕਟਰਾਂ ਦੀ ਰਾਏ ਨੂੰ, ਪ੍ਰਾਈਵੇਟ ਡਾਕਟਰਾਂ ਨਾਲੋਂ ਵੱਧ ਤਰਜੀਹ ਦਿੰਦਾ ਸੀ। ਤਰਕ ਇਹ ਸੀ ਕਿ ਸਰਕਾਰੀ ਮੁਲਾਜ਼ਮ ਝੂਠ ਨਹੀਂ ਬੋਲਦੇ। ਇਸੇ ਮਜਬੂਰੀ-ਵੱਸ ਲੜਾਈ ਝਗੜਿਆਂ ਜਾਂ ਹਾਦਸਿਆਂ ਵਿਚ ਜ਼ਖ਼ਮੀ ਹੋਏ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਦਾਖ਼ਲ ਹੋਣਾ ਪੈਂਦਾ ਸੀ। ਸਰਕਾਰੀ ਡਾਕਟਰ, ਫੱਟੜ ਦੀਆਂ ਸੱਟਾਂ ਦਾ ਮੁਆਇਨਾ ਕਰਦੇ ਸਨ। ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰਕੇ ਪੁਲਿਸ ਨੂੰ ਦਿਦੇ ਸਨ। ਪੁਲਿਸ ਉਸ ਰਿਪੋਰਟ ਦੇ ਆਧਾਰ 'ਤੇ ਮੁਕੱਦਮੇ ਦਾ ਮੂੰਹ-ਮੱਥਾ ਘੜਦੀ ਸੀ।

ਕਾਨੂੰਨ ਦੀ ਇਸੇ ਲੋੜ ਦਾ ਢਿੱਡ ਭਰਨ ਲਈ ਵੇਦ ਹੋਰਾਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ।

ਰਾਮ ਨਾਥ ਨੂੰ ਜਿੰਨੀ ਉਤਸੁਕਤਾ ਆਪਣੇ ਸਾਕ-ਸੰਬੰਧੀਆਂ ਦੀ ਸਿਹਤ ਦੀ ਜਾਣਕਾਰੀ ਲੈਣ ਦੀ ਸੀ ਓਨੀ ਕਾਹਲ ਉਸਨੂੰ ਮਰੀਜ਼ਾਂ ਨੂੰ ਸਿਵਲ ਹਸਪਤਾਲ ਵਿਚੋਂ ਕੱਢ ਲਿਜਾਣ ਦੀ ਸੀ।

ਹਸਪਤਾਲ ਦੇ ਆਮ ਵਾਰਡਾਂ ਦੇ ਖੁਲ੍ਹਣ ਦਾ ਸਮਾਂ ਸਵੇਰੇ ਅੱਠ ਵਜੇ ਦਾ ਸੀ।

ਐਮਰਜੈਂਸੀ ਵਾਰਡ ਚੌਵੀ ਘੰਟੇ ਖੁਲ੍ਹਾ ਰਹਿੰਦਾ ਸੀ। ਵੇਦ ਹੋਰਾਂ ਨੂੰ ਸੱਤ ਵਜੇ ਦੇ ਕਰੀਬ ਹਸਪਤਾਲ ਲਿਆਂਦਾ ਗਿਆ ਸੀ। ਸਮਾਂ ਜੇ ਅੱਠ ਵਜੇ ਦੇ ਬਾਅਦ ਦਾ ਵੀ ਹੁੰਦਾ ਤਾਂ ਵੀ ਅਜਿਹੇ ਮਰੀਜ਼ਾਂ ਨੂੰ ਪਹਿਲਾਂ ਐਮਰਜੈਂਸੀ ਵਾਰਡ ਵਿਚ ਹੀ ਦਾਖ਼ਲ ਕਰਵਾਇਆ ਜਾਣਾ ਸੀ। ਐਮਰਜੈਂਸੀ ਡਿਊਟੀ ਤੇ ਤਾਇਨਾਤ ਡਾਕਟਰਾਂ ਨੇ ਉਨ੍ਹਾਂ ਦੀਆਂ ਸੱਟਾਂ ਦਾ ਮੁਆਇਨਾ ਕਰਨਾ ਸੀ। ਰਿਪੋਰਟ ਤਿਆਰ ਕਰਨੀ ਸੀ। ਫੇਰ ਸੰਬੰਧਿਤ ਵਾਰਡਾਂ ਵਿਚ ਇਲਾਜ ਲਈ ਭੇਜਣਾ ਸੀ।

ਸਿਵਲ ਹਸਪਤਾਲ ਦੇ ਕੰਮ-ਕਾਜ ਦਾ ਤਜਰਬਾ ਹੋਣ ਕਾਰਨ ਰਾਮ ਨਾਥ ਨੇ ਡਰਾਈਵਰ ਨੂੰ ਇਸ਼ਾਰਾ ਕੀਤਾ। ਉਹ ਗੱਡੀ ਸਿੱਧੀ ਐਮਰਜੈਂਸੀ ਵਾਰਡ ਅੱਗੇ ਲਾ ਦੇਵੇ।

ਵੇਦ ਹੋਰਾਂ ਦੇ ਕੁਝ ਪੜੋਸੀ ਐਮਰਜੈਂਸੀ ਵਾਰਡ ਦੇ ਬਾਹਰ ਖੜ੍ਹੇ ਸਨ। ਉਨ੍ਹਾਂ ਵਿਚੋਂ ਇਕ ਰਾਮ ਨਾਥ ਨੂੰ ਜਾਣਦਾ ਸੀ। ਦੂਜੇ ਗੁਆਂਢੀਆਂ ਨੂੰ ਨਾਲ ਲੈ ਕੇ ਉਹ ਰਾਮ ਨਾਥ ਵੱਲ ਦੌੜਿਆ।

ਅੱਖ ਝਪਕਦੇ ਹੀ ਰਾਮ ਨਾਥ ਅਤੇ ਸੰਗੀਤਾ ਨੂੰ ਪੜੋਸੀਆਂ ਨੇ ਘੇਰ ਲਿਆ।

"ਕੀ ਹਾਲ ਹੈ ਮੇਰੇ ਭੈਣ-ਭਣੋਈਏ ਦਾ ? ਨੇਹਾ ਦਾ ?" ਇਥੇ ਵੀ ਕੋਈ ਭਾਣਾ ਨਾ ਵਰਤ ਗਿਆ ਹੋਵੇ ? ਤੌਖਲਾ ਦੂਰ ਕਰਨ ਲਈ ਰਾਮ ਨਾਥ ਨੇ ਸਭ ਤੋਂ ਪਹਿਲਾਂ ਇਹੋ ਪ੍ਰਸ਼ਨ ਪੁੱਛਿਆ।

"ਸਭ ਠੀਕ ਹਨ। ਬਹੁਤੀ ਚਿੰਤਾ ਵਾਲੀ ਗੱਲ ਨਹੀਂ ਹੈ।" ਇਕ ਪੜੋਸੀ ਨੇ ਢਾਰਸ ਬੰਨ੍ਹਾਈ।

"ਭੈਣ ਜੀ ਨੂੰ ਕਿਸੇ ਹੋਰ ਹਸਪਤਾਲ ਵਿਚ ਲਿਜਾਣਾ ਚਾਹੀਦਾ ਹੈ। ਉਸ ਦੇ ਸਿਰ ਵਿਚ ਸੱਟ ਹੈ। ਦਿਮਾਗ਼ ਦੀਆਂ ਬਿਮਾਰੀਆਂ ਦਾ ਮਾਹਿਰ ਡਾਕਟਰ ਇਸ ਹਸਪਤਾਲ ਵਿਚ ਹੈ ਨਹੀਂ।" ਇਕ ਪੜੋਸਣ ਨੇ, ਜਿਹੜੀ ਹੁਣ ਤਕ ਨੀਲਮ ਕੋਲ ਬੈਠੀ ਰਹੀ ਸੀ ਸਥਿਤੀ ਸਪੱਸ਼ਟ ਕੀਤੀ।

"ਕਿਧਰ ਨੇ ਸਾਰੇ ?"

"ਨੇਹਾ ਠੀਕ ਹੈ। ਉਸਨੂੰ ਜਨਾਨਾ ਵਾਰਡ ਵਿਚ ਭੇਜ ਦਿੱਤਾ ਹੈ। ਵੇਦ ਦੀਆਂ ਲੱਤਾਂ ਬਾਹਾਂ 'ਤੇ ਸੱਟਾਂ ਹਨ। ਉਸ ਨੂੰ ਹੱਡੀਆਂ ਵਾਲੇ ਵਾਰਡ ਵਿਚ ਭੇਜ ਦਿੱਤਾ ਗਿਆ ਹੈ। ਭੈਣ ਜੀ ਇਧਰ ਹਨ।"

ਪੜੋਸਣ ਨੇ ਐਮਰਜੈਂਸੀ ਵਾਰਡ ਦੇ ਬੰਦ ਦਰਵਾਜ਼ੇ ਵੱਲ ਇਸ਼ਾਰਾ ਕਰਕੇ, ਉਸ ਅੰਦਰ ਨੀਲਮ ਦੇ ਪਏ ਹੋਣ ਬਾਰੇ ਦੱਸਿਆ।

"ਠਹਿਰੋ ਬਾਬੂ ਜੀ। ਤੁਸੀਂ ਕੌਣ ਹੋ ?" ਦਰਵਾਜ਼ਾ ਖੋਲ੍ਹ ਕੇ ਅੰਦਰ ਵੜਦੇ ਰਾਮ ਨਾਥ ਨੂੰ, ਕਿਧਰੋਂ ਅਚਾਨਕ ਆ ਟਪਕੇ ਹਸਪਤਾਲ ਦੇ ਸੇਵਾਦਾਰ ਨੇ ਰੋਕਿਆ।

"ਮੈਂ ਮਰੀਜ਼ ਦਾ ਭਰਾ ਹਾਂ। ਰਾਮ ਨਾਥ ਐਡਵੋਕੇਟ।"

'ਐਡਵੋਕੇਟ' ਸ਼ਬਦ ਸੁਣ ਕੇ ਸੇਵਾਦਾਰ ਦੇ ਤੇਵਰ ਕੁਝ ਢਿੱਲੇ ਤਾਂ ਪਏ ਪਰ ਸੜੀ ਰੱਸੀ ਵਾਂਗ ਉਹ ਵਲ ਛੱਡਣ ਨੂੰ ਤਿਆਰ ਨਹੀਂ ਸੀ।

"ਬਿਨਾਂ ਇਜਾਜ਼ਤ ਅੰਦਰ ਜਾਣਾ ਮਨ੍ਹਾਂ ਹੈ। ਤੁਸੀਂ ਪਹਿਲਾਂ ਡਾਕਟਰ ਸਾਹਿਬ ਨੂੰ ਮਿਲੋ।"

ਸੇਵਾਦਾਰ ਨੇ 'ਮਿਲੋ' ਸ਼ਬਦ 'ਤੇ ਜ਼ਿਆਦਾ ਜ਼ੋਰ ਦਿੰਦਿਆਂ ਰਾਮ ਨਾਥ ਨੂੰ ਡਾਕਟਰ ਨੂੰ ਮਿਲਣ ਦੀ ਸਲਾਹ ਦਿੱਤੀ।



ਰਾਮ ਨਾਥ ਸੇਵਾਦਾਰ ਦਾ ਇਸ਼ਾਰਾ ਸਮਝ ਗਿਆ। ਉਹ ਫ਼ੌਜਦਾਰੀ ਵਕੀਲ ਸੀ। ਆਪਣੇ ਸਾਇਲਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਉਸਨੂੰ ਆਪਣੇ ਸ਼ਹਿਰ ਦੇ ਸਿਵਲ ਹਸਪਤਾਲ ਜਾਣਾ ਪੈਂਦਾ ਸੀ। ਡਾਕਟਰਾਂ ਨੂੰ 'ਮਿਲ' ਕੇ ਮਰਜ਼ੀ ਦੀ ਇੰਜਰੀ ਰਿਪੋਰਟ ਤਿਆਰ ਕਰਵਾਈ ਜਾ ਸਕਦੀ ਸੀ। ਰਾਮ ਨਾਥ ਉਹੋ ਕਰਨ ਜਾਂਦਾ ਸੀ। ਜੇ ਉਹ ਦੋਸ਼ੀਆਂ ਦਾ ਵਕੀਲ ਹੁੰਦਾ ਤਾਂ ਸੱਟਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਗੰਭੀਰਤਾ ਘਟਵਾ ਲੈਂਦਾ। ਜੇ ਮੁਦਈ ਦਾ ਵਕੀਲ ਹੁੰਦਾ ਤਾਂ ਸਬੂਤੀਆਂ ਹੱਡੀਆਂ ਨੂੰ ਟੁੱਟੀਆਂ ਬਣਵਾ ਲੈਂਦਾ। ਸੋਟੀਆਂ ਨਾਲ ਵੱਜੀਆਂ ਸੱਟਾਂ ਨੂੰ ਗੰਡਾਸਿਆਂ ਨਾਲ ਮਾਰੀਆਂ ਲਿਖਾ ਲੈਂਦਾ। ਇਸੇ ਮਕਸਦ ਦਾ ਇਸ਼ਾਰਾ ਸੇਵਾਦਾਰ ਰਾਮ ਨਾਥ ਨੂੰ ਕਰ ਰਿਹਾ ਸੀ।

"ਮਿਲਦਾਂ ਡਾਕਟਰ ਨੂੰ ਵੀ। ਪਹਿਲਾਂ ਮਰੀਜ਼ ਨੂੰ ਮਿਲ ਲਵਾਂ।"

ਪਿੱਛੇ ਖੜ੍ਹੀ ਸੰਗੀਤਾ ਦੀ ਬਾਂਹ ਫੜ ਕੇ ਰਾਮ ਨਾਥ ਨੇ ਉਸਨੂੰ ਨਾਲ ਰਲਾ ਲਿਆ। ਬਿਨਾਂ ਸੇਵਾਦਾਰ ਦੀ ਪਰਵਾਹ ਕਰੇ, ਉਸਨੇ ਦਰਵਾਜ਼ਾ ਖੋਲ੍ਹਿਆ ਅਤੇ ਉਹ ਕਮਰੇ ਅੰਦਰ ਵੜ ਗਏ।

ਕਮਰੇ ਵਿਚ ਕਰੀਬ ਚਾਰ ਫੁੱਟ ਉੱਚਾ, ਆਦਮੀ ਦੇ ਕੱਦ ਜਿੰਨਾ ਲੰਬਾ ਤਖ਼ਤਪੋਸ਼-ਨੁਮਾ ਇਕ ਮੇਜ ਪਿਆ ਸੀ। ਮੇਜ਼ ਉਪਰ ਘਸੀ-ਪਿਟੀ ਇਕ ਪਲਾਸਟਕ ਦੀ ਚਾਦਰ ਵਿਛੀ ਹੋਈ ਸੀ। ਉਸ ਉਪਰ ਖ਼ੂਨ ਦੇ ਨਵੇਂ ਪੁਰਾਣੇ ਸੈਂਕੜੇ ਧੱਬੇ ਸਨ। ਉਸ ਮੇਜ਼ ਉੱਪਰ ਪਈ ਨੀਲਮ ਤੜਪ ਰਹੀ ਸੀ।

ਨੀਲਮ ਦੇ ਸਿਰ ਉਪਰ ਪੱਟੀ ਬੱਝੀ ਹੋਈ ਸੀ। ਪੱਟੀ ਹੇਠ ਰੱਖੀ ਰੂੰ ਵਿਚੋਂ ਖ਼ੂਨ ਸਿਮ-ਸਿਮ ਪੱਟੀ ਤਕ ਆ ਚੁੱਕਾ ਸੀ। ਉਸਦੀ ਠੋਡੀ, ਗਰਦਨ ਅਤੇ ਕੰਨਾਂ ਕੋਲ ਖ਼ੂਨ ਜੰਮਿਆ ਹੋਇਆ ਸੀ। ਉਸਦੇ ਸਾਰੇ ਕੱਪੜੇ ਖ਼ੂਨ ਨਾਲ ਲੱਥ-ਪੱਥ ਸਨ। ਸਿਰ ਦੀ ਸੱਟ ਕਾਰਨ ਉਸਦਾ ਸਾਰਾ ਸਰੀਰ ਕੰਬ ਰਿਹਾ ਸੀ। ਇਕ ਅੱਧ ਮਿੰਟ ਦੇ ਵਕਫ਼ੇ ਬਾਅਦ ਉਸ ਨੂੰ ਮਿਰਗੀ ਦੇ ਦੌਰੇ ਵਰਗਾ ਦੌਰਾ ਪੈਂਦਾ ਸੀ। ਉਸਦੇ ਮੂੰਹ ਵਿਚੋਂ ਝੱਗ ਨਿਕਲਣ ਲਗਦੀ ਸੀ, ਉਸਦੇ ਹੱਥ ਪੈਰ ਮੁੜ ਜਾਂਦੇ ਸਨ ਅਤੇ ਅੱਖਾਂ ਬਾਹਰ ਨੂੰ ਨਿਕਲ ਆਉਂਦੀਆਂ ਸਨ। ਇਕ ਵੱਡੇ ਜਿਗਰੇ ਵਾਲੀ ਪੜੋਸਣ ਉਸਦੇ ਤੜਪਦੇ ਸਰੀਰ ਨੂੰ ਕਾਬੂ ਕਰਨ ਦਾ ਯਤਨ ਕਰ ਰਹੀ ਸੀ।

"ਮੈਂ ਨੀਲਮ ਦਾ ਭਰਾ ਹਾਂ। ਕੀ ਕਹਿੰਦੇ ਨੇ ਡਾਕਟਰ ?" ਆਪਣੀ ਜਾਣ-ਪਹਿਚਾਣ ਕਰਾ ਕੇ ਰਾਮ ਨਾਥ ਨੇ ਪੜੋਸਣ ਤੋਂ ਨੀਲਮ ਦਾ ਹਾਲ ਪੁੱਛਿਆ।

ਸੰਗੀਤਾ ਨੀਲਮ ਨੂੰ ਸੰਭਾਲਣ ਲੱਗੀ।

ਸੰਗੀਤਾ ਦੀ ਹਾਜ਼ਰੀ 'ਤੇ ਕੁਝ ਰਾਹਤ ਮਹਿਸੂਸ ਕਰਦੀ ਪੜੋਸਣ ਰਾਮ ਨਾਥ ਦੇ ਕੰਨ ਕੋਲ ਮੂੰਹ ਕਰਕੇ ਕਹਿਣ ਲੱਗੀ :

"ਕਿਸੇ ਨੇ ਕੁਝ ਨਹੀਂ ਕੀਤਾ। ਇਕ ਜਮਾਂਦਾਰ ਜਿਹਾ ਆਇਆ ਸੀ। ਵਾਲ ਕੱਟ ਕੇ, ਖ਼ੂਨ ਪੂੰਝ ਕੇ ਪੱਟੀ ਕਰ ਗਿਆ। ਕਹਿੰਦਾ ਪਹਿਲਾਂ ਡਾਕਟਰ ਸੱਟਾਂ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫੇਰ ਇਲਾਜ ਸ਼ੁਰੂ ਹੋਊ। ਭਾਈ ਕੁਝ ਕਰੋ। ਇਥੇ ਇਹ ਮਰਜੂ ਵਿਚਾਰੀ।"

ਸ਼ਾਇਦ ਬਾਹਰ ਡਾਕਟਰ ਨੂੰ ਸੇਵਾਦਾਰ ਨੇ ਵਕੀਲ ਦੇ ਆਉਣ ਦੀ ਸੂਚਨਾ ਦੇ ਦਿੱਤੀ ਸੀ। ਆਪਣਾ 'ਫਸਟ ਏਡ' ਵਾਲਾ ਬਕਸਾ ਲੈ ਕੇ ਡਾਕਟਰ ਉਥੇ ਆ ਧਮਕਿਆ।

ਸਿਰ 'ਤੇ ਲਪੇਟੀ ਪੱਟੀ ਖੋਲ੍ਹਦਾ ਉਹ ਰਾਮ ਨਾਥ ਨੂੰ ਮਰੀਜ਼ ਦੀ ਹਾਲਤ ਬਾਰੇ ਦੱਸਣ ਲੱਗਾ :

"ਇਨ੍ਹਾਂ ਦੇ ਸਿਰ ਵਿਚ ਸੱਟ ਹੈ। ਜ਼ਖ਼ਮ ਗਹਿਰਾ ਹੈ। ਮੈਂ ਕੇਸ ਰੈਫ਼ਰ ਕਰ ਦਿੰਦਾ ਹਾਂ। ਤੁਸੀਂ ਕਿਸੇ ਚੰਗੇ ਹਸਪਤਾਲ ਵਿਚ ਲੈ ਜਾਓ।"

"ਹੁਣ ਤਕ ਤੁਸੀਂ ਇਸਨੂੰ ਇਥੇ ਕੀ ਦਵਾਈ ਬੂਟੀ ਦਿੱਤੀ ਹੈ ?" ਰਾਮ ਨਾਥ ਨੇ ਘੜੀ ਵੱਲ ਵੇਖਦਿਆਂ ਡਾਕਟਰ ਕੋਲੋਂ ਪੁੱਛਿਆ।

ਘੜੀ ਤੇ ਨੌਂ ਵੱਜ ਚੁੱਕੇ ਸਨ। ਘੜੀ ਵੱਲ ਦੇਖ ਕੇ ਉਹ ਡਾਕਟਰ ਨੂੰ ਅਹਿਸਾਸ ਕਰਾਉਣਾ ਚਾਹੁੰਦਾ ਸੀ ਕਿ ਦੋ ਘੰਟੇ ਦਾ ਕੀਮਤੀ ਸਮਾਂ ਲੰਘ ਜਾਣ ਉਪਰ ਵੀ ਉਨ੍ਹਾਂ ਕੁਝ ਨਹੀਂ ਕੀਤਾ।

"ਮੁੱਢਲੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਰੇਲ ਹੇਠ ਆ ਕੇ ਇਕ ਕੁਲੀ ਦੀ ਬਾਂਹ ਕੱਟੀ ਗਈ। ਉਸਨੂੰ ਸੰਭਾਲਦੇ ਕੁਝ ਦੇਰ ਲਗ ਗਈ। ਕੋਈ ਗੱਲ ਨਹੀਂ। ਤੁਸੀਂ ਮਰੀਜ਼ ਨੂੰ ਲਿਜਾਣਾ ਚਾਹੁੰਦੇ ਹੋ ਲੈ ਜਾਓ। ਲਿਖਾ-ਪੜ੍ਹੀ ਕਰ ਲਵਾਂਗੇ। ਤੁਸੀਂ ਵਕੀਲ ਹੋ। ਮੈਨੂੰ ਤੁਹਾਡੇ ਨਾਲ ਹਮਦਰਦੀ ਹੈ।"

ਰਾਮ ਨਾਥ ਸਮਝ ਰਿਹਾ ਸੀ। ਹਮਦਰਦੀ ਨਾ ਉਸਨੂੰ ਵਕੀਲ ਨਾਲ ਸੀ ਨਾ ਮਰੀਜ਼ ਨਾਲ। ਹਮਦਰਦੀ ਉਸ ਨੂੰ ਆਪਣੀ ਨੌਕਰੀ ਨਾਲ ਸੀ। ਉਸ ਨੇ ਜ਼ਿੰਦਗੀ ਮੌਤ ਦੀ ਲੜਾਈ ਲੜਦੇ ਮਰੀਜ਼ ਨੂੰ ਪੂਰੇ ਦੋ ਘੰਟੇ ਤੋਂ ਰੱਬ ਦੇ ਰਹਿਮੋ-ਕਰਮ 'ਤੇ ਛੱਡ ਰੱਖਿਆ ਸੀ। ਰਾਮ ਨਾਥ ਦੇ ਆਉਣ ਤੇ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਸੀ। ਉਹ ਇਕ ਵਕੀਲ ਨਾਲ ਉਲਝਣ ਤੋਂ ਡਰਦਾ ਮਿੱਠੀਆਂ ਗੱਲਾਂ ਨਾਲ ਉਸਨੂੰ ਭਰਮਾ ਰਿਹਾ ਸੀ।

ਰਾਮ ਨਾਥ ਸਬਰ ਦਾ ਘੁੱਟ ਪੀਣ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਦਾ।

"ਕਿਰਪਾ ਕਰਕੇ ਇਨ੍ਹਾਂ ਨੂੰ ਦਯਾਨੰਦ ਹਸਪਤਾਲ ਪੁੱਜਣ ਤਕ ਦੀ ਡਾਕਟਰੀ ਸਹਾਇਤਾ ਦੇ ਦਿਓ। ਬਾਕੀ ਦੇਖੀ ਜਾਏਗੀ।"

ਭਰੇ ਗਲੇ ਨਾਲ ਰਾਮ ਨਾਥ ਨੇ ਡਾਕਟਰ ਅੱਗੇ ਤਰਲਾ ਲਿਆ।

ਰਾਮ ਨਾਥ ਦੇ ਗੁੱਸੇ ਨੂੰ ਠੰਢਾ ਕਰਨ ਲਈ ਡਾਕਟਰ ਸਰਿੰਜਾਂ ਵਿਚ ਦਵਾਈ ਭਰਨ ਲੱਗਾ।

ਸੰਗੀਤਾ ਨੂੰ ਨੀਲਮ ਕੋਲ ਛੱਡ ਕੇ ਰਾਮ ਨਾਥ ਦੂਜੇ ਮਰੀਜ਼ਾਂ ਵੱਲ ਦੌੜਿਆ।

ਹੱਡੀਆਂ ਦੇ ਵਾਰਡ ਤੋਂ ਪਹਿਲਾਂ ਜਨਾਨਾ ਵਾਰਡ ਪੈਂਦਾ ਸੀ। ਉਹ ਉਧਰ ਨੂੰ ਹੋ ਗਿਆ।

ਜਨਾਨਾ ਵਾਰਡ ਭਾਂ-ਭਾਂ ਕਰ ਰਿਹਾ ਸੀ। ਵਾਰਡ ਦੇ ਵੀਹ ਬਿਸਤਰਿਆਂ ਵਿਚੋਂ ਅਠਾਰਾਂ ਖਾਲੀ ਪਏ ਸਨ। ਇਕ ਬਿਸਤਰੇ ਉਪਰ ਨੇਹਾ ਪਈ ਸੀ ਅਤੇ ਦੂਸਰੇ ਉਪਰ ਕੋਈ ਬਿਹਾਰਨ। ਬਿਹਾਰਨ ਦੀ ਦੇਖਭਾਲ ਲਈ ਇਕ ਭਈਆ ਬੈਠਾ ਸੀ ਜਿਸਨੇ ਬੀੜੀ ਸੁਲਘਾਈ ਹੋਈ ਸੀ। ਧੂੰਏਂ ਦੀ ਕੁੜੱਤਣ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਨੇਹਾ ਦੇ ਬਿਸਤਰੇ ਕੋਲ ਪਏ ਸਟੂਲ ਉਪਰ ਨੇਹਾ ਦੀ ਸਹੇਲੀ ਪਲਵੀ ਬੈਠੀ ਸੀ। ਦੋ ਤਿੰਨ ਬੰਦਿਆਂ ਨੂੰ ਨੇਹਾ ਵੱਲ ਵੱਧਦੇ ਦੇਖਕੇ ਉਹ ਸਮਝ ਗਈ ਉਹ ਨੇਹਾ ਦੇ ਵਾਕਿਫ ਸਨ। ਉਹ ਉੱਠ ਕੇ ਖੜ੍ਹੋ ਗਈ।

"ਕੀ ਹਾਲ ਏ ਨੇਹਾ ਬੇਟੀ ਦਾ ?"

ਘੱਟੋ-ਘੱਟ ਸਮੇਂ ਵਿਚ ਵੱਧੋ-ਵੱਧ ਜਾਣਕਾਰੀ ਲੈਣ ਦੀ ਨੀਅਤ ਨਾਲ ਇਕ ਪਾਸੇ ਰਾਮ ਨਾਥ ਨੇ ਨੇਹਾ ਦੀ ਸਹੇਲੀ ਤੋਂ ਪੁੱਛਿਆ ਅਤੇ ਦੂਜੇ ਪਾਸੇ ਨੇਹਾ ਦੇ ਨੰਗੇ ਚਿਹਰੇ ਤੋਂ ਹਾਲਾਤ ਭਾਂਪਣ ਲੱਗਾ।



ਚਿਹਰੇ ਤੋਂ ਇਲਾਵਾ ਨੇਹਾ ਦਾ ਸਾਰਾ ਸਰੀਰ ਇਕ ਹਰੇ ਰੰਗ ਦੀ ਚਾਦਰ ਨਾਲ ਢੱਕਿਆ ਹੋਇਆ ਸੀ। ਬੇਹੋਸ਼ੀ ਦੇ ਟੀਕੇ ਕਾਰਨ ਸਰੀਰ ਭਾਵੇਂ ਸਿਥਲ ਸੀ, ਪਰ ਚਿਹਰੇ ਦੇ ਹਾਵ-ਭਾਵ ਤੋਂ ਉਸਦੀ ਪੀੜ ਦਾ ਅੰਦਾਜ਼ਾ ਲੱਗ ਰਿਹਾ ਸੀ। ਉਸਦੇ ਮੱਥੇ 'ਤੇ ਗੁੱਸੇ ਅਤੇ ਨਫ਼ਰਤ ਦੀ ਝਲਕ ਸੀ। ਦੋਹਾਂ ਗੱਲ੍ਹਾਂ ਉਪਰ ਦੰਦੀਆਂ ਦੇ ਨਿਸ਼ਾਨ ਸਨ, ਜਿਨ੍ਹਾਂ ਵਿਚੋਂ ਖ਼ੂਨ ਸਿੰਮ ਰਿਹਾ ਸੀ। ਗਰਦਨ ਅਤੇ ਠੋਡੀ ਉਪਰਲੇ ਨਹੁੰਦਰਾਂ ਦੇ ਨਿਸ਼ਾਨਾਂ ਵਿਚੋਂ ਵੀ ਲਾਲ ਭਾਹ ਮਾਰ ਰਹੀ ਸੀ। ਅੱਖਾਂ ਬਹਿ ਚੁੱਕੇ ਹੰਝੂਆਂ ਕਾਰਨ ਸੁੱਜੀਆਂ ਹੋਈਆਂ ਸਨ। ਨੱਕ ਵਗੇ ਪਾਣੀ ਕਾਰਨ ਡੱਬਖੜੱਬਾ ਹੋਇਆ ਪਿਆ ਸੀ। ਕੰਨਾਂ ਵਿਚੋਂ ਵਾਲੀਆਂ ਧੂਹ ਕੇ ਖਿੱਚੀਆਂ ਗਈਆਂ ਸਨ। ਇਸੇ ਕਾਰਨ ਕੰਨਾਂ ਦੀਆਂ ਗਲੀਆਂ ਉਚੜੀਆਂ ਹੋਈਆਂ ਸਨ।

"ਅੰਕਲ ਖ਼ਤਰੇ ਵਾਲੀ ਕੋਈ ਗੱਲ ਨਹੀਂ। ਬੇਹੋਸ਼ੀ ਦਾ ਟੀਕਾ ਲੱਗਿਆ ਹੋਇਆ ਹੈ। ਪਰ ਡਾਕਟਰ ਕੋਈ ਨਹੀਂ ਆਈ। ਨੇਹਾ ਦੇ ਪੇਟ ਅਤੇ ... ਵਿੱਚ ਦਰਦ ਹੈ। ਖ਼ੂਨ ਸਿਮ ਰਿਹਾ ਹੈ। ਸਾਰੇ ਕੱਪੜੇ ਖਰਾਬ ਹੋਏ ਪਏ ਹਨ। ਮੈਂ ਘਰੋਂ ਆਪਣਾ ਸੂਟ ਮੰਗਵਾਇਆ ਸੀ। ਨਰਸ ਕਪੜੇ ਬਦਲਣ ਨਹੀਂ ਦਿੰਦੀ। ਕਹਿੰਦੀ ਹੈ ਡਾਕਟਰ ਨੇ ਇਹ ਕੱਪੜੇ ਕਬਜ਼ੇ ਵਿਚ ਲੈਣੇ ਹਨ। ਜ਼ਖ਼ਮਾਂ ਉੱਪਰ ਪੱਟੀ ਨਹੀਂ ਕੀਤੀ, ਕਹਿੰਦੀ ਪਹਿਲਾਂ ਡਾਕਟਰ ਦੇਖ ਲਏ।"

ਪਲਵੀ ਨੂੰ ਜਿੰਨਾ ਕੁ ਪਤਾ ਸੀ ਓਨਾ ਕੁ ਉਸਨੇ ਸਪੱਸ਼ਟ ਅਤੇ ਇਸ਼ਾਰੇ ਨਾਲ ਸਮਝਾ ਦਿੱਤਾ।

ਰਾਮ ਨਾਥ ਸਭ ਕੁਝ ਸਮਝ ਗਿਆ। ਨੇਹਾ ਨਾਲ ਬਲਾਤਕਾਰ ਹੋਇਆ ਸੀ। ਉਸਨੇ ਖਿਝ ਕੇ ਮੱਥੇ 'ਤੇ ਹੱਥ ਮਾਰਿਆ।

"ਬੋਲਦੀ ਚਾਲਦੀ ਤਾਂ ਹੈ ?"

"ਹਾਂ ਠੀਕ ਹੈ। ਮੈਂ ਘੰਟੇ ਤੋਂ ਇਥੇ ਬੈਠੀ ਹਾਂ। ਪਹਿਲਾਂ ਉਹ ਕਦੇ-ਕਦੇ ਬੜਾਉਣ ਲਗਦੀ ਸੀ। ਕਹਿੰਦੀ ਸੀ ਉਨ੍ਹਾਂ ਨੇ ਕਮਲ ਨੂੰ ਮਾਰ ਦਿੱਤਾ। ਮੇਰੀ ਇੱਜ਼ਤ ਬਚਾਉਂਦਾ ਉਹ ਸ਼ਹੀਦ ਹੋ ਗਿਆ। ਮੇਰੀ ਇੱਜ਼ਤ ਲੁੱਟੀ ਗਈ। ਮੈਨੂੰ ਜ਼ਹਿਰ ਦੇ ਕੇ ਮਾਰ ਦਿਓ !"

"ਕਿਸ ਨੇ ਕੀਤਾ ਇਹ ਸਭ ਕੁਝ ? ਕੁਝ ਦੱਸਦੀ ਸੀ ?"

"ਨਹੀਂ ! ਮੈਂ ਪੁੱਛਿਆ ਸੀ। ਕੁਝ ਨਹੀਂ ਦੱਸਿਆ। ਸ਼ਾਇਦ ਉਸ ਨੂੰ ਉਨ੍ਹਾਂ ਬਾਰੇ ਪਤਾ ਨਹੀਂ।"

"ਲੇਡੀ ਡਾਕਟਰ ਕਿਉਂ ਨਹੀਂ ਆਈ ?"

"ਇਥੇ ਇਕ ਬਾਬੂ ਜਿਹਾ ਫਿਰਦਾ ਸੀ। ਕਹਿੰਦਾ ਸੀ ਉਹ ਸਾਈਕਲ ਸਟੈਂਡ ਦਾ ਠੇਕੇਦਾਰ ਹੈ। ਕਹਿੰਦਾ ਸੀ ਡਾਕਟਰ ਦਸ ਵਜੇ ਰਾਊਂਡ 'ਤੇ ਆਏਗੀ। ਕਹਿੰਦਾ ਸੀ ਪਹਿਲਾਂ ਬੁਲਾਉਣੀ ਹੈ ਤਾਂ ਦੱਸੋ ? ਪੁੱਛਦਾ ਸੀ ਕੋਈ ਨੇਹਾ ਦਾ ਵਾਰਿਸ ਨਹੀਂ ? ਆਇਆ ਹੈ ਤਾਂ ਮਿਲਾਓ। ਇਸ ਲੜਕੀ ਦੀ ਕਹਿੰਦਾ ਰਿਪੋਰਟ ਬਨਣੀ ਹੈ। ਕਿਸ ਤਰ੍ਹਾਂ ਬਨਾਉਣੀ ਹੈ? ਮੈਂ ਆਖ ਦਿੱਤਾ ਸੀ, ਜਦੋਂ ਕੋਈ ਆਇਆ ਭੇਜ ਦਿਆਂਗੀ। ਭਰਾ ਜੀ ਉਸ ਬੰਦੇ ਨੂੰ ਮਿਲ ਕੇ ਡਾਕਟਰ ਨੂੰ ਬੁਲਾਓ। ਮੱਥਾ ਡਮ੍ਹੋ ਭੈੜੀ ਡਾਕਟਰਨੀ ਦਾ। ਫੁੱਲ ਵਰਗੀ ਕੁੜੀ ਮੁਰਝਾਈ ਪਈ ਹੈ।"

ਇਕ ਪੜੋਸਣ ਨੇ ਜਿਹੜੀ ਕੁਝ ਦੇਰ ਪਹਿਲਾਂ ਨੇਹਾ ਕੋਲੋਂ ਉਠ ਕੇ ਗਈ ਸੀ ਡਾਕਟਰ ਦੀ ਗ਼ੈਰ-ਹਾਜ਼ਰੀ ਦਾ ਕਾਰਨ ਦੱਸਿਆ।

"ਅੰਕਲ ਮੈਂ ਨਰਸ ਨੂੰ ਪੁੱਛਿਆ ਸੀ ਕਿ ਡਾਕਟਰ ਕਿਉਂ ਨਹੀਂ ਆਉਂਦੀ। ਉਹ ਕਹਿੰਦੀ

ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸਨੂੰ ਕਿਸੇ ਦਾ ਡਰ ਨਹੀਂ। ਜਦੋਂ ਦਿਲ ਕੀਤਾ ਆਏਗੀ। ਪਲੀਜ਼ ਕੁਝ ਕਰੋ। ਮੇਰੀ ਸਹੇਲੀ ਮਰ ਜਾਏਗੀ।"

ਅੱਖਾਂ ਵਿਚ ਹੰਝੂ ਭਰ ਕੇ ਪਲਵੀ ਨੇ ਆਪਣਾ ਤਜਰਬਾ ਰਾਮ ਨਾਥ ਨਾਲ ਸਾਂਝਾ ਕੀਤਾ।

"ਇਸੇ ਲਈ ਵਾਰਡ ਖਾਲੀ ਪਿਆ ਹੈ," ਮਨ ਹੀ ਮਨ ਸੋਚਦੇ ਰਾਮ ਨਾਥ ਨੂੰ ਸਮਝ ਨਹੀਂ ਸੀ ਆ ਰਹੀ ਉਹ ਡਾਕਟਰ ਨੂੰ ਕਿਸ ਤਰ੍ਹਾਂ ਡਿਊਟੀ 'ਤੇ ਹਾਜ਼ਰ ਕਰਾਏ ? ਹਾਲਾਤ ਅਜਿਹੇ ਸਨ ਕਿ ਕਿਸੇ ਦੀ ਸ਼ਿਕਾਇਤ ਨਹੀਂ ਸੀ ਕੀਤੀ ਜਾ ਸਕਦੀ, ਕਿਸੇ ਨਾਲ ਲੜਿਆ ਨਹੀਂ ਸੀ ਜਾ ਸਕਦਾ। ਕਾਨੂੰਨ ਦੇ ਅਸਲ ਮਕਸਦ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ। ਕਾਨੂੰਨ ਦੇ ਨਾਂ ਤੇ ਮਰੀਜ਼ ਨੂੰ ਡਾਕਟਰੀ ਸਹਾਇਤਾ ਤੋਂ ਵਾਂਝਾ ਰੱਖਿਆ ਜਾ ਰਿਹਾ ਸੀ।

ਮਰੀਜ਼ ਦੇ ਜ਼ਖਮ ਸੜਦੇ ਜਾ ਰਹੇ ਸਨ, ਖ਼ੂਨ ਵਹਿ ਰਿਹਾ ਸੀ, ਕੱਪੜੇ ਗੰਦੇ ਸਨ, ਜ਼ਖਮਾਂ ਵਿਚ ਮਿੱਟੀ-ਘੱਟਾ ਪੈ ਜਾਣ ਕਾਰਨ 'ਇਨਫੈਕਸ਼ਨ' ਦਾ ਡਰ ਸੀ। ਇੰਜਰੀ ਰਿਪੋਰਟ ਦੇ ਬਹਾਨੇ ਮਰੀਜ਼ ਨੂੰ ਮੌਤ ਦੇ ਮੂੰਹ ਵੱਲ ਧੱਕਿਆ ਜਾ ਰਿਹਾ ਸੀ।

ਰਾਮ ਨਾਥ ਨੇ ਆਲੇ-ਦੁਆਲੇ ਦਾ ਜਾਇਜ਼ਾ ਲਿਆ। ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਕੋਈ ਉਸ ਨੂੰ ਨਜ਼ਰ ਨਹੀਂ ਸੀ ਆ ਰਿਹਾ। ਫ਼ੋਨ ਉਹ ਬਹੁਤ ਥਾਈਂ ਕਰਵਾ ਚੁੱਕਾ ਸੀ। ਕੋਈ ਆਏ ਅਤੇ ਰਾਮ ਨਾਥ ਦੀ ਜ਼ਿੰਮੇਵਾਰੀ ਵੰਡਾਏ। ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਿਹਾ ਸੀ।

ਰਾਮ ਨਾਥ ਦੇ ਆ ਜਾਣ ਨਾਲ ਪੜੋਸੀ ਆਪਣੇ ਆਪ ਨੂੰ ਭਾਰ ਮੁਕਤ ਸਮਝਣ ਲਗ ਪਏ। ਇਕ-ਇਕ ਕਰ ਕੇ ਉਹ ਘਰ ਨੂੰ ਮੁੜਨ ਲੱਗੇ। ਕਿਸੇ ਨੇ ਦਫ਼ਤਰ ਜਾਣਾ ਸੀ, ਕਿਸੇ ਦੇ ਬੱਚੇ ਸਕੂਲੋਂ ਲੇਟ ਹੋ ਰਹੇ ਸਨ। ਕਿਸੇ ਨੇ ਦੁਕਾਨ ਖੋਲ੍ਹਣੀ ਸੀ, ਕਿਸੇ ਨੇ ਬੱਸ ਚੜ੍ਹਨਾ ਸੀ।

ਰਾਮ ਨਾਮ ਨੂੰ ਨੇਹਾ ਦੀ ਅਸਲੀ ਹਾਲਤ ਦਾ ਪੂਰਾ ਜਾਇਜ਼ਾ ਨਹੀਂ ਸੀ ਹੋ ਰਿਹਾ। ਮਾਮੇ ਭਾਣਜੀ ਵਾਲੀ ਅੱਖਾਂ ਦੀ ਸ਼ਰਮ ਦੀ ਕੋਈ ਮਹੱਤਤਾ ਨਹੀਂ ਸੀ ਰਹਿ ਗਈ। ਸਾਰੇ ਸਮਾਜਕ ਰਿਸ਼ਤੇ ਛਿੱਕੇ ਟੰਗ ਕੇ ਰਾਮ ਨਾਥ ਨੇ ਨੇਹਾ ਦੇ ਸਰੀਰ 'ਤੇ ਪਈ ਚਾਦਰ ਉਪਰ ਚੁੱਕਣੀ ਸ਼ੁਰੂ ਕੀਤੀ। ਉਹ ਕੁੜੀ ਦੇ ਸਰੀਰ ਦੀ ਹਾਲਤ ਅੱਖੀਂ ਦੇਖਣਾ ਚਾਹੁੰਦਾ ਸੀ।

ਨੇਹਾ ਦੇ ਸਾਰੇ ਕੱਪੜੇ ਲੀਰੋ-ਲੀਰ ਅਤੇ ਖ਼ੂਨ ਨਾਲ ਲੱਥ-ਪੱਥ ਸਨ। ਬਾਹਾਂ, ਹਿੱਕ ਅਤੇ ਢਿੱਡ ਉਪਰ ਨੇਹਾ ਅਤੇ ਬਲਾਤਕਾਰੀ ਵਿਚਕਾਰ ਹੋਈ ਜੱਦੋਜਹਿਦ ਦੇ ਨਿਸ਼ਾਨ ਸਨ। ਇਹੋ ਹਾਲ ਪੱਟਾਂ ਅਤੇ ਲੱਤਾਂ ਦਾ ਸੀ।

ਰਾਮ ਨਾਥ ਨੇ ਇਕ-ਇਕ ਅੰਗ ਹਿਲਾ ਕੇ, ਟੋਹ ਕੇ ਦੇਖਿਆ। ਸ਼ੁਕਰ ਸੀ ਸਭ ਅੰਗ ਸਬੂਤੇ ਸਨ।

ਨੇਹਾ ਨੂੰ ਸਰੀਰਕ ਨਾਲੋਂ ਮਾਨਸਿਕ ਨੁਕਸਾਨ ਵੱਧ ਹੋਇਆ ਸੀ। ਕੁਝ ਕੁ ਰਾਹਤ ਮਹਿਸੂਸ ਕਰਕੇ ਰਾਮ ਨਾਥ ਨੂੰ ਵੇਦ ਦੀ ਚਿੰਤਾ ਖਾਣ ਲੱਗੀ।

"ਮੈਂ ਕਰਦਾਂ ਕੋਈ ਇੰਤਜ਼ਾਮ, ਬੱਸ ਪੰਜਾਂ ਮਿੰਟਾਂ ਵਿਚ ਮੈਂ ਆਇਆ" ਪਲਵੀ ਦੇ ਸਿਰ 'ਤੇ ਹੱਥ ਰੱਖ ਕੇ ਉਸ ਨੂੰ ਵਿਸ਼ਵਾਸ ਦਿਵਾਉਂਦਾ ਰਾਮ ਨਾਥ ਹੱਡੀਆਂ ਦੇ ਵਾਰਡ ਵੱਲ ਹੋ ਲਿਆ।

ਸੱਟਾਂ ਵੱਜੀਆਂ ਨੂੰ ਪੰਜ ਛੇ ਘੰਟੇ ਹੋ ਗਏ ਸਨ। ਮਰੀਜ਼ਾਂ ਨੂੰ ਹਾਲੇ ਤਕ ਡਾਕਟਰਾਂ



ਨੇ ਛੂਹਿਆ ਤਕ ਨਹੀਂ ਸੀ। ਡਾਕਟਰਾਂ ਦੀ ਇਹ ਅਣਗਹਿਲੀ ਮਰੀਜ਼ਾਂ ਲਈ ਮੁਲਜ਼ਮਾਂ ਨਾਲੋਂ ਵੱਧ ਘਾਤਕ ਸਿੱਧ ਹੋ ਰਹੀ ਸੀ।

ਪਰ ਰਾਮ ਨਾਥ ਕਿਸ ਨਾਲ ਟੱਕਰ ਮਾਰੇ ?

ਇਕ ਮਿੰਟ ਲਈ ਉਸਦੇ ਜ਼ਿਹਨ ਵਿਚ ਸਾਈਕਲ ਸਟੈਂਡ ਦੇ ਠੇਕੇਦਾਰ ਦਾ ਨਾਂ ਘੁੰਮਿਆ। ਰਾਮ ਨਾਥ ਉਸਦੇ ਮੁਹਾਂਦਰੇ ਦੀ ਕਲਪਨਾ ਕਰਨ ਲੱਗਾ। ਕੋਈ ਮੋਟੇ ਢਿੱਡ ਵਾਲਾ, ਖਰਬੜੀ ਦਾੜ੍ਹੀ ਵਾਲਾ, ਕਾਲਾ ਕਲੋਟਾ ਜਿਹਾ। ਕੁੜਤੇ ਪਜਾਮੇ ਅਤੇ ਮੋਢੇ ਤੇ ਰੱਖੇ ਪਰਨੇ ਵਾਲਾ। ਸਿਵਲ ਹਸਪਤਾਲਾਂ ਵਿਚ ਮਿਲਦੇ ਆਮ ਟਾਊਟਾਂ ਵਰਗਾ ਉਹ ਟਾਊਟ ਹੋਏਗਾ। ਨੇਹਾ ਵਾਲਾ ਕੇਸ ਉਸਨੂੰ ਆਮ ਬਲਾਤਕਾਰ ਵਰਗਾ ਕੇਸ ਲੱਗਾ ਹੋਏਗਾ। ਦਲਾਲ ਡਾਕਟਰ ਦੀ ਫ਼ੀਸ ਦਾ ਜੁਗਾੜ ਕਰਨ ਵਿਚ ਰੁੱਝਾ ਹੋਏਗਾ।

ਪਰ ਇਹ ਮੁਕੱਦਮਾ ਆਪਣੀ ਕਿਸਮ ਦਾ ਸੀ। ਅਸਲ ਮਾਮਲਾ ਚੋਰੀ ਡਕੈਤੀ ਦਾ ਸੀ। ਅਜਿਹੇ ਕੇਸਾਂ ਵਿਚ ਅਕਸਰ ਮੁਲਜ਼ਮ ਪੁਲਿਸ ਦੇ ਹੱਥ ਨਹੀਂ ਆਉਂਦੇ। ਆਉਣ ਤਾਂ ਸਾਲ ਛੇ ਮਹੀਨੇ ਪਿਛੋਂ ਆਉਂਦੇ ਹਨ। ਉਦੋਂ ਤਕ ਇੰਨੀ ਦੇਰ ਹੋ ਚੁੱਕੀ ਹੁੰਦੀ ਹੈ ਕਿ ਸਾਰੇ ਸਬੂਤ ਮਿਟ ਚੁੱਕੇ ਹੁੰਦੇ ਹਨ। ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ। ਸ਼ੱਕ ਦਾ ਫ਼ਾਇਦਾ ਦੇ ਕੇ ਬਰੀ ਕਰ ਦਿੰਦਾ ਹੈ।

ਇਸ ਕੇਸ ਦਾ ਇਹੋ ਹਸ਼ਰ ਹੋਣ ਵਾਲਾ ਸੀ। ਰਾਮ ਨਾਥ ਨੂੰ ਹੁਣੇ ਸੈਂਕੜੇ ਕਮਜ਼ੋਰੀਆਂ ਨਜ਼ਰ ਆ ਰਹੀਆਂ ਸਨ। ਥੋੜ੍ਹੀ ਦੇਰ ਬਾਅਦ ਪੁਲਿਸ ਨੇ ਭਾ ਦੀ ਮਚਾ ਦੇਣੀ ਸੀ। ਪਰਚਾ ਕਟਵਾਓ। ਕਾਨੂੰਨ ਕਹਿੰਦਾ ਸੀ, ਪਰਚੇ ਵਿਚ ਹੋਈ ਵਾਰਦਾਤ ਦੀ ਹਰ ਬਰੀਕੀ ਦਰਜ ਕਰਾਓ। ਦੋਸ਼ੀਆਂ ਦੇ ਨਾਂ, ਪਤੇ, ਹੁਲੀਏ। ਕਿਸ ਦੋਸ਼ੀ ਕੋਲ ਕਿਹੜਾ ਹਥਿਆਰ ਸੀ, ਉਸ ਹਥਿਆਰ ਨਾਲ ਉਸ ਨੇ ਕਿਸ-ਕਿਸ ਬੰਦੇ ਦੇ ਕਿੱਥੇ-ਕਿੱਥੇ ਸੱਟ ਮਾਰੀ। ਇਹ ਸਭ ਸਪੱਸ਼ਟ ਦੱਸਿਆ ਜਾਵੇ। ਕਿਧਰੇ ਕੋਤਾਹੀ ਰਹਿ ਗਈ ਤਾਂ ਕਹਾਣੀ ਨੂੰ ਸ਼ੱਕੀ ਗਿਣਿਆ ਜਾਣਾ ਸੀ। ਸ਼ੱਕ ਦਾ ਫ਼ਾਇਦਾ ਦੋਸ਼ੀਆਂ ਨੂੰ ਮਿਲਣਾ ਸੀ।

ਘਟਨਾ ਵਾਲੀ ਥਾਂ 'ਤੇ ਮੌਜੂਦ ਚਾਰ ਬੰਦਿਆਂ ਵਿਚੋਂ ਇਕ ਸਦਾ ਦੀ ਨੀਂਦ ਸੌਂ ਚੁੱਕਾ ਸੀ। ਬਾਕੀ ਦੇ ਤਿੰਨਾਂ ਨੂੰ ਆਪਣੀ ਹੋਸ਼ ਨਹੀਂ ਸੀ। ਦੋਸ਼ੀਆਂ ਦੀ ਗਿਣਤੀ, ਹੁਲੀਆ ਅਤੇ ਘਟਨਾਕ੍ਰਮ ਦਾ ਵੇਰਵਾ ਕੌਣ ਦੇਵੇਗਾ ?

ਇਹ ਵਾਰਦਾਤ ਸਾਧਾਰਨ ਬੰਦਿਆਂ ਵੱਲੋਂ ਨਹੀਂ ਸੀ ਕੀਤੀ ਗਈ। ਦੋਸ਼ੀ ਆਦੀ ਮੁਜਰਮ ਜਾਪਦੇ ਸਨ। ਉਹ ਕਾਨੂੰਨੀ ਨੁਕਤਿਆਂ ਤੋਂ ਜਾਣੂ ਹੋਣਗੇ। ਉਹ ਹੱਥਾਂ ਉਪਰ ਦਸਤਾਨੇ ਚੜ੍ਹਾ ਕੇ, ਮੂੰਹ ਸਿਰ ਢੱਕ ਕੇ ਅਤੇ ਪਿੰਡੇ ਉਪਰ ਇਤਰ ਛਿੜਕ ਕੇ ਆਏ ਹੋਣਗੇ। ਉਨ੍ਹਾਂ ਨੇ ਵੇਦ ਹੋਰਾਂ ਨੂੰ ਸੁੱਤਿਆਂ ਨੂੰ ਨੱਪ ਲਿਆ ਹੋਵੇਗਾ। ਕੀ ਹੋ ਰਿਹਾ ਹੈ ? ਇਹ ਸਮਝਣ ਦਾ ਕਿਸੇ ਨੂੰ ਮੌਕਾ ਹੀ ਨਹੀਂ ਮਿਲਿਆ ਹੋਣਾ। ਘਰ ਦੇ ਕਿਸੇ ਮੈਂਬਰ ਤੋਂ ਦੋਸ਼ੀਆਂ ਦੀ ਪਹਿਚਾਣ ਨਹੀਂ ਹੋਣੀ। ਸ਼ੱਕ ਦਾ ਲਾਭ ਫੇਰ ਦੋਸ਼ੀਆਂ ਨੂੰ ਮਿਲੇਗਾ।

ਫੇਰ ਡਾਕਟਰਾਂ ਦਾ ਘਰ ਕਿਉਂ ਭਰਿਆ ਜਾਵੇ ?

ਇਸ ਮਸਲੇ ਤੇ ਵਿਚਾਰ ਕਰਦੇ ਰਾਮ ਨਾਥ ਨੂੰ ਪਤਾ ਨਹੀਂ ਸੀ ਲੱਗਾ ਕਦੋਂ ਉਹ ਹੱਡੀਆਂ ਦੇ ਵਾਰਡ ਪੁੱਜ ਗਿਆ।

ਹੱਡੀਆਂ ਵਾਲਾ ਵਾਰਡ ਖਾਲੀ ਪਿਆ ਸੀ, ਇਥੇ ਇਕ ਵੀ ਮਰੀਜ਼ ਨਹੀਂ ਸੀ।

ਵੇਦ ਨੂੰ ਵਾਰਡ ਵਿਚ ਨਾ ਦੇਖ ਕੇ ਰਾਮ ਨਾਥ ਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਸ਼ਾਇਦ ਵੇਦ ਚੱਲ ਵੱਸਿਆ ਸੀ।

"ਵੇਦ ਜੀ ਨੂੰ ਮਿਲਣਾ ਹੈ ? ਆਓ ਮੇਰੇ ਨਾਲ। ਉਹ ਐਕਸਰੇ ਵਿਭਾਗ ਵਿਚ ਹਨ।"

ਇਹ ਬਾਬੂ ਜੈ ਨਰਾਇਣ ਅਤੇ ਰਾਮ ਨਾਥ ਦੋਹਾਂ ਲਈ ਓਪਰਾ ਸੀ। ਨਾ ਉਹ ਵੇਦ ਦਾ ਪੜੋਸੀ ਸੀ ਨਾ ਰਿਸ਼ਤੇਦਾਰ।

"ਕੀ ਹਾਲ ਹੈ ਵੇਦ ਜੀ ਦਾ ?" ਰਾਮ ਨਾਥ ਦਾ ਉਹੋ ਉਤਸੁਕਤਾ ਭਰਿਆ ਸਵਾਲ ਇਸ ਵਾਰ ਇਸ ਅਜਨਬੀ ਬਾਬੂ ਨੂੰ ਸੀ।

"ਖ਼ਤਰੇ ਤੋਂ ਪੂਰੀ ਤਰ੍ਹਾਂ ਬਾਹਰ ਨੇ। ਲੱਤਾਂ ਬਾਹਾਂ ਟੁੱਟੀਆਂ ਨੇ। ਐਕਸਰੇ ਹੋਣੇ ਨੇ," ਬਾਬੂ ਦੇ ਮੂੰਹੋਂ ਇੰਨੀ ਗੱਲ ਸੁਣ ਕੇ ਰਾਮ ਨਾਥ ਦੇ ਸਾਹ ਵਿਚ ਸਾਹ ਆਇਆ।

"ਤੁਸੀਂ?" ਜੈ ਨਰਾਇਣ ਨੇ ਬਾਬੂ ਤੋਂ ਉਸਦੀ ਪਹਿਚਾਣ ਪੁੱਛੀ।

"ਮੈਂ ਠੇਕੇਦਾਰ ਹਾਂ। ਸੋਹਣ ਲਾਲ ਮੇਰਾ ਨਾਂ ਹੈ।" ਸੋਨੇ ਦੀਆਂ ਤਿੰਨ ਮੁੰਦਰੀਆਂ ਵਾਲੇ ਸੱਜੇ ਹੱਥ ਨੂੰ ਹਿੱਕ 'ਤੇ ਰੱਖ ਕੇ ਬਾਬੂ ਨੇ ਆਪਣਾ ਨਾਂ ਅਤੇ ਕਿੱਤਾ ਦੱਸਿਆ।

ਜੈ ਨਰਾਇਣ ਅਤੇ ਰਾਮ ਨਾਥ ਬਾਕੀ ਦਾ ਕਿੱਸਾ ਆਪੇ ਸਮਝ ਗਏ।

"ਇਹ ਵਾਰਡ ਖਾਲੀ ਕਿਉਂ ਪਿਆ ਹੈ?" ਟਾਇਮ ਪਾਸ ਕਰਨ ਲਈ ਰਸਤੇ ਵਿਚ ਜੈ ਨਰਾਇਣ ਨੇ ਠੇਕੇਦਾਰ ਤੋਂ ਪੁੱਛਿਆ।

"ਇਸ ਵਾਰਡ ਦੇ ਡਾਕਟਰ ਦੀ ਤਰੱਕੀ ਹੋ ਗਈ ਹੈ। ਇਸ ਹਸਪਤਾਲ ਦਾ ਇਹ ਸਭ ਤੋਂ ਅਹਿਮ ਵਾਰਡ ਹੈ। ਲੜਾਈ ਝਗੜੇ ਵਿਚ ਹੱਡ ਤੁੜਾ ਕੇ ਲੋਕ ਇਸੇ ਵਾਰਡ ਵਿਚ ਆਉਂਦੇ ਹਨ। ਡਾਕਟਰ ਦੋਹਾਂ ਪਾਸਿਆਂ ਤੋਂ ਪੈਸੇ ਝਾੜਦੇ ਹਨ। ਕਈ ਡਾਕਟਰ ਇਥੇ ਆਉਣ ਲਈ ਭੱਜ-ਨੱਠ ਕਰ ਰਹੇ ਹਨ। ਇਕ ਜਾਂਦਾ ਹੈ ਆਪਣੇ ਆਰਡਰ ਕਰਵਾ ਲੈਂਦਾ ਹੈ। ਦੂਜਾ ਉਸ ਤੋਂ ਵੱਡਾ ਬਰੀਫ਼-ਕੇਸ ਲੈ ਜਾਂਦਾ ਹੈ। ਉਹ ਪਹਿਲੇ ਆਰਡਰ ਕੈਂਸਲ ਕਰਵਾ ਕੇ ਆਪਣੇ ਆਰਡਰ ਕਰਵਾ ਲੈਂਦਾ ਹੈ। ਦੋ ਮਹੀਨੇ ਵਿਚ ਪੰਜ ਬਦਲੀਆਂ ਹੋ ਗਈਆਂ। ਇਸੇ ਚੱਕਰ ਕਾਰਨ ਥਾਂ ਖਾਲੀ ਪਈ ਹੈ। ਬਿਨਾਂ ਡਾਕਟਰ ਤੋਂ ਮਰੀਜ਼ਾਂ ਨੇ ਇਥੇ ਆ ਕੇ ਕੀ ਕਰਨਾ ਹੈ?"

"ਫੇਰ ਸਾਡੇ ਮਰੀਜ਼ ਦਾ ਇਲਾਜ ਕੌਣ ਕਰੇਗਾ ?"

"ਕਿਸੇ ਨੇ ਨਹੀਂ। ਐਕਸਰੇ ਕਰਾਓ। ਮਨਮਰਜ਼ੀ ਦੀ ਰਿਪੋਰਟ ਲਓ। ਫੇਰ ਜਿਹੜੇ ਮਰਜ਼ੀ ਚੰਗੇ ਹਸਪਤਾਲ ਵਿਚ ਚਲੇ ਜਾਓ।"

ਹਸਪਤਾਲ ਦੀ ਸਥਿਤੀ ਤੋਂ ਜਾਣੂ ਕਰਵਾਉਂਦਾ ਠੇਕੇਦਾਰ ਉਨ੍ਹਾਂ ਨੂੰ ਐਕਸਰੇ ਵਿਭਾਗ ਕੋਲ ਲੈ ਆਇਆ।

ਐਕਸਰੇ-ਵਿਭਾਗ ਅੱਗੇ ਮਰੀਜ਼ਾਂ ਦੀ ਭੀੜ ਲੱਗੀ ਹੋਈ ਸੀ।

ਇਕ ਅੱਠ ਸਾਲ ਦੀ ਕੁੜੀ ਦੀ ਸਾਈਕਲ ਸਿੱਖਦਿਆਂ ਲੱਤ ਟੁੱਟ ਗਈ। ਉਹ ਦਰਦ ਨਾਲ ਕਰਾਹ ਰਹੀ ਸੀ। ਉਸਦੇ ਮਾਂ-ਬਾਪ ਉਸਨੂੰ ਚੁੱਪ ਕਰਾਉਣ ਦਾ ਯਤਨ ਕਰ ਰਹੇ ਸਨ।

ਫੈਕਟਰੀ ਦੀ ਉਸਾਰੀ ਚਲਦੇ ਸਮੇਂ ਪੈੜ ਹਿੱਲ ਜਾਣ ਕਾਰਨ ਇਕ ਮਜ਼ਦੂਰ ਜ਼ਮੀਨ ਤੇ ਡਿੱਗ ਪਿਆ ਸੀ। ਉਸਦਾ ਮੋਢਾ ਟੁੱਟ ਗਿਆ ਸੀ। ਕੁਝ ਮਜ਼ਦੂਰ ਨੇਤਾ ਉਸ ਨੂੰ ਹਸਪਤਾਲ ਲੈ ਕੇ ਆਏ ਸਨ। ਰਿਪੋਰਟ ਲੈ ਕੇ ਉਨ੍ਹਾਂ ਨੇ ਮਾਲਕ ਤੇ ਕਲੇਮ ਦਾ ਮੁਕੱਦਮਾ ਠੋਕਣਾ ਸੀ।

ਸਭ ਤੋਂ ਪਹਿਲਾਂ ਨੰਬਰ ਵੇਦ ਦਾ ਸੀ। ਉਹ ਆਇਆ ਵੀ ਸਭ ਤੋਂ ਪਹਿਲਾਂ ਸੀ ਅਤੇ ਉਸ ਦੀਆਂ ਸੱਟਾਂ ਵੀ ਗੰਭੀਰ ਸਨ। ਉਸਦੇ ਨਾਲ ਇਕ ਹੌਲਦਾਰ ਖੜਾ ਸੀ, ਜਿਸ ਨੂੰ ਹੁਣੇ-ਹੁਣੇ ਮਰੀਜ਼ਾਂ ਦਾ ਮੁਆਇਨਾ ਕਰਾਉਣ ਲਈ ਹਸਪਤਾਲ ਭੇਜਿਆ ਗਿਆ ਸੀ।

ਵੇਦ ਸਟਰੈਚਰ ਉਪਰ ਬੇਹੋਸ਼ ਪਿਆ ਸੀ। ਕੁਝ ਬੰਦੇ ਉਸਨੂੰ ਘੇਰਾ ਪਾਈ ਖੜੇ ਸਨ।



ਇਹ ਕੌਣ ਸਨ ਅਤੇ ਕੀ ਕਰ ਰਹੇ ਸਨ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਰਾਮ ਨਾਥ ਤੇਜ਼ੀ ਨਾਲ ਵੇਦ ਵੱਲ ਵਧਿਆ।

ਆਪਣੇ ਜੀਜੇ ਸਰਦਾਰੀ ਲਾਲ ਨੂੰ ਵੇਦ ਕੋਲ ਖੜ੍ਹਾ ਦੇਖ ਕੇ ਰਾਮ ਨਾਥ ਨੇ ਸੁੱਖ ਦਾ ਸਾਹ ਲਿਆ। ਹੁਣ ਉਹ ਇਕ ਅਤੇ ਇਕ ਗਿਆਰਾਂ ਹੋ ਗਏ ਸਨ।

ਸਰਦਾਰੀ ਲਾਲ ਨਾਲ ਉਸ ਦਾ ਦੋਸਤ ਡਾਕਟਰ ਦੇਵ ਵੀ ਸੀ। ਡਾਕਟਰ ਦੇਵ ਵੇਦ ਦਾ ਮੁਆਇਨਾ ਕਰ ਰਿਹਾ ਸੀ।

ਮੁਆਇਨਾ ਮੁਕੰਮਲ ਕਰਕੇ ਡਾਕਟਰ ਰਾਮ ਨਾਥ ਅਤੇ ਸਰਦਾਰੀ ਲਾਲ ਨੂੰ ਇਕ ਪਾਸੇ ਲੈ ਗਿਆ।

ਵੇਦ ਦੀਆਂ ਦੋਹੇਂ ਬਾਹਾਂ ਅਤੇ ਦੋਹੇਂ ਲੱਤਾਂ ਕਈ-ਕਈ ਥਾਵਾਂ ਤੋਂ ਟੁੱਟੀਆਂ ਹੋਈਆਂ ਸਨ। ਇਕੱਲੇ ਪਲੱਸਤਰ ਨਾਲ ਕੰਮ ਨਹੀਂ ਸੀ ਚੱਲਣਾ। ਰਾਡ ਪਾਉਣੇ ਪੈਣੇ ਸਨ। ਜੁਬਾੜੇ ਦੀ ਇਕ ਹੱਡੀ ਵੀ ਟੁੱਟੀ ਲਗਦੀ ਸੀ। ਉਹ ਹੱਡੀ ਦੀ ਸਹੀ ਹਾਲਤ ਸਕੈਨ ਬਾਅਦ ਪਤਾ ਚੱਲਣੀ ਸੀ। ਜਾਨ ਨੂੰ ਕੋਈ ਖਤਰਾ ਨਹੀਂ ਸੀ ਪਰ ਫੌਰੀ ਸੰਭਾਲ ਜ਼ਰੂਰੀ ਸੀ।

ਸਰਦਾਰੀ ਲਾਲ ਨੂੰ ਐਕਸਰੇ ਵਾਲੇ ਡਾਕਟਰ ਦੀ ਗ਼ੈਰ-ਹਾਜ਼ਰੀ ਦਾ ਕਾਰਨ ਪਤਾ ਲਗ ਚੁੱਕਾ ਸੀ। ਇਸ ਡਾਕਟਰ ਦੀ ਦਯਾਨੰਦ ਹਸਪਤਾਲ ਦੇ ਬਾਹਰ ਆਪਣੀ ਐਕਸਰੇ ਕਰਨ ਦੀ ਕਲੀਨਿਕ ਸੀ, ਜਿਹੜੀ ਉਸਨੇ ਆਪਣੀ ਪਤਨੀ ਦੇ ਨਾਂ ਖੋਲ੍ਹੀ ਹੋਈ ਸੀ। ਹਸਪਤਾਲ ਉਹ ਘੰਟੇ ਦੋ ਘੰਟੇ ਲਈ ਆਉਂਦਾ ਸੀ। ਬਾਰਾਂ ਇਕ ਵਜੇ ਦੇ ਕਰੀਬ ਜਦੋਂ ਸਾਰੇ ਮਰੀਜ਼ ਇਕੱਠੇ ਹੋ ਜਾਂਦੇ ਸਨ ਉਹ ਇਕ ਦੋ ਐਕਸਰੇ ਕਰਦਾ ਸੀ ਜਿਸ ਵਿੱਚ ਫ਼ੀਸ ਮਿਲਦੀ ਸੀ। ਬਾਕੀਆਂ ਲਈ ਇਕੋ ਬਹਾਨਾ ਸੀ, ਫਿਲਮਾਂ ਖ਼ਤਮ ਹਨ। ਰੋਂਦੇ ਕੁਰਲਾਂਦੇ ਮਰੀਜ਼ ਵਾਪਸ ਚਲੇ ਜਾਂਦੇ ਸਨ।

ਅੱਜ ਉਹ ਅਦਾਲਤ ਵਿਚ ਸ਼ਹਾਦਤ ਦੇਣ ਗਿਆ ਹੋਇਆ ਸੀ। ਪਤਾ ਨਹੀਂ ਕਦੋਂ ਸ਼ਹਾਦਤ ਹੋਵੇ ਅਤੇ ਕਦੋਂ ਉਹ ਮੁੜੇ। ਕਦੇ-ਕਦੇ ਸ਼ਹਾਦਤ ਸ਼ਾਮ ਦੇ ਚਾਰ ਵਜੇ ਤਕ ਨਹੀਂ ਸੀ ਹੁੰਦੀ। ਅਜਿਹੀ ਸੂਰਤ ਵਿਚ ਫਰਮਾਸਿਸਟਾਂ ਨੂੰ ਮਰੀਜ਼ਾਂ ਕੋਲੋਂ ਮੁਆਫ਼ੀ ਮੰਗਣੀ ਪੈਂਦੀ ਸੀ।

ਰਾਮ ਨਾਥ ਨੂੰ ਡਾਕਟਰ ਦੇ ਇਸ ਬਹਾਨੇ ਤੇ ਗੁੱਸਾ ਆਇਆ। ਉਹ ਕੋਰਾ ਝੂਠ ਬੋਲ ਰਿਹਾ ਸੀ। ਡਾਕਟਰ ਗਿਆਰਾਂ ਸਾਢੇ ਗਿਆਰਾਂ ਵਜੇ ਅਦਾਲਤ ਆਉਂਦੇ ਹਨ। ਜੱਜ ਉਨ੍ਹਾਂ ਨੂੰ ਪਹਿਲ ਦਿੰਦੇ ਸਨ। ਸਾਰੇ ਕੰਮ ਰੋਕ ਕੇ ਉਨ੍ਹਾਂ ਦੀ ਗਵਾਹੀ ਹੁੰਦੀ ਹੈ। ਮਕਸਦ ਇਹੋ ਹੈ। ਮਰੀਜ਼ ਰੁਲਦੇ ਨਾ ਰਹਿਣ। ਇਹ ਸ਼ਹਾਦਤ ਦੇ ਬਹਾਨੇ ਆਪਣੀ ਕਲੀਨਿਕ ਚਲਾ ਰਿਹਾ ਸੀ।

"ਹੁਣ ਕੀ ਕਰੀਏ? ਡਾਕਟਰ ਨੂੰ ਉਡੀਕੀਏ ਜਾਂ ਕਿਧਰੇ ਹੋਰ ਚੱਲੀਏ ? ਕਾਨੂੰਨੀ ਨਜ਼ਰੀਏ ਤੋਂ ਕੀ ਕਰਨਾ ਚਾਹੀਦਾ ਹੈ ?"

ਸਰਦਾਰੀ ਲਾਲ ਨੇ ਸਾਰੀ ਜ਼ਿੰਮੇਵਾਰੀ ਰਾਮ ਨਾਥ ਦੇ ਮੋਢਿਆਂ ਉੱਪਰ ਸੁੱਟ ਦਿੱਤੀ।

"ਤੁਸੀਂ ਮੈਨੂੰ ਦੱਸੋ ਕੀ ਸਮੱਸਿਆ ਹੈ ? ਆਖੋ ਤਾਂ ਡਾਕਟਰ ਨੂੰ ਹੁਣੇ ਬੁਲਾ ਦਿਆਂ ? ਮੇਰੇ ਕੋਲ ਉਸਦੇ ਮੋਬਾਇਲ ਫ਼ੋਨ ਦਾ ਨੰਬਰ ਹੈ।"

ਮਰੀਜ਼ ਦੇ ਵਾਰਿਸਾਂ ਨੂੰ ਸ਼ਸ਼ੋਪੰਜ ਵਿਚ ਪਿਆ ਦੇਖਕੇ ਠੇਕੇਦਾਰ ਨੇ ਆਪਣਾ ਉੱਲੂ ਸਿੱਧਾ ਕਰਨ ਦਾ ਇਹ ਠੀਕ ਮੌਕਾ ਸਮਝਿਆ।

"ਨਾਲੇ ਤੁਸੀਂ ਆਖਦੇ ਹੋ ਉਹ ਸ਼ਹਾਦਤ ਤੇ ਗਏ ਨੇ ?"

"ਓ ਛੱਡੋ ! ਅਦਾਲਤ ਨੂੰ ਬੇਨਤੀ ਕਰ ਦੇਣਗੇ। ਆਖ ਦੇਣਗੇ ਐਮਰਜੈਂਸੀ ਕੇਸ ਆ ਗਿਆ।"

ਜੇਬ ਵਿਚੋਂ ਮੋਬਾਇਲ ਫ਼ੋਨ ਕੱਢ ਕੇ ਠੇਕੇਦਾਰ ਉਨ੍ਹਾਂ ਦੇ ਹੁੰਗਾਰੇ ਦਾ ਇੰਤਜ਼ਾਰ ਕਰਨ ਲੱਗਾ।

"ਬੁਲਾ ਫੇਰ ! ਦੇਰ ਕਿਉਂ ਕੀਤੀ ਹੈ?" ਡਾਕਟਰ ਦੇਵ ਨੇ ਠੇਕੇਦਾਰ ਦੀ ਹਾਂ ਵਿਚ ਹਾਂ ਭਰੀ।

"ਪਹਿਲਾਂ ਫ਼ੀਸ ਤੈਅ ਕਰੋ। ਕੁਝ ਅਡਵਾਂਸ ਦਿਓ। ਫੇਰ ਹੀ ਡਾਕਟਰ ਆਏਗਾ ?"

ਦੱਸਦੇ ਹਾਂ ਤੈਨੂੰ, ਇਕ ਮਿੰਟ ਰੁਕ।" ਆਖ ਕੇ ਡਾਕਟਰ ਰਾਮ ਨਾਥ ਅਤੇ ਸਰਦਾਰੀ ਲਾਲ ਨੂੰ ਇਕ ਪਾਸੇ ਲੈ ਗਿਆ।

"ਇਥੇ ਜਿੰਨੀ ਦੇਰ ਹੋਏਗੀ ਮਰੀਜ਼ਾਂ ਦੀ ਜਾਨ ਨੂੰ ਉਨਾ ਖਤਰਾ ਵਧਦਾ ਜਾਏਗਾ। ਮੇਰੇ ਵਿਚਾਰ ਵਿਚ ਸਾਨੂੰ ਇਨ੍ਹਾਂ ਨੂੰ ਇਥੋਂ ਫੌਰਨ ਸ਼ਿਫ਼ਟ ਕਰ ਦੇਣਾ ਚਾਹੀਦਾ ਹੈ। ਪਰ ਕਾਨੂੰਨ ਕੀ ਕਹਿੰਦਾ ਹੈ? ਇਹ ਤੁਸੀਂ ਦੇਖੋ।" ਡਾਕਟਰ ਦੇਵ ਨੇ ਡਾਕਟਰੀ ਨਜ਼ਰੀਏ ਤੋਂ ਰਾਏ ਦਿੱਤੀ।

"ਕੇਸ ਦੇ ਸਿਰੇ ਚੜ੍ਹਨ ਦੀ ਕੋਈ ਆਸ ਨਹੀਂ। ਭੱਠ ਪਏ ਕਾਨੂੰਨ ਅਤੇ ਮੁਲਜ਼ਮ। ਸਾਨੂੰ ਮਰੀਜ਼ਾਂ ਨੂੰ ਬਚਾਉਣਾ ਚਾਹੀਦਾ ਹੈ।"

ਇਹ ਕਾਨੂੰਨੀ ਰਾਏ ਸੀ।

"ਫੇਰ ਠੀਕ ਹੈ। ਛੁੱਟੀ ਕਰਾਓ ਅਤੇ ਚੱਲੋ। ਬਹੁਤਾ ਸੋਚਣ ਦਾ ਵਕਤ ਨਹੀਂ ਹੈ।" ਡਾਕਟਰ ਦੇਵ ਨੇ ਤੁਰੰਤ ਫੈਸਲਾ ਕਰ ਦਿੱਤਾ।

ਇਸੇ ਦੌਰਾਨ ਇਕ ਹੌਲਦਾਰ ਹੱਥੀਂ ਕੋਠੀਉਂ ਸੁਨੇਹਾ ਆ ਗਿਆ। ਪੁਲਿਸ ਕਪਤਾਨ ਦੋ ਵਾਰ ਕੋਠੀ ਦਾ ਚੱਕਰ ਲਾ ਚੁੱਕਾ ਸੀ। ਕਿਸੇ ਮੰਤਰੀ ਨੇ ਮੌਕਾ ਦੇਖਣ ਆਉਣਾ ਸੀ। ਮੰਤਰੀ ਦੇ ਪੁੱਜਣ ਤੋਂ ਪਹਿਲਾਂ ਪਰਚਾ ਦਰਜ ਹੋਣਾ ਜ਼ਰੂਰੀ ਸੀ। ਪੱਤਰਕਾਰ ਅਤੇ ਟੀ.ਵੀ. ਚੈਨਲਾਂ ਦੇ ਕੈਮਰਾਮੈਨ ਕਾਹਲੇ ਪਏ ਹੋਏ ਸਨ। ਉਨ੍ਹਾਂ ਆਪਣੀਆਂ ਰਿਪੋਰਟਾਂ ਫਾਈਲ ਕਰਨੀਆਂ ਸਨ। ਮੰਤਰੀ ਜੀ ਨੇ ਪ੍ਰੈਸ-ਕਾਨਫਰੰਸ ਬੁਲਾਈ ਸੀ। ਉਨ੍ਹਾਂ ਨੇ ਤੱਥਾਂ ਦੀ ਜਾਣਕਾਰੀ ਦੇ ਕੇ ਕੁਝ ਐਲਾਨ ਕਰਨੇ ਸਨ। ਇਹ ਸਭ ਕੁਝ ਪਰਚਾ ਦਰਜ ਨਾ ਹੋਣ ਕਾਰਨ ਰੁਕਿਆ ਹੋਇਆ ਸੀ। ਵਕੀਲ ਸਾਹਿਬ ਮੌਕੇ 'ਤੇ ਪੁੱਜਣ ਅਤੇ ਕਾਨੂੰਨੀ ਕਾਰਵਾਈ ਮੁਕੰਮਲ ਹੋਣ ਵਿਚ ਪੁਲਿਸ ਦੀ ਸਹਾਇਤਾ ਕਰਨ।

ਰਾਮ ਨਾਥ ਪੁਲਿਸ ਦੀ ਮਜਬੂਰੀ ਨੂੰ ਸਮਝ ਰਿਹਾ ਸੀ। ਪੱਤਰਕਾਰਾਂ ਜਾਂ ਮੰਤਰੀ ਦੀ ਉਸ ਨੂੰ ਪਰਵਾਹ ਨਹੀਂ ਸੀ। ਉਸ ਨੂੰ ਫਿਕਰ ਸੀ ਰੁਲ ਰਹੀ ਕਮਲ ਦੀ ਲਾਸ਼ ਦਾ। ਸਸਕਾਰ ਤੋਂ ਪਹਿਲਾਂ ਉਸਦਾ ਪੋਸਟ-ਮਾਰਟਮ ਹੋਣਾ ਸੀ, ਪੋਸਟ-ਮਾਰਟਮ ਤੋਂ ਪਹਿਲਾਂ ਪਰਚਾ ਦਰਜ ਹੋਣਾ ਸੀ।

ਪਰਚਾ ਦਰਜ ਤਾਂ ਹੋਣਾ ਸੀ, ਜੇ ਰਾਮ ਨਾਥ ਨੂੰ ਮੁਲਜ਼ਮਾਂ ਬਾਰੇ ਕੁਝ ਪਤਾ ਹੋਵੇ। ਰਾਮ ਨਾਥ ਪਰਚੇ ਵਿਚ ਲਿਖਾਏ ਤਾਂ ਕੀ ?

ਨੀਲਮ ਅਤੇ ਵੇਦ ਦੇ ਹੋਸ਼ ਵਿਚ ਆਉਣ ਵਿਚ ਕੁਝ ਦਿਨ ਲਗਣੇ ਸਨ। ਵਾਰਦਾਤ ਬਾਰੇ ਜਾਣਕਾਰੀ ਕੇਵਲ ਨੇਹਾ ਕੋਲੋਂ ਮਿਲ ਸਕਦੀ ਸੀ।

ਬੇਹੋਸ਼ੀ ਉਤਰਨੀ ਸ਼ੁਰੂ ਹੋ ਗਈ ਹੋਈ ਸੀ। ਘੰਟੇ ਅੱਧੇ ਘੰਟੇ ਬਾਅਦ ਉਹ ਬੋਲਣ ਦੇ ਯੋਗ ਹੋ ਸਕਦੀ ਸੀ।



"ਤੁਸੀਂ ਹਸਪਤਾਲ ਰਹੋ। ਨੇਹਾ ਦੀ ਮਲ੍ਹਮ-ਪੱਟੀ ਕਰਵਾ ਕੇ ਘਰ ਲੈ ਜਾਓ। ਪੁਲਿਸ ਕਾਰਵਾਈ ਮੁਕੰਮਲ ਕਰਾਓ। ਪੋਸਟ-ਮਾਰਟਮ ਅਤੇ ਸਸਕਾਰ ਦੀ ਤਿਆਰੀ ਕਰਾਓ। ਅਸੀਂ ਦੋਹਾਂ ਮਰੀਜ਼ਾਂ ਨੂੰ ਦਯਾਨੰਦ ਲੈ ਕੇ ਜਾਂਦੇ ਹਾਂ।" ਸਰਦਾਰੀ ਲਾਲ ਨੂੰ ਇਹੋ ਉਚਿਤ ਲੱਗਿਆ ਸੀ।

"ਠੀਕ ਹੈ।" ਆਖ ਕੇ ਰਾਮ ਨਾਥ ਆਪਣੇ ਪਜਾਮੇ ਦੀ ਚੋਰ ਜੇਬ ਟਟੋਲਣ ਲੱਗਾ। ਇਸ ਜੇਬ ਵਿਚ ਰਾਮ ਨਾਥ ਨੇ ਰੁਪਏ ਪਾਏ ਸਨ।

ਨੀਲਮ ਉਸਦੀ ਭੈਣ ਸੀ ਅਤੇ ਵੇਦ ਭਣੋਈਆ। ਸਰਦਾਰੀ ਲਾਲ ਵੀ ਉਸਦਾ ਜੀਜਾ ਲਗਦਾ ਸੀ। ਸਮਾਜਿਕ ਕਾਨੂੰਨ ਮੁਤਾਬਕ ਬਿਮਾਰੀ ਦਾ ਖਰਚਾ ਚੁੱਕਣ ਦੀ ਜ਼ਿੰਮੇਵਾਰੀ ਰਾਮ ਨਾਥ ਦੀ ਸੀ। ਇਸੇ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਹ ਜੇਬ ਵਿਚੋਂ ਪੈਸੇ ਕੱਢ ਰਿਹਾ ਸੀ।

"ਜੀਜਾ ਜੀ ! ਤੁਸੀਂ ਆਹ ਪੈਸੇ ਰੱਖ ਲਓ। ਦੋਹਾਂ ਦੀ ਅਡਮਿਸ਼ਨ ਕਰਵਾ ਦੇਣਾ। ਇੰਨੇ ਵਿਚ ਮੰਗਤ ਆ ਜਾਏਗਾ। ਘਰ ਜੋ ਸੀ, ਮੈਂ ਚੁੱਕ ਲਿਆਇਆ।"

ਜੇਬ ਵਿਚੋਂ ਦਸ ਹਜ਼ਾਰ ਕੱਢ ਕੇ ਸਰਦਾਰੀ ਲਾਲ ਨੂੰ ਫੜਾਉਂਦਾ ਰਾਮ ਨਾਥ ਗੁਨਾਹਗਾਰਾਂ ਵਾਂਗ ਘੱਟ ਪੈਸਿਆਂ ਦੀ ਸਫ਼ਾਈ ਦੇਣ ਲੱਗਾ।

"ਮੈਂ ਬਥੇਰੇ ਪੈਸੇ ਲੈ ਕੇ ਆਇਆ ਹਾਂ। ਫਾਰਮੈਲਟੀ ਵਿਚ ਨਾ ਪੈ। ਮੌਕਾ ਸੰਭਾਲ। ਬਾਅਦ ਵਿਚ ਦੇਖ ਲਵਾਂਗੇ।"

ਸਰਦਾਰੀ ਲਾਲ ਨੇ ਨੋਟਾਂ ਨਾਲ ਭਰਿਆ ਬੈਗ ਰਾਮ ਨਾਥ ਨੂੰ ਦਿਖਾਇਆ ਅਤੇ ਉਸਦੇ ਪੈਸੇ ਉਸ ਨੂੰ ਮੋੜ ਦਿੱਤੇ।

ਜਨਾਨਾ ਵਾਰਡ ਤਕ ਉਹ ਇਕੱਠੇ ਆਏ।

ਉਥੋਂ ਸਰਦਾਰੀ ਲਾਲ ਅਤੇ ਡਾਕਟਰ ਐਮਰਜੈਂਸੀ ਵਾਰਡ ਨੂੰ ਮੁੜ ਗਏ। ਰਾਮ ਨਾਥ ਜਨਾਨਾ ਵਾਰਡ ਵੱਲ ਹੋ ਗਿਆ।

## -4-

ਐਮਰਜੈਂਸੀ ਡਿਊਟੀ 'ਤੇ ਤਾਇਨਾਤ ਡਾਕਟਰ ਸਥਿਤੀ ਦੀ ਗੰਭੀਰਤਾ ਨੂੰ ਭਾਂਪ ਚੁੱਕਾ ਸੀ।

ਦਿਨ ਦੇ ਗਿਆਰਾਂ ਵੱਜ ਚੁੱਕੇ ਸਨ। ਹਾਲੇ ਤਕ ਮਰੀਜ਼ਾਂ ਨੂੰ ਮੁੱਢਲੀ ਸਹਾਇਤਾ ਤਕ ਨਹੀਂ ਸੀ ਦਿੱਤੀ ਗਈ।

ਮਰੀਜ਼ਾਂ ਦੇ ਵਾਰਿਸ ਹਸਪਤਾਲ ਪੁੱਜਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਵਿਚੋਂ ਇਕ ਵਕੀਲ ਸੀ ਅਤੇ ਇਕ ਡਾਕਟਰ। ਉਹ ਡਾਕਟਰਾਂ ਦੀ ਅਣਗਹਿਲੀ 'ਤੇ ਕਿੰਤੂ ਪ੍ਰੰਤੂ ਕਰ ਰਹੇ ਸਨ। ਕਿਸੇ ਕੋਲ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਸੀ।

ਪੱਤਰਕਾਰ ਗੇੜੇ ਮਾਰ ਰਹੇ ਸਨ। ਕੁਝ ਮਜ਼ਰੂਬਾਂ ਦੀਆਂ ਫੋਟੋ ਉਤਾਰ ਕੇ ਲੈ ਗਏ ਸਨ। ਬਾਕੀ ਦੇ ਡਾਕਟਰਾਂ ਤੋਂ ਜਾਨਣਾ ਚਾਹੁੰਦੇ ਸਨ ਕਿ ਮਜ਼ਰੂਬਾਂ ਦੀ ਹਾਲਤ ਕਿਹੋ ਜਿਹੀ ਹੈ ? ਖ਼ਤਰੇ ਵਿਚ ਹਨ ਜਾਂ ਖ਼ਤਰੇ ਤੋਂ ਬਾਹਰ ?

ਭਾਈਚਾਰੇ ਦੇ ਨਾਤੇ ਪੁਲਿਸ ਵਾਲਿਆਂ ਨੇ ਡਾਕਟਰਾਂ ਨੂੰ ਸੁਚੇਤ ਕਰ ਦਿੱਤਾ ਸੀ। ਸਥਿਤੀ ਨਾਜ਼ੁਕ ਹੁੰਦੀ ਜਾ ਰਹੀ ਸੀ। ਸ਼ਹਿਰ ਵਿਚ ਇਸ ਵਾਰਦਾਤ ਕਾਰਨ ਗੁੱਸਾ ਅਤੇ

ਘਬਰਾਹਟ ਫੈਲ ਰਹੀ ਸੀ। ਗ੍ਰਹਿ-ਮੰਤਰੀ ਸ਼ਹਿਰ ਦਾ ਦੌਰਾ ਕਰਨ ਆ ਰਿਹਾ ਸੀ। ਉਹ ਮਜ਼ਰੂਬਾਂ ਦਾ ਹਾਲ-ਚਾਲ ਪੁੱਛਣ ਹਸਪਤਾਲ ਵੀ ਆਏਗਾ। ਡਾਕਟਰਾਂ ਨੂੰ ਹਾਲਾਤ ਅਨੁਸਾਰ ਢਲ ਜਾਣਾ ਚਾਹੀਦਾ ਸੀ।

ਆਪਣਾ ਫਰਜ਼ ਸਮਝ ਕੇ ਐਮਰਜੈਂਸੀ ਡਾਕਟਰ ਨੇ ਫ਼ੋਨ ਕਰ-ਕਰ ਸਾਰੇ ਡਾਕਟਰਾਂ ਨੂੰ ਸੂਚਿਤ ਕਰ ਦਿੱਤਾ ਸੀ। ਐਕਸਰੇ ਵਾਲੇ ਡਾਕਟਰ ਅਤੇ ਲੇਡੀ ਡਾਕਟਰ ਸ਼ਰਨਜੀਤ ਨੂੰ ਉਸਨੇ ਤਾੜਿਆ ਵੀ ਸੀ। ਨਜ਼ਲਾ ਉਨ੍ਹਾਂ 'ਤੇ ਝੜ ਸਕਦਾ ਸੀ।

ਠੇਕੇਦਾਰ ਆਪਣੀ ਰਿਪੋਰਟ ਦੇ ਚੁੱਕਾ ਸੀ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਸੀ। ਮੁਫ਼ਤ ਵਿਚ ਮੁਆਇਨੇ ਕਰਨੇ ਪੈਣੇ ਸਨ। ਡਾ. ਨਸੀਬ ਮਿੱਤਲ ਨੂੰ ਕੋਈ ਪਰਵਾਹ ਨਹੀਂ ਸੀ। ਉਹ ਸ਼ਹਾਦਤ ਦੇਣ ਅਦਾਲਤ ਗਿਆ ਸੀ। ਅਦਾਲਤ ਨਾਲ ਸਹਿਯੋਗ ਕਰਨਾ ਹਰ ਸ਼ਹਿਰੀ ਦਾ ਪਹਿਲਾ ਫਰਜ਼ ਸੀ। ਉਸਨੇ ਅਦਾਲਤ ਕੋਲੋਂ ਆਪਣੇ ਹਾਜ਼ਰ ਹੋਣ ਬਾਰੇ ਸਰਟੀਫਿਕੇਟ ਲੈ ਲਿਆ ਸੀ। ਹੁਣ ਉਸਨੂੰ ਮੰਤਰੀ ਦਾ ਕੋਈ ਡਰ ਨਹੀਂ ਸੀ। ਉਸਨੇ ਆਪਣੇ ਫਾਰਮਾਸਿਸਟ ਨੂੰ ਆਖ ਦਿੱਤਾ ਸੀ। ਉਹ ਮਰੀਜ਼ਾਂ ਨੂੰ ਕੱਲ੍ਹ ਦਾ ਟਾਈਮ ਦੇ ਦੇਵੇ।

ਡਾ. ਸ਼ਰਨਜੀਤ ਕੋਲ ਅਜਿਹਾ ਕੋਈ ਬਹਾਨਾ ਨਹੀਂ ਸੀ। ਇਸ ਲਈ ਉਸਨੇ ਆਪਣੀ ਨਰਸ ਨੂੰ ਤਿਆਰ ਰਹਿਣ ਦਾ ਸੁਨੇਹਾ ਭੇਜ ਦਿੱਤਾ ਸੀ। ਆਉਂਦਿਆਂ ਹੀ ਉਸਨੇ ਪਹਿਲਾਂ ਨੇਹਾ ਦਾ ਡਾਕਟਰੀ ਮੁਲਾਹਜ਼ਾ ਕਰਨਾ ਸੀ। ਬਾਕੀ ਮਰੀਜ਼ਾਂ ਨੂੰ ਫੇਰ ਦੇਖਣਾ ਸੀ।

ਰਾਮ ਨਾਥ ਜਦੋਂ ਜਨਾਨਾ ਵਾਰਡ ਵਿਚ ਪੁੱਜਾ, ਉਸ ਸਮੇਂ ਨੇਹਾ ਦਾ ਡਾਕਟਰੀ ਮੁਲਾਹਜ਼ਾ ਹੋ ਰਿਹਾ ਸੀ।

ਉਸਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਹੋ ਚੁੱਕੀ ਸੀ। ਫਟੇ ਅਤੇ ਖ਼ੂਨ ਨਾਲ ਲਿਬੜੇ ਕੱਪੜੇ ਕਬਜ਼ੇ ਵਿੱਚ ਲਏ ਜਾ ਚੁੱਕੇ ਸਨ। ਨਰਸ ਉਨ੍ਹਾਂ ਨੂੰ ਸਫ਼ੈਦ ਥੈਲੀ ਵਿਚ ਪਾ ਕੇ ਉਨ੍ਹਾਂ ਦਾ ਪਾਰਸਲ ਬਣਾ ਰਹੀ ਸੀ।

ਸੰਗੀਤਾ ਆਪਣੀ ਨਣਦ ਸੀਮਾ ਨੂੰ ਨੀਲਮ ਕੋਲ ਬੈਠਾ ਕੇ ਨੇਹਾ ਕੋਲ ਆ ਗਈ ਸੀ। ਸੰਗੀਤਾ ਅਤੇ ਪਲਵੀ ਡਾਕਟਰ ਦੀ ਡਾਕਟਰੀ ਮੁਆਇਨੇ ਵਿਚ ਸਹਾਇਤਾ ਕਰ ਰਹੀਆਂ ਸਨ। ਨੇਹਾ ਨਿਢਾਲ ਪਈ ਸੀ। ਲਗਦਾ ਸੀ ਹਾਲੇ ਉਸ ਨੂੰ ਹੋਸ਼ ਨਹੀਂ ਸੀ ਆਈ।

ਰਾਮ ਨਾਥ ਨੂੰ ਵਾਰਡ ਵਿਚ ਆਇਆ ਦੇਖ ਕੇ ਸੰਗੀਤਾ ਵੇਦ ਦੀ ਹਾਲਤ ਜਾਨਣ ਲਈ ਉਸ ਕੋਲ ਆ ਗਈ।

ਰਾਮ ਨਾਥ ਸੰਗੀਤਾ ਨੂੰ ਇਕ ਪਾਸੇ ਲੈ ਗਿਆ। ਸੰਗੀਤਾ ਨੇ ਨੇਹਾ ਦਾ ਮੁਆਇਨਾ ਹੁੰਦਾ ਦੇਖਿਆ ਸੀ। ਉਸ ਨਾਲ ਕੀ ਬੀਤੀ ਸੀ ? ਰਾਮ ਨਾਥ ਵਿਸਥਾਰ ਨਾਲ ਜਾਨਣਾ ਚਾਹੁੰਦਾ ਸੀ। ਇਹ ਜਾਣਕਾਰੀ ਉਸਨੂੰ ਪਰਚਾ ਦਰਜ ਕਰਾਉਣ ਲਈ ਚਾਹੀਦੀ ਸੀ।

ਕੁੜੀ ਦਾ ਭੈੜਾ ਹਾਲ ਸੀ। ਜਾਪਦਾ ਸੀ ਬਲਾਤਕਾਰੀ ਹੱਟਾ-ਕੱਟਾ ਸੀ। ਕੁੜੀ ਨੂੰ ਭੇੜੀਏ ਵਾਂਗ ਪਿਆ ਸੀ। ਨਾਜ਼ੁਕ ਕੁੜੀ ਦਾ ਅੰਗ-ਅੰਗ ਚੂੰਡਿਆ ਪਿਆ ਸੀ। ਕੁੜੀ ਨੂੰ ਸੰਭਲਣ ਲਈ ਕਈ ਦਿਨ ਲੱਗਣੇ ਸਨ।

ਨੇਹਾ ਗਹਿਰੇ ਸਦਮੇ ਵਿਚ ਸੀ। ਥੋੜ੍ਹੀ ਜਿਹੀ ਹੋਸ਼ ਪਰਤਦੇ ਹੀ ਖ਼ੂਹ-ਖਾਤਾ ਗੰਦਾ ਕਰਨ ਲਈ ਆਖਣ ਲਗਦੀ ਸੀ।

"ਉਹ ਕੁਝ ਵਾਰਦਾਤ ਬਾਰੇ ਦੱਸ ਸਕਦੀ ਹੈ?"

ਰਾਮ ਨਾਥ ਦਾ ਧਿਆਨ ਇਕੋ ਨੁਕਤੇ 'ਤੇ ਅਟਕਿਆ ਹੋਇਆ ਸੀ।

"ਲੋਕ ਠੀਕ ਆਖਦੇ ਹਨ। ਵਕੀਲਾਂ ਦੇ ਸੀਨੇ ਵਿਚ ਦਿਲ ਨਹੀਂ ਹੁੰਦਾ। ਉਹ ਸ਼ਰਮ



ਦੀ ਮਾਰੀ ਆਤਮ-ਹੱਤਿਆ ਕਰਨ ਨੂੰ ਫਿਰਦੀ ਹੈ। ਤੁਸੀਂ ਉਸ ਤੋਂ ਵਾਰਦਾਤ ਦੇ ਵੇਰਵੇ ਪੁੱਛਦੇ ਹੋ? ਗੱਲ ਛੇੜ ਕੇ ਉਸ ਦੇ ਅੱਲੇ ਜ਼ਖ਼ਮਾਂ 'ਤੇ ਲੂਣ ਨਾ ਛਿੜਕ ਦੇਣਾ। ਮੇਰੀ ਫੁੱਲਾਂ ਵਰਗੀ ਬੇਟੀ ਨੂੰ ਬਖਸ਼ੋ!"

ਸੰਗੀਤਾ ਰਾਮ ਨਾਥ ਦੇ ਮੋਢੇ 'ਤੇ ਸਿਰ ਰੱਖ ਕੇ ਅੱਥਰੂਆਂ ਰਾਹੀਂ ਮਨ ਦੀ ਭੜਾਸ ਕੱਢਣ ਲੱਗੀ।

"ਪਰਚਾ ਦਰਜ ਕਰਾਉਣਾ ਜ਼ਰੂਰੀ ਹੈ। ਹੁਣ ਮੈਂ ਪਰਚੇ ਵਿਚ ਦੱਸ ਕੀ ਲਿਖਾਵਾਂ?"

ਸੰਗੀਤਾ ਨੂੰ ਰੋਂਦੇ ਦੇਖ ਕੇ ਰਾਮ ਨਾਥ ਦਾ ਮਨ ਭਰ ਆਇਆ। ਪਰ ਉਸਨੇ ਆਪਣੇ ਹੰਝੂ ਅੱਖਾਂ ਵਿਚ ਰੋਕੀ ਰੱਖੇ। ਕੁਝ ਦੇਰ ਖਾਮੋਸ਼ ਰਹਿ ਕੇ ਮਨ ਨੂੰ ਢਾਰਸ ਦਿੱਤੀ ਅਤੇ ਜਦੋਂ ਸੰਗੀਤਾ ਸੰਭਲੀ, ਉਸਨੇ ਆਪਣੀ ਚਿੰਤਾ ਉਸ ਨਾਲ ਸਾਂਝੀ ਕੀਤੀ।

"ਭੱਠ ਵਿਚ ਪਏ ਤੁਹਾਡਾ ਕੇਸ! ਪਤਾ ਨਹੀਂ ਕਿਹੋ ਜਿਹੇ ਖ਼ੂੰਖਾਰ ਮੁਲਜ਼ਮ ਹੋਣਗੇ? ਕੌਣ ਦਿਊ ਉਨ੍ਹਾਂ ਵਿਰੁੱਧ ਗਵਾਹੀ ? ਤੁਸੀਂ ਇਨ੍ਹਾਂ ਨੂੰ ਸੰਭਾਲੋ।"

"ਦੇਖਦੇ ਹਾਂ।"

"ਇਕ ਗੱਲ ਹੋਰ ਸੁਣੋ। ਕਿਧਰੇ ਪਰਚੇ ਵਿਚ ਨੇਹਾ ਨਾਲ ਹੋਏ ਬਲਾਤਕਾਰ ਦਾ ਜ਼ਿਕਰ ਨਾ ਕਰ ਦੇਣਾ। ਜੇ ਬਲਾਤਕਾਰ ਦੀ ਕਹਾਣੀ ਪਾ ਦਿੱਤੀ ਕੁੜੀ ਦਾ ਭਵਿੱਖ ਤਬਾਹ ਹੋ ਜਾਏਗਾ।"

ਇਕ ਔਰਤ ਦਾ ਦਰਦ ਇਕ ਔਰਤ ਸਮਝ ਸਕਦੀ ਸੀ। ਇਹ ਸਮਝ ਉਹ ਰਾਮ ਨਾਥ ਨੂੰ ਦੇਣਾ ਚਾਹੁੰਦੀ ਸੀ।

ਰਾਮ ਨਾਥ ਨੂੰ ਪਹਿਲੀ ਵਾਰ ਆਪਣੇ ਪੱਥਰ-ਦਿਲ ਹੋਣ ਦਾ ਅਹਿਸਾਸ ਹੋਇਆ। ਸਬੂਤਾਂ ਦੇ ਚੱਕਰ ਨੇ ਉਸ ਦੀ ਸੰਵੇਦਨਸ਼ੀਲਤਾ ਅਤੇ ਦੂਰਦਰਸ਼ਤਾ ਨੂੰ ਨਿਗਲ ਲਿਆ ਸੀ। ਉਸਨੂੰ ਅਫ਼ਸੋਸ ਹੋਇਆ। ਉਸ ਨੂੰ ਇਹ ਗੱਲ ਖ਼ੁਦ ਨੂੰ ਕਿਉਂ ਨਹੀਂ ਸੁੱਝੀ ? ਇਕ ਵਕੀਲ ਹੋਣ ਦੇ ਨਾਤੇ ਉਸਨੂੰ ਬਲਾਤਕਾਰ ਦੇ ਭਵਿੱਖਮੁਖੀ ਪ੍ਰਭਾਵਾਂ ਦਾ ਪਤਾ ਹੋਣਾ ਚਾਹੀਦਾ ਸੀ।

ਹਾਲੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਸੀ ਵਿਗੜਿਆ। ਪਰਚੇ ਵਿਚ ਉਹ ਬਲਾਤਕਾਰ ਦਾ ਉੱਕਾ ਜ਼ਿਕਰ ਨਹੀਂ ਕਰੇਗਾ।

ਉਸ ਨੂੰ ਬਲਾਤਕਾਰ ਦੇ ਸਬੂਤ ਹੁਣ ਤੋਂ ਮਿਟਾਉਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ।

ਡਾ. ਸ਼ਰਨਜੀਤ ਇੰਜਰੀ ਰਿਪੋਰਟ ਤਿਆਰ ਕਰ ਰਹੀ ਸੀ। ਰਾਮ ਨਾਥ ਨੂੰ ਡਾਕਟਰ ਨੂੰ ਮਿਲਣਾ ਚਾਹੀਦਾ ਸੀ। ਉਸਨੂੰ ਬੇਨਤੀ ਕਰਨੀ ਚਾਹੀਦੀ ਸੀ। ਉਹ ਬਲਾਤਕਾਰ ਵਾਲੇ ਤੱਥ ਨੂੰ ਉੱਕਾ ਛੁਪਾ ਲਏ। ਕੇਵਲ ਸੱਟਾਂ ਦਾ ਜ਼ਿਕਰ ਕਰੇ।

ਰਾਮ ਨਾਥ ਨੂੰ ਆਸ ਸੀ ਕਿ ਔਰਤ ਹੋਣ ਦੇ ਨਾਤੇ ਡਾਕਟਰ ਨੇਹਾ ਦੀਆਂ ਮਜਬੂਰੀਆਂ ਨੂੰ ਸਮਝੇਗੀ। ਫੇਰ ਜਦੋਂ ਮੁਦਈ ਧਿਰ ਨੂੰ ਇਸ ਜੁਰਮ ਨੂੰ ਛਿਪਾਉਣ ਵਿਚ ਕੋਈ ਇਤਰਾਜ ਨਹੀਂ ਸੀ ਤਾਂ ਡਾਕਟਰ ਨੂੰ ਕੀ ਉਜਰ ਹੋ ਸਕਦਾ ਸੀ। ਇਹ ਮੰਗ ਜੇ ਮੁਲਜ਼ਮ ਕਰਦੇ ਫੇਰ ਹੋਰ ਗੱਲ ਸੀ।

"ਤੁਸੀਂ ਕਮਾਲ ਕਰਦੇ ਹੋ ਵਕੀਲ ਸਾਹਿਬ! ਇੱਡੀ ਵੱਡੀ ਗੱਲ ਨੂੰ ਮੈਂ ਕਿਵੇਂ ਛੁਪਾ ਲਵਾਂ ? ਮੈਂ ਨੌਕਰੀ ਕਰਨੀ ਹੈ। ਕਿਸੇ ਨੇ ਇਸਦਾ ਮੈਡੀਕਲ ਕਿਧਰੋਂ ਹੋਰ ਕਰਾਉਣ ਦੀ ਦਰਖ਼ਾਸਤ ਦੇ ਦਿੱਤੀ ਮੇਰਾ ਕੀ ਬਣੂ?"

"ਹੋਰ ਕਿਸੇ ਨੂੰ ਡਾਕਟਰੀ ਕਰਾਉਣ ਵਿਚ ਕੀ ਦਿਲਚਸਪੀ ਹੈ? ਮੁਲਜ਼ਮ ਦਾ ਪਤਾ

ਨਹੀਂ ਕੌਣ ਹਨ ? ਮੈਂ ਲੜਕੀ ਦਾ ਮਾਮਾ ਹਾਂ। ਵਕੀਲ ਹਾਂ। ਉਸਦੇ ਬੁਰੇ ਭਲੇ ਦਾ ਮੈਨੂੰ ਅਹਿਸਾਸ ਹੈ। ਇਸਦੇ ਮਾਂ-ਬਾਪ ਮਰਨ ਕਿਨਾਰੇ ਹਨ। ਬੱਚੀ ਦੇ ਭਵਿੱਖ ਦਾ ਸਵਾਲ ਹੈ। ਮੈਂ ਜੋ ਆਖੋ, ਲਿਖ ਕੇ ਦੇਣ ਨੂੰ ਤਿਆਰ ਹਾਂ।"

ਰਾਮ ਨਾਥ ਨੇ ਉਹ ਸਭ ਤਰਲੇ ਲਏ, ਜੋ ਇਕ ਔਰਤ ਦਾ ਦਿਲ ਪਸੀਜਣ ਲਈ ਲਏ ਜਾ ਸਕਦੇ ਸਨ।

ਪਰ ਉਹ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਹੋਈ ਸੀ। ਰਾਮ ਨਾਥ ਦੀਆਂ ਅੱਖਾਂ ਵਿਚ ਭਰੇ ਹੰਝੂ ਉਸਨੂੰ ਖਾਰੇ ਪਾਣੀ ਤੋਂ ਵੱਧ ਕੁਝ ਨਹੀਂ ਸਨ ਲੱਗ ਰਹੇ।

ਰਾਮ ਨਾਥ ਨੇ ਹੋਰ ਮਿੰਨਤ ਕੀਤੀ ਤਾਂ ਉਹ ਵੱਢ ਖਾਣਿਆਂ ਵਾਂਗ ਪਈ।

"ਪਲੀਜ਼! ਮੇਰਾ ਟਾਇਮ ਖਰਾਬ ਨਾ ਕਰੋ। ਮੈਨੂੰ ਆਪਣਾ ਕੰਮ ਕਰਨ ਦਿਉ।"

ਦਾਲ ਨਾ ਗਲਦੀ ਦੇਖਕੇ ਰਾਮ ਨਾਥ ਉਸ ਦੇ ਦਫ਼ਤਰੋਂ ਬਾਹਰ ਆ ਗਿਆ।

"ਅੰਕਲ ਤੁਸੀਂ ਉਸ ਠੇਕੇਦਾਰ ਨੂੰ ਮਿਲੋ। ਦੇਖਣਾ ਉਹ ਕੰਮ ਕਰਵਾ ਦੇਵੇਗਾ।" ਪਲਵੀ ਨੂੰ ਠੇਕੇਦਾਰ ਭੁੱਲਾ ਨਹੀਂ ਸੀ। ਉਸਨੇ ਰਾਮ ਨਾਥ ਨੂੰ ਉਸਦੀ ਯਾਦ ਦਿਵਾਈ।

ਰਾਮ ਨਾਥ ਨੂੰ ਇਕ ਵਾਰ ਫੇਰ ਆਪਣੀ ਅਕਲ 'ਤੇ ਗੁੱਸਾ ਆਇਆ। ਅੱਜ ਜਿਵੇਂ ਉਸ ਅੰਦਰਲਾ ਚੁਸਤ ਵਕੀਲ ਮਰ ਚੁੱਕਾ ਸੀ। ਉਸਨੂੰ ਨਵੇਂ ਵਿਚਾਰ ਕਿਥੋਂ ਸੁਝਣੇ ਸਨ। ਉਸਦੀ ਪਕੜ ਵਿੱਚ ਸਾਧਾਰਨ ਵਿਚਾਰ ਨਹੀਂ ਸਨ ਆ ਰਹੇ। ਸ਼ਾਇਦ ਇਸ ਦਾ ਕਾਰਨ ਸਿਰ 'ਤੇ ਪਈ ਭੀੜ ਸੀ।

ਠੇਕੇਦਾਰ ਨੇ ਪਹਿਲਾਂ ਨਖਰਾ ਕੀਤਾ। ਸਵੇਰ ਦਾ ਉਹ ਮਿੰਨਤਾਂ ਕਰ ਰਿਹਾ ਸੀ, ਕਿਸੇ ਨੇ ਉਸਦੀ ਗੱਲ ਨਹੀਂ ਸੁਣੀ।

ਫੇਰ ਉਹ ਮੰਨ ਗਿਆ। ਸਾਧਾਰਨ ਕੇਸਾਂ ਵਿਚ ਡਾਕਟਰ ਦੀ ਫ਼ੀਸ ਪੰਜ ਹਜ਼ਾਰ ਰੁਪਏ ਸੀ। ਇਥੇ ਕੋਈ ਦੂਸਰੀ ਧਿਰ ਨਹੀਂ ਸੀ। ਫੇਰ ਕੁੜੀ ਦੀ ਇੱਜ਼ਤ ਦਾ ਮਾਮਲਾ ਸੀ। ਇਸ ਲਈ ਉਸਨੇ ਗੱਲ ਚਾਰ ਹਜ਼ਾਰ ਤੋਂ ਸ਼ੁਰੂ ਕਰ ਕੇ ਦੋ 'ਤੇ ਨਬੇੜ ਦਿੱਤੀ।

ਰਾਮ ਨਾਥ ਨੇ ਸ਼ੁਕਰ ਕੀਤਾ। ਕੁੜੀ ਜੱਗ ਵੱਸਦੀ ਰਹਿ ਗਈ।

ਇਕ ਸਮੱਸਿਆ ਹੱਲ ਹੋਈ ਤਾਂ ਦੂਜੀ ਅੱਗੇ ਆ ਖੜੀ।

ਕੁਝ ਘੰਟਿਆਂ ਬਾਅਦ ਨੇਹਾ ਨੂੰ ਹੋਸ਼ ਆ ਜਾਣੀ ਸੀ। ਫੇਰ ਉਸਨੂੰ ਛੁੱਟੀ ਹੋ ਜਾਣੀ ਸੀ। ਛੁੱਟੀ ਕਰਵਾ ਕੇ ਉਸਨੂੰ ਕਿੱਥੇ ਲਿਜਾਇਆ ਜਾਵੇ?

ਰਾਮ ਨਾਥ ਅਤੇ ਸੰਗੀਤਾ ਨੇ ਆਪਣੇ-ਆਪਣੇ ਦਿਮਾਗ਼ਾਂ ਦੇ ਘੋੜੇ ਦੌੜਾਏ। ਦੋਹਾਂ ਦੇ ਘੋੜੇ ਪੱਚੀ ਲੱਖ ਦੀ ਆਬਾਦੀ ਵਾਲੇ ਸ਼ਹਿਰ ਵਿਚ ਦੌੜ-ਦੌੜ ਹੰਭ ਗਏ। ਉਨ੍ਹਾਂ ਨੂੰ ਇਕ ਘਰ ਵੀ ਅਜਿਹਾ ਨਹੀਂ ਸੀ ਲੱਭਾ ਜਿੱਥੇ ਕੁੜੀ ਨੂੰ ਕੁਝ ਦਿਨਾਂ ਲਈ ਠਹਿਰਾਇਆ ਜਾ ਸਕੇ।

ਇਕ ਵਾਰ ਫੇਰ ਪਲਵੀ ਉਨ੍ਹਾਂ ਲਈ ਸੋਨ ਪਰੀ ਬਣਕੇ ਬਹੁੜੀ।

ਇਹ ਸਮੱਸਿਆ ਉਹ ਪਹਿਲਾਂ ਹੀ ਭਾਂਪੀ ਖੜ੍ਹੀ ਸੀ।

ਨੇਹਾ ਨੂੰ ਲੈਣ ਉਸਦੇ ਮਾਂ-ਬਾਪ ਹਸਪਤਾਲ ਆ ਰਹੇ ਸਨ। ਪੂਰੀ ਤਰ੍ਹਾਂ ਠੀਕ ਹੋ ਜਾਣ ਤਕ ਨੇਹਾ ਉਨ੍ਹਾਂ ਦੇ ਘਰ ਰਹੇਗੀ।

ਘਰੋਂ ਫੇਰ ਪੁਲਿਸ ਦਾ ਸੁਨੇਗਾ ਆਇਆ। ਪੁਲਿਸ ਹੋਰ ਇੰਤਜ਼ਾਰ ਨਹੀਂ ਸੀ ਕਰ ਸਕਦੀ।

ਹੁਣ ਦੇਰ ਕਰਨ ਦਾ ਕੋਈ ਕਾਰਨ ਵੀ ਨਹੀਂ ਸੀ।



ਰਾਮ ਨਾਥ ਨੇ ਸੰਗੀਤਾਂ ਨੂੰ ਹਦਾਇਤ ਕੀਤੀ। ਛੁੱਟੀ ਹੋਣ ਤਕ ਉਹ ਹਸਪਤਾਲ ਰਹੇ। ਫੇਰ ਦਯਾਨੰਦ ਹਸਪਤਾਲ ਪੁੱਜ ਜਾਵੇ।

ਖੁਦ ਉਹ ਪਰਚਾ ਦਰਜ ਕਰਾਉਣ ਘਰ ਜਾ ਰਿਹਾ ਸੀ।

## -5-

ਵਾਰਦਾਤ ਦੀ ਖ਼ਬਰ ਤੇਜ਼ੀ ਨਾਲ ਫੈਲ ਰਹੀ ਸੀ। ਪਰਿਵਾਰਾਂ ਦੇ ਚਾਰਾਂ ਜੀਆਂ ਦੇ ਵਾਕਫਕਾਰਾਂ ਦਾ ਆਪਣਾ-ਆਪਣਾ ਘੇਰਾ ਸੀ। ਜਿਸ ਨੂੰ ਜਿਉਂ ਹੀ ਪਤਾ ਚੱਲਦਾ ਉਹ ਹੱਥਲਾ ਕੰਮ ਵਿਚੇ ਛੱਡ ਕੇ ਉਨ੍ਹਾਂ ਦੀ ਕੋਠੀ ਵੱਲ ਦੌੜ ਪੈਂਦਾ।

ਹਸਪਤਾਲੋਂ ਵਿਹਲਾ ਹੋ ਕੇ ਰਾਮ ਨਾਥ ਦੇ ਘਰ ਮੁੜਨ ਤਕ ਕੋਠੀ ਅੱਗੇ ਬਹੁਤ ਵੱਡੀ ਭੀੜ ਜੁੜ ਚੁੱਕੀ ਸੀ।

ਮੌਕਾ ਮੁਲਾਹਜ਼ਾ ਕਰਨ ਦੀ ਕਾਰਵਾਈ ਪੁਲਿਸ ਮੁਕੰਮਲ ਕਰ ਚੁੱਕੀ ਸੀ। ਵਾਰਦਾਤ ਬਹੁਤ ਸੁਲਝੇ ਢੰਗ ਨਾਲ ਕੀਤੀ ਗਈ ਸੀ। ਦੋਸ਼ੀਆਂ ਨੇ ਬਹੁਤੇ ਸਬਤ ਪਿੱਛੇ ਨਹੀਂ ਸਨ ਛੱਡੇ। ਮੌਕੇ ਤੋਂ ਇਕ ਰਾਡ ਜਿਸ ਨਾਲ ਸੱਟਾਂ ਮਾਰੀਆਂ ਗਈਆਂ ਸਨ ਅਤੇ ਇਕ ਬੈਗ, ਜਿਸ ਵਿਚ ਦੋਸ਼ੀ ਪੇਚਕਸ, ਚਾਬੀਆਂ ਪਾ ਕੇ ਲਿਆਏ ਸਨ, ਮਿਲਿਆ ਸੀ। ਹੱਥਾਂ ਪੈਰਾਂ ਦੇ ਨਿਸ਼ਾਨ ਬਹੁਤ ਧੁੰਦਲੇ ਸਨ। ਹੋਰ ਸਬੂਤ ਇਕੱਠੇ ਕਰਨ ਲਈ ਹੋਰ ਮਾਹਿਰਾਂ ਨੇ ਆਉਣਾ ਸੀ। ਇਸ ਲਈ ਕੋਠੀ ਦੇ ਮੁੱਖ ਹਿੱਸੇ ਨੂੰ, ਜਿਸ ਸਥਿਤੀ ਵਿਚ ਉਹ ਸੀ, ਉਸੇ ਵਿਚ ਰੱਖ ਕੇ, ਸਰਬ-ਮੋਹਰ ਕਰ ਦਿੱਤਾ ਗਿਆ ਸੀ।

ਪੱਤਰਕਾਰ ਪੁਲਿਸ ਦੀ ਚੁੱਪ 'ਤੇ ਖਿਝੇ ਹੋਏ ਸਨ। ਪੁਲਿਸ ਪਤਾ ਨਹੀਂ ਕਿਉਂ ਮੂੰਹ ਨਹੀਂ ਸੀ ਖੋਲ੍ਹਦੀ। ਉਹ ਆਪਣੇ ਸੂਤਰਾਂ ਰਾਹੀਂ ਲੀਰ-ਲੀਰ ਜੋੜ ਕੇ ਪਜਾਮਾ ਸਿਉਣ ਦਾ ਯਤਨ ਕਰ ਰਹੇ ਸਨ। ਪੁਲਿਸ ਉਨ੍ਹਾਂ ਨੂੰ ਲੋਕਾਂ ਦੀਆਂ ਇੰਟਰਵਿਊ ਲੈਣ ਤੋਂ ਕਈ ਵਾਰ ਰੋਕ ਚੁੱਕੀ ਸੀ। ਗੁਆਂਢੀਆਂ ਨੂੰ ਕੁਝ ਪਤਾ ਨਹੀਂ ਸੀ। ਗਲਤ ਤੱਥ ਛਾਪ ਕੇ ਕੇਸ ਦਾ ਭੱਠਾ ਨਾ ਬਿਠਾ ਦੇਣਾ। ਜਿੰਨਾ ਚਿਰ ਪੁਲਿਸ, ਪ੍ਰੈੱਸ-ਨੋਟ ਜਾਰੀ ਨਹੀਂ ਕਰਦੀ, ਓਨਾ ਚਿਰ ਉਹ ਸਬਰ ਦਾ ਘੁੱਟ ਭਰੀ ਰੱਖਣ।

ਰਾਮ ਨਾਥ ਦੇ ਕੋਠੀ ਪੁੱਜਦਿਆਂ ਹੀ ਸਾਰੀ ਪੁਲਿਸ ਉਸ ਦੁਆਲੇ ਹੋ ਗਈ। ਵੇਦ ਦੇ ਰਿਸ਼ਤੇਦਾਰਾਂ ਨੇ ਸਾਰੀ ਜ਼ਿੰਮੇਵਾਰੀ ਉਸੇ ਉਪਰ ਸੁੱਟੀ ਸੀ। ਉਹ ਵਕੀਲ ਸੀ। ਇਕ ਵਕੀਲ ਤੋਂ ਵੱਧ ਹੋਰ ਕਿਸੇ ਨੂੰ ਕੀ ਪਤਾ ਹੋ ਸਕਦਾ ਹੈ ਕਿ ਪਰਚਾ ਕਿਵੇਂ ਦਰਜ ਕਰਾਉਣਾ ਹੈ? ਉਹ ਜੋ ਕਰੇਗਾ, ਸਭ ਨੂੰ ਮਨਜ਼ੂਰ ਹੋਏਗਾ।

ਰਾਮ ਨਾਥ ਪਰਚੇ ਦੀ ਅਹਿਮੀਅਤ ਨੂੰ ਜਾਣਦਾ ਸੀ। ਸਾਰੇ ਮੁਕੱਦਮੇ ਦਾ ਆਧਾਰ ਇਸੇ ਪਰਚੇ ਨੇ ਬਨਣਾ ਸੀ। ਪਰਚਾ ਸਹੀ ਘਟਨਾ 'ਤੇ ਆਧਾਰਤ ਹੋਣਾ ਚਾਹੀਦਾ ਸੀ। ਰਾਮ ਨਾਥ ਨੂੰ ਹੋਈ ਵਾਰਦਾਤ ਬਾਰੇ ਕੱਖ ਨਹੀਂ ਸੀ ਪਤਾ। ਦੋਸ਼ੀ ਦੋ ਸਨ, ਚਾਰ, ਦਸ ਜਾਂ ਬਾਰਾਂ? ਉਹ ਛੋਟੀ ਉਮਰ ਦੇ ਸਨ, ਅੱਧਖੜ ਜਾਂ ਵਡੇਰੀ ਉਮਰ ਦੇ? ਉਹ ਕੰਧ ਟੱਪ ਕੇ ਅੰਦਰ ਆਏ ਸਨ ਜਾਂ ਬੈੱਲ ਖੜਕਾ ਕੇ? ਉਨ੍ਹਾਂ ਕੋਲ ਚਾਕੂ ਸਨ, ਰਾਡ ਸਨ, ਛੁਰੇ ਸਨ ਜਾਂ ਸੋਟੀਆਂ? ਉਨ੍ਹਾਂ ਨੇ ਕਿਹੋ ਜਿਹੇ ਕਪੜੇ ਪਾਏ ਹੋਏ ਸਨ? ਪਾਏ ਸਨ ਜਾਂ ਨੰਗੇ ਧੜ ਸਨ? ਉਹ ਕੇਸਾਧਾਰੀ ਸਨ, ਮੋਨੇ ਜਾਂ ਮੌਲਵੀ-ਕੱਟ। ਪਹਿਲਾਂ ਹਮਲਾ ਕਿਸ ਉਪਰ ਹੋਇਆ? ਕਮਲ ਦਾ ਕਤਲ ਕਰਨ ਵਾਲਾ ਕੌਣ ਸੀ? ਨੇਹਾ ਨਾਲ ਬਲਾਤਕਾਰ ਕਿਸ ਨੇ ਕੀਤਾ?

ਇਕ ਨੇ ਕੀਤਾ ਜਾਂ ਵੱਧ ਨੇ? ਨੀਲਮ ਅਤੇ ਵੇਦ ਨੂੰ ਸੱਟਾਂ ਕਿਸ-ਕਿਸ ਨੇ ਮਾਰੀਆਂ?

ਇਨ੍ਹਾਂ ਵਿਚੋਂ ਇਕ ਵੀ ਸਵਾਲ ਦਾ ਜਵਾਬ ਰਾਮ ਨਾਥ ਕੋਲ ਨਹੀਂ ਸੀ। ਕੋਰੀ ਕਲਪਨਾ ਦੇ ਆਧਾਰ 'ਤੇ ਪਰਚਾ ਦਰਜ ਕਰਾਉਣਾ ਘਾਤਕ ਸਿੱਧ ਹੋ ਸਕਦਾ ਸੀ। ਕਦੇ ਨਾ ਕਦੇ ਦੋਸ਼ੀਆਂ ਨੇ ਫੜੇ ਜਾਣਾ ਸੀ। ਉਨ੍ਹਾਂ ਨੇ ਹੋਈ ਵਾਰਦਾਤ ਦਾ ਵੇਰਵਾ ਆਪਣੇ ਵਕੀਲਾਂ ਨੂੰ ਦੱਸ ਦੇਣਾ ਸੀ। ਮੁਦਈ ਧਿਰ ਅਤੇ ਸਫ਼ਾਈ ਧਿਰ ਦੇ ਕਥਨਾਂ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੋਣਾ ਸੀ। ਦੋਹਾਂ ਕਥਨਾਂ ਵਿਚ ਤਾਲਮੇਲ ਬੈਠਾਉਣਾ ਅਸੰਭਵ ਹੋਣਾ ਸੀ। ਨਤੀਜਨ ਦੋਸ਼ੀਆਂ ਨੂੰ ਸ਼ੱਕ ਦਾ ਫ਼ਾਇਦਾ ਹੋਣਾ ਸੀ।

ਰਾਮ ਨਾਥ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਭੱਜ-ਨੱਠ, ਮਾਨਸਿਕ ਤਨਾਅ ਅਤੇ ਭੁੱਖ ਪਿਆਸ ਕਾਰਨ ਉਹ ਦਿਮਾਗ਼ੀ ਅਤੇ ਜਿਸਮਾਨੀ ਦੋਹਾਂ ਤਰ੍ਹਾਂ ਨਾਲ ਥੱਕ ਚੁੱਕਾ ਸੀ। ਅਜਿਹੇ ਮੌਕਿਆਂ 'ਤੇ ਉਹ ਵੱਧ ਪੱਤੀ ਵਾਲੀ ਚਾਹ ਪੀ ਕੇ ਤਾਜ਼ਾ ਦਮ ਹੋਇਆ ਕਰਦਾ ਸੀ। ਇਨ੍ਹਾਂ ਹਾਲਾਤਾਂ ਵਿਚ ਚਾਹ ਨਸੀਬ ਨਹੀਂ ਸੀ ਹੋ ਰਹੀ।

ਥਾਣੇਦਾਰ ਰਾਮ ਨਾਥ ਦੀ ਮਜਬੂਰੀ ਨੂੰ ਭਾਂਪ ਗਿਆ। ਰਾਏ ਮਸ਼ਵਰੇ ਲਈ ਉਹ ਰਾਮ ਨਾਥ ਨੂੰ ਇਕ ਪਾਸੇ ਲੈ ਗਿਆ।

"ਘਰ ਵਿੱਚ ਇਕ ਨੌਕਰ ਵੀ ਹੈ?" ਥਾਣੇਦਾਰ ਨੇ ਰਾਮ ਨਾਥ ਤੋਂ ਪੁੱਛਿਆ।

ਰਾਮ ਨਾਥ ਥਾਣੇਦਾਰ ਦਾ ਮਤਲਬ ਸਮਝ ਗਿਆ।

ਹੁਣ ਘਰੇਲੂ ਨੌਕਰ ਪਹਿਲਾਂ ਵਰਗੇ ਨਹੀਂ ਸਨ ਰਹੇ। ਪਿਛਲੇ ਇਕ ਸਾਲ ਵਿਚ ਮਾਇਆ ਨਗਰ ਵਿਚ ਲਗਾਤਾਰ ਕਈ ਘਟਨਾਵਾਂ ਘਟੀਆਂ ਸਨ, ਜਿਨ੍ਹਾਂ ਵਿਚ ਘਰੇਲੂ ਨੌਕਰਾਂ ਦਾ ਹੱਥ ਸੀ। ਥਾਣੇਦਾਰ ਨੇ ਆਪਣੀ ਗੱਲ ਸਮਝਾਉਣ ਲਈ ਇਕ ਤਾਜ਼ੀ ਉਦਾਹਰਣ ਦਿੱਤੀ।

ਪਿਛਲੇ ਹਫ਼ਤੇ ਇਕ ਬੈਂਕ ਮੈਨੇਜਰ ਦੇ ਨੌਕਰ ਨੇ ਰਾਤ ਦੇ ਖਾਣੇ ਵਿੱਚ ਬੇਹੋਸ਼ੀ ਵਾਲੀ ਦਵਾਈ ਮਿਲਾ ਦਿੱਤੀ। ਜਦੋਂ ਸਾਰਾ ਟੱਬਰ ਗੂੜ੍ਹੀ ਨੀਂਦ ਸੌਂ ਗਿਆ, ਨੌਕਰ ਨੇ ਕੋਠੀ ਦਾ ਗੇਟ ਸਾਥੀਆਂ ਲਈ ਖੋਲ੍ਹ ਦਿੱਤਾ। ਬੜੇ ਅਰਾਮ ਨਾਲ ਉਨ੍ਹਾਂ ਨੇ ਘਰ ਦਾ ਨਿੱਕ-ਸੁੱਕ ਚੁੱਕਿਆ ਅਤੇ ਫਰਾਰ ਹੋ ਗਏ। ਅੱਜ ਤੱਕ ਨਾ ਨੌਕਰ ਦੀ ਉੱਘ-ਸੁੱਘ ਮਿਲੀ ਸੀ, ਨਾ ਉਸਦੇ ਸਾਥੀਆਂ ਦੀ।

ਪਰ ਵੇਦ ਹੋਰਾਂ ਦਾ ਨੌਕਰ ਅਜਿਹਾ ਨਹੀਂ ਸੀ। ਸੱਤ ਸਾਲ ਦੇ ਨੂੰ ਉਸਦਾ ਚਾਚਾ ਉਸਨੂੰ ਪੰਜਾਬ ਲੈ ਆਇਆ ਸੀ। ਦੋ ਸਾਲ ਉਸਨੇ ਕਿਸੇ ਹੋਰ ਦੀ ਕੋਠੀ ਕੰਮ ਕੀਤਾ। ਪੰਜ ਸਾਲ ਤੋਂ ਉਹ ਵੇਦ ਕੋਲ ਸੀ। ਨਾ ਕਦੇ ਉਹ ਪਿੰਡ ਜਾਂਦਾ ਸੀ, ਨਾ ਕੋਈ ਉਸਨੂੰ ਮਿਲਣ ਆਉਂਦਾ ਸੀ। ਸਾਲ ਬਾਅਦ ਉਸਦਾ ਚਾਚਾ ਆਉਂਦਾ ਸੀ। ਤਨਖ਼ਾਹ ਫੜ ਕੇ ਲੈ ਜਾਂਦਾ ਸੀ। ਵੇਦ ਨੇ ਨੌਕਰ ਨੂੰ ਪੁੱਤਰ ਵਾਂਗ ਰੱਖਿਆ ਹੋਇਆ ਸੀ।

ਰਾਮ ਨਾਥ ਉਸ 'ਤੇ ਅਜਿਹੀ ਵਾਰਦਾਤ ਦਾ ਸ਼ੱਕ ਨਹੀਂ ਸੀ ਕਰ ਸਕਦਾ।

ਨੌਕਰ ਦੀ ਪਰਿਵਾਰ ਨਾਲ ਨੇੜਤਾ ਥਾਣੇਦਾਰ ਦੇ ਸ਼ੱਕ ਨੂੰ ਹੋਰ ਪੱਕਾ ਕਰਨ ਲੱਗੀ। ਪੈਸਾ ਧੇਲਾ ਕਿੱਥੇ ਹੈ? ਨੌਕਰ ਨੂੰ ਸਭ ਪਤਾ ਸੀ। ਹਾਲਾਤ ਬਦਲਦੇ ਦੇਰ ਨਹੀਂ ਲਗਦੀ। ਬੰਦਾ ਕਦੋਂ ਭੈੜੀ ਸੁਹਬਤ ਵਿਚ ਪੈ ਜਾਵੇ ਕੁਝ ਨਹੀਂ ਆਖਿਆ ਜਾ ਸਕਦਾ। ਟੀ.ਵੀ. ਅਤੇ ਫ਼ਿਲਮਾਂ ਚੋਰੀ-ਡਾਕੇ ਅਤੇ ਬਲਾਤਕਾਰ ਹੀ ਤਾਂ ਸਿਖਾਉਂਦੀਆਂ ਹਨ। ਵਿਹਲੇ ਨੌਕਰ ਸਾਰਾ ਦਿਨ ਟੀ.ਵੀ. ਅੱਗੇ ਬੈਠੇ ਰਹਿੰਦੇ ਹਨ। ਕਦੇ ਕਿਸੇ ਫ਼ਿਲਮ ਤੋਂ ਜਲਦੀ ਅਮੀਰ ਬਣਨ ਦੀ ਪ੍ਰੇਰਨਾ ਮਿਲ ਗਈ ਹੋਵੇ? ਇਸ ਬਾਰੇ ਕੁਝ ਨਹੀਂ ਸੀ ਆਖਿਆ ਜਾ ਸਕਦਾ।



ਰਾਮੂ ਨੂੰ ਟੀ.ਵੀ. ਦਾ ਸ਼ੌਕ ਸੀ। ਥਾਣੇਦਾਰ ਦੀ ਇਹ ਗੱਲ ਸੱਚੀ ਸੀ। ਦੋ ਮਹੀਨੇ ਪਹਿਲਾਂ ਹੀ ਵੇਦ ਨੇ ਆਪਣੇ ਦਫ਼ਤਰ ਦਾ ਟੀ.ਵੀ. ਬਦਲਿਆ ਸੀ। ਦਫ਼ਤਰ ਵਾਲਾ ਟੀ.ਵੀ. ਪੁਰਾਣੇ ਮਾਡਲ ਦਾ ਸੀ। ਵੇਚਣ ਦੀ ਗੱਲ ਚੱਲੀ ਤਾਂ ਕੋਈ ਦੋ ਹਜ਼ਾਰ ਤੋਂ ਵੱਧ ਦੇਣ ਨੂੰ ਤਿਆਰ ਨਾ ਹੋਇਆ। ਮਿੱਟੀ ਦੇ ਭਾਅ ਸੁੱਟਣ ਨਾਲੋਂ ਵੇਦ ਨੇ ਟੀ.ਵੀ. ਘਰ ਲਿਆ ਕੇ ਨੌਕਰ ਦੇ ਕਮਰੇ ਵਿੱਚ ਲਗਵਾ ਦਿੱਤਾ। ਨਾਲੇ ਨੌਕਰ ਦਾ ਮਨ ਪਰਚਿਆ ਰਹੂ, ਨਾਲ ਬੱਚਿਆਂ ਵਿਚ ਬੈਠ ਕੇ ਟੀ.ਵੀ. ਦੇਖਣ ਦੀ ਲੱਤ ਜਾਂਦੀ ਰਹੂ।

"ਨੌਕਰ ਹੈ ਕਿੱਥੇ?" ਰਾਮੂ ਦੇ ਹੱਕ 'ਚ ਜਾਂ ਵਿਰੁੱਧ ਬੋਲਣ ਤੋਂ ਪਹਿਲਾਂ ਰਾਮ ਨਾਥ ਨੇ ਮੁਖ ਅਫ਼ਸਰ ਤੋਂ ਨੌਕਰ ਬਾਰੇ ਪੁੱਛਿਆ।

"ਉਹ ਪੁਲਿਸ ਦੀ ਨਜ਼ਰ ਹੇਠ ਹੈ। ਪਰ ਉਸਦਾ ਵਰਤਾਰਾ ਅਜੀਬ ਹੈ।" ਮੁੱਖ ਅਫ਼ਸਰ ਰਾਮੂ ਕੋਲੋਂ ਘਟਨਾ ਸੰਬੰਧੀ ਮਿਲੇ ਵੇਰਵਿਆਂ ਬਾਰੇ ਰਾਮ ਨਾਥ ਨੂੰ ਦੱਸਣ ਲੱਗਾ।

ਪੁਲਿਸ ਦੇ ਪੁੱਜਣ ਤੱਕ ਉਹ ਆਪਣੇ ਕਮਰੇ ਵਿਚ ਘੂਕ ਸੁੱਤਾ ਹੋਇਆ ਸੀ। ਉਸਦਾ ਟੀ.ਵੀ. ਚੱਲ ਰਿਹਾ ਸੀ।

ਘਰ ਵਿਚ ਇਡੀ ਵਾਰਦਾਤ ਹੋ ਗਈ ਸੀ। ਘਰ ਦੇ ਸਾਰੇ ਮੈਂਬਰਾਂ ਦੀ ਮੁਲਜ਼ਮਾਂ ਨਾਲ ਹੱਥੋਪਾਈ ਹੋਈ ਸੀ। ਚੀਕ-ਚਿਹਾੜਾ ਪਿਆ ਹੋਣਾ ਹੈ। ਸਮਾਨ ਦੀ ਟੁੱਟ-ਭੱਜ ਹੋਈ ਸੀ। ਬਹੁਤ ਸਾਰਾ ਸਮਾਨ ਬਾਹਰ ਗਿਆ ਸੀ। ਘਰ ਦੇ ਨੌਕਰ ਨੂੰ ਕੋਈ ਉੱਘ-ਸੁੱਘ ਨਹੀਂ ਲੱਗੀ।

ਪੁਲਿਸ ਦੇ ਪੁੱਛਣ ਤੇ ਉਸਨੇ ਗੱਲ ਟਾਲ ਦਿੱਤੀ ਸੀ। ਰਾਤ ਦੇਰ ਤਕ ਉਹ ਘਰ ਦਾ ਕੰਮ ਕਰਦਾ ਰਿਹਾ ਸੀ। ਟੀ.ਵੀ. ਉਪਰ ਅਮਿਤਾਭ ਬਚਨ ਦੀ ਫ਼ਿਲਮ ਆਉਣ ਲੱਗੀ। ਦੇਰ ਤਕ ਉਹ ਫ਼ਿਲਮ ਦੇਖਦਾ ਰਿਹਾ। ਫ਼ਿਲਮ ਦੇਖਦੇ-ਦੇਖਦੇ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ। ਉਹ ਪੁਲਿਸ ਦੇ ਜਗਾਉਣ ਤੇ ਜਾਗਿਆ ਸੀ।

ਮੁੱਢਲੀ ਪੁੱਛ-ਪੜਤਾਲ 'ਤੇ ਨੌਕਰ ਨੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੱਤਾ। ਕਰੜੀ ਪੁੱਛ-ਪੜਤਾਲ ਦੀ ਲੋੜ ਸੀ। ਹਾਲੇ ਸਮਾਂ ਸਖ਼ਤੀ ਕਰਨ ਦਾ ਨਹੀਂ ਸੀ। ਪਰ ਖੁਲ੍ਹੀ ਛੁੱਟੀ ਵੀ ਨਹੀਂ ਸੀ ਦਿੱਤੀ ਜਾ ਸਕਦੀ। ਉਸਨੂੰ ਪੁਚਕਾਰ ਕੇ ਰੱਖਣਾ ਸੀ ਅਤੇ ਭੱਜ ਜਾਣ ਦਾ ਮੌਕਾ ਨਹੀਂ ਸੀ ਦੇਣਾ।

ਇਕ ਹੌਲਦਾਰ ਨੌਕਰ ਉਪਰ ਨਜ਼ਰ ਰੱਖ ਰਿਹਾ ਸੀ। ਉਸਨੂੰ ਉਸਦੀ ਬਰਾਦਰੀ ਦਾ ਕੌਣ-ਕੌਣ ਮਿਲਦਾ ਹੈ? ਮਿਲਦਾ ਹੈ ਤਾ ਕੀ ਗੱਲ ਕਰਦਾ ਹੈ? ਉਹ ਡਰਿਆ ਹੋਇਆ ਹੈ ਜਾਂ ਸਧਾਰਨ ਸਥਿਤੀ ਵਿਚ ਹੈ? ਤਫਤੀਸ਼ ਦੇ ਕਿਸੇ ਰਾਹ ਪੈਣ ਤਕ ਪੁਲਿਸ ਦੀ ਅੱਖ ਉਸ ਉਪਰ ਰਹਿਣੀ ਸੀ। ਪੁਲਿਸ ਨੂੰ ਰਾਮ ਨਾਥ ਦੇ ਸਹਿਯੋਗ ਦੀ ਜ਼ਰੂਰਤ ਸੀ।

ਰਾਮ ਨਾਥ ਨੂੰ ਨੌਕਰ ਨਾਲ ਕੋਈ ਹਮਦਰਦੀ ਨਹੀਂ ਸੀ। ਪਰ ਉਹ ਘਰ ਦੇ ਮੈਂਬਰਾਂ ਵਾਂਗ ਸੀ। ਪੱਕੇ ਸਬੂਤਾਂ ਬਿਨਾਂ ਉਸਦੇ ਕੁਟਾਪਾ ਨਾ ਚਾੜ੍ਹਿਆ ਜਾਵੇ। ਉਸਦੀ ਇਹੋ ਬੇਨਤੀ ਸੀ।

ਇਸ ਮਸਲੇ ਨੂੰ ਫੇਰ ਨਜਿੱਠ ਲਿਆ ਜਾਏਗਾ। ਹਾਲੇ ਸਮੱਸਿਆ ਇਹ ਸੀ ਕਿ ਪਰਚਾ ਕਿਸ ਦੇ ਖਿਲਾਫ ਅਤੇ ਕਿਸ ਦੇ ਬਿਆਨ 'ਤੇ ਦਰਜ ਕੀਤਾ ਜਾਵੇ?

ਜੇ ਨੌਕਰ 'ਤੇ ਸ਼ੱਕ ਨਾ ਹੁੰਦਾ ਤਾਂ ਪਰਚਾ ਉਸਦੇ ਬਿਆਨ ਦੇ ਆਧਾਰ 'ਤੇ ਦਰਜ ਹੋ ਸਕਦਾ ਸੀ। ਉਸਨੂੰ ਚਸ਼ਮਦੀਦ ਗਵਾਹ ਬਣਾਇਆ ਜਾ ਸਕਦਾ ਸੀ।

ਪਰ ਥਾਣੇਦਾਰ ਇਸ ਨਾਲ ਸਹਿਮਤ ਨਹੀਂ ਸੀ। ਨੌਕਰ ਦੇ ਹੱਥ ਮੁਕੱਦਮੇ ਦੀ ਵਾਗਡੋਰ ਨਹੀਂ ਸੀ ਫੜਾਈ ਜਾ ਸਕਦੀ। ਕੀ ਪਤਾ ਹੈ ਕਾਤਲ ਕੌਣ ਨਿਕਲ ਆਵੇ? ਅਜਿਹੇ ਗਵਾਹ

ਨੇ ਕੌਡੀਆਂ ਦੇ ਭਾਅ ਵਿਕ ਜਾਣਾ ਸੀ।

ਘੱਟੋ-ਘੱਟ ਪਰਚਾ ਕਟਾਉਣ ਵਾਲਾ ਗਵਾਹ ਘਰ ਦਾ ਹੋਣਾ ਚਾਹੀਦਾ ਹੈ।

ਫੇਰ ਪਰਚਾ ਕੇਵਲ ਨੇਹਾ ਦੇ ਬਿਆਨ ਦੇ ਆਧਾਰ 'ਤੇ ਦਰਜ ਹੋ ਸਕਦਾ ਸੀ। ਡਾਕਟਰ ਨੇ ਵੀ ਉਸਨੂੰ ਬਿਆਨ ਦੇਣ ਦੇ ਯੋਗ ਕਹਿ ਦਿੱਤਾ ਸੀ।

ਥਾਣੇਦਾਰ ਅਤੇ ਵਕੀਲ ਇਕੋ ਸਿੱਟੇ 'ਤੇ ਪੁੱਜੇ। ਨੇਹਾ ਦੇ ਬਿਆਨ ਦੇ ਆਧਾਰ 'ਤੇ ਪਰਚਾ ਦਰਜ ਕਰ ਦਿੱਤਾ ਜਾਵੇ। ਦਸਤਖ਼ਤਾਂ ਨੂੰ ਕੌਣ ਪੁੱਛਦਾ ਹੈ? ਉਸਦੇ ਦਸਤਖ਼ਤ ਰਾਮ ਨਾਥ ਝਰੀਟ ਦੇਵੇ। ਥਾਣੇਦਾਰ ਤਸਦੀਕ ਕਰ ਦੇਵੇਗਾ। ਸੱਪ ਵੀ ਮਰ ਜਾਏਗਾ ਅਤੇ ਲਾਠੀ ਵੀ ਨਹੀਂ ਟੁੱਟੇਗੀ। ਨੇਹਾ ਨੂੰ ਤਕਲੀਫ਼ ਦੇਣ ਦੀ ਜ਼ਰੂਰਤ ਨਹੀਂ ਪਏਗੀ। ਪਰਚਾ ਵੀ ਦਰਜ ਹੋ ਜਾਏਗਾ।

ਹੁਣ ਮਸਲਾ ਇਹ ਸੀ ਕਿ ਪਰਚਾ ਕਿਸ ਦੇ ਖ਼ਿਲਾਫ਼ ਦਰਜ ਕਰਵਾਇਆ ਜਾਵੇ।

ਮੁੱਖ ਅਫ਼ਸਰ ਦੀ ਤਫ਼ਤੀਸ਼ ਆਖਦੀ ਸੀ ਕਿ ਵਾਰਦਾਤ ਕਾਲੇ ਕੱਛਿਆਂ ਵਾਲੇ ਗਰੋਹ ਨੇ ਕੀਤੀ ਸੀ। ਰਾਮ ਨਾਥ ਨੂੰ ਕਿਸੇ ਹੋਰ 'ਤੇ ਸ਼ੱਕ ਹੋਵੇ ਉਸ ਬਾਰੇ ਸੋਚ-ਵਿਚਾਰ ਹੋ ਸਕਦੀ ਸੀ।

ਜੇ ਮਾਇਆ ਦੇਵੀ ਵੱਲੋਂ ਮੁੰਡਿਆਂ ਦੇ ਦੱਸੇ ਗਏ ਮਨਸੂਬਿਆਂ ਨੂੰ ਮਜ਼ਰੂਬਾਂ ਦੇ ਲੱਗੀਆਂ ਸੱਟਾਂ ਨਾਲ ਮਿਲਾ ਕੇ ਦੇਖਿਆ ਜਾਵੇ ਤਾਂ ਵਾਰਦਾਤ ਕਰਾਉਣ ਵਾਲੇ ਬੰਦਿਆਂ ਦੀ ਪਹਿਚਾਣ ਸਪੱਸ਼ਟ ਸੀ। ਸਾਜ਼ਸ਼ੀਆਂ ਨੇ ਅਸਲ ਮੁਲਜ਼ਮਾਂ ਦੇ ਨਾਂ ਆਪੇ ਦੱਸ ਦੇਣੇ ਸਨ।

ਰਾਮ ਨਾਥ ਨੇ ਦੋਹਾਂ ਪਰਿਵਾਰਾਂ ਵਿਚਕਾਰ ਚੱਲਦੇ ਝਗੜੇ ਅਤੇ ਪੰਕਜ ਹੋਰਾਂ ਵੱਲੋਂ ਮਿਲਦੀਆਂ ਧਮਕੀਆਂ ਦਾ ਵੇਰਵਾ ਮੁੱਖ ਅਫ਼ਸਰ ਨਾਲ ਸਾਂਝਾ ਕੀਤਾ।

ਥਾਣੇਦਾਰ ਨੇ ਇਨ੍ਹਾਂ ਵੇਰਵਿਆਂ ਨੂੰ ਆਪਣੀ ਡੇਅਰੀ ਵਿਚ ਨੋਟ ਤਾਂ ਕੀਤਾ, ਪਰ ਅਜਿਹੇ ਮਾਮੂਲੀ ਝਗੜਿਆਂ ਉਪਰ ਕਤਲ ਵਰਗੀ ਵਾਰਦਾਤ ਉਸ ਦੇ ਮਨ ਨਾ ਲੱਗੀ। ਸ਼ੱਕ ਦੇ ਆਧਾਰ 'ਤੇ ਭਾਈ ਭਤੀਜਿਆਂ ਨੂੰ ਘੜੀਸਣਾ ਵੀ ਉਸ ਨੂੰ ਠੀਕ ਨਹੀਂ ਸੀ ਲੱਗਾ। ਕੋਈ ਸਬੂਤ ਮਿਲਣ 'ਤੇ ਉਨ੍ਹਾਂ ਨੂੰ ਪਿਛੋਂ ਮੁਲਜ਼ਮ ਬਣਾਇਆ ਜਾ ਸਕਦਾ ਸੀ। ਪਰਚੇ ਵਿਚ ਨਾਂ ਦੇਣੇ ਸਿਆਣਪ ਨਹੀਂ ਸੀ।

ਮੁੱਖ ਅਫ਼ਸਰ ਨੇ ਇਹ ਨੇਕ ਸਲਾਹ ਕਈ ਕਾਰਨਾਂ ਕਰਕੇ ਦਿੱਤੀ ਸੀ।

ਪਹਿਲਾ ਕਾਰਨ ਇਹ ਸੀ ਕਿ ਹੁਣ ਤਕ ਦੀ ਤਫਤੀਸ਼ ਤੋਂ ਜਾਪਦਾ ਸੀ ਇਹ ਸਾਧਾਰਨ ਚੋਰੀ ਡਕੈਤੀ ਦੀ ਘਟਨਾ ਸੀ। ਕਿਸੇ ਰੱਜੇ-ਪੁੱਜੇ ਪਰਿਵਾਰ ਵੱਲੋਂ ਅਜਿਹੀਆਂ ਘਟੀਆ ਸਾਜ਼ਿਸ਼ਾਂ ਨਹੀਂ ਘੜੀਆਂ ਜਾਂਦੀਆਂ। ਅਮੀਰ ਅਤੇ ਪਹੁੰਚ ਵਾਲੇ ਬੰਦਿਆਂ ਦਾ ਨਾਂ ਪਰਚੇ ਵਿਚ ਪਾ ਕੇ ਥਾਣੇਦਾਰ ਨੇ ਭਰਿੰਡਾਂ ਦੇ ਛੱਤੇ ਵਿਚ ਹੱਥ ਪਾ ਲੈਣਾ ਸੀ। ਉਸਨੂੰ ਡੰਗਾਂ ਤੋਂ ਸਿਵਾ ਕੁਝ ਨਹੀਂ ਸੀ ਲੱਭਣਾ।

ਦੂਸਰਾ ਕਾਰਨ ਨਮਕ-ਹਰਾਮੀ ਹੋਣ ਦਾ ਡਰ ਸੀ। ਪੰਕਜ ਦਾ ਮੈਨੇਜਰ ਹਾਲੇ ਹੁਣ ਉਸ ਨੂੰ ਦਸ ਹਜ਼ਰ ਰੁਪਏ ਦੇ ਕੇ ਗਿਆ ਸੀ। ਮੈਨੇਜਰ ਨੂੰ ਇਸ ਆਸ਼ੇ ਲਈ ਪੰਕਜ ਦਾ ਦਿੱਲੀਉਂ ਫ਼ੋਨ ਆਇਆ ਸੀ। ਭਰਾਵਾਂ ਦੇ ਝਗੜੇ ਕਚਹਿਰੀ ਤਕ ਸੀਮਤ ਸਨ। ਨੰਹੁਆਂ ਨਾਲੋਂ ਮਾਸ ਅਲੱਗ ਨਹੀਂ ਹੁੰਦੇ। ਥਾਣੇਦਾਰ ਪੂਰੀ ਤਨ-ਦੇਹੀ ਨਾਲ ਤਫ਼ਤੀਸ਼ ਕਰੇ। ਦੋਸ਼ੀ ਹਰ ਹਾਲ ਵਿਚ ਫੜੇ ਜਾਣ। ਪੰਕਜ ਨੂੰ ਖਰਚੇ ਦੀ ਕੋਈ ਪਰਵਾਹ ਨਹੀਂ ਸੀ। ਜਿਹੜੀ ਪਾਰਟੀ ਵਧੀਆ ਤਫ਼ਤੀਸ਼ ਕਰਾਉਣ ਲਈ ਥਾਣੇਦਾਰ ਨੂੰ ਦਸ ਹਜ਼ਾਰ ਰੁਪਏ ਦੇ ਰਹੀ ਸੀ, ਉਹ ਖ਼ੁਦ ਕਾਤਲ ਕਿਵੇਂ ਹੋ ਸਕਦੀ ਸੀ? ਥਾਣੇਦਾਰ ਤੋਂ ਇਹ ਸੱਚ ਨਿਗਲਿਆ ਨਹੀਂ ਸੀ



ਜਾ ਰਿਹਾ।

ਤੀਸਰਾ ਅਤੇ ਅਹਿਮ ਕਾਰਨ ਇਹ ਸੀ ਕਿ ਰਾਮ ਨਾਥ ਦੇ ਇਸ ਇਸ਼ਾਰੇ ਕਾਰਨ ਪੁਲਿਸ ਨੂੰ ਪੰਕਜ ਹੋਰਾਂ ਨੂੰ ਧਮਕਾਉਣ ਦਾ ਮੌਕਾ ਮਿਲ ਜਾਣਾ ਸੀ। ਮੁਦਈ ਧਿਰ ਤੋਂ ਥਾਣੇਦਾਰ ਨੂੰ ਕੁਝ ਪੱਲੇ ਪੈਂਦਾ ਨਜ਼ਰ ਨਹੀਂ ਸੀ ਆਉਂਦਾ। ਮੁਲਜ਼ਮਾਂ ਨੇ ਪਤਾ ਨਹੀਂ ਕਦੋਂ ਫੜੇ ਜਾਣਾ ਸੀ। ਮੁੱਖ ਅਫ਼ਸਰ ਦੀ ਜੇਬ ਪੰਕਜ ਕੋਲੋਂ ਗਰਮ ਹੋਣੀ ਸੀ।

ਰਾਮ ਨਾਥ ਨੂੰ ਥਾਣੇਦਾਰ ਦੀ ਰਾਏ ਨਾਲ ਸਹਿਮਤ ਹੋਣਾ ਪਿਆ। ਬਿਨਾਂ ਭੈਣ ਭਣੋਈਏ ਦੀ ਸਲਾਹ ਦੇ ਇਹ ਕਦਮ ਉਸ ਲਈ ਬਦਨਾਮੀ ਦਾ ਟਿੱਕਾ ਬਣ ਸਕਦਾ ਸੀ।

ਹੋਰ ਵਿਚਾਰਨ ਵਾਲਾ ਕੁਝ ਨਹੀਂ ਸੀ।

ਨੇਹਾ ਦਾ ਫਰਜ਼ੀ ਬਿਆਨ ਕਲਮਬੰਦ ਕੀਤਾ ਗਿਆ।

ਰਾਤ ਦੇ ਦੋ ਤਿੰਨ ਵਜੇ ਉਹ ਆਪਣੇ ਕਮਰੇ ਵਿਚ ਪੜ੍ਹ ਰਹੀ ਸੀ। ਕੋਠੀ ਦੀ ਬੈੱਲ ਖੜਕੀ। ਉਸਨੇ ਆਪਣੇ ਪਾਪਾ ਨੂੰ ਜਗਾਇਆ। ਪਾਪੇ ਦੇ ਨਾਲ ਹੀ ਮੰਮੀ ਜਾਗ ਪਈ। ਪਾਪਾ ਗੇਟ 'ਤੇ ਗਏ। ਦੋ ਕਮਾਂਡੋ ਵਰਦੀ ਵਾਲੇ ਬੰਦੇ ਗੇਟ ਤੇ ਖੜ੍ਹੇ ਸਨ। ਪੁਲਿਸ ਵਾਲੇ ਸਮਝ ਕੇ ਵੇਦ ਨੇ ਗੇਟ ਖੋਲ੍ਹ ਦਿੱਤਾ। ਦੋਸ਼ੀਆਂ ਨੇ ਕਾਲੇ ਕੱਪੜੇ ਪਾਏ ਹੋਏ ਸਨ। ਮੂੰਹਾਂ 'ਤੇ ਕਾਲੇ ਮੜਾਸੇ ਬੰਨ੍ਹੇ ਸਨ। ਅੱਖਾਂ 'ਤੇ ਕਾਲੀਆਂ ਐਨਕਾਂ ਸਨ। ਉਨ੍ਹਾਂ ਨੇ ਆਖਿਆ, ਉਹ ਪੁਲਿਸ ਵਾਲੇ ਹਨ। ਉਨ੍ਹਾਂ ਦੀ ਕੋਠੀ ਵਿਚ ਇਕ ਚੋਰ ਛੁਪਿਆ ਹੈ। ਕੋਠੀ ਦੀ ਤਲਾਸ਼ੀ ਲੈਣੀ ਹੈ। ਇਸ ਬਹਾਨੇ ਉਹ ਕੋਠੀ ਅੰਦਰ ਆ ਗਏ। ਉਨ੍ਹਾਂ ਵਰਗੇ ਤਿੰਨ ਹੋਰ ਬੰਦੇ ਉਨ੍ਹਾਂ ਦੇ ਪਿੱਛੇ-ਪਿੱਛੇ ਕੋਠੀ ਅੰਦਰ ਆ ਗਏ। ਕੁਝ ਲਾਬੀ ਵਿਚ ਆ ਗਏ ਕੁਝ ਬਾਹਰ ਖੜ੍ਹ ਗਏ। ਲਾਬੀ ਵਿਚ ਆ ਕੇ ਉਹ ਵੇਦ ਤੋਂ ਨਗਦੀ ਅਤੇ ਗਹਿਣਾ ਮੰਗਣ ਲੱਗੇ। ਅਲਮਾਰੀ ਦੀਆਂ ਚਾਬੀਆਂ ਮੰਗਣ ਲੱਗੇ। ਇਸ ਸ਼ੋਰ-ਸ਼ਰਾਬੇ ਵਿਚ ਕਮਲ ਜਾਗ ਪਿਆ। ਉਹ ਲਾਬੀ ਵਿਚ ਆ ਗਿਆ। ਮੁਲਜ਼ਮਾਂ ਨਾਲ ਹੱਥੋਪਾਈ ਹੋ ਗਿਆ। ਹੁੰਦੀ ਲੜਾਈ ਦੇਖ ਕੇ ਬਾਹਰਲੇ ਦੋਸ਼ੀ ਅੰਦਰ ਆ ਗਏ। ਕਿਸੇ ਦੇ ਹੱਥ ਵਿਚ ਰਾਡ ਸੀ ਅਤੇ ਕਿਸੇ ਦੇ ਛੁਰਾ। ਹੱਥੋਪਾਈ ਵਿਚ ਉਨ੍ਹਾਂ ਦੇ ਮੂੰਹਾਂ ਉੱਤੋਂ ਕੱਪੜੇ ਲਹਿ ਗਏ। ਸਾਹਮਣੇ ਆਉਣ 'ਤੇ ਉਹ ਉਨ੍ਹਾਂ ਨੂੰ ਪਹਿਚਾਣ ਸਕਦੀ ਹੈ। ਇਕ ਨੇ ਕਮਲ ਦੇ ਢਿੱਡ ਵਿਚ ਛੁਰਾ ਮਾਰ ਦਿੱਤਾ। ਇਕ ਨੇ ਨੀਲਮ ਦੇ ਅਤੇ ਇਕ ਨੇ ਵੇਦ ਦੇ ਸੱਟਾਂ ਮਾਰ ਦਿੱਤੀਆਂ। ਨੇਹਾ ਨੂੰ ਧੂਹ ਕੇ ਉਨ੍ਹਾਂ ਨੇ ਕਮਰੇ ਵਿਚ ਬੰਦ ਕਰ ਦਿੱਤਾ। ਜਾਂਦੇ ਹੋਏ ਉਹ ਘਰ ਦਾ ਸਾਰਾ ਸਮਾਨ ਚੁੱਕ ਕੇ ਲੈ ਗਏ। ਘਰ ਦੇ ਸਾਰੇ ਮੈਂਬਰ ਬੇਹੋਸ਼ ਹੋ ਗਏ। ਪਿੱਛੋਂ ਕੀ ਹੋਇਆ, ਉਸਨੂੰ ਕੁਝ ਪਤਾ ਨਹੀਂ ਸੀ।

ਨੇਹਾ ਦੇ ਦਸਤਖ਼ਤ ਰਾਮ ਨਾਥ ਤੋਂ ਕਰਵਾ ਕੇ ਮੁੱਖ ਅਫ਼ਸਰ ਨੇ ਰਾਹਤ ਮਹਿਸੂਸ ਕੀਤੀ। ਬਲਾ ਟਲੀ।

ਪਰਚਾ ਦਰਜ ਹੁੰਦਿਆਂ ਹੀ ਇਕੱਠ ਖਿੰਡਣ ਲੱਗਾ।

ਦੋ ਸਿਪਾਹੀ ਕਮਲ ਦੀ ਲਾਸ਼ ਲੈ ਕੇ ਹਸਪਤਾਲ ਵੱਲ ਤੁਰ ਪਏ।

ਬਾਕੀ ਦੀ ਪੁਲਿਸ ਥਾਣੇ ਨੂੰ ਤੁਰ ਪਈ। ਬਹੁਤ ਲਿਖਤ-ਪੜ੍ਹਤ ਕਰਨ ਵਾਲੀ ਪਈ ਸੀ।

ਪੱਤਰਕਾਰ ਆਪਣੇ ਦਫ਼ਤਰਾਂ ਵੱਲ ਦੌੜੇ।

ਤਮਾਸ਼ਬੀਨ ਘਰਾਂ ਨੂੰ ਮੁੜ ਗਏ।

ਗਮਗ਼ੀਨ ਰਿਸ਼ਤੇਦਾਰਾਂ ਨੇ ਗਲੀ ਵਿਚ ਦਰੀਆਂ ਵਿਛਾ ਲਈਆਂ।

ਬੇਸਬਰੀ ਨਾਲ ਉਹ ਕਮਲ ਦੀ ਲਾਸ਼ ਦਾ ਇੰਤਜ਼ਾਰ ਕਰਨ ਲੱਗੇ।

ਕਦੋਂ ਉਹ ਵਾਪਸ ਆਏ, ਕਦੋਂ ਉਹ ਸਸਕਾਰ ਕਰਕੇ ਉਸਦੀ ਮਿੱਟੀ ਸਮੇਟਣ।

## -6-

ਸਰਦਾਰੀ ਲਾਲ ਅਤੇ ਸੰਗੀਤਾ ਤੋਂ ਇਲਾਵਾ ਮੰਗਤ ਰਾਏ ਵੀ ਕਮਲ ਦੇ ਸਸਕਾਰ ਵਿਚ ਸ਼ਾਮਲ ਹੋਣੋਂ ਰਹਿ ਗਿਆ।

ਉਹ ਵੇਦ ਅਤੇ ਨੀਲਮ ਦੀ ਦੇਖਭਾਲ ਲਈ ਦਯਾਨੰਦ ਹਸਪਤਾਲ ਫਸੇ ਬੈਠੇ ਸਨ। ਦੋਵੇਂ ਮਰੀਜ਼ਾਂ ਦੀ ਜਾਨ ਖ਼ਤਰੇ ਵਿਚ ਸੀ। ਡਾਕਟਰ ਮਰੀਜ਼ਾਂ ਨੂੰ ਬਚਾਉਣ ਲਈ ਸਿਰ-ਤੋੜ ਯਤਨ ਕਰ ਰਹੇ ਸਨ। ਪੈਰ-ਪੈਰ 'ਤੇ ਡਾਕਟਰਾਂ ਨੂੰ ਵਾਰਿਸਾਂ ਦੀ ਲੋੜ ਪੈ ਰਹੀ ਸੀ।

ਨੀਲਮ ਨਿਊਰੋ ਵਾਰਡ ਦੀ ਐਮਰਜੈਂਸੀ ਵਿਚ ਦਾਖ਼ਲ ਸੀ। ਸਰਦਾਰੀ ਲਾਲ, ਸੰਗੀਤਾ ਅਤੇ ਸੀਮਾ ਇਸ ਵਾਰਡ ਦੇ ਬਾਹਰ ਖੜ੍ਹੇ ਹਨ। ਉਹ ਨੀਲਮ ਦੇ ਡਾਕਟਰਾਂ ਦੀਆਂ ਲੋੜਾਂ ਪੂਰੀਆਂ ਕਰ ਰਹੇ ਸਨ।

ਇਹ ਵਾਰਡ ਹਸਪਤਾਲ ਦੀ ਪੰਜਵੀਂ ਮੰਜ਼ਲ ਉਪਰ ਸੀ।

ਵੇਦ ਹੱਡੀਆਂ ਵਾਲੇ ਵਾਰਡ ਦੀ ਐਮਰਜੈਂਸੀ ਵਿਚ ਸੀ। ਮੰਗਤ ਰਾਏ, ਉਸਦੀ ਪਤਨੀ ਸੁਜਾਤਾ ਅਤੇ ਸੰਗੀਤਾ ਦਾ ਭਰਾ ਪਵਨ ਇਸ ਵਾਰਡ ਅੱਗੇ ਖੜੋਤੇ ਸਨ।

ਇਹ ਵਾਰਡ ਹਸਪਤਾਲ ਦੀ ਪਹਿਲੀ ਮੰਜ਼ਿਲ ਉਪਰ ਸੀ।

ਡਾਕਟਰ ਦੇਵ ਦੋਹਾਂ ਵਾਰਡਾਂ ਵਿਚਕਾਰ ਚੱਕਰ ਲਾ ਰਿਹਾ ਸੀ। ਹਸਪਤਾਲ ਦੇ ਡਾਕਟਰ ਵਾਰਿਸਾਂ ਦੇ ਕੁਝ ਪੱਲੇ ਨਹੀਂ ਸਨ ਪਾ ਰਹੇ। ਐਮਰਜੈਂਸੀ ਵਿਚ ਜਾਣ ਦੀ ਡਾਕਟਰ ਨੂੰ ਵੀ ਇਜਾਜ਼ਤ ਨਹੀਂ ਸੀ। ਪਰ ਉਹ ਮਰੀਜ਼ਾਂ ਦੇ ਟੈਸਟਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਮਰੀਜ਼ਾਂ ਦੀ ਹਾਲਤ ਦਾ ਅੰਦਾਜ਼ਾ ਲਾ ਰਿਹਾ ਸੀ।

ਜਿਉਂ ਹੀ ਉਸਨੂੰ ਕੁਝ ਪਤਾ ਲਗਦਾ ਉਹ ਝੱਟ ਬਾਹਰ ਆ ਕੇ ਵਾਰਿਸਾਂ ਨੂੰ ਮਰੀਜ਼ਾਂ ਦੀ ਤਾਜ਼ਾ ਸਥਿਤੀ ਬਾਰੇ ਦੱਸਦਾ। ਨੀਲਮ ਦੇ ਦਿਮਾਗ਼ ਦੀ ਸੱਟ ਖ਼ਤਰਨਾਕ ਸੀ। ਉਸਦੇ ਦਿਮਾਗ਼ ਵਿਚ ਕੁਝ ਥਾਈਂ ਖ਼ੂਨ ਜੰਮ ਗਿਆ ਸੀ। ਉਹ 'ਕੋਮਾ' ਵਿਚ ਸੀ। ਦਿਮਾਗ਼ ਸਰੀਰ ਦੇ ਕਿਸੇ ਵੀ ਅੰਗ ਨੂੰ ਕੰਟਰੋਲ ਨਹੀਂ ਸੀ ਕਰ ਰਿਹਾ। ਬਲੱਡ-ਪ੍ਰੈਸ਼ਰ ਪ੍ਰੇਸ਼ਾਨ ਕਰ ਰਿਹਾ ਸੀ। ਕਦੇ ਚੜ੍ਹ ਜਾਂਦਾ ਸੀ ਅਤੇ ਕਦੇ ਗਿਰ ਜਾਂਦਾ ਸੀ। ਨਬਜ਼ ਧੀਮੀ ਚੱਲ ਰਹੀ ਸੀ। ਦਿਲ ਦੀ ਹਾਲਤ ਵੀ ਸਥਿਰ ਨਹੀਂ ਸੀ। ਦਿਮਾਗ਼ ਦਾ ਫੌਰੀ ਅਪਰੇਸ਼ਨ ਹੋਣਾ ਚਾਹੀਦਾ ਸੀ। ਪਰ ਡਾਕਟਰ ਹਾਲੇ ਇਹ ਫੈਸਲਾ ਨਹੀਂ ਸੀ ਕਰ ਪਾ ਰਹੇ ਕਿ ਮਰੀਜ਼ ਅਪਰੇਸ਼ਨ ਕਰਾਉਣ ਦੇ ਯੋਗ ਸੀ ਜਾਂ ਨਹੀਂ। ਉਨ੍ਹਾਂ ਨੇ ਖ਼ੂਨ, ਸ਼ੂਗਰ, ਦਿਲ, ਗੁਰਦੇ ਅਤੇ ਪਿੱਤੇ ਦੇ ਟੈਸਟ ਲਏ ਸਨ। ਰਿਪੋਰਟਾਂ ਆਉਣ ਬਾਅਦ ਅੰਤਮ ਫੈਸਲਾ ਹੋਣਾ ਸੀ। ਕੁਲ ਮਿਲਾ ਕੇ ਸਥਿਤੀ ਚਿੰਤਾਜਨਕ ਸੀ।

ਵੇਦ ਦੀ ਹਾਲਤ ਨੀਲਮ ਨਾਲ ਮਿਲਦੀ-ਜੁਲਦੀ ਸੀ। ਉਸ ਦੀਆਂ ਲੱਤਾਂ ਅਤੇ ਬਾਹਾਂ ਦਾ ਉਹੋ ਹਾਲ ਸੀ ਜੋ ਨੀਲਮ ਦੇ ਦਿਮਾਗ਼ ਦਾ। ਜਬਾੜੇ ਦੀ ਟੁੱਟੀ ਹੱਡੀ ਸਭ ਤੋਂ ਵੱਧ ਸਮੱਸਿਆ ਖੜ੍ਹੀ ਕਰ ਰਹੀ ਸੀ। ਨਾ ਇਥੇ ਪਲੇਟ ਪੈਣੀ ਸੀ, ਨਾ ਪਲੱਸਤਰ ਹੋਣਾ ਸੀ। ਨੱਕ ਅਤੇ ਮੂੰਹ ਰਾਹੀਂ ਤਾਰਾਂ ਪਾ ਕੇ ਹੱਡੀਆਂ ਨੂੰ ਕੱਸਿਆ ਜਾਣਾ ਸੀ। ਤਾਰਾਂ ਦਾ ਕਸਾ ਬਹੁਤ ਦਰਦਨਾਕ ਸੀ। ਜਿੰਨਾ ਚਿਰ ਤਾਰਾਂ ਨੇ ਰਹਿਣਾ ਸੀ ਓਨਾ ਚਿਰ ਉਸਨੂੰ ਬੇਹੋਸ਼ ਰੱਖਿਆ



ਜਾਣਾ ਸੀ। ਸੱਟਾਂ ਦੇ ਦਰਦ ਕਾਰਨ ਅਤੇ ਇਲਾਜ ਵਿਚ ਹੋਈ ਦੇਰੀ ਕਾਰਨ ਮਰੀਜ਼ ਦੇ ਦਿਲ 'ਤੇ ਅਸਰ ਹੋਇਆ ਸੀ। ਦਿਲ ਦੀ ਧੜਕਣ ਤੇਜ਼ੀ ਨਾਲ ਵੱਧ ਘੱਟ ਰਹੀ ਸੀ। ਬਲੱਡ-ਪ੍ਰੈਸ਼ਰ ਵਧ ਗਿਆ ਸੀ ਅਤੇ ਸ਼ੂਗਰ ਘਟ ਗਈ ਸੀ। ਲੱਤਾਂ ਦੀਆਂ ਹੱਡੀਆਂ ਦੇ ਇੰਨੇ ਟੁਕੜੇ ਹੋ ਗਏ ਸਨ ਕਿ ਉਨ੍ਹਾਂ ਨੂੰ ਜੋੜਨ ਦੀ ਸੰਭਾਵਨਾ ਘੱਟ ਨਜ਼ਰ ਆਉਂਦੀ ਸੀ। ਮਰੀਜ਼ ਦੀ ਜਾਨ ਬਚਾਉਣ ਲਈ ਕਿਸੇ ਟੰਗ ਦੇ ਕੱਟੇ ਜਾਣ ਤਕ ਦੀ ਨੌਬਤ ਆ ਸਕਦੀ ਸੀ। ਜਾਨ ਨੂੰ ਵੀ ਖ਼ਤਰਾ ਹੋ ਸਕਦਾ ਸੀ।

ਵਾਰਿਸਾਂ ਲਈ ਮਰੀਜ਼ਾਂ ਦੀ ਹਾਲਤ ਦੇ ਨਾਲ-ਨਾਲ ਅਪਰੇਸ਼ਨਾਂ ਉਪਰ ਹੋਣ ਵਾਲਾ ਖਰਚਾ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ।

ਦੋਹਾਂ ਮਰੀਜ਼ਾਂ ਨੂੰ ਸਰਦਾਰੀ ਲਾਲ ਨੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਸੀ। ਇਕ ਮਰੀਜ਼ ਦੀ ਦਾਖ਼ਲਾ ਫ਼ੀਸ ਪੰਜ ਹਜ਼ਾਰ ਰੁਪਏ ਸੀ। ਦੋਹਾਂ ਉੱਪਰ ਦਸ ਹਜ਼ਾਰ ਲਗ ਗਿਆ ਸੀ। ਸਰਦਾਰੀ ਲਾਲ ਘਰੋਂ ਪੰਜਾਹ ਹਜ਼ਾਰ ਰੁਪਏ ਲੈ ਕੇ ਆਇਆ ਸੀ। ਬਾਕੀ ਬਚਦੇ ਚਾਲੀ ਹਜ਼ਾਰ ਨੀਲਮ ਦੀਆਂ ਦਵਾਈਆਂ, ਔਜ਼ਾਰਾਂ ਅਤੇ ਟੈਸਟਾਂ ਦੇ ਬਿੱਲਾਂ ਨੇ ਨਿਗਲ ਲਿਆ ਸੀ। ਉਸ ਕੋਲ ਮਸਾਂ ਦੋ-ਤਿੰਨ ਹਜ਼ਾਰ ਬਚਦਾ ਸੀ।

ਮੰਗਤ ਰਾਏ ਨੇ ਵੀਹ ਹਜ਼ਾਰ ਰੁਪਏ ਰਾਮ ਨਾਥ ਦੇ ਖਾਤੇ ਵਿਚੋਂ ਕਢਵਾਇਆ ਸੀ। ਤੀਹ ਹਜ਼ਾਰ ਉਹ ਆਪਣੇ ਕੋਲੋਂ ਲੈ ਕੇ ਆਇਆ ਸੀ। ਤੁਰਦੇ ਸਮੇਂ ਉਸ ਨੂੰ ਨਹੀਂ ਸੀ ਪਤਾ ਕਿ ਪੈਸਾ ਇਸ ਤਰ੍ਹਾਂ ਪਾਣੀ ਵਾਂਗ ਵਹੇਗਾ। ਪਤਾ ਲੱਗ ਵੀ ਜਾਂਦਾ ਤਾਂ ਵੀ ਉਹ ਇਸ ਤੋਂ ਵੱਧ ਰਕਮ ਤਿਆਰ ਨਹੀਂ ਸੀ ਕਰ ਸਕਦਾ। ਇਧਰੋਂ ਉਧਰੋਂ ਰਕਮ ਫੜਨ 'ਤੇ ਸਮਾਂ ਲੱਗਣਾ ਸੀ।

ਮੰਗਤ ਰਾਏ ਪੰਦਰਾਂ ਕੁ ਹਜ਼ਾਰ ਐਮ. ਆਰ. ਆਈ., ਸਕੈਨ ਅਤੇ ਐਕਸਰੇ ਉਪਰ ਖ਼ਰਚ ਕਰ ਚੁੱਕਾ ਸੀ। ਪੰਜ ਕੁ ਹਜ਼ਾਰ ਦੀਆਂ ਦਵਾਈਆਂ ਅਤੇ ਗਰਮ ਪੱਟੀਆਂ ਆ ਚੁੱਕੀਆਂ ਸਨ। ਉਸ ਕੋਲ ਤੀਹ ਹਜ਼ਾਰ ਬਾਕੀ ਸੀ। ਇਸ ਰਕਮ ਦੀਆਂ ਪਲੇਟਾਂ ਆਉਣੀਆਂ ਸਨ। ਬਾਕੀ ਪੈਸਾ ਕਿਥੋਂ ਆਏਗਾ ? ਮੰਗਤ ਰਾਏ ਨੂੰ ਇਹ ਚਿੰਤਾ ਲੱਗੀ ਹੋਈ ਸੀ।

ਪੰਜ ਛੇ ਘੰਟੇ ਹਸਪਤਾਲ ਰਹਿ ਕੇ ਵਾਰਿਸਾਂ ਨੇ ਭਾਂਪ ਲਿਆ ਸੀ। ਫ਼ੀਸ ਮਰੀਜ਼ਾਂ ਦੇ ਅਪਰੇਸ਼ਨ ਥੀਏਟਰ ਜਾਣ ਤੋਂ ਪਹਿਲਾਂ ਭਰਾਈ ਜਾਣੀ ਸੀ।

ਨੀਲਮ ਦੇ ਅਪਰੇਸ਼ਨ ਦੀ ਫ਼ੀਸ ਤੀਹ ਹਜ਼ਾਰ ਰੁਪਏ ਸੀ। ਵੀਹ ਹਜ਼ਾਰ ਦਵਾਈਆਂ ਅਤੇ ਟੀਕਿਆਂ 'ਤੇ ਲੱਗਣਾ ਸੀ।

ਵੇਦ ਦੇ ਅਪਰੇਸ਼ਨ ਦੀ ਫ਼ੀਸ ਵੀਹ ਹਜ਼ਾਰ ਰੁਪਏ ਸੀ। ਉਸ ਦੀਆਂ ਟੰਗਾਂ, ਬਾਹਾਂ ਵਿਚ ਚਾਰ ਪਲੇਟਾਂ ਪੈਣੀਆਂ ਸਨ। ਦੇਸੀ ਪਲੇਟਾਂ ਦੀ ਕੀਮਤ ਦਸ ਹਜ਼ਾਰ ਫੀ ਪਲੇਟ ਸੀ। ਕੋਈ ਵਿਦੇਸ਼ੀ ਪਲੇਟ ਪਵਾਉਣੀ ਪਈ ਤਾਂ ਕੀਮਤ ਡੇਢੀ ਤੋਂ ਦੁਗਣੀ ਹੋ ਜਾਣੀ ਸੀ।

ਕੁੱਲ ਮਿਲਾ ਕੇ ਇਕ ਲੱਖ ਰੁਪਏ ਦੀ ਜ਼ਰੂਰਤ ਸੀ। ਇਧਰ ਵਾਰਿਸ ਰੁਪਏ ਇਕੱਠੇ ਕਰਨ ਦੀਆਂ ਯੋਜਨਾਵਾਂ ਸੋਚਣ ਲ ਗੇ। ਉਧਰ ਡਾਕਟਰ ਰਿਪੋਰਟਾਂ ਘੋਖਣ ਲੱਗੇ।

ਡਾਕਟਰਾਂ ਨੂੰ ਖ਼ੁਸ਼ੀ ਹੋਈ। ਛੇ ਘੰਟੇ ਦੀ ਸਖ਼ਤ ਮਿਹਨਤ ਬਾਅਦ ਉਹ ਮਰੀਜ਼ਾਂ ਦੇ ਸ਼ੂਗਰ ਅਤੇ ਬਲੱਡ-ਪ੍ਰੈਸ਼ਰ ਨੂੰ ਕਾਬੂ ਕਰਨ ਵਿੱਚ ਕਾਮਯਾਬ ਹੋ ਗਏ ਸਨ।

ਡਾਕਟਰਾਂ ਵੱਲੋਂ ਹਰੀ ਝੰਡੀ ਮਿਲਦਿਆਂ ਹੀ ਮਰੀਜ਼ਾਂ ਦੇ ਵਾਰਿਸਾਂ ਨੂੰ ਲਾਊਡ ਸਪੀਕਰ ਤੇ ਅਵਾਜ਼ਾਂ ਪੈਣ ਲੱਗੀਆਂ। ਵਾਰਿਸ ਕਾਊਂਟਰ ਤੇ ਆ ਕੇ ਫ਼ੀਸ ਜਮ੍ਹਾਂ ਕਰਾਉਣ ਅਤੇ ਕਾਗ਼ਜ਼ਾਂ ਪੱਤਰਾਂ ਉਪਰ ਦਸਤਖ਼ਤ ਕਰਨ।

ਕਾਊਂਟਰ ਉੱਪਰ ਜਾਣ ਦੀ ਥਾਂ ਸਾਰੇ ਰਿਸ਼ਤੇਦਾਰ ਇਕ ਥਾਂ ਇਕੱਠੇ ਹੋ ਗਏ।

ਸਰਦਾਰੀ ਲਾਲ ਨੇ ਆਪਣੀ ਸਥਿਤੀ ਸਪੱਸ਼ਟ ਕੀਤੀ। ਉਹ ਜੋ ਰਕਮ ਲੈ ਕੇ ਆਇਆ ਸੀ ਉਹ ਖ਼ਰਚ ਹੋ ਚੁੱਕੀ ਸੀ। ਸਬੂਤ ਵਜੋਂ ਉਸ ਨੇ ਸੰਭਾਲ ਕੇ ਰੱਖੀਆਂ ਰਸੀਦਾਂ ਮੰਗਤ ਨੂੰ ਫੜਾ ਦਿੱਤੀਆਂ। ਮਾਇਆ ਨਗਰ ਵਿਚ ਉਸਦੀ ਕੋਈ ਜਾਣ-ਪਹਿਚਾਣ ਨਹੀਂ ਸੀ। ਉਹ ਬੈਂਕ ਖੁਲ੍ਹਣ ਤੋਂ ਬਾਅਦ ਇੰਨੀ ਕੁ ਰਕਮ ਪਿੰਡੋਂ ਮੰਗਵਾ ਸਕਦਾ ਸੀ। ਹੋਰ ਲੋੜ ਪਈ ਤਾਂ ਉਸ ਨੂੰ ਕਿਧਰੋਂ ਉਧਾਰ ਮੰਗਣਾ ਪੈਣਾ ਸੀ।

ਮੰਗਤ ਰਾਏ ਨੇ ਵੀ ਆਪਣੀ ਜੇਬ ਵਿਚਲਾ ਤੀਹ ਹਜ਼ਾਰ ਰਿਸ਼ਤੇਦਾਰਾਂ ਅੱਗੇ ਰੱਖ ਦਿੱਤਾ। ਇਸ ਸਮੇਂ ਹੋਰ ਪੈਸੇ ਕਿਧਰੋਂ ਲੈ ਆਉਣ ਦਾ ਉਸ ਕੋਲ ਵੀ ਕੋਈ ਸਾਧਨ ਨਹੀਂ ਸੀ।

ਬਾਕੀ ਦੀ ਰਕਮ ਦਾ ਪ੍ਰਬੰਧ ਰਾਮ ਨਾਥ ਦੇ ਮਸ਼ਵਰੇ ਨਾਲ ਹੋ ਸਕਦਾ ਸੀ।

ਮਜਬੂਰੀ-ਵਸ ਉਹ ਰਾਮ ਨਾਥ ਦਾ ਇੰਤਜ਼ਾਰ ਕਰਨ ਲੱਗੇ।

## -7-

ਪੰਡਤ, ਰਿਸ਼ਤੇਦਾਰ ਅਤੇ ਆਂਢੀ-ਗੁਆਂਢੀ ਰਾਮ ਨਾਥ ਉਪਰ ਜ਼ੋਰ ਪਾ ਰਹੇ ਸਨ। ਪੋਸਟ-ਮਾਰਟਮ ਜਲਦੀ ਕਰਾਓ। ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਸਸਕਾਰ ਹੋਣਾ ਜ਼ਰੂਰੀ ਸੀ। ਜੇ ਸੂਰਜ ਛਿਪ ਗਿਆ ਤਾਂ ਸਸਕਾਰ ਅਗਲੇ ਦਿਨ 'ਤੇ ਪੈ ਜਾਣਾ ਸੀ। ਲਾਸ਼ ਦੀ ਹਾਲਤ ਭੈੜੀ ਸੀ। ਲਾਸ਼ ਨੂੰ ਰਾਤ ਭਰ ਸੰਭਾਲ ਕੇ ਨਹੀਂ ਸੀ ਰੱਖਿਆ ਜਾ ਸਕਦਾ।

ਰਾਮ ਨਾਥ ਇਸ ਮਜਬੂਰੀ ਨੂੰ ਸਮਝ ਰਿਹਾ ਸੀ। ਉਹ ਸਮੇਂ ਸਿਰ ਲਾਸ਼ ਪ੍ਰਾਪਤ ਕਰਨ ਦਾ ਹਰ ਯਤਨ ਕਰ ਰਿਹਾ ਸੀ।

ਸੰਬੰਧਿਤ ਅਧਿਕਾਰੀ ਦੁਖੀ ਪਰਿਵਾਰ ਨਾਲ ਪੂਰੀ ਹਮਦਰਦੀ ਜਿਤਾ ਰਹੇ ਸਨ। ਕਿਸੇ ਪਾਸਿਉਂ ਕੋਈ ਅੜਚਨ ਨਹੀਂ ਸੀ ਪੈ ਰਹੀ। ਕਾਨੂੰਨੀ ਕਾਰਵਾਈਆਂ ਹੀ ਇੰਨੀਆਂ ਸਨ ਕਿ ਮੱਲੋ-ਮੱਲੀ ਦੇਰ ਹੋ ਰਹੀ ਸੀ। ਪੁਲਿਸ ਨੇ ਆਪਣੀ ਲਿਖਾ-ਪੜ੍ਹੀ ਪੋਸਟ-ਮਾਰਟਮ ਤੋਂ ਪਹਿਲਾਂ ਮੁਕੰਮਲ ਕਰਨੀ ਸੀ। ਡਾਕਟਰਾਂ ਨੇ ਉਸ ਤੋਂ ਵੱਧ ਕਾਰਵਾਈ ਪੋਸਟ-ਮਾਰਟਮ ਤੋਂ ਬਾਅਦ ਕਰਨੀ ਸੀ। ਕਤਲ ਦਾ ਮਾਮਲਾ ਸੀ। ਛੋਟੀ ਜਿਹੀ ਕੁਤਾਹੀ ਦੋਸ਼ੀਆਂ ਦੇ ਬਰੀ ਹੋਣ ਦਾ ਕਾਰਨ ਬਣ ਸਕਦੀ ਸੀ। ਰਾਮ ਨਾਥ ਇਨ੍ਹਾਂ ਪੇਚੀਦਗੀਆਂ ਨੂੰ ਸਮਝਦਾ ਸੀ। ਇਸ ਲਈ ਉਹ ਕਾਰਵਾਈ ਅਧੂਰੀ ਛੱਡਣ ਲਈ ਵੀ ਨਹੀਂ ਸੀ ਆਖ ਸਕਦਾ।

ਮਰਨ ਵਾਲੇ ਦੇ ਬਾਹਰੋਂ ਆਏ ਸਾਕ-ਸੰਬੰਧੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦਿਆਂ ਪੁਲਿਸ ਅਤੇ ਡਾਕਟਰਾਂ ਨੇ ਮੋਟੀ-ਮੋਟੀ ਕਾਰਵਾਈ ਕਰਕੇ ਲਾਸ਼ ਵਾਰਿਸਾਂ ਦੇ ਹਵਾਲੇ ਕਰ ਦਿੱਤੀ। ਰਿਸ਼ਤੇਦਾਰ ਆਪਣੀਆਂ ਰਸਮਾਂ ਅਦਾ ਕਰਨ। ਬਾਕੀ ਲਿਖਾ-ਪੜ੍ਹੀ ਪਿਛੋਂ ਹੁੰਦੀ ਰਹੇਗੀ।

ਮੋਹਤਬਰ ਬੰਦਿਆਂ ਨੇ ਰਾਮ ਨਾਥ ਨੂੰ ਸਲਾਹ ਦਿੱਤੀ। ਲਾਸ਼ ਨੂੰ ਘਰ ਲਿਜਾਣ ਦਾ ਕੋਈ ਫ਼ਾਇਦਾ ਨਹੀਂ ਸੀ। ਕੋਠੀ ਭੂਤ ਬੰਗਲਾ ਬਣੀ ਹੋਈ ਸੀ। ਪਰਿਵਾਰ ਦੇ ਬਾਕੀ ਮੈਂਬਰ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ। 'ਤੇਰਾ ਭਾਣਾ ਮੀਠਾ ਲਾਗੇ' ਦੇ ਵਾਕ ਅਨੁਸਾਰ ਸਬਰ ਕਰ ਲੈਣਾ ਚਾਹੀਦਾ ਸੀ। ਸਮੇਂ ਦੀ ਬਚਤ ਕਰਕੇ ਬਾਕੀ ਜੀਆਂ ਦੇ ਬਚਾਅ ਵੱਲ ਧਿਆਨ ਦੇਣਾ ਚਾਹੀਦਾ ਸੀ।



ਲਾਸ਼ ਨੂੰ ਸਿੱਧਾ ਸ਼ਮਸ਼ਾਨਘਾਟ ਲਿਜਾਇਆ ਗਿਆ।

ਸਸਕਾਰ ਦੀ ਰਸਮ ਚੁੱਪਚਾਪ ਹੁੰਦੀ ਰਹੀ। ਰਿਸ਼ਤੇਦਾਰ ਜਿਵੇਂ ਜਿਉਂਦੀਆਂ ਲਾਸ਼ਾਂ ਬਣ ਗਏ ਸਨ। ਕਿਸੇ ਵਿਚ ਰੋਣ-ਧੋਣ ਜਾਂ ਬੋਲਣ ਦੀ ਹਿੰਮਤ ਨਹੀਂ ਸੀ।

ਜਿਨ੍ਹਾਂ ਬਾਹਰੋਂ ਆਏ ਰਿਸ਼ਤੇਦਾਰਾਂ ਨੂੰ ਵਹਿਮ ਸੀ, ਉਹ ਸ਼ਮਸ਼ਾਨਘਾਟੋਂ ਹੀ ਘਰਾਂ ਨੂੰ ਮੁੜ ਗਏ। ਜਿਨ੍ਹਾਂ ਨੂੰ ਵਹਿਮਾਂ-ਭਰਮਾਂ ਵਿਚ ਵਿਸ਼ਵਾਸ ਨਹੀਂ ਸੀ ਜਾਂ ਜਿਨ੍ਹਾਂ ਨੂੰ ਵਹਿਮਾਂ-ਭਰਮਾਂ ਦੀ ਉਲੰਘਣਾ ਕਰਨ ਨਾਲ ਹੋਣ ਵਾਲੇ ਨੁਕਸਾਨ ਨਾਲੋਂ ਆਪਣੇ ਰਿਸ਼ਤੇਦਾਰ ਪਿਆਰੇ ਸਨ ਉਹ ਸਿੱਧੇ ਹਸਪਤਾਲ ਨੂੰ ਹੋ ਲਏ।

ਕਮਲ ਦੀਆਂ ਆਖਰੀ ਰਸਮਾਂ ਪੂਰੀਆਂ ਕਰਦੇ ਰਾਮ ਨਾਥ ਨੂੰ ਸ਼ਮਸ਼ਾਨਘਾਟ ਵਿਚ ਕੁਝ ਦੇਰ ਲੱਗ ਗਈ।

ਰਾਮ ਨਾਥ ਨੂੰ ਹਸਪਤਾਲੋਂ ਸੁਨੇਹੇ 'ਤੇ ਸੁਨੇਹਾ ਆਉਣ ਲੱਗਾ। ਮਰੀਜ਼ਾਂ ਦੀ ਹਾਲਤ ਗੰਭੀਰ ਸੀ। ਡਾਕਟਰ ਫੌਰੀ ਤੌਰ 'ਤੇ ਅਪਰੇਸ਼ਨ ਕਰਨਾ ਚਾਹੁੰਦੇ ਸਨ। ਮਰੀਜ਼ਾਂ ਦੀ ਜਾਨ ਨੂੰ ਖਤਰਾ ਸੀ। ਖਤਰਾ ਮੁੱਲ ਲੈਣ ਤੋਂ ਪਹਿਲਾਂ ਡਾਕਟਰ ਵਾਰਿਸਾਂ ਤੋਂ ਸਹਿਮਤੀ ਲੈਣੀ ਚਾਹੁੰਦੇ ਸਨ। ਸਹਿਮਤੀ ਕਾਗਜ਼ਾਂ ਉਪਰ ਰਾਮ ਨਾਥ ਦੇ ਦਸਤਖ਼ਤ ਹੋਣੇ ਜ਼ਰੂਰੀ ਸਨ। ਉਹ ਤੁਰੰਤ ਹਸਪਤਾਲ ਪੁੱਜੇ।

ਰਾਮ ਨਾਥ ਮਰੀਜ਼ਾਂ ਦਾ ਇਕੱਲਾ ਵਾਰਿਸ ਨਹੀਂ ਸੀ। ਉਸ ਵਰਗੇ ਬਥੇਰੇ ਰਿਸ਼ਤੇਦਾਰ ਹਸਪਤਾਲ ਵਿਚ ਮੌਜੂਦ ਸਨ। ਇਸ ਸੁਨੇਹੇ ਵਿਚੋਂ ਉਸਨੂੰ ਹੋਰ ਰਮਜ਼ਾਂ ਆਉਂਦੀਆਂ ਮਹਿਸੂਸ ਹੋਣ ਲੱਗੀਆਂ।

ਹੱਥਲੇ ਕੰਮ ਵਿਚੇ ਛੱਡ ਕੇ ਰਾਮ ਨਾਥ ਹਸਪਤਾਲ ਵੱਲ ਦੌੜ ਪਿਆ।

ਰਿਸ਼ਤੇਦਾਰ ਪਹਿਲੀ ਮੰਜ਼ਲ ਉਪਰ ਇਕੱਠੇ ਹੋਏ ਬੈਠੇ ਸਨ।

ਰਾਮ ਨਾਥ ਨੂੰ ਪੌੜੀਆਂ ਚੜ੍ਹਦੇ ਦਿੱਕਤ ਮਹਿਸੂਸ ਹੋਣ ਲੱਗੀ। ਉਸਨੂੰ ਆਪਣੀਆਂ ਟੰਗਾਂ ਹਜ਼ਾਰਾਂ ਮਣ ਭਾਰੀਆਂ ਲੱਗਣ ਲੱਗੀਆਂ। ਉਸ ਦਾ ਸਾਹ ਚੜ੍ਹ ਗਿਆ। ਅੱਖਾਂ ਫੁੱਲ ਗਈਆਂ। ਰਾਮ ਨਾਥ ਨੇ ਸਮਝ ਲਿਆ ਇਹ ਬਲੱਡ-ਪ੍ਰੈਸ਼ਰ ਵਧਣ ਦੀ ਨਿਸ਼ਾਨੀ ਸੀ।

ਦੋ ਕਦਮ ਹੋਰ ਤੁਰ ਕੇ ਰਾਮ ਨਾਥ ਨੂੰ ਘੁਮੇਰ ਚੜ੍ਹਨ ਲੱਗੀ। ਸ਼ਰਾਬੀਆਂ ਵਾਂਗ ਉਸਦੇ ਕਦਮ ਇਥੇ ਦੀ ਥਾਂ ਉਥੇ ਟਿਕਣ ਲੱਗੇ। ਡਿੱਗਣ ਲਗੇ ਰਾਮ ਨਾਥ ਨੂੰ ਸੰਗੀਤਾ ਨੇ ਬਚਾ ਲਿਆ। ਆਪਣੇ ਮੋਢਿਆਂ ਦਾ ਸਹਾਰਾ ਦੇ ਕੇ ਉਸਨੇ ਰਾਮ ਨਾਥ ਨੂੰ ਕੁਰਸੀ ਉਪਰ ਬਿਠਾ ਦਿੱਤਾ।

ਸਰਦਾਰੀ ਲਾਲ ਝੱਟ ਪਾਣੀ ਵਾਲੀ ਬੋਤਲ ਫੜ ਲਿਆਇਆ। ਪਾਣੀ ਦਾ ਗਲਾਸ ਭਰ ਕੇ ਉਸ ਨੇ ਰਾਮ ਨਾਥ ਦੇ ਮੂੰਹ ਨੂੰ ਲਾ ਦਿੱਤਾ। ਰਾਮ ਨਾਥ ਨੇ ਪਾਗਲਾਂ ਵਾਂਗ ਸਾਰਾ ਗਲਾਸ ਇਕੋ ਸਾਹ ਅੰਦਰ ਸੁੱਟ ਲਿਆ। ਸਰਦਾਰੀ ਲਾਲ ਨੇ ਇਕ ਹੋਰ ਗਲਾਸ ਉਸਨੂੰ ਫੜਾਇਆ। ਰਾਮ ਨਾਥ ਨੇ ਉਹ ਵੀ ਅੰਦਰ ਸੁੱਟ ਲਿਆ। ਪਿਛਲੇ ਪੰਦਰਾਂ ਸੋਲਾਂ ਘੰਟਿਆਂ ਵਿਚ ਇਹ ਪਹਿਲੀ ਵਾਰ ਸੀ ਜਦੋਂ ਰਾਮ ਨਾਥ ਨੂੰ ਪਾਣੀ ਦਾ ਘੁੱਟ ਨਸੀਬ ਹੋਇਆ ਸੀ।

ਠੰਡੇ ਪਾਣੀ ਨੇ ਅਸਰ ਵਿਖਾਇਆ। ਅੱਖਾਂ ਅੱਗੇ ਛਾਇਆ ਹਨ੍ਹੇਰਾ ਛਟਣ ਲੱਗਾ। ਸਾਹ ਸਥਿਰ ਹੋਣ ਲੱਗਾ।

ਪਵਨ ਸਥਿਤੀ ਸਮਝ ਗਿਆ। ਰਾਮ ਨਾਥ ਦੀ ਇਹ ਦੁਰਦਸ਼ਾ ਭੁੱਖ ਪਿਆਸ ਕਾਰਨ ਹੋਈ ਸੀ। ਜਦੋਂ ਦਾ ਪਵਨ ਮਾਇਆ ਨਗਰ ਆਇਆ ਸੀ ਉਹ ਦੇਖ ਰਿਹਾ ਸੀ, ਰਾਮ ਨਾਥ ਦੇ ਅੰਦਰ ਖਿਲ ਤਕ ਨਹੀਂ ਸੀ ਗਈ। ਕਈ ਵਾਰ ਪਵਨ ਨੇ ਉਸਨੂੰ ਕੁਝ ਖਵਾਉਣ

ਪਿਆਉਣ ਦਾ ਯਤਨ ਕੀਤਾ ਸੀ, ਪਰ ਹਰ ਵਾਰ ਉਸ ਨੇ ਉਸਦਾ ਹੱਥ ਝਟਕ ਦਿੱਤਾ ਸੀ।

ਸੰਗੀਤਾ ਦੀ ਹਾਲਤ ਵੀ ਰਾਮ ਨਾਥ ਵਰਗੀ ਸੀ। ਉਸਦਾ ਫਾਕਾ ਭਾਵੇਂ ਰਾਮ ਨਾਥ ਜਿੰਨਾ ਸਖ਼ਤ ਤੇ ਨਹੀਂ ਸੀ ਪਰ ਭੁੱਖ ਨਾਲ ਉਹ ਵੀ ਬੇਹਾਲ ਸੀ।

ਉਨ੍ਹਾਂ ਵਰਗੇ ਹੋਰ ਵੀ ਕਈ ਰਿਸ਼ਤੇਦਾਰ ਹੋਣਗੇ, ਜਿਹੜੇ ਸ਼ਰਮੋਂ-ਸ਼ਰਮੀ ਭੁੱਖੇ ਤਿਹਾਏ ਬੈਠੇ ਹੋਣਗੇ।

ਜੋ ਭਾਣਾ ਵਰਤਣਾ ਸੀ ਵਰਤ ਚੁੱਕਾ ਸੀ। ਭੁੱਖਿਆਂ ਰਹਿ ਕੇ ਗਿਆਂ ਨੇ ਮੁੜ ਨਹੀਂ ਸੀ ਆਉਣਾ। ਜੋ ਬਚ ਗਏ ਸਨ ਉਨ੍ਹਾਂ ਨੂੰ ਸੰਭਾਲਣਾ ਜ਼ਰੂਰੀ ਸੀ। ਉਨ੍ਹਾਂ ਦੀ ਸੰਭਾਲ ਲਈ ਉਪਰਲਿਆਂ ਦਾ ਰਿਸ਼ਟ-ਪੁਸ਼ਟ ਹੋਣਾ ਜ਼ਰੂਰੀ ਸੀ। ਰਾਮ ਨਾਥ ਸਾਰੀ ਕਾਰਵਾਈ ਦਾ ਧੁਰਾ ਸੀ। ਉਸ ਨੂੰ ਕੁਝ ਹੋ ਗਿਆ ਤਾਂ ਸਾਰੀ ਖੇਡ ਸਮਾਪਤ ਹੋ ਜਾਣੀ ਸੀ।

ਇਹ ਸੋਚ ਕੇ ਪਵਨ ਹਸਪਤਾਲ ਦੀ ਕੰਟੀਨ ਵਿਚ ਗਿਆ। ਚਾਹ ਦਾ ਜੱਗ ਅਤੇ ਪਲਾਸਟਕ ਦੇ ਗਲਾਸ ਚੁੱਕ ਲਿਆਇਆ।

ਇਕ ਗਲਾਸ ਭਰ ਕੇ ਉਸਨੇ ਰਾਮ ਨਾਥ ਨੂੰ ਫੜਾ ਦਿੱਤਾ।

ਰਾਮ ਨਾਥ ਦਾ ਸਰੀਰ ਮਿੱਟੀ ਹੋਇਆ ਪਿਆ ਸੀ। ਨਾਂਹ ਕਰਨ ਦੀ ਉਸਦੀ ਹਿੰਮਤ ਨਾ ਪਈ। ਮਾਣ ਵਜੋਂ ਪਹਿਲਾ ਗਲਾਸ ਫੜ ਕੇ ਉਸਨੇ ਆਪਣੇ ਜੀਜੇ ਸਰਦਾਰੀ ਲਾਲ ਨੂੰ ਫੜਾ ਦਿੱਤਾ। ਸਰਦਾਰੀ ਲਾਲ ਨੂੰ ਵੀ ਚਾਹ ਦੀ ਤਲਬ ਸੀ। ਪਰ ਉਸਨੇ ਸ਼ਿਸ਼ਟਾਚਾਰ ਵਜੋਂ ਗਲਾਸ ਸੰਗੀਤਾ ਨੂੰ ਫੜਾ ਦਿੱਤਾ। ਪਵਨ ਗਲਾਸ ਭਰਦਾ ਰਿਹਾ ਅਤੇ ਰਿਸ਼ਤੇਦਾਰ ਉਸ ਤੋਂ ਫੜ ਫੜ ਇਕ ਤੋਂ ਅੱਗੇ ਦੂਜੇ ਨੂੰ ਫੜਾਉਂਦੇ ਰਹੇ।

ਜਦੋਂ ਸਾਰੇ ਚਾਹ ਪੀਣ ਲਗ ਪਏ ਪਵਨ ਦੀ ਹਿੰਮਤ ਵਧ ਗਈ। ਉਹ ਚੁਪਕੇ ਜਿਹੇ ਚਾਰ ਪੰਜ ਪੈਕਟ ਬਰੈਡ ਫੜ ਲਿਆਇਆ। ਚਾਹ ਦੇ ਨਾਲ-ਨਾਲ ਉਹ ਪੀਸ ਵਰਤਾਉਣ ਲੱਗਾ।

ਭੁੱਖ ਸਭ ਨੂੰ ਤੜਪਾ ਰਹੀ ਸੀ। ਦੇਖੋ-ਦੇਖੀ ਸਭ ਨੇ ਚਾਹ ਅਤੇ ਬਰੈਡ ਫੜ ਲਈ।

ਭੁੱਖ ਮਿਟਦਿਆਂ ਹੀ ਰਾਮ ਨਾਥ ਦੀ ਬਿਮਾਰੀ ਖੰਭ ਲਾ ਕੇ ਉੱਡ ਗਈ। ਉਹ ਤਾਜ਼ਾ ਦਮ ਮਹਿਸੂਸ ਕਰਨ ਲੱਗਾ।

ਮੌਕਾ ਤਾੜ ਕੇ ਡਾਕਟਰ ਦੇਵ ਨੇ ਦੋਹਾਂ ਮਰੀਜ਼ਾਂ ਦੀ ਤਾਜ਼ਾ ਸਥਿਤੀ ਰਾਮ ਨਾਥ ਅਤੇ ਪਿੱਛੋਂ ਆਏ ਹੋਰ ਰਿਸ਼ਤੇਦਾਰਾਂ ਨੂੰ ਸਮਝਾ ਦਿੱਤੀ। ਇਹ ਵੀ ਸਮਝਾ ਦਿੱਤਾ ਕਿ ਅਪਰੇਸ਼ਨਾਂ ਵਿਚ ਦੇਰ ਖ਼ਤਰਨਾਕ ਸਿੱਧ ਹੋ ਸਕਦੀ ਸੀ। ਝੱਟਪੱਟ ਕਾਗਜ਼ੀ ਕਾਰਵਾਈ ਮੁਕੰਮਲ ਕਰਕੇ ਡਾਕਟਰਾਂ ਨੂੰ ਅਪਰੇਸ਼ਨ ਕਰਨ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਸੀ।

ਰਾਮ ਨਾਥ ਨੂੰ ਸਮਝ ਨਹੀਂ ਸੀ ਆ ਰਹੀ। ਜੇ ਅਪਰੇਸ਼ਨ ਇੰਨੇ ਜ਼ਰੂਰੀ ਸਨ ਤਾਂ ਹੁਣ ਤਕ ਮੰਗਤ ਰਾਏ ਨੇ ਕਾਗਜ਼ਾਂ ਉਪਰ ਦਸਤਖਤ ਕਿਉਂ ਨਾ ਕੀਤੇ? ਮੰਗਤ ਅਤੇ ਰਾਮ ਨਾਥ ਵਿਚ ਕੋਈ ਫ਼ਰਕ ਨਹੀਂ ਸੀ।

ਕਾਰਨ ਸਮਝਾਉਣ ਲਈ ਮੰਗਤ ਰਾਮ ਨਾਥ ਨੂੰ ਇਕ ਪਾਸੇ ਲੈ ਗਿਆ। ਹੋ ਚੁੱਕੇ ਖਰਚੇ ਦਾ ਵੇਰਵਾ ਦਿੱਤਾ। ਮੰਗੀ ਜਾ ਰਹੀ ਰਕਮ ਦਾ ਜ਼ਿਕਰ ਕੀਤਾ।

ਪੈਸਿਆਂ ਦੀ ਕਮੀ ਦੀ ਭਿਣਕ ਪਵਨ ਦੇ ਕੰਨੀਂ ਪੈ ਗਈ। ਉਹ ਧਨਾਢ ਤਾਂ ਨਹੀਂ ਸੀ। ਇਕ ਸਕੂਟਰ ਮਕੈਨਿਕ ਸੀ। ਵਾਰਦਾਤ ਦੀ ਖ਼ਬਰ ਸੁਣ ਕੇ ਉਹ ਆਪਣੀ ਦੁਕਾਨ ਨੂੰ ਜਿੰਦਾ ਲਾ ਕੇ ਇਧਰ ਨੂੰ ਭੱਜ ਪਿਆ ਸੀ। ਪਤਾ ਸੀ ਪੈਸੇ ਦੀ ਲੋੜ ਪਏਗੀ। ਆਪਣੇ



ਅਤੇ ਆਪਣੇ ਗੁਆਂਢੀਆਂ ਦੇ ਗੱਲਿਆਂ ਵਿਚ ਜੋ ਪਿਆ ਸੀ ਉਹ ਚੁੱਕ ਲਿਆਇਆ ਸੀ। ਹਜ਼ਾਰ ਪੰਦਰਾਂ ਸੌ ਖਰਚ ਹੋ ਚੁੱਕਾ ਸੀ। ਅੱਠ ਨੌਂ ਹਜ਼ਾਰ ਬਚਦਾ ਸੀ।

ਉਹ ਰਕਮ ਉਸਨੇ ਸੰਗੀਤਾ ਨੂੰ ਫੜਾ ਦਿੱਤੀ।

ਪਵਨ ਦੀ ਇਸ ਹੱਲਾਸ਼ੇਰੀ ਨੇ ਬਾਕੀਆਂ ਲਈ ਰਾਹ ਖੋਲ੍ਹ ਦਿੱਤਾ। ਅਜਿਹੇ ਮੌਕਿਆਂ ਤੇ ਪੈਸਿਆਂ ਦੀ ਜ਼ਰੂਰਤ ਪੈਂਦੀ ਹੈ, ਇਹ ਅਹਿਸਾਸ ਹਰ ਰਿਸ਼ਤੇਦਾਰ ਨੂੰ ਸੀ। ਹਰ ਕੋਈ ਆਪਣੀ ਹੈਸੀਅਤ ਅਨੁਸਾਰ ਕੁਝ ਨਾ ਕੁਝ ਲੈ ਕੇ ਆਇਆ ਸੀ।

ਰਿਸ਼ਤੇਦਾਰਾਂ ਨੇ ਆਪਣੇ ਤਿਲ-ਫੁੱਲ ਭੇਂਟ ਕਰਨੇ ਸ਼ੁਰੂ ਕਰ ਦਿੱਤੇ।

ਰਾਮ ਨਾਥ ਨੇ ਮੰਗਤ ਰਾਏ ਨੂੰ ਇਸ਼ਾਰਾ ਕੀਤਾ। ਉਹ ਦਿਆਲੂ ਰਿਸ਼ਤੇਦਾਰਾਂ ਦੇ ਨਾਂ ਅਤੇ ਆਈ ਰਕਮ ਨੋਟ ਕਰ ਲਏ। ਨਾ ਰਾਮ ਨਾਥ ਕੋਲ ਪੈਸੇ ਦੀ ਘਾਟ ਸੀ ਨਾ ਉਸਦੇ ਭੈਣ ਭਣਵਈਏ ਕੋਲ। ਸਭ ਦੇ ਪੈਸੇ ਧੰਨਵਾਦ ਸਹਿਤ ਵਾਪਿਸ ਕੀਤੇ ਜਾਣਗੇ।

ਨਾਂ ਅਤੇ ਰਕਮ ਨੋਟ ਹੁੰਦੀ ਦੇਖ ਕੇ ਸਹਾਇਤਾ ਦੀ ਰਾਸ਼ੀ ਅਤੇ ਸਹਾਇਤਾ ਕਰਨ ਵਾਲਿਆਂ ਦੀ ਗਿਣਤੀ ਕਈ ਗੁਣਾ ਵਧ ਗਈ।

ਇਕੱਠੀ ਹੋਈ ਰਕਮ ਦੋਹਾਂ ਮਰੀਜ਼ਾਂ ਦਾ ਖਰਚਾ ਭਰਨ ਲਈ ਕਾਫ਼ੀ ਸੀ।

ਮੰਗਤ ਵਾਧੂ ਰਕਮ ਵਾਪਸ ਕਰਨਾ ਚਾਹੁੰਦਾ ਸੀ। ਡਾਕਟਰ ਦੇਵ ਨੇ ਉਸਨੂੰ ਰੋਕ ਦਿੱਤਾ। ਖਰਚੇ ਖਤਮ ਥੋੜ੍ਹਾ ਹੋ ਗਏ ਸਨ। ਪਤਾ ਨਹੀਂ ਕਦੋਂ ਕਿਸ ਦਵਾਈ ਵਾਲੀ ਪਰਚੀ ਅੰਦਰੋਂ ਆ ਜਾਵੇ ? ਕਦੋਂ ਕਿਸੇ ਮਹਿੰਗੇ ਟੈਸਟ ਦੀ ਜ਼ਰੂਰਤ ਪੈ ਜਾਵੇ। ਹਾਲ ਦੀ ਘੜੀ ਰਕਮ ਸੰਭਾਲ ਲੈਣੀ ਚਾਹੀਦੀ ਸੀ।

ਮਰੀਜ਼ਾਂ ਦੇ ਅਪਰੇਸ਼ਨ ਥੀਏਟਰ ਜਾਣ ਬਾਅਦ ਬਾਕੀ ਰਿਸ਼ਤੇਦਾਰਾਂ ਨੂੰ ਹੱਥ ਬੰਨ੍ਹ ਕੇ ਬੇਨਤੀ ਕੀਤੀ ਗਈ।

ਹੁਣ ਉਹ ਘਰੋ-ਘਰੀਂ ਜਾ ਕੇ ਆਰਾਮ ਕਰਨ।

ਨਜ਼ਦੀਕੀ ਰਿਸ਼ਤੇਦਾਰ ਹਸਪਤਾਲ ਦੀ ਇਕ ਨੁੱਕਰੇ ਬੈਠ ਕੇ ਮਰੀਜ਼ਾਂ ਦੇ ਸਹੀ ਸਲਾਮਤ ਅਪਰੇਸ਼ਨ ਥੀਏਟਰ ਵਿਚੋਂ ਬਾਹਰ ਆਉਣ ਦਾ ਇੰਤਜ਼ਾਰ ਕਰਨ ਲੱਗੇ।

## -8-

ਸਾਰੀ ਰਾਤ ਪੁਲਿਸ ਅਫ਼ਸਰਾਂ ਵਿਚਕਾਰ ਬੈਠਕਾਂ ਹੁੰਦੀਆਂ ਰਹੀਆਂ।

ਅਜਿਹੀਆਂ ਇੱਕੜ-ਦੁੱਕੜ ਘਟਨਾਵਾਂ ਪਹਿਲਾਂ ਹੋਈਆਂ ਜ਼ਰੂਰ ਸਨ, ਪਰ ਉਹ ਇੰਨੀਆਂ ਭਿਆਨਕ ਨਹੀਂ ਸਨ। ਬਲਾਤਕਾਰ ਪਹਿਲੀ ਵਾਰ ਹੋਇਆ ਸੀ। ਪਹਿਲਾਂ ਲੋੜ ਪੈਣ 'ਤੇ ਘਰ ਦੇ ਮੈਂਬਰਾਂ ਨੂੰ ਸੱਟਾਂ ਮਾਰੀਆਂ ਜਾਂਦੀਆਂ ਸਨ। ਇਸ ਵਾਰ ਲਗਦਾ ਸੀ ਸੱਟਾਂ ਜਾਣ ਬੁੱਝ ਕੇ ਮਾਰੀਆਂ ਜਾਂਦੀਆਂ ਸਨ।

ਕਮਲ ਯੂਨੀਵਰਸਿਟੀ ਵਿਚ ਐਮ.ਬੀ.ਏ. ਦਾ ਵਿਦਿਆਰਥੀ ਸੀ। ਯੂਨੀਅਨ ਦਾ ਸਰਗਰਮ ਮੈਂਬਰ ਸੀ। ਵਿਦਿਆਰਥੀ ਆਗੂਆਂ ਨੇ ਕੱਲ੍ਹ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕਰ ਦਿੱਤਾ ਸੀ। ਵਿਦਿਆਰਥੀ ਕਾਤਲਾਂ ਨੂੰ ਤੁਰੰਤ ਫੜੇ ਜਾਣ ਦੀ ਮੰਗ ਕਰ ਰਹੇ ਸਨ।

ਨੇਹਾ ਨੇ ਪੱਤਰਕਾਰੀ ਦਾ ਡਿਪਲੋਮਾ ਕੀਤਾ ਹੋਇਆ ਸੀ। ਹੁਣ ਉਹ ਇੰਗਲਿਸ਼ ਦੀ ਐਮ.ਏ. ਕਰ ਰਹੀ ਸੀ। ਸ਼ੌਕ ਦੇ ਤੌਰ 'ਤੇ ਉਹ 'ਪ੍ਰੈਸ ਟਰੱਸਟ ਆਫ਼ ਇੰਡੀਆ' ਲਈ ਬਤੌਰ

'ਫਰੀ ਲਾਂਸਰ' ਕੰਮ ਕਰ ਰਹੀ ਸੀ। ਸਾਗਰ ਨਾਂ ਦੇ ਪ੍ਰਸਿੱਧ ਪੱਤਰਕਾਰ ਨਾਲ ਉਸਦੇ ਪ੍ਰੇਮ-ਸੰਬੰਧ ਸਨ। ਦੋਹਾਂ ਦੀ ਸਗਾਈ ਹੋਣ ਵਾਲੀ ਸੀ। ਸਾਗਰ ਕਾਰਨ ਸ਼ਹਿਰ ਦੇ ਪੱਤਰਕਾਰਾਂ ਲਈ ਇਹ ਵਕਾਰੀ ਕੇਸ ਬਣ ਗਿਆ ਸੀ। ਕੱਲ੍ਹ ਤੋਂ ਹਰ ਨੁਕਤੇ ਨੇ ਅਖ਼ਬਾਰਾਂ ਵਿਚ ਉਛਲਣਾ ਸੀ।

ਖੁਫ਼ੀਆ ਵਿਭਾਗ ਦੇ ਦੋਹਾਂ ਫ਼ੈਸਲਿਆਂ ਦੀ ਸੂਚਨਾ ਉੱਚ-ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਤਕ ਅੱਪੜਦੀ ਕਰ ਦਿੱਤੀ ਸੀ। ਮੁੜਵੀਂ ਕਾਰਵਾਈ ਦੇ ਤੌਰ 'ਤੇ ਹਰ ਅਧਿਕਾਰੀ ਪੁਲਿਸ ਕਪਤਾਨ ਦੀ ਖਿਚਾਈ ਕਰ ਰਿਹਾ ਸੀ। ਮੁੱਖ-ਮੰਤਰੀ ਨੇ ਪ੍ਰੈਸ-ਕਾਨਫਰੰਸ ਬੁਲਾ ਕੇ ਐਲਾਨ ਕਰ ਦਿੱਤਾ ਸੀ। "ਤਫ਼ਤੀਸ਼ ਕਪਤਾਨ ਨੂੰ ਦੇ ਦਿੱਤੀ ਗਈ ਸੀ। ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਜੇ ਕਪਤਾਨ ਨੇ ਕਾਤਲ ਨਾ ਫੜੇ ਤਾਂ ਉਸਨੂੰ ਬਦਲ ਦਿੱਤਾ ਜਾਏਗਾ।"

ਵਿਰੋਧੀ ਧਿਰ ਮੁੱਖ-ਮੰਤਰੀ ਨੂੰ ਕਈ ਫਰੰਟਾਂ 'ਤੇ ਘੇਰੀ ਬੈਠੀ ਸੀ। ਵਿਗੜ ਰਹੀ ਕਾਨੂੰਨ ਵਿਵਸਥਾ ਦੇ ਨਾਜ਼ੁਕ ਮਸਲੇ ਉਪਰ ਵਿਰੋਧੀ ਧਿਰ ਨੂੰ ਉਸ ਵਿਰੁੱਧ ਢੰਡੋਰਾ ਪਿੱਟਣ ਦਾ ਮੌਕਾ ਮਿਲ ਜਾਣਾ ਸੀ। ਮੁੱਖ-ਮੰਤਰੀ ਆਪਣੀ ਦਾੜ੍ਹੀ ਵਿਰੋਧੀ ਧਿਰ ਨੂੰ ਨਹੀਂ ਸੀ ਫੜਾ ਸਕਦਾ।

ਪੁਲਿਸ ਕਪਤਾਨ ਨੂੰ ਇਸ ਐਲਾਨ ਕਾਰਨ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਜੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਮੁਲਜ਼ਮ ਨਾ ਫੜੇ ਗਏ ਤਾਂ ਕਪਤਾਨ ਨੇ ਬਲੀ ਦਾ ਬੱਕਰਾ ਬਣ ਜਾਣਾ ਸੀ।

ਮੁੱਖ ਮੰਤਰੀ ਦੇ ਹੁਕਮ 'ਤੇ ਫੁੱਲ ਚੜ੍ਹਾਉਣ ਦੇ ਯਤਨ ਹੋਣ ਲੱਗੇ। ਕਪਤਾਨ ਨੇ ਆਪਣੇ ਹੇਠ ਕੰਮ ਕਰਦੀਆਂ ਸਾਰੀਆਂ ਇਕਾਈਆਂ ਨੂੰ ਸੁਚੇਤ ਕਰ ਦਿੱਤਾ। ਥਾਂ-ਥਾਂ ਛਾਪੇ ਪੈਣ ਲੱਗੇ। ਮੁਲਜ਼ਮਾਂ ਦੇ ਖੁਰੇ ਖੋਜੇ ਜਾਣ ਲੱਗੇ।

ਪੁਲਿਸ ਕਪਤਾਨ ਦੀਆਂ ਅੱਖਾਂ ਵਿਚ ਨੌਕਰ ਕਣ ਵਾਂਗ ਰੜਕ ਰਿਹਾ ਸੀ। ਉਸ ਦੀ ਪੁੱਛਗਿੱਛ ਬਿਨਾਂ ਤਫ਼ਤੀਸ਼ ਅੱਗੇ ਕਿਸ ਤਰ੍ਹਾਂ ਤੁਰ ਸਕਦੀ ਸੀ? ਉਹ ਨੌਕਰ ਨੂੰ ਖ਼ੁਦ 'ਇਨਟੈਰੋਗੇਟ' ਕਰਨਾ ਚਾਹੁੰਦਾ ਸੀ।

ਕੱਲ੍ਹ ਮੁੱਖ ਅਫ਼ਸਰ ਨੇ ਨੌਕਰ ਨੂੰ ਛੱਡ ਕੇ ਠੀਕ ਕੀਤਾ ਸੀ। ਮਾਹੌਲ ਗਰਮ ਸੀ। ਲੋਕਾਂ ਨੂੰ ਨੌਕਰ ਦੀ ਵਫ਼ਾਦਾਰੀ ਤੇ ਯਕੀਨ ਸੀ।

ਹੁਣ ਹਾਲਾਤ ਬਦਲ ਚੁੱਕੇ ਸਨ। ਹੁਣ ਨੌਕਰ ਦੀ ਕਿਸੇ ਨੂੰ ਪਰਵਾਹ ਨਹੀਂ ਸੀ। ਪਤਾ ਨਹੀਂ ਉਹ ਕਿੱਥੇ ਸੁੱਤਾ ਸੀ। ਕਿਧਰੇ ਖਿਸਕ ਗਿਆ ਤਾਂ ਕਪਤਾਨ ਦਾ ਮੂੰਹ ਕਾਲਾ ਹੋਣਾ ਸੀ।

ਸਾਰੀ ਰਾਤ ਕਪਤਾਨ ਨੌਕਰ 'ਤੇ ਕਚੀਚੀਆਂ ਵੱਟਦਾ ਰਿਹਾ।

ਸਵੇਰ ਹੁੰਦਿਆਂ ਹੀ ਕਪਤਾਨ ਨੇ ਇਕੱਲਿਆਂ ਮੌਕਾ ਦੋਬਾਰਾ ਦੇਖਣ ਦਾ ਐਲਾਨ ਕੀਤਾ। ਮੁਲਾਹਜ਼ੇ ਵਿਚ ਰਾਮ ਨਾਥ ਅਤੇ ਨੌਕਰ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ।

ਰਾਤ ਰਾਮੂ ਗੁਆਂਢੀਆਂ ਦੇ ਸੁੱਤਾ ਸੀ। ਗੁਆਂਢੀ ਨੇ ਦੱਸਿਆ ਸੀ ਉਹ ਬਹੁਤ ਡਰਿਆ ਹੋਇਆ ਸੀ। ਸਾਰੀ ਰਾਤ ਉਹ ਉਸਲਵੱਟੇ ਲੈਂਦਾ ਰਿਹਾ ਸੀ। ਉਸਨੇ ਇਕ ਰੋਟੀ ਮਸਾਂ ਅੰਦਰ ਲੰਘਾਈ ਸੀ। ਉਹ ਆਪਣੇ ਚਾਚੇ ਕੋਲ ਜਾਣ ਦੀ ਜ਼ਿੱਦ ਕਰ ਰਿਹਾ ਸੀ।

ਰਾਮੂ ਦੀ ਇਹ ਬੇਚੈਨੀ ਕਪਤਾਨ ਲਈ ਖੁਸ਼ੀ-ਭਰਿਆ ਸੰਦੇਸ਼ ਸੀ। ਘਬਰਾਹਟ ਦੱਸਦੀ ਸੀ, ਉਹ ਕੁਝ ਛੁਪਾ ਰਿਹਾ ਸੀ।

ਖ਼ਾਕੀ ਵਰਦੀ ਵਿਚ ਕੱਸੇ ਕਪਤਾਨ ਨੇ ਜਦੋਂ ਅੱਖਾਂ ਸੂਹੀਆਂ ਕਰਕੇ ਰਾਮੂ ਦੀਆਂ ਅੱਖਾਂ ਵਿਚ ਤੱਕਿਆ ਰਾਮੂ ਧੁਰ ਅੰਦਰ ਤਕ ਹਿੱਲ ਗਿਆ। "ਦੇਖ ਬੇਟਾ! ਮੁਝੇ ਮੁਹੱਲੇ ਕੇ ਚੌਕੀਦਾਰ ਨੇ ਸਬ ਕੁਝ ਬਤਾ ਦੀਆ ਹੈ। ਚੋਰ ਦੀਵਾਰ ਕੂਦ ਕਰ ਕੋਠੀ ਮੇਂ ਆਏ ਥੇ! ਤੁਮਨੇ ਉਨ ਕੋ ਕੋਠੀ ਮੇਂ ਘੁਸਤੇ ਦੇਖਾ ਥਾ।"

ਕਪਤਾਨ ਸ਼ਬਦ ਮਿੱਠੇ ਬੋਲ ਰਿਹਾ ਸੀ ਪਰ ਉਨ੍ਹਾਂ ਵਿਚੋਂ ਕੁੜੱਤਣ ਅਤੇ ਤਾੜਨਾ ਸਾਫ਼ ਝਲਕ ਰਹੀ ਸੀ।

"ਜੀ ਸਾਹਿਬ!"

"ਕਿਆ ਸਾਹਿਬ?" ਕਪਤਾਨ ਦਾ ਝੂਠ ਇੰਨੀ ਜਲਦੀ ਰੰਗ ਲਿਆਏਗਾ ਇਹ ਉਸਨੂੰ ਉਕਾ ਆਸ ਨਹੀਂ ਸੀ।

"ਸ਼ਾਬਾਸ਼! ਆਗੇ ਕਿਆ ਦੇਖਾ। ਸਭ ਕੁਝ ਬਤਾਓ। ਤੁਮੇਂ ਇਨਾਮ ਦੀਆ ਜਾਏਗਾ। ਤੁਮ ਇਕ ਵਫ਼ਾਦਾਰ ਨੌਕਰ ਹੋ। ਮਾਲਕ ਤੁਮਾਰੀ ਬਹੁਤ ਤਾਰੀਫ਼ ਕਰਤੇ ਹੈਂ। ਤੇਰੇ ਛੋਟੇ ਮਾਲਕ ਕੋ ਮਾਰ ਦੀਆ ਗਿਆ ਹੈ। ਬੜੇ ਮਾਲਕ ਔਰ ਬੀਬੀ ਕੋ ਬੁਰੀ ਤਰ੍ਹਾਂ ਪੀਟਾ ਗਿਆ ਹੈ। ਸੱਚ ਬਤਾਓ ਕਿਆ ਹੂਆ? ਤੁਮ ਕਿਸ-ਕਿਸ ਕੋ ਜਾਨਤੇ ਹੋ?"

"ਬਤਾ ਰਹਾ ਹੂੰ ਸਾਹਿਬ!" ਕੰਬਦਾ ਨੌਕਰ ਦੇਖੀ ਘਟਨਾ ਦਾ ਵੇਰਵਾ ਦੇਣ ਲੱਗਾ।

ਆਪਣੇ ਕਮਰੇ ਵਿਚ ਬੈਠਾ ਰਾਮੂ ਟੀ.ਵੀ. ਦੇਖ ਰਿਹਾ ਸੀ। ਕੋਠੀ ਦਾ ਗੇਟ ਟੱਪ ਕੇ ਅੰਦਰ ਆਉਂਦੇ ਇਕ ਚੋਰ ਤੋਂ ਗੇਟ ਹਿੱਲ ਗਿਆ। ਖੜਕਾ ਸੁਣ ਕੇ ਰਾਮੂ ਕਮਰੇ ਵਿਚੋਂ ਛੱਤ 'ਤੇ ਆਇਆ। ਛੱਤ 'ਤੇ ਖੜ੍ਹ ਕੇ ਗੇਟ ਵੱਲ ਝਾਤੀ ਮਾਰੀ। ਉਸ ਸਮੇਂ ਤਕ ਅੰਦਰ ਆ ਚੁੱਕੇ ਚੋਰ ਨੇ ਕੋਠੀ ਦਾ ਗੇਟ ਖੋਲ੍ਹ ਦਿੱਤਾ ਸੀ। ਉਸ ਦੇ ਤਿੰਨ-ਚਾਰ ਸਾਥੀ ਕੋਠੀ ਅੰਦਰ ਪ੍ਰਵੇਸ਼ ਕਰ ਚੁੱਕੇ ਸਨ। ਉਨ੍ਹਾਂ ਦੀਆਂ ਕਾਲੀਆਂ ਵਰਦੀਆਂ ਅਤੇ ਡਰਾਉਣੀਆਂ ਸ਼ਕਲਾਂ ਦੇਖ ਕੇ ਰਾਮੂ ਡਰ ਗਿਆ ਸੀ। ਡਰਿਆ ਸਹਿਮਿਆ ਉਹ ਆਪਣੇ ਕਮਰੇ ਵਿਚ ਆ ਗਿਆ। ਟੀ.ਵੀ. ਬੰਦ ਕਰਕੇ ਸੌਣ ਦਾ ਯਤਨ ਕਰਨ ਲੱਗਾ।

ਕੁਝ ਦੇਰ ਬਾਅਦ ਕੋਠੀ ਅੰਦਰ ਚੀਕ-ਚਿਹਾੜਾ ਪੈ ਗਿਆ। ਕੀ ਹੋ ਗਿਆ? ਇਹ ਦੇਖਣ ਲਈ ਰਾਮੂ ਦਬਵੇਂ ਪੈਰੀਂ ਪੌੜੀਆਂ ਵਿਚ ਖੜੋ ਕੇ ਲਾਬੀ ਵੱਲ ਦੇਖਣ ਲੱਗਾ। ਉਸ ਸਮੇਂ ਇਕ ਚੋਰ ਕਮਲ ਦੇ ਢਿੱਡ ਵਿਚ ਛੁਰਾ ਖੋਭ ਰਿਹਾ ਸੀ। ਕਿਸੇ ਪਾਸਿਉਂ ਨੀਲਮ ਅਤੇ ਨੇਹਾ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਰਾਮੂ ਨੇ ਜਦੋਂ ਗਹੁ ਨਾਲ ਤੱਕਿਆ ਤਾਂ ਉਥੇ ਉਨ੍ਹਾਂ ਦੇ ਦੇਸ਼ ਦਾ ਠੇਕੇਦਾਰ ਰਾਮ ਲੁਭਾਇਆ ਵੀ ਖੜ੍ਹਾ ਸੀ। ਠੇਕੇਦਾਰ ਨੇ ਤਾਂ ਭਾਵੇਂ ਕਾਲੇ ਕੱਪੜੇ ਪਾਏ ਹੋਏ ਸਨ, ਪਰ ਰਾਮੂ ਨੇ ਉਸਨੂੰ ਪਹਿਚਾਣ ਲਿਆ ਸੀ।

ਰਾਮ ਲੁਭਾਇਆ ਬੜਾ ਖ਼ਤਰਨਾਕ ਆਦਮੀ ਸੀ। ਜੇ ਉਸਨੇ ਰਾਮੂ ਨੂੰ ਖੜ੍ਹਾ ਦੇਖ ਲਿਆ ਤਾਂ ਉਸਨੇ ਰਾਮੂ ਨੂੰ ਮਾਰ ਦੇਣਾ ਸੀ। ਡਰਦਾ ਉਹ ਆਪਣੇ ਕਮਰੇ ਵਿਚ ਮੁੜ ਆਇਆ ਸੀ।

ਹਿੰਮਤ ਬਟੋਰ ਕੇ ਕੁਝ ਦੇਰ ਬਾਅਦ ਜਦੋਂ ਉਸਨੇ ਫੇਰ ਲਾਬੀ ਵੱਲ ਤੱਕਿਆ ਤਾਂ ਸਾਰੀ ਲਾਬੀ ਖ਼ੂਨ ਨਾਲ ਲੱਥ-ਪੱਥ ਹੋਈ ਪਈ ਸੀ। ਕਮਲ ਮਰ ਚੁੱਕਾ ਸੀ। ਬਾਕੀ ਦੇ ਮੈਂਬਰ ਸਹਿਕ ਰਹੇ ਸਨ।

ਮਾਲਕਾਂ ਦੀ ਇਹ ਹਾਲਤ ਦੇਖ ਕੇ ਉਹ ਹੋਰ ਘਬਰਾ ਗਿਆ। ਆਪਣੇ ਕਮਰੇ ਵਿਚ ਆ ਕੇ ਉਸਨੇ ਟੀ.ਵੀ. ਚਲਾ ਲਿਆ ਅਤੇ ਸੌਣ ਦਾ ਯਤਨ ਕਰਨ ਲੱਗਾ।

ਇਕ ਦੋਸ਼ੀ ਦੀ ਸ਼ਨਾਖਤ ਹੋ ਜਾਣ 'ਤੇ ਕਪਤਾਨ ਨੇ ਕੁਝ ਰਾਹਤ ਮਹਿਸੂਸ ਕੀਤੀ।

ਰਾਮ ਲੁਭਾਇਆ ਕੌਣ ਹੈ? ਕਪਤਾਨ ਦਾ ਮਨ ਉਸਦਾ ਪਿਛੋਕੜ ਜਾਨਣ ਲਈ ਕਾਹਲਾ ਪੈਣ ਲੱਗਾ।

ਉਹ ਰਾਮੂ ਦੇ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਰਾਮੂ ਦੇ ਜਨਮ ਤੋਂ ਪਹਿਲਾਂ ਦਾ ਮਾਇਆ ਨਗਰ ਆ ਕੇ ਵੱਸਿਆ ਹੋਇਆ ਸੀ। ਆਪਣੇ ਦੇਸ਼ ਦੇ ਬਹੁਤ ਬੰਦਿਆਂ ਨੂੰ ਉਹ ਇਧਰ ਲੈ ਕੇ ਆਇਆ ਸੀ। ਜਿਹੜੇ ਉਸਦੀ ਈਨ ਵਿਚ ਰਹਿੰਦੇ ਸਨ, ਉਨ੍ਹਾਂ ਨੂੰ ਉਹ ਮੌਜ ਕਰਾਉਂਦਾ ਸੀ। ਜਿਹੜੇ ਬਾਗੀ ਹੋਣ ਦਾ ਯਤਨ ਕਰਦੇ ਸਨ ਉਨ੍ਹਾਂ 'ਤੇ ਉਹ ਕੁਟਾਪਾ ਚਾੜ੍ਹਦਾ ਸੀ। ਪੁਲਿਸ ਨਾਲ ਮਿਲਕੇ ਝੂਠੇ ਮੁਕੱਦਮਿਆਂ ਵਿਚ ਫਸਾ ਦਿੰਦਾ ਸੀ। ਉਸਦੇ ਦੇਸ਼ ਵਿਚ ਇਹ ਗੱਲ ਫੈਲੀ ਹੋਈ ਸੀ ਕਿ ਰਾਮ ਲੁਭਾਏ ਨੇ ਕਈ ਜਿਊਂਦੇ ਮਜ਼ਦੂਰਾਂ ਨੂੰ ਕਾਰਖਾਨਿਆਂ ਦੀਆਂ ਭੱਠੀਆਂ ਵਿਚ ਸਾੜਿਆ ਸੀ। ਡਰਦਾ ਕੋਈ ਉਸ ਅੱਗੇ ਸਾਹ ਨਹੀਂ ਸੀ ਕੱਢਦਾ।

ਠੇਕੇਦਾਰ ਦੀਆਂ ਇਹ ਕਹਾਣੀਆਂ ਰਾਮੂ ਨੂੰ ਉਸਦੇ ਚਾਚੇ ਨੇ ਸੁਣਾਈਆਂ ਸਨ। ਹੋਲੀ 'ਤੇ ਰਾਮੂ ਜਦੋਂ ਛੁੱਟੀ ਲੈ ਕੇ ਆਪਣੇ ਚਾਚੇ ਕੋਲ ਜਾਂਦਾ ਸੀ ਤਾਂ ਉਸਦੀ ਬਸਤੀ ਵਿਚ ਰਹਿੰਦਾ ਸੀ। ਰਾਮ ਲੁਭਾਇਆ ਰਾਮੂ ਦੇ ਚਾਚੇ ਨੂੰ ਪੰਜਾਬ ਲੈ ਕੇ ਆਇਆ ਸੀ। ਇਸ ਲਈ ਚਾਚਾ ਉਸਦਾ ਅਹਿਸਾਨਮੰਦ ਸੀ।

"ਸ਼ਾਬਾਸ਼ ਬੇਟਾ ! ਤੂੰਨੇ ਬੜਾ ਨੇਕ ਕਾਮ ਕੀਆ ਹੈ?" ਉਪਰੋਂ ਕਪਤਾਨ ਨੇ ਰਾਮੂ ਦੀ ਪਿੱਠ ਥਾਪੜੀ। ਮਨ ਹੀ ਮਨ ਉਸ ਨੇ ਆਪਣੀ ਲਿਆਕਤ ਨਾਲ ਗੁੱਥੀ ਸੁਲਝਾ ਲਈ ਸੀ।

"ਵਕੀਲ ਸਾਹਿਬ ਆਪਣੇ ਬੁੱਲ੍ਹ ਸੀਤੀ ਰੱਖਣਾ। ਕਿਧਰੇ ਬਣੀ ਖੇਡ ਵਿਗਾੜ ਨਾ ਦੇਣਾ।" ਜਾਂਦਾ ਕਪਤਾਨ ਰਾਮ ਨਾਥ ਦਾ ਮੂੰਹ ਬੰਨ੍ਹ ਗਿਆ।

ਰਸਤੇ ਵਿਚ ਕਪਤਾਨ ਨੂੰ ਭੁਲੇਖਾ ਪੈਣ ਲੱਗਾ। ਰਾਮੂ ਨੂੰ ਰਾਮ ਲੁਭਾਇਆ ਪਛਾਨਣ ਵਿਚ ਟਪਲਾ ਨਾ ਲੱਗਾ ਹੋਵੇ। ਡਰਦਾ ਕਿਧਰੇ ਉਹ ਝੂਠ ਨਾ ਬੋਲ ਗਿਆ ਹੋਵੇ।

ਜਿੰਨਾ ਚਿਰ ਰਾਮ ਲੁਭਾਇਆ ਹੱਥ ਨਹੀਂ ਸੀ ਆਉਂਦਾ ਓਨਾ ਚਿਰ ਰਾਮੂ ਦੀ ਗੱਲ 'ਤੇ ਇਤਬਾਰ ਨਹੀਂ ਸੀ ਕੀਤਾ ਜਾ ਸਕਦਾ।

ਰਾਮੂ ਨੂੰ ਰਾਮ ਲੁਭਾਇਆ ਦੀ ਬਸਤੀ ਦਾ ਪਤਾ ਨਹੀਂ ਸੀ। ਚਾਚਾ ਕਿੱਥੇ ਹੈ? ਉਸਦੇ ਪਤੇ ਠਿਕਾਣੇ ਦਾ ਵੀ ਉਸ ਨੂੰ ਪਤਾ ਨਹੀਂ ਸੀ।

ਠੇਕੇਦਾਰ ਦੇ ਫੜੇ ਜਾਣ ਤਕ ਰਾਮੂ ਦੀ ਸੁਰੱਖਿਆ ਜ਼ਰੂਰੀ ਸੀ। ਰਾਮੂ ਅਤੇ ਕਪਤਾਨ ਦੀ ਮਿਲਣੀ ਦੀ ਸੂਹ ਵੀ ਬਾਹਰ ਨਹੀਂ ਸੀ ਨਿਕਲਣੀ ਚਾਹੀਦੀ।

ਸੋਚ ਸਮਝ ਕੇ ਕਪਤਾਨ ਨੇ ਅਗਲਾ ਕਦਮ ਪੁੱਟਿਆ।

ਦਫ਼ਤਰ ਪੁੱਜਦਿਆਂ ਹੀ ਉਸਨੇ ਖੁਫ਼ੀਆ ਵਿਭਾਗ ਦੇ ਦੋ ਸਿਪਾਹੀ ਸਾਦੇ ਕੱਪੜਿਆਂ ਵਿਚ ਵੇਦ ਦੀ ਕੋਠੀ ਪਹੁੰਚਾ ਦਿੱਤੇ।

ਘੰਟਾ ਕੁ ਉਨ੍ਹਾਂ ਨੇ ਕੋਠੀ ਰਹਿਣਾ ਸੀ। ਫੇਰ ਨੌਕਰ ਨੂੰ ਰਿਕਸ਼ੇ ਵਿਚ ਬੈਠਾ ਕੇ ਕਪਤਾਨ ਦੀ ਦੱਸੀ ਥਾਂ ਉਪਰ ਲਿਜਾਣਾ ਸੀ।



## -9-

ਪੱਚੀ ਲੱਖ ਦੀ ਅਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀਆਂ ਦੀ ਗਿਣਤੀ ਛੇ ਤੋਂ ਸੱਤ ਲੱਖ ਵਿਚਕਾਰ ਅੰਦੀ ਜਾਂਦੀ ਸੀ। ਇਨ੍ਹਾਂ ਵਿਚੋਂ ਪੰਜ ਲੱਖ ਪਰਵਾਸੀ ਇਕੱਲੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਆ ਕੇ ਵੱਸੇ ਸਨ। ਸ਼ਹਿਰ ਦੇ ਬਾਹਰ ਹਰ ਪਾਸੇ ਇਨ੍ਹਾਂ ਪਰਵਾਸੀਆਂ ਦੀਆਂ ਕਾਲੋਨੀਆਂ ਸਨ। ਫੋਕਲ-ਪੁਆਇੰਟ ਵਾਲੀ ਦਿਸ਼ਾ ਮਿੰਨੀ ਬਿਹਾਰ ਜਾਪਦੀ ਸੀ। ਇਨ੍ਹਾਂ ਕਾਲੋਨੀਆਂ ਦੇ ਦੁਕਾਨਦਾਰ ਵੀ ਭਈਏ ਸਨ ਅਤੇ ਮੁਹੱਲਿਆਂ ਦੇ ਪ੍ਰਧਾਨ ਵੀ। ਕੁਝ ਹਿੰਮਤੀ ਅਤੇ ਪਹਿਲਾਂ ਆਏ ਭਈਏ ਮਜ਼ਦੂਰੀ ਛੱਡ ਕੇ ਠੇਕੇਦਾਰ ਬਣੇ ਬੈਠੇ ਸਨ।

ਰਾਮ ਲੁਭਾਇਆ ਵਰਗੇ ਸੈਂਕੜੇ ਠੇਕੇਦਾਰ ਇਸ ਨਗਰ ਵਿਚ ਵੱਸਦੇ ਸਨ। ਕਪਤਾਨ ਕਿਸ ਰਾਮ ਲੁਭਾਏ ਨੂੰ ਫੜੇ?

ਕਪਤਾਨ ਨੇ ਮਾਇਆ ਨਗਰ ਦੀ ਖੁਫ਼ੀਆ ਸ਼ਾਖ਼ਾ ਨੂੰ 'ਰੈਡ ਅਲਰਟ' ਜਾਰੀ ਕੀਤਾ। ਰਾਮੂ ਦੇ ਚਾਚੇ ਦਾ ਖੁਰਾ ਖੋਜਿਆ ਜਾਵੇ। ਜਿਥੇ ਮਿਲੇ ਉਸ ਨੂੰ ਚੁੱਕ ਲਿਆ ਜਾਵੇ। ਉਸ ਤੋਂ ਰਾਮ ਲੁਭਾਇਆ ਦਾ ਥਾਂ ਠਿਕਾਣਾ ਉਗਲਾ ਕੇ ਕਪਤਾਨ ਨੂੰ ਸੂਚਿਤ ਕੀਤਾ ਜਾਵੇ। ਠੀਕ ਇਤਲਾਹ ਦੇਣ ਵਾਲੇ ਨੂੰ ਨਕਦ ਇਨਾਮ ਅਤੇ ਤਰੱਕੀ ਦਿੱਤੀ ਜਾਵੇਗੀ।

ਹਨੇਰਾ ਪੈਣ ਤੋਂ ਪਹਿਲਾਂ-ਪਹਿਲਾਂ ਖੁਫ਼ੀਆ ਵਿਭਾਗ ਨੇ ਪੂਰੀ ਜਾਣਕਾਰੀ ਹਾਸਲ ਕਰ ਲਈ। ਰਾਮ ਲੁਭਾਇਆ ਦੇ ਹੁਣ ਤਕ ਦੇ ਕਾਰਨਾਮਿਆਂ ਦੀ ਪੂਰੀ ਜਾਣਕਾਰੀ ਕਪਤਾਨ ਅੱਗੇ ਪੇਸ਼ ਕੀਤੀ ਗਈ।

ਰਾਮ ਲੁਭਾਇਆ ਵੀਹ ਸਾਲ ਪਹਿਲਾਂ ਪੰਜਾਬ ਆਇਆ ਸੀ। ਉਸਦੇ ਪਿੰਡ ਦਾ ਇਕ ਮਿਸਤਰੀ ਉਸ ਨੂੰ ਇਧਰ ਲੈ ਕੇ ਆਇਆ ਸੀ। ਪੰਜਾਬ ਵਿਚ ਓਨ੍ਹੀਂ ਦਿਨੀਂ ਮਿਸਤਰੀਆਂ ਦੀ ਦਿਹਾੜੀ ਅਸਮਾਨ ਛੋਂਹਦੀ ਸੀ। ਉਸਤਾਦ ਮਿਸਤਰੀ ਨੇ ਰਾਮ ਲੁਭਾਏ ਤੋਂ ਪਹਿਲਾਂ ਮਜ਼ਦੂਰੀ ਕਰਵਾਈ ਅਤੇ ਸਾਲ ਵਿਚ ਮਿਸਤਰੀਪੁਣਾ ਸਿਖਾ ਦਿੱਤਾ।

ਰਾਮ ਲੁਭਾਇਆ ਸਰੀਰ ਦਾ ਹੱਟਾ-ਕੱਟਾ ਸੀ ਅਤੇ ਦਿਮਾਗ਼ ਦਾ ਤੇਜ਼। ਅੱਠ ਦੀ ਥਾਂ ਬਾਰਾਂ ਘੰਟੇ ਕੰਮ ਕਰਕੇ ਉਹ ਦੁਗਣੇ ਪੈਸੇ ਕਮਾਉਣ ਲੱਗਾ। ਦੋ ਸਾਲ ਬਾਅਦ ਪਿੰਡ ਜਾ ਕੇ ਆਪਣੇ ਚਾਚੇ ਦੇ ਦੋ ਮੁੰਡਿਆਂ ਨੂੰ ਇਧਰ ਲੈ ਆਇਆ। ਉਸਤਾਦ ਨੂੰ ਛੱਡ ਕੇ ਆਪਣੀ ਟੀਮ ਬਣਾ ਲਈ। ਸਾਲ ਵਿਚ ਉਹ ਮਿਸਤਰੀ ਬਣ ਗਏ। ਰਾਮ ਲੁਭਾਇਆ ਪਿੰਡ ਤੋਂ ਹੋਰ ਬੰਦੇ ਲੈ ਆਇਆ। ਛੇ ਸੱਤ ਸਾਲ ਵਿਚ ਉਸ ਦਾ ਬੜਾ ਵੱਡਾ ਜੁਗਾੜ ਖੜ੍ਹਾ ਹੋ ਗਿਆ।

ਉਸਤਾਦ ਤੋਂ ਪਹਿਲਾਂ ਇਕ ਕੋਠੀ ਦੇ ਪਲੱਸਤਰ ਦਾ ਠੇਕਾ ਲਿਆ। ਠੇਕੇਦਾਰੀ ਦੀ ਸਮਝ ਆਈ ਤਾਂ ਪੂਰੀ ਕੋਠੀ ਦੀ ਉਸਾਰੀ ਦਾ ਠੇਕਾ ਲੈ ਲਿਆ। ਚਾਰ ਪੈਸੇ ਬਣੇ ਤਾਂ ਤਿੰਨ-ਤਿੰਨ ਚਾਰ-ਚਾਰ ਕੋਠੀਆਂ ਇਕੱਠੀਆਂ ਫੜਨੀਆਂ ਸ਼ੁਰੂ ਕਰ ਦਿੱਤੀਆਂ।

ਮੋਟਰ-ਸਾਈਕਲ ਸਿੱਖ ਲਿਆ। ਪਹਿਲਾਂ ਪੁਰਾਣਾ ਮੋਟਰ-ਸਾਈਕਲ ਲਿਆ ਫੇਰ ਨਵਾਂ ਖਰੀਦ ਲਿਆ। ਪਿੰਡੋਂ ਬਾਲ-ਬੱਚੇ ਲੈ ਆਇਆ। ਪਤਨੀ ਕੋਠੀਆਂ ਵਿਚ ਸਫ਼ਾਈ ਕਰਕੇ ਕਮਾਈ ਵਿਚ ਵਾਧਾ ਕਰਨ ਲੱਗੀ।

ਪਹਿਲਾਂ ਮਕਾਨ ਕਿਰਾਏ 'ਤੇ ਲਿਆ। ਫੇਰ ਛੋਟਾ ਜਿਹਾ ਬਣਿਆ ਬਣਾਇਆ ਘਰ ਖ਼ਰੀਦ ਲਿਆ।

ਚਾਰ ਪੈਸੇ ਵਾਧੂ ਹੋਏ ਤਾਂ ਉਸਨੇ ਦੋ ਸੌ ਗਜ਼ ਦਾ ਇਕ ਪਲਾਟ ਖੇਤਾਂ ਵਿਚ ਖ਼ਰੀਦ ਲਿਆ। ਪੁਰਾਣਾ ਮਲਬਾ ਲਿਆ ਕੇ ਚਾਰ ਕਮਰੇ ਖੜ੍ਹੇ ਕਰ ਲਏ। ਕਮਰਿਆਂ ਵਿਚ ਭਈਏ ਭਰ ਲਏ।

ਇਸ ਵਿਹੜੇ ਨੇ ਉਸਨੂੰ ਡਾਢਾ ਫ਼ਾਇਦਾ ਪਹੁੰਚਾਇਆ। ਲੇਬਰ ਹੱਥ ਹੇਠ ਰਹਿਣ ਲੱਗੀ। ਕਰਾਇਆ ਆਉਣ ਲੱਗਾ। ਵੱਡੇ ਮੁੰਡੇ ਨੂੰ ਉਸਨੇ ਕਰਿਆਨੇ ਦੀ ਦੁਕਾਨ ਖੋਲ੍ਹ ਦਿੱਤੀ। ਗੇੜਾ ਕੱਢ ਕੇ ਮਜ਼ਦੂਰਾਂ ਦੀ ਸਾਰੀ ਕਮਾਈ ਉਸੇ ਦੇ ਬੋਝੇ ਪੈਣ ਲੱਗੀ।

ਹੋਰ ਤਰੱਕੀ ਕਰਕੇ ਉਹ ਕੋਠੀਆਂ ਦੀ ਥਾਂ ਫੈਕਟਰੀਆਂ ਦੀ ਉਸਾਰੀ ਕਰਨ ਲੱਗਾ। ਸਨਅਤਕਾਰਾਂ ਨਾਲ ਵਾਹ ਪਿਆ ਤਾਂ ਉਸਨੂੰ ਫੈਕਟਰੀਆਂ ਵਿਚ ਮਜ਼ਦੂਰ ਭਰਤੀ ਕਰਾਉਣ ਦਾ ਵੱਲ ਆ ਗਿਆ। ਉਸਾਰੀ ਦੀ ਠੇਕੇਦਾਰੀ ਦੇ ਨਾਲ-ਨਾਲ ਉਹ ਫੈਕਟਰੀਆਂ ਨੂੰ ਲੇਬਰ ਸਪਲਾਈ ਕਰਨ ਲੱਗਾ।

ਨਾਲ ਦਾ ਪਲਾਟ ਲੈ ਕੇ ਹੋਰ ਕਮਰੇ ਉਸਾਰ ਲਏ। ਦੋ ਤਿੰਨ ਸੌ ਮਜ਼ਦੂਰਾਂ ਦੀ ਕਾਲੋਨੀ ਉਸਦੀ ਰਿਆਸਤ ਬਣ ਗਈ। ਇਸ ਕਾਲੋਨੀ ਦੇ ਬਹੁਤੇ ਵਸਨੀਕ ਉਸ ਨੇ ਬਿਹਾਰ ਤੋਂ ਲਿਆਂਦੇ ਸਨ। ਉਨ੍ਹਾਂ ਨੂੰ ਉਸਨੇ ਕੰਮ ਸਿਖਾਇਆ ਸੀ ਅਤੇ ਫੇਰ ਕੰਮ ’ਤੇ ਲਾਇਆ ਸੀ। ਉਹ ਆਪਣੀ ਬਦਲੀ ਕਿਸਮਤ ਦਾ ਸਿਹਰਾ ਰਾਮ ਲੁਭਾਇਆ ਸਿਰ ਬੰਨ੍ਹਦੇ ਸਨ। ਉਸ ਦੇ ਇਸ਼ਾਰੇ 'ਤੇ ਜਾਨ ਦੇਣ ਤਕ ਜਾਂਦੇ ਸਨ।

ਵੋਟਾਂ ਵੇਲੇ ਰਾਮ ਲੁਭਾਇਆ ਦੀ ਕੀਮਤ ਕਈ ਗੁਣਾਂ ਵਧ ਜਾਂਦੀ ਸੀ। ਸਾਰੀਆਂ ਰਾਜਸੀ ਪਾਰਟੀਆਂ ਉਸਦੇ ਅੱਗੇ-ਪਿੱਛੇ ਫਿਰਦੀਆਂ ਸਨ।

ਕਾਂਗਰਸ ਵਾਲਿਆਂ ਨੇ ਉਸ ਨੂੰ ਆਪਣਾ ਸਰਗਰਮ ਮੈਂਬਰ ਬਣਾ ਲਿਆ। ਕਾਲੋਨੀ ਦਾ ਪ੍ਰਧਾਨ ਥਾਪ ਕੇ ਉਸਨੂੰ ਆਪਣੀਆਂ ਵਿਸ਼ੇਸ਼ ਮੀਟਿੰਗਾਂ ਵਿਚ ਬੁਲਾਉਣ ਲੱਗੇ। ਮਾਇਆ ਨਗਰ ਵਿਚ ਹੋਣ ਵਾਲੀਆਂ ਰੈਲੀਆਂ ਦਾ ਉਸ ਨੂੰ ਇੰਚਾਰਜ ਬਣਾ ਦਿੱਤਾ। ਬੱਸਾਂ, ਟਰੱਕ, ਕਾਰਾਂ ਅਤੇ ਦਾਰੂ ਉਸਦੀ ਪਰਚੀ ’ਤੇ ਉਪਲਬਧ ਹੋਣ ਲੱਗੇ।

ਲੜਣ-ਝਗੜਣ ਅਤੇ ਛੋਟੇ-ਮੋਟੇ ਜੁਰਮ ਕਰਨ ਦੀ ਪੈਦਾਇਸ਼ੀ ਆਦਤ ਇਧਰ ਆਏ ਭਈਆ ਵਿਚ ਵੀ ਸੀ। ਆਏ ਦਿਨ ਪੁਲਿਸ ਉਸਦੀ ਕਾਲੋਨੀ ਵਿਚ ਚੱਕਰ ਮਾਰਦੀ ਸੀ। ਲੈ ਦੇ ਕਰਕੇ ਉਹ ਆਪਣੀ ਕਾਲੋਨੀ ਦੇ ਬੰਦਿਆਂ ਨੂੰ ਛੁਡਾ ਦਿੰਦਾ। ਪੁਲਿਸ ਉਸ ਦੀ ਕਦਰ ਕਰਨ ਲੱਗੀ। ਪੁਲਿਸ ਉਸਦੀ ਸਿਫਾਰਸ਼ 'ਤੇ ਫੁੱਲ ਚੜ੍ਹਾਉਣ ਲੱਗੀ।

ਫੈਕਟਰੀਆਂ ਦੇ ਮਾਲਕ ਅਤੇ ਮਜ਼ਦੂਰ ਰਾਮ ਲੁਭਾਇਆ ਨੂੰ ਗੁੰਡਾ ਸਮਝਦੇ ਸਨ । ਰਾਮ ਲੁਭਾਇਆ ਆਪਣੇ ਆਪ ਨੂੰ ਗੁੰਡਾ ਨਹੀਂ ਸੀ ਸਮਝਦਾ । ਛੋਟੀਆਂ-ਮੋਟੀਆਂ ਲੜਾਈਆਂ ਝਗੜੇ, ਮਾਰਕੁਟਾਈ ਅਤੇ ਚੋਰੀ ਯਾਰੀ ਉਨ੍ਹਾਂ ਦੀ ਬਰਾਦਰੀ ਦਾ ਖਾਸਾ ਸੀ । ਸ਼ਹਿਰ ਦੇ ਪੱਕੇ ਬਸ਼ਿੰਦਿਆਂ ਨਾਲ ਉਸਨੇ ਕਦੇ ਪੰਗਾ ਨਹੀਂ ਸੀ ਲਿਆ । ਉਸਦੇ ਆਪਣੇ ਦੇਸ਼-ਵਾਸੀਆਂ ਦਾ ਕੀ ਸੀ? ਮਿੱਟੀ ਦੇ ਡਲਿਆਂ ਵਰਗੇ ਸਨ । ਜਦੋਂ ਮਰਜ਼ੀ ਕੁੱਟ ਲਓ । ਸਵੇਰ ਨੂੰ ਆ ਕੇ ਪੈਰ ਫੜ ਲੈਂਦੇ ਸਨ । ਜਚ ਉਹ ਛੋਟਾ-ਮੋਟਾ ਲੀਡਰ ਸੀ ਤਾਂ ਆਪਣੀ ਬਰਾਦਰੀ ਦਾ ਸੀ।

ਉਸਦੀ ਬਸਤੀ ਵਿਚ ਚੋਰੀਆਂ, ਖੋਹਾਂ ਕਰਨ ਵਾਲੇ ਕੁਝ ਭਈਏ ਵੀ ਰਹਿੰਦੇ ਸਨ। ਰਾਮ ਲੁਭਾਇਆ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਦਾ ਪਤਾ ਤਾਂ ਸੀ ਪਰ ਉਹ ਕਦੇ ਉਨ੍ਹਾਂ ਦਾ ਹਿੱਸੇਦਾਰ ਨਹੀਂ ਸੀ ਬਣਿਆ।

ਮੁਜਰਮਾਨਾ ਵਾਰਦਾਤ ਕਰਨ ਦਾ ਇਹ ਉਸ ਦਾ ਪਹਿਲਾ ਮੌਕਾ ਸੀ।



ਇਹ ਵਾਕਾ ਉਸ ਨੇ ਆਪਣੇ ਭਤੀਜੇ ਪੰਡਿਤ ਦੀਆਂ ਗੱਲਾਂ ਵਿਚ ਆ ਕੇ ਕੀਤਾ ਸੀ।

ਨਸ਼ੇ ਦੀ ਲੱਤ ਨੇ ਪੰਡਿਤ ਨੂੰ ਭੈੜੀ ਸੰਗਤ ਵਿਚ ਪਾ ਦਿੱਤਾ ਸੀ। ਨਸ਼ਾ ਖਰੀਦਣ ਲਈ ਪਹਿਲਾਂ ਉਸਨੇ ਛੋਟੀਆਂ-ਮੋਟੀਆਂ ਚੋਰੀਆਂ ਕੀਤੀਆਂ । ਚੋਰੀਆਂ ਵਿਚ ਮਿਲੀ ਕਾਮਯਾਬੀ ਤੋਂ ਉਤਸ਼ਾਹਿਤ ਹੋ ਕੇ ਉਹ ਰਾਤ-ਬਰਾਤੇ ਸੜਕਾਂ ’ਤੇ ਖੜੋ ਕੇ ਖੋਹਾਂ ਕਰਨ ਲੱਗਾ। ਇਕ ਦੋ ਵਾਰ ਫੜਿਆ ਗਿਆ। ਠੇਕੇਦਾਰ ਦਾ ਨਾਂ ਲੈ ਕੇ ਛੁੱਟਦਾ ਰਿਹਾ। ਪਿਛਲੇ ਕੁਝ ਅਰਸੇ ਤੋਂ ਉਸਨੇ ਬਟੂਏ ਖੋਹਣ ਅਤੇ ਚੈਨੀਆਂ ਝਪਟਣ ਦਾ ਕੰਮ ਫੜਿਆ ਹੋਇਆ ਸੀ । ਸ਼ਹਿਰ ਵਿਚ ਦਹਿਸ਼ਤ ਫੈਲੀ ਹੋਈ ਸੀ। ਪੁਲਿਸ ਨੂੰ ਚਿੰਤਾ ਲੱਗੀ ਹੋਈ ਸੀ।

ਰਾਮ ਲੁਭਾਇਆ ਨੂੰ ਉਸਦੇ ਇਸ ਕਾਰਨਾਮੇ ਦਾ ਪਤਾ ਉਸ ਸਮੇਂ ਲੱਗਾ ਜਦੋਂ ਗੁੰਡਾ ਸਟਾਫ਼ ਵਾਲੇ ਉਸ ਨੂੰ ਚੁੱਕ ਕੇ ਲੈ ਗਏ। ਉਸਨੇ ਕਈ ਵਾਰਦਾਤਾਂ ਮੰਨੀਆਂ ਅਤੇ ਕਈ ਸੁਨਿਆਰੇ ਫੜਾਏ।

ਚਾਰ ਮਹੀਨੇ ਦੀ ਕੈਦ ਕੱਟ ਕੇ ਉਹ ਹੁਣੇ ਬਾਹਰ ਆਇਆ ਸੀ। ਸੁਧਰਨ ਦੀ ਥਾਂ ਜੇਲ੍ਹ ਜਾ ਕੇ ਵਿਗੜ ਗਿਆ ਸੀ। ਪੇਸ਼ੇਵਰ ਮੁਜਰਮਾਂ ਨਾਲ ਉਸਦਾ ਸੰਬੰਧ ਹੋ ਗਿਆ ਸੀ।

ਜੇਲ੍ਹ ਬੈਠੇ ਕਿਸੇ ਉਸਤਾਦ ਨੇ ਉਸ ਲਈ ਇਸ ਸੁਪਾਰੀ ਦਾ ਪ੍ਰਬੰਧ ਕੀਤਾ ਸੀ। ਰਾਮ ਲੁਭਾਇਆ ਨੂੰ ਇਸ ਠੇਕੇ ਦਾ ਕੋਈ ਪਤਾ ਨਹੀਂ ਸੀ ਲਗਣਾ ਜੇ ਮਾਲਿਕ ਕਿਸੇ ਠੋਸ ਵਿਚੋਲੇ ਦੀ ਮੰਗ ਨਾ ਕਰਦੇ। ਉਨ੍ਹਾਂ ਨੇ ਇਸ ਕੰਮ ਦਾ ਇਕ ਲੱਖ ਰੁਪਇਆ ਦੇਣਾ ਸੀ। ਇੰਨੀ ਰਕਮ ਕਿਸੇ ਚੋਰ-ਉਚੱਕੇ ਨੂੰ ਨਹੀਂ ਸੀ ਦਿੱਤੀ ਜਾ ਸਕਦੀ। ਪੈਸੇ ਉਨ੍ਹਾਂ ਨੇ ਕਿਸੇ ਭਰੋਸੇਯੋਗ ਬੰਦੇ ਨੂੰ ਦੇਣੇ ਸਨ। ਇਕ ਸ਼ਰਤ ਉਨ੍ਹਾਂ ਦੀ ਹੋਰ ਸੀ। ਉਨ੍ਹਾਂ ਨੇ ਮੁਲਜ਼ਮਾਂ ਨੂੰ ਨਾ ਆਪਣੀ ਸ਼ਕਲ ਦਿਖਾਉਣੀ ਸੀ ਨਾ ਨਾਂ ਪਤਾ ਦੱਸਣਾ ਸੀ। ਇਹ ਜਾਣਕਾਰੀ ਕੇਵਲ ਵਿਚੋਲੇ ਕੋਲ ਹੋਣੀ ਚਾਹੀਦੀ ਸੀ।

ਭਤੀਜੇ ਦੇ ਕਾਰਨਾਮਿਆਂ ਤੋਂ ਚਾਚਾ ਅਤੇ ਚਾਚੇ ਦੀ ਟੋਕ-ਟਕਾਈ ਤੋਂ ਭਤੀਜਾ ਦੁਖੀ ਸੀ। ਭਤੀਜੇ ਨੇ ਚਾਚੇ ਨਾਲ ਵਾਅਦਾ ਕੀਤਾ। ਉਸਨੂੰ ਚੋਖੀ ਰਕਮ ਮਿਲਣ ਵਾਲੀ ਸੀ। ਰਕਮ ਲੈ ਕੇ ਉਸਨੇ ਬੰਬੇ ਵਾਲੀ ਗੱਡੀ ਚੜ੍ਹ ਜਾਣਾ ਸੀ। ਮੁੜ ਉਸਨੇ ਮਾਇਆ ਨਗਰ ਵੱਲ ਮੂੰਹ ਨਹੀਂ ਸੀ ਕਰਨਾ।

ਚਾਚਾ ਕਈ ਦਿਨ ਸੋਚਦਾ ਰਿਹਾ। ਫਾਇਦੇ ਨੁਕਸਾਨ ਵਿਚਾਰਦਾ ਰਿਹਾ। ਠੇਕੇਦਾਰ ਨੂੰ ਇਕ ਫ਼ਾਇਦਾ ਇਹ ਹੋਣਾ ਸੀ ਕਿ ਉਸਦਾ ਨਿੱਤ ਦੇ ਕਲੇਸ਼ ਤੋਂ ਖਹਿੜਾ ਛੁੱਟ ਜਾਣਾ ਸੀ।

ਦੂਸਰਾ ਫ਼ਾਇਦਾ ਭਤੀਜੇ ਦਾ ਹੋਣਾ ਸੀ। ਸ਼ਾਇਦ ਉਹ ਸੁਧਰ ਜਾਵੇ। ਇਕ ਵਾਰ ਜੇ ਉਹ ਸੁੱਖ-ਸਾਂਦ ਨਾਲ ਸ਼ਹਿਰੋਂ ਬਾਹਰ ਨਿਕਲ ਗਿਆ ਤਾਂ ਮੁੜ ਕੇ ਪੁਲਿਸ ਨੂੰ ਉਸਦਾ ਸੁਰਾਗ਼ ਨਹੀਂ ਸੀ ਲੱਭਣਾ। ਹਜ਼ਾਰਾਂ ਨਵੇਂ ਮਜ਼ਦੂਰ ਇਥੇ ਆਉਂਦੇ ਸਨ ਅਤੇ ਹਜ਼ਾਰਾਂ ਜਾਂਦੇ ਸਨ। ਕਿਸੇ ਦਾ ਪੱਕਾ ਠਿਕਾਣਾ ਨਹੀਂ ਸੀ। ਜਿਥੇ ਕੰਮ ਮਿਲ ਗਿਆ ਉਹੋ ਉਸਦਾ ਦੇਸ਼। ਇਕ ਵਾਰ ਘਰ ਛੱਡ ਕੇ ਗਏ ਮਜ਼ਦੂਰ ਦਾ ਥਾਂ ਠਿਕਾਣਾ ਸਕੇ-ਸੰਬੰਧੀਆਂ ਨੂੰ ਪਤਾ ਨਹੀਂ ਚੱਲਦਾ। ਪੁਲਿਸ ਨੂੰ ਕਿਥੋਂ ਪਤਾ ਲੱਗਣਾ ਸੀ। ਅਜਿਹੇ ਬਥੇਰੇ ਭਈਆਂ ਬਾਰੇ ਠੇਕੇਦਾਰ ਨੂੰ ਪਤਾ ਸੀ, ਜਿਹੜੇ ਲੁੱਟਾਂ-ਖੋਹਾਂ ਕਰਕੇ ਅਤੇ ਕੁੜੀਆਂ ਭਜਾ ਕੇ ਦੇਸ਼ ਮੁੜ ਗਏ ਸਨ। ਪੁਲਿਸ ਨੇ ਕਦੇ ਉਨ੍ਹਾਂ ਦੇ ਪਿੰਡਾਂ ਵੱਲ ਮੂੰਹ ਨਹੀਂ ਸੀ ਕੀਤਾ। ਇਥੇ ਡੰਡਾ ਖੜਕਾ ਕੇ ਮੁੜ ਜਾਇਆ ਕਰਦੇ ਸਨ। ਕੁਝ ਦੇਰ ਲਟਕ ਕੇ ਮਾਮਲਾ ਰਫ਼ਾ-ਦਫ਼ਾ ਹੋ ਜਾਂਦਾ

ਸੀ।

ਹਾਂ ਕਰਨ ਤੋਂ ਪਹਿਲਾਂ ਠੇਕੇਦਾਰ ਨੇ ਪੰਡਿਤ ਨੂੰ ਸ਼ਿਵ ਦਵਾਲੇ ਲਿਜਾ ਕੇ ਸਹੁੰ ਚੁਕਾਈ। ਮੁੜ ਕੇ ਨਾ ਉਹ ਕੋਈ ਜੁਰਮ ਕਰੇਗਾ ਅਤੇ ਨਾ ਮੁੜ ਮਾਇਆ ਨਗਰ ਵੱਲ ਮੂੰਹ ਕਰੇਗਾ।

ਪੱਕੇ ਪੈਰੀਂ ਹੋ ਕੇ ਠੇਕੇਦਾਰ ਨੇ ਮਾਲਕਾਂ ਨਾਲ ਗੱਲ ਕੀਤੀ।

ਮਾਲਕਾਂ ਨੇ ਕੀਤੇ ਜਾਣ ਵਾਲੇ ਜੁਰਮਾਂ ਅਤੇ ਉਸ ਬਦਲੇ ਦਿੱਤੀ ਜਾਣ ਵਾਲੀ ਰਕਮ ਦਾ ਵੇਰਵਾ ਦਿੱਤਾ। ਮੁਲਜ਼ਮਾਂ ਨੂੰ ਇਕ ਲੱਖ ਰੁਪਿਆ ਮਿਹਨਤਾਨਾ ਅਤੇ ਪੰਜ ਹਜ਼ਾਰ ਰੁਪਿਆ ਵਾਰਦਾਤ ਸਮੇਂ ਵਰਤੇ ਜਾਣ ਵਾਲੇ ਸਮਾਨ ਨੂੰ ਖਰੀਦਣ ਲਈ ਮਿਲਣਾ ਸੀ।

ਫੇਰ ਚਾਚੇ ਭਤੀਜੇ ਨੇ ਆਪਸ ਵਿਚ ਸ਼ਰਤਾਂ ਤੈਅ ਕੀਤੀਆਂ।

ਬਾਕੀ ਦੇ ਸਾਥੀਆਂ ਦਾ ਪ੍ਰਬੰਧ ਭਤੀਜੇ ਨੇ ਕਰਨਾ ਸੀ।

ਭਤੀਜੇ ਦੇ ਦੋ ਸਾਥੀਆਂ ਨੂੰ ਸੁਪਾਰੀ ਵਾਲੀ ਰਕਮ ਵਿਚੋਂ ਵੀਹ-ਵੀਹ ਹਜ਼ਾਰ ਮਿਲਣਾ ਸੀ। ਕੋਠੀ ਵਿਚੋਂ ਮਿਲਣ ਵਾਲੀ ਨਕਦੀ ਅਤੇ ਸੋਨੇ ਵਿਚੋਂ ਤੀਜਾ ਹਿੱਸਾ। ਬਾਕੀ ਬਚਦੇ ਸੱਠ ਹਜ਼ਾਰ ਵਿਚੋਂ ਤੀਹ ਚਾਚੇ ਦਾ ਅਤੇ ਤੀਹ ਭਤੀਜੇ ਦਾ। ਲੁੱਟ ਦੇ ਬਾਕੀ ਬਚੇ ਸਮਾਨ ਵਿਚੋਂ ਅੱਧਾ ਚਾਚੇ ਦਾ ਅਤੇ ਅੱਧਾ ਭਤੀਜੇ ਦਾ।

ਅਸਲ ਯੋਜਨਾ ਤਹਿਤ ਠੇਕੇਦਾਰ ਦਾ ਕੰਮ ਮਾਲਕਾਂ ਅਤੇ ਮੁਲਜ਼ਮਾਂ ਵਿਚਕਾਰ ਕੜੀ ਬਨਣਾ ਸੀ। ਨਾ ਉਸਦੇ ਮੌਕੇ ਵਾਲੀ ਥਾਂ 'ਤੇ ਜਾਣਾ ਸੀ, ਨਾ ਵਾਰਦਾਤ ਵਿਚ ਹਿੱਸਾ ਲੈਣਾ ਸੀ।

ਠੇਕੇਦਾਰ ਦੀ ਮਾਇਆ ਨਗਰ ਵਿਚ ਚੰਗੀ ਸਰਦਾਰੀ ਸੀ। ਹੁਣ ਉਹ ਇਸ ਸ਼ਹਿਰ ਦਾ ਬਾਸ਼ਿੰਦਾ ਬਣ ਗਿਆ ਸੀ। ਬੱਚੇ ਸਕੂਲ ਪੜ੍ਹਨ ਪੈ ਗਏ ਸਨ। ਘਰ, ਪਲਾਟ, ਮੋਟਰ ਸਾਈਕਲ ਅਤੇ ਫ਼ੋਨ ਸਭ ਸਹੂਲਤਾਂ ਉਸ ਕੋਲ ਸਨ। ਪਿੱਛੇ ਪਿੰਡ ਉਹ ਚੌਧਰੀ ਅਤੇ ਸ਼ਾਹੂਕਾਰ ਅਖਵਾਉਣ ਲੱਗਾ ਸੀ। ਕੋਲਿਆਂ ਦੀ ਦਲਾਲੀ ਤੋਂ ਉਸਨੇ ਕੀ ਲੈਣਾ ਸੀ।

ਪਰ ਭਤੀਜੇ ਦੇ ਜ਼ੋਰ ਦੇਣ 'ਤੇ ਜਦੋਂ ਉਸ ਨੇ ਵਾਰਦਾਤ ਵਾਲੀ ਕੋਠੀ ਦਾ ਜਾਇਜ਼ਾ ਲਿਆ ਤਾਂ ਉਸਦੇ ਮੂੰਹ ਵਿਚ ਪਾਣੀ ਆ ਗਿਆ। ਕੋਠੀ ਚੰਗੇ ਸੇਠ ਦੀ ਸੀ। ਚੰਗਾ ਮਾਲ ਹੱਥ ਲੱਗਣ ਦੀ ਸੰਭਾਵਨਾ ਸੀ। ਜੁਰਮ ਬਹੁਤੇ ਸੰਗੀਨ ਨਹੀਂ ਸਨ ਕੀਤੇ ਜਾਣੇ। ਘਰ ਦੇ ਮੈਂਬਰਾਂ ਨੂੰ ਥੋੜ੍ਹੀ ਕੁੱਟ ਚਾੜ੍ਹਨੀ ਸੀ। ਕੁੜੀ ਦੀ ਬੇਇਜ਼ਤੀ ਕਰਨੀ ਸੀ।

ਠੇਕੇਦਾਰ ਬਹੁਤ ਅਜਿਹੇ ਭਈਆਂ ਨੂੰ ਜਾਣਦਾ ਸੀ ਜਿਹੜੇ ਕਾਲੇ ਕੱਛਿਆਂ ਵਾਲੇ ਬਣ ਕੇ ਲੁੱਟਾਂ-ਖੋਹਾਂ ਕਰਦੇ ਸਨ। ਸੌ ਚੋਂ ਮਸਾਂ ਪੰਜ ਚਾਰ ਫੜੇ ਜਾਂਦੇ ਸਨ। ਬਾਕੀ ਕੇਸ ਰਫ਼ਾ-ਦਫ਼ਾ ਹੋ ਜਾਂਦੇ ਸਨ।

ਡੋਲਦੇ ਮਨ ਨਾਲ ਚਾਚੇ ਨੇ ਭਤੀਜੇ ਦੀ ਇਹ ਜ਼ਿੱਦ ਵੀ ਪੁਗਾ ਦਿੱਤੀ।

ਆਖ਼ਰੀ ਵਕਤ ਤਕ ਠੇਕੇਦਾਰ ਦਾ ਕੋਠੀ ਅੰਦਰ ਜਾਣ ਦਾ ਕੋਈ ਇਰਾਦਾ ਨਹੀਂ ਸੀ। ਉਸਨੇ ਬਾਹਰ ਰਹਿ ਕੇ ਖ਼ਤਰਿਆਂ ਨੂੰ ਭਾਂਪਨਾ ਸੀ ਅਤੇ ਲੋੜ ਪੈਣ 'ਤੇ ਅੰਦਰਲਿਆਂ ਨੂੰ ਸੂਚਿਤ ਕਰਨਾ ਸੀ।

ਉਸਦਾ ਦੂਸਰਾ ਕੰਮ ਵਾਰਦਾਤ ਤੋਂ ਬਾਅਦ ਮਾਲ ਅਤੇ ਬੰਦਿਆਂ ਨੂੰ ਸਹੀ ਥਾਂ ਪੁੱਜਦੇ ਕਰਨਾ ਸੀ।

ਰਾਮ ਲੁਭਾਇਆ ਨੂੰ ਹਥਿਆਰ, ਬੈਗ, ਦਸਤਾਨੇ, ਕਾਲੇ ਕੱਪੜੇ ਅਤੇ ਕਾਲੀਆਂ



ਐਨਕਾਂ ਖਰੀਦਣ ਲਈ ਪੰਜ ਹਜ਼ਾਰ ਰੁਪਏ ਮਿਲੇ ਸਨ। ਕੱਪੜੇ ਵਾਰਦਾਤ ਬਾਅਦ ਸਾੜ ਦਿੱਤੇ ਜਾਣੇ ਸਨ। ਫੇਰ ਨਵੇਂ ਕਿਉਂ ਖਰੀਦੇ ਜਾਣ? ਉਸਨੇ ਕਬਾੜੀ ਦੀ ਦੁਕਾਨ ਤੋਂ ਪੁਰਾਣੇ ਕੱਪੜੇ ਖਰੀਦ ਲਏ। ਚਾਕੂ, ਛੁਟੇ ਖਰੀਦਣ ਦੀ ਜ਼ਰੂਰਤ ਨਹੀਂ ਸੀ। ਕਿਸੇ ਦਾ ਕਤਲ ਥੋੜ੍ਹਾ ਕਰਨਾ ਸੀ। ਭੰਨ-ਤੋੜ ਲਈ ਦੋ ਲੋਹੇ ਦੇ ਰਾਡ ਬਥੇਰੇ ਸਨ। ਰਾਡ ਅਤੇ ਬੈਗ ਉਹ ਮਾਲਕਾਂ ਦੀ ਫੈਕਟਰੀਉਂ ਚੁੱਕ ਲਿਆਇਆ। ਪੰਜ ਹਜ਼ਾਰ ਵਿਚੋਂ ਪੰਜ ਸੌ ਖਰਚ ਹੋਇਆ। ਪੰਤਾਲੀ ਸੌ ਬਚ ਗਿਆ। ਇਸ ਸ਼ੁਭ ਮਹੂਰਤ 'ਤੇ ਰਾਮ ਲੁਭਾਇਆ ਡਾਢਾ ਖ਼ੁਸ਼ ਹੋਇਆ ਸੀ।

ਭਤੀਜੇ ਦੇ ਸਾਥੀਆਂ ਨੂੰ ਮਿਲ ਕੇ ਚਾਚੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਇਹ ਤੇ ਖੂੰਖਾਰ ਮੁਲਜ਼ਮ ਸਨ। ਆਉਣਾ ਦੋ ਨੇ ਸੀ, ਆਏ ਤਿੰਨ ਸਨ। ਇਕ ਛੋਟੀ ਉਮਰ ਦਾ ਸੀ। ਕਹਿੰਦੇ ਉਹ ਨਵਾਂ ਚੇਲਾ ਮੁੰਨਿਆ ਸੀ। ਪਹਿਲੀ ਵਾਰ ਕੰਮ 'ਤੇ ਆਇਆ ਸੀ।

ਠੇਕੇਦਾਰ ਦਾ ਮੱਥਾ ਠਣਕਿਆ। ਭਤੀਜਾ ਆਪਣੇ ਉਸਤਾਦ ਦੀ ਚਾਲ ਵਿਚ ਫਸ ਗਿਆ ਸੀ। ਭਤੀਜੇ ਨੇ ਉਨ੍ਹਾਂ ਨੂੰ ਨਾਲ ਨਹੀਂ ਸੀ ਰਲਾਇਆ। ਉਨ੍ਹਾਂ ਨੇ ਭਤੀਜੇ ਨੂੰ ਨਾਲ ਰਲਾਇਆ ਸੀ। ਸੁਪਾਰੀ ਦੀਆਂ ਸ਼ਰਤਾਂ ਮੁਤਾਬਕ ਘਰ ਵਾਲਿਆਂ ਨੂੰ ਮਾਮੂਲੀ ਸੱਟਾਂ ਮਾਰੀਆਂ ਜਾਣੀਆਂ ਸਨ। ਪਰ ਪੰਡਿਤ ਦੇ ਸਾਥੀ ਕਤਲ ਦੀ ਤਿਆਰੀ ਕਰਕੇ ਆਏ ਸਨ। ਉਨ੍ਹਾਂ ਕੋਲ ਦੋ ਹੱਥ ਲੰਬੇ ਛੁਰੇ ਅਤੇ ਤੇਜ਼ਧਾਰ ਚਾਕੂ ਸਨ। ਪਲਾਸ, ਪੇਚਕਸ ਅਤੇ ਹੋਰ ਨਿਕ-ਸੁਕ ਤੋਂ ਇਲਾਵਾ ਉਨ੍ਹਾਂ ਕੋਲ ਸੇਫ਼ ਅਤੇ ਅਲਮਾਰੀਆਂ ਦੇ ਜਿੰਦੇ ਖੋਲ੍ਹਣ ਵਾਲੀ ਮਾਸਟਰ-ਕੀ ਵੀ ਸੀ।

ਰਾਮ ਲੁਭਾਇਆ ਦਾ ਮਨ ਉਸਨੂੰ ਲਾਹਨਤਾਂ ਪਾਉਣ ਲੱਗਾ। ਉਸਨੂੰ ਲੱਗਾ ਉਹ ਅਤੇ ਉਸਦਾ ਭਤੀਜਾ ਕਿਸੇ ਗਹਿਰੀ ਸਾਜ਼ਸ਼ ਦਾ ਸ਼ਿਕਾਰ ਹੋ ਗਏ ਹਨ। ਹੱਥਕੜੀਆਂ ਲੱਗਣ ਹੀ ਵਾਲੀਆਂ ਸਨ। ਪਰ ਹੁਣ ਪਿੱਛੇ ਵੀ ਨਹੀਂ ਸੀ ਹਟਿਆ ਜਾ ਸਕਦਾ। ਮਜਬੂਰੀ-ਵੱਸ ਉਸਨੂੰ ਵੀ ਕੋਠੀ ਦੀ ਕੰਧ ਟੱਪਣੀ ਪੈ ਗਈ।

ਅੰਦਰ ਉਹੋ ਹੋਇਆ ਜਿਸਦਾ ਰਾਮ ਲੁਭਾਇਆ ਨੂੰ ਡਰ ਸੀ।

ਅਲਮਾਰੀ ਦੀਆਂ ਚਾਬੀਆਂ ਦੇਣ ਤੋਂ ਥੋੜ੍ਹੀ ਜਿਹੀ ਨਾਂਹ-ਨੁਕਰ ਕਰਨ ਉਪਰ ਹੀ ਪੰਡਿਤ ਨੇ ਮਾਲਕਣ ਦੇ ਸਿਰ ਵਿਚ ਰਾਡ ਜੜ ਦਿੱਤੀ। ਉਹ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਪਈ।

ਘਰਵਾਲੀ ਦੀ ਦੁਰਦਸ਼ਾ ਦੇਖ ਕੇ ਜਦੋਂ ਮਾਲਕ ਸਭ ਕੁਝ ਹਵਾਲੇ ਕਰਨ ਲਈ ਸਹਿਮਤ ਹੋ ਗਿਆ ਸੀ ਫੇਰ ਉਸ ਦੀਆਂ ਟੰਗਾਂ ਬਾਹਾਂ ਤੋੜਨ ਦੀ ਕੀ ਜ਼ਰੂਰਤ ਸੀ?

ਸਮਾਨ ਲੁੱਟਣ ਦੀ ਥਾਂ ਦੀਨਾ ਕੁੜੀ ਦੇ ਬੈਡਰੂਮ ਵਿਚ ਘੁਸ ਗਿਆ। ਛੋਟੇ ਕੱਪੜਿਆਂ ਵਿਚ ਅੱਧਨੰਗੀ ਪਈ ਕੁੜੀ ਦੇਖ ਕੇ ਉਸਦਾ ਮਨ ਮਚਲ ਗਿਆ। ਉਹ ਉਸ ਉਪਰ ਕੁੱਤਿਆਂ ਵਾਂਗ ਝੱਪਟ ਪਿਆ।

ਭੈਣ ਦਾ ਚੀਕ ਚਿਹਾੜਾ ਸੁਣ ਕੇ ਭਰਾ ਦੀ ਅੱਖ ਖੁੱਲ੍ਹ ਗਈ। ਉਹ ਕੁੜੀ ਦੇ ਬੈਡਰੂਮ ਵਿਚ ਜਾ ਕੇ ਦੀਨੇ ਨੂੰ ਧੂਹਣ ਲੱਗਾ।

ਪੰਚਮ ਨੇ ਉਸ ਨੂੰ ਘੜੀਸ ਕੇ ਲਾਬੀ ਵਿਚ ਲੈ ਆਂਦਾ। ਠੇਕੇਦਾਰ ਦੇ ਰੋਕਦੇ-ਰੋਕਦੇ ਛੁਰਾ ਉਸਦੇ ਢਿੱਡ ਵਿਚ ਖੋਭ ਦਿੱਤਾ।

ਰਾਮ ਲੁਭਾਇਆ ਉਨ੍ਹਾਂ ਦੀਆਂ ਮਿੰਨਤਾਂ ਕਰਦਾ ਰਿਹਾ। ਪਹਿਲਾਂ ਮਾਲਕਾਂ ਨੂੰ ਨਾਲ ਲੈ ਕੇ ਸੋਨਾ ਚਾਂਦੀ ਲੈ ਲਵੋ। ਕਿਸੇ ਨੇ ਉਸਦੀ ਇਕ ਨਾ ਸੁਣੀ। ਲਗਦਾ ਸੀ ਉਨ੍ਹਾਂ ਨੂੰ

ਪੈਸੇ ਧੇਲੇ ਵਿਚ ਘੱਟ ਅਤੇ ਕੁੱਟਮਾਰ ਵਿਚ ਜ਼ਿਆਦਾ ਦਿਲਚਸਪੀ ਸੀ।

ਜਦੋਂ ਸਾਰੇ ਮੈਂਬਰ ਬੇਹੋਸ਼ ਹੋ ਗਏ ਤਾਂ ਬਹੁਤ ਕੁਝ ਪੱਲੇ ਵੀ ਨਾ ਪਿਆ। ਜੋ ਜਿਸ ਦੇ ਹੱਥ ਆਇਆ ਲੈ ਕੇ ਦੌੜ ਪਿਆ।

ਕਾਲੀਏ ਨੇ ਇਕ ਰੰਗਦਾਰ ਟੀ.ਵੀ. ਚਾਦਰ ਵਿਚ ਲਪੇਟ ਲਿਆ। ਦੀਨੇ ਨੇ ਟੇਪ-ਰਿਕਾਰਡਰ ਅਤੇ ਵੀ.ਸੀ.ਆਰ. ਸਮੇਟ ਲਿਆ। ਪੰਡਿਤ ਨੇ ਇਕ ਅਲਮਾਰੀ ਵਿਚ ਪਈਆਂ ਸਾੜ੍ਹੀਆਂ, ਸੂਟ ਅਤੇ ਹੋਰ ਨਿੱਕ-ਸੁੱਕ ਨੂੰ ਇਕੱਠਾ ਕੀਤਾ ਅਤੇ ਗਠੜੀ ਵਿਚ ਬੰਨ੍ਹ ਲਿਆ। ਕੁਝ ਨਕਦੀ ਅਤੇ ਗਹਿਣੇ ਰਾਮ ਲੁਭਾਇਆ ਦੇ ਹੱਥ ਲਗ ਗਏ।

ਆਪਣੇ ਹਿੱਸੇ ਦਾ ਸਮਾਨ ਲੈ ਕੇ ਪੰਡਿਤ ਦੇ ਸਾਥੀ ਮੌਕੇ ਵਾਲੀ ਥਾਂ ਤੋਂ ਹੀ ਆਪਣੇ ਰਾਹ ਪੈ ਗਏ। ਪੰਡਿਤ ਆਪਣੇ ਕੁਆਟਰ ਚਲਾ ਗਿਆ।

ਸਾਰਾ ਦਿਨ ਰਾਮ ਲੁਭਾਇਆ ਆਪਣੇ ਘਰ ਛੁਪਿਆ ਰਿਹਾ। ਕਦੇ ਉਸ ਨੂੰ ਗ੍ਰਿਫ਼ਤਾਰ ਹੋਣ ਦਾ ਡਰ ਲਗਦਾ। ਕਦੇ ਹੱਥ ਲੱਗੇ ਮਾਲ ਨੂੰ ਦੇਖ ਕੇ ਖ਼ੁਸ਼ੀ ਹੁੰਦੀ।

ਠੇਕੇਦਾਰ ਸੋਚ ਰਿਹਾ ਸੀ। ਭਤੀਜੇ ਦੇ ਸਾਥੀ ਮੌਕੇ 'ਤੇ ਹੀ ਛਾਈਂ-ਮਾਈਂ ਹੋ ਗਏ ਸਨ। ਭਤੀਜਾ ਕਦੋਂ ਦਾ ਬੰਬੇ ਵਾਲੀ ਗੱਡੀ ਚੜ੍ਹ ਚੁੱਕਾ ਹੋਣਾ ਹੈ। ਰਾਮ ਲੁਭਾਇਆ ਦਾ ਨਾਂ ਕਿਸ ਨੇ ਲੈਣਾ ਹੈ?

ਡਰ ਅਤੇ ਖ਼ੁਸ਼ੀ ਦੀ ਖਿਚੋਤਾਣ ਵਿਚ ਫਸਿਆ ਰਾਮ ਲੁਭਾਇਆ ਸਵੇਰ ਤੋਂ ਅੰਗਰੇਜ਼ੀ ਸ਼ਰਾਬ ਪੀ ਰਿਹਾ ਸੀ। ਉਹ ਸ਼ਰਾਬ ਗਮ ਗਲਤ ਕਰਨ ਲਈ ਪੀ ਰਿਹਾ ਸੀ ਜਾਂ ਖ਼ੁਸ਼ੀ ਮਨਾਉਣ ਲਈ, ਇਸਦੀ ਸੂਹ ਸੂਹੀਆਂ ਨੂੰ ਨਹੀਂ ਸੀ ਮਿਲ ਸਕੀ।

ਸਾਦੇ ਕੱਪੜਿਆਂ ਵਿਚ ਖ਼ੁਫ਼ੀਆ ਵਿਭਾਗ ਦੇ ਕਰਮਚਾਰੀਆਂ ਨੇ ਉਸਦੇ ਘਰ ਨੂੰ ਘੇਰਾ ਪਾਇਆ ਹੋਇਆ ਸੀ। ਉਨ੍ਹਾਂ ਨੂੰ ਪੁਲਿਸ ਕਪਤਾਨ ਦੇ ਅਗਲੇ ਹੁਕਮਾਂ ਦੀ ਉਡੀਕ ਸੀ।

ਖ਼ੁਫ਼ੀਆ ਵਿਭਾਗ ਦੀ ਕਾਰਗੁਜ਼ਾਰੀ 'ਤੇ ਕਪਤਾਨ ਦਾ ਮਨ ਗਦਗਦ ਹੋ ਗਿਆ। ਮਨ ਹੀ ਮਨ ਖ਼ੁਫ਼ੀਆ ਵਿਭਾਗ ਦੇ ਜਵਾਨਾਂ ਨੂੰ ਸਲੂਟ ਮਾਰਕੇ ਕਪਤਾਨ ਨੇ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ।

"ਹੁਣ ਉਡੀਕ ਕਿਸਦੀ ਹੈ ? ਤੁਰੰਤ ਕਾਰਵਾਈ ਕਰੋ।"

ਖ਼ੁਸ਼ੀ 'ਚ ਝੂਮਦੇ ਕਪਤਾਨ ਨੇ ਜਵਾਨਾਂ ਨੂੰ ਹੁਕਮ ਸੁਣਾਇਆ।

ਇਕ ਤਾੜਨਾ ਵੀ ਕੀਤੀ। ਰਾਮ ਲੁਭਾਇਆ ਦੀ ਗ੍ਰਿਫ਼ਤਾਰੀ ਦਾ ਅਸਲ ਕਾਰਨ ਗੁਪਤ ਰੱਖਿਆ ਜਾਵੇ।

## -10-

ਸਵੇਰੇ ਨਸ਼ਾ ਉਤਰਣ ਤੋਂ ਪਹਿਲਾਂ ਹੀ ਪੁਲਿਸ ਨੇ ਠੇਕੇਦਾਰ ਨੂੰ ਆ ਦਬੋਚਿਆ। ਪਹਿਲਾਂ ਰਾਮ ਲੁਭਾਇਆ ਨੂੰ ਲੱਗਾ ਉਹ ਸੁਪਨਾ ਦੇਖ ਰਿਹਾ ਹੈ। ਨਸ਼ੇ ਅਤੇ ਨੀਂਦ ਦੀ ਲੋਰ ਵਿਚ ਉਸਨੂੰ ਕਈ ਵਾਰ ਪੁਲਿਸ ਆਪਣੇ ਘਰ ਛਾਪੇ ਮਾਰਦੀ ਨਜ਼ਰ ਆਈ ਸੀ। ਮਾਰ ਤੋਂ ਡਰਦਾ ਜਦੋਂ ਉਹ ਤ੍ਰਭਕਦਾ ਸੀ ਤਾਂ ਉਸਦੀ ਅੱਖ ਖੁਲ੍ਹ ਜਾਂਦੀ ਸੀ ਅਤੇ ਉਹ ਸੁਖ ਦਾ ਸਾਹ ਲੈਂਦਾ ਸੀ।

ਇਸ ਵਾਰ ਜਦੋਂ ਡਾਂਗਾਂ ਤਾੜ-ਤਾੜ ਉਸਦੇ ਮੌਰਾਂ ਵਿਚ ਪੈਣ ਲੱਗੀਆਂ ਅਤੇ ਸਾਰੇ ਸਰੀਰ ਵਿਚੋਂ ਸੇਕ ਨਿਕਲਣ ਲੱਗਾ ਫੇਰ ਉਸਨੂੰ ਅਹਿਸਾਸ ਹੋਇਆ ਇਹ ਸੁਪਨਾ ਨਹੀਂ



ਹਕੀਕਤ ਸੀ।

ਡੌਰ-ਭੌਰ ਹੋਈ ਪਤਨੀ ਅਤੇ ਡਰੇ ਸਹਿਮੇ ਬੱਚੇ ਰਾਮ ਲੁਭਾਇਆ 'ਤੇ ਪੈਂਦੀ ਕੁੱਟ, ਸਬਰ ਦਾ ਘੁੱਟ ਭਰਦੇ ਦੇਖਦੇ ਰਹੇ।

ਕੁਝ ਪੁਲਸੀਏ ਘਰ ਦੀ ਤਲਾਸ਼ੀ ਲੈਣ ਲੱਗੇ। ਸਾਰਾ ਸਮਾਨ ਇਧਰ-ਉਧਰ ਸੁੱਟਣ ਲੱਗੇ।

ਭਈਆਂ ਦੀਆਂ ਬਸਤੀਆਂ ਵਿਚ ਮੂੰਹ-ਹਨੇਰੇ ਪੁਲਿਸ ਦੇ ਛਾਪੇ ਕੋਈ ਨਵੀਂ ਗੱਲ ਨਹੀਂ ਸੀ। ਘਰਾਂ ਦੀਆਂ ਤਲਾਸ਼ੀਆਂ ਦੌਰਾਨ ਮਿਲੇ ਕੀਮਤੀ ਸਮਾਨ ਦਾ ਜ਼ਬਤ ਹੋ ਜਾਣਾ ਵੀ ਕੋਈ ਅਣਹੋਣੀ ਗੱਲ ਨਹੀਂ ਸੀ।

ਇਸ ਵਾਰ ਵਿਲੱਖਣ ਗੱਲ ਇਹ ਸੀ ਮਾਰ-ਕੁਟਾਈ ਅਤੇ ਤਲਾਸ਼ੀ ਕਿਸੇ ਆਮ ਭਈਏ ਦੀ ਨਹੀਂ, ਸਗੋਂ ਠੇਕੇਦਾਰ ਦੀ ਹੋ ਰਹੀ ਸੀ।

"ਲਿਆ ਬਈ ਰਾਤ ਵਾਲਾ ਮਾਲ ਲਿਆ? ਕਿੱਥੇ ਹੈ ਕੈਸ਼ ਅਤੇ ਗਹਿਣੇ? ਬਾਕੀ ਦੇ ਸਾਥੀ ਕਿਥੇ ਲਕੋਏ ਨੇ ?"

"ਕੌਣ ਸਾ ਪੈਸਾ? ਕੌਣ ਸੇ ਬੰਦੇ?" ਕਰੜਾ ਹੱਡ ਹੋਣ ਕਾਰਨ ਰਾਮ ਲੁਭਾਇਆ ਮਾਰ ਝੱਲ ਰਿਹਾ ਸੀ"

ਰਾਮ ਲੁਭਾਇਆ ਦੀ ਪਤਨੀ ਤੋਂ ਪਤੀ 'ਤੇ ਪੈਂਦੀ ਮਾਰ ਝੱਲ ਨਾ ਹੋਈ। ਉਸਨੇ ਆਪਣੇ ਨਾਲੇ ਨਾਲ ਬੰਨ੍ਹੀ ਟਰੰਕ ਦੀ ਚਾਬੀ ਨਾਲੇ ਨਾਲੋਂ ਖੋਲ੍ਹ ਕੇ ਹੌਲਦਾਰ ਅੱਗੇ ਸੁੱਟ ਦਿੱਤੀ। ਉਹ ਆਪ ਟਰੰਕ ਦੀ ਤਲਾਸ਼ੀ ਲੈ ਲਏ।

ਪਤਨੀ ਦਾ ਖਿਆਲ ਸੀ ਟਰੰਕ ਵਿਚ ਦੋ ਤਿੰਨ ਹਜ਼ਾਰ ਰੁਪਏ ਹੋਣਗੇ। ਉਹ ਲੈ ਕੇ ਪੁਲਿਸ ਟਲ ਜਾਏਗੀ।

ਇਕ ਸਿਪਾਹੀ ਨੇ ਟਰੰਕ ਵਿਹੜੇ ਵਿਚ ਚੁੱਕ ਲਿਆਂਦਾ। ਸਭ ਦੇ ਸਾਹਮਣੇ ਜਿੰਦਰਾ ਖੋਲ੍ਹਿਆ। ਅੰਦਰੋਂ ਬਰਾਮਦ ਹੋਇਆ ਸਮਾਨ ਦੇਖਕੇ ਸਭ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਸੱਤਰ ਹਜ਼ਾਰ ਦੀ ਨਕਦੀ ਦੇ ਨਾਲ-ਨਾਲ ਦੋ ਕੀਮਤੀ ਸਾੜ੍ਹੀਆਂ ਅਤੇ ਇਕ ਸੋਨੇ ਦਾ ਨਿੱਗਰ ਹਾਰ ਟਰੰਕ ਵਿਚ ਛੁਪਾ ਕੇ ਰੱਖਿਆ ਹੋਇਆ ਸੀ।

ਨਕਦੀ ਠੇਕੇਦਾਰ ਦੀ ਹੋ ਸਕਦੀ ਸੀ। ਸਾੜ੍ਹੀਆਂ ਅਤੇ ਸੋਨੇ ਦਾ ਹਾਰ ਪਾਉਣ ਦੇ ਯੋਗ ਤੇ ਨਹੀਂ ਸੀ ਭਈਆ ਰਾਣੀ।

ਸਾੜ੍ਹੀਆਂ ਅਤੇ ਹਾਰ ਦੀ ਬਰਾਮਦਗੀ 'ਤੇ ਪੁਲਿਸ ਵਾਲੇ ਝੂਮ ਉੱਠੇ। ਘਟਨਾ ਦੀ ਪਹਿਲੀ ਲੜੀ, ਪਹਿਲਾ ਠੋਸ ਸਬੂਤ ਉਨ੍ਹਾਂ ਦੇ ਹੱਥ ਲੱਗ ਚੁੱਕਾ ਸੀ। ਕੜੀ ਨਾਲ ਕੜੀ ਜੋੜਨਾ ਹੁਣ ਉਨ੍ਹਾਂ ਦੇ ਖੱਬੇ ਹੱਥ ਦੀ ਖੇਡ ਸੀ।

ਮੌਕੇ ਤੋਂ ਮਿਲੀ ਸਫ਼ਲਤਾ ਦੀ ਸੂਚਨਾ ਕਪਤਾਨ ਨੂੰ ਦਿੱਤੀ। ਅਗਲੀ ਕਾਰਵਾਈ ਲਈ ਰਹਿਨੁਮਾਈ ਮੰਗੀ ਗਈ।

ਕਪਤਾਨ ਦੀ ਹਦਾਇਤ ਉਪਰ ਉਸਦੇ ਘਰ ਦੀ ਮੁਕੰਮਲ ਤਲਾਸ਼ੀ ਲਈ ਗਈ। ਹਿਸਾਬ-ਕਿਤਾਬ ਵਾਲੀਆਂ ਕਾਪੀਆਂ, ਜੇਬ-ਡਾਇਰੀ, ਬੈਗ, ਲੋਕਾਂ ਦੇ ਵਿਜ਼ਟਿੰਗ ਕਾਰਡ ਸਭ ਕਬਜ਼ੇ ਵਿਚ ਲੈ ਲਏ ਗਏ।

ਉਸਦੇ ਘਰ ਨੂੰ ਸੀਲ ਕਰ ਦਿੱਤਾ ਗਿਆ। 'ਕਪਤਾਨ ਦੇ ਮੌਕਾ ਦੇਖਣ ਤਕ ਕੋਈ ਕਿਸੇ ਚੀਜ਼ ਨੂੰ ਹੱਥ ਨਾ ਲਾਵੇ।' ਇਹ ਹੁਕਮ ਝਾੜਿਆ ਗਿਆ।

ਠੇਕੇਦਾਰ ਅਤੇ ਬਰਾਮਦ ਹੋਏ ਸਾਮਾਨ ਨੂੰ ਕਪਤਾਨ ਅੱਗੇ ਪੇਸ਼ ਕੀਤਾ ਗਿਆ।

ਕਪਤਾਨ ਨੇ ਹਿਸਾਬ-ਕਿਤਾਬ ਵਾਲੀਆਂ ਕਾਪੀਆਂ ਫਰੋਲ ਕੇ ਉਨ੍ਹਾਂ ਸਾਰੇ ਬੰਦਿਆਂ ਦੀ ਲਿਸਟ ਬਣਾਈ ਜਿਨ੍ਹਾਂ ਨਾਲ ਠੇਕੇਦਾਰ ਦਾ ਲੈਣ-ਦੇਣ ਸੀ।

ਵੇਦ ਕੋਠੀਆਂ, ਦੁਕਾਨਾਂ ਲੈਣ-ਦੇਣ ਦਾ ਕੰਮ ਕਰਦਾ ਸੀ। ਛੋਟੀ-ਮੋਟੀ ਮੁਰੰਮਤ ਲਈ ਉਸਨੂੰ ਮਿਸਤਰੀ ਮਜ਼ਦੂਰਾਂ ਦੀ ਲੋੜ ਪੈਂਦੀ ਸੀ। ਰਾਮ ਲੁਭਾਇਆ ਦੀ ਉਸ ਨਾਲ ਕੋਈ ਕੜੀ ਜੁੜੀ ਹੋ ਸਕਦੀ ਸੀ।

ਠੇਕੇਦਾਰ ਦੀ ਡਾਇਰੀ ਵਿਚ ਦਰਜ ਫ਼ੋਨ ਨੰਬਰਾਂ ਦੇ ਮਾਲਕਾਂ ਦੇ ਵੇਰਵੇ ਇਕੱਠੇ ਕੀਤੇ ਗਏ। ਉਨ੍ਹਾਂ ਵਿਚੋਂ ਇਕ ਨੰਬਰ ਪੰਕਜ ਦੇ ਮੋਬਾਈਲ ਫ਼ੋਨ ਦਾ ਵੀ ਸੀ।

ਪੁਲਿਸ ਕਪਤਾਨ ਨੇ ਮੁੱਖ ਅਫ਼ਸਰ ਵੱਲੋਂ ਇਸ ਮੁਕੱਦਮੇ ਸੰਬੰਧੀ ਤਿਆਰ ਕੀਤੀ ਰਿਪੋਰਟ ਉਪਰ ਪਹਿਲਾਂ ਸਰਸਰੀ ਨਜ਼ਰ ਮਾਰੀ ਸੀ। ਪਰਚੇ ਵਿਚ ਭਾਵੇਂ ਮੁਦਈ ਨੇ ਕਿਸੇ ’ਤੇ ਸ਼ੱਕ ਜ਼ਾਹਿਰ ਨਹੀਂ ਸੀ ਕੀਤਾ। ਵੈਸੇ ਰਾਮ ਨਾਥ ਨੇ ਵੇਦ ਪਰਿਵਾਰ ਨੂੰ ਪੰਕਜ ਤੋਂ ਮਿਲਦੀਆਂ ਧਮਕੀਆਂ ਦਾ ਜ਼ਿਕਰ ਕੀਤਾ ਸੀ। ਪੰਕਜ ਦਾ ਨਾਂ ‘ਸ਼ੱਕੀ ਬੰਦਿਆਂ’ ਵਿਚ ਬੋਲਦਾ ਸੀ।

ਪੁਲਿਸ ਕਪਤਾਨ ਨੇ ਇਕ ਵਾਰ ਫੇਰ ਰਿਪੋਰਟ ’ਤੇ ਨਜ਼ਰ ਮਾਰੀ। ਇਸ ਵਾਰ ਪੂਰੀ ਡੂੰਘਾਈ ਨਾਲ।

ਫੇਰ ਠੇਕੇਦਾਰ ਦੇ ਬੈਗ ਵਿਚੋਂ ਮਿਲੇ ਵਿਜ਼ਟਿੰਗ ਕਾਰਡਾਂ ਦੀ ਘੋਖ ਹੋਈ। ਉਨ੍ਹਾਂ ਵਿਚੋਂ ਇਕ ਪੰਕਜ ਦਾ ਸੀ।

ਪੰਕਜ ਅਤੇ ਠੇਕੇਦਾਰ ਵਿਚਕਾਰ ਸਥਾਪਤ ਹੋਈ ਇਸ ਦੂਜੀ ਕੜੀ ਨੇ ਕਪਤਾਨ ਲਈ ਅਗਲਾ ਰਸਤਾ ਖੋਲ੍ਹ ਦਿੱਤਾ।

ਪੰਕਜ ਦੇ ਪਿਛੋਕੜ, ਉਸ ਦੇ ਕਾਰੋਬਾਰ, ਫੈਕਟਰੀਆਂ ਵਿਚ ਬਣਦੇ ਪੁਰਜ਼ਿਆਂ, ਕੰਮ ਕਰਦੇ ਮਜ਼ਦੂਰਾਂ ਦੀ ਗਿਣਤੀ, ਸਭ ਪਹਿਲੂਆਂ ’ਤੇ ਵਿਸਤਰਤ ਜਾਣਕਾਰੀ ਹਾਸਲ ਕੀਤੀ ਗਈ।

ਕਪਤਾਨ ਨੂੰ ਰਾਮ ਨਾਥ ਦਾ ਪੰਕਜ ਹੋਰਾਂ ਉਪਰ ਕੀਤਾ ਸ਼ੱਕ ਸੱਚ ਵਿਚ ਬਦਲਦਾ ਨਜ਼ਰ ਆਉਣ ਲੱਗਾ।

ਪੰਕਜ ਸ਼ਹਿਰ ਦੇ ਗਿਣੇ-ਚੁਣੇ ਸ਼ਹਿਰੀਆਂ ਵਿਚੋਂ ਇਕ ਸੀ। ਬਿਨਾਂ ਠੋਸ ਸਬੂਤ ਤੋਂ ਉਸ ਨੂੰ ਹੱਥ ਪਾਉਣਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਥਾਣੇ ਦੇ ਮੁੱਖ ਅਫ਼ਸਰ ਉਪਰ ਕਪਤਾਨ ਨੂੰ ਬਹੁਤਾ ਭਰੋਸਾ ਨਹੀਂ ਸੀ। ਉਹ ਮੁਲਜ਼ਮਾਂ ਕੋਲ ਮੁਖ਼ਬਰੀ ਕਰਕੇ ਖੇਡ ਵਿਗਾੜ ਸਕਦਾ ਸੀ।

ਇਸ ਤਫ਼ਤੀਸ਼ ਵਿਚ ਖੁਫ਼ੀਆ ਵਿਭਾਗ ਕਪਤਾਨ ਨੂੰ ਸਭ ਤੋਂ ਵੱਧ ਸਹਿਯੋਗ ਦੇ ਰਿਹਾ ਸੀ। ਇਕ ਵਾਰ ਫੇਰ ਇਸ ਵਿਭਾਗ ਦੀ ਪਿੱਠ ਥਾਪੜੀ ਗਈ।

ਠੇਕੇਦਾਰ ਨੇ ਪੰਕਜ ਲਈ ਕੀ-ਕੀ ਕੰਮ ਕੀਤੇ? ਉਸ ਦੀ ਕਿਸੇ ਕੋਠੀ ਜਾਂ ਫੈਕਟਰੀ ਦੀ ਉਸਾਰੀ ਉਸ ਰਾਹੀਂ ਹੋਈ? ਕਦੇ ਉਨ੍ਹਾਂ ਲਈ ਠੇਕੇਦਾਰ ਨੇ ਮਜ਼ਦੂਰ ਭਰਤੀ ਕਰਕੇ ਦਿੱਤੇ? ਜੇ ਪੰਕਜ ਦਾ ਫ਼ੋਨ ਅਤੇ ਕਾਰਡ ਠੇਕੇਦਾਰ ਕੋਲ ਸੀ ਤਾਂ ਉਨ੍ਹਾਂ ਦਾ ਕੋਈ ਨਾ ਕੋਈ ਸੰਬੰਧ ਜ਼ਰੂਰ ਸੀ। ਇਹ ਕੀ ਸੰਬੰਧ ਸੀ? ਕਪਤਾਨ ਨੂੰ ਇਸਦੀ ਜਾਣਕਾਰੀ ਚਾਹੀਦੀ ਸੀ।

ਪ੍ਰਤੱਖ ਤੌਰ ’ਤੇ ਠੇਕੇਦਾਰ ਨੇ ਪੰਕਜ ਹੋਰਾਂ ਲਈ ਕੋਈ ਕੰਮ ਨਹੀਂ ਸੀ ਕੀਤਾ। ਪਿਛਲੇ ਸੱਤ ਦਿਨਾਂ ਵਿਚ ਦੋ ਵਾਰ ਉਹ ਪੰਕਜ ਦੀ ਫੈਕਟਰੀ ਵਿਚ ਗਿਆ ਸੀ। ਦੋਵੇਂ ਸਮੇਂ ਦੋਵੇਂ ਭਰਾ ਫੈਕਟਰੀ ਵਿਚ ਹਾਜ਼ਰ ਸਨ। ਠੇਕੇਦਾਰ ਅਤੇ ਮਾਲਕਾਂ ਵਿਚਕਾਰ ਇਕੱਲਿਆਂ ਗੱਲ



ਹੋਈ ਸੀ। ਦੂਸਰੀ ਮੁਲਾਕਾਤ ਬਾਅਦ ਠੇਕੇਦਾਰ ਫੈਕਟਰੀ ਵਿਚੋਂ ਦੋ ਰਾਡ ਅਤੇ ਦੋ ਛੋਟੇ ਬੈਗ ਲੈ ਕੇ ਆਇਆ ਸੀ। ਇਸ ਸੰਬੰਧੀ ਇੰਦਰਾਜ ਫੈਕਟਰੀ ਦੇ ਰਿਕਾਰਡ ਵਿਚ ਹੋਇਆ ਸੀ।

ਪੁਲਿਸ ਕਪਤਾਨ ਨਿਸ਼ਾਨੇ ਦੇ ਬਹੁਤ ਨੇੜੇ ਪੁੱਜ ਚੁੱਕਾ ਸੀ। ਵਾਰਦਾਤ ਸਮੇਂ ਦੋਸ਼ੀਆਂ ਨੇ ਦੋ ਰਾਡਾਂ ਦੀ ਵਰਤੋਂ ਕੀਤੀ ਸੀ। ਇਕ ਮੌਕੇ ਤੋਂ ਬਰਾਮਦ ਹੋਈ ਸੀ। ਦੂਜੀ ਦੋਸ਼ੀ ਨਾਲ ਲੈ ਗਏ ਸਨ। ਇਕ ਬੈਗ ਮੌਕੇ ਵਾਲੀ ਥਾਂ ਤੋਂ ਬਰਾਮਦ ਹੋਇਆ ਸੀ। ਦੂਸਰਾ ਠੇਕੇਦਾਰ ਦੇ ਘਰੋਂ। ਬਸ ਹੁਣ ਇਹੋ ਤਸਦੀਕ ਕਰਨਾ ਬਾਕੀ ਸੀ ਕਿ ਇਹ ਰਾਡ ਅਤੇ ਬੈਗ ਉਹੋ ਸਨ, ਜਿਹੜੇ ਫੈਕਟਰੀਓਂ ਗਏ ਸਨ ਜਾਂ ਹੋਰ?

ਮੌਕੇ ਤੋਂ ਬਰਾਮਦ ਹੋਏ ਮਾਲ ਦਾ ਇਕ ਵਾਰ ਫੇਰ ਮੁਆਇਨਾ ਕੀਤਾ ਗਿਆ।

ਮੌਕੇ ਤੋਂ ਬਰਾਮਦ ਹੋਏ ਬੈਗ ਉਪਰ ਪੰਕਜ ਦੀ ਫੈਕਟਰੀ ਦਾ ਨਾਂ ਛਪਿਆ ਹੋਇਆ ਸੀ। ਪੰਕਜ ਅਜਿਹੇ ਬੈਗ ਆਪਣੇ ਮਜ਼ਦੂਰਾਂ ਨੂੰ ਤੋਹਫ਼ੇ ਵਜੋਂ ਦਿੰਦਾ ਸੀ। ਰਾਮ ਲੁਭਾਇਆ ਦੇ ਘਰੋਂ ਬਰਾਮਦ ਹੋਇਆ ਬੈਗ ਇਸਦੇ ਨਾਲ ਦਾ ਸੀ।

ਰਾਡ ਉਪਰ ਖ਼ੂਨ ਅਤੇ ਮਿੱਟੀ ਜੰਮੀ ਹੋਈ ਸੀ। ਰਾਡ ਨੂੰ ਸਾਫ਼ ਕਰਕੇ ਇਨ੍ਹਾਂ ਸਬੂਤਾਂ ਨੂੰ ਮਿਟਾਉਣ ਦਾ ਜ਼ੋਖਮ ਲੈਣ ਦਾ ਤਾਂ ਹੀ ਫ਼ਾਇਦਾ ਸੀ, ਜੇ ਪਹਿਲਾਂ ਇਹ ਪਤਾ ਲੱਗੇ ਕਿ ਪੰਕਜ ਦੀ ਫੈਕਟਰੀ ਵਿਚ ਬਣਦੇ ਪੁਰਜ਼ਿਆਂ ਉਪਰ ਕੋਈ ਮਾਰਕਾ ਲਗਦਾ ਸੀ ਜਾਂ ਨਹੀਂ।

ਖੁਫ਼ੀਆ ਵਿਭਾਗ ਨੇ ਇਸ ਨੁਕਤੇ 'ਤੇ ਪੜਤਾਲ ਕੀਤੀ।

ਨੀਰਜ ਦੀ ਫੈਕਟਰੀ ਵਿਚ ਬਣਦਾ ਸਾਮਾਨ ਉੱਚ-ਕੋਟੀ ਦਾ ਸੀ। ਉਨ੍ਹਾਂ ਦੇ ਪੁਰਜ਼ੇ ਆਮ ਪੁਰਜ਼ਿਆਂ ਨਾਲੋਂ ਮਹਿੰਗੇ ਸਨ। ਆਪਣੀ ਪਹਿਚਾਣ ਬਣਾਉਣ ਲਈ ਉਹ ਆਪਣੇ ਹਰ ਪੁਰਜ਼ੇ ਉਪਰ ਆਪਣਾ ਮਾਰਕਾ ਲਾਉਂਦੇ ਸਨ। ਨਮੂਨੇ ਲਈ ਸੂਹੀਏ ਨੇ ਇਕ ਰਾਡ ਬਾਜ਼ਾਰ ਵਿਚੋਂ ਖਰੀਦੀ ਅਤੇ ਲਿਆ ਕੇ ਕਪਤਾਨ ਅੱਗੇ ਰੱਖ ਦਿੱਤੀ।

ਵਿਗਿਆਨਕ ਢੰਗਾਂ ਦੀ ਮਦਦ ਨਾਲ ਰਾਡ ਦਾ ਮੁਆਇਨਾ ਕੀਤਾ ਗਿਆ। ਖ਼ੂਨ ਦੇ ਇਕ ਧੱਬੇ ਹੇਠੋਂ ਨੀਰਜ ਦੀ ਫੈਕਟਰੀ ਦਾ ਮਾਰਕਾ ਨਜ਼ਰ ਆ ਰਿਹਾ ਸੀ।

ਪੰਕਜ ਅਤੇ ਨੀਰਜ ਦੀ ਸਾਜ਼ਿਸ਼ ਦਾ ਪਰਦਾ ਫ਼ਾਸ਼ ਹੋ ਚੁੱਕਾ ਸੀ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਇੰਨੇ ਸਬੂਤ ਕਾਫ਼ੀ ਸਨ।

ਰਾਤ ਦੇਰ ਗਏ ਪੁਲਿਸ ਕਪਤਾਨ ਨੇ ਪ੍ਰੈਸ-ਕਾਨਫਰੰਸ ਬੁਲਾਈ। ਠੇਕੇਦਾਰ ਅਤੇ ਉਸ ਕੋਲੋਂ ਫੜੇ ਸਮਾਨ ਨੂੰ ਪੱਤਰਕਾਰਾਂ ਅੱਗੇ ਪੇਸ਼ ਕੀਤਾ।

ਬਾਕੀ ਦੇ ਦੋਸ਼ੀਆਂ ਦੇ ਸੁਰਾਗ਼ ਮਿਲਣ ਅਤੇ ਜਲਦੀ ਗ੍ਰਿਫ਼ਤਾਰੀ ਦਾ ਭਰੋਸਾ ਦੇ ਕੇ ਪੱਤਰਕਾਰਾਂ ਨੂੰ ਵਿਦਾ ਕੀਤਾ।

## -11-

ਪੁਲਿਸ ਰਾਹੀਂ ਪੰਕਜ ਨੂੰ ਸੂਹ ਮਿਲ ਚੁੱਕੀ ਸੀ। ਰਾਮ ਨਾਥ ਨੂੰ ਪੰਕਜ ਹੋਰਾਂ ਉਪਰ ਸ਼ੱਕ ਸੀ। ਡਰ ਅਤੇ ਗੁੱਸੇ ਕਾਰਨ ਉਨ੍ਹਾਂ ਨੇ ਹਸਪਤਾਲ ਵੱਲ ਮੂੰਹ ਨਹੀਂ ਸੀ ਕੀਤਾ।

ਉੱਡਦੀ-ਉੱਡਦੀ ਖ਼ਬਰ ਰਿਸ਼ਤੇਦਾਰਾਂ ਦੇ ਕੰਨੀਂ ਜਾ ਪਈ।

ਬਹੁਤੇ ਸਾਂਝੇ ਰਿਸ਼ਤੇਦਾਰਾਂ ਦਾ ਝੁਕਾਅ ਝੁਕਦੇ ਪਲੜੇ ਵੱਲ ਸੀ। ਕਦੇ-ਕਦੇ, ਕੋਈ-

ਕੋਈ ਮਜਬੂਰੀ-ਵੱਸ ਹਸਪਤਾਲ ਆਉਂਦਾ ਸੀ। ਓਪਰਿਆਂ ਵਾਂਗ ਘੜੀ ਦੋ ਘੜੀ ਬੈਠ ਕੇ, ਚੋਰਾਂ ਵਾਂਗ ਵਾਪਸ ਮੁੜ ਜਾਂਦਾ ਸੀ। ਅੰਦਰੋਂ ਰਿਸ਼ਤੇਦਾਰ ਡਰਦਾ ਰਹਿੰਦਾ ਸੀ ਕਿਧਰੇ ਮੋਹਨ ਦੇ ਪਰਿਵਾਰ ਨੂੰ ਉਸਦੇ ਵੇਦ ਪਰਿਵਾਰ ਨਾਲ ਜਾਗੇ ਹੇਜ ਦੀ ਮੁਖਬਰੀ ਨਾ ਹੋ ਜਾਵੇ। ਕਿਧਰੇ ਉਹ ਉਨ੍ਹਾਂ ਦੇ ਮੂੰਹ ਲੱਗਣੋਂ ਨਾ ਰਹਿ ਜਾਵੇ।

ਪਰ ਨੀਲਮ ਦੇ ਪੇਕੇ ਪਹਿਲੇ ਦਿਨ ਤੋਂ ਕਾਵਾਂ ਵਾਂਗ ਇਕੱਠੇ ਹੋਏ ਬੈਠੇ ਸਨ।

ਰਾਮ ਨਾਥ ਹੋਰੀਂ ਤਿੰਨ ਭੈਣਾਂ ਅਤੇ ਤਿੰਨ ਭਰਾ ਸਨ। ਰਾਮ ਨਾਥ ਸਭ ਤੋਂ ਵੱਡਾ ਸੀ। ਫੇਰ ਨੀਲਮ ਸੀ। ਉਸ ਤੋਂ ਛੋਟਾ ਮੰਗਤ ਰਾਏ ਸੀ। ਉਹ ਬਿਜਲੀ ਮਹਿਕਮੇ ਵਿਚ ਜੂਨੀਅਰ ਇੰਜੀਨੀਅਰ ਸੀ। ਸਭ ਤੋਂ ਛੋਟਾ ਬੀ.ਡੀ.ਓ. ਦਫ਼ਤਰ ਵਿਚ ਸਟੈਨੋ ਸੀ। ਛੋਟੀਆਂ ਦੋਵੇਂ ਭੈਣਾਂ ਜੇ.ਬੀ.ਟੀ. ਪਾਸ ਸਨ ਅਤੇ ਪ੍ਰਾਈਵੇਟ ਸਕੂਲਾਂ ਵਿਚ ਅਧਿਆਪਕਾਵਾਂ ਸਨ। ਉਨ੍ਹਾਂ ਦੇ ਪਤੀ ਸਰਕਾਰੀ ਸਕੂਲਾਂ ਦੇ ਅਧਿਆਪਕ ਸਨ।

ਰਾਮ ਨਾਥ ਦਾ ਸ਼ਹਿਰ ਮਾਇਆ ਨਗਰ ਤੋਂ ਸੱਤਰ ਪੰਝੱਤਰ ਕਿਲੋਮੀਟਰ ਦੂਰ ਸੀ। ਰਾਮ ਨਾਥ ਦੀਆਂ ਬਾਕੀ ਰਿਸ਼ਤੇਦਾਰੀਆਂ ਮਾਇਆ ਨਗਰ ਤੋਂ ਉਲਟ ਦਿਸ਼ਾ ਵੱਲ ਸਨ। ਨਤੀਜਨ ਕਿਸੇ ਰਿਸ਼ਤੇਦਾਰ ਦਾ ਪਿੰਡ ਮਾਇਆ ਨਗਰ ਤੋਂ ਸਵਾ ਸੌ ਕਿਲੋਮੀਟਰ ਦੂਰ ਸੀ ਅਤੇ ਕਿਸੇ ਦਾ ਡੇਢ ਸੌ ਕਿਲੋਮੀਟਰ।

ਫੇਰ ਵੀ ਤਿੰਨ ਦਿਨਾਂ ਤੋਂ ਬਾਰਾਂ ਦੇ ਬਾਰਾਂ ਜੀਅ ਘਰ-ਬਾਰ ਛੱਡੀ ਹਸਪਤਾਲ ਡੇਰਾ ਲਾਈ ਬੈਠੇ ਸਨ।

ਰਾਮ ਨਾਥ ਦੇ ਭਰਾ ਅੱਡ-ਅੱਡ ਰਹਿ ਕੇ ਵੀ ਇਕੱਠੇ ਸਨ। ਸ਼ੱਕਾਂ-ਸ਼ੁਸ਼ਕਾਂ ਸਾਂਝੀਆਂ ਭਰਦੇ ਸਨ। ਇਕ ਦੂਜੇ ਨਾਲ ਪਿਆਰ ਭਾਵ ਅਤੇ ਆਉਣ ਜਾਣ ਬਣਿਆ ਹੋਇਆ ਸੀ। ਲੋੜ ਪੈਣ 'ਤੇ ਉਹ ਤਨੋਂ-ਮਨੋਂ ਇਕ ਦੂਜੇ ਦੇ ਦੁੱਖ-ਸੁਖ ਵਿਚ ਸਹਾਈ ਹੁੰਦੇ ਸਨ।

ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਉਪਰ ਪਹਾੜ ਜਿਡੀ ਇਹੋ ਜਿਹੀ ਮੁਸੀਬਤ ਪਹਿਲੀ ਵਾਰ ਟੁੱਟੀ ਸੀ। ਰਲ-ਮਿਲ ਕੇ ਉਹ ਦੁੱਖ ਵੰਡਾਉਣ ਦਾ ਯਤਨ ਕਰ ਰਹੇ ਸਨ।

ਨੇਹਾ ਨੂੰ ਸਰੀਰਕ ਨਾਲੋਂ ਮਾਨਸਿਕ ਪ੍ਰੇਸ਼ਾਨੀ ਵੱਧ ਸੀ। ਉਸਦੀ ਹਾਲਤ ਨੀਮ ਪਾਗਲਾਂ ਵਰਗੀ ਸੀ। ਜਦੋਂ ਉਸਨੂੰ ਹੋਸ਼ ਆਉਂਦੀ ਸੀ ਉਹ ਆਪਣੇ ਵਾਲ ਪੁੱਟਣ ਲੱਗ ਜਾਂਦੀ ਸੀ। ਉੱਚੀ-ਉੱਚੀ ਚੀਕਾਂ ਮਾਰ-ਮਾਰ ਕਮਲ ਨੂੰ ਅਵਾਜ਼ਾਂ ਮਾਰਦੀ ਸੀ। ਕਦੇ ਉਸ ਨੂੰ ਆਪਣੇ ਭੰਗ ਹੋਏ ਸੱਤ ਦਾ ਫਿਕਰ ਖਾਂਦਾ ਸੀ ਅਤੇ ਕਦੇ ਇਸੇ ਕਾਰਨ ਸਾਗਰ ਨਾਲੋਂ ਪ੍ਰੇਮ ਸੰਬੰਧਾਂ ਦੇ ਟੁੱਟਣ ਦਾ। ਕਦੇ ਉਹ ਆਤਮ-ਹੱਤਿਆ ਕਰਨ ਦਾ ਇਰਾਦਾ ਜਤਾਉਂਦੀ ਸੀ ਅਤੇ ਕਦੇ ਦੋਸ਼ੀਆਂ ਨੂੰ ਕਤਲ ਕਰਨ ਦਾ।

ਡਾਕਟਰ ਨੇਹਾ ਨੂੰ ਬੇਹੋਸ਼ੀ ਦੇ ਟੀਕੇ ਲਾ ਰਹੇ ਸਨ। ਉਨ੍ਹਾਂ ਦੀ ਰਾਏ ਸੀ ਕਿ ਉਸ ਨੂੰ ਕਿਸੇ ਭੈਣ ਵਰਗੀ ਸਹੇਲੀ ਅਤੇ ਮਾਂ ਵਰਗੀ ਚਾਚੀ ਤਾਈ ਦੀ ਛਤਰ-ਛਾਇਆ ਦੀ ਜ਼ਰੂਰਤ ਸੀ।

ਰਾਮ ਨਾਥ ਦੀ ਸਭ ਤੋਂ ਛੋਟੀ ਭੈਣ ਸੁਸ਼ਮਾ ਨੇ ਇਹ ਜ਼ਿੰਮੇਵਾਰੀ ਆਪਣੇ ਜ਼ਿੰਮੇ ਲਈ ਸੀ। ਉਹ ਨੇਹਾ ਦੀ ਮਾਸੀ ਸੀ, ਇਸ ਲਈ ਨੇਹਾ ਨੂੰ ਮਾਵਾਂ ਵਰਗਾ ਪਿਆਰ ਦੇ ਸਕਦੀ ਸੀ। ਉਨ੍ਹਾਂ ਦੀ ਉਮਰ ਵਿਚ ਸਾਰਾ ਸੱਤ ਸਾਲ ਦਾ ਫ਼ਰਕ ਸੀ। ਦੋਵੇਂ ਮਾਸੀ ਭਾਣਜੀ ਵਾਂਗ ਘੱਟ, ਸਹੇਲੀਆਂ ਵਾਂਗ ਵੱਧ ਰਹੀਆਂ ਸਨ। ਸੁਸ਼ਮਾ ਪਹਿਲੇ ਦਿਨ ਤੋਂ ਨੇਹਾ ਦੀ ਹਮਰਾਜ਼ ਸੀ। ਇਸ ਲਈ ਉਹ ਨੇਹਾ ਦੀ ਸਹੇਲੀ ਦੇ ਫਰਜ਼ ਵੀ ਨਿਭਾਅ ਸਕਦੀ ਸੀ।

ਬਿਨਾਂ ਸੰਗ-ਸ਼ਰਮ ਮਹਿਸੂਸ ਕਰੇ ਸੁਸ਼ਮਾ ਪਲਵੀ ਦੇ ਘਰ ਡੇਰਾ ਲਾਈ ਬੈਠੀ ਸੀ।



ਮੰਗਤ ਅਤੇ ਉਸਦੀ ਪਤਨੀ ਸੁਜਾਤਾ ਵੇਦ ਦੀ ਦੇਖਭਾਲ ਵਿਚ ਜੁਟੇ ਹੋਏ ਸਨ। ਵੇਦ ਦੀ ਟੰਗ ਕੱਟੇ ਜਾਣ ਤੋਂ ਬਚ ਗਈ ਸੀ। ਡਾਕਟਰਾਂ ਨੇ ਉਸ ਨੂੰ ਖ਼ਤਰੇ ਤੋਂ ਬਾਹਰ ਘੋਸ਼ਿਤ ਕਰ ਦਿੱਤਾ ਸੀ। ਜੁਬਾੜੇ ਦੀ ਟੁੱਟੀ ਹੱਡੀ ਉਸ ਨੂੰ ਹੋਸ਼ ਨਹੀਂ ਸੀ ਆਉਣ ਦੇ ਰਹੀ। ਤਿੰਨ ਦਿਨ ਆਈ.ਸੀ.ਯੂ. ਵਿਚ ਰੱਖਣ ਬਾਅਦ ਉਸ ਨੂੰ ਜਨਰਲ ਵਾਰਡ ਵਿਚ ਭੇਜ ਦਿੱਤਾ ਗਿਆ ਸੀ। ਬੇਹੋਸ਼ੀ ਵਿਚ ਹੋਣ ਕਾਰਨ ਉੱਪਰਲਿਆਂ ਨੂੰ ਉਸ ਦੀ ਕੋਈ ਤਕਲੀਫ਼ ਨਹੀਂ ਸੀ, ਪਰ ਉਨ੍ਹਾਂ ਨੂੰ ਚੌਵੀ ਘੰਟੇ ਉਸਦੇ ਸਿਰਹਾਣੇ ਬੈਠਣਾ ਪੈਂਦਾ ਸੀ।

ਬਾਕੀ ਸਾਰੇ ਰਿਸ਼ਤੇਦਾਰ ਅਤੇ ਭੈਣ ਭਰਾ ਨੀਲਮ ਉਪਰ ਸਨ।

ਨੀਲਮ ਦੀ ਹਾਲਤ ਨਾਜ਼ੁਕ ਸੀ। ਉਸਨੂੰ ਆਈ. ਸੀ. ਯੂ. ਵਿਚ ਰੱਖਿਆ ਗਿਆ ਸੀ। ਉਸਦੇ ਨੱਕ, ਗੱਲ੍ਹ ਅਤੇ ਪੇਟ ਵਿਚ ਨਾਲੀਆਂ ਫਿੱਟ ਕੀਤੀਆਂ ਗਈਆਂ ਸਨ। ਉਹ ਵੈਂਟੀਲੇਟਰ ਦੇ ਸਹਾਰੇ ਜ਼ਿੰਦਾ ਸੀ। ਕਿਸੇ ਵੀ ਸਮੇਂ ਭੈੜੀ ਖ਼ਬਰ ਆ ਸਕਦੀ ਸੀ। ਬਾਕੀ ਦੇ ਰਿਸ਼ਤੇਦਾਰ ਨੀਲਮ ਦੇ ਵਾਰਡ ਦੇ ਬਾਹਰ ਬੈਠੇ ਉਸਦੇ ਠੀਕ ਹੋਣ ਦੀ ਦੁਆ ਕਰ ਰਹੇ ਸਨ।

ਨੀਲਮ ਦੀਆਂ ਦਵਾਈਆਂ ਘਟਣ ਦੀ ਥਾਂ ਵੱਧਦੀਆਂ ਜਾ ਰਹੀਆਂ ਸਨ। ਟੈਸਟ ਅਤੇ ਸਕੈਨ ਵਾਰ-ਵਾਰ ਹੋ ਰਹੇ ਸਨ। ਖ਼ੂਨ ਦਿੱਤਾ ਜਾ ਰਿਹਾ ਸੀ। ਦਿਲ ਦੀ ਧੜਕਣ ਕਦੇ ਵਧ ਜਾਂਦੀ ਸੀ ਅਤੇ ਕਦੇ ਘਟ ਜਾਂਦੀ ਸੀ।

ਰਾਮ ਨਾਥ ਸੀਨੀਅਰ ਡਾਕਟਰਾਂ ਨੂੰ ਪੁੱਛ-ਪੁੱਛ ਹੰਭ ਚੁੱਕਾ ਸੀ।

"ਬੱਸ ਚੌਵੀ ਘੰਟੇ ਹੋਰ" ਆਖਕੇ ਡਾਕਟਰ ਉਸ ਨੂੰ ਟਾਲਦੇ ਆ ਰਹੇ ਸਨ।

## -12-

ਚੌਵੀ-ਚੌਵੀ ਘੰਟੇ ਕਰਕੇ ਇਕ ਹਫ਼ਤਾ ਲੰਘ ਚੁੱਕਾ ਸੀ। ਹਾਲੇ ਪ੍ਰਨਾਲਾ ਉੱਥੇ ਦਾ ਉੱਥੇ ਸੀ।

ਕੁਝ ਮਰੀਜ਼ਾਂ ਦੇ ਵਾਰਿਸ ਰਾਮ ਨਾਥ ਨੂੰ ਸਮਝਾਉਣ ਲੱਗੇ।

"ਇਹ ਹਸਪਤਾਲ ਨਾਂ ਦਾ ਹੀ ਵੱਡਾ ਹੈ। ਸਰਕਾਰੀ ਹਸਪਤਾਲਾਂ ਵਾਂਗ ਇਥੋਂ ਦੇ ਡਾਕਟਰਾਂ ਨੂੰ ਵੀ ਰਿਸ਼ਵਤ ਦੀ ਝਾਕ ਰਹਿੰਦੀ ਹੈ। ਇਨ੍ਹਾਂ ਡਾਕਟਰਾਂ ਨੇ ਇਸ ਲੁੱਟ ਦਾ ਨਾਂ 'ਕਨਸਲਟੇਸ਼ਨ ਫੀ' ਰੱਖਿਆ ਹੋਇਆ ਹੈ। ਕੋਠੀ ਜਾ ਕੇ ਡਾਕਟਰ ਦੀ ਮੁੱਠੀ ਗਰਮ ਕਰੋ। ਡਾਕਟਰ ਫੇਰ ਮੂੰਹ ਖੋਲ੍ਹਣਗੇ।"

ਲੋਕਾਂ ਦੇ ਤੁਨੇ ਤਨਾਏ ਰਾਮ ਨਾਥ ਇਕ ਹਜ਼ਾਰ ਰੁਪਿਆ ਲੈ ਕੇ ਸੀਨੀਅਰ ਡਾਕਟਰ ਦੀ ਕੋਠੀ ਪਹੁੰਚ ਗਿਆ। ਮਰੀਜ਼ ਦੀ ਹਾਲਤ ਸੰਬੰਧੀ ਕੁਝ ਸਵਾਲ ਪੁੱਛ ਕੇ ਉਸਨੇ ਰਾਏ ਮਸ਼ਵਰੇ ਵਾਲੀ ਫ਼ੀਸ ਉਸ ਵੱਲ ਵਧਾਈ।

"ਹਸਪਤਾਲ ਵਿਚ ਦਾਖ਼ਲ ਮਰੀਜ਼ ਦੀ ਹਾਲਤ ਸੰਬੰਧੀ ਪੁੱਛਣ ਦੀ ਕੋਈ ਫ਼ੀਸ ਨਹੀਂ ਲਗਦੀ। ਜਦੋਂ ਮਰੀਜ਼ ਠੀਕ ਹੋ ਕੇ ਘਰ ਚਲਾ ਗਿਆ ਅਤੇ ਫੇਰ ਕਦੇ ਦਿਖਾਉਣ ਆਏ ਫੇਰ ਫ਼ੀਸ ਲਵਾਂਗੇ।"

ਆਖਕੇ ਡਾਕਟਰ ਨੇ ਰਾਮ ਨਾਥ ਦਾ ਹੱਥ ਮੋੜ ਦਿੱਤਾ।

ਰਾਮ ਨਾਥ ਦੀ ਸਮੱਸਿਆ ਉਸੇ ਤਰ੍ਹਾਂ ਕਾਇਮ ਸੀ।

ਨਿਓਰੋ ਵਾਰਡ ਦੇ ਕੁਝ ਮਰੀਜ਼ ਰਾਮ ਨਾਥ ਨੂੰ ਡਰਾਉਣ ਲੱਗੇ। ਹੱਡਾਂ 'ਤੇ ਬੀਤੀ

ਦੇ ਆਧਾਰ 'ਤੇ ਉਹ ਆਖ ਸਕਦੇ ਸਨ ਕਿ ਨੀਲਮ ਦੀ ਹਾਲਤ ਦਿਨੋ-ਦਿਨ ਨਿਘਰਦੀ ਜਾ ਰਹੀ ਸੀ। ਡਾਕਟਰ ਮਰੀਜ਼ ਦੇ ਮਰਨ ਤਕ ਕਿਸੇ ਨੂੰ ਰਾਹ ਨਹੀਂ ਦੇਣਗੇ। ਉਨ੍ਹਾਂ ਦਾ ਟੈਸਟਾਂ ਅਤੇ ਫੀਸਾਂ ਵਿਚ ਹਿੱਸਾ ਸੀ। ਮਰੀਜ਼ ਦੀ ਜਾਨ ਨਾਲੋਂ ਉਨ੍ਹਾਂ ਨੂੰ ਆਪਣੀ ਫ਼ੀਸ ਪਿਆਰੀ ਸੀ। ਉਹ ਦੁਹਾਈ ਦੇ ਦੇ ਆਖ ਰਹੇ ਸਨ, ਮਰੀਜ਼ ਨੂੰ ਕਿਧਰੇ ਹੋਰ ਦਿਖਾਓ।

ਹੋਰ ਉਹ ਕਿਸ ਨੂੰ ਦਿਖਾਉਣ? ਦਯਾਨੰਦ ਹਸਪਤਾਲ ਉੱਤਰੀ ਭਾਰਤ ਦੇ ਗਿਣਵੇਂ ਹਸਪਤਾਲਾਂ ਵਿਚੋਂ ਇੱਕ ਸੀ। ਇਸ ਹਸਪਤਾਲ ਦੇ ਸੀਨੀਅਰ ਡਾਕਟਰਾਂ ਦੀ ਨਿਗਰਾਨੀ ਹੇਠ ਨੀਲਮ ਦਾ ਇਲਾਜ ਹੋ ਰਿਹਾ ਸੀ। ਇਸ ਹਸਪਤਾਲ ਦੇ ਡਾਕਟਰ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਸਨ। ਕਿਸੇ ਨਾ ਕਿਸੇ ਬਾਹਰਲੇ ਦੇਸ਼ ਦਾ ਉਨ੍ਹਾਂ ਨੂੰ ਆਪਣੇ ਤਜਰਬੇ ਉਸ ਦੇਸ਼ ਦੇ ਡਾਕਟਰਾਂ ਨਾਲ ਸਾਂਝੇ ਕਰਨ ਦਾ ਸੁਨੇਹਾ ਆਇਆ ਹੀ ਰਹਿੰਦਾ ਸੀ। ਨੀਲਮ ਆਈ.ਸੀ.ਯੂ. ਵਿਚ ਪਈ ਸੀ। ਉਸਨੂੰ ਬਚਾਉਣ ਲਈ ਹਰ ਆਧੁਨਿਕ ਤਕਨੀਕ ਦੀ ਵਰਤੋਂ ਹੋ ਰਹੀ ਸੀ। ਇਸ ਤੋਂ ਵੱਧ ਇਲਾਜ ਕੀ ਹੋ ਸਕਦਾ ਸੀ ?

"ਇਕ ਵਾਰ ਅਪੋਲੋ ਦੇ ਡਾਕਟਰਾਂ ਦੀ ਰਾਏ ਲੈ ਲਓ। ਪਿੱਛੋਂ ਆਪਾਂ ਨੂੰ ਪਛਤਾਉਣਾ ਨਾ ਪਏ?"

ਕਮਲ ਦੇ ਇਕ ਦੋਸਤ ਦੇ ਪਿਤਾ ਨੇ, ਜਿਹੜਾ ਕਿ ਕਈ ਦਿਨਾਂ ਤੋਂ ਨੀਲਮ ਦਾ ਪਤਾ ਕਰਨ ਆ ਰਿਹਾ ਸੀ, ਇਹ ਗੱਲ ਆਖੀ ਤਾਂ ਰਾਮ ਨਾਥ ਦਾ ਮਨ ਡੋਲ ਗਿਆ।

ਰਾਮ ਨਾਥ ਨੇ ਆਪਣੇ ਸਾਰੇ ਰਿਸ਼ਤੇਦਾਰਾਂ ਅਤੇ ਭੈਣ ਭਰਾਵਾਂ ਨੂੰ ਇਕੱਠੇ ਕੀਤਾ।

ਸਭ ਨੀਲਮ ਦੇ ਸ਼ੁਭ-ਚਿੰਤਕ ਸਨ। ਹਰ ਕੀਮਤ 'ਤੇ ਉਸਦੀ ਜਾਨ ਬਚਣੀ ਚਾਹੀਦੀ ਸੀ। ਸਭ ਦੀ ਇਹੋ ਰਾਏ ਸੀ।

ਉਪਰੋਂ ਸਭ ਰਿਸ਼ਤੇਦਾਰ ਦਿੱਲੀ ਲਿਜਾਣ ਦੀਆਂ ਸਲਾਹਾਂ ਦੇ ਰਹੇ ਸਨ ਪਰ ਖ਼ੁਦ ਦਿੱਲੀ ਜਾਣ ਤੋਂ ਡਰ ਰਹੇ ਸਨ।

ਦਿੱਲੀ ਜਾ ਕੇ ਇਕ ਨਹੀਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਸੀ।

ਸਭ ਤੋਂ ਗੰਭੀਰ ਸਮੱਸਿਆ ਪੈਸੇ ਦੀ ਸੀ। ਇਸ ਹਸਪਤਾਲ ਦੇ ਖ਼ਰਚਿਆਂ ਨੇ ਹੀ ਉਨ੍ਹਾਂ ਨੂੰ ਕੰਗਾਲ ਬਣਾ ਦਿੱਤਾ ਸੀ। ਅਪੋਲੋ ਹਸਪਤਾਲ ਇਸ ਨਾਲੋਂ ਕਈ ਗੁਣਾ ਮਹਿੰਗਾ ਸੀ। ਇਥੇ ਰੋਟੀ-ਟੁੱਕ ਦਾ ਖ਼ਰਚਾ ਬਚ ਜਾਂਦਾ ਸੀ। ਆਉਂਦਾ ਜਾਂਦਾ ਕੋਈ ਰਿਸ਼ਤੇਦਾਰ ਰੋਟੀ ਨਾਲ ਲੈ ਆਉਂਦਾ ਸੀ। ਉਥੇ ਖਾਣੇ ਦਾ ਬਿੱਲ ਕਈ ਸੈਂਕੜਿਆਂ ਦਾ ਬਣਿਆ ਕਰਨਾ ਸੀ। ਇਥੋਂ ਪਿੰਡ ਬਹੁਤੇ ਦੂਰ ਨਹੀਂ ਸਨ। ਵੇਲੇ-ਕੁਵੇਲੇ ਘਰ ਜਾ ਕੇ ਪਿਛਲਿਆਂ ਦੀ ਸਾਰ ਆਸਾਨੀ ਨਾਲ ਲਈ ਜਾ ਸਕਦੀ ਸੀ। ਦਿੱਲੀ ਦੇ ਕਰਾਏ ਭਰਦੇ ਰਿਸ਼ਤੇਦਾਰ ਜੇਬਾਂ ਖਾਲੀ ਕਰ ਬੈਠਣਗੇ। ਉਥੇ ਗਿਆ ਰਿਸ਼ਤੇਦਾਰ ਦਿੱਲੀ ਜੋਗਾ ਰਹਿ ਜਾਏਗਾ। ਪਿਛਲਿਆਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਵੇਗਾ।

ਕਿਸੇ ਨਾ ਕਿਸੇ ਢੰਗ ਨਾਲ ਪੈਸੇ ਦੀ ਸਮੱਸਿਆ ਹੱਲ ਹੋ ਸਕਦੀ ਸੀ। ਹੁਣ ਤਕ ਪੈਸਾ ਰਿਸ਼ਤੇਦਾਰਾਂ ਦਾ ਲੱਗਿਆ ਸੀ। ਹੁਣ ਨੇਹਾ ਬੋਲਣ-ਚਾਲਣ ਲਗ ਗਈ ਸੀ। ਸਾਫ਼ ਗੱਲ ਦੱਸ ਕੇ ਉਸ ਕੋਲੋਂ ਪੈਸਾ ਮੰਗਿਆ ਜਾ ਸਕਦਾ ਸੀ।

ਪਰ ਉਸ ਕੋਲ ਦਿੱਲੀ ਕੌਣ ਰਹੇਗਾ? ਇਹ ਸਮੱਸਿਆ ਹੱਲ ਹੋਣੀ ਮੁਸ਼ਕਲ ਜਾਪ ਰਹੀ ਸੀ।

ਦਿਮਾਗ਼ੀ ਮਰੀਜ਼ਾਂ ਦੇ ਇਲਾਜ ਲੰਬੇ ਹੁੰਦੇ ਹਨ। ਇਸ ਵਾਰਡ ਵਿਚ ਕਈ ਮਰੀਜ਼ ਛੇ-ਛੇ ਮਹੀਨੇ ਤੋਂ ਪਏ ਸਨ। ਕੀ ਪਤਾ ਹੈ ਕਿੰਨਾ ਚਿਰ ਦਿੱਲੀ ਬੈਠਣਾ ਪਏ?



ਸੁਸ਼ਮਾ ਇਕ ਹਫ਼ਤੇ ਵਿਚ ਹੀ ਅੱਕ ਗਈ ਸੀ। ਆਨੇ-ਬਹਾਨੇ ਉਹ ਘਰ ਜਾਣ ਦੀ ਇੱਛਾ ਪ੍ਰਗਟਾਅ ਚੁੱਕੀ ਸੀ। ਉਸ ਦੀਆਂ ਕਈ ਮਜਬੂਰੀਆਂ ਸਨ। ਉਸਦੀ ਨੌਕਰੀ ਕੱਚੀ ਸੀ। ਉਸਨੂੰ ਲੰਬੀ ਛੁੱਟੀ ਨਹੀਂ ਸੀ ਮਿਲ ਰਹੀ। ਉਸਨੂੰ ਡਰ ਸੀ ਕਿਧਰੇ ਲੰਬੀ ਛੁੱਟੀ ਪੱਕੀ ਛੁੱਟੀ ਵਿਚ ਨਾ ਬਦਲ ਜਾਏ। ਉਸ ਦੀਆਂ ਟਿਊਸ਼ਨਾਂ ਖਰਾਬ ਹੋ ਰਹੀਆਂ ਸਨ। ਸੱਸ ਬਿਮਾਰ ਸੀ। ਸੁਸ਼ਮਾ ਮਾਇਆ ਨਗਰ ਮਸਾਂ ਦਿਨ ਕੱਟ ਰਹੀ ਸੀ। ਦਿੱਲੀ ਜਾਣਾ ਉਸ ਲਈ ਸੰਭਵ ਨਹੀਂ ਸੀ।

ਰਾਮ ਨਾਥ ਦਾ ਪੁਲਿਸ ਖਹਿੜਾ ਨਹੀਂ ਸੀ ਛੱਡ ਰਹੀ। ਕਦੇ ਮੌਕਾ ਦੇਖਣ ਆ ਜਾਂਦੀ ਸੀ, ਕਦੇ ਗਵਾਹ ਖੜ੍ਹੇ ਕਰਾਉਣ। ਕਦੇ ਉਹ ਚੋਰੀ ਹੋਏ ਸਮਾਨ ਦੀ ਲਿਸਟ ਮੰਗ ਲੈਂਦੀ ਸੀ, ਕਦੇ ਚੋਰੀ ਹੋਏ ਸਮਾਨ ਦੇ ਬਿੱਲ। ਕਦੇ ਥਾਣੇ ਆ ਕੇ ਦੋਸ਼ੀਆਂ ਦੀ ਸ਼ਨਾਖ਼ਤ ਕਰੋ। ਕਦੇ ਫੜੇ ਸਮਾਨ ਦੀ। ਤਿੰਨਾਂ ਭਰਾਵਾਂ ਵਿਚੋਂ ਇਕ ਭਰਾ ਦਾ ਸ਼ਹਿਰ ਰਹਿਣਾ ਵੀ ਜ਼ਰੂਰੀ ਸੀ। ਤਿੰਨਾਂ ਭਰਾਵਾਂ ਦੇ ਬੱਚੇ ਸ਼ਹਿਰ ਸਨ। ਇਕੱਲੇ ਬੱਚੇ ਓਦਰ ਜਾਂਦੇ ਸਨ। ਡਰ ਜਾਂਦੇ ਸਨ। ਉਨ੍ਹਾਂ ਦੀ ਦੇਖਭਾਲ ਲਈ ਅਸ਼ਵਨੀ ਨੂੰ ਸ਼ਹਿਰ ਛੱਡਿਆ ਗਿਆ ਸੀ।

"ਤੁਸੀਂ ਡਾਕਟਰਾਂ ਤੋਂ ਇਹ ਪੁੱਛੋ ਕਿ ਉਹ ਦਿੱਲੀ ਲਿਜਾਣ ਜੋਗੀ ਹੈ ਜਾਂ ਨਹੀਂ? ਕੁੜੀ ਮਾਰਨੀ ਨਹੀਂ। ਮੈਂ ਰਹੂੰ ਉਸ ਕੋਲ।"

ਜਦੋਂ ਕਿਸੇ ਹੋਰ ਨੇ ਹੱਥ ਨਾ ਫੜਾਇਆ ਤਾਂ ਸੰਗੀਤਾ ਨੇ ਵੱਡੀ ਭਰਜਾਈ ਹੋਣ ਦੇ ਨਾਤੇ ਦਿੱਲੀ ਰਹਿਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਗੱਲ ਨਬੇੜੀ।

ਇਸ ਬਾਰੇ ਡਾਕਟਰਾਂ ਤੋਂ ਪੁੱਛੇ ਕੌਣ ? ਮਰੀਜ਼ ਨੂੰ ਇਥੋਂ ਲਿਜਾਣ ਬਾਰੇ ਸੁਣਕੇ ਉਨ੍ਹਾਂ ਸੂਈ ਬਘਿਆੜੀ ਵਾਂਗ ਪੈਣਾ ਸੀ।

ਕਮਲ ਦੇ ਦੋਸਤ ਦੇ ਪਿਤਾ ਨੇ ਉਨ੍ਹਾਂ ਦੀ ਇਹ ਸਮੱਸਿਆ ਹੱਲ ਕਰ ਦਿੱਤੀ। ਉਸ ਦਾ ਤਾਇਆ ਅਪੋਲੋ ਹਸਪਤਾਲ ਦੇ ਡਰੱਗ ਸਟੋਰ ਦਾ ਠੇਕੇਦਾਰ ਸੀ। ਸਾਰੇ ਡਾਕਟਰਾਂ ਨਾਲ ਉਸਦੀ ਜਾਣ ਪਹਿਚਾਣ ਸੀ। ਜੇ ਨੀਲਮ ਦੇ ਟੈਸਟਾਂ ਦੀਆਂ ਰਿਪੋਰਟਾਂ ਅਤੇ ਦਵਾਈਆਂ ਦੀ ਲਿਸਟ ਮਿਲ ਜਾਵੇ ਤਾਂ ਉਹ ਘਰ ਬੈਠੇ ਉਨ੍ਹਾਂ ਦੀ ਰਾਏ ਹਾਸਲ ਕਰ ਕੇ ਦੇ ਸਕਦਾ ਸੀ।

ਅੰਨ੍ਹਾ ਕੀ ਭਾਲੇ ਦੋ ਅੱਖਾਂ! ਤੁਰੰਤ ਰਿਕਾਰਡ ਦਿੱਲੀ ਪੁੱਜਦਾ ਕੀਤਾ ਗਿਆ।

ਦਿੱਲੀ ਵਾਲੇ ਡਾਕਟਰਾਂ ਨੇ ਦਯਾਨੰਦ ਹਸਪਤਾਲ ਦੇ ਡਾਕਟਰਾਂ ਨਾਲ ਫ਼ੋਨ 'ਤੇ ਗੱਲ ਕਰ ਲਈ।

ਸ਼ਾਮ ਤਕ ਨਤੀਜਾ ਆ ਗਿਆ।

"ਫ਼ਿਕਰ ਵਾਲੀ ਕੋਈ ਗੱਲ ਨਹੀਂ ਸੀ। ਇਲਾਜ ਉਹੋ ਹੋ ਰਿਹਾ ਸੀ ਜੋ ਅਪੋਲੋ ਹਸਪਤਾਲ ਹੋਣਾ ਸੀ। ਮਰੀਜ਼ ਦੀ ਹਾਲਤ ਤਸੱਲੀ-ਬਖਸ਼ ਸੀ। ਦੋ ਦਿਨਾਂ ਬਾਅਦ ਉਸ ਨੂੰ ਜਨਰਲ ਵਾਰਡ ਭੇਜ ਦਿੱਤਾ ਜਾਣਾ ਸੀ।"

ਸੱਮਮੁੱਚ ਇੰਝ ਹੀ ਹੋਇਆ।

ਦੋ ਦਿਨਾਂ ਬਾਅਦ ਉਸਨੂੰ ਖਤਰੇ ਤੋਂ ਬਾਹਰ ਘੋਸ਼ਿਤ ਕਰ ਦਿੱਤਾ ਗਿਆ।

ਆਈ.ਸੀ.ਯੂ. ਵਿਚੋਂ ਕੱਢ ਕੇ ਜਨਰਲ ਵਾਰਡ ਵਿਚ ਭੇਜ ਦਿੱਤਾ ਗਿਆ।

# -13-

ਠੇਕੇਦਾਰ ਦੇ ਘਰ ਛਾਪਾ ਪੈਂਦਿਆਂ ਹੀ ਪੰਕਜ ਹੋਰਾਂ ਦੇ ਹੱਥਾਂ ਦੇ ਤੋਤੇ ਉੱਡ ਗਏ। ਆਪਣੀ ਜਾਣੇ ਉਨ੍ਹਾਂ ਨੇ ਸਾਜ਼ਿਸ਼ ਬਹੁਤ ਸੋਚ ਵਿਚਾਰ ਕੇ ਘੜੀ ਸੀ। ਪਰ ਪੁਲਿਸ ਨੇ ਵਾਰਦਾਤ ਦੇ ਬਹੱਤਰ ਘੰਟਿਆਂ ਦੇ ਅੰਦਰ-ਅੰਦਰ ਇਕ ਦੋਸ਼ੀ ਵੀ ਫੜ ਲਿਆ ਅਤੇ ਚੋਰੀ ਹੋਇਆ ਬਹੁਤ ਸਾਰਾ ਸਮਾਨ ਵੀ ਬਰਾਮਦ ਕਰ ਲਿਆ।

ਠੇਕੇਦਾਰ ਰਾਹੀਂ ਪੁਲਸ ਦੇ ਹੱਥ ਕਿਸੇ ਵੀ ਸਮੇਂ ਉਨ੍ਹਾਂ ਤਕ ਪੁੱਜ ਸਕਦੇ ਸਨ। ਚੰਗਾ ਹੋਵੇ ਜੇ ਪਹਿਲਾਂ ਹੀ ਮੌਕਾ ਸੰਭਾਲ ਲਿਆ ਜਾਵੇ। ਤਫ਼ਤੀਸ਼ ਜਿੱਥੇ ਹੈ ਉੱਥੇ ਹੀ ਰੁਕਵਾ ਦਿੱਤੀ ਜਾਵੇ। ਗ੍ਰਿਫ਼ਤਾਰੀ ਭਈਆਂ ਤਕ ਸੀਮਤ ਕਰਵਾ ਦਿੱਤੀ ਜਾਵੇ।

ਸਭ ਤੋਂ ਪਹਿਲਾਂ ਪੰਕਜ ਨੇ ਐਮ.ਪੀ. ਸਾਹਿਬ ਨੂੰ ਫ਼ੋਨ ਕੀਤਾ। ਉਹ ਘਰੋਂ ਬਾਹਰ ਨਾ ਜਾਣ। ਪੰਕਜ ਉਨ੍ਹਾਂ ਵੱਲ ਆ ਰਿਹਾ ਸੀ। ਉਸਨੂੰ ਬਾਬੂ ਜੀ ਦੀ ਸਹਾਇਤਾ ਦੀ ਜ਼ਰੂਰਤ ਸੀ।

ਪੰਕਜ ਨੇ ਠੀਕ ਸਮੇਂ ਫ਼ੋਨ ਕੀਤਾ ਸੀ। ਫ਼ੋਨ ਕੁਝ ਸਕਿੰਟ ਲੇਟ ਹੋਇਆ ਹੁੰਦਾ ਉਹ ਦਿੱਲੀ ਲਈ ਨਿਕਲ ਗਏ ਹੁੰਦੇ। ਬਾਬੂ ਜੀ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸੀ। ਬਹੁਤਾ ਲੇਟ ਹੋਣ ਦੀ ਗੁੰਜਾਇਸ਼ ਨਹੀਂ ਸੀ। ਪੰਕਜ ਨੂੰ ਉਨ੍ਹਾਂ ਨੇ ਤੁਰੰਤ ਬੁਲਾ ਲਿਆ।

"ਪੁਲਿਸ ਦੀ ਕੀ ਮਜਾਲ ਹੈ ਤੁਹਾਨੂੰ ਝੂਠੇ ਕੇਸ ਵਿਚ ਫਸਾ ਲਏ? ਠੀਕ ਹੈ ਭਤੀਜਿਆਂ ਦੀ ਚਾਚੇ ਨਾਲ ਮੁਕੱਦਮੇਬਾਜ਼ੀ ਚੱਲਦੀ ਹੈ। ਪਰ ਇਸਦਾ ਇਹ ਮਤਲਬ ਥੋੜ੍ਹਾ ਹੈ ਕਿ ਭਤੀਜੇ ਚਾਚੇ ਦੇ ਘਰ ਡਾਕਾ ਪਵਾ ਦੇਣਗੇ? ਚਾਚੇ ਦੇ ਮੁੰਡੇ ਦਾ ਕਤਲ ਕਰਵਾ ਦੇਣਗੇ। ਪੁਲਿਸ ਤੁਹਾਡੀ 'ਵਾ ਵੱਲ ਨਹੀਂ ਝਾਕ ਸਕਦੀ।"

ਪੰਕਜ ਦੀ ਗੱਲ ਸੁਣਕੇ ਬਾਬੂ ਜੀ ਨੂੰ ਪੁਲਿਸ ਦੀ ਵਧੀਕੀ 'ਤੇ ਗੁੱਸਾ ਆਇਆ ਸੀ।

ਕਿਸੇ ਹੋਰ ਨੇ ਇਹ ਗੱਲ ਆਖੀ ਹੁੰਦੀ ਕਿ ਵਾਰਦਾਤ ਵਾਲੇ ਦਿਨ ਦੋਵੇਂ ਭਰਾ ਉਸ ਨਾਲ ਦਿੱਲੀ ਸਨ ਤਾਂ ਸ਼ਾਇਦ ਬਾਬੂ ਜੀ ਉਸਤੇ ਯਕੀਨ ਨਾ ਕਰਦੇ। ਪਰ ਹੁਣ ਇਹ ਗੱਲ ਉਹ ਖ਼ੁਦ ਆਖ ਰਹੇ ਸਨ। ਵਾਰਦਾਤ ਵਾਲੀ ਰਾਤ ਪੰਕਜ ਅਤੇ ਨੀਰਜ ਬਾਬੂ ਜੀ ਦੇ ਨਾਲ ਸਨ। ਉਸ ਤੋਂ ਇਕ ਦਿਨ ਪਹਿਲਾਂ ਉਹ ਇਕੱਠੇ ਦਿੱਲੀ ਗਏ ਸਨ। ਇਕੱਠੇ ਦਿੱਲੀ ਘੁੰਮਦੇ ਰਹੇ ਸਨ। ਵਾਰਦਾਤ ਦੀ ਖ਼ਬਰ ਉਨ੍ਹਾਂ ਨੂੰ ਦਿੱਲੀ ਮਿਲੀ ਸੀ। ਬਾਕੀ ਦੇ ਕੰਮ ਵਿਚ ਛੱਡਕੇ ਉਹ ਵਾਪਸ ਮਾਇਆ ਨਗਰ ਆ ਗਏ ਸਨ। ਫੇਰ ਪੰਕਜ ਅਤੇ ਉਸਦਾ ਭਰਾ ਵਾਰਦਾਤ ਵਿਚ ਭਾਗੀਦਾਰ ਕਿਸ ਤਰ੍ਹਾਂ ਹੋਏ? ਪੁਲਿਸ ਦੀ ਵਧੀਕੀ 'ਤੇ ਬਾਬੂ ਜੀ ਨੂੰ ਹੈਰਾਨੀ ਹੋ ਰਹੀ ਸੀ।

ਉਨ੍ਹਾਂ ਦਾ ਇਕੱਠੇ ਦਿੱਲੀ ਜਾਣ ਦਾ ਪ੍ਰੋਗਰਾਮ ਕਈ ਮਹੀਨੇ ਤੋਂ ਲਟਕਦਾ ਆ ਰਿਹਾ ਸੀ। ਕਈ ਕੰਮ ਅੜੇ ਪਏ ਸਨ। ਕਦੇ ਬਾਬੂ ਜੀ ਕੋਲ ਵਕਤ ਨਹੀਂ ਸੀ ਹੁੰਦਾ। ਕਦੇ ਪੰਕਜ ਨੂੰ ਅੜਚਨ ਪੈ ਜਾਂਦੀ ਸੀ।

ਬੜੀ ਮੁਸ਼ਕਲ ਨਾਲ ਦੋਹਾਂ ਧਿਰਾਂ ਨੂੰ ਇਕੱਠਿਆਂ ਵਿਹਲ ਮਿਲੀ ਸੀ। ਬਾਬੂ ਜੀ ਦੀ ਸਨਅਤ-ਮੰਤਰੀ ਨਾਲ ਮੁਲਾਕਾਤ ਸੀ। ਬਾਬੂ ਜੀ ਮਾਇਆ ਨਗਰ ਲਈ ਭਾਰੇ ਉਦਯੋਗ ਦੀ ਮੰਗ ਕਰ ਰਹੇ ਸਨ। ਉਨ੍ਹਾਂ ਵਿਚੋਂ ਕੁਝ ਉਦਯੋਗਾਂ ਦੇ ਮਨਜ਼ੂਰ ਹੋਣ ਦੀ ਸੰਭਾਵਨਾ ਸੀ। ਮੰਤਰੀ ਅਤੇ ਐਮ.ਪੀ. ਵਿਚਕਾਰ ਇਸੇ ਮੁੱਦੇ 'ਤੇ ਵਿਚਾਰ ਹੋਣੀ ਸੀ।

ਪੰਕਜ ਹੋਰੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਨ ਨੂੰ ਫਿਰਦੇ ਸਨ।



ਕੁਝ ਦਿਨਾਂ ਤੋਂ ਪੰਕਜ ਨੂੰ ਦਿਲ ਦੀ ਕਿਸੇ ਬਿਮਾਰੀ ਦੇ ਲੱਗ ਜਾਣ ਦਾ ਸ਼ੱਕ ਪੈ ਰਿਹਾ ਸੀ। ਮਾਇਆ ਨਗਰ ਦੇ ਡਾਕਟਰਾਂ ਦੇ ਕੁਝ ਪੱਲੇ ਨਹੀਂ ਸੀ ਪੈ ਰਿਹਾ। ਉਹ ਦਿੱਲੀ ਦੇ 'ਅਸਕਾਰਟ' ਹਸਪਤਾਲ ਵਿਚ ਮੁਆਇਨਾ ਕਰਾਉਣਾ ਚਾਹੁੰਦਾ ਸੀ।

ਨਾਲੇ ਮੁਆਇਨਾ ਹੋ ਜਾਣਾ ਸੀ ਨਾਲੇ ਐਮ.ਪੀ. ਸਾਹਿਬ ਨਾਲ ਦੋ ਦਿਨਾਂ ਦੀ ਲੰਬੀ ਮੁਲਾਕਾਤ ਦੌਰਾਨ ਘਰੇਲੂ, ਵਿਉਪਾਰਕ ਅਤੇ ਜਨਤਕ ਮਸਲਿਆਂ ਉਪਰ ਵਿਚਾਰ ਵਟਾਂਦਰਾ ਹੋ ਜਾਣਾ ਸੀ। ਸੱਨਅਤ-ਮੰਤਰੀ ਨਾਲ ਮੁਲਾਕਾਤ ਸੀ। ਕਿਸੇ ਨਵੇਂ ਪ੍ਰੋਜੈਕਟ ਤੇ ਹੱਥ ਵੱਜ ਸਕਦਾ ਸੀ।

ਬਾਬੂ ਜੀ ਲਈ ਵੀ ਉਨ੍ਹਾਂ ਦਾ ਸਾਥ ਸੁਖਾਵਾਂ ਸੀ। ਸਿਟੀ ਹੋਂਡਾ ਕਾਰ, ਸੇਵਾ ਲਈ ਦੋ ਅਮੀਰਜ਼ਾਦੇ ਤਿਆਰ-ਬਰਤਿਆਰ। ਪੂੰਜੀ ਸੇਠਾਂ ਦੀ, ਸਿਫਾਰਸ਼ ਐਮ.ਪੀ. ਦੀ। ਕੋਈ ਮੋਟੀ ਮੁਰਗੀ ਹੱਥ ਲਗ ਗਈ ਤਾਂ ਮੁਫ਼ਤ-ਮੁਫ਼ਤ ਵਿਚ ਬਾਬੂ ਜੀ ਦੀ ਉਮਰ ਭਰ ਦੀ ਰੋਟੀ ਦਾ ਜੁਗਾੜ ਬਣ ਜਾਣਾ ਸੀ।

ਦੋਵੇਂ ਭਰਾ, ਬਾਬੂ ਜੀ ਅਤੇ ਗੰਨਮੈਨ ਸਵੇਰੇ ਪੰਜ ਵਜੇ ਮਾਇਆ ਨਗਰੋਂ ਨਿਕਲੇ ਸਨ। ਨੌਂ ਵਜੇ ਉਹ ਐਮ.ਪੀ. ਸਾਹਿਬ ਦੇ ਫਲੈਟ ਤੇ ਪੁੱਜ ਗਏ ਸਨ। ਦੋ ਘੰਟੇ ਬਾਬੂ ਜੀ ਨੇ ਅਰਾਮ ਕੀਤਾ। ਫੇਰ ਘੰਟਾ ਫ਼ੋਨ ਘੁਮਾਏ। ਫਰੈਸ਼ ਹੋਏ, ਨਾਸ਼ਤਾ ਕੀਤਾ ਅਤੇ ਕੰਮਾਂ-ਕਾਰਾਂ ਲਈ ਨਿਕਲ ਪਏ।

ਸਨਅਤ-ਮੰਤਰੀ ਨੂੰ ਸ਼ਾਮ ਨੂੰ ਛੇ ਵਜੇ ਮਿਲਣਾ ਸੀ।

ਪੰਜ ਵਜੇ ਤਕ ਪੰਕਜ ਆਪਣਾ ਮੁਆਇਨਾ ਕਰਵਾ ਲਏ। ਤਦ ਤਕ ਬਾਬੂ ਜੀ ਛੋਟੇ-ਮੋਟੇ ਕੰਮ ਨਬੇੜ ਲੈਣਗੇ।

ਪੰਜ ਵਜੇ ਤਕ ਪੰਕਜ ਦੇ ਹਸਪਤਾਲ ਵਿਚ ਟੈਸਟ ਹੁੰਦੇ ਰਹੇ। ਖ਼ੂਨ ਤੋਂ ਲੈ ਕੇ ਗੁਰਦੇ ਤਕ ਦੀ ਜਾਂਚ ਹੋਈ। ਹਰ ਟੈਸਟ ਦੀ ਰਿਪੋਰਟ ਠੀਕ ਆ ਰਹੀ ਸੀ। ਆਏ ਸਨ ਤਾਂ ਕੰਮ ਨਬੇੜਿਆ ਜਾਵੇ। ਕਿਸੇ ਸਿੱਟੇ 'ਤੇ ਪੁੱਜਿਆ ਜਾਵੇ। ਡਾਕਟਰ ਟੈਸਟਾਂ ਦੀ ਲਿਸਟ ਲੰਬੀ ਕਰਦੇ ਗਏ। ਪੰਕਜ ਬਿਨਾਂ ਝਿਜਕ ਪੈਸੇ ਭਰਦਾ ਰਿਹਾ।

ਕੋਈ ਨੁਕਸ ਲੱਭੇ ਤਾਂ ਡਾਕਟਰ ਕਿਸੇ ਸਿੱਟੇ 'ਤੇ ਪੁੱਜਣ। ਸਿੱਟੇ 'ਤੇ ਪੁੱਜਣ ਲਈ ਹੋਰ ਟੈਸਟ ਜ਼ਰੂਰੀ ਸਨ।

ਅਗਲੇ ਦਿਨ ਇਕ ਵਾਰ ਫਿਰ ਆਉਣ ਲਈ ਆਖਿਆ ਗਿਆ।

ਸਨਅਤ-ਮੰਤਰੀ ਨਾਲ ਤੈਅ ਹੋਈ ਮੁਲਾਕਾਤ ਛੇ ਤੋਂ ਅੱਠ ਅਤੇ ਅੱਠ ਤੋਂ ਗਿਆਰਾਂ ਤਕ ਖਿਸਕ ਗਈ। ਮੰਤਰੀ ਵਿਦੇਸ਼ ਤੋਂ ਆਏ ਕਿਸੇ ਵਫ਼ਦ ਨਾਲ ਹੋ ਰਹੀ ਮੀਟਿੰਗ ਵਿਚ ਰੁੱਝਾ ਹੋਇਆ ਸੀ।

ਮੰਤਰੀ ਦੇ ਦਫ਼ਤਰ ਪੁੱਜਣ ਵਿਚ ਹੋ ਰਹੀ ਦੇਰੀ ਕਾਰਨ ਮੁਲਾਕਾਤੀਆਂ ਦੀ ਗਿਣਤੀ ਸੈਂਕੜਿਆਂ ਤਕ ਪੁੱਜ ਗਈ। ਸੂਬਿਆਂ ਦੇ ਕੁਝ ਮੰਤਰੀ ਅਤੇ ਹੋਰ ਐਮ.ਪੀ. ਮੁਲਾਕਾਤੀਆਂ ਵਿਚ ਸ਼ਾਮਲ ਹੋ ਗਏ। ਬਾਬੂ ਜੀ ਨੂੰ ਅਜਿਹੇ ਮਾਹੌਲ ਵਿਚ ਹੋਣ ਵਾਲੀ ਮੁਲਾਕਾਤ ਵਿਚੋਂ ਬਹੁਤਾ ਕੁਝ ਨਿਕਲਦਾ ਨਜ਼ਰ ਨਹੀਂ ਸੀ ਆ ਰਿਹਾ। ਉਨ੍ਹਾਂ ਕੱਲ੍ਹ ਤਿੰਨ ਵਜੇ ਦਾ ਸਮਾਂ ਨਿਸ਼ਚਤ ਕਰਵਾਇਆ ਅਤੇ ਵਾਪਸ ਫਲੈਟ 'ਤੇ ਆ ਗਏ।

ਅਗਲਾ ਦਿਨ ਇਸੇ ਤਰ੍ਹਾਂ ਲੰਘਿਆ। ਇਕ ਵਜੇ ਤਕ ਦੋਵੇਂ ਭਰਾ ਹਸਪਤਾਲ ਵਿਚ ਰਹੇ। ਫੇਰ ਕੁਝ ਅਸਾਮੀਆਂ ਨਾਲ ਹਿਸਾਬ ਕਰਨ ਚਲੇ ਗਏ।

ਬਾਬੂ ਜੀ ਦਫ਼ਤਰਾਂ ਵਿਚ ਘੁੰਮਦੇ ਰਹੇ।

ਸਨਅਤ-ਮੰਤਰੀ ਨਾਲ ਚਲਦੀ ਮੁਲਾਕਾਤ ਦੌਰਾਨ ਹੀ ਉਨ੍ਹਾਂ ਨੂੰ ਮਾਇਆ ਨਗਰ ਵਿਚ ਹੋਈ ਵਾਰਦਾਤ ਦੀ ਖ਼ਬਰ ਮਿਲੀ ਸੀ। ਬਾਬੂ ਜੀ ਦਾ ਲੋਕਾਂ ਦਾ ਨੁਮਾਇੰਦਾ ਹੋਣ ਕਾਰਨ ਅਤੇ ਪੰਕਜ ਹੋਰਾਂ ਦਾ ਵੇਦ ਨਾਲ ਭਾਈਚਾਰਾ ਹੋਣ ਕਾਰਨ ਉਨ੍ਹਾਂ ਦਾ ਮਾਇਆ ਨਗਰ ਪੁੱਜਣਾ ਜ਼ਰੂਰੀ ਸੀ।

ਬਾਬੂ ਜੀ ਨੇ ਬਾਕੀ ਦੇ ਪ੍ਰੋਗਰਾਮ ਮੁਲਤਵੀ ਕੀਤੇ ਅਤੇ ਗੱਡੀ ਮਾਇਆ ਨਗਰ ਵੱਲ ਮੋੜ ਲਈ।

ਵਾਰਦਾਤ ਤੋਂ ਕਰੀਬ ਚੌਵੀ ਘੰਟੇ ਪਹਿਲਾਂ ਤੋਂ ਦੋਵੇਂ ਭਰਾ ਬਾਬੂ ਜੀ ਦੇ ਨਾਲ ਸਨ। ਉਨ੍ਹਾਂ ਦੀ ਹਾਜ਼ਰੀ ਅਸਕਾਰਟ ਵਰਗੇ ਹਸਪਤਾਲ ਵਿਚ ਲੱਗੀ ਹੋਈ ਸੀ। ਉੱਥੇ ਪੰਕਜ ਦੇ ਸਰੀਰ ਦੇ ਅੰਗ-ਅੰਗ ਦਾ ਮੁਆਇਨਾ ਹੋਇਆ ਸੀ। ਇਸਦਾ ਸਬੂਤ ਕੰਪਿਊਟਰਾਂ ਵਿਚ ਦਰਜ ਸੀ। ਸਨਅਤ-ਮੰਤਰੀ ਦੀ ਕੋਠੀ ਦਾਖ਼ਲ ਹੁੰਦੇ ਸਮੇਂ ਉਨ੍ਹਾਂ ਦੇ ਗੇਟ-ਪਾਸ ਬਣੇ ਸਨ। ਉਨ੍ਹਾਂ ਪਾਸਾਂ ਉਪਰ ਉਨ੍ਹਾਂ ਦੇ ਫੋਟੋ ਲੱਗੇ ਸਨ। ਸਭ ਤੋਂ ਵੱਡਾ ਸਬੂਤ ਬਾਬੂ ਜੀ ਖ਼ੁਦ ਸਨ। ਇਕ ਐਮ.ਪੀ. ਝੂਠ ਥੋੜ੍ਹਾ ਬੋਲ ਸਕਦਾ ਸੀ।

ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਬਾਬੂ ਜੀ ਨੇ ਉਨ੍ਹਾਂ ਨੂੰ ਮਦਦ ਦਾ ਭਰੋਸਾ ਦਿਵਾਇਆ। ਲੋੜ ਪਈ ਉਹ ਮੁੱਖ-ਮੰਤਰੀ ਨਾਲ ਗੱਲ ਕਰਨਗੇ। ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਤੋਂ ਦਖ਼ਲ ਦਿਵਾਉਣਗੇ।

ਐਮ.ਪੀ. ਦੇ ਥਾਪੜੇ ਨਾਲ ਪੰਕਜ ਹੋਰਾਂ ਨੂੰ ਰਾਹਤ ਤਾਂ ਮਿਲੀ ਪਰ ਉਨ੍ਹਾਂ ਦੇ ਧੜਕਦੇ ਦਿਲਾਂ ਨੂੰ ਠੱਲ੍ਹ ਨਾ ਪਈ। ਆਪਣੇ ਮਨ ਦਾ ਚੋਰ ਉਨ੍ਹਾਂ ਨੂੰ ਬੇਚੈਨ ਕਰ ਰਿਹਾ ਸੀ। ਬਾਬੂ ਜੀ ਨਾਲ ਭੇਤ ਸਾਂਝਾ ਕਰਨ ਦਾ ਹਾਲੇ ਵਕਤ ਨਹੀਂ ਸੀ। ਹੋ ਸਕਦਾ ਹੈ ਮਾਮਲਾ ਉਂਝ ਹੀ ਠੱਪ ਹੋ ਜਾਵੇ। ਆਪਣੇ ਪੈਰ ਆਪ ਕੁਹਾੜਾ ਮਾਰਨ ਦੀ ਜ਼ਰੂਰਤ ਨਹੀਂ ਸੀ।

ਪਰ ਤਸੱਲੀ ਤਾਂ ਹੀ ਹੋਣੀ ਸੀ ਜਦੋਂ ਕਪਤਾਨ ਵੱਲੋਂ ਕੋਈ ਹੁੰਗਾਰਾ ਮਿਲਣਾ ਸੀ। ਘੱਟੋ-ਘੱਟ ਇਹ ਤਾਂ ਪਤਾ ਲੱਗੇ ਕਿ ਤਫ਼ਤੀਸ਼ ਕਿਥੋਂ ਤਕ ਪੁੱਜੀ ਸੀ। ਇਹ ਜਾਨਣ ਲਈ ਬਾਬੂ ਜੀ ਨੇ ਪੁਲਿਸ ਕਪਤਾਨ ਨਾਲ ਸੰਪਰਕ ਕੀਤਾ। ਕੋਠੀਉਂ ਅਤੇ ਦਫ਼ਤਰੋਂ ਇਕੋ ਜਵਾਬ ਮਿਲਣ ਲੱਗਾ। ਸਾਹਿਬ ਬਾਹਰ ਗਏ ਹੋਏ ਹਨ। ਕਪਤਾਨ ਦੇ ਮੋਬਾਇਲ ਫ਼ੋਨ ਬੰਦ ਸਨ। ਵਾਇਰਲੈੱਸ ਸੈੱਟ ਰਾਹੀਂ ਵੀ ਉਨ੍ਹਾਂ ਦੀ ਮੌਜੂਦਗੀ ਵਾਲੀ ਥਾਂ ਬਾਰੇ ਪਤਾ ਨਹੀਂ ਸੀ ਲੱਗਿਆ।

ਬਾਬੂ ਜੀ ਦੇ ਮਨ ਵਿਚ ਸ਼ੱਕ ਦੇ ਬੀਜ ਪੁੰਗਰਣ ਲੱਗੇ। ਅੱਗੇ ਅਜਿਹਾ ਕਦੇ ਨਹੀਂ ਸੀ ਹੋਇਆ। ਜਦੋਂ ਚਾਹੋ ਕਪਤਾਨ ਨਾਲ ਸੰਪਰਕ ਹੋ ਜਾਂਦਾ ਸੀ। ਕਪਤਾਨ ਕਦੇ ਕੰਮ ਵਿਚ ਰੁੱਝਾ ਹੁੰਦਾ ਤਾਂ ਵਿਹਲਾ ਹੁੰਦੇ ਹੀ ਖੁਦ ਬਾਬੂ ਜੀ ਨੂੰ ਫ਼ੋਨ ਕਰਦਾ। ਕਪਤਾਨ ਨੂੰ ਇਥੇ ਲਿਆਉਣ ਅਤੇ ਫੇਰ ਇਥੇ ਜੰਮੇ ਰਹਿਣ ਵਿਚ ਬਾਬੂ ਜੀ ਦੀ ਅਹਿਮ ਭੂਮਿਕਾ ਸੀ। ਕਪਤਾਨ ਜੇ ਉਸ ਨਾਲ ਸੰਪਰਕ ਤੋਂ ਟਲ ਰਿਹਾ ਸੀ ਤਾਂ ਇਸ ਪਿੱਛੇ ਕੋਈ ਰਾਜ਼ ਸੀ। ਮਤਲਬ ਸਾਫ਼ ਸੀ। ਕਪਤਾਨ ਇਸ ਵਾਰਦਾਤ ਬਾਰੇ ਸੂਚਨਾ ਸਾਂਝੀ ਨਹੀਂ ਸੀ ਕਰਨਾ ਚਾਹੁੰਦਾ।

ਮਸਲਾ ਗੰਭੀਰ ਸੀ। ਲੋਕਾਂ ਦੀ ਸੁਰੱਖਿਆ ਅਤੇ ਸਰਕਾਰ ਦੀ ਇੱਜ਼ਤ ਦਾਅ 'ਤੇ ਲੱਗੀ ਹੋਈ ਸੀ। ਸਿਆਸਤ ਮੰਗ ਕਰਦੀ ਸੀ, ਕੌਮੀ ਹਿੱਤਾਂ ਨੂੰ ਨਿੱਜੀ ਹਿੱਤਾਂ ਨਾਲੋਂ ਪਹਿਲ ਦਿੱਤੀ ਜਾਵੇ।

ਬਾਬੂ ਜੀ ਦਾ ਭਲਾ ਟਲ ਜਾਣ ਵਿਚ ਸੀ।



"ਤੁਸੀਂ ਫਿਕਰ ਨਾ ਕਰੋ। ਮੈਂ ਦਿੱਲੀ ਚਲਿਆ ਹਾਂ। ਮੋਬਾਇਲ ਫ਼ੋਨ ਮੇਰੇ ਕੋਲ ਹੈ। ਰਸਤੇ ਵਿਚ ਕਪਤਾਨ ਨਾਲ ਸੰਪਰਕ ਕਰਾਂਗਾ। ਫੇਰ ਤੁਹਾਨੂੰ ਦੱਸਾਂਗਾ। ਬੇ-ਇਨਸਾਫ਼ੀ ਨਹੀਂ ਹੋਣ ਦਿਆਂਗਾ।"

'ਬੇ-ਇਨਸਾਫ਼ੀ' ਸ਼ਬਦ 'ਤੇ ਜ਼ੋਰ ਦਿੰਦਿਆਂ ਬਾਬੂ ਜੀ ਕੋਠੀ ਵਿਚੋਂ ਬਾਹਰ ਨਿਕਲੇ ਅਤੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਵਿਚ ਬੈਠ ਗਏ।

ਬਾਬੂ ਜੀ ਦੇ ਮੂੰਹੋਂ ਨਿਕਲਿਆ 'ਬੇ-ਇਨਸਾਫ਼ੀ' ਸ਼ਬਦ ਪੰਕਜ ਹੋਰਾਂ ਦੇ ਮਨਾਂ ਨੂੰ ਝੰਜੋੜਨ ਲੱਗਾ। ਉਨ੍ਹਾਂ ਨੂੰ ਲੱਗਾ ਜਿਵੇਂ ਬਾਬੂ ਜੀ ਨੂੰ ਸਭ ਕੁਝ ਪਤਾ ਲੱਗ ਗਿਆ ਸੀ। ਉਨ੍ਹਾਂ ਨੇ ਬੇ-ਇਨਸਾਫ਼ੀ ਵਿਰੁੱਧ ਖੜੋਣ ਦਾ ਵਾਅਦਾ ਕੀਤਾ ਸੀ। ਪੰਕਜ ਹੋਰਾਂ ਦੇ ਹੱਕ ਵਿਚ ਖੜੋਣ ਦਾ ਨਹੀਂ।

ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੂੰ ਬਾਬੂ ਜੀ ਤੋਂ ਬਹੁਤੀ ਆਸ ਨਹੀਂ ਸੀ ਰੱਖਣੀ ਚਾਹੀਦੀ।

ਆਪਣੇ ਵਿਰੁੱਧ ਆਪ ਹੀ ਨਤੀਜੇ ਕੱਢਦੇ ਪੰਕਜ ਅਤੇ ਨੀਰਜ ਖਾਲੀ ਹੱਥ ਵਾਪਸ ਮੁੜ ਪਏ।

## -14-

ਹੁਣ ਉਹ ਕਿਧਰ ਜਾਣ? ਕਿਸ ਕੋਲ ਜਾਣ?

ਬਾਬੂ ਜੀ ਦੀ ਕੋਠੀ ਦੇ ਬਾਹਰ, ਚੌਰਾਹੇ ਕੋਲ ਖੜੋ ਕੇ ਉਹ ਸੋਚਣ ਲੱਗੇ।

"ਭਾਈ ਸਾਹਿਬ ਕਪਤਾਨ ਕੋਲ ਸਿਫ਼ਾਰਸ਼ ਕਰਨ ਤੋਂ ਪਹਿਲਾਂ ਸਾਨੂੰ ਇਹ ਪਤਾ ਕਰ ਲੈਣਾ ਚਾਹੀਦਾ ਹੈ ਕਿ ਸਾਡਾ ਨਾਂ ਵਿਚ ਆ ਗਿਆ ਹੈ ਜਾਂ ਹਾਲੇ ਬਚੇ ਹੋਏ ਹਾਂ? ਹੋ ਸਕਦਾ ਹੈ ਠੇਕੇਦਾਰ ਮਾਰ ਸਹਿ ਗਿਆ ਹੋਵੇ?"

ਨੀਰਜ ਕਾਹਲ ਵਿਚ ਕਦਮ ਪੁੱਟਣ ਦੇ ਹੱਕ ਵਿਚ ਨਹੀਂ ਸੀ।

"ਤੂੰ ਹਲੇ ਛੋਟਾ ਹੈਂ। ਪੁਲਿਸ ਦੇ ਹੱਥ ਬੜੇ ਲੰਬੇ ਹੁੰਦੇ ਹਨ। ਹੁਣ ਤਕ ਉਹ ਕਦੋਂ ਦੇ ਮਸਲੇ ਦੀ ਤੈਅ ਤਕ ਪੁੱਜ ਗਏ ਹੋਣਗੇ। ਫੇਰ ਵੀ ਜੇ ਤੂੰ ਕਹਿੰਦਾ ਹੈਂ ਤਾਂ ਪਹਿਲਾਂ ਸ਼ੱਕ ਕੱਢ ਲੈਂਦੇ ਹਾਂ।"

ਛੋਟੇ ਭਰਾ ਦਾ ਦਿਲ ਰੱਖਣ ਲਈ ਪੰਕਜ ਨੀਰਜ ਨਾਲ ਸਹਿਮਤ ਹੋ ਗਿਆ।

"ਚੱਲ ਆਪਣੇ ਪ੍ਰਧਾਨ ਵੱਲ ਚੱਲ! ਉਹ ਆਪੇ ਰਾਹ ਲੱਭੂ!"

ਦਿਮਾਗ਼ 'ਤੇ ਬੋਝ ਪਾ ਕੇ ਪੰਕਜ ਨੇ ਅਜਿਹੇ ਮੋਹਤਬਰ ਦਾ ਨਾਂ ਸੋਚਿਆ, ਜਿਹੜਾ ਪੁਲਿਸ ਦੀ ਗੁਪਤ ਸੂਚਨਾ ਨੂੰ ਸੰਨ੍ਹ ਲਾ ਸਕਦਾ ਸੀ।

ਨੀਰਜ ਨੂੰ ਪੰਕਜ ਦਾ ਸੁਝਾਅ ਪਸੰਦ ਆਇਆ। ਅਗਲੇ ਹੀ ਪਲ ਉਨ੍ਹਾਂ ਨੇ ਗੱਡੀ 'ਭਾਰੀ ਉਦਯੋਗ ਮਾਲਕ ਸੰਘ' ਦੇ ਪ੍ਰਧਾਨ ਅਨਿਲ ਜੈਨ ਦੀ ਫੈਕਟਰੀ ਅੱਗੇ ਲਾ ਦਿੱਤੀ।

"ਬੱਚੂ ਕਿਉਂ ਘਬਰਾਉਂਦੇ ਹੋ ? ਥਾਣੇਦਾਰ ਇਥੇ ਆਏਗਾ। ਆਪਣੀ ਜ਼ੁਬਾਨੀ ਸਭ ਕੁਝ ਦੱਸ ਕੇ ਜਾਏਗਾ।"

ਪ੍ਰਧਾਨ ਨੇ ਹੈਂਕੜ ਦਿਖਾਈ।

ਝੱਟ ਉਸਨੇ ਮੁੱਖ ਅਫ਼ਸਰ ਨੂੰ ਫ਼ੋਨ ਕੀਤਾ। ਨਾਲ ਇਸ਼ਾਰਾ ਵੀ। ਥਾਣੇਦਾਰ ਦਾ ਦਸ ਹਜ਼ਾਰ ਉਸਦੇ ਦਰਾਜ ਵਿਚ ਪਿਆ ਸੀ। ਨਾਲੇ ਉਹ ਆਪਣਾ ਨਜ਼ਰਾਨਾ ਲੈ ਜਾਏ ਨਾਲੇ ਤਾਜ਼ੀ ਸਥਿਤੀ ਉਪਰ ਰੋਸ਼ਨੀ ਪਾ ਜਾਏ।

ਮੁੱਖ ਅਫ਼ਸਰ ਤਫ਼ਤੀਸ਼ ਵਿਚ ਰੁੱਝਾ ਹੋਇਆ ਸੀ। ਇਕ ਮਿੰਟ ਦੀ ਫੁਰਸਤ ਨਹੀਂ ਸੀ। ਪਰ ਉਹ ਪ੍ਰਧਾਨ ਨੂੰ ਨਰਾਜ਼ ਵੀ ਨਹੀਂ ਸੀ ਕਰ ਸਕਦਾ। ਉਪਰੋਂ ਜਦੋਂ ਵੱਡੀ ਵਗਾਰ ਪੈਂਦੀ ਸੀ ਤਾਂ ਅੜਿਆ ਗੱਡਾ ਪ੍ਰਧਾਨ ਹੀ ਕੱਢਦਾ ਸੀ। ਵੱਡੇ ਸਨਅਤਕਾਰਾਂ ਦਾ ਉਹ ਪ੍ਰਧਾਨ ਸੀ। ਸਨਅਤਕਾਰਾਂ ਨੂੰ ਜਦੋਂ ਭੀੜ ਪੈਂਦੀ ਸੀ ਉਹ ਅਨਿਲ ਵੱਲ ਭੱਜਦੇ ਸਨ। ਪ੍ਰਧਾਨ ਮੁੱਖ ਅਫ਼ਸਰ ਨੂੰ ਫ਼ੀਸ ਪਹਿਲਾਂ ਦਿਵਾਉਂਦਾ ਸੀ ਕੰਮ ਪਿੱਛੋਂ ਦੱਸਦਾ ਸੀ। ਪ੍ਰਧਾਨ ਦੀ ਪਹੁੰਚ ਚੰਡੀਗੜ੍ਹ ਦੇ ਪੁਲਿਸ ਅਧਿਕਾਰੀਆਂ ਤਕ ਸੀ। ਕਦੇ ਬਦਲੀ ਹੁੰਦੀ ਦਿੱਸੇ ਜਾਂ ਕਿਸੇ ਪੁੱਛ-ਪੜਤਾਲ ਦਾ ਖ਼ਤਰਾ ਹੋਵੇ, ਉਹ ਝੱਟ ਫ਼ੋਨ ਖੜਕਾ ਕੇ ਠੱਲ੍ਹ ਪਾ ਦਿੰਦਾ ਸੀ। ਮੁੱਖ ਅਫ਼ਸਰ ਪ੍ਰਧਾਨ ਨੂੰ ਨਾਂਹ ਨਹੀਂ ਸੀ ਕਰ ਸਕਦਾ।

ਰੇਡ ਕਰਨ ਦਾ ਬਹਾਨਾ ਲਾ ਕੇ ਉਹ ਪ੍ਰਧਾਨ ਦੀ ਫੈਕਟਰੀ ਪੁੱਜ ਗਿਆ।

ਪੰਕਜ ਅਤੇ ਨੀਰਜ ਮੁੱਖ ਅਫ਼ਸਰ ਦੇ ਮੱਥੇ ਨਹੀਂ ਸਨ ਲੱਗਣਾ ਚਾਹੁੰਦੇ। ਉਹ ਨਾਲ ਦੇ ਕਮਰੇ ਵਿਚ ਚਲੇ ਗਏ।

ਪ੍ਰਧਾਨ ਨੇ ਠੰਡਾ ਪਿਛੋਂ ਪੁੱਛਿਆ, ਨੋਟ ਪਹਿਲਾਂ ਪੇਸ਼ ਕੀਤੇ।

ਫੇਰ ਆਪਣੀ ਗਰਜ਼ ਦੱਸੀ।

ਪ੍ਰਧਾਨ ਕਤਲ ਕਾਂਡ ਬਾਰੇ ਕੁਝ ਜਾਨਣਾ ਚਾਹੁੰਦਾ ਸੀ। ਇਹ ਸੁਣ ਕੇ ਮੁੱਖ ਅਫ਼ਸਰ ਨੂੰ ਕਾਂਬਾ ਛਿੜ ਗਿਆ।

ਅਸਲੀਅਤ ਇਹ ਸੀ ਕਿ ਇਸ ਕੇਸ ਦੀ ਤਫ਼ਤੀਸ਼ ਕਪਤਾਨ ਖ਼ੁਦ ਕਰ ਰਿਹਾ ਸੀ। ਕਿਸੇ ਗੱਲੋਂ ਕਪਤਾਨ ਨੂੰ ਮੁੱਖ ਅਫ਼ਸਰ 'ਤੇ ਸ਼ੱਕ ਹੋ ਗਿਆ ਸੀ। ਕਾਰਵਾਈ ਉਸ ਤੋਂ ਗੁਪਤ ਰੱਖੀ ਜਾ ਰਹੀ ਸੀ।

ਦਸ ਹਜ਼ਾਰ ਦੇ ਨੋਟ ਉਸਦੀ ਜੇਬ ਵਿਚ ਪੈ ਚੁੱਕੇ ਸਨ। ਇਨ੍ਹਾਂ ਨੂੰ ਹਜ਼ਮ ਕਰਨ ਲਈ ਉਸਨੂੰ ਝੂਠ ਬੋਲਣਾ ਪੈਣਾ ਸੀ।

"ਪੰਕਜ ਹੋਰਾਂ ਬਾਰੇ ਹਾਲੇ ਤਕ ਕੁਝ ਵੀ ਮਿਸਲ 'ਤੇ ਨਹੀਂ ਆਇਆ। ਉਂਗਲ ਉਨ੍ਹਾਂ ਵੱਲ ਉਠ ਰਹੀ ਹੈ। ਪਰ ਹਾਲੇ ਕੋਈ ਖ਼ਤਰਾ ਨਹੀਂ। ਵੈਸੇ ਸਾਵਧਾਨ ਰਹਿਣਾ ਚਾਹੀਦਾ ਹੈ।"

ਖ਼ੂਹ ਵਿਚ ਇੱਟ ਸੁੱਟ ਕੇ ਮੁੱਖ ਅਫ਼ਸਰ ਖਿਸਕ ਗਿਆ।

ਪ੍ਰਧਾਨ ਖੁਸ਼ ਸੀ। ਥਾਣੇ ਦਾ ਮੁੱਖ ਅਫ਼ਸਰ ਉਸ ਕੋਲ ਖੁਦ ਚੱਲ ਕੇ ਆਇਆ ਸੀ। ਪ੍ਰਧਾਨ ਲਈ ਇਹ ਫ਼ਖਰ ਵਾਲੀ ਗੱਲ ਸੀ। ਜੇ ਉਹ ਕਹਿੰਦਾ ਸੀ ਕੋਈ ਖ਼ਤਰਾ ਨਹੀਂ ਤਾਂ ਸਮਝੋ ਕੋਈ ਖ਼ਤਰਾ ਨਹੀਂ।

ਪਰ ਪੰਕਜ ਹੋਰਾਂ ਦਾ ਮਨ ਟਿਕ ਨਹੀਂ ਸੀ ਰਿਹਾ। ਉਹ ਉਂਗਲ ਉਨ੍ਹਾਂ ਵੱਲ ਉੱਠਣ ਅਤੇ ਸਾਵਧਾਨ ਰਹਿਣ ਬਾਰੇ ਵੀ ਕਹਿ ਕੇ ਗਿਆ ਸੀ। ਇਨ੍ਹਾਂ ਸੰਕੇਤਾਂ ਦਾ ਮਤਲਬ ਸਮਝਣਾ ਚਾਹੀਦਾ ਸੀ।

ਪਹਿਲਾਂ ਠੇਕੇਦਾਰਾ ਦੇ ਫੜੇ ਜਾਣ ਅਤੇ ਉਸਦੇ ਘਰੋਂ ਚੋਰੀ ਹੋਏ ਸਮਾਨ ਦੇ ਫੜੇ ਜਾਣ ਦੀ ਖ਼ਬਰ ਨਿਕਲੀ ਸੀ। ਹੁਣੇ-ਹੁਣੇ ਨਵੀਂ ਖ਼ਬਰ ਆਈ ਸੀ। ਪੁਲਿਸ ਨੇ ਠੇਕੇਦਾਰ ਕੋਲੋਂ ਇਕ ਜੇਬੀ ਡਾਇਰੀ ਫੜੀ ਸੀ। ਉਸ ਡਾਇਰੀ ਵਿਚ ਪੰਕਜ ਦਾ ਫ਼ੋਨ ਨੰਬਰ ਦਰਜ ਸੀ। ਉਸਦੀ ਜੇਬ ਵਿਚੋਂ ਉਨ੍ਹਾਂ ਦਾ ਵਿਜ਼ਟਿੰਗ ਕਾਰਡ ਵੀ ਨਿਕਲਿਆ ਸੀ। ਇਹ ਸਮਾਚਾਰ ਸ਼ੁਭ ਨਹੀਂ ਸਨ।

ਪ੍ਰਧਾਨ ਕੋਲ ਬੈਠੇ-ਬੈਠੇ ਮੋਬਾਇਲ ਕੰਪਨੀ ਦੇ ਮੈਨੇਜ਼ਰ ਦਾ ਫ਼ੋਨ ਆ ਗਿਆ। ਪੁਲਿਸ



ਪੰਕਜ ਹੋਰਾਂ ਦੇ ਫ਼ੋਨ ਨੰਬਰਾਂ ਦੀ ਲਿਸਟ ਅਤੇ ਉਨ੍ਹਾਂ ਵੱਲੋਂ ਪਿਛਲੇ ਇਕ ਮਹੀਨੇ ਵਿਚ ਕੀਤੇ ਫ਼ੋਨਾਂ ਦੀ ਸੂਚਨਾ ਲੈਣ ਆਈ ਸੀ। ਕੰਪਨੀ ਨੂੰ ਸ਼ੱਕ ਸੀ ਪੁਲਿਸ ਉਨ੍ਹਾਂ ਦੇ ਫ਼ੋਨ ਟੇਪ ਕਰ ਰਹੀ ਸੀ। ਉਹ ਕੰਪਨੀ ਦੇ ਪੱਕੇ ਗਾਹਕ ਸਨ। ਇਸ ਲਈ ਫ਼ੋਨ ਕੰਪਨੀ ਨੇ ਉਨ੍ਹਾਂ ਨੂੰ ਸੂਚਿਤ ਕਰਕੇ ਆਪਣਾ ਫਰਜ਼ ਨਿਭਾਇਆ ਸੀ। ਅੱਗੇ ਉਹ ਜੋ ਠੀਕ ਸਮਝਣ ਕਰਨ।

ਨੀਰਜ ਨੇ ਵੱਡੇ ਭਰਾ ਨੂੰ ਸਮਝਾਇਆ। ਹੁਣ ਹਵਾਈ ਕਿਲ੍ਹੇ ਉਸਾਰਨ ਦਾ ਸਮਾਂ ਨਹੀਂ ਸੀ। ਉਨ੍ਹਾਂ ਨੂੰ ਅੰਡਰ-ਗਰਾਊਂਡ ਹੋ ਜਾਣਾ ਚਾਹੀਦਾ ਸੀ।

ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਭਰੋਸੇ ਵਿਚ ਲੈ ਕੇ ਆਪਣੇ ਬਚਾਅ ਦੇ ਢੰਗ ਤਰੀਕੇ ਸੋਚਣੇ ਚਾਹੀਦੇ ਸਨ।

ਕਿਸੇ ਵਧੀਆ ਵਕੀਲ ਰਾਹੀਂ ਕਾਨੂੰਨੀ ਚਾਰਾਜੋਈ ਕਰਨੀ ਚਾਹੀਦੀ ਸੀ।

ਪੰਕਜ ਨੀਰਜ ਨਾਲ ਸਹਿਮਤ ਸੀ।

ਝੱਟ ਉਨ੍ਹਾਂ ਨੇ ਆਪਣੀ ਗੱਡੀ ਗੈਰਜ ਵਿਚ ਲਾ ਦਿੱਤੀ। ਮੋਬਾਈਲ ਫ਼ੋਨ ਬੰਦ ਕਰ ਦਿੱਤੇ।

ਅਗਲੀ ਨੀਤੀ ਘੜਨ ਲਈ ਉਹ ਪੰਕਜ ਦੇ ਸਾਂਢੂ ਦੇ ਭਰਾ ਅਜੇ ਦੀ ਫੈਕਟਰੀ ਜਾ ਬੈਠੇ।

## -15-

ਅਜੇ ਪੰਕਜ ਨਾਲ ਸਹਿਮਤ ਸੀ।

ਜ਼ੋਖਮ ਉਠਾਉਣ ਦੀ ਗੁੰਜਾਇਸ਼ ਨਹੀਂ ਸੀ।

ਪੇਸ਼ਗੀ ਜ਼ਮਾਨਤ ਦੀ ਦਰਖਾਸਤ ਲਾਉਣੀ ਬਣਦੀ ਸੀ। ਜੇ ਮੁਕੱਦਮੇ ਵਿਚ ਨਾਂ ਪੈ ਗਿਆ ਤਾਂ ਪੁਲਿਸ ਦੇ ਚੱਕਰਾਂ ਅਤੇ ਗ੍ਰਿਫ਼ਤਾਰੀ ਤੋਂ ਬਚਾਅ ਹੋ ਜਾਏਗਾ। ਨਾਂ ਨਿਕਲ ਗਿਆ ਤਾਂ ਚਾਰ ਪੈਸਿਆਂ ਦੇ ਖਰਚ ਦਾ ਸਵਾਲ ਸੀ। ਅਜਿਹੇ ਮੌਕੇ ਪੈਸਿਆਂ ਬਾਰੇ ਨਹੀਂ ਸੀ ਸੋਚਿਆ ਜਾ ਸਕਦਾ।

ਦੀਵਾਨੀ ਮੁਕੱਦਮੇਬਾਜ਼ੀ ਪੰਕਜ ਨੇ ਬਹੁਤ ਕੀਤੀ ਸੀ। ਪਲਾਟਾਂ ਅਤੇ ਜ਼ਮੀਨਾਂ ਦੇ ਕਬਜ਼ੇ ਲੈਣ ਦੇਣ ਕਾਰਨ ਕੋਈ ਨਾ ਕੋਈ ਪੰਗਾ ਪਿਆ ਰਹਿੰਦਾ ਸੀ। ਫੈਕਟਰੀ ਲੱਗੀ ਤਾਂ ਲੇਬਰ ਨਾਲ ਟੇਟਾ ਪੈਣ ਲੱਗਾ। ਲੈਣ ਦੇਣ ਦੇ ਝਗੜੇ ਰਹਿਣ ਲੱਗੇ। ਕਦੇ ਕਿਸੇ ਨੇ ਉਧਾਰ ਮਾਰ ਲਿਆ। ਕਦੇ ਕਿਸੇ ਦਾ ਚੈੱਕ ਕੈਸ਼ ਨਹੀਂ ਹੋਇਆ।

ਫੌਜਦਾਰੀ ਮੁਕੱਦਮੇ ਦਾ ਸਾਹਮਣਾ ਉਸਨੂੰ ਪਹਿਲੀ ਵਾਰ ਕਰਨਾ ਪੈ ਰਿਹਾ ਸੀ।

ਅਜੇ ਉਨ੍ਹਾਂ ਦਾ ਰਿਸ਼ਤੇਦਾਰ ਪਿੱਛੋਂ, ਗੂੜ੍ਹਾ ਦੋਸਤ ਅਤੇ ਹਮਰਾਜ਼ ਪਹਿਲਾਂ ਸੀ। ਨਾਲੇ ਉਹ ਕਈ ਫੌਜਦਾਰੀ ਮੁਕੱਦਮੇ ਹੱਡਾਂ 'ਤੇ ਹੰਢਾ ਚੁੱਕਾ ਸੀ।

ਪਹਿਲੀ ਵਾਰ ਉਸਦਾ ਪੁਲਿਸ ਨਾਲ ਵਾਹ ਉਸ ਸਮੇਂ ਪਿਆ ਸੀ ਜਦੋਂ ਫੈਕਟਰੀ ਵਿਚ ਖੂਹ ਪੁੱਟਦੇ ਸਮੇਂ ਤਿੰਨ ਬੰਦੇ ਮਿੱਟੀ ਹੇਠ ਦੱਬ ਕੇ ਮਰ ਗਏ ਸਨ। ਮਾਮਲਾ ਅਣਗਹਿਲੀ ਅਤੇ ਲਾਪਰਵਾਹੀ ਦਾ ਬਣਦਾ ਸੀ। ਪਰ ਪੁਲਿਸ ਨੇ ਲਾਲਚ ਅਤੇ ਲੇਬਰ ਯੂਨੀਅਨ ਦੇ ਦਬਾਅ ਵਿੱਚ ਆ ਕੇ ਮੁਕੱਦਮਾ ਕਤਲ ਦਾ ਦਰਜ ਕਰ ਦਿੱਤਾ ਸੀ। ਮਜ਼ਦੂਰਾਂ ਦੇ ਵਾਰਿਸਾਂ ਨੂੰ ਮੁਆਵਜ਼ਾ ਦੇ ਕੇ ਅਜੇ ਨੇ ਸਮਝੌਤਾ ਕਰ ਲਿਆ। ਬਿਨਾਂ ਲੀਡਰਾਂ ਦੀ ਸਹਿਮਤੀ ਦੇ ਹੋਇਆ ਸਮਝੌਤਾ ਲੀਡਰਾਂ ਨੂੰ ਪਸੰਦ ਨਹੀਂ ਸੀ। ਲੀਡਰਾਂ ਨੇ ਅਜੇ ਨੂੰ ਜੇਲ੍ਹ ਭੇਜਣ ਲਈ

ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ। ਅਜੇ ਨੇ ਵੀ ਅੜੀ ਫੜ ਲਈ। ਉਹ ਉਮਰ ਕੈਦ ਕੱਟ ਆਏਗਾ। ਸਾਰਾ ਘਰ-ਬਾਰ ਮੁਕੱਦਮੇ ਉਪਰ ਲਾ ਦੇਵੇਗਾ ਪਰ ਲੀਡਰਾਂ ਅੱਗੇ ਨਹੀਂ ਝੁਕੇਗਾ।

ਇਸ ਲੜਾਈ ਵਿਚ ਉਸ ਨੂੰ ਸੈਸ਼ਨ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤਕ ਦੇ ਦਰਵਾਜ਼ੇ ਖੜਕਾਉਣੇ ਪਏ।

ਅਜੇ ਦਾ ਉਹੋ ਤਜਰਬਾ ਅਜੇ ਦੇ ਨਾਲ-ਨਾਲ ਉਸਦੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਕੰਮ ਆ ਰਿਹਾ ਸੀ।

ਮਾਇਆ ਨਗਰ ਦੇ ਸਨਅਤਕਾਰਾਂ ਨੂੰ ਜੇ ਪੁਲਿਸ ਤਕ ਲੋੜ ਪੈਂਦੀ ਸੀ ਤਾਂ ਉਹ ਅਨਿਲ ਜੈਨ ਵੱਲ ਭੱਜਦੇ ਸਨ। ਜੇ ਕਚਹਿਰੀ ਜਾਣ ਦੀ ਨੌਬਤ ਆਉਂਦੀ ਸੀ ਤਾਂ ਅਜੇ ਵੱਲ ਦੌੜਦੇ ਸਨ।

ਅਜੇ ਦੀ ਫੈਕਟਰੀ ਬੈਠਿਆਂ ਹੀ ਉਨ੍ਹਾਂ ਆਪਣੇ ਇਕ ਦੋ ਹੋਰ ਦੋਸਤਾਂ ਨੂੰ ਫ਼ੋਨ ਕਰ ਦਿੱਤੇ। ਹੋ ਰਹੇ ਵਿਚਾਰ ਵਟਾਂਦਰੇ ਵਿਚ ਉਹ ਵੀ ਆਪਣੇ ਵਿਚਾਰ ਪੇਸ਼ ਕਰਨ।

ਸ਼ਹਿਰ ਵਿਚ ਦੋ ਚੋਟੀ ਦੇ ਵਕੀਲ ਸਨ। ਨੰਦ ਲਾਲ ਅਤੇ ਮਹਿੰਦਰ ਸਿੰਘ। ਅਜੇ ਦੋਹਾਂ ਨੂੰ ਅਜ਼ਮਾ ਚੁੱਕਾ ਸੀ।

ਕਾਨੂੰਨ ਦੀ ਜਾਣਕਾਰੀ ਵਿਚ ਮਹਿੰਦਰ ਸਿੰਘ ਨੰਦ ਲਾਲ ਨਾਲੋਂ ਵੱਧ ਮਾਹਿਰ ਸੀ। ਪਰ ਉਹ ਇਮਾਨਦਾਰੀ ਵਾਲੀ ਘੋੜੀ ਚੜ੍ਹਿਆ ਹੋਇਆ ਸੀ। ਉਸਦਾ ਵਿਸ਼ਵਾਸ ਅਫ਼ਸਰਾਂ ਨਾਲ ਲੜਨ ਵਿਚ ਜ਼ਿਆਦਾ ਅਤੇ ਮਿਲਵਰਤਣ ਵਿਚ ਘੱਟ ਸੀ। ਅੱਜ ਦਾ ਜ਼ਮਾਨਾ ਹੋਰ ਸੀ। ਅੱਜ-ਕੱਲ੍ਹ ਫੈਸਲੇ ਗੁਣਾਂ ਦੇ ਆਧਾਰ 'ਤੇ ਘੱਟ ਹੋਰ ਗੱਲਾਂ ਦੇ ਆਧਾਰ 'ਤੇ ਜ਼ਿਆਦਾ ਹੁੰਦੇ ਹਨ।

ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਅਜੇ ਨੰਦ ਲਾਲ ਨੂੰ ਵਕੀਲ ਕਰਨ ਦੇ ਹੱਕ ਵਿਚ ਸੀ। ਉਹ ਫ਼ੀਸ ਜ਼ਰੂਰ ਠੋਕ ਕੇ ਲੈਂਦਾ ਸੀ ਪਰ ਫ਼ੀਸ ਤੈਅ ਹੋਣ ਬਾਅਦ ਸਾਇਲ ਦੀ ਸਿਰਦਰਦੀ ਮੁੱਕ ਜਾਂਦੀ ਸੀ। ਅਸਾਮੀ ਪੈਸਾ ਖਰਚਣ ਵਾਲੀ ਹੋਵੇ ਉਹ ਕਚਹਿਰੀ ਦੇ ਅਰਦਲੀ ਤੋਂ ਲੈ ਕੇ ਸੁਪਰੀਮ ਕੋਰਟ ਦੇ ਜੱਜ ਤਕ ਦੀ ਆਪੇ ਖਰੀਦੋ-ਫ਼ਰੋਖ਼ਤ ਕਰ ਦਿੰਦਾ ਸੀ।

ਨੰਦ ਲਾਲ ਦੀ ਪੁਲਿਸ ਵਿਭਾਗ ਵਿਚ ਪੂਰੀ ਚੜ੍ਹਤ ਸੀ। ਉਸਦੇ ਫ਼ੋਨ ਉਪਰ ਕੰਮ ਹੁੰਦੇ ਸਨ। ਥਾਣੇਦਾਰ ਮਿਸਲ ਚੁੱਕੀ ਉਸਦੇ ਪਿੱਛੇ-ਪਿੱਛੇ ਘੁੰਮਦੇ ਸਨ। ਇਹ ਮਾਇਆ ਜਾਲ ਉਸਨੇ ਆਪਣੀ ਲਿਆਕਤ ਦੇ ਸਿਰ 'ਤੇ ਬੁਣਿਆ ਸੀ। ਕਦੇ ਕਿਸੇ ਮੰਤਰੀ, ਵਿਧਾਇਕ ਜਾਂ ਪੁਲਿਸ ਅਫ਼ਸਰ ਨੂੰ ਕਚਹਿਰੀ ਦਾ ਮੂੰਹ ਦੇਖਣਾ ਪੈ ਜਾਏ ਤਾਂ ਉਹ ਨੰਦ ਲਾਲ ਵੱਲ ਦੌੜਦਾ ਸੀ। ਉਹ ਲੋਕ ਇਸਨੂੰ ਫ਼ੀਸ ਤਾਂ ਦਿੰਦੇ ਹੀ ਸਨ ਅੜੇ-ਥੁੜੇ ਕੰਮ ਵੀ ਕਰਦੇ ਸਨ।

ਨੰਦ ਲਾਲ ਦੀ ਉਮਰ ਸੱਤਰ ਦੇ ਕਰੀਬ ਸੀ। ਜਿਹੜੇ ਕਦੇ ਉਸ ਕੋਲ ਮੈਜਿਸਟਰੇਟ ਹੋਇਆ ਕਰਦੇ ਸਨ ਉਹ ਹੁਣ ਹਾਈਕੋਰਟ ਦੇ ਜੱਜ ਸਨ। ਜਿਹੜੇ ਥਾਣੇਦਾਰ ਉਸ ਕੋਲ ਬੈਠ ਕੇ ਗਵਾਹੀਆਂ ਸਮਝਿਆ ਕਰਦੇ ਸਨ ਉਹ ਕਪਤਾਨ ਬਣੇ ਬੈਠੇ ਸਨ। ਪੁਰਾਣੇ ਅਫ਼ਸਰ ਪੁਰਾਣੇ ਮਿੱਤਰਾਂ ਦੀ ਕਦਰ ਕਰਦੇ ਸਨ। ਮੁਕੱਦਮੇ ਦੀਆਂ ਕਈ ਦਿੱਕਤਾਂ ਨੰਦ ਲਾਲ ਦਾ ਨਾਂ ਲੈਣ ਨਾਲ ਹੱਲ ਹੋ ਜਾਂਦੀਆਂ ਸਨ।

ਇਸ ਲਈ ਅਜੇ ਨੰਦ ਲਾਲ ਤੋਂ ਸਿਵਾ ਕਿਸੇ ਹੋਰ ਵਕੀਲ ਬਾਰੇ ਨਹੀਂ ਸੀ ਸੋਚ ਸਕਦਾ।



"ਜੇ ਹੋਰ ਕੋਈ ਔਪਸ਼ਨ ਹੈ ਹੀ ਨਹੀਂ ਫੇਰ ਦੇਰ ਕਿਉਂ ਕੀਤੀ ਜਾਵੇ? ਫ਼ੋਨ ਕਰੋ ਅਤੇ ਟਾਇਮ ਲਓ।"

ਘਬਰਾਇਆ ਨੀਰਜ ਸੋਚ-ਵਿਚਾਰ ਵਿਚ ਸਮਾਂ ਬਰਬਾਦ ਨਹੀਂ ਸੀ ਕਰਨਾ ਚਾਹੁੰਦਾ।

"ਨੰਦ ਲਾਲ ਦੀ ਫ਼ੀਸ ਹੋਰਾਂ ਨਾਲੋਂ ਵੱਧ ਹੈ।"

ਅਜੇ ਨੇ ਹੋਣ ਵਾਲੇ ਖ਼ਰਚੇ ਬਾਰੇ ਸੂਚਿਤ ਕਰਨਾ ਆਪਣਾ ਫ਼ਰਜ਼ ਸਮਝਿਆ।

ਪੰਕਜ ਹੋਰਾਂ ਨੂੰ ਪੈਸੇ ਦੀ ਕੋਈ ਪਰਵਾਹ ਨਹੀਂ ਸੀ। ਅਲਮਾਰੀਆਂ ਨੋਟਾਂ ਨਾਲ ਭਰੀਆਂ ਪਈਆਂ ਸਨ। ਪੈਸਾ ਇੱਜ਼ਤ ਵਧਾਉਣ ਲਈ ਸੀ। ਪੈਸਾ ਬਚਾਉਣ ਲਈ ਇੱਜ਼ਤ ਨਹੀਂ ਸੀ ਗਵਾਈ ਜਾ ਸਕਦੀ। ਉਨ੍ਹਾਂ ਨੂੰ ਹਰ ਹੀਲੇ ਗ੍ਰਿਫ਼ਤਾਰੀ ਤੋਂ ਬਚਣਾ ਚਾਹੀਦਾ ਸੀ।

ਇਹ ਸੋਚ ਕੇ ਦੋਹਾਂ ਭਰਾਵਾਂ ਨੇ ਨੰਦ ਲਾਲ ਨੂੰ ਵਕੀਲ ਨਿਯੁਕਤ ਕਰਨ ਦੀ ਤਜਵੀਜ਼ ਮਨਜ਼ੂਰ ਕਰ ਦਿੱਤੀ।

ਅਜੇ ਨੇ ਨੰਦ ਲਾਲ ਨਾਲ ਸੰਪਰਕ ਕੀਤਾ।

ਹਾਲੇ ਉਹ ਕਚਹਿਰੀ ਵਿਚ ਬਹਿਸ ਕਰ ਰਿਹਾ ਸੀ। ਅੱਧੇ ਘੰਟੇ ਬਾਅਦ ਉਸ ਨੇ ਆਪਣੇ ਚੈਂਬਰ ਵਿਚ ਆ ਜਾਣਾ ਸੀ। ਉਹ ਕਚਹਿਰੀ ਆ ਕੇ ਗੱਲ ਕਰ ਲੈਣ।

ਇਸੇ ਦੌਰਾਨ ਪੰਕਜ ਦਾ ਸਾਲਾ ਆਪਣੇ ਦੋ ਸਾਥੀਆਂ ਨਾਲ ਉਥੇ ਆ ਪੁੱਜਾ।

ਹੋ ਰਹੇ ਵਿਚਾਰ ਵਟਾਂਦਰੇ ਵਿਚ ਉਹ ਆਪਣੇ ਤਜਰਬੇ ਸਾਂਝੇ ਕਰਨ ਲੱਗਾ।

"ਕਚਹਿਰੀ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਪੁਲਿਸ ਉਥੇ ਸਾਰਾ ਦਿਨ ਫਿਰਦੀ ਰਹਿੰਦੀ ਹੈ। ਕਿਸੇ ਵੀ ਸਮੇਂ ਦਬੋਚ ਸਕਦੀ ਹੈ। ਕਿਉਂ ਨਾ ਵਕੀਲ ਨੂੰ ਇਥੇ ਬੁਲਾ ਲਿਆ ਜਾਵੇ?"

ਦੋਬਾਰਾ ਨੰਦ ਲਾਲ ਨੂੰ ਫ਼ੋਨ ਕੀਤਾ ਗਿਆ।

ਨੰਦ ਲਾਲ ਕਿਸੇ ਦੇ ਘਰ ਜਾ ਕੇ ਸਲਾਹਾਂ ਦੇਣ ਵਾਲਾ ਵਕੀਲ ਨਹੀਂ ਸੀ। ਜਿਸ ਨੂੰ ਪਿਆਸ ਲੱਗੀ ਹੈ ਉਹ ਖੂਹ ਕੋਲ ਆਵੇ।

ਨੰਦ ਲਾਲ ਦੇ ਕੋਰੇ ਜਵਾਬ ਨਾਲ ਬੈਠੀ ਸਭਾ ਦੇ ਮੈਂਬਰਾਂ ਦੇ ਚਿਹਰੇ ਉੱਤਰ ਗਏ।

"ਜਿਹੜਾ ਵਕੀਲ ਹੁਣੇ ਗੱਲ ਕਰਨ ਨੂੰ ਤਿਆਰ ਨਹੀਂ ਅਜਿਹੇ ਵਕੀਲ ਨੂੰ ਗੋਲੀ ਮਾਰੋ।"

ਪੰਕਜ ਦੇ ਸਾਲੇ ਸਤੀਸ਼ ਦੇ ਇਕ ਦੋਸਤ ਨੇ ਮੱਤ ਪ੍ਰਗਟਾਇਆ। ਉਹ ਇਹ ਕੇਸ ਨੰਦ ਲਾਲ ਦੀ ਥਾਂ ਆਪਣੇ ਮਿੱਤਰ ਨੂੰ ਦਿਵਾਉਣਾ ਚਾਹੁੰਦਾ ਸੀ।

"ਨੰਦ ਲਾਲ ਬੁੱਢਾ ਹੋ ਗਿਆ ਹੈ। ਉਸਦਾ ਕੰਮ ਘਟ ਰਿਹਾ ਹੈ। ਸਿੰਗਲੇ ਦਾ ਕੰਮ ਚੜ੍ਹ ਰਿਹਾ ਹੈ। ਸਿੰਗਲਾ ਮੇਰਾ ਯਾਰ ਹੈ। ਉਸਨੂੰ ਇਥੇ ਬੁਲਾ ਲੈਂਦੇ ਹਾਂ। ਮੈਨੂੰ ਨਾਂਹ ਨਹੀਂ ਕਰੇਗਾ।" ਵਿਨੇ ਨੇ ਨੰਦ ਲਾਲ ਦੀ ਥਾਂ ਸਿੰਗਲੇ ਵਕੀਲ ਦਾ ਨਾਂ ਪੇਸ਼ ਕੀਤਾ।

"ਉਹ ਨੰਦ ਲਾਲ ਦਾ ਚੇਲਾ ਹੈ। ਚੇਲੇ ਗੁਰੂਆਂ ਤੋਂ ਅੱਗੇ ਨਹੀਂ ਲੰਘ ਸਕਦੇ। ਵਕੀਲ ਆਪਾਂ ਨੰਦ ਲਾਲ ਨੂੰ ਹੀ ਕਰਾਂਗੇ। ਰਾਏ ਮਸ਼ਵਰੇ ਲਈ ਸਿੰਗਲੇ ਨੂੰ ਬੁਲਾ ਲਓ। ਉਸਨੂੰ ਇਸ ਕੰਮ ਦੀ ਫ਼ੀਸ ਦੇ ਦੇਵਾਂਗੇ।"

ਅਜੇ ਨੂੰ ਵਿਨੇ ਦੀ ਨੰਦ ਲਾਲ ਦਾ ਨਾਂ ਰੱਦ ਕਰਨ ਦੀ ਤਜਵੀਜ਼ ਚੰਗੀ ਨਹੀਂ ਸੀ ਲੱਗੀ। ਉਸਨੇ ਮੋੜਵਾਂ ਜਵਾਬ ਦੇ ਕੇ ਆਪਣੀ ਤਜਵੀਜ ਬਚਾ ਲਈ। ਨਾਲੇ ਸਿੰਗਲੇ ਨੂੰ ਫ਼ੀਸ ਦੇਣ ਦਾ ਸੁਝਾਅ ਦੇ ਕੇ ਵਿਨੇ ਦੀ ਰੱਖ ਲਈ।

"ਨੰਦ ਲਾਲ ਲਾਲਚੀ ਸੁਭਾਅ ਦਾ ਬੰਦਾ ਹੈ। ਮੌਕਾ ਦੇਖਣ ਵੀ ਬਾਹਰ ਜਾਂਦਾ ਹੀ

ਹੈ। ਬੁਰਕੀ ਸੁੱਟੋ ਇਥੇ ਆ ਜਾਏਗਾ।"

ਸਤੀਸ਼ ਨੰਦ ਲਾਲ ਦਾ ਭੇਤੀ ਸੀ। ਉਸਨੇ ਆਪਣੇ ਤਜਰਬੇ ਦੇ ਆਧਾਰ 'ਤੇ ਨੰਦ ਲਾਲ ਨੂੰ ਇਥੇ ਬੁਲਾਉਣ ਦੀ ਤਜਵੀਜ਼ ਪੇਸ਼ ਕੀਤੀ।

ਇਕ ਵਾਰ ਫੇਰ ਫ਼ੋਨ ਮਿਲਾਇਆ ਗਿਆ। ਮੀਟਿੰਗ ਵਿਚ ਸ਼ਾਮਲ ਹੋਣ ਦੀ ਵੱਖਰੀ ਫ਼ੀਸ ਦੇਣ ਦੀ ਪੇਸ਼ਕਸ਼ ਕੀਤੀ ਗਈ।

"ਪਹਿਲਾਂ ਫ਼ੀਸ ਤੈਅ ਕਰ ਲਓ। ਬਾਕੀ ਫੇਰ ਦੇਖਾਂਗੇ।"

ਇਸ ਵਾਰ ਨੰਦ ਲਾਲ ਦਾ ਰਵਈਆ ਨਰਮ ਸੀ।

"ਅੱਗੇ ਕਦੇ ਫ਼ੀਸ ਘੱਟ ਦਿੱਤੀ ਹੈ। ਇਹ ਮੇਰਾ ਆਪਣਾ ਕੰਮ ਹੈ। ਜੋ ਮੰਗੋਗੇ ਮਿਲ ਜਾਏਗਾ। ਆਓ ਸਹੀ।"

ਅਜੇ ਨੇ ਆਪਣੀ ਦੋਸਤੀ ਦਾ ਅਹਿਸਾਸ ਕਰਾਇਆ।

"ਮੈਂ ਇਕ ਲੱਖ ਰੁਪਿਆ ਫ਼ੀਸ ਲਵਾਂਗਾ। ਜੇ ਕੇਸ ਲੜਨਾ ਪਿਆ ਫੇਰ ਪੰਜਾਹ ਹਜ਼ਾਰ ਹੋਰ ਲੱਗਣਗੇ। ਜੇ ਸ਼ਰਤ ਮਨਜ਼ੂਰ ਹੋਵੇ ਤਾਂ ਅੱਧੀ ਫ਼ੀਸ ਅਤੇ ਗੱਡੀ ਭੇਜ ਦੇਵੋ।"

ਨੰਦ ਲਾਲ ਨੇ ਆਪਣੀ ਫ਼ੀਸ ਅਤੇ ਸ਼ਰਤਾਂ ਦੱਸੀਆਂ।

ਪੰਕਜ ਨੂੰ ਫ਼ੀਸ ਬਹੁਤ ਜ਼ਿਆਦਾ ਲੱਗੀ। ਅੱਗੇ ਕਦੇ ਉਸਨੇ ਵਕੀਲ ਨੂੰ ਪੰਜ ਹਜ਼ਾਰ ਤੋਂ ਵੱਧ ਨਹੀਂ ਸੀ ਦਿੱਤਾ। ਹਾਲੇ ਉਨ੍ਹਾਂ ਨੂੰ ਆਪਣਾ ਨਾਂ ਘੜੀਸੇ ਜਾਣ ਦਾ ਸ਼ੱਕ ਸੀ। ਪੁਲਿਸ ਵੱਲੋਂ ਕੋਈ ਇਸ਼ਾਰਾ ਨਹੀਂ ਸੀ। ਹਾਲੇ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਦੇਣੀ ਸੀ। ਇਹ ਕੰਮ ਕਿਸੇ ਛੋਟੇ ਵਕੀਲ ਤੋਂ ਕਰਵਾਇਆ ਜਾ ਸਕਦਾ ਸੀ। ਜੇ ਪੁਲਿਸ ਪਿੱਛੇ ਪੈਣ ਲੱਗੀ ਫੇਰ ਨੰਦ ਲਾਲ ਨੂੰ ਵਕੀਲ ਕੀਤਾ ਜਾ ਸਕਦਾ ਸੀ।

"ਗੰਢਿਆਂ ਦੇ ਚੋਰ ਵਾਲੀ ਕਰਾਉਣ ਦਾ ਕੋਈ ਫ਼ਾਇਦਾ ਨਹੀਂ। ਕਿਧਰੇ ਇਹ ਨਾ ਹੋਵੇ ਕਿ ਲਾਲਚ-ਵੱਸ ਗੱਠੇ ਵੀ ਖਾਣੇ ਪੈਣ, ਛਿੱਤਰ ਵੀ ਅਤੇ ਅਖ਼ੀਰ ਜੁਰਮਾਨਾ ਵੀ ਭਰਨਾ ਪਵੇ। ਫੇਰ ਕਿਹੜਾ ਨੰਦ ਲਾਲ ਨੇ ਘੱਟ ਫ਼ੀਸ ਲੈ ਲੈਣੀ ਹੈ। ਉਲਟਾ ਉਸਨੇ ਭਾਰਾ ਹੋ ਜਾਣੈ। ਕਿਸੇ ਹੋਰ ਵਕੀਲ ਨੂੰ ਦਿੱਤੀ ਫ਼ੀਸ ਖੂਹ-ਖਾਤੇ ਪੈ ਜਾਣੀ ਹੈ।"

ਅਜੇ ਨੇ ਇਕ ਵਾਰ ਫੇਰ ਆਪਣਾ ਤਜਰਬਾ ਸਾਂਝਾ ਕੀਤਾ।

"ਠੀਕ ਹੈ। ਗੱਡੀ ਭੇਜੋ ਅਤੇ ਬੁਲਾਓ। ਸਿੰਗਲੇ ਨੂੰ ਵੀ ਬੁਲਾ ਲਓ। ਇਕ ਅਤੇ ਇਕ ਰਲਕੇ ਗਿਆਰਾਂ ਹੋ ਜਾਣਗੇ।"

ਨੀਰਜ ਨੇ ਝੱਟ ਫੈਸਲਾ ਸੁਣਾ ਦਿੱਤਾ।

## -16-

ਸਿੰਗਲਾ ਨੰਦ ਲਾਲ ਨਾਲੋਂ ਪਹਿਲਾਂ ਪੁੱਜ ਗਿਆ।

ਸਿੰਗਲੇ ਨੂੰ ਕਿਸ ਕੇਸ ਬਾਰੇ ਬੁਲਾਇਆ ਜਾ ਰਿਹਾ ਹੈ ਇਸਦੀ ਜਾਣਕਾਰੀ ਉਸ ਨੂੰ ਪਹਿਲਾਂ ਦੇ ਦਿੱਤੀ ਗਈ ਸੀ। ਉਹ ਜਿੰਨੀ ਜਾਣਕਾਰੀ ਮਿਲ ਸਕਦੀ ਸੀ ਉਨੀ ਲੈ ਆਇਆ ਸੀ।

ਠੇਕੇਦਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਾ ਸੀ। ਮੈਜਿਸਟਰੇਟ ਨੇ ਉਸਦਾ ਤਿੰਨ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਸੀ।

ਪੁਲਿਸ ਰਿਮਾਂਡ ਹਾਸਲ ਕਰਦੇ ਸਮੇਂ ਪੁਲਿਸ ਨੇ ਜੋ ਦਰਖ਼ਾਸਤ ਦਿੱਤੀ ਸੀ ਉਹ ਸਿੰਗਲਾ



ਪੜ੍ਹ ਆਇਆ ਸੀ। ਉਸ ਦਰਖ਼ਾਸਤ ਤੋਂ ਅਜਿਹਾ ਕੋਈ ਸੰਕੇਤ ਨਹੀਂ ਸੀ ਮਿਲਦਾ ਜਿਸ ਤੋਂ ਪੰਕਜ ਹੋਰਾਂ ਦੇ ਸਾਜ਼ਿਸ਼ ਵਿਚ ਸ਼ਾਮਲ ਹੋਣ ਬਾਰੇ ਅੰਦਾਜ਼ਾ ਲਗਦਾ ਹੋਵੇ। ਪੁਲਿਸ ਨੇ ਬਾਕੀ ਦੋਸ਼ੀਆਂ ਦੇ ਨਾਂ ਪਤੇ ਪੁੱਛਣ ਅਤੇ ਮਾਲ ਬਰਾਮਦ ਕਰਾਉਣ ਲਈ ਪੁਲਿਸ ਰਿਮਾਂਡ ਮੰਗਿਆ ਸੀ।

ਜਿਸ ਸਰਕਾਰੀ ਵਕੀਲ ਨੇ ਠੇਕੇਦਾਰ ਦਾ ਰਿਮਾਂਡ ਲਿਆ ਸੀ ਉਸ ਨਾਲ ਸਿੰਗਲੇ ਦਾ ਖਾਣ-ਪੀਣ ਸੀ। ਸਿੰਗਲੇ ਨੇ ਉਸ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਸੀ। ਪਰ ਉਹ ਦੂਸਰੀ ਕਚਹਿਰੀ ਵਿਚ ਰੁੱਝਾ ਹੋਇਆ ਸੀ।

"ਜੇ ਕੁਝ ਖ਼ਰਚ ਕਰਨ ਦੀ ਇਜਾਜ਼ਤ ਹੋਵੇ ਤਾਂ ਮੈਂ ਉਸ ਕੋਲੋਂ ਮਿਸਲ ਦਾ ਹਾਲ-ਚਾਲ ਪੁੱਛ ਸਕਦਾ ਹਾਂ।"

ਸਿੰਗਲੇ ਨੇ ਸਰਕਾਰੀ ਵਕੀਲ ਦੇ ਖਾਣ-ਪੀਣ ਦੇ ਸੁਭਾਅ ਨੂੰ ਮੁੱਖ ਰੱਖ ਕੇ ਖਰਚੇ ਦੀ ਇਜਾਜ਼ਤ ਮੰਗੀ।

"ਪੈਸਿਆਂ ਦੀ ਪਰਵਾਹ ਨਾ ਕਰੋ। ਮਸਲਾ ਹੱਲ ਕਰੋ।" ਨੀਰਜ ਦੇ ਬੋਲਣ ਤੋਂ ਪਹਿਲਾਂ ਹੀ ਵਿਨੇ ਨੇ ਸਿੰਗਲੇ ਨੂੰ ਇਜਾਜ਼ਤ ਦੇ ਦਿੱਤੀ।

ਮੋਬਾਇਲ ਫ਼ੋਨ 'ਤੇ ਸਰਕਾਰੀ ਵਕੀਲ ਨਾਲ ਗੱਲ ਹੋਈ।

ਸਰਕਾਰੀ ਵਕੀਲ ਨੇ ਮਿਸਲ ਗੰਭੀਰਤਾ ਨਾਲ ਨਹੀਂ ਸੀ ਪੜ੍ਹੀ। ਅਦਾਲਤ ਦੇ ਬਾਹਰ ਸਟੂਡੈਂਟ ਯੂਨੀਅਨ ਮੁਜ਼ਾਹਰਾ ਕਰ ਰਹੀ ਸੀ। ਪੱਤਰਕਾਰਾਂ ਦੀ ਟੀਮ ਕੈਮਰੇ ਚੁੱਕੀ ਫਿਰਦੀ ਸੀ। ਮਹਿਲਾ ਮੁਕਤੀ ਸੰਮਤੀ ਆਪਣਾ ਮਜਮਾ ਲਾਈ ਬੈਠੀ ਸੀ। ਪਹਿਲੇ ਦਿਨ ਤੋਂ ਪ੍ਰੈਸ ਇਸ ਘਟਨਾ ਦਾ ਵਿਸਥਾਰ ਦੇ ਰਹੀ ਸੀ। ਰਿਮਾਂਡ ਮਿਲਣਾ ਹੀ ਮਿਲਣਾ ਸੀ। ਸਰਕਾਰੀ ਵਕੀਲ ਨੂੰ ਬਹੁਤੀ ਬਹਿਸ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਹੋਈ। ਇਸ ਲਈ ਉਸਨੇ ਮਿਸਲ ਨਹੀਂ ਸੀ ਘੋਖੀ।

"ਠੇਕੇਦਾਰ ਨੇ ਆਪਣੇ ਸਾਥੀਆਂ ਦੇ ਨਾਂ ਦੱਸ ਦਿੱਤੇ? ਕਿਸ-ਕਿਸ ਦਾ ਨਾਂ ਲਿਆ ਹੈ? ਕੁਝ ਯਾਦ ਹੈ?"

"ਉਸ ਨੂੰ ਇਕੱਲੇ ਆਪਣੇ ਭਤੀਜੇ ਦੇ ਨਾਂ ਦਾ ਪਤਾ ਸੀ। ਬਾਕੀ ਭਤੀਜੇ ਨੂੰ ਜਾਣਦੇ ਸਨ। ਤੂੰ ਕਿਸ ਦਾ ਪੁੱਛਣਾ ਹੈ? ਸਾਫ਼-ਸਾਫ਼ ਦੱਸ।"

ਸਿੰਗਲੇ ਨੇ ਅੰਦਾਜ਼ਾ ਲਾਇਆ। ਗੱਲ ਹਾਲੇ ਭਈਆਂ 'ਤੇ ਰੁਕੀ ਹੋਈ ਸੀ। ਪੰਕਜ ਹੋਰਾਂ ਨੂੰ ਕੋਈ ਖ਼ਤਰਾ ਨਹੀਂ ਸੀ।

"ਯਾਰ ਅਸਲ ਗੱਲ ਇਹ ਹੈ ਕਿ ਵੇਦ ਦਾ ਮੇਰੇ ਦੋਸਤ ਨਾਲ ਦੀਵਾਨੀ ਝਗੜਾ ਚਲਦਾ ਹੈ। ਲਾਲਿਆਂ ਵਾਂਗ ਇਹ ਡਰੀ ਜਾਂਦੇ ਹਨ। ਮੈਂ ਇਨ੍ਹਾਂ ਬਾਰੇ ਪੁੱਛਣਾ ਸੀ।"

"ਬਾਈ ਜੀ ਸੱਚੀ ਗੱਲ ਇਹ ਹੈ ਕਿ ਮੈਂ ਮਿਸਲ ਦੀਆਂ ਜ਼ਿਮਨੀਆਂ ਨਹੀਂ ਪੜ੍ਹੀਆਂ। ਜੇ ਬਹੁਤੀ ਗੱਲ ਹੈ ਥਾਣੇ ਜਾ ਆਉਂਦਾ ਹਾਂ। ਤੂੰ ਕਿਥੋਂ ਬੋਲਦਾ ਹੈਂ? ਥਾਣੇ ਜਾ ਕੇ ਮੈਂ ਤੇਰੇ ਕੋਲ ਆ ਜਾਂਦਾ ਹਾਂ।"

ਸਿੰਗਲੇ ਨੇ ਸਰਕਾਰੀ ਵਕੀਲ ਨੂੰ ਮਹਿਫ਼ਲ ਹੋਟਲ ਦਾ ਟਾਇਮ ਦੇ ਦਿੱਤਾ।

ਪੰਕਜ ਨੂੰ ਰਾਹਤ ਮਹਿਸੂਸ ਹੋਈ। ਹਾਲੇ ਤਕ ਬਚਾਅ ਸੀ।

ਪਰ ਸਿੰਗਲੇ ਦਾ ਧੁੜਕੂ ਦੂਰ ਨਹੀਂ ਸੀ ਹੋਇਆ। ਲਗਦਾ ਸੀ ਸਰਕਾਰੀ ਵਕੀਲ ਊਟ-ਪਟਾਂਗ ਬੋਲ ਰਿਹਾ ਸੀ। ਉਸਨੇ ਮਿਸਲ ਪੜ੍ਹੀ ਨਹੀਂ ਸੀ। ਉਹ ਦੱਸੇ ਵੀ ਕੀ?

"ਹੋਰ ਕਿਸ ਪਾਸੇ ਸੰਪਰਕ ਕਰੀਏ?" ਸਿੰਗਲਾ ਹਾਲੇ ਸੋਚ ਹੀ ਰਿਹਾ ਸੀ ਕਿ ਬਾਬੂ

ਨੰਦ ਲਾਲ ਜੀ ਆ ਧਮਕੇ।

ਸਿੰਗਲੇ ਨੇ ਖੜ੍ਹਾ ਹੋ ਕੇ ਉਸਦਾ ਸਵਾਗਤ ਕੀਤਾ। ਝੁਕ ਕੇ ਗੋਡੇ ਹੱਥ ਲਾਏ।

ਫੇਰ ਚੁੱਪ ਕਰਕੇ ਨੰਦ ਲਾਲ ਦੀਆਂ ਤਜਵੀਜ਼ਾਂ ਸੁਣਨ ਲੱਗਾ।

## -17-

ਨੀਰਜ ਦੇ ਮੂੰਹੋਂ ਹੁਣ ਤਕ ਦੀ ਕਹਾਣੀ ਸੁਣ ਕੇ ਨੰਦ ਲਾਲ ਨੇ ਅਗਲੀ ਕਾਰਵਾਈ ਸ਼ੁਰੂ ਕੀਤੀ।

ਨੰਦ ਲਾਲ ਦੀ ਕਪਤਾਨ ਨਾਲ ਸਿੱਧੀ ਗੱਲ ਸੀ। ਪਰ ਹਾਲੇ ਉਹ ਸਿਰੇ ਦੇ ਡੰਡੇ ਨੂੰ ਹੱਥ ਨਹੀਂ ਸੀ ਪਾਉਣਾ ਚਾਹੁੰਦਾ। ਕਾਰਵਾਈ ਪਹਿਲੇ ਡੰਡੇ ਤੋਂ ਸ਼ੁਰੂ ਹੋਣੀ ਚਾਹੀਦੀ ਸੀ। ਜਾਣਕਾਰੀ ਸਹੀ ਵੀ ਮਿਲਣੀ ਸੀ ਅਤੇ ਸਸਤੀ ਵੀ।

ਸਭ ਤੋਂ ਪਹਿਲਾਂ ਨੰਦ ਲਾਲ ਨੇ ਥਾਣੇ ਦੇ ਮੁਨਸ਼ੀ ਨੂੰ ਟੋਹਿਆ। ਮੁਨਸ਼ੀ ਥਾਣੇ ਦੀ ਮਾਂ ਵਾਂਗ ਹੁੰਦਾ ਹੈ। ਥਾਣੇ ਵਿਚ ਹੋਣ ਵਾਲੀ ਹਰ ਕਾਰਵਾਈ ਦਾ ਉਸਨੂੰ ਇਲਮ ਹੁੰਦਾ ਹੈ।

ਮੌਕੇ ਅਤੇ ਦੋਸ਼ੀਆਂ ਕੋਲੋਂ ਬਰਾਮਦ ਹੋਇਆ ਮਾਲ ਮੁਨਸ਼ੀ ਕੋਲ ਜਮ੍ਹਾਂ ਹੁੰਦਾ ਹੈ। ਮਾਲ ਫੜਿਆ ਵੱਧ ਹੁੰਦਾ ਹੈ ਪਰ ਕਾਗਜ਼ੀਂ-ਪੱਤਰੀ ਘੱਟ ਦਿਖਾਇਆ ਹੁੰਦਾ ਹੈ। ਢੁਕਵੇਂ ਸਮੇਂ ’ਤੇ ਮਿਸਲ ਦਾ ਢਿੱਡ ਪੂਰਾ ਕੀਤਾ ਜਾਂਦਾ ਹੈ। ਮੁਨਸ਼ੀ ਕੋਲ ਰੱਖੇ ਮਾਲ ਕੋਲੋਂ ਇਹ ਪਤਾ ਲਗ ਜਾਂਦਾ ਹੈ ਕਿ ਪੁਲਿਸ ਅੱਗੋਂ ਕੀ ਕਰਨ ਵਾਲੀ ਹੈ?

ਨੰਦ ਲਾਲ ਇਹੋ ਅੰਦਾਜ਼ਾ ਲਾਉਣਾ ਚਾਹੁੰਦਾ ਸੀ।

“ਮਾਲਖ਼ਾਨੇ ਵਿਚ ਬਹੁਤ ਥੋੜ੍ਹਾ ਮਾਲ ਪੁੱਜਿਆ ਹੈ। ਬਹੁਤਾ ਮਾਲ ਕਪਤਾਨ ਨੇ ਆਪਣੇ ਕੋਲ ਰੱਖ ਰੱਖਿਆ ਹੈ। ਰਜਿਸਟਰ ਅਤੇ ਰੋਜ਼ਨਾਮਚੇ ਖਾਲੀ ਛੱਡੇ ਗਏ ਹਨ। ਪਤਾ ਨਹੀਂ ਕਪਤਾਨ ਕੀ ਹੁਕਮ ਕਰਦਾ ਹੈ?”

ਨੰਦ ਲਾਲ ਨੂੰ ਲੱਗਾ ਮੁਨਸ਼ੀ ਪੁਲਸੀਏ ਅੰਦਾਜ਼ ਵਿਚ ਗੋਲ-ਮੋਲ ਗੱਲ ਕਰ ਰਿਹਾ ਸੀ।

ਮੁਨਸ਼ੀ ਹੁਣੇ ਨਮਕ-ਹਰਾਮੀ ਕਰ ਜਾਏਗਾ, ਇਸਦੀ ਨੰਦ ਲਾਲ ਨੂੰ ਆਸ ਨਹੀਂ ਸੀ। ਉਸਨੂੰ ਰਿਸ਼ਵਤ ਦੇ ਕੇਸ ਵਿਚੋਂ ਬਰੀ ਹੋਇਆਂ ਹਾਲੇ ਹਫ਼ਤਾ ਵੀ ਨਹੀਂ ਹੋਇਆ। ਜੇ ਨੰਦ ਲਾਲ ਵਿਚ ਨਾ ਪੈਂਦਾ ਤਾਂ ਗਵਾਹਾਂ ਨੇ ਗਵਾਹੀ ਤੋਂ ਇਕ ਇੰਚ ਇਧਰ-ਉਧਰ ਨਹੀਂ ਸੀ ਹੋਣਾ। ਮੁਨਸ਼ੀ ਨੇ ਬਥੇਰਾ ਗਵਾਹਾਂ ਦੇ ਪੈਰੀਂ ਪੱਗ ਰੱਖੀ, ਬਥੇਰੇ ਰਿਸ਼ਤੇਦਾਰ ਢੋਏ, ਪਰ ਉਹ ਭਰੇ ਸੱਥ ਵਿਚ ਹੋਈ ਬੇਇਜ਼ਤੀ ਨੂੰ ਭੁੱਲਣ ਨੂੰ ਤਿਆਰ ਨਹੀਂ ਸਨ। ਮੁਨਸ਼ੀ ਨੇ ਉਨ੍ਹਾਂ ਨਾਲ ਬੁਰੀ ਕੀਤੀ ਸੀ। ਨਾਲੇ ਫ਼ੀਸ ਲੈ ਲਈ, ਨਾਲੇ ਚਾਲੂ ਭੱਠੀ ਫੜਕੇ ਕੇਸ ਬਣਾ ਦਿੱਤਾ, ਨਾਲੇ ਭਰੀ ਪੰਚਾਇਤ ਸਾਹਮਣੇ ਕੁਟਾਈ ਕਰ ਦਿੱਤੀ। ਉਨ੍ਹਾਂ ਦਾ ਗੁੱਸਾ ਤਾਂ ਹੀ ਠੰਡਾ ਹੁੰਦਾ ਸੀ ਜੇ ਮੁਨਸ਼ੀ ਨੂੰ ਸਜ਼ਾ ਹੋਵੇ। ਜਦੋਂ ਮੁਨਸ਼ੀ ਹੰਭ ਗਿਆ ਤਾਂ ਨੰਦ ਲਾਲ ਨੇ ਗਵਾਹਾਂ ਨੂੰ ਮਨਾਉਣ ਵਾਲੀ ਘੁੰਡੀ ਦੱਸੀ। ਮੁਨਸ਼ੀ ਨੇ ਉਹੋ ਬੰਦਾ ਜਾ ਫੜਿਆ। ਅਗਲੀ ਪੇਸ਼ੀ ਗਵਾਹ ਮੁੱਕਰ ਗਏ। ਮੁਨਸ਼ੀ ਬਰੀ ਹੋ ਗਿਆ।

ਲਗਦਾ ਸੀ ਉਹੋ ਮੁਲਜ਼ਮ ਹੁਣ ਨੰਦ ਲਾਲ ਨੂੰ ‘ਹੁਰਰ’ ਕਹਿ ਰਿਹਾ ਸੀ।

“ਪੁੱਤਰਾ ਬਾਪੂ ਨੂੰ ਗੋਲ-ਮੋਲ ਜਵਾਬ ਨਾ ਦੇ। ਜੇ ਅਹਿਸਾਨ ਨਹੀਂ ਮੰਨਣਾ ਤਾਂ ਸ਼ਾਮ



ਨੂੰ ਆਪਣੀ ਫ਼ੀਸ ਲੈ ਜਾਈਂ। ਪਰ ਗੱਲ ਸਹੀ ਦੱਸ।”

ਗੁੱਸੇ ’ਚ ਆਏ ਨੰਦ ਲਾਲ ਨੇ ਮੁਨਸ਼ੀ ਨੂੰ ਝਿੜਕਿਆ।

ਮੁਨਸ਼ੀ ਨੇ ਦਸ ਸੌਹਾਂ ਖਾਧੀਆਂ। ਉਹ ਸੱਚ ਬੋਲ ਰਿਹਾ ਸੀ। ਉਸਨੂੰ ਕੁਝ ਪਤਾ ਨਹੀਂ ਸੀ।

“ਚੰਗਾ ਇਉਂ ਦੱਸ ਬਈ ਸਹੀ ਜਾਣਕਾਰੀ ਕੌਣ ਦੇ ਸਕਦਾ ਹੈ?”

“ਭੁੱਲਰ, ਸਾਹਿਬ ਦਾ ਰੀਡਰ ਹੈ। ਲਿਖਾਪੜ੍ਹੀ ਉਹੋ ਕਰ ਰਿਹਾ ਹੈ। ਉਹੋ ਭੁੱਲਰ ਜਿਸ ਉਪਰ ਰੋਜ਼ਨਾਮਚਾ ਸਾੜਨ ਦਾ ਕੇਸ ਚੱਲ ਰਿਹਾ ਹੈ। ਤੁਸੀਂ ਉਸਦੇ ਵਕੀਲ ਹੋ।”

ਮੁਨਸ਼ੀ ਨੇ ਰੀਡਰ ਦੇ ਨਾਂ ਦੇ ਨਾਲ-ਨਾਲ ਮੋਬਾਇਲ ਫ਼ੋਨ ਦਾ ਨੰਬਰ ਦੱਸ ਕੇ ਨੰਦ ਲਾਲ ਦੀ ਅੜਚਨ ਅਸਾਨ ਕਰ ਦਿੱਤੀ।

ਭੁੱਲਰ ਨੇ ਨੰਦ ਲਾਲ ਨੂੰ ਨਿਰਾਸ਼ ਨਹੀਂ ਸੀ ਹੋਣ ਦਿੱਤਾ।

ਸਰਕਾਰੀ ਵਕੀਲ ਅਤੇ ਮੁਨਸ਼ੀ ਸੱਚ ਬੋਲ ਰਹੇ ਸਨ। ਹਾਲੇ ਤਕ ਜੋ ਕਾਰਵਾਈ ਹੋਈ ਸੀ ਉਹ ਜ਼ੁਬਾਨੀ ਹੋਈ ਸੀ। ਮਿਸਲ ਠੱਪ ਸੀ। ਕੋਈ ਕੁਝ ਦੱਸੇ ਤਾਂ ਕਿਸ ਤਰ੍ਹਾਂ?

ਵੈਸੇ ਮਾਮਲਾ ਸ਼ੀਸ਼ੇ ਵਾਂਗ ਸਾਫ਼ ਸੀ।

ਪਹਿਲਾਂ ਠੇਕੇਦਾਰ ਮਾਰ ਸਹਿੰਦਾ ਰਿਹਾ। ਉਸ ਨੂੰ ਕੁਰਸੀ ਲਾਈ, ਘੋਟਾ ਲਾਇਆ, ਪੁੱਠਾ ਲਟਕਾਇਆ। ਪਰ ਉਹ ਟਸ ਤੋਂ ਮਸ ਨਾ ਹੋਇਆ। ਅਚਾਨਕ ਜਦੋਂ ਉਸਦਾ ਭਤੀਜਾ ਪੁਲਿਸ ਦੇ ਹੱਥ ਲਗ ਗਿਆ, ਉਹ ਫੋੜੇ ਵਾਂਗ ਫਿਸ ਪਿਆ।

ਸ਼ਹਿਰ ਦੇ ਸ਼ੇਰਪੁਰ ਚੌਂਕ ਵਿਚੋਂ ਇਕ ਬੱਸ ਹਰ ਰਾਤ ਬਿਹਾਰ ਨੂੰ ਜਾਂਦੀ ਸੀ। ਬੱਸ ਦੇ ਮਾਲਕਾਂ ਕੋਲ ਰੂਟ ਪਰਮਿਟ ਨਹੀਂ ਸੀ। ਅਫ਼ਸਰਾਂ ਦੀ ਸ਼ਹਿ ’ਤੇ ਕੰਮ ਦੋ ਨੰਬਰ ਵਿਚ ਹੋ ਰਿਹਾ ਸੀ। ਬੱਸ ਵਿਚ ਬਹੁਤੇ ਭਈਏ ਚੜ੍ਹਦੇ ਸਨ। ਬੱਸ ਤੁਰਨ ਤੋਂ ਪਹਿਲਾਂ ਪੁਲਿਸ ਭਈਆਂ ਉਪਰ ਸਰਸਰੀ ਜਿਹੀ ਨਜ਼ਰ ਮਾਰ ਲੈਂਦੀ ਸੀ।

ਉਸ ਦਿਨ ਇਸ ਵਾਰਦਾਤ ਕਾਰਨ ਪੁਲਿਸ ਨੇ ਸਟੇਸ਼ਨ ਅਤੇ ਬੱਸ ਅੱਡੇ ਉਪਰ ਸਖ਼ਤ ਪਹਿਰਾ ਲਾਇਆ ਹੋਇਆ ਸੀ। ਸ਼ਹਿਰੋਂ ਬਾਹਰ ਜਾਂਦੀ ਹਰ ਕਾਰ, ਬੱਸ ਦੀ ਤਲਾਸ਼ੀ ਹੋ ਰਹੀ ਸੀ।

ਸ਼ੇਰਪੁਰ ਚੌਂਕੀ ਦਾ ਇੰਚਾਰਜ ਕਪਤਾਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰ ਰਿਹਾ ਸੀ। ਤਲਾਸ਼ੀ ਦੇ ਬਹਾਨੇ ਹਰ ਭਈਏ ਦਾ ਸਮਾਨ ਖੁਲ੍ਹਵਾ ਕੇ ਦਸ ਵੀਹ ਝਾੜ ਰਿਹਾ ਸੀ।

ਇਕ ਭਈਏ ਨੇ ਜਿਉਂ ਹੀ ਇਕ ਰੰਗਦਾਰ ਟੈਲੀਵਿਜ਼ਨ ਅਤੇ ਇਕ ਵੀ.ਸੀ.ਆਰ. ਬੱਸ ਦੇ ਪਿੱਛੇ ਬਣੇ ਬਾਕਸ ਵਿਚ ਰੱਖਿਆ ਝੱਟ ਉਸਨੇ ਭਈਏ ਨੂੰ ਦਬੋਚ ਲਿਆ। ਉਸ ਸਮੇਂ ਉਸਦੀ ਨੀਅਤ ਚਾਰ ਪੈਸੇ ਲੈ ਕੇ ਭਈਏ ਨੂੰ ਛੱਡ ਦੇਣ ਦੀ ਸੀ। ਉਸਨੂੰ ਨਹੀਂ ਸੀ ਪਤਾ ਕਿ ਵੱਡੀ ਮੱਛੀ ਜਾਲ ਵਿਚ ਫਸ ਚੁੱਕੀ ਸੀ।

ਬੱਸ ਦੇ ਮਾਲਕਾਂ ਨੇ ਇੰਚਾਰਜ ਦੇ ਇਸ ਰਵੱਈਏ ’ਤੇ ਇਤਰਾਜ਼ ਕੀਤਾ। ਪੁਲਿਸ ਨੂੰ ਫ਼ੀਸ ਇਸੇ ਖੱਜਲ-ਖੁਆਰੀ ਤੋਂ ਬਚਣ ਲਈ ਦਿੱਤੀ ਜਾਂਦੀ ਸੀ। ਜੇ ਸਵਾਰੀਆਂ ਇਸ ਤਰ੍ਹਾਂ ਪ੍ਰੇਸ਼ਾਨ ਹੋਣਗੀਆਂ ਤਾਂ ਕੌਣ ਉਨ੍ਹਾਂ ਦੀ ਬੱਸ ਵਿਚ ਬੈਠੇਗਾ?

ਬੱਸ ਦੇ ਮਾਲਕ ਤੋਂ ਖਹਿੜਾ ਛੁਡਾਉਣ ਲਈ ਚੌਂਕੀ ਇੰਚਾਰਜ ਨੇ ਉਂਝ ਹੀ ਬਹਾਨਾ ਘੜ ਦਿੱਤਾ। ਦੀਪ ਨਗਰ ਹੋਈ ਡਕੈਤੀ ਵਿਚ ਇਹੋ ਜਿਹੇ ਸਮਾਨ ਦੀ ਚੋਰੀ ਹੋਈ ਸੀ। ਸਾਹਬਿ ਦੀ ਸਖ਼ਤ ਹਦਾਇਤ ਸੀ। ਇਹੋ ਜਿਹਾ ਸਮਾਨ ਲੈ ਕੇ ਘੁੰਮ ਰਹੇ ਹਰ ਬੰਦੇ ਦੀ

ਪੂਰੀ ਘੋਖ ਪੜਤਾਲ ਹੋਵੇ। ਉਹ ਉਸੇ ਹੁਕਮ ਦੀ ਪਾਲਣਾ ਕਰ ਰਿਹਾ ਸੀ।

ਮਨਘੜਤ ਕਹਾਣੀ ਘੜਦੇ ਇੰਚਾਰਜ ਨੂੰ ਫੁਰਨਾ ਫੁਰਿਆ। ਇਹ ਕਿਧਰੇ ਸੱਚਮੁੱਚ ਉਹੋ ਸਮਾਨ ਨਾ ਹੋਵੇ।

ਇੰਚਾਰਜ ਨੇ ਭਈਆ ਅਤੇ ਸਮਾਨ ਬੱਸ ਵਿਚੋਂ ਉਤਾਰ ਲਏ। ਉਹ ਬਿਨਾਂ ਪੁੱਛ ਪੜਤਾਲ ਦੇ ਭਈਏ ਨੂੰ ਨਹੀਂ ਛੱਡ ਸਕਦਾ। ਮਾਲਕ ਨੂੰ ਤਕਲੀਫ਼ ਹੈ ਤਾਂ ਕਪਤਾਨ ਨਾਲ ਗੱਲ ਕਰੇ।

ਮਾਲਕ ਕਿਸੇ ਝੰਜਟ ਵਿਚ ਪੈਣ ਨੂੰ ਤਿਆਰ ਨਹੀਂ ਸੀ। ਭਈਏ ਨੂੰ ਉਤਾਰ ਕੇ ਉਸਨੇ ਬੱਸ ਤੋਰ ਲਈ।

ਤੀਜੀ ਸ਼ਿਫਟ ਵਿਚ ਭਈਆ ਜੁਰਮ ਦਾ ਇਕਬਾਲ ਕਰਨ ਲੱਗਾ।

ਆਪਣੇ ਹਿੱਸੇ ਆਏ ਗਹਿਣੇ ਅਤੇ ਕੱਪੜੇ ਟਰੰਕ ਵਿਚੋਂ ਕੱਢ ਕੇ ਉਸਨੇ ਪੁਲਿਸ ਦੇ ਹਵਾਲੇ ਕਰ ਦਿੱਤੇ। ਵਾਰਦਾਤ ਸਮੇਂ ਵਰਤੀ ਰਾਡ ਅਤੇ ਆਪਣੇ ਖ਼ੂਨ ਨਾਲ ਲਿਬੜੇ ਕੱਪੜੇ ਉਸਨੇ ਆਪਣੇ ਕੁਆਟਰ ਦੀਆਂ ਪਿਛਲੀਆਂ ਝਾੜੀਆਂ ਵਿਚੋਂ ਬਰਾਮਦ ਕਰਵਾ ਦਿੱਤੇ।

ਚਾਚੇ ਭਤੀਜੇ ਨੂੰ ਜਦੋਂ ਆਹਮਣੇ-ਸਾਹਮਣੇ ਕੀਤਾ ਗਿਆ ਤਾਂ ਚਾਚੇ ਦੀਆਂ ਨਸਾਂ ਢਿੱਲੀਆਂ ਪੈ ਗਈਆਂ। ਉਸਨੇ ਸਾਜ਼ਿਸ਼ ਦੇ ਸਾਰੇ ਵੇਰਵੇ ਵਿਸਥਾਰ-ਪੂਰਵਕ ਦੱਸ ਦਿੱਤੇ।

ਪੁਲਿਸ ਦੀ ਇਕ ਪਾਰਟੀ ਦੋਸ਼ੀਆਂ ਨੂੰ ਫੜਨ ਲਈ ਬਿਹਾਰ ਲਈ ਰਵਾਨਾ ਹੋ ਗਈ ਸੀ। ਦੂਜੀ ਪਾਰਟੀ ਪੰਕਜ ਹੋਰਾਂ ਉਪਰ ਨਜ਼ਰ ਰੱਖ ਰਹੀ ਸੀ।

"ਲੈ ਬਈ ਸੇਠ ਅਜੇ ਕੁਮਾਰ! ਕਹਾਣੀ ਸਾਫ਼ ਹੋ ਗਈ। ਆਪਣਾ ਨਾਂ ਮਿਸਲ 'ਤੇ ਆ ਚੁੱਕਾ ਹੈ।"

ਰੀਡਰ ਤੋਂ ਸਾਰਾ ਵੇਰਵਾ ਲੈ ਕੇ ਨੰਦ ਲਾਲ ਦੇ ਚਿਹਰੇ 'ਤੇ ਚਿੰਤਾ ਦੀ ਥਾਂ ਖ਼ੁਸ਼ੀ ਦੇ ਚਿੰਨ੍ਹ ਉਭਰੇ ਸਨ। ਉਸਨੂੰ ਆਪਣੀ ਕਾਰਗੁਜ਼ਾਰੀ 'ਤੇ ਫ਼ਖਰ ਹੋ ਰਿਹਾ ਸੀ। ਨੰਦ ਲਾਲ ਜੇ ਸੁਰਾਗ਼ ਨਾ ਕੱਢਦਾ ਤਾਂ ਪੁਲਿਸ ਨੇ ਦੋਹਾਂ ਭਰਾਵਾਂ ਨੂੰ ਸੁੱਤਿਆਂ ਨੂੰ ਦਬੋਚ ਲੈਣਾ ਸੀ। ਸਾਲ ਭਰ ਉਨ੍ਹਾਂ ਨੂੰ ਜੇਲ੍ਹ ਦੀ ਹਵਾ ਖਾਣੀ ਪੈਣੀ ਸੀ।

ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਹੁਣ ਲਾਉਣੀ ਹੀ ਪੈਣੀ ਸੀ।

ਦਰਖ਼ਾਸਤ ਦਾ ਮਜ਼ਮੂਨ ਤਿਆਰ ਕਰਨ ਤੋਂ ਪਹਿਲਾਂ ਨੰਦ ਲਾਲ ਨੂੰ ਸਾਰੀ ਵਾਰਦਾਤ ਦਾ ਵੇਰਵਾ ਚਾਹੀਦਾ ਸੀ।

ਦੋਸ਼ੀਆਂ ਨੇ ਆਪਣੇ ਜੁਰਮ ਦਾ ਇਕਬਾਲ ਕਰਨਾ ਸੀ। ਇਹ ਇਕੱਲੇ ਵਕੀਲ ਦੀ ਹਾਜ਼ਰੀ ਵਿਚ ਹੋਣਾ ਚਾਹੀਦਾ ਸੀ। ਹੋਰਾਂ ਸਾਹਮਣੇ ਕੀਤਾ ਇਕਬਾਲ ਉਨ੍ਹਾਂ ਵਿਰੁੱਧ ਵਰਤਿਆ ਜਾ ਸਕਦਾ ਸੀ।

ਸੱਚ ਜਾਨਣ ਲਈ ਨੰਦ ਲਾਲ ਦੋਹਾਂ ਭਰਾਵਾਂ ਅਤੇ ਅਜੇ ਨੂੰ ਨਾਲ ਦੇ ਕਮਰੇ ਵਿਚ ਲੈ ਗਿਆ।

"ਤੁਸੀਂ ਮੁਕੱਦਮੇ ਵਿਚ ਫਸ ਗਏ ਹੋ। ਮੈਂ ਵਕੀਲ ਦੇ ਨਾਤੇ ਤੁਹਾਡਾ ਬਚਾਅ ਕਰਨਾ ਹੈ। ਮੇਰੇ ਕੋਲੋਂ ਗੱਲ ਛੁਪਾਉਣੀ ਨਹੀਂ। ਦਾਈ ਕੋਲੋਂ ਪੇਟ ਨਹੀਂ ਛੁਪਾਇਆ ਜਾ ਸਕਦਾ। ਮੈਂ ਸਾਰੇ ਪੱਖ ਜਾਣ ਕੇ ਹੀ ਕੋਈ ਸਫ਼ਾਈ ਪੱਖ ਘੜ ਸਕਾਂਗਾ। ਇਸ ਲਈ ਸੱਚ-ਸੱਚ ਦੱਸਣਾ।"

"ਇਕ ਕਾਨੂੰਨੀ ਨੁਕਤਾ ਹੋਰ ਦੱਸ ਦਿਆਂ। ਕਾਨੂੰਨ ਤੁਹਾਨੂੰ ਮੇਰੇ ਅੱਗੇ ਢਿੱਡ ਫਰੋਲਣ ਦਾ ਹੱਕ ਦਿੰਦਾ ਹੈ। ਮੇਰੇ ਉਪਰ ਕਾਨੂੰਨੀ ਪਾਬੰਦੀ ਹੈ। ਤੁਹਾਡੇ ਇਸ ਇਕਬਾਲ ਨੂੰ ਮੈਂ



ਤੁਹਾਡੇ ਵਿਰੁੱਧ ਕਦੇ ਨਹੀਂ ਵਰਤ ਸਕਦਾ। ਤੁਹਾਡਾ ਵਕੀਲ ਨਾ ਰਹਿਣ ਪਿੱਛੋਂ ਵੀ ਨਹੀਂ।"

ਸੱਚ ਇਹ ਸੀ ਕਿ ਪੰਕਜ ਹੋਰਾਂ ਨੇ ਇਕ ਸਾਜ਼ਿਸ਼ ਘੜੀ ਸੀ। ਪਰ ਇਰਾਦਾ ਇਡਾ ਭਾਣਾ ਵਰਤਾਉਣ ਦਾ ਨਹੀਂ ਸੀ। ਉਹ ਮੂੰਹ-ਫੱਟ ਚਾਚੀ ਅਤੇ ਸੱਪ ਵਾਂਗ ਫੱਨ ਚੁੱਕ ਰਹੇ ਕਮਲ ਨੂੰ ਥੋੜ੍ਹਾ ਜਿਹਾ ਸਬਕ ਸਿਖਾਉਣਾ ਚਾਹੁੰਦੇ ਸਨ। ਨਾ ਉਨ੍ਹਾਂ ਨੂੰ ਚਾਚੇ ਨਾਲ ਗਿਲਾ ਸੀ, ਨਾ ਨੇਹਾ ਨਾਲ। ਨੇਹਾ ਦੀ ਇੱਜ਼ਤ ਉਨ੍ਹਾਂ ਦੀ ਇੱਜ਼ਤ ਸੀ।

ਲਗਦਾ ਸੀ ਠੇਕੇਦਾਰ ਲਾਲਚ ਵਿਚ ਆ ਗਿਆ ਸੀ। ਵਾਅਦੇ ਮੁਤਾਬਕ ਠੇਕੇਦਾਰ ਨੇ ਵਾਰਦਾਤ ਵਿਚ ਸ਼ਾਮਲ ਨਹੀਂ ਸੀ ਹੋਣਾ। ਲੱਗਦਾ ਸੀ ਉਹ ਇਕ ਬੰਦੇ ਦੇ ਪੈਸੇ ਬਚਾਉਣਾ ਚਾਹੁੰਦਾ ਸੀ। ਹਥਿਆਰ ਅਤੇ ਕੱਪੜੇ ਖਰੀਦਣ ਲਈ ਉਸਨੂੰ ਪੰਜ ਹਜ਼ਾਰ ਅਲੱਗ ਦਿੱਤਾ ਗਿਆ ਸੀ। ਲਾਲਚ 'ਚ ਆਏ ਠੇਕੇਦਾਰ ਨੇ ਉਹ ਰਕਮ ਜੇਬ ਵਿਚ ਪਾ ਲਈ ਅਤੇ ਜਾਂਦਾ ਹੋਇਆ ਫੈਕਟਰੀ ਵਿਚੋਂ ਰਾਡ ਚੁੱਕ ਕੇ ਲੈ ਗਿਆ।

ਕਮਲ ਦਾ ਕਤਲ ਕਿਉਂ ਹੋਇਆ? ਨੇਹਾ ਦੀ ਇੱਜ਼ਤ ਕਿਉਂ ਲੁੱਟੀ ਗਈ? ਇਸ ਬਾਰੇ ਉਹ ਕੁਝ ਨਹੀਂ ਦੱਸ ਸਕਦੇ। ਇਨ੍ਹਾਂ ਘਟਨਾਵਾਂ 'ਤੇ ਉਨ੍ਹਾਂ ਨੂੰ ਸ਼ਰਮ ਵੀ ਆ ਰਹੀ ਸੀ ਅਤੇ ਪਛਤਾਵਾ ਵੀ ਹੋ ਰਿਹਾ ਸੀ।

"ਭੈੜੇ ਦਿਨ ਕਿਸੇ ਨੂੰ ਪੁੱਛ ਕੇ ਨਹੀਂ ਆਉਂਦੇ। ਜੋ ਹੋਣਾ ਸੀ ਹੋ ਗਿਆ। ਹੁਣ ਭਾਣਾ ਮੰਨੋ। ਮੈਂ ਆਪੇ ਤੁਹਾਡਾ ਬਚਾਅ ਕਰ ਲਵਾਂਗਾ।"

ਘਬਰਾਏ ਭਰਾਵਾਂ ਦਾ ਹੌਂਸਲਾ ਵਧਾ ਕੇ ਨੰਦ ਲਾਲ ਜ਼ਰੂਰੀ ਕਾਨੂੰਨੀ ਨੁਕਤੇ ਸਮਝਾਉਣ ਲੱਗਾ।

"ਮੁਕੱਦਮਾ ਲੜਨ ਦੇ ਤਿੰਨ ਸੁਨਹਿਰੀ ਅਸੂਲ ਹਨ। ਇਹ ਯਾਦ ਕਰ ਲਓ। ਮੁਕੱਦਮੇ ਵਾਲੀ ਜੋਕ ਕਈ ਸਾਲ ਤੁਹਾਡਾ ਖ਼ੂਨ ਪੀਏਗੀ। ਇਹ ਨੁਕਤੇ ਯਾਦ ਰਹੇ ਤਾਂ ਸੌਖ ਰਹੇਗੀ।"

"ਪਹਿਲਾ ਨੁਕਤਾ ਇਹ ਹੈ ਕਿ ਜਿਸ ਬੰਦੇ ਨੂੰ ਵੀ ਅੱਗੇ ਲਾਓ ਉਸ 'ਤੇ ਪੂਰਾ ਭਰੋਸਾ ਰੱਖੋ। ਇਥੇ ਮਿੰਟ-ਮਿੰਟ 'ਤੇ ਪੈਰ ਤਿਲਕਦਾ ਹੈ। ਕਿਸੇ ਮਦਦ ਕਰ ਰਹੇ ਅਫ਼ਸਰ ਦੀ ਮਜਬੂਰੀ ਹੋ ਜਾਵੇ ਇਹ ਨਾ ਸਮਝਣਾ ਕਿ ਉਹ ਗਦਾਰੀ ਕਰ ਗਿਆ।

"ਦੂਜਾ ਨੁਕਤਾ ਹੈ ਸਬਰ ਰੱਖਣ ਦਾ। ਫੌਜਦਾਰੀ ਮੁਕੱਦਮਿਆਂ ਵਿਚ ਨਤੀਜੇ ਹੌਲੀ-ਹੌਲੀ ਨਿਕਲਦੇ ਹਨ। ਤੱਤਾ ਲੱਕੋਗੇ ਤਾਂ ਜੀਭ ਸੜੇਗੀ।

"ਤੀਜਾ ਨੁਕਤਾ ਇਹ ਹੈ ਕਿ ਤੁਹਾਡੇ ਕੋਲ ਪੈਸੇ ਹਨ। ਇਸ ਨੂੰ ਦਿਲ ਖੋਲ੍ਹ ਕੇ ਵਰਤੋ। ਮੁਕੱਦਮੇ ਦੀ ਖੇਡ ਸੱਪ ਸੀੜੀ ਵਾਲੀ ਖੇਡ ਹੈ। ਪਤਾ ਨਹੀਂ ਕਦੋਂ ਬਾਜ਼ੀ ਨੜਿਨਵੇਂ ਦੇ ਹਿੰਸੇ 'ਤੇ ਪੁੱਜ ਕੇ ਜਿੱਤ ਵੱਲ ਜਾਣ ਦੀ ਥਾਂ ਕਿਸੇ ਸੱਪ ਦੇ ਮੂੰਹ ਵਿਚ ਪੈ ਕੇ ਸਿਫ਼ਰ ਵਾਲੇ ਅੰਨ੍ਹੇ ਖੂਹ ਵਿਚ ਜਾ ਡਿੱਗੇ। ਇਹ ਨਾ ਸਮਝਣਾ ਵਿਚਕਾਰਲਾ ਬੰਦਾ ਪੈਸੇ ਆਪ ਖਾ ਗਿਆ। ਹੌਂਸਲਾ ਰੱਖ ਕੇ ਖੇਡ ਇਕ ਵਾਰ ਫੇਰ ਸਿਫ਼ਰ ਤੋਂ ਸ਼ੁਰੂ ਕਰੋ। ਦੇਖਣਾ ਅਖ਼ੀਰ ਕਾਮਯਾਬੀ ਤੁਹਾਡੇ ਪੈਰ ਚੁੰਮੇਗੀ।"

"ਇਸੇ ਤਰ੍ਹਾਂ ਕਰਾਂਗੇ।"

ਨੰਦ ਲਾਲ ਦਾ ਉਪਦੇਸ਼ ਪੰਕਜ ਹੋਰਾਂ ਨੂੰ ਅੰਮ੍ਰਿਤ-ਬਾਣੀ ਵਾਂਗ ਲਗ ਰਿਹਾ ਸੀ। ਉਨ੍ਹਾਂ ਨੇ ਇਕ-ਇਕ ਨੁਕਤਾ ਗਹੁ ਨਾਲ ਸੁਣਿਆ ਅਤੇ ਆਪਣੇ ਦਿਮਾਗ਼ ਵਾਲੇ ਕੰਪਿਊਟਰ ਵਿਚ 'ਲਾਕ' ਕਰ ਦਿੱਤਾ।

"ਹੁਣ ਸੁਣੋ ਅਗਲੀ ਗੱਲ। ਮੁਕੱਦਮੇ ਨਾਲ ਸਬੰਧਤ ਹਰ ਅਹਿਲਕਾਰ ਨੂੰ ਮੈਂ ਸੰਭਾਲ ਲਵਾਂਗਾ। ਅਫ਼ਸਰਾਂ ਦੇ ਬੰਦੇ ਦੱਸਾਂਗਾ। ਅਫ਼ਸਰਾਂ ਤਕ ਪਹੁੰਚ ਕਰਨੀ ਤੁਹਾਡਾ ਕੰਮ ਹੈ।

ਕੋਈ ਹੀਲਾ ਨਾ ਬਣੇ ਹੱਥ ਖੜੇ ਕਰ ਦੇਣਾ। ਫੇਰ ਮੈਂ ਜਾਣਾਂ ਮੇਰਾ ਕੰਮ ਜਾਣੇ।

"ਸੈਸ਼ਨ ਜੱਜ ਤਕ ਪਹੁੰਚ ਕਰੋ। ਪੁਲਿਸ ਤੇ ਦਬਾਅ ਪਾਓ। ਤੁਹਾਡਾ ਬਹੁਤ ਰਸੂਖ਼ ਹੈ। ਸਿਆਸੀ ਬੰਦੇ ਫੜੋ। ਰਿਸ਼ਤੇਦਾਰ ਅਫ਼ਸਰਾਂ ਤੋਂ ਫ਼ੋਨ ਕਰਾਓ। ਹਾਲੇ ਕੁਝ ਨਹੀਂ ਵਿਗੜਿਆ। ਤਫ਼ਤੀਸ਼ ਇਥੇ ਰੁਕ ਸਕਦੀ ਹੈ।

"ਠੇਕੇਦਾਰ ਨੇ ਆਪਣਾ ਵਕੀਲ ਇਕ ਭਈਏ ਨੂੰ ਕੀਤਾ ਹੈ ਜਿਸ ਨੇ ਹਿੰਦੀ ਵਿੱਚ ਕਾਨੂੰਨ ਪੜ੍ਹਿਆ ਹੈ। ਪੜ੍ਹਿਆ ਹੈ ਜਾਂ ਉਂਝ ਹੀ ਡਿਗਰੀ ਲੈ ਆਇਆ ਇਹ ਵੀ ਪਤਾ ਨਹੀਂ ਹੈ। ਠੇਕੇਦਾਰ ਦਾ ਮੁਕੱਦਮਾ ਜੇ ਉਸ ਵਕੀਲ ਨੇ ਲੜਿਆ ਤਾਂ ਠੇਕੇਦਾਰ ਨਾਲੋਂ ਵੱਧ ਨੁਕਸਾਨ ਆਪਣਾ ਹੋਵੇਗਾ। ਠੇਕੇਦਾਰ ਦਾ ਹੋਰ ਪੁਲਿਸ ਰਿਮਾਂਡ ਨਾ ਮਿਲੇ ਅਤੇ ਤਫ਼ਤੀਸ਼ ਜਿਥੇ ਹੈ ਉਥੇ ਹੀ ਖੜੋ ਜਾਵੇ ਇਸ ਲਈ ਠੇਕੇਦਾਰ ਵੱਲੋਂ ਉੱਚ-ਕੋਟੀ ਦਾ ਵਕੀਲ ਪੇਸ਼ ਹੋਣਾ ਚਾਹੀਦਾ ਹੈ। ਇਸ ਦਾ ਇੰਤਜ਼ਾਮ ਸਾਨੂੰ ਕਰਨਾ ਚਾਹੀਦਾ ਹੈ।"

ਨੰਦ ਲਾਲ ਠੇਕੇਦਾਰ ਦਾ ਵਕੀਲ ਨਹੀਂ ਬਣ ਸਕਦਾ। ਉਹ ਪੰਕਜ ਵੱਲੋਂ ਪੇਸ਼ ਹੋਏਗਾ। ਠੇਕੇਦਾਰ ਅਤੇ ਪੰਕਜ ਦੋਹਾਂ ਵੱਲੋਂ ਪੇਸ਼ ਹੋਣ ਨਾਲ ਉਨ੍ਹਾਂ ਦੋਹਾਂ ਵਿਚਲੀ ਸਾਜ਼ਿਸ਼ ਜੱਗਰ ਹੋਏਗੀ। ਜੱਜ ਨੂੰ ਸ਼ੱਕ ਹੋਣਾ ਸੀ ਠੇਕੇਦਾਰ ਕੋਲ ਨੰਦ ਲਾਲ ਦੀ ਫ਼ੀਸ ਚੁਕਾਉਣ ਦੀ ਪਰੋਖੋਂ ਕਿਥੋਂ ਆ ਗਈ ? ਉਸਨੇ ਅੰਦਾਜ਼ਾ ਲਾਉਣਾ ਸੀ, ਠੇਕੇਦਾਰ ਦੀ ਫ਼ੀਸ ਪੰਕਜ ਨੇ ਦਿੱਤੀ ਹੋਣੀ ਹੈ। ਇਹ ਸ਼ੱਕ ਉਨ੍ਹਾਂ ਨੇ ਜੱਜ ਦੇ ਦਿਮਾਗ਼ ਵਿਚ ਆਉਣ ਨਹੀਂ ਸੀ ਦੇਣਾ।

ਠੇਕੇਦਾਰ ਦਾ ਵਕੀਲ ਅਜਿਹਾ ਕੀਤਾ ਜਾਵੇ, ਜਿਸਦਾ ਸਬੰਧ ਨੰਦ ਲਾਲ ਦੇ ਚੈਂਬਰ ਨਾਲ ਨਾ ਹੋਵੇ।

ਨੰਦ ਲਾਲ ਨੇ ਵਕੀਲ ਦਾ ਨਾਂ ਆਪ ਸੁਝਾਅ ਦਿੱਤਾ। ਬਾਹਰ ਬੈਠਾ ਸਿੰਗਲਾ ਉਸਦਾ ਵਕੀਲ ਹੋਏਗਾ।

ਠੇਕੇਦਾਰ ਦੇ ਭਤੀਜੇ ਲਈ ਕੋਈ ਤੀਸਰਾ ਵਕੀਲ ਕੀਤਾ ਜਾਵੇ। ਭਤੀਜੇ ਦਾ ਵਕੀਲ ਜੇ ਸਿੰਗਲਾ ਬਣਾਇਆ ਗਿਆ ਤਾਂ ਚਾਚੇ ਭਤੀਜੇ ਦੀ ਸਾਂਝ ਸਾਬਤ ਹੋਏਗੀ।

ਨੰਦ ਲਾਲ ਦੀਆਂ ਨਸੀਅਤਾਂ ਪੰਕਜ ਹੋਰਾਂ ਨੂੰ ਦੁੱਧ ਘਿਓ ਦੀਆਂ ਨਾਲਾਂ ਵਰਗੀਆਂ ਲੱਗੀਆਂ। ਮਨ ਹੀ ਮਨ ਉਹ ਅਜੇ ਦੀ ਚੋਣ ਦੀ ਦਾਦ ਦੇਣ ਲੱਗੇ। ਉਨ੍ਹਾਂ ਨੂੰ ਯਕੀਨ ਹੋਣ ਲੱਗਾ, ਨੰਦ ਲਾਲ ਦੇ ਹੁੰਦਿਆਂ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਲੱਗਾ।

ਰਾਹਤ ਮਹਿਸੂਸ ਕਰਦੇ ਨੀਰਜ ਨੇ ਨੰਦ ਲਾਲ ਦੇ ਹਰ ਹੁਕਮ 'ਤੇ ਫੁੱਲ ਚੜ੍ਹਾਉਣ ਦਾ ਵਾਅਦਾ ਕੀਤਾ। ਪੈਸੇ ਦੀ ਉਨ੍ਹਾਂ ਕੋਲ ਕਮੀ ਨਹੀਂ ਸੀ। ਪੈਸਾ ਉਹ ਪਾਣੀ ਵਾਂਗ ਵਹਾ ਦੇਣਗੇ। ਨੰਦ ਲਾਲ ਉਨ੍ਹਾਂ ਦੇ ਮੁਕੱਦਮੇ ਦੀ ਵਾਗਡੋਰ ਸੰਭਾਲੇ। ਉਨ੍ਹਾਂ ਨੂੰ ਮੁਕਤੀ ਦਾ ਰਾਹ ਦੱਸੇ।

ਨੰਦ ਲਾਲ ਨੇ ਘੜੀ ਦੇਖੀ। ਉਸਨੂੰ ਫੈਕਟਰੀ ਆਇਆਂ ਦੋ ਘੰਟੇ ਹੋ ਗਏ ਸਨ। ਉਸਦਾ ਕਾਫ਼ੀ ਵਕਤ ਖ਼ਰਚ ਹੋ ਚੁੱਕਾ ਸੀ।

ਪੰਕਜ ਹੋਰੇ ਪੂਰੀ ਤਰ੍ਹਾਂ ਨੰਦ ਲਾਲ ਉਪਰ ਧਿੱਜ ਚੁੱਕੇ ਸਨ। ਨੰਦ ਲਾਲ ਨੇ ਤਾੜ ਲਿਆ। ਹੁਣ ਤਵਾ ਪੂਰਾ ਗਰਮ ਸੀ। ਰੋਟੀ ਸੇਕ ਲੈਣੀ ਚਾਹੀਦੀ ਸੀ।

"ਚੰਗਾ ਹੁਣ ਮੈਂ ਚਲਦਾ ਹਾਂ। ਅੱਧੀ ਫ਼ੀਸ ਮੈਨੂੰ ਮਿਲ ਗਈ। ਦਫ਼ਤਰ ਜਾ ਕੇ ਮੈਂ ਅਰਜ਼ੀ-ਪੱਤਰ ਤਿਆਰ ਕਰਦਾ ਹਾਂ। ਘੰਟੇ ਕੁ ਨੂੰ ਆ ਕੇ ਨਾਲੇ ਕਾਗਜ਼ਾਂ-ਪੱਤਰਾਂ 'ਤੇ ਦਸਤਖ਼ਤ ਕਰ ਦੇਣਾ ਨਾਲੇ ਬਾਕੀ ਫ਼ੀਸ ਪੁਜਦੀ ਕਰ ਦੇਣਾ।"

"ਠੀਕ ਏ ਸਰ !"



"ਇੱਕ ਆਖ਼ਰੀ ਨੁਕਤਾ ਹੋਰ। ਇਥੇ ਇਕ ਸੈਸ਼ਨ ਜੱਜ ਹੈ ਅਤੇ ਪੰਜ ਅਡੀਸ਼ਨਲ ਸੈਸ਼ਨ ਜੱਜ। ਇਕ ਨੂੰ ਛੱਡ ਕੇ ਬਾਕੀ ਸਭ ਨਾਲ ਆਪਣੀ ਸੂਤ ਹੈ। ਜੇ ਦਰਖ਼ਾਸਤ ਉਨ੍ਹਾਂ ਵਿਚੋਂ ਕਿਸੇ ਕੋਲ ਲਗ ਗਈ, ਫੇਰ ਆਪਾਂ ਨੂੰ ਕਿਧਰੇ ਹੋਰ ਜਾਣ ਦੀ ਲੋੜ ਨਹੀਂ ਪੈਣੀ। ਤੁਸੀਂ ਕੋਸ਼ਿਸ਼ ਕਰਕੇ ਉਨ੍ਹਾਂ ਵਿਚੋਂ ਕਿਸੇ ਇਕ ਕੋਲ ਲਗਵਾ ਦਿਓ।"

"ਦੱਸੋ ਕਿਸ ਨੂੰ ਆਖੀਏ?" ਨੀਰਜ ਨੇ ਉਤਾਵਲਾ ਪੈਂਦੇ ਪੁੱਛਿਆ।

"ਸੈਸ਼ਨ ਜੱਜ ਨੂੰ। ਹੋਰ ਕਿਸ ਨੂੰ।"

"ਉਸ ਨੂੰ ਕਿਸ ਤੋਂ ਅਖਵਾਈਏ ? ਕਚਹਿਰੀ ਦੇ ਬੰਦਿਆਂ ਨਾਲ ਸਾਡਾ ਵਾਹ ਵਾਸਤਾ ਨਹੀਂ ਹੈ।" ਸੈਸ਼ਨ ਜੱਜ ਦਾ ਨਾਂ ਸੁਣਦੇ ਹੀ ਦੋਹਾਂ ਭਰਾਵਾਂ ਦੇ ਚਿਹਰੇ ਉੱਤਰ ਗਏ।

"ਮੈਂ ਮਸਾਂ ਤੁਹਾਡਾ ਮੂਡ ਠੀਕ ਕੀਤਾ ਸੀ। ਤੁਸੀਂ ਫੇਰ ਮੂੰਹ ਲਟਕਾ ਲਏ। ਸੈਸ਼ਨ ਜੱਜ ਤਕ ਪਹੁੰਚ ਨਹੀਂ ਹੁੰਦੀ ਨਾ ਸਹੀ। ਸੁਪਰਡੈਂਟ ਨੂੰ ਟਿਕਾ ਲਓ।"

ਨੰਦ ਲਾਲ ਹੌਲੀ-ਹੌਲੀ ਆਪਣਾ ਸ਼ਕੰਜਾ ਕੱਸ ਰਿਹਾ ਸੀ।

"ਤੁਸੀਂ ਸਾਨੂੰ ਚੱਕਰ ਵਿਚ ਨਾ ਪਾਓ। ਆਪੇ ਕਰੋ ਸਭ ਕੁਝ। ਸਾਨੂੰ ਬਸ ਖਰਚਾ ਦੱਸ ਦਿਉ।" ਅਜੇ ਨੇ ਜੋ ਹੁਣ ਤਕ ਚੁੱਪ ਬੈਠਾ ਸੀ ਦਖਲ ਦਿੱਤਾ।

ਇਹੋ ਨੰਦ ਲਾਲ ਚਾਹੁੰਦਾ ਸੀ।

"ਤੁਸੀਂ ਹੁਕਮ ਕਰੋ ਕਿਸ ਨੂੰ ਕੀ ਦੇਣਾ ਹੈ?" ਨੋਟਾਂ ਵਾਲੀ ਗੁੱਟੀ ਜੇਬ ਵਿਚੋਂ ਕੱਢ ਕੇ ਪੰਕਜ ਨੇ ਪੁੱਛਿਆ।

ਕੋਈ ਹੋਰ ਵਕੀਲ ਹੋਵੇ ਵੀਹ ਹਜ਼ਾਰ ਦਾ ਬਿੱਲ ਬਣਾ ਦੇਵੇ। ਤੁਸੀਂ ਮੈਨੂੰ ਸਣੇ ਸਰਕਾਰੀ ਵਕੀਲ ਬਾਰਾਂ ਹਜ਼ਾਰ ਦੇ ਦੇਵੋ। ਹਿਸਾਬ ਮਾਵਾਂ ਧੀਆਂ ਦਾ। ਜੋ ਬਚਿਆ ਪੈਸਾ-ਪੈਸਾ ਵਾਪਸ ਹੋ ਜਾਏਗਾ।"

ਉਂਗਲਾਂ ਦੇ ਪੋਟਿਆਂ 'ਤੇ ਹਿਸਾਬ ਲਾ ਕੇ ਨੰਦ ਲਾਲ ਨੇ ਖਰਚਾ ਜੋੜਿਆ।

"ਤੁਸੀਂ ਪੈਸੇ ਦੀ ਪਰਵਾਹ ਨਾ ਕਰੋ। ਪੰਜ ਦੀ ਥਾਂ ਪੰਜਾਹ ਖਰਚੋ। ਬੱਸ ਪੁਲਿਸ ਸਾਡੇ ਦਰਾਂ 'ਤੇ ਨਹੀਂ ਆਉਣੀ ਚਾਹੀਦੀ।"

ਆਖਦੇ ਪੰਕਜ ਨੇ ਬਾਰਾਂ ਦੀ ਥਾਂ ਪੰਦਰਾਂ ਹਜ਼ਾਰ ਨੰਦ ਲਾਲ ਦੇ ਹਵਾਲੇ ਕਰ ਦਿੱਤਾ।

"ਪੁਲਿਸ ਦੀ ਮਾਂ ਦੀ ਐਸੀ ਤੈਸੀ। ਆ ਜਾਣਾ ਸ਼ਾਮ ਨੂੰ। ਨਾਲੇ ਦਸਤਖ਼ਤ ਕਰ ਦੇਣਾ। ਨਾਲੇ ਫ਼ੀਸ ਪੁਜਦੀ ਕਰ ਦੇਣਾ।"

ਤੀਜੀ ਵਾਰ ਫ਼ੀਸ ਦੀ ਯਾਦ ਕਰਵਾ ਕੇ ਨੰਦ ਲਾਲ ਬਾਹਰ ਨਿਕਲਿਆ।

"ਸਿੰਗਲਾ, ਤੂੰ ਠੇਕੇਦਾਰ ਦਾ ਵਕੀਲ ਬਣੀਂ।"

ਗੇਟ ਤਕ ਛੱਡਣ ਆਏ ਸਿੰਗਲੇ ਨੂੰ ਪਿੱਠ ਥਾਪੜ ਕੇ ਅਸ਼ੀਰਵਾਦ ਦਿੰਦੇ ਨੰਦ ਲਾਲ ਨੇ ਅਹਿਸਾਸ ਕਰਵਾਇਆ ਜਿਵੇਂ ਉਸ ਨੇ ਸਿੰਗਲੇ ਨੂੰ ਇਸ ਕੇਸ ਵਿਚ ਵਕੀਲ ਨਿਯੁਕਤ ਕਰਵਾਇਆ ਸੀ।

## -18-

ਨੰਦ ਲਾਲ ਦੇ ਫੈਕਟਰੀ ਰਹਿਣ ਤਕ ਸ਼ਿਸ਼ਟਾਚਾਰ ਭਾਰੂ ਰਿਹਾ ਸੀ। ਉਹ ਸੀਨੀਅਰ ਵਕੀਲ ਸੀ। ਉਸਨੂੰ ਗੁੱਸਾ ਬਹੁਤ ਆਉਂਦਾ ਸੀ। ਦੂਜੀ ਵਾਰੀ ਕੋਈ ਸਵਾਲ ਪੁੱਛ ਲਏ ਉਹ ਲਿਫਾਫਾ ਵਗਾਹ ਕੇ ਮਾਰਦਾ ਸੀ।

ਇਸੇ ਡਰੋਂ ਕਿਸੇ ਨੇ ਉਸ ਨਾਲ ਖੁਲ੍ਹ ਕੇ ਗੱਲ ਨਹੀਂ ਸੀ ਕੀਤੀ।

ਸਿੰਗਲਾ ਉਨ੍ਹਾਂ ਦੇ ਹਾਣ ਦਾ ਸੀ। ਦੋਸਤ ਮਿੱਤਰ ਸੀ। ਉਸ ਨਾਲ ਦਿਲ ਦੀ ਗੱਲ ਹੋ ਸਕਦੀ ਸੀ।

ਬਾਬੂ ਜੀ ਦੇ ਜਾਣ ਬਾਅਦ ਖੁੱਲ੍ਹ ਕੇ ਗੱਲਾਂ ਹੋਣ ਲੱਗੀਆਂ।

"ਬਾਬੂ ਜੀ ਬੜੇ ਚਾਲੂ ਪੁਰਜੇ ਹਨ। ਫ਼ੀਸ ਤੋਂ ਇਲਾਵਾ ਹੋਰ ਕਿੰਨੀ ਕੁੰਡੀ ਲਾ ਗਏ?"

ਸਿੰਗਲੇ ਨੇ ਮਿੱਤਰਾਂ ਨੂੰ ਚੌਕਸ ਕਰਨ ਅਤੇ ਉਨ੍ਹਾਂ ਦੇ ਮਨਾਂ ਵਿਚ ਆਪਣੀ ਥਾਂ ਬਨਾਉਣ ਦੀ ਨੀਅਤ ਨਾਲ ਪੁੱਛਿਆ।

ਨੰਦ ਲਾਲ ਨੇ ਅਜੇ ਦਾ ਮੂੰਹ ਬੰਨ੍ਹਿਆ ਸੀ। ਇਸ ਪੰਦਰਾਂ ਹਜ਼ਾਰ ਬਾਰੇ ਕਿਸੇ ਨਾਲ ਗੱਲ ਨਾ ਕੀਤੀ ਜਾਵੇ। ਰਿਸ਼ਵਤ ਦਾ ਮਾਮਲਾ ਸੀ। ਗੱਲ ਬਾਹਰ ਨਿਕਲਣ 'ਤੇ ਫ਼ਾਇਦਾ ਘੱਟ ਅਤੇ ਨੁਕਸਾਨ ਵੱਧ ਹੋਣਾ ਸੀ। ਬਦਨਾਮੀ ਤੋਂ ਡਰਦਾ ਅਫ਼ਸਰ ਕੰਮ ਉਲਟਾ ਕਰ ਸਕਦਾ ਸੀ।

ਉਹ ਭੇਤ ਖੋਲ੍ਹੇ ਜਾਂ ਨਾ। ਅਜੇ ਦੋਚਿੱਤੀ ਵਿਚ ਸੀ।

ਵਿਨੇ ਭਾਂਪ ਚੁੱਕਾ ਸੀ ਕਿ ਦਾਲ ਵਿਚ ਕੁਝ ਕਾਲਾ ਹੈ। ਉਹ ਸਿੰਗਲੇ ਦੀ ਧਾਂਕ ਜਮਾਉਣ ਲਈ ਰਾਜ਼ ਉਗਲਾਉਣ ਦਾ ਯਤਨ ਕਰਨ ਲੱਗਾ।

"ਥੋੜ੍ਹੇ ਜਿਹੇ ਲਏ ਹਨ। ਕਲਰਕਾਂ ਮੁਨਸ਼ੀਆਂ ਲਈ।"

ਪੰਕਜ ਨੇ ਚੁੱਪ ਤੋੜੀ।

"ਬੜਾ ਖਰਾਂਟ ਹੈ ਬੁੜ੍ਹਾ! ਡੇਢ ਲੱਖ ਲੈ ਕੇ ਸਬਰ ਨਹੀਂ ਆਇਆ। ਫਾਈਵ ਸਟਾਰ ਵਕੀਲ ਹੈ। ਅਹਿਲਕਾਰਾਂ ਦੀ ਫ਼ੀਸ ਵੀ ਫਾਈਵ ਸਟਾਰ ਰੇਟ ਦੇ ਹਿਸਾਬ ਨਾਲ ਲਈ ਹੋਏਗੀ।"

ਸਿੰਗਲੇ ਦੇ ਹੱਥ ਨੰਦ ਲਾਲ ਦੀ ਕਮਜ਼ੋਰੀ ਲਗ ਚੁੱਕੀ ਸੀ। ਇਸ ਕਮਜ਼ੋਰੀ ਨੂੰ ਜੱਗਰ ਕਰਕੇ ਉਹ ਦੂਹਰਾ ਫ਼ਾਇਦਾ ਉਠਾਉਣਾ ਚਾਹੁੰਦਾ ਸੀ। ਪਹਿਲਾ, ਉਸਨੇ ਪੰਕਜ ਹੋਰਾਂ ਨੂੰ ਨੰਦ ਲਾਲ ਦੀ ਲੁੱਟ ਤੋਂ ਬਚਾ ਲੈਣਾ ਸੀ। ਦੂਜਾ, ਉਸਨੇ ਉਨ੍ਹਾਂ ਨੂੰ ਆਪਣੇ 'ਤੇ ਧਿਜਾ ਲੈਣਾ ਸੀ। ਅਜਿਹੇ ਕੇਸ ਵਿਚ ਪੈਸਾ ਪਾਣੀ ਵਾਂਗ ਵਹਿੰਦਾ ਹੈ। ਹਰ ਮੁਕਾਮ 'ਤੇ ਪੈਸੇ ਚੜ੍ਹਨੇ ਸਨ। ਹਰ ਮੁਕਾਮ 'ਤੇ ਵਿਚੋਲਿਆਂ ਨੂੰ ਹਿੱਸਾ ਪੱਤੀ ਮਿਲਣਾ ਸੀ। ਸਿੰਗਲਾ ਨੰਦ ਲਾਲ ਵਾਂਗ ਮੂੰਹ-ਮੰਗੀ ਫ਼ੀਸ ਨਹੀਂ ਸੀ ਲੈ ਸਕਦਾ। ਉਸਨੇ ਆਪਣਾ ਘਰ ਹਿੱਸੇ-ਪੱਤੀਆਂ ਨਾਲ ਪੂਰਾ ਕਰਨਾ ਸੀ। ਇਸ ਲਈ ਅਸਾਮੀ ਦਾ ਨੰਦ ਲਾਲ ਨਾਲੋਂ ਮੋਹ-ਭੰਗ ਹੋਣਾ ਜ਼ਰੂਰੀ ਸੀ।

"ਦੇਖੋ ਕੰਮ ਹੋਣ 'ਤੇ ਆਪਾਂ ਨੂੰ ਲੈ ਦੇ ਕਰਨੀ ਪਏਗੀ। ਕਲਰਕਾਂ ਅਰਦਲੀਆਂ ਨੇ ਮੇਰੇ ਪਿੱਛੇ ਫਿਰਨੈ। ਦੂਹਰੀ ਫ਼ੀਸ ਆਪਾਂ ਦੇਣੀ ਨਹੀਂ। ਮੈਨੂੰ ਦੱਸੋ ਕਿਸ-ਕਿਸ ਦੇ ਨਾਂ ਦੇ ਕਿੰਨੇ-ਕਿੰਨੇ ਲੈ ਗਿਆ? ਉਨ੍ਹਾਂ ਨੂੰ ਮੈਂ ਬਾਬੂ ਪਿਛੇ ਲਾ ਦੇਵਾਂਗਾ।"

ਸਿੰਗਲਾ ਵਕੀਲਾਂ ਵਾਲੀਆਂ ਚਲਾਕੀਆਂ ਵਰਤ ਕੇ ਮਸਲੇ ਦੀ ਤੈਅ ਤਕ ਜਾਣ ਲੱਗਾ।

"ਪੰਦਰਾਂ ਹਜ਼ਾਰ ਲੈ ਗਏ। ਕਹਿੰਦੇ ਹਨ ਸੁਪਰਡੈਂਟ ਨਾਲ ਗੱਲ ਕਰਨੀ ਹੈ। ਦਰਖ਼ਾਸਤ ਮਰਜ਼ੀ ਦੇ ਜੱਜ ਕੋਲ ਲਗਵਾਣੀ ਹੈ। ਹੋਰ ਕਈਆਂ ਦੇ ਨਾਂ ਲੈਂਦੇ ਸਨ। ਸਾਨੂੰ ਕੀ ਪਤਾ ਹੈ ਕੌਣ ਕੀ ਹੁੰਦਾ ਹੈ?"

ਨੀਰਜ ਲਕੋ ਰੱਖਣ ਦੇ ਹੱਕ ਵਿਚ ਨਹੀਂ ਸੀ। ਦੋਵੇਂ ਉਨ੍ਹਾਂ ਦੇ ਵਕੀਲ ਸਨ। ਗੱਲ



ਸਪੱਸ਼ਟ ਹੋਣੀ ਚਾਹੀਦੀ ਸੀ।

"ਕਰ ਦਿੱਤੀ ਨਾ ਉਹੋ ਗੱਲ। ਸਾਰਾ ਖਰਚ ਪੰਜ ਸੌ ਦਾ ਹੈ। ਸੁਪਰਡੈਂਟ ਨੂੰ ਫ਼ੀਸ ਦੇਵੋ ਜਾਂ ਨਾ ਇਕੋ ਗੱਲ ਹੈ। ਦਰਖਾਸਤਾਂ ਜੱਜ ਆਪ ਜੱਜਾਂ ਕੋਲ ਭੇਜਦਾ ਹੈ। ਇਕ ਸਟੈਨੋ, ਦੋ ਅਹਿਲਮੱਦ। ਰੀਡਰ ਅਤੇ ਚਪੜਾਸੀ। ਸਭ ਪੰਜਾਹ-ਪੰਜਾਹ ਦੀ ਮਾਰ। ਬਹੁਤੀ ਤੇਜ਼ੀ ਹੋਵੇ ਤਾਂ ਸੌ। ਚਲੋ ਕੋਈ ਨਹੀਂ। ਅੱਗੋਂ ਤੋਂ ਚੌਕਸ ਰਹਿਣਾ। ਜੇ ਬਾਬੂ ਜੀ ਕਿਸੇ ਅਹਿਲਕਾਰ ਦੇ ਨਾਂ ਦੇ ਪੈਸੇ ਮੰਗਣ, ਆਖ ਦੇਣਾ ਸਿੰਗਲੇ ਨੇ ਗੱਲ ਕਰ ਲਈ ਹੈ। ਆਪੇ ਪਿੱਛੋਂ ਲਹਿ ਜਾਏਗਾ। ਨਹੀਂ ਤਾਂ ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ ਹੋ ਜਾਣਗੀਆਂ। ਇਕ ਵਾਰ ਮੂੰਹ ਪੈ ਗਿਆ ਪਿੱਛੋਂ ਜਵਾਬ ਦੇਣਾ ਔਖਾ ਹੋ ਜਾਏਗਾ। ਮੈਂ ਤੁਹਾਨੂੰ ਸਾਵਧਾਨ ਕਰਕੇ ਆਪਣਾ ਫਰਜ਼ ਨਿਭਾਅ ਦਿੱਤਾ। ਅੱਗੇ ਤੁਹਾਡੀ ਮਰਜ਼ੀ।"

"ਗੱਲ ਸਿਆਣੀ ਹੈ।"

ਆਖਦਾ ਪੰਕਜ ਸ਼ਸ਼ੋਪੰਜ ਵਿਚ ਪੈ ਗਿਆ। ਉਹ ਕਿਸ ਦੀ ਗੱਲ ਮੰਨੇ। ਦੋਵੇਂ ਦਰੁਸਤ ਲਗਦੇ ਸਨ। ਖ਼ੈਰ! ਜਦੋਂ ਉੱਖਲੀ ਵਿਚ ਸਿਰ ਆ ਗਿਆ ਤਾਂ ਮੂੰਗਲੀਆਂ ਦਾ ਕੀ ਡਰ? ਸੋਚ ਕੇ ਪੰਕਜ ਨੇ ਗੱਲ ਅੱਗੇ ਤੋਰੀ।

"ਪੈਸਿਆਂ ਦਾ ਝੰਜਟ ਛੱਡੋ। ਜਿਹੜੇ ਤੁਹਾਡੇ ਕੋਲੋਂ ਮੰਗਣਗੇ ਉਨ੍ਹਾਂ ਨੂੰ ਤੁਸੀਂ ਦੇ ਦਿਓ। ਦਸ ਵੀਹ ਹਜ਼ਾਰ ਹੋਰ ਲਗ ਜਾਏਗਾ। ਇਹ ਦੱਸੋ ਪੇਸ਼ਗੀ ਜ਼ਮਾਨਤ ਮਿਲ ਵੀ ਜਾਏਗੀ?"

"ਸੱਚੀ ਗੱਲ ਸਮਝ ਲਓ। ਅਖ਼ਬਾਰਾਂ ਵਿਚ ਬਹੁਤ ਖ਼ਬਰਾਂ ਲਗ ਗਈਆਂ ਹਨ। ਯੂਨੀਵਰਸਿਟੀ ਵਿਚ ਹੜਤਾਲ ਹੈ। ਸ਼ਹਿਰ ਵਿਚ ਜਲੂਸ ਨਿਕਲ ਰਿਹਾ ਹੈ। ਇਸ ਸਭ ਦਾ ਜੱਜਾਂ 'ਤੇ ਅਸਰ ਪਏਗਾ। ਪੁਲਿਸ ਸਾਡੀ ਸਹਾਇਤਾ ਕਰਨੋਂ ਘਬਰਾਏਗੀ। ਹਾਲੇ ਬਜ਼ਾਰ ਗਰਮ ਹੈ। ਫੇਰ ਵੀ ਆਪਾਂ ਹਿੰਮਤ ਨਹੀਂ ਹਾਰਨੀ। ਮਿਲੀ ਅਸਫ਼ਲਤਾ ਤੋਂ ਘਬਰਾਉਣਾ ਨਹੀਂ। ਬੜੇ ਰਾਹ ਹਨ ਕਾਮਯਾਬੀ ਤਕ ਪੁੱਜਣ ਦੇ। ਸੈਸ਼ਨ ਜੱਜ ਵਧੀਆ ਬੰਦਾ ਹੈ। ਦਰਖ਼ਾਸਤ ਆਪਣੇ ਕੋਲ ਰੱਖ ਲਏ, ਚੰਗਾ ਹੈ। ਉਹ ਕਿਸੇ ਦਬਾਅ ਅੱਗੇ ਨਹੀਂ ਝੁਕਦਾ।"

"ਸੈਸ਼ਨ ਜੱਜ ਦਾ ਕੋਈ ਬੰਦਾ?"

"ਸੱਚੀ ਗੱਲ ਇਹ ਹੈ ਕਿ ਉਸਦਾ ਕੋਈ ਬੰਦਾ ਨਹੀਂ। ਹਿੱਕ ਥਾਪੜ ਕੇ ਉਸ ਤੋਂ ਕੰਮ ਕਰਾਉਣ ਦੇ ਦਾਅਵੇਦਾਰ ਬਥੇਰੇ ਮਿਲਣਗੇ ਪਰ ਉਸ ਦੀ ਕੋਠੀ ਵੜਨ ਦੀ ਕਿਸੇ ਦੀ ਹਿੰਮਤ ਨਹੀਂ। ਇਹ ਮਸਲਾ ਰੱਬ 'ਤੇ ਛੱਡ ਦੇਵੋ।"

"ਹੋਰ ਕੀ ਕੀਤਾ ਜਾਵੇ?"

"ਫੌਰੀ ਕਰਨ ਵਾਲੀ ਗੱਲ ਇਹ ਕਿ ਕਿਵੇਂ ਨਾ ਕਿਵੇਂ ਪੁਲਿਸ ਤਕ ਪਹੁੰਚ ਕੀਤੀ ਜਾਵੇ। ਪੁਲਿਸ ਕਪਤਾਨ ਨੂੰ ਬੰਨ੍ਹਿਆ ਜਾਵੇ। ਫੇਰ ਰੈਂਕ ਮੁਤਾਬਕ ਛੋਟੇ ਥਾਣੇਦਾਰਾਂ ਦੀ ਮੁੱਠੀ ਗਰਮ ਕੀਤੀ ਜਾਵੇ। ਹਰ ਰੁਤਬੇ ਦੀ ਆਪਣੀ ਅਹਿਮੀਅਤ ਹੈ। ਸਭ ਦਾ ਮਾਣ ਕਰੋ।"

"ਪੁਲਿਸ ਕਪਤਾਨ ਦਾ ਕੋਈ ਸਹੀ ਬੰਦਾ?"

"ਬੰਦੇ ਉਸਦੇ ਬਥੇਰੇ ਹਨ। ਪਰ ਜੇ ਮੇਰੀ ਮੰਨਣੀ ਹੈ ਤਾਂ ਸਿੱਧੀ ਪਹੁੰਚ ਕਰੋ। ਜੇ ਕਿਸੇ ਸਿਆਸੀ ਬੰਦੇ ਜਾਂ ਰਿਸ਼ਤੇਦਾਰ ਦੇ ਪਿੱਛੇ ਭੱਜੇ, ਨਾਲੇ ਖੱਜਲ-ਖ਼ੁਆਰ ਹੋਵੋਗੇ ਨਾਲੇ ਵੱਧ ਖ਼ਰਚ ਹੋ ਜਾਏਗਾ। ਸਿਫਾਰਸ਼ੀ ਪਹਿਲਾਂ ਆਪਣਾ ਢਿੱਡ ਭਰੇਗਾ। ਸਿਧੇ ਜਾਉਗੇ, ਅਫ਼ਸਰ ਖ਼ੁਸ਼ ਹੋਏਗਾ।"

"ਸਿੱਧੇ ਕਿਵੇਂ ਜਾਈਏ? ਉਹ ਕਪਤਾਨ ਹੈ। ਫੜ ਕੇ ਅੰਦਰ ਕਰ ਦਿਉ।"

"ਮੇਰਾ ਮਤਲਬ ਇੰਝ ਸਿੱਧੇ ਜਾਣ ਤੋਂ ਥੋੜ੍ਹਾ ਹੈ। ਮਤਲਬ ਹੈ ਸਿਫਾਰਸ਼ ਦੀ ਥਾਂ ਦਲਾਲ ਫੜੋ।"

"ਦਲਾਲ ਦੱਸੋ ਕੌਣ ਹੈ ?"

"ਚੁੱਪ ਕਰਕੇ ਮੇਲੂ ਡੇਅਰੀ ਵਾਲੇ ਕੋਲ ਚਲੇ ਜਾਓ। ਉਹ ਸਾਫ਼-ਸੁਥਰਾ ਬੰਦਾ ਹੈ। ਦਸ ਹਜ਼ਾਰ ਆਪ ਲਏਗਾ। ਮੂੰਹੋਂ ਮੰਗ ਕੇ। ਗੱਲ ਜੋ ਕਰੇਗਾ ਸੌਲਾਂ ਆਨੇ ਸਹੀ ਹੋਏਗੀ। ਤੁਹਾਡੇ ਬੰਦੇ ਨੂੰ ਨਾਲ ਲੈ ਕੇ ਜਾਏਗਾ। ਗੱਲ ਮੂੰਹ 'ਤੇ ਕਰੇਗਾ। ਤੁਹਾਡੇ ਹੱਥੀਂ ਪੈਸੇ ਦਿਵਾਏਗਾ। ਅੱਗੇ-ਪਿੱਛੇ ਲੋੜ ਪਈ ਨਾਲ ਜਾਏਗਾ।"

"ਠੀਕ ਹੈ। ਅਸੀਂ ਹੁਣੇ ਉਸ ਕੋਲ ਜਾਂਦੇ ਹਾਂ।"

"ਜਾਓ। ਕੋਈ ਦਿੱਕਤ ਆਵੇ ਮੈਨੂੰ ਫ਼ੋਨ ਕਰ ਦੇਣਾ। ਰਾਤ ਨੂੰ ਦਸ ਵਜੇ ਬਾਅਦ ਮੈਂ ਫ਼ੋਨ ਬੰਦ ਕਰ ਦਿੰਦਾ ਹਾਂ। ਅੱਜ ਖੁੱਲ੍ਹਾ ਰੱਖਾਂਗਾ। ਜਦੋਂ ਮਰਜ਼ੀ ਉਠਾ ਲੈਣਾ। ਹੁਣ ਮੈਂ ਚਲਦਾ ਹਾਂ। ਸਰਕਾਰੀ ਵਕੀਲ ਮੈਨੂੰ ਉਡੀਕ ਰਿਹਾ ਹੋਣਾ ਹੈ।"

ਘੜੀ ਦੇਖਦਾ ਸਿੰਗਲਾ ਘਰ ਜਾਣ ਲਈ ਉੱਠ ਖੜੋਤਾ।

"ਬੈਠੋ ਸਿੰਗਲਾ ਸਾਹਿਬ! ਤੁਸੀਂ ਆਪਣੀ ਫ਼ੀਸ ਦੱਸੀ ਨਹੀਂ। ਚਾਰ ਘੰਟੇ ਹੋ ਗਏ ਮਗਜ਼-ਖਪਾਈ ਕਰਦਿਆਂ ਨੂੰ।"

ਸਿੰਗਲੇ ਦਾ ਹੱਥ ਫੜ ਕੇ ਬੈਠਾਉਂਦੇ ਅਜੇ ਨੇ ਉਸਨੂੰ ਰੋਕਿਆ।

ਅੰਨ੍ਹਾ ਕੀ ਭਾਲੇ ਦੋ ਅੱਖਾਂ ? ਹੋਰ ਸਿੰਗਲੇ ਨੂੰ ਕੀ ਚਾਹੀਦਾ ਸੀ ?

"ਫ਼ੀਸ ਆਪਣਿਆਂ ਤੋਂ ਥੋੜ੍ਹਾ ਲਈਦੀ ਹੈ। ਇਹ ਮੇਰਾ ਆਪਣਾ ਕੰਮ ਹੈ।"

ਮੁੜ ਕੁਰਸੀ ਸੰਭਾਲਦੇ ਸਿੰਗਲੇ ਨੇ ਮਲਵੀਂ ਜੀਭ ਨਾਲ ਦੋਸਤਾਂ ਦਾ ਮਾਨ ਰੱਖਿਆ।

"ਘੋੜਾ ਘਾਹ ਨਾਲ ਦੋਸਤੀ ਪਾਏਗਾ ਤਾਂ ਖਾਏਗਾ ਕੀ ? ਆਪਣੇ ਕੋਲ ਯਾਰਾਂ ਦੋਸਤਾਂ ਨੇ ਆਉਣੈ। ਯਾਰੀ ਦੋਸਤੀ ਇਕ ਥਾਂ। ਕਾਰੋਬਾਰ ਦੂਸਰੀ ਥਾਂ। ਤੁਸੀਂ ਆਪਣੀ ਫ਼ੀਸ ਦੱਸੋ।"

ਵਿਨੇ ਸਿੰਗਲਾ ਦਾ ਪੱਖ ਪੂਰਨ ਲੱਗਾ।

"ਮੰਗਣਾ ਮੈਂ ਕੀ ਹੈ! ਜਿਹੜੇ ਦੇਵੋਂਗੇ ਚੁੱਪ ਕਰਕੇ ਜੇਬ ਵਿਚ ਪਾ ਲਵਾਂਗਾ।"

"ਫੇਰ ਵੀ ਕੁਝ ਤਾਂ ਦੱਸੋ ?" ਪੰਕਜ ਨੇ ਪੰਜ-ਪੰਜ ਸੌ ਦੇ ਨੋਟਾਂ ਵਾਲੀ ਗੁੱਟੀ ਜੇਬ ਵਿਚੋਂ ਕੱਢ ਕੇ ਹੱਥ ਵਿਚ ਫੜਦਿਆਂ ਪੁੱਛਿਆ।

ਸਿੰਗਲਾ ਕਿੰਨੀ ਫ਼ੀਸ ਮੰਗੇ ਉਸ ਨੂੰ ਸੁਝ ਨਹੀਂ ਸੀ ਰਿਹਾ। ਗਿਆਰਾਂ ਹਜ਼ਾਰ ਉਸ ਦੀ ਵੱਧ ਤੋਂ ਵੱਧ ਫ਼ੀਸ ਸੀ। ਆਮ ਤੌਰ 'ਤੇ ਉਸ ਨੂੰ ਪਚਵੰਜਾ ਸੌ ਮਿਲਦਾ ਸੀ। ਘੱਟ ਵੀ ਚੱਲ ਜਾਂਦੀ ਸੀ। ਇਥੇ ਘੱਟ ਮੰਗੇ ਜਾਂ ਵੱਧ ? ਉਹ ਕਿਸੇ ਨਤੀਜੇ 'ਤੇ ਨਹੀਂ ਸੀ ਪੁੱਜ ਰਿਹਾ।

"ਮੈਂ ਕਿਹੜਾ ਬਾਬੂ ਜੀ ਹਾਂ ਕਿ ਲੱਖਾਂ ਵਿਚ ਮੰਗਾਂਗਾ। ਮੈਨੂੰ ਉਨ੍ਹਾਂ ਦਾ ਮੁਨਸ਼ੀਆਨਾ ਦੇ ਦੇਣਾ। ਹੋਰ ਦੱਸੋ!"

"ਜਾਨੀ ਪੰਦਰਾਂ ਹਜ਼ਾਰ!" ਵਿਨੇ ਨੇ ਦਸ ਫੀਸਦੀ ਦੇ ਹਿਸਾਬ ਨਾਲ ਹਿਸਾਬ ਲਾ ਕੇ ਆਖਿਆ।

"ਲਓ ਬਾਈ ਹਜ਼ਾਰ!" ਪੰਕਜ ਨੇ ਪੰਜ-ਪੰਜ ਸੌ ਦੇ ਚੁਤਾਲੀ ਨੋਟ ਸਿੰਗਲੇ ਦੀ ਜੇਬ ਵਿਚ ਪਾ ਦਿੱਤੇ।

"ਸਰਕਾਰੀ ਵਕੀਲ ਦਾ ਖਰਚਾ ਵੀ ਲੈ ਲਓ।"



"ਕਿਉਂ ਛਿੱਤਰ ਮਾਰਦੇ ਹੋ! ਹਰ ਰੋਜ਼ ਇਕੱਠੇ ਖਾਂਦੇ ਪੀਂਦੇ ਹਾਂ।"

ਸਿੰਗਲਾ ਮਿਲੀ ਫ਼ੀਸ ਤੋਂ ਸੰਤੁਸ਼ਟ ਸੀ। ਉਹ ਭੁੱਖ ਦਿਖਾ ਕੇ ਆਪਣਾ ਵਕਾਰ ਨਹੀਂ ਸੀ ਘਟਾਉਣਾ ਚਾਹੁੰਦਾ।

"ਕੋਈ ਹੋਰ ਸਾਵਧਾਨੀ ?"

"ਮੇਰਾ ਖਿਆਲ ਹੈ ਆਪਾਂ ਨੂੰ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੀਦਾ। ਘਰ ਵਿਚ ਜੇ ਕੋਈ ਗਲਤ ਚੀਜ਼ ਪਈ ਹੈ ਉਸਨੂੰ ਇਧਰ-ਉਧਰ ਕਰ ਦਿਓ। ਪੁਲਿਸ ਦਾ ਕੋਈ ਵਸਾਹ ਨਹੀਂ। ਘਰੋਂ ਕੋਈ ਹੋਰ ਚੀਜ਼ ਨਾ ਮਿਲੇ ਤਾਂ ਵਿਸਕੀ ਦਾ ਕੇਸ ਪਾ ਦੇਵੇ। ਫੜੇ ਦਸਤਾਵੇਜ਼ਾਂ ਨੂੰ ਇਨਕਮ ਟੈਕਸ ਵਾਲਿਆਂ ਕੋਲ ਭੇਜ ਦੇਵੇ। ਘਰ ਪਏ ਕੈਸ਼ ਨੂੰ ਹਵਾਲੇ ਦੀ ਰਕਮ ਬਣਾ ਕੇ ਕੋਈ ਨਵੀਂ ਮੁਸੀਬਤ ਗਲ ਪਾ ਦੇਵੇ। ਅਸਲਾ, ਵਿਸਕੀ, ਸੋਨਾ, ਕੈਸ਼ ਸਭ ਖਿੰਡਾ ਦੇਵੋ।"

ਸਿੰਗਲੇ ਦੀ ਇਸ ਰਾਏ ਨੇ ਦੋਸਤਾਂ ਦੇ ਦਿਲ ਮੋਹ ਲਏ।

ਘਰ ਵਿਚ ਅਜਿਹਾ ਬਹੁਤ ਕੁਝ ਪਿਆ ਸੀ। ਇਹ ਸਭ ਗ਼ੈਰ-ਕਾਨੂੰਨੀ ਸੀ, ਇਹ ਕਿਸੇ ਦੇ ਧਿਆਨ ਵਿਚ ਨਹੀਂ ਸੀ।

ਤੁਰੰਤ ਸਿੰਗਲੇ ਦੀ ਹਦਾਇਤ 'ਤੇ ਅਮਲ ਹੋਇਆ। ਨੀਰਜ ਨੇ ਘਰ ਫ਼ੋਨ ਖੜਕਾਇਆ। ਸਾਰਾ ਵਾਧੂ ਸਮਾਨ ਰਿਸ਼ਤੇਦਾਰਾਂ ਦੇ ਘਰ ਪਹੁੰਚਾ ਦਿਓ।

## -19-

ਸਿੰਗਲੇ ਨੂੰ ਤੋਰ ਕੇ ਸਾਰੇ ਮਿੱਤਰ ਸਿਰ ਜੋੜ ਕੇ ਬੈਠ ਗਏ।

ਵਕੀਲਾਂ ਕੋਲੋਂ ਮਿਲੇ ਸੁਝਾਵਾਂ ਉਪਰ ਵਿਚਾਰ ਹੋਣ ਲੱਗੀ।

ਸਿੰਗਲਾ ਕਹਿੰਦਾ ਸੀ, ਸੈਸ਼ਨ ਜੱਜ ਤਕ ਪਹੁੰਚ ਕਰਨ ਦੀ ਲੋੜ ਨਹੀਂ। ਨੰਦ ਲਾਲ ਦੀ ਸਲਾਹ ਉਲਟ ਸੀ। ਸਿੰਗਲਾ ਕਹਿੰਦਾ ਸੀ ਸੈਸ਼ਨ ਜੱਜ ਕਿਸੇ ਦੀ ਮੰਨਦਾ ਨਹੀਂ। ਨੰਦ ਲਾਲ ਕਹਿੰਦਾ ਸੀ ਕਿਧਰੇ ਹੋਰ ਦਾਲ ਨਾ ਗਲੀ ਤਾਂ ਮੇਰੇ ਕੋਲ ਆ ਜਾਓ।

ਸਿੰਗਲਾ ਨੰਦ ਲਾਲ ਦੀਆਂ ਫੜ੍ਹਾਂ ਬਾਰੇ ਉਨ੍ਹਾਂ ਨੂੰ ਸੁਚੇਤ ਕਰ ਚੁੱਕਾ ਸੀ। ਬਾਬੂ ਦੇ ਉੱਚੇ ਰੇਟਾਂ ਬਾਰੇ ਉਨ੍ਹਾਂ ਨੂੰ ਪਹਿਲਾਂ ਤਜਰਬਾ ਹੋ ਚੁੱਕਾ ਸੀ।

ਫੇਰ ਕੀਤਾ ਜਾਵੇ ਤਾਂ ਕੀ ? ਬਾਬੂ ਦੀ ਮੰਨੀ ਜਾਵੇ ਜਾਂ ਸਿੰਗਲੇ ਦੀ।

ਸੋਚ ਵਿਚਾਰ ਕੇ ਵਿਚਕਾਰਲਾ ਰਾਹ ਲੱਭਿਆ ਗਿਆ। ਸੈਸ਼ਨ ਜੱਜ ਤਕ ਪਹੁੰਚ ਜ਼ਰੂਰ ਕੀਤੀ ਜਾਵੇ। ਪਰ ਕਿਸੇ ਦਲਾਲ ਦੇ ਧੱਕੇ ਨਾ ਚੜ੍ਹਿਆ ਜਾਵੇ। ਕੋਈ ਨਿੱਜੀ ਦੋਸਤ ਫੜਿਆ ਜਾਵੇ।

ਕਈ ਨਾਂ ਵਿਚਾਰੇ ਗਏ। ਸਹਿਮਤੀ ਹਾਈ ਕੋਰਟ ਦੇ ਰਜਿਸਟਰਾਰ ਪ੍ਰਤਾਪ ਸਿੰਘ ਦੇ ਨਾਂ 'ਤੇ ਹੋਈ।

ਕੁਝ ਸਾਲ ਪਹਿਲਾਂ ਉਹ ਮਾਇਆ ਨਗਰ ਵਿਚ ਅਡੀਸ਼ਨਲ ਸੈਸ਼ਨ ਜੱਜ ਲੱਗਾ ਹੋਇਆ ਸੀ। ਮੋਹਨ ਲਾਲ ਨਾਲ ਉਸਦੀ ਦੋਸਤੀ ਸਤਲੁਜ ਕਲੱਬ ਵਿਚ ਹੋਈ ਸੀ।

ਉਨ੍ਹੀਂ ਦਿਨੀਂ ਮੋਹਨ ਲਾਲ ਇਕ ਨਵੀਂ ਕਾਲੋਨੀ ਉਸਾਰ ਰਿਹਾ ਸੀ। ਮੋਹਨ ਲਾਲ ਜਦੋਂ ਕੋਈ ਨਵੀਂ ਕਾਲੋਨੀ ਉਸਾਰਦਾ ਸੀ ਤਾਂ ਕੁਝ ਚੁਣਵੇਂ ਪਲਾਟ ਅਫ਼ਸਰਾਂ ਲਈ ਰਾਖਵੇਂ ਰੱਖਦਾ ਸੀ। ਪਹਿਲਾ ਕਿਸੇ ਸੈਸ਼ਨ ਜੱਜ ਲਈ, ਦੂਜਾ ਪੁਲਿਸ ਕਪਤਾਨ ਜਾਂ ਉਸ ਤੋਂ ਕਿਸੇ

ਵੱਡੇ ਅਫ਼ਸਰ ਲਈ। ਤੀਜਾ, ਤਹਿਸੀਲਦਾਰ, ਐਸ.ਡੀ.ਐਮ. ਜਾਂ ਡੀ.ਸੀ. ਲਈ। ਚੌਥਾ ਇਨਕਮ ਟੈਕਸ ਦੇ ਕਿਸੇ ਅਫ਼ਸਰ ਅਤੇ ਪੰਜਵਾਂ ਮਿਊਂਸਪਲ ਕਾਰਪੋਰੇਸ਼ਨ ਦੇ ਮੇਅਰ ਜਾਂ ਕਮਿਸ਼ਨਰ ਲਈ। ਲੋੜ ਅਨੁਸਾਰ ਵਾਧ-ਘਾਟ ਵੀ ਹੋ ਜਾਂਦੀ ਸੀ।

ਇੰਝ ਮੋਹਨ ਲਾਲ ਆਪਣੀ ਇਕ ਨੀਤੀ ਤਹਿਤ ਕਰਦਾ ਸੀ। ਇਸ ਨੀਤੀ ਤਹਿਤ ਸਭ ਨੂੰ ਫ਼ਾਇਦਾ ਹੁੰਦਾ ਸੀ।

ਅਫ਼ਸਰਾਂ ਦਾ ਕਾਲਾ ਧਨ ਖਪ ਜਾਂਦਾ ਸੀ। ਮੁਨਾਫ਼ਾ ਵੀ ਚੰਗਾ ਹੋ ਜਾਂਦਾ ਸੀ। ਮੋਹਨ ਲਾਲ ਅਫ਼ਸਰਾਂ ਕੋਲੋਂ ਜ਼ਮੀਨ ਦੀ ਲਾਗਤ ਲੈਂਦਾ ਸੀ। ਕਾਲੋਨੀ ਦੇ ਵਿਕਾਸ ਉਪਰ ਹੋਏ ਖਰਚੇ ਦੀ ਵੀ ਉਨ੍ਹਾਂ ਨੂੰ ਛੋਟ ਹੁੰਦੀ ਸੀ।

ਇਵਜ ਵਿਚ ਮੋਹਨ ਲਾਲ ਨੂੰ ਆਪਣੇ ਪ੍ਰੋਜੈਕਟ ਵਿਚ ਨਿਵੇਸ਼ ਕਰਨ ਲਈ ਖੁਲ੍ਹਾ ਪੈਸਾ ਮਿਲ ਜਾਂਦਾ ਸੀ। ਲੋੜ ਪੈਣ 'ਤੇ ਅਫ਼ਸਰ ਘੱਟ ਵਿਆਜ 'ਤੇ ਰਕਮ ਦੇ ਬੋਰੇ ਉਸ ਵੱਲ ਭੇਜ ਦਿੰਦੇ ਸਨ।

ਅਫ਼ਸਰਾਂ ਨੂੰ ਪਲਾਟ ਦੇਣ ਦਾ ਮੋਹਨ ਲਾਲ ਨੂੰ ਇਕ ਹੋਰ ਵੱਡਾ ਫ਼ਾਇਦਾ ਹੁੰਦਾ ਸੀ। ਜੇ ਕਾਲੋਨੀ ਬਜ਼ਾਰ ਦੇ ਭਾਅ ਜ਼ਮੀਨ ਖਰੀਦ ਕੇ ਉਸਾਰੀ ਜਾਵੇ ਫੇਰ ਖੱਟਣ ਨੂੰ ਕੁਝ ਨਹੀਂ ਸੀ। ਮੋਹਨ ਲਾਲ ਨੂੰ ਦੋ ਪੈਸੇ ਤਾਂ ਟੱਕਰਦੇ ਸਨ ਜੇ ਕੋਈ ਝਗੜੇ ਵਾਲੀ ਜ਼ਮੀਨ ਕੌਡੀਆਂ ਦੇ ਭਾਅ ਮਿਲੇ। ਕੌਡੀਆਂ ਦੇ ਭਾਅ ਮਿਲੀ ਜ਼ਮੀਨ ਮੁਕੱਦਮਿਆਂ ਦੀ ਖਾਣ ਹੁੰਦੀ ਸੀ। ਕਦੇ ਕੋਈ ਵਾਰਿਸ ਬੰਦੀ ਲੈ ਆਉਂਦਾ, ਕਦੇ ਕੋਈ ਪੁਲਿਸ ਚੜ੍ਹਾ ਲਿਆਉਂਦਾ। ਕੋਈ ਇਨਕਮ ਟੈਕਸ ਵਾਲਿਆਂ ਨੂੰ ਚਿੱਠੀ ਪਾ ਦਿੰਦਾ, ਕੋਈ ਚੜ੍ਹਦੇ ਇੰਤਕਾਲ ਵਿਚ ਟੰਗ ਅੜਾ ਦਿੰਦਾ।

ਜਿਸ ਮਹਿਕਮੇ ਵੱਲੋਂ ਕੋਈ ਅੜਚਣ ਹੁੰਦੀ ਮੋਹਨ ਲਾਲ ਉਸੇ ਮਹਿਕਮੇ ਦੇ ਅਫ਼ਸਰ ਨੂੰ ਅੱਗੇ ਕਰ ਦਿੰਦਾ। ਆਪਣਾ ਹਿਤ ਕਾਲੋਨੀ ਨਾਲ ਜੁੜਨ ਕਰਕੇ ਅਫ਼ਸਰ ਆਪੇ ਮਸਲਾ ਸੁਲਝਾ ਦਿੰਦਾ। ਕਈ ਕੰਮ ਅਫ਼ਸਰਾਂ ਦੀ ਆਪਣੀ ਕਲਮ ਨਾਲ ਹੋ ਜਾਂਦੇ। ਬਾਕੀ ਨਾਲ ਦੇ ਅਫ਼ਸਰਾਂ ਕੋਲੋਂ ਕਰਵਾ ਲੈਂਦੇ।

ਮੋਹਨ ਲਾਲ ਦੀ ਇਸ ਹੁਸ਼ਿਆਰੀ ਕਾਰਨ ਉਸਦੀ ਕਾਲੋਨੀ ਦੀ ਉਸਾਰੀ ਵਿਚ ਕਦੇ ਕੋਈ ਵਿਘਨ ਨਹੀਂ ਸੀ ਪਿਆ। ਇਸ ਵਿਉਪਾਰ ਵਿਚ ਉਸਦੀ ਚੰਗੀ ਭੱਲ ਸੀ। ਕਾਲੋਨੀ ਕੱਟੀ ਪਿਛੋਂ ਜਾਂਦੀ, ਵਿਕ ਪਹਿਲਾਂ ਜਾਂਦੀ।

ਪ੍ਰਤਾਪ ਸਿੰਘ ਨੂੰ ਮੋਹਨ ਲਾਲ ਨੇ ਚਾਰ ਸੌ ਗੱਜ ਦਾ ਇਕ ਪਲਾਟ ਅਤੇ ਤਿੰਨ ਦੁਕਾਨਾਂ ਦਿੱਤੀਆਂ ਸਨ।

ਨਵੀਂ ਕਾਲੋਨੀ ਦੇ ਪਹਿਲਾਂ ਵਿਕਦੇ ਪਲਾਟਾਂ ਦੀ ਕੀਮਤ ਘੱਟ ਪੈਂਦੀ ਸੀ। ਜਿਉਂ-ਜਿਉਂ ਪਲਾਟ ਵਿਕਦੇ ਜਾਂਦੇ ਸਨ, ਤਿਉਂ-ਤਿਉਂ ਮੁੱਲ ਵਧਦਾ ਜਾਂਦਾ ਸੀ। ਜਦੋਂ ਪਲਾਟ ਕੋਠੀਆਂ ਵਿਚ ਬਦਲ ਜਾਂਦੇ, ਮੁੱਲ ਅਸਮਾਨ ਛੋਹਣ ਲਗਦੇ।

ਪ੍ਰਤਾਪ ਸਿੰਘ ਨੂੰ ਕਿਹੜਾ ਪੈਸੇ ਦੀ ਘਾਟ ਸੀ। ਉਨ੍ਹਾਂ ਨੇ ਆਪਣਾ ਪਲਾਟ ਸਭ ਤੋਂ ਪਿੱਛੋਂ ਵੇਚਿਆ ਸੀ। ਉਨ੍ਹਾਂ ਨੂੰ ਲੱਖਾਂ ਰੁਪਏ ਮੁਨਾਫ਼ਾ ਹੋਇਆ ਸੀ। ਦੁਕਾਨਾਂ ਹਾਲੇ ਕੋਲ ਸਨ। ਪੰਜਾਹ ਹਜ਼ਾਰ ਵਾਲੀ ਦੁਕਾਨ ਪੰਜ ਲੱਖ ਦੀ ਹੋਈ ਪਈ ਸੀ।

ਇਹੋ ਨਹੀਂ, ਮੋਹਨ ਲਾਲ ਨੇ ਅਜਿਹੇ ਕਈ ਹੋਰ ਫ਼ਾਇਦੇ ਉਨ੍ਹਾਂ ਨੂੰ ਪਹੁੰਚਾਏ ਸਨ। ਦੋਸਤੀ ਪਰਿਵਾਰਕ ਸਾਂਝ ਵਿਚ ਬਦਲ ਗਈ ਸੀ। ਕਿਸੇ ਐਤਵਾਰ ਮੋਹਨ ਲਾਲ ਸਮੇਤ ਪਰਿਵਾਰ ਪ੍ਰਤਾਪ ਸਿੰਘ ਦੀ ਕੋਠੀ ਹੁੰਦਾ, ਕਿਸੇ ਐਤਵਾਰ ਪ੍ਰਤਾਪ ਸਿੰਘ ਉਨ੍ਹਾਂ ਦੀ ਕੋਠੀ।



ਜਦੋਂ ਪ੍ਰਤਾਪ ਸਿੰਘ ਬਦਲ ਕੇ ਗਿਆ ਫੇਰ ਵੀ ਲੰਘਦੇ ਵੜਦੇ ਗੇੜਾ ਮਾਰ ਕੇ ਜਾਂਦਾ ਸੀ। ਬਹੁਤ ਆਉਣ-ਜਾਣ ਮੋਹਨ ਲਾਲ ਦੀ ਮੌਤ ਬਾਅਦ ਘਟਿਆ ਸੀ। ਹਾਲੇ ਵੀ ਦੁਸਹਿਰੇ, ਦਿਵਾਲੀ ਨੂੰ ਪੰਕਜ ਹਾਜ਼ਰੀ ਲਗਵਾ ਕੇ ਆਉਂਦਾ ਸੀ। ਪਰਿਵਾਰਕ ਸੰਬੰਧ ਉਸੇ ਤਰ੍ਹਾਂ ਕਾਇਮ ਸਨ।

ਮੋਹਨ ਲਾਲ ਦੇ ਹੋਰ ਜੱਜਾਂ ਨਾਲ ਵੀ ਸੰਬੰਧ ਸਨ ਪਰ ਜ਼ਿਆਦਾ ਵਿਸ਼ਵਾਸ ਉਹ ਪ੍ਰਤਾਪ ਸਿੰਘ 'ਤੇ ਕਰਦਾ ਸੀ।

ਪ੍ਰਤਾਪ ਸਿੰਘ ਵਿਚ ਇਕ ਵਾਧਾ ਸੀ। ਉਹ ਆਪਣੇ ਅਫ਼ਸਰਾਂ ਨਾਲ ਬਣਾ ਕੇ ਰੱਖਦਾ ਸੀ। ਅਫ਼ਸਰਾਂ ਦੀ ਕੋਠੀ ਗੇੜਾ ਮਾਰਦਾ ਸੀ। ਬੱਚਿਆਂ ਨੂੰ ਖ਼ਰੀਦੋ-ਫ਼ਰੋਖ਼ਤ ਕਰਵਾਉਂਦਾ ਸੀ। ਅਫ਼ਸਰਾਂ ਦੇ ਬੈਡਰੂਮ ਤਕ ਉਸਦੀ ਪਹੁੰਚ ਸੀ।

ਪ੍ਰਤਾਪ ਸਿੰਘ ਦੇ ਇਸੇ ਗੁਣ ਕਾਰਨ ਹਾਈਕੋਰਟ ਦੇ ਕੁਝ ਜੱਜਾਂ ਨੇ ਚੀਫ਼ ਕੋਲ ਸਿਫ਼ਾਰਸ਼ ਕਰਕੇ ਉਸ ਨੂੰ ਹਾਈਕੋਰਟ ਬੁਲਾਇਆ ਸੀ। ਉਹ ਦਫ਼ਤਰ ਘੱਟ, ਅਫ਼ਸਰਾਂ ਦੀਆਂ ਕੋਠੀਆਂ ਵਿਚ ਵੱਧ ਜਾਂਦਾ ਸੀ। ਉਸਦੇ ਹੁੰਦਿਆਂ ਅਫ਼ਸਰਾਂ ਨੂੰ ਨਿੱਜੀ ਕੰਮ ਦਾ ਫ਼ਿਕਰ ਨਹੀਂ ਸੀ ਰਹਿੰਦਾ। ਕਿਸੇ ਜੱਜ ਦੀ ਕੁੜੀ ਦੀ ਸ਼ਾਦੀ ਹੋਵੇ ਤਾਂ ਟੈਂਟ ਤੋਂ ਲੈ ਕੇ ਦਾਜ ਤਕ ਸਾਰੀ ਜ਼ਿੰਮੇਵਾਰੀ ਉਸਦੇ ਮੋਢਿਆਂ 'ਤੇ ਹੁੰਦੀ ਸੀ।

ਬਦਲੇ ਵਿੱਚ ਜੱਜ ਉਸਦੇ ਇਸ਼ਾਰਿਆਂ 'ਤੇ ਨੱਚਦੇ ਸਨ।

ਉਹ ਹਾਈਕੋਰਟ ਦਾ ਰਜਿਸਟਰਾਰ ਸੀ। ਉਸਦੀ ਆਪਣੀ ਤਾਕਤ ਘੱਟ ਨਹੀਂ ਸੀ। ਹੇਠਲੇ ਜੱਜਾਂ ਦੀ ਜਾਨ ਉਸਦੀ ਮੁੱਠੀ ਵਿਚ ਹੁੰਦੀ ਸੀ। ਬਦਲੀਆਂ, ਤਰੱਕੀਆਂ, ਸ਼ਕਾਇਤਾਂ, ਸਭ ਉਸਦੇ ਹੱਥੋਂ ਨਿਕਲਦੀਆਂ ਸਨ। ਰਾਈ ਦਾ ਪਹਾੜ ਬਨਾਉਣਾ ਅਤੇ ਪਹਾੜ ਦੀ ਰਾਈ ਬਨਾਉਣੀ ਉਸਦੇ ਹੱਥ ਸੀ। ਰਜਿਸਟਰਾਰ ਦਾ ਆਖਾ ਮੋੜਨਾ ਸੌਖਾ ਨਹੀਂ ਸੀ। ਫੇਰ ਪ੍ਰਤਾਪ ਸਿੰਘ ਵਰਗੇ ਧੜੱਲੇਦਾਰ ਅਫ਼ਸਰ ਦਾ।

ਨੀਰਜ ਚਾਹੁੰਦਾ ਸੀ, ਪ੍ਰਤਾਪ ਸਿੰਘ ਨਾਲ ਗੱਲ ਫ਼ੋਨ 'ਤੇ ਕੀਤੀ ਜਾਵੇ।

ਅਜੇ ਨੇ ਨੀਰਜ ਦੀ ਨਾਦਾਨੀ ਤੇ ਉਸਨੂੰ ਝਿੜਕਿਆ। ਇਹ ਬੱਚਿਆਂ ਵਾਲੀ ਖੇਡ ਨਹੀਂ ਸੀ। ਪੰਕਜ ਅਤੇ ਨੀਰਜ ਹੁਣ ਮੁਲਜ਼ਮ ਸਨ। ਨਿਆਂਪਾਲਿਕਾ ਦੇ ਕੰਮ ਵਿਚ ਦਖ਼ਲ-ਅੰਦਾਜ਼ੀ ਸੌਖਾ ਕੰਮ ਨਹੀਂ ਸੀ। ਫੂਕ-ਫੂਕ ਕੇ ਕਦਮ ਚੁੱਕਣੇ ਪੈਣੇ ਸਨ। ਅਫ਼ਸਰ ਦੀ ਇੱਜ਼ਤ ਦਾ ਖ਼ਿਆਲ ਸਭ ਤੋਂ ਪਹਿਲਾਂ ਰੱਖਣਾ ਪੈਣਾ ਸੀ।

ਫ਼ੋਨ ਕਰਕੇ ਮਿਲਣ ਦਾ ਸਮਾਂ ਲਿਆ ਜਾਵੇ। ਮਿਲਿਆ ਚੰਡੀਗੜ੍ਹ ਜਾ ਕੇ ਜਾਵੇ। ਕੋਠੀ ਦੀ ਥਾਂ ਕਿਸੇ ਹੋਟਲ ਜਾਂ ਕਲੱਬ ਵਿਚ।

ਮੁਲਾਕਾਤ ਸਮੇਂ ਧਿਆਨ ਰੱਖਿਆ ਜਾਵੇ। ਕਮਰੇ ਅਤੇ ਖਾਣੇ ਦਾ ਬਿੱਲ ਕਿਸੇ ਹੋਰ ਦੇ ਨਾਂ ਕਟਵਾਇਆ ਜਾਵੇ।

ਤਜਰਬੇ ਦੇ ਆਧਾਰ 'ਤੇ ਅਜੇ ਜੱਜਾਂ ਨੂੰ ਮਿਲਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਉਨ੍ਹਾਂ ਨੂੰ ਸੁਚੇਤ ਕਰਨ ਲੱਗਾ।

ਅਜੇ ਇਹ ਸਭ ਇਸ ਲਈ ਆਖ ਰਿਹਾ ਸੀ ਕਿਉਂਕਿ ਅਜਿਹੀ ਇਕ ਅਣਗਹਿਲੀ ਕਾਰਨ ਉਸਦਾ ਇਕ ਰਿਸ਼ਤੇਦਾਰ ਨੌਕਰੀ ਤੋਂ ਹੱਥ ਧੋ ਬੈਠਾ ਸੀ।

ਅਜੇ ਦੇ ਸਾਲੇ ਦੇ ਸਾਂਢੂ ਨੌਹਰੀਆ ਰਾਮ ਨੇ ਇਕ ਕਤਲ ਕੇਸ ਦਾ ਫੈਸਲਾ ਕਰਨਾ ਸੀ। ਦੋਵੇਂ ਪਾਰਟੀਆਂ ਕਰੋੜਪਤੀ ਸਨ। ਪੈਸਿਆਂ ਦੇ ਬਰੀਫ਼ ਕੇਸ ਭਰੀ ਫਿਰਦੀਆਂ ਸਨ। ਜੱਜ ਸਾਰੀ ਉਮਰ ਈਮਾਨਦਾਰ ਰਿਹਾ ਸੀ। ਰਿਟਾਇਰਮੈਂਟ ਨੇੜੇ ਆ ਰਹੀ ਸੀ। ਦੋਸ਼ੀ ਵੈਸੇ

ਵੀ ਬਰੀ ਕਰਨੇ ਸਨ। ਉਨ੍ਹਾਂ ਵੱਲੋਂ ਪੰਜਾਹ ਲੱਖ ਦੀ ਪੇਸ਼ਕਸ਼ ਆ ਚੁੱਕੀ ਸੀ। ਦਸ ਵੀਹ ਹੋਰ ਵਧ ਸਕਦੇ ਹਨ। ਵਿਚੋਲਗੀ ਇਕ ਸਾਥੀ ਜੱਜ ਕਰ ਰਿਹਾ ਸੀ। ਮਾਮਲਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾ ਰਿਹਾ ਸੀ। ਸਾਥੀ ਜੱਜ ਦੀ ਇਕੋ ਸ਼ਰਤ ਸੀ। ਨਹੌਰੀਆ ਰਾਮ ਜਾਂ ਉਸਦੀ ਪਤਨੀ ਇਕ ਵਾਰ ਅਸਾਮੀ ਨੂੰ ਮਿਲ ਲੈਣ। 'ਪੈਸੇ ਆ ਗਏ' ਆਖ ਦੇਣ। ਇਸ ਤਰ੍ਹਾਂ ਹੋਣ ਨਾਲ ਤਿੰਨਾਂ ਧਿਰਾਂ ਦੇ ਦਾਮਨ ਸਾਫ਼ ਰਹਿਣੇ ਸਨ। ਕਿਸੇ ਉਪਰ ਕਿਸੇ ਨੂੰ ਸ਼ੱਕ ਨਹੀਂ ਸੀ ਰਹਿਣਾ।

ਮੋਟੀ ਰਕਮ ਦਾ ਲਾਲਚ ਜੱਜ ਤੋਂ ਤਿਆਗ ਨਾ ਹੋਇਆ। ਸੱਠ ਲੱਖ ਵਿਚ ਉਸਨੇ ਹਾਂ ਕਰ ਦਿੱਤੀ।

ਜੱਜ ਦਾ ਛੋਟਾ ਭਰਾ ਫ਼ਰੀਦਾਬਾਦ ਰਹਿੰਦਾ ਸੀ। ਉਥੇ ਇਕ ਤਿੰਨ ਤਾਰਾ ਹੋਟਲ ਵਿਚ ਕਮਰਾ ਬੁੱਕ ਕਰਾਇਆ ਗਿਆ। ਜੱਜ ਨੇ ਸੋਚਿਆ ਸੀ ਉਥੇ ਤਕ ਕਿਸ ਮੋਏ ਨੇ ਪਿੱਛਾ ਕਰਨਾ ਸੀ।

ਅਸਾਮੀ ਨੂੰ ਕਿਹੜਾ ਸੁਪਨਾ ਆਉਂਦਾ ਸੀ ਕਿ ਪਿੱਛਾ ਹੋ ਰਿਹਾ ਹੈ। ਉਨ੍ਹਾਂ ਨੇ ਹੋਟਲ ਵਾਲਿਆਂ ਕੋਲ ਹੋਟਲ ਆਉਣ ਦਾ ਮਕਸਦ ਜੱਜ ਨੂੰ ਮਿਲਣਾ ਲਿਖਵਾ ਦਿੱਤਾ।

ਮੁਲਾਕਾਤ ਹੋਈ।

ਬਿੱਲ ਪਾਰਟੀ ਨੇ ਚੁਕਾਉਣਾ ਸੀ। ਚੁਕਾ ਦਿੱਤਾ।

ਵਿਰੋਧੀ ਧਿਰ ਨੇ ਖੋਜ ਕੱਢ ਲਈ।

ਹੋਰ ਸਭ ਸਬੂਤ ਜੱਜ ਦੇ ਹੱਕ ਵਿਚ ਸਨ। ਕੇਸ ਕਮਜ਼ੋਰ ਸੀ। ਦੋਸ਼ੀਆਂ ਦਾ ਬਰੀ ਕਰਨਾ ਜਾਇਜ਼ ਸੀ। ਪਰ ਜੱਜ ਨੇ ਮੁਲਜ਼ਮਾਂ ਨਾਲ ਹੋਟਲ ਵਿਚ ਮੁਲਾਕਾਤ ਕਿਉਂ ਕੀਤੀ ? ਕਮਰੇ ਅਤੇ ਖਾਣੇ ਦਾ ਖਰਚਾ ਮੁਲਜ਼ਮ ਨੇ ਕਿਉਂ ਚੁਕਾਇਆ? ਨੌਹਰੀਆ ਰਾਮ ਕੋਲ ਇਨ੍ਹਾਂ ਦੋਸ਼ਾਂ ਦਾ ਕੋਈ ਸਪੱਸ਼ਟੀਕਰਨ ਨਹੀਂ ਸੀ।

"ਕਿਸੇ ਜੱਜ ਕੋਲੋਂ ਕੰਮ ਲੈਣਾ ਹੈ ਤਾਂ ਧਿਆਨ ਨਾਲ ਲਿਆ ਜਾਵੇ। ਇਹ ਨਾ ਹੋਵੇ ਕਿ ਆਪਣੇ ਨਾਲ-ਨਾਲ ਦੋਸਤ ਅਫ਼ਸਰਾਂ ਦਾ ਨੁਕਸਾਨ ਹੋ ਜਾਵੇ।"

ਅਜੇ ਦੇ ਮਸ਼ਵਰੇ ਅਨੁਸਾਰ ਪ੍ਰਤਾਪ ਸਿੰਘ ਨਾਲ ਫ਼ੋਨ 'ਤੇ ਗੱਲ ਹੋਈ।

ਚੰਡੀਗੜ੍ਹ ਜਾਣ ਦਾ ਜ਼ਿੰਮਾ ਅਜੇ ਅਤੇ ਪੰਕਜ ਨੇ ਲਿਆ। ਅਜੇ ਨੂੰ ਚੀਫ਼ ਜਸਟਿਸ ਦਾ ਪ੍ਰਾਈਵੇਟ ਸੈਕਟਰੀ ਵੀ ਜਾਣਦਾ ਸੀ। ਉਸਨੇ ਅਜੇ ਦੇ ਕਈ ਅੜੇ ਗੱਡੇ ਕੱਢੇ ਸਨ। ਉਸ ਨਾਲ ਵੀ ਮੁਲਾਕਾਤ ਕੀਤੀ ਜਾਏਗੀ।

ਨੀਰਜ ਅਤੇ ਵਿਨੇ ਪਿੱਛੇ ਰਹਿ ਕੇ ਪੁਲਿਸ ਨੂੰ ਸੰਭਾਲਣਗੇ।

ਅਗਲੇ ਦਿਨ ਦੋਬਾਰਾ ਮਿਲਣ ਦੀ ਯੋਜਨਾ ਬਣਾ ਕੇ ਉਹ ਵਿਛੜ ਗਏ।

## -020-

ਪ੍ਰਤਾਪ ਸਿੰਘ ਨੂੰ ਉਨ੍ਹਾਂ ਨੇ ਪੰਜ ਵਜੇ ਮਿਲਣਾ ਸੀ।

ਉਨ੍ਹਾਂ ਕੋਲ ਸਮਾਂ ਖੁਲ੍ਹਾ ਸੀ। ਕੁਝ ਚੀਜ਼ਾਂ ਉਨ੍ਹਾਂ ਨੇ ਇਥੋਂ ਖਰੀਦ ਲਈਆਂ। ਦੋ ਗਰਮ ਸੂਟ, ਚਾਰ ਅਰੈਸਟੋਕਰੇਟ ਦੇ ਕਮੀਜ਼ ਜੱਜ ਲਈ। ਦੋ ਬਨਾਰਸੀ ਸਾੜ੍ਹੀਆਂ ਮੈਡਮ ਲਈ। ਸਕਾਚ, ਡਰਾਈ-ਫਰੂਟ ਅਤੇ ਹੋਰ ਨਿੱਕ-ਸੁੱਕ ਉਨ੍ਹਾਂ ਨੇ ਚੰਡੀਗੜ੍ਹੋਂ ਖਰੀਦਣਾ ਸੀ। ਬਾਰਡਰ ਉਪਰ ਬਹੁਤ ਚੈਕਿੰਗ ਸੀ। ਭੈੜੇ ਦਿਨਾਂ ਵਿਚ ਮੁਸੀਬਤ ਮੱਲੋ-ਮੱਲੀ ਗਲ ਪੈਂਦੀ ਸੀ। ਨਾਲੇ



ਉਥੇ ਸ਼ਰਾਬ ਸਸਤੀ ਸੀ।

ਪ੍ਰਾਈਵੇਟ ਸੈਕਟਰੀ ਲਈ ਦੋ ਕਮੀਜ਼, ਇਕ ਟਰੈਕ ਸੂਟ ਅਤੇ ਉਸਦੀ ਪਤਨੀ ਲਈ ਰੇਸ਼ਮੀ ਸਾੜ੍ਹੀ ਗੱਡੀ ਵਿਚ ਰਖਵਾਏ ਗਏ। ਵਿਸਕੀ ਅਤੇ ਫਰੂਟ ਉਥੋਂ ਖਰੀਦ ਲਿਆ ਜਾਣਾ ਸੀ।

ਸ਼ਹਿਰ ਪੁੱਜ ਕੇ ਉਨ੍ਹਾਂ ਪ੍ਰਤਾਪ ਸਿੰਘ ਨੂੰ ਫ਼ੋਨ ਕੀਤਾ। ਉਹ ਸਾਹਿਬ ਨੂੰ ਕਲੱਬ 'ਚ ਮਿਲਣਾ ਚਾਹੁੰਦੇ ਸਨ। ਪਰ ਸਾਹਿਬ ਨੇ ਉਨ੍ਹਾਂ ਨੂੰ ਘਰ ਆਉਣ ਦੀ ਦਾਅਵਤ ਦਿੱਤੀ।

ਬਿਨਾਂ ਪੁੱਛ ਪੜਤਾਲ ਕੀਤੇ ਸਮੇਤ ਕਾਰ ਉਨ੍ਹਾਂ ਨੂੰ ਨੌਕਰ ਨੇ ਅੰਦਰ ਆਉਣ ਦਿੱਤਾ।

ਬਾ-ਅਦਬ ਉਨ੍ਹਾਂ ਨੂੰ ਡਰਾਇੰਗ-ਰੂਮ ਵਿਚ ਬਿਠਾਇਆ ਗਿਆ।

ਸੂਟ ਅਤੇ ਸਾੜ੍ਹੀਆਂ ਵਾਲੇ ਡੱਬੇ ਉਨ੍ਹਾਂ ਨੇ ਹੱਥਾਂ ਵਿਚ ਫੜ ਲਏ। ਸਕਾਚ ਵਾਲਾ ਡੱਬਾ ਅਤੇ ਹੋਰ ਨਿੱਕ-ਸੁੱਕ ਡਰਾਈਵਰ ਨੇ ਚੁੱਕ ਲਿਆ। ਸੂਟ, ਸਾੜ੍ਹੀਆਂ ਵਾਲੇ ਡੱਬੇ ਉਨ੍ਹਾਂ ਨੇ ਸੋਫ਼ੇ ਵਿਚਕਾਰ ਪਏ ਕੱਚ ਦੇ ਟੇਬਲ ਉੱਪਰ ਰੱਖ ਦਿੱਤੇ। ਸਕਾਚ ਵਾਲਾ ਡੱਬਾ ਇਕ ਨੁੱਕਰ ਵਿਚ ਰੱਖ ਕੇ ਬਾਕੀ ਸਮਾਨ ਉਸਦੇ ਬਰਾਬਰ ਟਿਕਾ ਦਿੱਤਾ।

ਨੌਕਰ ਤੁਰੰਤ ਠੰਡਾ ਪਾਣੀ ਲੈ ਆਇਆ। ਪਿਆਸ ਬੁਝਾ ਕੇ ਉਹ ਸਾਹਿਬ ਦਾ ਇੰਤਜ਼ਾਰ ਕਰਨ ਲਗੇ।

ਸਫ਼ੈਦ ਕੁੜਤੇ ਪਜਾਮੇ ਵਿਚ ਲਿਪਟਿਆ ਇਕ ਮਾੜਚੂ ਜਿਹਾ ਸਰੀਰ ਬੜੇ ਆਰਾਮ ਨਾਲ ਡਰਾਇੰਗ-ਰੂਮ ਵਿਚ ਦਾਖ਼ਲ ਹੋਇਆ। ਦੋਹਾਂ ਮਹਿਮਾਨਾਂ ਨਾਲ ਦੋਵੇਂ ਹੱਥ ਮਿਲਾ ਕੇ ਉਸਨੇ ਮਹਿਮਾਨਾਂ ਦਾ ਭਰਪੂਰ ਸਵਾਗਤ ਕੀਤਾ। ਆਏ ਸਮਾਨ ਉਪਰ ਸਾਹਿਬ ਦੀ ਨਜ਼ਰ ਪੈ ਜਾਣ ਬਾਅਦ ਨੌਕਰ ਹਰਕਤ ਵਿਚ ਆਇਆ। ਉਸਨੇ ਪਹਿਲਾਂ ਮੇਜ਼ ਉਪਰ ਪਏ ਡੱਬੇ ਅੰਦਰ ਪਹੁੰਚਾਏ ਅਤੇ ਫੇਰ ਸਕਾਚ ਅਤੇ ਡਰਾਈ-ਫਰੂਟ ਵਾਲੇ।

ਸਕਾਚ ਦੇ ਡੱਬੇ ਉਪਰ 'ਟੀਚਰ' ਬਰਾਂਡ ਵਾਲਾ ਲੇਬਲ ਦੇਖ ਕੇ ਸਾਹਿਬ ਦੇ ਚਿਹਰੇ ਉਪਰ ਜਿਹੜੀ ਹਲਕੀ ਜਿਹੀ ਖੁਸ਼ੀ ਦੀ ਭਾਅ ਉੱਭਰੀ, ਉਹ ਸਭ ਨੂੰ ਰਾਹਤ ਪਹੁੰਚਾਉਣ ਵਾਲੀ ਸੀ।

ਪੰਕਜ ਹੋਰਾਂ ਦੇ ਮਨ ਅੰਦਰ ਆਸ ਦੀ ਜੋਤ ਜਗਣ ਲੱਗੀ।

"ਇੰਨੀ ਖੇਚਲ ਕਰਨ ਦੀ ਕੀ ਲੋੜ ਸੀ?" ਆਏ ਸਮਾਨ 'ਤੇ ਤਸੱਲੀ ਪ੍ਰਗਟ ਕਰਦੇ ਸਾਹਿਬ ਨੇ ਰਸਮੀ ਧੰਨਵਾਦ ਕੀਤਾ।

"ਸਰ ਆਪਾਂ ਕਿਹੜਾ ਕੋਈ ਚੀਜ਼ ਬਾਹਰੋਂ ਲਿਆਂਦੀ ਹੈ? ਇਹ ਮੇਰਾ ਦੋਸਤ ਅਜੇ ਹੈ। ਇਸ ਦਾ ਅਕਸਪੋਰਟ ਦਾ ਕੰਮ ਹੈ। ਸਾੜ੍ਹੀਆਂ ਮੈਂ ਸਾਊਥ ਗਿਆ ਲਿਆਇਆ ਸੀ।" ਪੰਕਜ ਨੇ ਮੋੜਵਾਂ ਰਸਮੀ ਜਵਾਬ ਦਿੱਤਾ।

ਕੁਝ ਦੇਰ ਦੋਹਾਂ ਧਿਰਾਂ ਵਿਚਕਾਰ ਖਾਮੋਸ਼ੀ ਛਾਈ ਰਹੀ।

ਪ੍ਰਤਾਪ ਸਿੰਘ ਸੋਚ ਰਿਹਾ ਸੀ ਕਿ ਪੁੱਤਰ ਹੁਣ ਬਾਪ ਦੇ ਨਕਸ਼ੇ-ਕਦਮਾਂ ਉਪਰ ਚੱਲਣ ਲਗ ਪਿਆ ਹੋਵੇਗਾ। ਅੱਤਵਾਦ ਦੌਰਾਨ ਲੋਕ ਪਲਾਟ ਕੋਠੀਆਂ ਖਰੀਦਣੋ ਹਟ ਗਏ ਸਨ। ਹੁਣ ਹਾਲਾਤ ਆਮ ਵਰਗੇ ਸਨ। ਸ਼ਾਇਦ ਇਸ ਨੇ ਨਵੀਂ ਕਾਲੋਨੀ ਉਸਾਰਣ ਦੀ ਯੋਜਨਾ ਬਣਾਈ ਹੋਵੇ ਅਤੇ ਪ੍ਰਤਾਪ ਸਿੰਘ ਨੂੰ ਕੋਈ ਪਲਾਟ ਦੇਣਾ ਹੋਵੇ।

"ਕਿਸ ਤਰ੍ਹਾਂ ਚੱਲ ਰਿਹਾ ਹੈ ਕਾਰੋਬਾਰ ? ਮੋਹਨ ਤੋਂ ਬਾਅਦ ਕੋਈ ਨਵੀਂ ਕਾਲੋਨੀ ਨਹੀਂ ਕੱਟੀ ?"

ਪ੍ਰਤਾਪ ਸਿੰਘ ਨੇ ਇਸੇ ਨਜ਼ਰੀਏ ਨਾਲ ਗੱਲ ਸ਼ੁਰੂ ਕੀਤੀ।

"ਨਹੀਂ ਸਰ! ਇਹ ਕਾਰੋਬਾਰ ਅਸੀਂ ਡੈਡੀ ਦੇ ਹੁੰਦਿਆਂ ਹੀ ਬੰਦ ਕਰ ਦਿੱਤਾ ਸੀ। ਪੁੱਡਾ ਵਾਲੇ ਤੰਗ ਕਰਦੇ ਸਨ। ਉਨ੍ਹਾਂ ਦੀਆਂ ਸ਼ਰਤਾਂ ਸਖ਼ਤ ਸਨ। ਦੋ ਪੈਟਰੋਲ ਪੰਪ ਸ਼ਹਿਰ ਦੇ ਵਿਚਕਾਰ ਮਿਲ ਗਏ ਸਨ। ਇਕ ਗੈਸ ਏਜੰਸੀ ਹੈ। ਖੰਨੇ ਘਿਓ ਅਤੇ ਮੈਦੇ ਦੀ ਮਿੱਲ ਮਿਲ ਗਈ ਸੀ। ਉਥੇ ਛੋਟਾ ਨੀਰਜ ਬੈਠਦਾ ਹੈ। ਇਕ ਸਾਈਕਲ ਪਾਰਟਸ ਬਨਾਉਣ ਦੀ ਫੈਕਟਰੀ ਹੈ। ਇਕ ਰੋਲਿੰਗ ਮਿੱਲ ਵਿਚ ਹਿੱਸਾ ਹੈ। ਉਥੋਂ ਹੀ ਵਿਹਲ ਨਹੀਂ ਮਿਲਦੀ।"

"ਚੰਗੀ ਗੱਲ ਹੈ। ਡਰਿੰਕ ਲੈਂਦੇ ਹੋ?" ਪ੍ਰਤਾਪ ਸਿੰਘ ਨੇ ਉੱਪਰਲੇ ਮਨੋਂ ਪੁੱਛਿਆ।

"ਲੈ ਤਾਂ ਲੈਂਦੇ ਹਾਂ। ਪਰ ਅੱਜ ਨਹੀਂ। ਕਦੇ ਫੇਰ ਸਹੀ।" ਮਨ ਦੀ ਘਬਰਾਹਟ ਪੰਕਜ ਨੂੰ ਚੈਨ ਨਹੀਂ ਸੀ ਲੈਣ ਦਿੰਦੀ। ਉਹ ਝੱਟਪੱਟ ਕੰਮ ਦੀ ਗੱਲ 'ਤੇ ਆਉਣਾ ਚਾਹੁੰਦਾ ਸੀ।

"ਰਾਮੂ ਕੋਲਡ ਲਿਆ ਫੇਰ!" ਨਰਮ ਸੋਫ਼ੇ 'ਤੇ ਬੈਠਾ ਪ੍ਰਤਾਪ ਸਿੰਘ ਉੱਸਲਵੱਟੇ ਲੈ ਰਿਹਾ ਸੀ। ਉਸਨੂੰ ਕਾਹਲ ਸੀ ਉਹ ਕੰਮ ਦੀ ਗੱਲ ਕਰਨ ਅਤੇ ਵਿਹਲੇ ਹੋਣ।

"ਕਿਸੇ ਵਿਆਹ ਸ਼ਾਦੀ 'ਤੇ ਆਏ ਸੀ?" ਆਖ਼ਰ ਸਾਹਿਬ ਨੇ ਆਪੇ ਅਸਲ ਮੁੱਦਾ ਛੋਹਿਆ।

"ਨਹੀਂ ਸਰ! ਸਾਨੂੰ ਤੁਹਾਡੀ ਸਹਾਇਤਾ ਦੀ ਜ਼ਰੂਰਤ ਪੈ ਗਈ।"

"ਹਾਂ ਹਾਂ, ਦੱਸ। ਮੈਂ ਤੁਹਾਡੇ ਕਿਸ ਕੰਮ ਆ ਸਕਦਾ ਹਾਂ?"

ਕਿਸੇ ਕੰਮ ਦੀ ਆਸ ਨਾਲ ਪ੍ਰਤਾਪ ਸਿੰਘ ਦਾ ਮੁਰਝਾਉਂਦਾ ਜਾ ਰਿਹਾ ਚਿਹਰਾ ਮੁੜ ਤਾਜ਼ਗੀ ਫੜਨ ਲੱਗਾ। ਸ਼ਾਇਦ ਇਨ੍ਹਾਂ ਨੂੰ ਹਾਈਕੋਰਟ ਦੇ ਕਿਸੇ ਜੱਜ ਤਕ ਕੰਮ ਸੀ। ਇਸ ਲਈ ਉਨ੍ਹਾਂ ਨੂੰ ਪ੍ਰਤਾਪ ਸਿੰਘ ਦੀ ਸਹਾਇਤਾ ਦੀ ਜ਼ਰੂਰਤ ਸੀ। ਪ੍ਰਤਾਪ ਸਿੰਘ ਅੰਦਾਜ਼ੇ ਲਾਉਣ ਲੱਗਾ।

"ਤੁਸੀਂ ਜਾਣਦੇ ਹੋ ਸਰ ਕਿ ਮੇਰੇ ਡੈਡੀ ਨੇ ਕਾਲੋਨੀਆਂ ਦੇ ਕਾਰੋਬਾਰ ਵਿਚ ਮੇਰੇ ਚਾਚੇ ਨੂੰ ਹਿੱਸੇਦਾਰ ਬਣਾਇਆ ਸੀ। ਕਈ ਬੇ-ਨਾਮੀ ਪਲਾਟ ਉਸਦੇ ਨਾਂ ਖੜ੍ਹੇ ਸਨ। ਡੈਡੀ ਦੇ ਮਰਨ ਬਾਅਦ ਉਸਦਾ ਮਨ ਬੇਈਮਾਨ ਹੋ ਗਿਆ। ਇਕ ਪਲਾਟ ਨੂੰ ਲੈ ਕੇ ਸਾਡਾ ਦੀਵਾਨੀ ਮੁਕੱਦਮਾ ਚੱਲ ਪਿਆ।"

"ਉਹ ਤੁਹਾਡੇ ਖ਼ਿਲਾਫ਼ ਹੋ ਗਿਆ! ਤੁਸੀਂ ਹਾਈਕੋਰਟ ਵਿਚੋਂ ਬੰਦੀ ਲੈਣੀ ਹੈ? ਬੱਸ ਇੰਨਾ ਕੁ ਕੰਮ ਹੈ?" ਪ੍ਰਤਾਪ ਸਿੰਘ ਵਾਧੂ ਦੀ ਭੂਮਿਕਾ ਦੇ ਚੱਕਰ ਵਿਚ ਨਹੀਂ ਸੀ ਪੈਣਾ ਚਾਹੁੰਦਾ। ਉਹ ਸਿੱਧਾ ਮੁੱਦੇ 'ਤੇ ਪੁੱਜਣਾ ਚਾਹੁੰਦਾ ਸੀ।

"ਨਹੀਂ ਸਰ ਇਹ ਗੱਲ ਨਹੀਂ। ਤੁਸੀਂ ਅਖ਼ਬਾਰਾਂ ਵਿਚ ਪੜ੍ਹਿਆ ਹੋਣਾ ਹੈ। ਮਾਇਆ ਨਗਰ ਇਕ ਡਕੈਤੀ ਹੋਈ ਹੈ। ਉਹ ਮੇਰੇ ਚਾਚੇ ਦੇ ਘਰ ਹੋਈ ਹੈ। ਚਾਚੇ ਦੇ ਮੁੰਡੇ ਦਾ ਕਤਲ ਹੋ ਗਿਆ। ਮੇਰੇ ਚਾਚੇ ਦਾ ਇਕ ਸਾਲਾ ਵਕੀਲ ਹੈ। ਪਰਚਾ ਕਾਲੇ ਕੱਛਿਆਂ ਵਾਲੇ ਗਰੋਹ ਵਿਰੁੱਧ ਦਰਜ ਹੋਇਆ ਹੈ। ਪਰ ਵਕੀਲ ਕੜਿੱਲ ਕੱਢਣਾ ਚਾਹੁੰਦਾ ਹੈ। ਪੁਲਿਸ ਨੂੰ ਪੈਸੇ ਦੇ ਕੇ ਉਸਨੇ ਸਾਡਾ ਨਾਂ ਸਾਜ਼ਿਸ਼ ਵਿਚ ਉਲਝਾ ਲਿਆ।"

ਪੰਕਜ ਨੇ ਆਪਣੀ ਸਮੱਸਿਆ ਪ੍ਰਤਾਪ ਸਿੰਘ ਅੱਗੇ ਰੱਖਣੀ ਸ਼ੁਰੂ ਕੀਤੀ।

"ਇਨ੍ਹਾਂ ਨੇ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਸੈਸ਼ਨ ਕੋਰਟ ਵਿਚ ਲਾਈ ਹੈ। ਜੇ ਤੁਹਾਡੀ ਕਿਰਪਾ ਹੋ ਜਾਏ ਤਾਂ ਇਹ ਖੱਜਲ-ਖੁਆਰੀ ਤੋਂ ਬਚ ਜਾਣ। ਜੋ ਖਰਚ ਹੋਏਗਾ ਅਸੀਂ ਕਰਾਂਗੇ।"

ਅਗਲੀ ਗੱਲ ਕਰਦੇ ਪੰਕਜ ਨੂੰ ਝਿਜਕ ਹੋ ਰਹੀ ਸੀ। ਉਸਦੀ ਇਸ ਸਮੱਸਿਆ ਦਾ ਹੱਲ ਅਜੇ ਨੇ ਕੀਤਾ।



ਪ੍ਰਤਾਪ ਸਿੰਘ ਦਾ ਦਿਮਾਗ਼ ਕੰਪਿਊਟਰ ਵਾਂਗ ਵਾਧੇ ਘਾਟੇ ਕਰਨ ਲੱਗਾ।

ਮਸਲਾ ਪੇਸ਼ਗੀ ਜ਼ਮਾਨਤ ਕਰਾਉਣ ਦਾ ਸੀ। ਮੁਕੱਦਮਾ ਕਤਲ, ਡਕੈਤੀ ਅਤੇ ਬਲਾਤਕਾਰ ਦਾ ਸੀ। ਇਨ੍ਹਾਂ ਵਿਚੋਂ ਜੇ ਇਕ ਜੁਰਮ ਵੀ ਲੱਗਾ ਹੋਵੇ ਤਾਂ ਪੇਸ਼ਗੀ ਜ਼ਮਾਨਤ ਨਹੀਂ ਹੁੰਦੀ। ਤਿੰਨੋਂ ਜੁਰਮ ਇਕੋ ਸਮੇਂ ਲੱਗੇ ਹੋਣ, ਫੇਰ ਕਿਸ ਮਾਈ ਦੇ ਲਾਲ ਦੀ ਹਿੰਮਤ ਹੈ ਪੇਸ਼ਗੀ ਜ਼ਮਾਨਤ ਮਨਜ਼ੂਰ ਕਰਨ ਦੀ। ਵਾਰਦਾਤ ਤਾਜ਼ੀ ਸੀ। ਵਾਰਦਾਤ ਕਰਨ ਵਾਲੇ ਮੁਲਜ਼ਮ ਫੜੇ ਜਾ ਚੁੱਕੇ ਸਨ। ਪੰਕਜ ਹੋਰਾਂ ਦਾ ਸਬੰਧ ਘਟਨਾ ਨਾਲ ਜੋੜਨ ਲਈ ਪੁਲਿਸ ਨੇ ਪੱਕੇ ਸਬੂਤ ਹਾਸਲ ਕਰ ਲਏ ਸਨ। ਪ੍ਰੈਸ ਭੰਡੀ ਪਿੱਟ ਰਹੀ ਸੀ। ਹਕੂਮਤ ਆਪਣੀ ਧੌਂੜੀ ਬਚਾਉਣ ਵਿਚ ਲੱਗੀ ਹੋਈ ਸੀ। ਕੰਮ ਅਸੰਭਵ ਸੀ।

ਦੂਜੇ ਪਾਸੇ ਇਹ ਅਸਾਮੀ ਮੋਟੀ ਸੀ। ਲੱਖ, ਦੋ ਲੱਖ ਅਸਾਨੀ ਨਾਲ ਬਣ ਸਕਦਾ ਸੀ।

ਕੋਈ ਰਾਹ ਲੱਭਣ ਦੀ ਨੀਅਤ ਨਾਲ ਪ੍ਰਤਾਪ ਸਿੰਘ ਨੇ ਮਾਇਆ ਨਗਰ ਵਿਚ ਲੱਗੇ ਜੱਜਾਂ ਦੀ ਲਿਸਟ ਘੋਖੀ। ਸੈਸ਼ਨ ਜੱਜ ਕਾਨੂੰਨ ਦਾ ਬਹੁਤਾ ਮਾਹਿਰ ਨਹੀਂ ਸੀ ਪਰ ਸੀ, ਪੂਰਾ ਈਮਾਨਦਾਰ। ਇਹੋ ਜਿਹੇ ਬੰਦੇ ਨੂੰ ਸਿਫਾਰਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ। ਮੁਫ਼ਤ ਕੰਮ ਪ੍ਰਤਾਪ ਸਿੰਘ ਨੇ ਕਰਾਉਣਾ ਨਹੀਂ ਸੀ। ਇਹ ਕਿਹੜਾ ਉਸਦੀ ਮਾਸੀ ਦੇ ਪੁੱਤ ਸਨ। ਆਮ ਅਸਾਮੀ ਵਰਗੀ ਅਸਾਮੀ ਸੀ। ਸਾਰੇ ਪੈਸੇ ਉਹ ਇਕੱਲਾ ਜੇਬ ਵਿਚ ਪਾਉਣੇ ਨਹੀਂ ਸੀ ਚਾਹੁੰਦਾ। ਇਹ ਬਦਨਾਮੀ ਵਾਲੀ ਗੱਲ ਸੀ। ਹਿੱਸਾ-ਪੱਤੀ ਠੀਕ ਰਹਿੰਦਾ ਸੀ। ਇਥੇ ਲੈਣ-ਦੇਣ ਜਾਂ ਹਿੱਸੇ-ਪੱਤੀ ਦੀ ਕੋਈ ਸੰਭਾਵਨਾ ਨਹੀਂ ਸੀ।

ਸਾਧੂ ਸਿੰਘ ਨੂੰ ਛੱਡ ਕੇ ਬਾਕੀ ਦੇ ਅਡੀਸ਼ਨਲ ਸੈਸ਼ਨ ਜੱਜ ਉਸਦੇ ਕਾਬੂ ਆ ਸਕਦੇ ਸਨ। ਸਾਧੂ ਸਿੰਘ ਨਾਂ ਦਾ ਹੀ ਨਹੀਂ ਸੁਭਾਅ ਦਾ ਵੀ ਸਾਧੂ ਸੀ। ਨਾ ਉਸਨੇ ਕਦੇ ਪੈਸਾ ਲਿਆ ਸੀ ਨਾ ਲੈਣਾ ਸੀ। ਨਾ ਉਸਦੀ ਕੋਈ ਇਨਕੁਆਰੀ ਚੱਲਦੀ ਸੀ। ਨਾ ਉਸਨੂੰ ਚੰਗੇ ਮਾੜੇ ਸਟੇਸ਼ਨ ਦੀ ਪਰਵਾਹ ਸੀ। ਨਾ ਡਰਦਾ ਕੋਈ ਉਸਨੂੰ ਸਿਫਾਰਸ਼ ਕਰਦਾ ਸੀ। ਨਾ ਉਹ ਕਿਸੇ ਦੀ ਮੰਨਦਾ ਸੀ। ਕੋਈ ਭੁੱਲਿਆ ਚੁੱਕਿਆ ਸਿਫਾਰਸ਼ ਕਰ ਦੇਵੇ ਤਾਂ ਉਹ ਪਾਰਟੀ ਦੀ ਭਰੀ ਕਚਹਿਰੀ ਵਿਚ ਬੇਇਜ਼ਤੀ ਕਰਦਾ ਸੀ। ਇਹ ਆਖਕੇ ਮੁਕੱਦਮਾ ਉਲਟ ਕਰਦਾ ਸੀ ਕਿ ਉਸਨੇ ਜੱਜ ਤਕ ਪਹੁੰਚ ਕੀਤੀ ਸੀ। ਉਸਦਾ ਵਸਾਹ ਨਹੀਂ ਕਿ ਮਿਸਲ ਵਿਚ ਸਿਫ਼ਾਰਸ਼ੀ ਦਾ ਨਾਂ ਲਿਖ ਕੇ ਸਿਫ਼ਾਰਸ਼ੀ ਨੂੰ ਵਖਤ ਪਾ ਦੇਵੇ।

ਕੁਝ ਅਰਸੇ ਤੋਂ ਮਾਇਆ ਨਗਰ ਦੇ ਵਕੀਲਾਂ ਦੇ ਪ੍ਰਧਾਨ ਨੇ ਰਿਸ਼ਵਤਖੋਰੀ ਦੇ ਵਿਰੁੱਧ ਮੁਹਿੰਮ ਛੇੜੀ ਹੋਈ ਸੀ। ਇਕ ਸੈਸ਼ਨ ਜੱਜ ਨੂੰ ਮਜਬੂਰਨ ਪੈਨਸ਼ਨ 'ਤੇ ਜਾਣਾ ਪਿਆ ਸੀ। ਸ਼ਰਮ ਦਾ ਮਾਰਿਆ ਉਹ ਰਾਤੋ-ਰਾਤ ਸਮਾਨ ਚੁੱਕ ਕੇ ਲੈ ਗਿਆ ਸੀ। ਇਕ ਅਡੀਸ਼ਨਲ ਸੈਸ਼ਨ ਜੱਜ ਨੂੰ ਆਪਣੇ ਕਾਲੇ ਕਾਰਨਾਮਿਆਂ ਦਾ ਸਪੱਸ਼ਟੀਕਰਣ ਦੇਣਾ ਮੁਸ਼ਕਲ ਹੋ ਰਿਹਾ ਸੀ। ਉਸਨੂੰ ਬਰਖ਼ਾਸਤੀ ਦੇ ਨਾਲ-ਨਾਲ ਜੇਲ੍ਹ ਯਾਤਰਾ ਨਜ਼ਰ ਆਉਣ ਲੱਗੀ ਸੀ। ਸੰਗਰੂਰ ਬਦਲ ਕੇ ਗਏ ਦੀ ਉਸਦੀ ਦੋ ਮਹੀਨਿਆਂ ਬਾਅਦ ਮੌਤ ਹੋ ਗਈ ਸੀ। ਰਿਕਾਰਡ ਅਤੇ ਘਰਦਿਆਂ ਅਨੁਸਾਰ ਉਸਨੂੰ ਦਿਲ ਦਾ ਦੌਰਾ ਪਿਆ ਸੀ। ਉਂਝ ਸਭ ਨੂੰ ਪਤਾ ਸੀ ਉਸ ਨੇ ਆਤਮ-ਹੱਤਿਆ ਕੀਤੀ ਸੀ।

ਵਕੀਲਾਂ ਦੀ ਇਸ ਜੱਦੋ-ਜਹਿਦ ਦੇ ਮੱਦੇ-ਨਜ਼ਰ ਮਾਇਆ ਨਗਰ ਵਿਚ ਚੁਣਵੇਂ ਜੱਜ ਲਾਏ ਜਾ ਰਹੇ ਸਨ। ਸਾਧੂ ਸਿੰਘ ਉਨ੍ਹਾਂ ਵਿਚੋਂ ਇਕ ਸੀ।

ਬਾਕੀ ਦੇ ਜੱਜ ਈਮਾਨਦਾਰਾਂ ਦੀ ਸੂਚੀ ਵਿਚ ਤਾਂ ਆਉਂਦੇ ਸਨ, ਪਰ ਸਾਧੂ ਸਿੰਘ

ਵਾਂਗ ਅੜੀਅਲ ਨਹੀਂ ਸਨ। ਕਦੇ-ਕਦਾਈਂ, ਸੋਚ ਸਮਝ ਕੇ ਦਾਅ ਲਾ ਲੈਂਦੇ ਸਨ। ਪੰਜਾਬ ਦਾ ਅੱਧਾ ਉਦਯੋਗ ਇਸ ਮਾਇਆ ਨਗਰ ਵਿਚ ਸੀ। ਹਜ਼ਾਰਾਂ ਮੁਕੱਦਮੇ ਅਜਿਹੇ ਚੱਲਦੇ ਸਨ, ਜਿਨ੍ਹਾਂ ਵਿਚ ਇਕ ਧਿਰ ਸਰਕਾਰ ਹੁੰਦੀ ਸੀ। ਬਿਜਲੀ ਦੀ ਚੋਰੀ, ਇਨਕਮ ਟੈਕਸ ਦੀ ਚੋਰੀ। ਸਰਕਾਰੀ ਪਲਾਟਾਂ ਦੀ ਅਲਾਟਮੈਂਟ। ਆਏ ਦਿਨ ਸਰਕਾਰ ਜ਼ਿਮੀਦਾਰਾਂ ਦੀ ਜ਼ਮੀਨ 'ਅਕਵਾਇਰ' ਕਰਦੀ ਸੀ। ਜ਼ਮੀਨ ਦੀ ਕੀਮਤ ਕੌਡੀਆਂ ਬਰਾਬਰ ਦਿੱਤੀ ਜਾਂਦੀ ਸੀ। ਕੀਮਤ ਵਧਾਉਣ ਦੇ ਮੁਕੱਦਮੇ ਚੱਲਦੇ ਰਹਿੰਦੇ ਸਨ। ਜੇ ਜੱਜ ਜ਼ਮੀਨ ਦੀ ਕੀਮਤ ਬਜ਼ਾਰ ਨਾਲੋਂ ਅੱਧੀ ਵੀ ਤੈਅ ਕਰ ਦੇਵੇ ਤਾਂ ਵੀ ਜ਼ਿਮੀਦਾਰਾਂ ਦਾ ਮੁਆਵਜ਼ਾ ਕਰੋੜਾਂ ਵਿਚ ਵਧ ਜਾਂਦਾ ਸੀ। ਅਜਿਹੇ ਕੇਸਾਂ ਵਿਚ ਜੇ ਜੱਜ ਕਚਹਿਰੀ ਬੈਠ ਕੇ ਪੈਸੇ ਲੈ ਲਏ ਤਾਂ ਵੀ ਕੋਈ ਨਹੀਂ ਸੀ ਬੋਲਦਾ। ਸਰਕਾਰ ਦਾ ਪੱਖ ਪੂਰਦੇ ਸਰਕਾਰੀ ਅਫ਼ਸਰ ਪਹਿਲਾਂ ਮਾਲਿਕਾਂ ਨਾਲ ਘਿਓ-ਖਿਚੜੀ ਹੋਏ ਰਹਿੰਦੇ ਸਨ। ਜੱਜ ਦੀ ਸ਼ਿਕਾਇਤ ਕਰੇਗਾ ਤਾਂ ਕੌਣ!

ਅਜਿਹੇ ਲੁਕਵੇਂ ਕੰਮ ਹਾਲੇ ਵੀ ਮਾਇਆ ਨਗਰ ਵਿਚ ਹੋ ਰਹੇ ਸਨ। ਆਪਣੇ ਪਾਪਾਂ 'ਤੇ ਪਰਦਾ ਪਾਉਣ ਲਈ ਜੱਜ ਹਾਈਕੋਰਟ ਚੱਕਰ ਮਾਰਦੇ ਸਨ। ਉਨ੍ਹਾਂ ਨੂੰ ਪ੍ਰਤਾਪ ਸਿੰਘ ਤਕ ਗੌਂ ਰਹਿੰਦੀ ਸੀ। ਉਹ ਰਜਿਸਟਰਾਰ ਨੂੰ ਨਾਂਹ ਨਹੀਂ ਸਨ ਕਰ ਸਕਦੇ। ਉਨ੍ਹਾਂ ਵਿਚੋਂ ਕਿਸੇ ਕੋਲ ਸਿਫਾਰਸ਼ ਕੀਤੀ ਜਾ ਸਕਦੀ ਸੀ।

ਪ੍ਰਤਾਪ ਸਿੰਘ ਜੱਜ ਦੇ ਨਾਲ-ਨਾਲ ਉਨ੍ਹਾਂ ਨੁਕਤਿਆਂ ਦੀ ਵੀ ਖੋਜ ਕਰ ਰਿਹਾ ਸੀ, ਜਿਨ੍ਹਾਂ ਦੇ ਆਧਾਰ 'ਤੇ ਪੇਸ਼ਗੀ ਜ਼ਮਾਨਤ ਮਨਜ਼ੂਰ ਹੋ ਸਕਦੀ ਸੀ।

ਪਰਚੇ ਵਿਚ ਦੋਸ਼ੀਆਂ ਦਾ ਨਾਂ ਨਹੀਂ ਸੀ। ਪਰ ਪੰਕਜ ਹੋਰਾਂ ਦੀ ਮੁਦਈ ਧਿਰ ਨਾਲ ਦੁਸ਼ਮਣੀ ਸਾਬਤ ਹੁੰਦੀ ਸੀ। ਠੇਕੇਦਾਰ ਅਤੇ ਪੰਕਜ ਹੋਰਾਂ ਵਿਚ ਹੋਈ ਸਾਜ਼ਿਸ਼ ਦੇ ਸਬੂਤ ਮਿਸਲ 'ਤੇ ਆ ਚੁੱਕੇ ਸਨ। ਜੱਜ ਕੁਝ ਦਿਨਾਂ ਲਈ ਪੇਸ਼ਗੀ ਜ਼ਮਾਨਤ ਦੇ ਸਕਦਾ ਸੀ। ਫੇਰ ਜੇ ਪੁਲਿਸ ਮਦਦ ਕਰੇ ਅਤੇ ਪੁਲਿਸ ਹਿਰਾਸਤ ਦੀ ਮੰਗ ਨਾ ਕਰੇ ਤਾਂ ਜੱਜ ਜ਼ਮਾਨਤ ਪੱਕੀ ਕਰ ਸਕਦਾ ਸੀ।

ਫੇਰ ਪ੍ਰਤਾਪ ਸਿੰਘ ਨੇ ਆਪਣੇ ਆਪ ਨੂੰ ਫੈਸਲਾ ਕਰਨ ਵਾਲੇ ਜੱਜ ਦੀ ਕੁਰਸੀ ਉਪਰ ਬੈਠਾਇਆ। ਫੇਰ ਉਸਨੇ ਸੋਚਿਆ ਜੇ ਫੈਸਲਾ ਪ੍ਰਤਾਪ ਸਿੰਘ ਨੇ ਕਰਨਾ ਹੋਵੇ ਤਾਂ ਪ੍ਰਤਾਪ ਸਿੰਘ ਕੀ ਕਰੇ?

ਸਾਧਾਰਨ ਹਾਲਾਤਾਂ ਵਿਚ ਪ੍ਰਤਾਪ ਸਿੰਘ ਪੇਸ਼ਗੀ ਜ਼ਮਾਨਤ ਮਨਜ਼ੂਰ ਕਰਨ ਦਾ ਜ਼ੋਖਮ ਉਠਾ ਸਕਦਾ ਸੀ ਪਰ ਇਸ ਮੁਕੱਦਮੇ ਦੇ ਹਾਲਾਤ ਸਾਧਾਰਨ ਨਹੀਂ ਸਨ।

ਦੋਸ਼ੀ ਧਿਰ ਬਹੁਤ ਅਮੀਰ ਸੀ। ਪੇਸ਼ਗੀ ਜ਼ਮਾਨਤ ਜੇ ਬਿਨਾਂ ਕੁਝ ਲਏ ਕਰ ਦਿੱਤੀ ਜਾਵੇ ਤਾਂ ਵੀ ਜੱਜ ਵੱਲ ਉਂਗਲ ਉੱਠਣੀ ਸੀ। ਮੀਡੀਆ ਪਿੱਛੇ ਪਿਆ ਹੋਇਆ ਸੀ। ਬਾਰ ਦੇ ਪ੍ਰਧਾਨ ਦਾ ਖ਼ੁਫ਼ੀਆਂ ਵਿਭਾਗ ਸਰਕਾਰ ਦੇ ਖ਼ੁਫ਼ੀਆ ਵਿਭਾਗ ਨਾਲੋਂ ਵੱਧ ਤੇਜ਼ ਸੀ। ਉਸਨੂੰ ਪਤਾਲ ਵਿਚ ਜਾ ਕੇ ਲਈ ਰਿਸ਼ਵਤ ਦੀ ਭਿਣਕ ਪੈ ਜਾਂਦੀ ਸੀ। ਜੱਜ ਲਈ ਖ਼ਤਰਾ ਹੀ ਖ਼ਤਰਾ ਸੀ।

ਪ੍ਰਤਾਪ ਸਿੰਘ ਦੀ ਇਹ ਕੰਮ ਕਰਨ ਦੀ ਜੁੱਰਅਤ ਨਹੀਂ ਸੀ। ਜਿਹੜਾ ਕੰਮ ਉਹ ਖ਼ੁਦ ਨਹੀਂ ਕਰ ਸਕਦਾ, ਉਸ ਦੀ ਦੂਸਰੇ ਕੋਲ ਸਿਫ਼ਾਰਸ਼ ਕਿਉਂ ਕਰੇ?

ਸਾਰੇ ਵਾਧੇ-ਘਾਟੇ ਸੋਚ ਕੇ ਪ੍ਰਤਾਪ ਸਿੰਘ ਇਸ ਸਿੱਟੇ ਤੇ ਪੁੱਜਾ ਕਿ ਮਾਇਆ ਨਗਰ ਦਾ ਕੋਈ ਜੱਜ ਪੇਸ਼ਗੀ ਜ਼ਮਾਨਤ ਮਨਜ਼ੂਰ ਨਹੀਂ ਕਰ ਸਕਦਾ। ਇਸ ਲਈ ਹਾਲੇ ਸਿਫਾਰਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ।



ਦੂਜੇ ਪਾਸੇ ਅਸਾਮੀ ਨੂੰ ਵੀ ਹੱਥੋਂ ਨਹੀਂ ਸੀ ਗਵਾਇਆ ਜਾ ਸਕਦਾ। ਪੇਸ਼ਗੀ ਜ਼ਮਾਨਤ ਨਾ-ਮਨਜ਼ੂਰ ਹੋਣ ਦੇ ਹੁਕਮ ਦੀ ਅਪੀਲ ਹਾਈਕੋਰਟ ਹੋਣੀ ਸੀ। ਹਾਈਕੋਰਟ ਉੱਚ ਅਦਾਲਤ ਸੀ। ਕੋਈ ਹਾਈਕੋਰਟ ਦੇ ਜੱਜ ਦੀ ਵਾਅ ਵੱਲ ਨਹੀਂ ਝਾਕ ਸਕਦਾ। ਸਾਹ ਕੱਢਣ ਵਾਲੇ ਉਪਰ ਮਾਨ-ਹਾਨੀ ਦਾ ਦੋਸ਼ ਲਾ ਕੇ ਉਸਨੂੰ ਜੇਲ੍ਹ ਭੇਜਿਆ ਜਾ ਸਕਦਾ ਸੀ। ਹਾਈਕੋਰਟ ਕੋਲੋਂ ਪ੍ਰਤਾਪ ਸਿੰਘ ਜਿਸ ਤਰ੍ਹਾਂ ਦਾ ਚਾਹੇ, ਹੁਕਮ ਕਰਵਾ ਸਕਦਾ ਸੀ। ਉਸ ਸਮੇਂ ਤਕ ਪਾਰਟੀ ਪ੍ਰਤਾਪ ਸਿੰਘ ਦੇ ਹੱਥ ਹੇਠ ਰਹਿਣੀ ਚਾਹੀਦੀ ਸੀ।

"ਤੂੰ ਮੇਰੇ ਪੁੱਤਰਾਂ ਵਰਗਾ ਹੈਂ। ਮੈਂ ਤੈਨੂੰ ਗ਼ਲਤ ਰਾਏ ਨਹੀਂ ਦੇ ਸਕਦਾ। ਤੇਰਾ ਪੈਸਾ ਬਰਬਾਦ ਨਹੀਂ ਕਰਵਾ ਸਕਦਾ। ਸਵਰਗ ਵਿਚ ਬੈਠਾ ਮੇਰਾ ਭਰਾ ਕੀ ਸੋਚੇਗਾ ? ਮਾਇਆ ਨਗਰੋਂ ਤੇਰਾ ਕੰਮ ਨਹੀਂ ਹੋਣਾ।"

"ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। ਹਾਈਕੋਰਟੋਂ ਪਹਿਲੀ ਪੇਸ਼ੀ 'ਤੇ ਬੰਦੀ ਲੈ ਦਿਆਂਗਾ। ਅਗਲੀ ਪੇਸ਼ੀ 'ਤੇ ਚਾਹੇ ਮੁੱਖ ਮੰਤਰੀ ਜ਼ੋਰ ਲਾ ਲਏ, ਜ਼ਮਾਨਤ ਮਨਜ਼ੂਰ ਹੋ ਕੇ ਰਹੇਗੀ। ਹਾਈਕੋਰਟ ਆਪਣੀ ਚਲਣੀ ਹੈ। ਦਰਖ਼ਾਸਤ ਕਿਸ ਜੱਜ ਕੋਲ ਜਾਵੇ ਇਸਦਾ ਫੈਸਲਾ ਮੈਂ ਕਰਨਾ ਹੈ। ਆਪਾਂ ਆਪਣੇ ਮਿੱਤਰ ਜੱਜ ਕੋਲ ਭੇਜਾਂਗੇ। ਫੇਰ ਕੋਲ ਬੈਠ ਕੇ ਫੈਸਲਾ ਕਰਵਾਵਾਂਗੇ। ਬਸ ਪੰਜ ਚਾਰ ਦਿਨਾਂ ਦੀ ਗੱਲ ਹੈ। ਲੁੱਕ ਛਿਪ ਕੇ ਬਨਵਾਸ ਕੱਟ ਲਓ।"

"ਅੰਕਲ ਅਸੀਂ ਬੜੀ ਆਸ ਲੈ ਕੇ ਆਏ ਸੀ। ਦੋ ਪੇਟੀਆਂ, ਤਿੰਨ ਪੇਟੀਆਂ*। ਜੋ ਕਹੋ, ਖ਼ਰਚ ਕਰ ਦਿਆਂਗੇ। ਪਲੀਜ਼ ਸਾਡਾ ਕੰਮ ਕਰਾਓ।"

ਅਜੇ ਨੂੰ ਲੱਗਾ ਮਸਲਾ ਪੈਸਿਆਂ ਦੀ ਖੋਲ੍ਹ-ਖੁਲ੍ਹਾਈ 'ਤੇ ਅਟਕਿਆ ਹੋਇਆ ਸੀ। ਜੱਜ ਸ਼ਾਇਦ ਪੈਸੇ ਖੋਲ੍ਹਣ ਤੋਂ ਝਿਜਕ ਰਿਹਾ ਸੀ। ਇਹ ਗੁੱਥੀ ਸੁਲਝਾਉਣ ਲਈ ਅਜੇ ਨੇ ਪੇਟੀਆਂ ਦੀ ਗੱਲ ਤੋਰੀ।

ਤਿੰਨ ਲੱਖ ਦੀ ਪੇਸ਼ਕਸ਼ ਹੋਣ 'ਤੇ ਪ੍ਰਤਾਪ ਸਿੰਘ ਨੇ ਇਕ ਵਾਰ ਫੇਰ ਦਿਮਾਗ਼ 'ਤੇ ਬੋਝ ਪਾਇਆ, ਪਰ ਨਤੀਜਾ ਕੋਈ ਨਾ ਨਿਕਲਿਆ।

"ਸਵਾਲ ਪੈਸਿਆਂ ਦਾ ਨਹੀਂ ਹੈ। ਉਥੇ ਇਹ ਕੰਮ ਕਿਸੇ ਕੋਲੋਂ ਨਹੀਂ ਹੋਣਾ। ਇਥੋਂ ਹੋਏਗਾ। ਮੇਰੇ ਹੱਥੋਂ। ਫੇਰ ਵੀ ਤੁਸੀਂ ਕਲ੍ਹ ਮੈਨੂੰ ਫ਼ੋਨ ਕਰਨਾ। ਦੱਸਣਾ ਦਰਖ਼ਾਸਤ ਕਿਸ ਜੱਜ ਕੋਲ ਗਈ ਹੈ। ਕੋਸ਼ਿਸ਼ ਕਰਕੇ ਦੇਖ ਲਵਾਂਗੇ।"

ਪ੍ਰਤਾਪ ਸਿੰਘ ਨੇ ਸੁੱਟੀ ਕਮਾਨ ਫੇਰ ਸੰਭਾਲ ਲਈ। ਰਕਮ ਮੋਟੀ ਸੀ। ਸ਼ਾਇਦ ਕਿਸੇ ਜੱਜ ਦਾ ਸਿਰ ਫਿਰ ਜਾਵੇ।

"ਸੈਸ਼ਨ ਜੱਜ ਨੂੰ ਆਖ ਕੇ ਦੇਖ ਲਓ। ਦਰਖ਼ਾਸਤ ਕਿਸੇ ਤੁਹਾਡੇ ਵਾਕਫ਼ ਕੋਲ ਭੇਜ ਦੇਵੇ," ਅਜੇ ਹਾਲੇ ਹਥਿਆਰ ਸੁੱਟਣ ਦੇ ਮੂਡ ਵਿਚ ਨਹੀਂ ਸੀ।

"ਕੋਈ ਫ਼ਾਇਦਾ ਨਹੀਂ। ਉਲਟਾ ਉਸ ਨੂੰ ਸ਼ੱਕ ਹੋਇਆ। ਜਿਥੇ ਲਾਉਂਦਾ ਹੈ, ਲਾਉਣ ਦਿਓ।"

"ਠੀਕ ਹੈ ਸਰ! ਜੇ ਉਥੇ ਗੱਲ ਨਾ ਬਣੀ ਤਾਂ ਇਥੇ ਤੁਸੀਂ ਸੰਭਾਲ ਲਓਗੇ ਨਾ?" ਪੰਕਜ ਨੇ ਪ੍ਰਤਾਪ ਸਿੰਘ ਕੋਲੋਂ ਪੱਕਾ ਵਾਅਦਾ ਲੈਣ ਦੀ ਨੀਅਤ ਨਾਲ ਪੁੱਛਿਆ।

"ਸੌ ਫ਼ੀਸਦੀ ਗਰੰਟੀ ਹੈ। ਇਥੇ ਪੁੱਤਰਾ ਤੇਰੇ ਅੰਕਲ ਦਾ ਰਾਜ ਹੈ। ਮੈਂ ਗਲ ਵਿਚ ਪਏ ਫਾਂਸੀ ਦੇ ਫੰਦੇ ਲੁਹਾ ਦਿਆਂ, ਇਹ ਤੇ ਜ਼ਮਾਨਤ ਹੈ।"

---

*ਇਕ ਪੇਟੀ = ਇਕ ਲੱਖ

ਕੋਠੀਉਂ ਨਿਕਲਦੇ ਪੰਕਜ ਨੇ ਢੇਰੀ ਢਾਹ ਲਈ। ਜਿਹੜਾ ਕੰਮ ਪ੍ਰਤਾਪ ਸਿੰਘ ਤੋਂ ਨਹੀਂ ਹੋਇਆ, ਉਹ ਕਿਸੇ ਹੋਰ ਤੋਂ ਨਹੀਂ ਹੋਣਾ। ਉਸ ਨੂੰ ਲੱਗਾ ਜੇਲ੍ਹ ਯਾਤਰਾ ਪੱਕੀ ਸੀ।

"ਇਹ ਸੇਲ ਟੈਕਸ ਦੀ ਪੇਸ਼ੀ ਨਹੀਂ ਹੈ। ਕਤਲ ਦਾ ਮਾਮਲਾ ਹੈ। ਬਹੁਤ ਧੱਕੇ ਖਾਣੇ ਪੈਣਗੇ। ਨੰਦ ਲਾਲ ਦੇ ਆਖਣ ਵਾਂਗ ਸਬਰ ਰੱਖ। ਚੰਗੇ ਪੱਖ ਵੱਲ ਦੇਖ। ਸਾਹਿਬ ਨੇ ਹਾਈ ਕੋਰਟ ਵਿਚੋਂ ਜ਼ਮਾਨਤ ਕਰਾਉਣ ਦੀ ਜ਼ਿੰਮੇਵਾਰੀ ਲੈ ਲਈ। ਇਹ ਗੱਲ ਛੋਟੀ ਹੈ? ਆਪਣੇ ਨਾਲ ਝੂਠਾ ਵਾਅਦਾ ਨਹੀਂ ਕੀਤਾ। ਇਹ ਉਨ੍ਹਾਂ ਦਾ ਵਡੱਪਣ ਹੈ।"

ਅਜੇ ਪੰਕਜ ਨੂੰ ਨਿਰਾਸ਼ਾ ਦੀ ਖਾਈ ਵਿਚੋਂ ਕੱਢਣ ਦਾ ਯਤਨ ਕਰਨ ਲੱਗਾ।

## -21-

ਪੰਕਜ ਦਾ ਮਨ ਉਦਾਸ ਸੀ। ਉਹ ਮਾਇਆ ਨਗਰ ਮੁੜ ਜਾਣਾ ਚਾਹੁੰਦਾ ਸੀ। ਜਿਹੜਾ ਕੰਮ ਇਕ ਰਜਿਸਟਰਾਰ ਨਹੀਂ ਕਰਵਾ ਸਕਿਆ, ਉਹ ਤੀਜੇ ਦਰਜੇ ਦਾ ਮੁਲਾਜ਼ਮ ਕਿਵੇਂ ਕਰਵਾ ਸਕਦਾ ਸੀ।

ਅਜੇ ਹਿੰਮਤ ਹਾਰਨ ਵਾਲਾ ਨਹੀਂ ਸੀ। ਉਸਨੂੰ ਕਲੈਰੀਕਲ ਸਟਾਫ਼ 'ਤੇ ਭਰੋਸਾ ਸੀ। ਜਿਹੜੇ ਕੰਮ ਪ੍ਰਧਾਨ ਮੰਤਰੀ ਨਹੀਂ ਕਰਵਾ ਸਕਦੇ, ਉਹ ਉਨ੍ਹਾਂ ਦੇ ਰਸੋਈਏ ਕਰਵਾ ਦਿੰਦੇ ਹਨ। ਅਜੇ ਲਛਮਣ ਸਿੰਘ ਨੂੰ ਕਈ ਵਾਰ ਪਰਖ ਚੁੱਕਾ ਸੀ। ਕਈ ਔਖੇ ਕੰਮ ਉਸ ਰਾਹੀਂ ਹੋਏ ਸਨ।

ਲਛਮਣ ਸਿੰਘ ਨੂੰ ਫ਼ੋਨ ਨਾ ਕੀਤਾ ਹੁੰਦਾ ਤਾਂ ਹੋਰ ਗੱਲ ਸੀ। ਸਮਾਂ ਲੈ ਕੇ ਨਾ ਜਾਣਾ ਬੇਵਕੂਫ਼ੀ ਸੀ। ਕੇਸ ਨੇ ਕਿਹੜਾ ਹੁਣੇ ਮੁੱਕ ਜਾਣਾ ਸੀ। ਪਤਾ ਨਹੀਂ ਕਿੰਨੇ ਸਾਲ ਚੱਲਣਾ ਸੀ। ਕਈ ਵਾਰ ਉਨ੍ਹਾਂ ਨੂੰ ਹਾਈ ਕੋਰਟ ਆਉਣਾ ਪੈਣਾ ਸੀ। ਛੋਟੇ-ਮੋਟੇ ਕੰਮਾਂ ਲਈ ਇਸੇ ਨੇ ਕੰਮ ਆਉਣਾ ਸੀ।

ਅਜਿਹਾ ਕੁਝ ਸਮਝਾ ਕੇ ਅਜੇ ਪੰਕਜ ਨੂੰ ਸੈਕਟਰੀ ਦੇ ਕੁਆਟਰਾਂ ਵੱਲ ਲੈ ਗਿਆ।

ਨਹਾ-ਧੋ ਕੇ ਸੈਕਟਰੀ ਪਹਿਲਾਂ ਹੀ ਤਿਆਰ ਬੈਠਾ ਸੀ। ਘੁਸਮੁਸਾ ਹੋਣ ਲੱਗਾ ਸੀ। ਉਸਦਾ ਦਾਰੂ ਪੀਣ ਦਾ ਸਮਾਂ ਲੰਘ ਰਿਹਾ ਸੀ। ਉਸ ਤੋਂ ਹੋਰ ਉਡੀਕ ਨਹੀਂ ਸੀ ਹੋ ਰਹੀ।

ਲਛਮਣ ਸਿੰਘ ਦਾ ਕੁਆਟਰ ਛੋਟਾ ਸੀ, ਪਰ ਲੰਮਚਿੜਾ ਵੱਡਾ। ਨੂੰਹਾਂ ਧੀਆਂ ਵਾਲੇ ਘਰ ਵਿਚ ਸ਼ਰਾਬ ਪੀਣ ਤੋਂ ਸ਼ਰਮ ਆਉਂਦੀ ਸੀ। ਬਾਹਰ ਪੀਣੀ ਮਹਿੰਗੀ ਪੈਂਦੀ ਸੀ। ਉਹ ਮੁਰਗ-ਮਸੱਲਮ ਦਾ ਸ਼ੌਕੀਨ ਸੀ। ਘਰੇ ਮੀਟ ਬਣਦਾ ਨਹੀਂ ਸੀ।

ਅਜੇ ਵਰਗੀ ਅਸਾਮੀ ਦੀ ਉਸਨੂੰ ਬੇ-ਸਬਰੀ ਨਾਲ ਉਡੀਕ ਸੀ। ਰੌਣਕ ਮੇਲੇ ਲਈ ਉਸਨੇ ਆਪਣੇ ਪੜੌਸੀ ਭੋਗਲ ਨੂੰ ਤਿਆਰ ਕਰ ਲਿਆ। ਮੁਫ਼ਤ ਵਿਚ ਉਹ ਵੀ ਗੰਗਾ ਨਹਾ ਲਏਗਾ।

ਅਜੇ ਕੋਲ ਘਰ ਬੈਠ ਕੇ ਚਾਹ ਪੀਣ ਦਾ ਸਮਾਂ ਨਹੀਂ ਸੀ। ਉਨ੍ਹਾਂ ਨੇ ਸੈਕਟਰੀ ਨੂੰ ਗਲੀਂ ਵਿਚੋਂ ਹੀ ਨਾਲ ਰਲਾ ਲਿਆ।

"ਜਿਧਰ ਜਾਣਾ ਹੈ ਉਧਰ ਦਾ ਰਸਤਾ ਡਰਾਈਵਰ ਨੂੰ ਦੱਸੀ ਜਾਓ।" ਗੱਡੀ ਵਿਚ ਬੈਠਦਿਆਂ ਹੀ ਅਜੇ ਨੇ ਸੈਕਟਰੀ ਨੂੰ ਮਰਜ਼ੀ ਦੀ ਥਾਂ ਜਾਣ ਦੀ ਇਜਾਜ਼ਤ ਦੇ ਦਿੱਤੀ।

ਭੋਗਲ ਪੁਰਾਣੇ ਅੱਡੇ 'ਜ਼ਿਮੀਦਾਰਾ ਢਾਬੇ' 'ਤੇ ਜਾਣਾ ਚਾਹੁੰਦਾ ਸੀ। ਉਥੇ ਖਾਰੇ, ਆਂਡੇ ਅਤੇ ਮੀਟ ਸਭ ਸਸਤਾ ਸੀ। ਬੈਠਣ ਦਾ ਕਿਰਾਇਆ ਨਹੀਂ ਸੀ ਲਿਆ ਜਾਂਦਾ।



ਭੋਗਲ ਦੇ ਭੋਲੇਪਣ 'ਤੇ ਲਛਮਣ ਸਿੰਘ ਨੂੰ ਤਰਸ ਆਇਆ। ਭੋਗਲ ਸਿੱਖਿਆ ਵਿਭਾਗ ਦਾ ਕਰਮਚਾਰੀ ਸੀ। ਉਸਦੀ ਅਸਾਮੀ ਦੀ ਪਹੁੰਚ ਜ਼ਿਮੀਦਾਰਾ ਢਾਬੇ ਤਕ ਹੁੰਦੀ ਸੀ।

ਹੁਣ ਉਹ ਹਾਈ ਕੋਰਟ ਦੇ ਚੀਫ਼ ਜਸਟਿਸ ਦੇ ਪ੍ਰਾਈਵੇਟ ਸੈਕਟਰੀ ਨਾਲ ਜਾ ਰਿਹਾ ਸੀ। ਮਾਇਆ ਨਗਰ ਵਰਗੇ ਸ਼ਹਿਰ ਦੀ ਅਮੀਰ ਅਸਾਮੀ ਉਨ੍ਹਾਂ ਦੇ ਨਾਲ ਸੀ। ਅੱਜ ਉਹ ਕਿਸੇ ਆਲੀਸ਼ਾਨ ਹੋਟਲ ਦੀ ਏਅਰ-ਕੰਡੀਸ਼ਨ ਬਾਰ ਵਿਚ ਬੈਠ ਕੇ ਜਸ਼ਨ ਮਨਾਉਣਗੇ।

ਗੱਡੀ ਉਸਨੇ ਤਿੰਨ ਤਾਰਾ ਹੋਟਲ ਦੇ ਰਾਹ ਪਵਾ ਲਈ।

"ਚਾਰ ਪੈੱਗ ਪੀਟਰ-ਸਕਾਟ। ਪਹਿਲਾਂ ਇਕ ਚਿਕਨ ਰੋਸਟਡ। ਫੇਰ ਇਕ ਚਿੱਲੀ ਚਿਕਨ। ਦੋ ਪਲੇਟ ਫਿਸ਼। ਬੋਨ-ਲੈੱਸ!" ਟੇਬਲ ਦੁਆਲੇ ਬੈਠਦੇ ਹੀ ਪਹਿਲਾਂ ਸੈਕਟਰੀ ਨੇ ਵੇਟਰ ਨੂੰ ਆਰਡਰ ਨੋਟ ਕਰਵਾਇਆ। ਫੇਰ ਅਜੇ ਦੇ ਰਾਜਧਾਨੀ ਆਉਣ ਦਾ ਕਾਰਨ ਪੁੱਛਿਆ।

"ਕਤਲ ਕੇਸ ਦੇ ਮੁਲਜ਼ਮ ਦੀ ਪੇਸ਼ਗੀ ਜ਼ਮਾਨਤ। ਸੈਸ਼ਨ ਜੱਜ ਤਕ ਸਿਫਾਰਸ਼।" ਕੰਮ ਸੁਣਕੇ ਸੈਕਟਰੀ ਦੇ ਰੰਗ ਵਿਚ ਭੰਗ ਪੈ ਗਿਆ।

ਲਛਮਣ ਸਿੰਘ ਨੇ ਸੋਚਿਆ ਸੀ, ਅਜੇ ਨੇ ਹਾਈ ਕੋਰਟ ਵਿਚ ਕੋਈ ਵਕੀਲ ਕਰਨਾ ਹੋਏਗਾ। ਕਿਸੇ ਪੁਰਾਣੇ ਮੁਕੱਦਮੇ ਦੇ ਫੈਸਲੇ ਦੀ ਨਕਲ ਲੈਣੀ ਹੋਏਗੀ। ਦੋਹਾਂ ਕੰਮਾਂ ਵਿਚ ਉਸਨੂੰ ਕਮਾਈ ਹੋਣੀ ਸੀ। ਵਕੀਲ ਨੇ ਹਿੱਸਾ ਦੇਣਾ ਸੀ। ਨਕਲ ਉਸਨੇ ਆਪਣੇ ਰੋਹਬ ਨਾਲ ਤਿਆਰ ਕਰਵਾ ਲੈਣੀ ਸੀ। ਕਲਰਕ ਦੇ ਨਾਂ ਦੀ ਫ਼ੀਸ ਆਪਣੀ ਜੇਬ ਵਿਚ ਪਾ ਲੈਣੀ ਸੀ।

ਮਾਇਆ ਨਗਰ ਵਿਚ ਲਗੇ ਜੱਜਾਂ ਦੀ ਕਦੇ ਕੋਈ ਸ਼ਿਕਾਇਤ ਚੀਫ਼ ਕੋਲ ਨਹੀਂ ਸੀ ਆਈ। ਇਸ ਲਈ ਉਨ੍ਹਾਂ ਨੂੰ ਕਦੇ ਲਛਮਣ ਸਿੰਘ ਦੀ ਲੋੜ ਨਹੀਂ ਸੀ ਪਈ।

ਸੈਕਟਰੀ ਨੇ ਅਜੇ ਦੇ ਜਿਹੜੇ ਪਹਿਲਾਂ ਦੋ ਕੰਮ ਕਰਵਾਏ ਸਨ, ਉਹ ਦੋਵੇਂ ਜੱਜ ਰਿਸ਼ਵਤਖੋਰੀ ਵਿਚ ਡੂੰਘੇ ਧਸੇ ਹੋਏ ਸਨ। ਉਨ੍ਹਾਂ ਦੀਆਂ ਸ਼ਿਕਾਇਤਾਂ ਚੀਫ਼ ਕੋਲ ਆਉਂਦੀਆਂ ਰਹਿੰਦੀਆਂ ਸਨ। ਮਹੀਨੇ ਵਿਚ ਘੱਟੋ-ਘੱਟ ਇਕ ਚੱਕਰ ਉਨ੍ਹਾਂ ਦਾ ਹਾਈ ਕੋਰਟ ਲੱਗਦਾ ਸੀ। ਚੀਫ਼ ਨੂੰ ਮਿਲਣ ਤੋਂ ਪਹਿਲਾਂ ਉਹ ਸੈਕਟਰੀ ਨੂੰ ਮਿਲਦੇ ਸਨ। ਹੋਣ ਵਾਲੀ ਕਾਰਵਾਈ ਦੀ ਸੂਹ ਲੈਂਦੇ ਸਨ। ਸਾਹਿਬ ਦੇ ਮੂਡ ਅਤੇ ਹੋਈ ਸ਼ਿਕਾਇਤ ਦੀ ਗੰਭੀਰਤਾ ਬਾਰੇ ਪੁੱਛਦੇ ਸਨ। ਉਹ ਇਸ ਸੇਵਾ ਕਾਰਨ ਸੈਕਟਰੀ ਦਾ ਅਹਿਸਾਨ ਮੰਨਦੇ ਸਨ। ਉਸਦੇ ਆਖੇ ਛੋਟੇ-ਮੋਟੇ ਕੰਮ ਕਰ ਦਿੰਦੇ ਸਨ।

ਅੱਜ ਵਾਲਾ ਕੰਮ ਹੋਣ ਵਾਲਾ ਨਹੀਂ ਸੀ। ਪੈੱਗ 'ਤੇ ਪੈੱਗ ਚਾੜ੍ਹਦਾ ਅਤੇ ਹੱਡੀਆਂ ਨੋਚਦਾ ਸੈਕਟਰੀ ਸੋਚ ਰਿਹਾ ਸੀ, ਕਿਵੇਂ ਬਿਨਾਂ ਆਪਣਾ ਪ੍ਰਭਾਵ ਗਵਾਏ ਉਹ ਇਸ ਮੁਸੀਬਤ ਵਿਚੋਂ ਨਿਕਲੇ?

ਪੰਕਜ ਨੇ ਡਰਿੰਕ ਨਹੀਂ ਸੀ ਲਈ। ਮਾਨਸਿਕ ਤਨਾਅ ਕਾਰਨ ਉਸਨੂੰ ਉਬਾਸੀਆਂ ਆ ਰਹੀਆਂ ਸਨ। ਉਸਦਾ ਸਾਰਾ ਸਰੀਰ ਦਰਦ ਕਰ ਰਿਹਾ ਸੀ। ਉਸਦਾ ਗਲਾ ਸੁੱਕ ਰਿਹਾ ਸੀ। ਚਾਰ-ਪੰਜ ਕੋਕ ਉਸਦੀ ਪਿਆਸ ਨਹੀਂ ਸਨ ਬੁਝਾ ਸਕੇ।

ਅਜੇ ਪੰਕਜ ਦੀ ਬੇਚੈਨੀ ਸਮਝ ਰਿਹਾ ਸੀ। ਉਹ ਵੀ ਜਲਦੀ ਕੋਈ ਸਿੱਟਾ ਕੱਢ ਕੇ ਵਾਪਸ ਮੁੜਨਾ ਚਾਹੁੰਦਾ ਸੀ।

ਪਰ ਸੈਕਟਰੀ ਖ਼ਾਮੋਸ਼ ਸੀ। ਉਹ ਚਾਰ ਪੈੱਗ ਪੀ ਚੁੱਕਾ ਸੀ। ਮੁਰਗੇ ਅਤੇ ਮੱਛੀ ਦੀਆਂ

ਕਈ ਪਲੇਟਾਂ ਆ ਅਤੇ ਜਾ ਚੁੱਕੀਆਂ ਸਨ।

"ਸਾਡਾ ਕੁਝ ਬਣੇਗਾ?" ਸੈਕਟਰੀ ਦੇ ਖਾਣ-ਪੀਣ ਵੱਲੋਂ ਧਿਆਨ ਤੋੜਨ ਲਈ ਅਜੇ ਨੇ ਖਿਝ ਕੇ ਪੁੱਛਿਆ।

ਸੈਕਟਰੀ ਨੂੰ ਥੋੜ੍ਹਾ-ਥੋੜ੍ਹਾ ਸਰੂਰ ਹੋਣ ਲੱਗਾ ਸੀ। ਪੇਟ ਵਿਚ ਗਏ ਮਸਾਲੇਦਾਰ ਚਿਕਨ ਨੇ ਪੇਟ ਨੂੰ ਅਫਾਰਾ ਲਿਆਉਣਾ ਸ਼ੁਰੂ ਕਰ ਦਿੱਤਾ ਸੀ। ਚਿਕਨ ਅਤੇ ਸੋਢਿਆਂ ਦੀ ਗੈਸ ਨੇ ਉਸਦਾ ਢਿੱਡ ਫੁੱਟਬਾਲ ਵਾਂਗ ਫੁਲਾ ਦਿੱਤਾ। ਉਸਦੀ ਬੈਲਟ ਪੇਟ ਤੋਂ ਖਿਸਕ ਕੇ ਲੱਕ ਕੋਲ ਆ ਗਈ। ਤਰੀ ਦੇ ਧੱਬਿਆਂ ਨੇ ਕਮੀਜ਼ ਉਪਰ ਅੰਡੇਮਾਨ ਨਿਕੋਬਾਰ ਦਾ ਨਕਸ਼ਾ ਉੱਕਰ ਦਿੱਤਾ। ਪੈਂਟ ਅੰਦਰ ਦਿੱਤੀ ਅੱਧੀ ਕਮੀਜ਼ ਬਾਹਰ ਆ ਗਈ।

ਸੈਕਟਰੀ ਨੂੰ ਪਤਾ ਸੀ, ਉਹ ਅਜੇ ਦਾ ਕੰਮ ਨਹੀਂ ਕਰ ਸਕਦਾ। ਅੱਧ ਵਿਚਕਾਰ ਨਾਂਹ ਕਰਕੇ ਉਹ ਮਹਿਫਲ ਮੁਲਤਵੀ ਨਹੀਂ ਸੀ ਕਰਨਾ ਚਾਹੁੰਦਾ। ਉਹ ਜਲਦੀ-ਜਲਦੀ ਆਪਣਾ ਕੋਟਾ ਪੂਰਾ ਕਰ ਰਿਹਾ ਸੀ।

ਅਜੇ ਦੇ ਰੁੱਖੇਪਨ ਤੇ ਸੈਕਟਰੀ ਨੂੰ ਆਪਣੇ ਆਪ 'ਤੇ ਕਚਿਆਣ ਆਈ। ਦੋ ਘੁੱਟ ਸ਼ਰਾਬ ਖ਼ਾਤਰ ਉਸਦੀ ਬੇਇੱਜ਼ਤੀ ਹੋ ਰਹੀ ਸੀ। ਝੱਟ ਉਸਨੇ ਆਪਣੇ ਡੋਲਦੇ ਮਨ ਨੂੰ ਸੰਭਾਲਿਆ। ਅਜਿਹਾ ਕੁਝ ਹੁੰਦਾ ਰਹਿੰਦਾ ਹੈ। ਉਹ ਫੜ੍ਹ ਮਾਰ ਕੇ ਅਜੇ ਨੂੰ ਪਰਚਾਉਣਾ ਚਾਹੁੰਦਾ ਸੀ। ਪਰ ਅਜੇ ਕੋਲ ਮੋਬਾਈਲ ਫ਼ੋਨ ਸੀ। ਝੱਟ ਉਸਨੇ ਜੱਜ ਦਾ ਨੰਬਰ ਮਿਲਾ ਕੇ ਸੈਕਟਰੀ ਨੂੰ ਫੜਾ ਦੇਣਾ ਸੀ। ਸੈਕਟਰੀ ਨੂੰ ਖਹਿੜਾ ਛੁਡਾਉਣਾ ਮੁਸ਼ਕਲ ਹੋ ਜਾਣਾ ਸੀ।

"ਤੂੰ ਫ਼ਿਕਰ ਨਾ ਕਰ। ਸਵੇਰੇ ਕੋਠੀ ਜਾ ਕੇ ਮੈਂ ਚੀਫ਼ ਤੋਂ ਫ਼ੋਨ ਕਰਵਾਵਾਂਗਾ। ਜੇ ਉਹ ਝਿਜਕ ਗਏ, ਮੈਂ ਬੀਬੀ ਦੇ ਪੈਰ ਫੜ ਲਵਾਂਗਾ। ਬੀਬੀ ਮੈਨੂੰ ਨਹੀਂ ਮੋੜ ਸਕਦੀ। ਬੀਬੀ ਦਾ ਕਿਹਾ ਜੱਜ ਨਹੀਂ ਮੋੜ ਸਕਦਾ। ਇੰਝ ਆਪਣਾ ਕੰਮ ਹੋਵੇਗਾ।"

ਲਗਾਤਾਰ ਦੋ ਵੱਡੇ ਪੈੱਗ ਅੰਦਰ ਜਾਣ ਕਾਰਨ ਉਸਨੂੰ ਕੁਝ ਪਤਾ ਨਹੀਂ ਸੀ, ਉਹ ਕੀ ਬੋਲ ਰਿਹਾ ਸੀ।

ਪੰਕਜ ਸੈਕਟਰੀ ਦੀਆਂ ਗੱਲਾਂ ਤੋਂ ਉਕਤਾ ਚੁੱਕਾ ਸੀ।

ਪੰਕਜ ਨੇ ਬਥੇਰੇ ਵਿਉਪਾਰ ਕੀਤੇ ਸਨ। ਸੈਂਕੜੇ ਅਫ਼ਸਰਾਂ ਨਾਲ ਉਸਦੀਆਂ ਅਜਿਹੀਆਂ ਬੈਠਕਾਂ ਹੋਈਆਂ ਸਨ। ਉਹ ਭਾਂਪ ਗਿਆ ਸੀ ਸੈਕਟਰੀ ਦੀ ਝੋਲੀ ਵਿਚ ਦਾਣੇ ਨਹੀਂ ਸਨ। ਸੈਕਟਰੀ ਆਪਣਾ ਪੇਟ ਭਰ ਰਿਹਾ ਸੀ। ਸੈਕਟਰੀ ਦਾ ਇਹੋ ਲਾਹਾ ਪੰਕਜ ਨੂੰ ਚਿੜਾ ਰਿਹਾ ਸੀ।

ਕਿਸੇ ਹੋਰ ਕੰਮ ਆਏ ਹੁੰਦੇ ਤਾਂ ਪੰਕਜ ਅਜੇ ਨੂੰ ਬਾਹੋਂ ਫੜਕੇ ਖੜ੍ਹਾ ਕਰ ਲੈਂਦਾ। ਉਹ ਸੈਕਟਰੀ ਨੂੰ ਹੋਟਲ ਵਿਚ ਛੱਡ ਕੇ ਮਾਇਆ ਨਗਰ ਨੂੰ ਮੁੜ ਜਾਂਦੇ। ਪਰ ਹੁਣ ਉਹ ਫੌਜਦਾਰੀ ਮੁਕੱਦਮੇ ਵਿਚ ਫਸਿਆ ਹੋਇਆ ਸੀ। ਕੋਈ ਵੀ ਨਰਾਜ਼ ਹੋਇਆ ਅਫ਼ਸਰ ਮਹਿੰਗਾ ਪੈ ਸਕਦਾ ਸੀ। ਅਜਿਹਾ ਬੰਦਾ ਕੁਝ ਸੰਵਾਰ ਤਾਂ ਨਹੀਂ ਸੀ ਸਕਦਾ ਪਰ ਵਿਗਾੜ ਜ਼ਰੂਰ ਸਕਦਾ ਸੀ। ਇਸੇ ਡਰ ਕਾਰਨ ਉਹ ਸੈਕਟਰੀ ਦੇ ਨਖ਼ਰੇ ਬਰਦਾਸ਼ਤ ਕਰ ਰਿਹਾ ਸੀ।

ਸੈਕਟਰੀ ਚਾਹੁੰਦਾ ਸੀ, ਖਾਣਾ ਖਾਧਾ ਜਾਵੇ। ਬੱਚਿਆਂ ਲਈ ਰਸ-ਮਲਾਈ ਘਰ ਲਿਜਾਈ ਜਾਵੇ।

"ਸੈਕਟਰੀ ਸਾਹਿਬ ਤੁਸੀਂ ਆਊਟ ਹੋ ਗਏ। ਆਹ ਲਓ ਆਖ਼ਰੀ ਪੈੱਗ ਅਤੇ ਚੱਲੋ।"

ਸੈਕਟਰੀ ਦੇ ਵੇਟਰ ਨੂੰ ਖਾਣੇ ਦਾ ਆਰਡਰ ਲਿਖਾਉਣ ਤੋਂ ਪਹਿਲਾਂ ਹੀ ਅਜੇ ਨੇ ਮੇਜ਼



'ਤੇ ਪਿਆ ਆਖ਼ਰੀ ਗਲਾਸ ਸੈਕਟਰੀ ਦੇ ਹੱਥ 'ਚ ਫੜਾ ਕੇ ਆਪਣਾ ਫੈਸਲਾ ਸੁਣਾ ਦਿੱਤਾ।

ਸੈਕਟਰੀ ਚੁੱਪ ਕਰ ਗਿਆ। ਸ਼ਰਾਬ ਅੰਦਰ ਸੁੱਟੀ ਅਤੇ ਗੁੱਸੇ ਹੁੰਦਾ ਉੱਠ ਖੜੋਤਾ।

ਪੰਕਜ ਨੇ ਕਾਉਂਟਰ 'ਤੇ ਜਾ ਕੇ ਬਿਲ ਚੁਕਾਇਆ।

ਭੋਗਲ ਨੇ ਸਹਾਰਾ ਦੇ ਕੇ ਸੈਕਟਰੀ ਨੂੰ ਗੱਡੀ ਤਕ ਪਹੁੰਚਾਇਆ।

ਪਿਛੋਂ ਨੀਰਜ ਦੇ ਫ਼ੋਨ ਆ ਰਹੇ ਸਨ। ਅੱਧੀ ਰਾਤ ਹੋ ਚੁੱਕੀ ਸੀ। ਅਜਿਹੀ ਹਾਲਤ ਵਿੱਚ ਉਸਦਾ ਬਾਹਰ ਰਹਿਣਾ ਠੀਕ ਨਹੀਂ ਸੀ।

ਸੈਕਟਰੀ ਦਾ ਪਰਿਵਾਰ ਕੁਆਟਰ ਦੇ ਬਾਹਰ ਖੜ੍ਹਾ ਉਸਦਾ ਇੰਤਜ਼ਾਰ ਕਰ ਰਿਹਾ ਸੀ।

ਸੈਕਟਰੀ ਅਤੇ ਭੋਗਲ ਦੇ ਗੱਡੀਉਂ ਉਤਰਦਿਆਂ ਹੀ ਉਨ੍ਹਾਂ ਗੱਡੀ ਮਾਇਆ ਨਗਰ ਵੱਲ ਦੌੜਾ ਲਈ।

## -22-

ਸਿੰਗਲੇ ਵਕੀਲ ਦੀਆਂ ਬਾਕੀ ਸਭ ਗੱਲਾਂ ਠੀਕ ਸਨ। ਪਰ ਮੇਲੂ ਦੋਧੀ ਵਾਲੀ ਗੱਲ ਉਸ ਨੂੰ ਜਚੀ ਨਹੀਂ ਸੀ।

ਨੀਰਜ ਹੋਰੀਂ ਮਾਇਆ ਨਗਰ ਦੇ ਗਿਣਵੇਂ ਸਨਅਤਕਾਰਾਂ ਵਿਚੋਂ ਇਕ ਸਨ। ਉਹ ਅੱਠ ਦਸ ਕਰੋੜ ਦੀ ਜਾਇਦਾਦ ਦੇ ਮਾਲਕ ਸਨ। ਸ਼ਹਿਰ ਵਿਚ ਉਨ੍ਹਾਂ ਦਾ ਹਰ ਤਰ੍ਹਾਂ ਦਾ ਰਸੂਖ ਸੀ। ਸਿਆਸੀ ਬੰਦੇ ਸਵੇਰੇ ਸ਼ਾਮ ਉਨ੍ਹਾਂ ਦੇ ਦਫ਼ਤਰ ਗੇੜਾ ਮਾਰਦੇ ਸਨ। ਹਰ ਇਲੈਕਸ਼ਨ ਵਿਚ ਹਰ ਸਿਆਸੀ ਪਾਰਟੀ ਉਨ੍ਹਾਂ ਤੋਂ ਚੰਦਾ ਲੈ ਕੇ ਜਾਂਦੀ ਸੀ। ਮਾਇਆ ਨਗਰ ਦੇ ਸਾਰੇ ਅਤੇ ਚੰਡੀਗੜ੍ਹ ਬੈਠੇ ਅੱਧੇ ਉੱਚ-ਅਧਿਕਾਰੀ ਉਨ੍ਹਾਂ ਦੇ ਵਾਕਿਫ਼ ਸਨ। ਮੋਹਨ ਲਾਲ ਦਾ ਇਹੋ ਵਾਧਾ ਸੀ। ਜਿਸ ਅਫ਼ਸਰ ਨਾਲ ਉਸ ਦੀ ਮੁਲਾਕਾਤ ਹੋ ਗਈ, ਉਸ ਅਫ਼ਸਰ ਦੇ ਜਿੰਨਾ ਚਿਰ ਉਸਦਾ ਘਰ ਆਉਣ-ਜਾਣ ਨਹੀਂ ਸੀ ਬਣਦਾ, ਉਸਨੂੰ ਚੈਨ ਨਹੀਂ ਸੀ ਆਉਂਦੀ। ਅਫ਼ਸਰਾਂ ਦੀਆਂ ਵਿਆਹ-ਸ਼ਾਦੀਆਂ ਵਿਚ ਉਹ ਖੁਲ੍ਹ ਕੇ ਖਰਚ ਕਰਦਾ ਸੀ। ਆਈ.ਏ.ਐਸ. ਅਫ਼ਸਰਾਂ ਦੇ ਵਿਆਹਾਂ ਵਿਚ ਉਹ ਇਕ ਲੱਖ ਰੁਪਏ ਦਾ ਸ਼ਗਨ ਦਿੰਦਾ ਸੀ। ਪੀ.ਸੀ.ਐਸ. ਅਫ਼ਸਰਾਂ ਨੂੰ ਪੰਜਾਹ ਹਜ਼ਾਰ ਦਾ। ਸਰਦੀਆਂ ਵਿਚ ਦੋ ਕੋਟੀਆਂ 'ਮੋਨਟੀ ਕਾਰਲੋ' ਦੀਆਂ ਸਾਹਿਬ ਲਈ ਅਤੇ ਇਕ ਪਸ਼ਮੀਨੇ ਦਾ ਸ਼ਾਲ ਮੈਡਮ ਲਈ ਲੈ ਕੇ ਉਹ ਖ਼ੁਦ ਚੰਡੀਗੜ੍ਹ ਜਾਂਦਾ ਸੀ। ਮਾਇਆ ਨਗਰ ਦੀ ਹੌਜ਼ਰੀ ਦਾ ਸਮਾਨ ਦੁਨੀਆਂ ਭਰ ਵਿਚ ਬਰਾਮਦ ਹੁੰਦਾ ਸੀ। ਕਿਸੇ ਅਫ਼ਸਰ ਨੇ ਬਹੁਤੀ ਖ਼ਰੀਦੋ-ਫ਼ਰੋਖ਼ਤ ਕਰਨੀ ਹੋਵੇ, ਉਹ ਉਸ ਨੂੰ ਮਾਇਆ ਨਗਰ ਆਉਣ ਦਾ ਸੱਦਾ ਦਿੰਦਾ ਸੀ। ਅਫ਼ਸਰ ਅਤੇ ਉਨ੍ਹਾਂ ਦੇ ਪਰਿਵਾਰ ਕਈ-ਕਈ ਦਿਨ ਮਾਇਆ ਨਗਰ ਉਨ੍ਹਾਂ ਦੇ ਘਰ ਰਹਿੰਦੇ ਸਨ। ਮੌਜ ਮਸਤੀ ਹੁੰਦੀ ਸੀ। ਕਈ ਅਫ਼ਸਰਾਂ ਦੇ ਬੱਚੇ ਨੀਰਜ ਹੋਰਾਂ ਨਾਲ ਇਕੱਠੇ ਖੇਡਦੇ ਰਹੇ ਸਨ। ਬੱਚਿਆਂ ਦੇ ਸਬੰਧ ਮਾਪਿਆਂ ਨਾਲੋਂ ਵੀ ਗੂੜ੍ਹੇ ਸਨ।

ਮੇਲੂ ਰਾਮ ਦੀ ਥਾਂ ਉਹ ਕਿਸੇ ਸਿਆਸੀ ਨੇਤਾ ਜਾਂ ਵੱਡੇ ਅਫ਼ਸਰ ਤੋਂ ਫ਼ੋਨ ਕਰਾਉਣਗੇ। ਪਿਛੋਂ ਕੋਠੀ ਜਾ ਕੇ ਫ਼ੀਸ ਦੇ ਆਉਣਗੇ। ਪਹਿਲਾਂ ਵੀ ਉਹ ਆਪਣੇ ਕੰਮ ਇਸੇ ਤਰ੍ਹਾਂ ਕਰਾਉਂਦੇ ਸਨ।

ਐਮ.ਪੀ. ਸਾਹਿਬ ਪਰਸੋਂ ਦਿੱਲੀ ਗਏ ਸਨ। ਸ਼ਾਇਦ ਵਾਪਸ ਆ ਗਏ ਹੋਣ। ਸ਼ਾਇਦ

ਉਨ੍ਹਾਂ ਦੀ ਕਪਤਾਨ ਨਾਲ ਗੱਲ ਹੋ ਗਈ ਹੋਵੇ। ਹੋ ਸਕਦਾ ਹੈ ਉਨ੍ਹਾਂ ਨੇ ਦਿੱਲੀਓਂ ਗ੍ਰਹਿ-ਮੰਤਰੀ ਤੋਂ ਫ਼ੋਨ ਕਰਵਾ ਦਿੱਤਾ ਹੋਵੇ। ਉਹ ਇਸ ਤਰ੍ਹਾਂ ਕਰਨ ਦਾ ਵਾਅਦਾ ਕਰਕੇ ਗਏ ਸਨ। ਵਾਅਦੇ ਦੇ ਉਹ ਪੱਕੇ ਸਨ। ਲੋਕਾਂ ਨਾਲ ਉਹ ਲੱਖ ਝੂਠੇ ਵਾਅਦੇ ਕਰਦੇ ਹੋਣ। ਉਨ੍ਹਾਂ ਨਾਲ ਉਹ ਹਮੇਸ਼ਾ ਤੋੜ ਨਿਭਾਉਂਦੇ ਸਨ।

ਦੋ ਕੁ ਸਾਲ ਤੋਂ ਉਨ੍ਹਾਂ ਦੇ ਸਬੰਧ ਘਰੇਲੂ ਬਣ ਗਏ ਸਨ। ਉਨ੍ਹਾਂ ਦੀ ਵਿਉਪਾਰਕ ਸਾਂਝ ਪੀਡੀ ਹੋ ਗਈ ਸੀ।

ਮੋਹਨ ਲਾਲ ਨੇ ਪਹਿਲਾਂ ਪਟਰੋਲ ਪੰਪ ਲੱਗਾ ਲਿਆ ਸੀ। ਉਸਦਾ ਉਸਨੂੰ ਉੱਚਾ ਮੁੱਲ ਦੇਣਾ ਪਿਆ ਸੀ। ਸਾਲ ਪੰਪ ਚਲਾ ਕੇ ਮੋਹਨ ਲਾਲ ਨੂੰ ਇਸ ਧੰਦੇ ਦੀਆਂ ਬਾਰੀਕੀਆਂ ਅਤੇ ਹੁੰਦੇ ਮੋਟੇ ਮੁਨਾਫ਼ਿਆਂ ਦੀ ਸਮਝ ਆ ਗਈ ਸੀ।

ਜੇ ਪੰਪ ਸਿੱਧਾ ਪਟਰੋਲ-ਮੰਤਰੀ ਕੋਲੋਂ ਅਤੇ ਜ਼ਮੀਨ ਪੰਜਾਬ ਸਰਕਾਰ ਕੋਲੋਂ ਅਲਾਟ ਹੋ ਜਾਵੇ ਤਾਂ ਪੰਪ ਸੋਨਾ ਉਗਲਣ ਲੱਗ ਸਕਦਾ ਸੀ।

ਬਾਬੂ ਜੀ ਪਹਿਲੀ ਵਾਰ ਐਮ.ਪੀ. ਬਣੇ ਸਨ। ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਪਹਿਲੀ ਵਾਰ ਬਣੀ ਸੀ। ਇਸ ਲਈ ਬਾਬੂ ਜੀ ਨੂੰ ਨਾ ਆਪਣੀਆਂ ਸ਼ਕਤੀਆਂ ਦਾ ਬਹੁਤਾ ਗਿਆਨ ਸੀ, ਨਾ ਉਨ੍ਹਾਂ ਨੂੰ ਕੰਮ ਲੈਣ ਦੀ ਜਾਚ ਸੀ।

ਮੋਹਨ ਲਾਲ ਨੇ ਪਹਿਲਾਂ ਐਮ.ਪੀ. ਨੂੰ ਮਿਲਦੇ ਕੋਟਿਆਂ ਦਾ ਖ਼ੁਦ ਅਧਿਐਨ ਕੀਤਾ। ਫੇਰ ਉਨ੍ਹਾਂ ਬਾਰੇ ਬਾਬੂ ਜੀ ਨੂੰ ਰੋਸ਼ਨੀ ਪਾਈ। ਜਦੋਂ ਬਾਬੂ ਜੀ ਨੂੰ ਸਮਝ ਆਈ ਕਿ ਉਨ੍ਹਾਂ ਕੋਲ ਹਨੂੰਮਾਨ ਵਾਂਗ ਛਾਲ ਮਾਰ ਕੇ ਮਹਾਂ ਸਮੁੰਦਰ ਪਾਰ ਕਰਨ ਦੀ ਤਾਕਤ ਹੈ ਤਾਂ ਉਨ੍ਹਾਂ ਨੇ ਆਪਣੀ ਸਾਰੀ ਤਾਕਤ ਮੋਹਨ ਲਾਲ ਵੱਲ ਝੋਕ ਦਿੱਤੀ। ਬਾਬੂ ਜੀ ਦੇ ਦੋ ਵਾਰ ਫ਼ੋਨ ਕਰਨ ਨਾਲ ਜੇ ਦੋਹਾਂ ਪਰਿਵਾਰਾਂ ਦੀਆਂ ਪੀੜ੍ਹੀਆਂ ਦੀਆਂ ਰੋਟੀਆਂ ਦਾ ਇੰਤਜ਼ਾਮ ਹੁੰਦਾ ਹੈ ਤਾਂ ਇਸ ਵਿਚ ਬਾਬੂ ਜੀ ਨੂੰ ਕੀ ਇਤਰਾਜ਼ ਹੋ ਸਕਦਾ ਸੀ।

ਪਟਰੋਲ ਪੰਪ ਦੇ ਇਕ ਸਾਲ ਦਾ ਹਿਸਾਬ ਕਿਤਾਬ ਜਦੋਂ ਮੋਹਨ ਲਾਲ ਨੇ ਬਾਬੂ ਜੀ ਨੂੰ ਦਿਖਾਇਆ ਤਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ। ਉਨ੍ਹਾਂ ਝੱਟ ਪੈਟਰੋਲੀਅਮ ਮੰਤਰੀ ਨਾਲ ਗੱਲ ਕੀਤੀ। ਜਿੰਨਾ ਚਿਰ ਨਵਾਂ ਪਟਰੋਲ ਪੰਪ ਮਨਜ਼ੂਰ ਨਹੀਂ ਹੋ ਗਿਆ, ਉਹ ਟਿਕ ਕੇ ਨਹੀਂ ਬੈਠੇ।

ਪਟਰੋਲ ਪੰਪ ਤਾਂ ਅਲਾਟ ਹੋ ਗਿਆ ਪਰ ਇਹ ਲਾਇਆ ਕਿਥੇ ਜਾਵੇ ?

ਪਹਿਲੇ ਦਿਨ ਤੋਂ ਮੋਹਨ ਲਾਲ ਦੀ ਨਜ਼ਰ ਸ਼ਹਿਰ ਦੀ ਹਿੱਕ ਉਪਰ ਖਾਲੀ ਪਏ ਇਕ ਸਰਕਾਰੀ ਪਲਾਟ ਉਪਰ ਟਿਕੀ ਹੋਈ ਸੀ। ਜੇ ਪੰਪ ਇਥੇ ਲਗ ਜਾਵੇ ਤਾਂ ਵਿਕਰੀ ਦਸ ਗੁਣਾ ਵੱਧ ਹੋਣੀ ਸੀ। ਇਹ ਪਲਾਟ ਮਿਲਣਾ ਵੀ ਮਿੱਟੀ ਦੇ ਮੁੱਲ ਸੀ। ਬਜ਼ਾਰ ਦੇ ਭਾਅ ਪਲਾਟ ਖਰੀਦ ਕੇ ਪੰਪ ਲਾਇਆ ਤਾਂ ਪੰਪ ਦੀ ਆਮਦਨ ਨਾਲ ਰਕਮ ਦਾ ਵਿਆਜ ਵੀ ਪੂਰਾ ਨਹੀਂ ਸੀ ਹੋਣਾ।

ਅਫ਼ਸਰਾਂ ਨੂੰ ਦਾਣੇ ਪਾ ਕੇ ਮੋਹਨ ਲਾਲ ਨੇ ਇਸ ਪਲਾਟ ਦੀ ਅਲਾਟਮੈਂਟ ਦਾ ਜੁਗਾੜ ਸ਼ੁਰੂ ਕੀਤਾ। ਜੋ ਜਿਸ ਤਰ੍ਹਾਂ ਧਿਜਿਆ, ਉਸਨੂੰ ਉਸੇ ਤਰ੍ਹਾਂ ਧਿਜਾਇਆ। ਪੈਸੇ ਵਾਲੇ ਨੂੰ ਪੈਸਾ, ਸ਼ਬਾਬ ਵਾਲੇ ਨੂੰ ਸ਼ਰਾਬ। ਦੋ ਕਰੋੜ ਦਾ ਪਲਾਟ ਉਸਨੇ ਦਸ ਲੱਖ ਵਿਚ ਨੱਬੇ ਸਾਲਾ ਪੱਟੇ ’ਤੇ ਲਿਖਵਾ ਲਿਆ।

ਉਸ ਪਲਾਟ ਦੇ ਆਲੇ-ਦੁਆਲੇ ਸਰਕਾਰੀ ਕੁਆਟਰ ਸਨ। ਪਟਰੋਲ ਪੰਪ ਲੱਗਣ ਨਾਲ ਉਨ੍ਹਾਂ ਦੇ ਘਰਾਂ ਵਿਚ ਪ੍ਰਦੂਸ਼ਣ ਫੈਲਣਾ ਸੀ। ਡਰਾਈਵਰਾਂ ਨੇ ਗੁੰਡਾਗਰਦੀ ਕਰਨੀ ਸੀ।



ਕਾਰਾਂ, ਬੱਸਾਂ ਅਤੇ ਟਰੱਕਾਂ ਦੀ ਭੀੜ ਕਾਰਨ ਜਾਮ ਲਗੇ ਰਹਿਣੇ ਸਨ। ਧੂੜ ਨਾਲ ਉਨ੍ਹਾਂ ਦੇ ਕੁਆਟਰਾਂ ਦਾ ਰੰਗ ਰੋਗਣ ਮੱਧਮ ਪੈ ਜਾਣਾ ਸੀ। ਪਰਦੇ, ਸ਼ੀਸ਼ੇ ਅਤੇ ਫਰਨੀਚਰ ਨੇ ਬੇਕਾਰ ਹੋ ਜਾਣਾ ਸੀ। ਕੁਆਟਰਾਂ ਵਾਲਿਆਂ ਨੇ ਇਸ ਅਲਾਟਮੈਂਟ ਦਾ ਡਟ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਕੁਆਟਰਾਂ ਵਿਚ ਰਹਿੰਦੇ ਬਾਬੂਆਂ ਨੇ ਹੋਏ ਇਕਰਾਰਨਾਮਿਆਂ ਦੀਆਂ ਨਕਲਾਂ ਮਿਸਲਾਂ ਵਿਚੋਂ ਕੱਢਵਾ ਲਈਆਂ। ਉਨ੍ਹਾਂ ਨੇ ਪਟਰੋਲ ਪੰਪ ਦੇ ਮਾਲਕਾਂ ਅਤੇ ਅਫ਼ਸਰਾਂ ਦੀ ਮਿਲੀ-ਭੁਗਤ ਦੇ ਸਬੂਤ ਪ੍ਰੈਸ ਦੇ ਹਵਾਲੇ ਕਰ ਦਿੱਤੇ। ਪ੍ਰੈਸ ਨੇ ਲੂਣ ਮਿਰਚ ਲਾ ਕੇ ਇਸ ਨੂੰ ਸਕੈਂਡਲ ਬਣਾ ਦਿੱਤਾ। ਵਿਰੋਧੀ ਸਿਆਸੀ ਧਿਰ ਨੇ ਕੁਆਟਰਾਂ ਵਾਲਿਆਂ ਦੀ ਪਿੱਠ ’ਤੇ ਹੋਣ ਦਾ ਐਲਾਨ ਕਰ ਦਿੱਤਾ। ਸਾਬਕਾ ਮੰਤਰੀ ਨੇ ਪਟਰੋਲ ਪੰਪ ਵਾਲੀ ਜਗ੍ਹਾ ’ਤੇ ਧਰਨਾ ਮਾਰ ਦਿੱਤਾ। ‘ਪਟਰੋਲ ਪੰਪ ਉਸਦੀ ਲਾਸ਼ ’ਤੇ ਬਣੇਗਾ’ ਇਹ ਐਲਾਨ ਕਰ ਦਿੱਤਾ।

ਅਫ਼ਸਰਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਆਪਣਾ-ਆਪਣਾ ਬਚਾਅ ਸੋਚਣ ਲਗੇ। ਅਲਾਟਮੈਂਟ ਕੈਂਸਲ ਕਰਨ ਦੀ ਯੋਜਨਾ ਬਣਨ ਲੱਗੀ।

ਮਸਲਾ ਠੰਡਾ ਕਰਨ ਲਈ ਮੋਹਨ ਲਾਲ ਨੇ ਹਾਈ ਕੋਰਟ ਦਾ ਸਹਾਰਾ ਲਿਆ। ਅਦਾਲਤ ਨੇ ‘ਜੈਸੇ ਥੇ’ ਦਾ ਹੁਕਮ ਜਾਰੀ ਕਰ ਦਿੱਤਾ। ਇਹ ਹੁਕਮ ਮੋਹਨ ਲਾਲ ਦੀ ਮਰਜ਼ੀ ਅਨੁਸਾਰ ਹੋਇਆ ਸੀ। ਸਰਕਾਰ ਦੇ ਹੱਥ ਬੱਝ ਗਏ। ਅਲਾਟਮੈਂਟ ਕੈਂਸਲ ਹੋਣੋਂ ਬਚ ਗਈ। ਪੰਪ ਚੱਲਣੋਂ ਹੱਟ ਗਿਆ। ਇਸ ਨਾਲ ਲੋਕਾਂ ਦੀ ਤਸੱਲੀ ਹੋ ਗਈ।

ਸਾਲ ਵਿਚ ਮੋਹਨ ਲਾਲ ਨੇ ਸਭ ਧਿਰਾਂ ਨੂੰ ਠੰਡਾ ਕਰ ਲਿਆ।

ਸਾਬਕਾ ਮੰਤਰੀ ਨਾਲ ਸਮਝੌਤਾ ਹੋਇਆ।

ਮੁਹੱਲੇ ਵਾਲਿਆਂ ਨਾਲ ਵਾਅਦਾ ਕੀਤਾ। ਪੰਪ ਕਾਰਾਂ ਟਰੱਕਾਂ ਵਾਲਿਆਂ ਲਈ ਨਹੀਂ ਸੀ ਲਗ ਰਿਹਾ। ਕੇਵਲ ਸਕੂਟਰਾਂ ਵਿਚ ਪਟਰੋਲ ਪੈਣਾ ਸੀ। ਕੋਈ ਗੁੰਡਾਗਰਦੀ ਨਹੀਂ ਹੋ ਸਕਦੀ।

ਵਾਧੂ ਬਚਦੀ ਥਾਂ ਵਿਚ ਮੋਹਨ ਨੇ ਇਕ ਸ਼ਾਪਿੰਗ ਕੰਪਲੈਕਸ ਖੋਲ੍ਹਣਾ ਸੀ। ਮੁਹੱਲੇ ਵਾਲਿਆਂ ਨੂੰ ਸਸਤਾ ਅਤੇ ਤਾਜ਼ਾ ਸਮਾਨ ਮਿਲਣਾ ਸੀ। ਉਲਟਾ ਕਾਲੋਨੀ ਵਾਲਿਆਂ ਨੂੰ ਸੌਖ ਹੋਣੀ ਸੀ।

ਚੁੱਪਕੇ ਜਿਹੇ ਰਿੱਟ ਦਾ ਫ਼ੈਸਲਾ ਕਰਵਾ ਲਿਆ। ਰਾਤੋ-ਰਾਤ ਪੰਪ ਚਾਲੂ ਕਰ ਲਿਆ।

ਪਹਿਲਾਂ ਪੰਪ ਦੋ-ਪਹੀਆ ਵਾਹਨਾਂ ਲਈ ਚੱਲਿਆ। ਇੰਝ ਹਾਈ ਕੋਰਟ ਦੇ ਹੁਕਮ ਅਨੁਸਾਰ ਹੋਇਆ। ਛੇ ਮਹੀਨੇ ਬਾਅਦ ਕਾਰਾਂ ਵਿਚ ਪਟਰੋਲ ਪੈਣ ਲੱਗਾ। ਫੇਰ ਡੀਜ਼ਲ ਆ ਗਿਆ। ਬੱਸਾਂ ਅਤੇ ਟਰੱਕ ਆਉਣ ਲਗੇ। ਨਾਲ ਦੀ ਜਗ੍ਹਾ ਵਿਚ ਵਰਕਸ਼ਾਪ ਬਣ ਗਈ। ਦੁਕਾਨਾਂ ਖੁਲ੍ਹ ਗਈਆਂ। ਲੋਕਾਂ ਨੂੰ ਜਿਥੇ ਤਕਲੀਫ਼ ਸੀ, ਉੱਥੇ ਅਰਾਮ ਵੀ ਸੀ। ਗੱਲ ਆਈ ਗਈ ਹੋ ਗਈ।

ਪੰਪ ਦੀ ਕਾਮਯਾਬੀ ਬਾਅਦ ਚੁੱਪ-ਚਾਪ ਬਾਬੂ ਜੀ ਨੇ ਮਾਇਆ ਨਗਰ ਲਈ ਤਿੰਨ ਗੈਸ ਏਜੰਸੀਆਂ ਮਨਜ਼ੂਰ ਕਰਵਾ ਲਈਆਂ। ਬਾਕੀ ਦੀਆਂ ਦੋ ਏਜੰਸੀਆਂ ਮੰਤਰਾਲੇ ਅਤੇ ਅਫ਼ਸਰਾਂ ਨੇ ਕਿਸ ਖੂਹ-ਖਾਤੇ ਸੁੱਟੀਆਂ, ਇਸ ਨਾਲ ਬਾਬੂ ਜੀ ਨੂੰ ਕੋਈ ਵਾਸਤਾ ਨਹੀਂ ਸੀ। ਜਿਹੜੀ ਏਜੰਸੀ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਂ ਸੀ, ਉਹ ਅਸਲ ਵਿੱਚ ਬਾਬੂ ਜੀ ਲਈ ਰਾਖਵੀਂ ਸੀ। ਜਿਸ ਬੰਦੇ ਦੇ ਨਾਂ ’ਤੇ ਉਨ੍ਹਾਂ ਉਂਗਲ ਰੱਖੀ, ਉਹ ਉਸੇ ਨੂੰ ਅਲਾਟ ਹੋ ਗਈ।

ਇਨ੍ਹਾਂ ਦੋ ਕੰਮਾਂ ਨਾਲ ਬਾਬੂ ਜੀ ਦਾ ਭਵਿੱਖ ਸੁਰੱਖਿਅਤ ਹੋ ਗਿਆ। ਇਸ ਆਰਥਿਕ ਸੁਰੱਖਿਆ ਕਾਰਨ ਬਾਬੂ ਜੀ ਮੋਹਨ ਲਾਲ ਦੇ ਰਿਣੀ ਸਨ। ਹੁਣ ਪੰਕਜ ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕਰ ਰਿਹਾ ਸੀ।

ਸੰਸਾਰੀਕਰਨ ਦੇ ਇਸ ਦੌਰ ਵਿਚ ਬਹੁਤ ਸਾਰੀਆਂ ਬਹੁ-ਦੇਸ਼ੀ ਕੰਪਨੀਆਂ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕਰ ਰਹੀਆਂ ਸਨ। ਕੇਂਦਰੀ ਸਰਕਾਰ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਤ ਕਰ ਰਹੀ ਸੀ। ਸਨਅਤ ਮੰਤਰੀ ਵਫ਼ਦ ਲੈ ਲੈ ਬਾਹਰਲੇ ਦੇਸ਼ਾਂ ਨੂੰ ਤੁਰੇ ਰਹਿੰਦੇ ਸਨ। ਕੁਝ ਦੇਸ਼ਾਂ ਦਾ ਚੱਕਰ ਬਾਬੂ ਜੀ ਵੀ ਉਨ੍ਹਾਂ ਨਾਲ ਲਾ ਆਏ ਸਨ। ਅੰਦਰਖਾਤੇ ਬਾਬੂ ਜੀ ਦੀ ਜਪਾਨ ਦੀ ਇਕ ਕੰਪਨੀ ਨਾਲ ਗੱਲ ਚੱਲ ਰਹੀ ਸੀ। ਕੰਪਨੀ ਨੂੰ ਜੇ ਖੁਲ੍ਹੀਆਂ ਰਿਆਇਤਾਂ ਮਿਲ ਜਾਣ ਤਾਂ ਕੰਪਨੀ ਮੋਟਰ-ਸਾਈਕਲਾਂ ਦਾ ਭਾਰੀ ਉਦਯੋਗ ਇਧਰ ਲਾਉਣ ਲਈ ਸੋਚ ਸਕਦੀ ਸੀ। ਬਾਬੂ ਜੀ ਦੀਆਂ ਸੇਵਾਵਾਂ ਦੇ ਇਵਜ ਵਿਚ ਕੰਪਨੀ ਦੇ ਕੁਝ ਹਿੱਸੇ ਉਨ੍ਹਾਂ ਨੂੰ ਦਿੱਤੇ ਜਾ ਸਕਦੇ ਸਨ। ਬਾਬੂ ਜੀ ਆਪ ਹਿੱਸੇਦਾਰ ਨਹੀਂ ਸਨ ਬਣ ਸਕਦੇ। ਨਾ ਉਨ੍ਹਾਂ ਕੋਲ ਇੰਨੀ ਪੂੰਜੀ ਸੀ। ਆਪਣੀ ਥਾਂ ਉਨ੍ਹਾਂ ਨੇ ਪੰਕਜ ਦਾ ਨਾਂ ਸੁਝਾਇਆ ਸੀ। ਗੱਲ ਸਿਰੇ ਚੜ੍ਹਨ ਵਾਲੀ ਸੀ। ਇਸ ਲਈ ਬਾਬੂ ਜੀ ਦੀ ਇਕ ਟੰਗ ਦਿੱਲੀ ਹੁੰਦੀ ਸੀ ਅਤੇ ਇਕ ਮਾਇਆ ਨਗਰ।

ਜਰਮਨੀ ਤੋਂ ਇਕ ਪੇਸ਼ਕਸ਼ ਇਕ ਵਿਦੇਸ਼ੀ ਮਿੱਤਰ ਰਾਹੀਂ ਪੰਕਜ ਕੋਲ ਆਈ ਸੀ। ਭਾਰਤੀ ਫ਼ੌਜ ਆਪਣੀਆਂ ਤੋਪਾਂ ਦੇ ਬਹੁਤ ਸਾਰੇ ਕਲਪੁਰਜ਼ੇ ਅਮਰੀਕਾ ਕੋਲੋਂ ਖਰੀਦਦੀ ਸੀ। ਜਰਮਨੀ ਦੀ ਇਹ ਕੰਪਨੀ ਉਹੋ ਕਲਪੁਰਜ਼ੇ ਭਾਰਤ ਵਿਚ ਬਨਾਉਣ ਦੀ ਸਮਰੱਥਾ ਰੱਖਦੀ ਸੀ। ਭਾਰਤ ਦੇ ਸੁਰੱਖਿਆ ਮੰਤਰਾਲੇ ਵਿਚ ਜੇ ਪਹੁੰਚ ਹੋ ਜਾਵੇ ਤਾਂ ਕੰਪਨੀ ਪੰਕਜ ਨਾਲ ਹਿੱਸੇਦਾਰੀ ਰੱਖ ਕੇ ਕੰਮ ਸ਼ੁਰੂ ਕਰ ਸਕਦੀ ਸੀ। ਬਾਬੂ ਜੀ ਇਸ ਪ੍ਰੋਜੈਕਟ ਦੇ ਸਿਰੇ ਚੜ੍ਹ ਜਾਣ ਲਈ ਵੀ ਯਤਨਸ਼ੀਲ ਸਨ। ਇਥੋਂ ਵੀ ਸੋਨੇ ਦੀ ਖਾਣ ਲੱਭ ਸਕਦੀ ਸੀ।

ਅਜਿਹੇ ਗੂੜ੍ਹੇ ਸੰਬੰਧਾਂ ਦੇ ਹੁੰਦਿਆਂ ਭੀੜ ਪੈਣ 'ਤੇ ਬਾਬੂ ਜੀ ਪੰਕਜ ਹੋਰਾਂ ਨੂੰ ਪਿੱਠ ਕਿਸ ਤਰ੍ਹਾਂ ਦਿਖਾ ਸਕਦੇ ਸਨ?

ਪੂਰੇ ਮਾਨ ਨਾਲ ਨੀਰਜ ਨੇ ਬਾਬੂ ਜੀ ਨਾਲ ਰਾਬਤਾ ਕਾਇਮ ਕੀਤਾ।

ਕੋਠੀਉਂ ਪਤਾ ਲੱਗਾ ਉਹ ਦਿੱਲੀਉਂ ਵਾਪਸ ਨਹੀਂ ਆਏ। ਦਿੱਲੀਉਂ ਪਤਾ ਲੱਗਾ, ਉਹ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੰਗਲੌਰ ਚਲੇ ਗਏ। ਮੋਬਾਇਲ ਉਥੇ ਚਲਦਾ ਨਹੀਂ ਸੀ। ਦੂਜਾ ਫ਼ੋਨ ਮਿਲਾਇਆ। ਘੰਟੀ ਜਾਂਦੀ ਸੀ ਪਰ ਕੋਈ ਚੁੱਕ ਨਹੀਂ ਸੀ ਰਿਹਾ।

ਬਾਬੂ ਜੀ ਨਹੀਂ ਹਨ ਤਾਂ ਨਾ ਸਹੀ, ਚੇਅਰਮੈਨ ਸਾਹਿਬ ਮਾਇਆ ਨਗਰ ਵਿਚ ਸਨ। ਉਨ੍ਹਾਂ ਦੀ ਬਾਬੂ ਜੀ ਨਾਲੋਂ ਵੱਧ ਚੱਲਦੀ ਸੀ।

ਉਹ ਚੇਅਰਮੈਨ ਨਾਲ ਸੰਪਰਕ ਕਰਨ ਲੱਗੇ।

## -23-

ਚੇਅਰਮੈਨ ਸਾਹਿਬ ਤਿੰਨ ਦਿਨਾਂ ਤੋਂ ਮਾਇਆ ਨਗਰ ਵਿਚ ਡੇਰਾ ਲਾਈ ਬੈਠੇ ਸਨ। ਪਾਰਟੀ ਵਰਕਰਾਂ ਦਾ ਕੈਂਪ ਲੱਗਾ ਹੋਇਆ ਸੀ। ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਸਿਰ ਸੀ।



ਚੇਅਰਮੈਨ ਨੇ ਉਨ੍ਹਾਂ ਨੂੰ ਕੈਂਪ ਵਿਚ ਬੁਲਾ ਲਿਆ। ਉਨ੍ਹਾਂ ਦੇ ਕੈਂਪ ਤੋਂ ਬਾਹਰ ਜਾਣ 'ਤੇ ਮਨਾਹੀ ਸੀ। ਉਨ੍ਹਾਂ ਦੇ ਬਾਹਰ ਜਾਣ ਨਾਲ ਪਾਰਟੀ ਅਨੁਸ਼ਾਸਨ ਭੰਗ ਹੁੰਦਾ ਸੀ। ਕੈਂਪ ਦੀ ਕਾਰਵਾਈ ਵਿਚ ਵਿਘਨ ਪੈਂਦਾ ਸੀ।

ਚੇਅਰਮੈਨ ਸਾਹਿਬ ਨੇ ਨੀਰਜ ਦੀ ਇਕ ਡਿਊਟੀ ਵੀ ਲਾਈ। ਆਉਂਦਾ ਹੋਇਆ ਉਹ ਕੇਡਟਾਂ ਲਈ ਦੋ ਪੇਟੀਆਂ ਸੇਬ ਅਤੇ ਪੰਜ ਕਿਲੋ ਲੱਡੂ ਲੈਂਦਾ ਆਵੇ। ਸ਼ਾਮ ਦੀ ਰਿਫ਼ਰੈਸ਼ਮੈਂਟ ਮੋਹਨ ਪਰਿਵਾਰ ਵੱਲੋਂ ਹੋਣੀ ਚਾਹੀਦੀ ਸੀ।

ਦੋ ਚੀਜ਼ਾਂ ਵੱਧ ਲੈ ਕੇ ਉਹ ਝੱਟ ਕੈਂਪ ਪਹੁੰਚ ਗਏ।

ਕੇਡਟਾਂ ਵਾਲੀ ਵੇਸ-ਭੂਸ਼ਾ ਵਿਚ ਦੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਨਿੱਕਰ ਬਨੈਣ ਵਾਲਾ ਬੰਦਾ ਦੋ ਵਾਰ ਵਿਧਾਇਕ ਰਹਿ ਚੁੱਕਾ ਸੀ ਅਤੇ ਹੁਣ ਖਾਦੀ ਬੋਰਡ ਵਰਗੇ ਅਦਾਰੇ ਦਾ ਚੇਅਰਮੈਨ ਸੀ। ਉਹ ਕਿਸੇ ਸਕੂਲ ਦਾ ਡਰਿਲ ਮਾਸਟਰ ਲੱਗਦਾ ਸੀ।

ਨਾਲ ਆਏ ਸਮਾਨ ਨੂੰ ਰਸੋਈ ਵਿਚ ਭਿਜਵਾ ਕੇ ਉਹ ਉਨ੍ਹਾਂ ਨੂੰ ਆਪਣੇ ਦਫ਼ਤਰ ਲੈ ਗਏ। ਦਫ਼ਤਰ ਵਿਚ ਫ਼ੋਨ ਵੀ ਸੀ ਅਤੇ ਫ਼ੋਨ ਕਰਨ ਵਾਲਾ ਨਿੱਜੀ ਸਹਾਇਕ ਵੀ।

ਕੈਂਪ ਵਾਲੇ ਇਨ੍ਹਾਂ ਦਿਨਾਂ ਵਿਚ ਸਾਧਾਰਨ ਜਨਤਾ ਦਾ ਉਨ੍ਹਾਂ ਨੂੰ ਮਿਲਣਾ ਬੰਦ ਸੀ। ਪਰ ਨੀਰਜ ਹੋਰੇ ਸਾਧਾਰਨ ਜਨਤਾ ਨਹੀਂ ਸਨ। ਉਹ ਪਾਰਟੀ ਦੇ ਫਾਈਨੈਂਸਰ ਸਨ। ਹੁਣ ਪਾਰਟੀ ਸੱਤਾ ਵਿਚ ਸੀ। ਕਿਸੇ ਤੋਂ ਵੀ ਫ਼ੋਨ ਕਰਕੇ ਚੰਦਾ ਮੰਗਵਾਇਆ ਜਾ ਸਕਦਾ ਸੀ। ਪੰਕਜ ਦੇ ਪਿਤਾ ਜੀ ਉਸ ਸਮੇਂ ਕੈਂਪਾਂ ਦਾ ਸਾਰਾ ਖਰਚਾ ਬਰਦਾਸ਼ਤ ਕਰਿਆ ਕਰਦੇ ਸਨ, ਜਦੋਂ ਲੋਕ ਪਾਰਟੀ ਦਾ ਨਾਂ ਲੈਣੋਂ ਡਰਦੇ ਸਨ। ਜਦੋਂ ਪਾਰਟੀ ਵਿਰੋਧੀ ਧਿਰ ਵਿਚ ਸੀ ਅਤੇ ਚੇਅਰਮੈਨ ਨੂੰ ਬੱਸ, ਟਰੱਕ ਜਾਂ ਰਾਸ਼ਨ-ਪਾਣੀ ਦੀ ਜ਼ਰੂਰਤ ਪੈਂਦੀ ਸੀ, ਮੋਹਨ ਲਾਲ ਅੱਧੇ ਬੋਲ ਉਹ ਲੋੜ ਪੂਰੀ ਕਰਦਾ ਸੀ।

ਪਾਰਟੀ ਮੋਹਨ ਲਾਲ ਦੇ ਉਸ ਅਹਿਸਾਨ ਨੂੰ ਕਦੇ ਨਹੀਂ ਭੁੱਲ ਸਕਦੀ, ਜਿਹੜਾ ਉਸ ਨੇ ਸਰਵ ਹਿਤਕਾਰੀ ਸਕੂਲ ਖੋਲ੍ਹਣ ਲਈ ਪਾਰਟੀ ਨੂੰ ਲਾਗਤ ਮੁੱਲ 'ਤੇ ਪਲਾਟ ਦੇ ਕੇ ਕੀਤਾ ਸੀ। ਇਹੋ ਨਹੀਂ, ਸਕੂਲ ਚਾਲੂ ਕਰਨ ਲਈ ਦੋ ਕਮਰੇ ਉਸਨੇ ਆਪਣੇ ਖਰਚੇ 'ਤੇ ਬਣਵਾ ਕੇ ਦਿੱਤੇ ਸਨ। ਆਪਣੇ ਪਿਤਾ ਜੀ ਦੀ ਯਾਦ ਵਿੱਚ ਗ਼ਰੀਬ ਹੁਸ਼ਿਆਰ ਬੱਚਿਆਂ ਲਈ ਉਸਨੇ ਵਜ਼ੀਫ਼ੇ ਚਾਲੂ ਕੀਤੇ ਸਨ।

ਪੁੱਤਰ ਦੋ ਕਦਮ ਅੱਗੇ ਜਾ ਰਹੇ ਸਨ। ਮੋਹਨ ਲਾਲ ਦੀ ਯਾਦ ਵਿਚ ਉਨ੍ਹਾਂ ਨੇ ਸਕੂਲ ਵਿਚ ਅਸੈਂਬਲੀ ਹਾਲ ਬਣਵਾ ਦਿੱਤਾ। ਵਜ਼ੀਫ਼ਿਆਂ ਦੀ ਗਿਣਤੀ ਦੁਗਣੀ ਕਰ ਦਿੱਤੀ।

ਪਾਰਟੀ ਅਤੇ ਚੇਅਰਮੈਨ ਇਸ ਪਰਿਵਾਰ ਦੇ ਸਦਾ ਰਿਣੀ ਸਨ।

ਕੈਂਪ ਦੌਰਾਨ ਚੇਅਰਮੈਨ ਬਹੁਤ ਘੱਟ ਲੋਕਾਂ ਨੂੰ ਮਿਲਿਆ ਸੀ। ਇਸ ਲਈ ਨਗਰ ਦੇ ਤਾਜ਼ਾ ਹਾਲਾਤਾਂ ਤੋਂ ਉਹ ਵਾਕਿਫ਼ ਨਹੀਂ ਸੀ। ਅਖ਼ਬਾਰਾਂ ਵਿਚ ਉਸਨੇ ਇਕ ਪਰਿਵਾਰ ਦੇ ਘਰ ਪਈ ਡਕੈਤੀ ਬਾਰੇ ਪੜ੍ਹਿਆ ਸੀ। ਉਹ ਪਰਿਵਾਰ ਨੀਰਜ ਦੇ ਚਾਚੇ ਦਾ ਸੀ, ਇਹ ਜਾਣ ਕੇ ਚੇਅਰਮੈਨ ਨੂੰ ਡਾਢਾ ਦੁੱਖ ਹੋਇਆ ਸੀ। ਉਹ ਦੁਖੀ ਪਰਿਵਾਰ ਦੀ ਹਰ ਸਹਾਇਤਾ ਲਈ ਤਿਆਰ ਸੀ।

ਜਦੋਂ ਨੀਰਜ ਨੇ ਉਨ੍ਹਾਂ ਦੇ ਡਕੈਤੀ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਬਾਰੇ ਪੁਲਿਸ ਨੂੰ ਪਏ ਸ਼ੱਕ ਦੀ ਗੱਲ ਤੋਰੀ ਤਾਂ ਚੇਅਰਮੈਨ ਦਾ ਚਿਹਰਾ ਪੀਲਾ ਭੂਕ ਹੋ ਗਿਆ। ਉਸਦੀ ਜ਼ੁਬਾਨ ਤਾਲੂਏ ਨਾਲ ਲੱਗ ਗਈ। ਉਸਨੂੰ ਮਹਿਸੂਸ ਹੋਣ ਲੱਗਾ, ਜਿਵੇਂ ਉਹ ਖ਼ੁਦ ਸਾਜਿਸ਼ ਵਿਚ ਸ਼ਾਮਲ ਹੋਣ ਜਾ ਰਿਹਾ ਸੀ।

ਚੇਅਰਮੈਨ ਦਾ ਮਨ ਕਾਹਲਾ ਪੈਣ ਲੱਗਾ। ਚੰਗਾ ਸੀ ਹਾਲੇ ਤਕ ਬਹੁਤੇ ਲੋਕਾਂ ਨੂੰ ਉਨ੍ਹਾਂ ਦੀ ਚੇਅਰਮੈਨ ਨਾਲ ਹੋਈ ਮੁਲਾਕਾਤ ਦਾ ਪਤਾ ਨਹੀਂ ਸੀ ਲੱਗਾ। ਅੱਜ ਤਕ ਚੇਅਰਮੈਨ ਦਾ ਦਾਮਨ ਸਾਫ਼ ਰਿਹਾ ਸੀ। ਕਿਧਰੇ ਉਸ ਉਪਰ ਕਾਤਲਾਂ ਦੀ ਮਦਦ ਦਾ ਦੋਸ਼ ਨਾ ਲੱਗ ਜਾਏ, ਉਹ ਇਸ ਗੱਲ ਤੋਂ ਘਬਰਾ ਰਿਹਾ ਸੀ।

"ਦੱਸੋ ਮੈਂ ਕੀ ਸੇਵਾ ਕਰ ਸਕਦਾ ਹਾਂ। ਮੇਰੀ ਕਲਾਸ ਦਾ ਸਮਾਂ ਹੋਣ ਵਾਲਾ ਹੈ।" ਘੜੀ ਵੱਲ ਦੇਖ ਕੇ ਚੇਅਰਮੈਨ ਨੇ ਆਪਣੀ ਬੇਚੈਨੀ ਦਾ ਪ੍ਰਗਟਾਵਾ ਕੀਤਾ।

"ਬਾਬੂ ਜੀ ਬੰਗਲੌਰ ਗਏ ਹੋਏ ਹਨ। ਤੁਸੀਂ ਕਪਤਾਨ ਨੂੰ ਇਕ ਫ਼ੋਨ ਕਰ ਦਿਓ। ਆਖ ਦੇਵੋ ਅਸੀਂ ਬੇਕਸੂਰ ਹਾਂ। ਪੁਲਿਸ ਸਾਨੂੰ ਤੰਗ ਪ੍ਰੇਸ਼ਾਨ ਨਾ ਕਰੇ।"

"ਫ਼ੋਨ ਦੀ ਕੀ ਲੋੜ ਹੈ? ਅਜਿਹੀਆਂ ਸਿਫਾਰਸ਼ਾਂ ਫ਼ੋਨ 'ਤੇ ਨਹੀਂ ਕਰੀਦੀਆਂ। ਅਜਿਹੇ ਕੰਮ ਕੋਲ ਬੈਠ ਕੇ ਕਰਾਏ ਜਾਂਦੇ ਹਨ। ਅੱਜ ਕਪਤਾਨ ਨੇ ਕੈਂਪ ਵਿਚ ਆਉਣਾ ਹੈ। ਕੈਡਟਾਂ ਨੂੰ ਸੰਬੋਧਨ ਕਰਨ। ਉਸ ਵਕਤ ਮੈਂ ਗੱਲ ਕਰਾਂਗਾ। ਤੁਸੀਂ ਬੇਫਿਕਰ ਰਹੋ। ਕਿਸੇ ਨਾਲ ਧੱਕਾ ਨਹੀਂ ਹੋਏਗਾ।"

ਆਖਦਾ ਚੇਅਰਮੈਨ ਕੁਰਸੀ ਤੋਂ ਉੱਠ ਖੜੋਤਾ।

"ਚਾਹ ਪੀ ਕੇ ਜਾਣਾ।... ਜਾਹ ਕਾਕਾ ਮਹਿਮਾਨਾਂ ਲਈ ਦੋ ਕੱਪ ਚਾਹ ਲਿਆ... ਨਾਲ ਖਾਣ ਨੂੰ ਲਿਆਈਂ।"

ਦਫ਼ਤਰ ਆਏ ਇਕ ਕੈਡਟ ਨੂੰ ਚਾਹ ਲਿਆਉਣ ਦਾ ਹੁਕਮ ਸੁਣਾ ਕੇ ਉਹ ਤੇਜ਼-ਕਦਮੀਂ ਕਲਾਸ ਵੱਲ ਤੁਰ ਪਏ।

ਚੇਅਰਮੈਨ ਦੀ ਇਸ ਬੇਰੁਖੀ 'ਤੇ ਨੀਰਜ ਦਾ ਚਿਹਰਾ ਉਤਰ ਗਿਆ। ਉਸਨੂੰ ਪਹਿਲੀ ਵਾਰੀ ਮਹਿਸੂਸ ਹੋਇਆ ਕਿ ਉਹ ਘੋਰ ਸੰਕਟ ਵਿਚ ਸੀ। ਆਪਣੇ ਪਰਾਏ ਹੁੰਦੇ ਜਾ ਰਹੇ ਸਨ।

ਗੁੱਸੇ ਅਤੇ ਘਬਰਾਹਟ ਕਾਰਨ ਬਿਨਾਂ ਚਾਹ ਦੀ ਉਡੀਕ ਕੀਤੇ ਉਹ ਕੈਂਪ 'ਚੋਂ ਬਾਹਰ ਆ ਗਏ।

"ਮੈਨੂੰ ਲਗਦਾ ਹੈ ਬਾਬੂ ਜੀ ਜਾਣ ਬੁੱਝ ਕੇ ਬੰਗਲੌਰ ਨੂੰ ਤੁਰ ਗਏ। ਇਸ ਪਾਖੰਡੀ ਦਾ ਰਵੱਈਆ ਦੇਖ ਲਿਆ ? ਤਿੰਨ ਦਿਨ ਪਹਿਲਾਂ ਸਾਰਾ ਦਿਨ ਮੇਰੇ ਦਫ਼ਤਰ ਵਿਚ ਬੈਠਾ ਰਿਹਾ ਸੀ। ਇਸੇ ਕੈਂਪ ਲਈ ਚੰਦਾ ਲੈਣ ਆਇਆ ਸੀ। ਹੁਣ ਜਿਵੇਂ ਅਸੀਂ ਭਿੱਟੇ ਗਏ ਹਾਂ। ਲੱਗਦਾ ਹੈ ਜੇਲ੍ਹ ਯਾਤਰਾ ਕਰਨੀ ਪਏਗੀ।"

ਡਰ ਨਾਲ ਕੰਬਦਾ ਨੀਰਜ ਮਨ ਦੀ ਭੜਾਸ ਕੱਢ ਰਿਹਾ ਸੀ।

"ਉਏ ਕੁਝ ਨਹੀਂ ਹੁੰਦਾ। ਪੈਸੇ ਨਾਲ ਸਭ ਠੀਕ ਹੋ ਜਾਵੇਗਾ। ਇਹ ਲਾਲਿਆਂ ਦੀ ਪਾਰਟੀ ਹੈ। ਕਾਰੋਬਾਰ ਲਈ ਠੀਕ ਹਨ। ਲੜਾਈ ਝਗੜੇ ਵਾਲੇ ਕੰਮ ਤੋਂ ਡਰਦੇ ਹਨ। ਤੂੰ ਫਿਕਰ ਨਾ ਕਰ। ਸ਼ਾਮ ਤਕ ਆਪਾਂ ਕੋਈ ਨਾ ਕੋਈ ਰਾਹ ਲੱਭ ਲਵਾਂਗੇ।"

ਘਬਰਾਹਟ ਕਾਰਨ ਪੁੱਠੇ ਰਾਹ ਪਏ ਨੀਰਜ ਨੂੰ ਬਾਹੋਂ ਫੜਕੇ ਠੀਕ ਰਾਹ ਪਾਉਂਦੇ ਵਿਨੇ ਨੇ ਉਸਨੂੰ ਸਮਝਾਉਣ ਦਾ ਯਤਨ ਕੀਤਾ।

## -24-

ਥਾਂ-ਥਾਂ ਧੱਕੇ ਖਾਣ ਬਾਅਦ ਨੀਰਜ ਹੋਰਾਂ ਨੂੰ ਸਿੰਗਲੇ ਦੀ ਨਸੀਅਤ ਯਾਦ ਆਈ।



ਕਚਹਿਰੀਆਂ ਦੇ ਮਾਮਲੇ ਆਪਣੀ ਤਰ੍ਹਾਂ ਦੇ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਭੇਤ ਵਕੀਲਾਂ ਨੂੰ ਹੀ ਪਤਾ ਸੀ। ਸ਼ਾਇਦ ਇਸੇ ਲਈ ਵਕੀਲਾਂ ਦੀ ਵੱਖਰੀ ਜਮਾਤ ਬਣਾਈ ਗਈ ਸੀ।

ਵਕੀਲ ਦੀ ਰਾਏ 'ਤੇ ਅਮਲ ਕਰਦਿਆਂ ਉਨ੍ਹਾਂ ਗੱਡੀ ਮੇਲੂ ਡੇਅਰੀ ਵਾਲੇ ਦੀ ਡੇਅਰੀ ਵੱਲ ਮੋੜ ਲਈ।

ਮੇਲੂ ਦੁੱਧ ਵਾਲਾ ਹੋਇਆ ਕੌਣ? ਮੇਲੂ ਕੋਲ ਜਾਣ ਤੋਂ ਪਹਿਲਾਂ ਉਸਦਾ ਪਿਛੋਕੜ ਜਾਨਣ ਲਈ ਉਨ੍ਹਾਂ ਨੇ ਕਈ ਫ਼ੋਨ ਘੁਮਾਏ।

ਬਚਪਨ ਤੋਂ ਮੇਲੂ ਨੂੰ ਪਹਿਲਵਾਨੀ ਦਾ ਸ਼ੌਕ ਸੀ। ਉਸ ਸਮੇਂ ਪੁਲਿਸ ਦਾ ਜੋ ਮੁੱਖੀ ਸੀ, ਕਦੇ ਉਹ ਵੀ ਪਹਿਲਵਾਨੀ ਕਰਦਾ ਰਿਹਾ ਸੀ। ਪਹਿਲਵਾਨਾਂ ਦੀ ਹਾਲਤ ਸੁਧਾਰਨ ਲਈ ਉਸਨੇ ਪਹਿਲਵਾਨਾਂ ਨੂੰ ਪੁਲਿਸ ਵਿਚ ਭਰਤੀ ਕਰ ਲਿਆ। ਮਸ਼ਕ ਲਈ ਹਰ ਪੁਲਿਸ ਲਾਇਨ ਵਿਚ ਅਖਾੜਾ ਬਣਾ ਦਿੱਤਾ। ਬਰਾਬਰ ਦੇ ਪਹਿਲਵਾਨਾਂ ਨਾਲ ਜ਼ੋਰ ਕਰਨ ਲਈ ਮੇਲੂ ਅਖਾੜੇ ਜਾਣ ਲੱਗਾ। ਕਿਸੇ ਪੁਲਸੀਏ ਪਹਿਲਵਾਨ ਦਾ ਰੈਂਕ ਇੰਸਪੈਕਟਰ ਸੀ ਅਤੇ ਕਿਸੇ ਦਾ ਡਿਪਟੀ। ਉਹ ਉਸਦੇ ਦੋਸਤ ਬਣਨ ਲੱਗੇ।

ਸ਼ੁੱਧ ਦੁੱਧ ਪਹਿਲਵਾਨ ਦੀ ਪਹਿਲੀ ਲੋੜ ਹੈ। ਮਾਇਆ ਨਗਰ ਵਿਚ ਸ਼ੁੱਧ ਦੁੱਧ ਦਾ ਕਾਲ ਪਿਆ ਹੋਇਆ ਸੀ। ਪਹਿਲਵਾਨਾਂ ਦੇ ਜ਼ੋਰ ਪਾਉਣ 'ਤੇ ਮੇਲੂ ਨੇ ਆਪਣੇ ਤਬੇਲੇ ਵਿਚ ਮੱਝ ਰੱਖ ਲਈ।

ਮੇਲੂ ਪਹਿਲਵਾਨ ਸੀ। ਸ਼ੁੱਧ ਦੁੱਧ ਦੀ ਕਦਰ ਜਾਣਦਾ ਸੀ। ਦੁੱਧ ਵਿਚ ਮਿਲਾਵਟ ਕਰਨੀ ਉਸ ਲਈ ਹਰਾਮ ਸੀ। ਇਸ ਸ਼ੁੱਧਤਾ ਨੇ ਇਕ ਪਾਸੇ ਉਸਦਾ ਕਾਰੋਬਾਰ ਟੀਸੀ 'ਤੇ ਪਹੁੰਚਾ ਦਿੱਤਾ, ਦੂਜੇ ਪਾਸੇ ਉਸਦਾ ਪੁਲਿਸ ਵਿਚਲੇ ਮਿੱਤਰਾਂ ਦਾ ਘੇਰਾ ਵਧਾ ਦਿੱਤਾ।

ਪਹਿਲਾਂ ਅਫ਼ਸਰ ਉਸਦੇ ਦੁੱਧ 'ਤੇ ਵਿਸ਼ਵਾਸ ਕਰਦੇ ਸਨ। ਫੇਰ ਉਸਦੀ ਜ਼ੁਬਾਨ 'ਤੇ ਵਿਸ਼ਵਾਸ ਕਰਨ ਲਗੇ। ਜੋ ਆਖਦਾ ਸੀ, ਸੱਚ ਆਖਦਾ ਸੀ। ਕੋਈ ਲੁਕੋ ਨਹੀਂ, ਕੋਈ ਹੇਰਾਫੇਰੀ ਨਹੀਂ।

ਇਸੇ ਲਈ ਸਭ ਤੋਂ ਪਹਿਲਾਂ ਮੇਲੂ ਦਾ ਕੰਮ ਹੁੰਦਾ ਸੀ।

ਮੇਲੂ ਆਖਣ ਨੂੰ ਦੁੱਧ ਵਾਲਾ ਵੱਜਦਾ ਸੀ ਪਰ ਟੌਹਰ-ਟੱਪਾ ਮਿਲਕ ਪਲਾਂਟ ਦੇ ਮਾਲਕਾਂ ਵਰਗਾ ਸੀ।

ਉਸਦੇ ਸਾਰੇ ਦਫ਼ਤਰ ਵਿਚ ਕਾਲਾ ਸ਼ੀਸ਼ਾ ਲੱਗਿਆ ਹੋਇਆ ਸੀ, ਜਿਹੜਾ ਅਲਮੀਨੀਅਮ ਦੇ ਫਰੇਮ ਵਿਚ ਜੜਿਆ ਹੋਇਆ ਸੀ। ਸਾਰਾ ਫਰਨੀਚਰ ਅਤਿ ਆਧੁਨਿਕ ਸੀ। ਦਫ਼ਤਰ ਵਿਚ ਦੋ ਫ਼ੋਨ, ਇਕ ਟੀ.ਵੀ. ਅਤੇ ਇਕ ਫਰਿਜ ਸੀ।

ਚਿੱਟੇ ਕੁੜਤੇ ਪਜਾਮੇ ਵਿਚ ਬੈਠੇ ਮੇਲੂ ਦਾ ਚਿਹਰਾ ਦੱਗਦੱਗ ਕਰ ਰਿਹਾ ਸੀ। ਪੰਜ ਤੋਲੇ ਦਾ ਕੜਾ, ਸੋਨੇ ਦੀ ਚੇਨ ਵਾਲੀ ਘੜੀ, ਚਾਰਾਂ ਉਂਗਲਾਂ ਵਿਚ ਨਗਾਂ ਨਾਲ ਜੜੀਆਂ ਤੋਲੇ ਦੀਆਂ ਛਾਪਾਂ ਅਤੇ ਗਲ ਵਿਚ ਸੰਗਲ ਵਰਗੀ ਚੈਨ ਗੋਰੇ ਨਿਸ਼ੋਹ ਮੇਲੂ 'ਤੇ ਅੰਤਾਂ ਦੀ ਫੱਬਦੀ ਸੀ। ਇਕ ਛੋਟਾ ਜਿਹਾ ਮੋਬਾਈਲ ਫ਼ੋਨ ਉਸਨੇ ਹੱਥ ਵਿਚ ਫੜਿਆ ਹੋਇਆ ਸੀ।

ਮੇਲੂ ਨੇ ਨੀਰਜ ਹੋਰਾਂ ਦਾ ਇਉਂ ਸਵਾਗਤ ਕੀਤਾ, ਜਿਵੇਂ ਉਨ੍ਹਾਂ ਦਾ ਯੁੱਗਾਂ ਤੋਂ ਵਾਕਿਫ਼ ਹੋਵੇ।

ਸਿੰਗਲੇ ਵਕੀਲ ਦਾ ਨਾਂ ਲੈਂਦਿਆਂ ਹੀ ਉਹ ਨੀਰਜ ਹੋਰਾਂ ਦੇ ਆਉਣ ਦਾ ਮਕਸਦ ਸਮਝ ਗਿਆ। ਲੱਗਦਾ ਸੀ, ਸਿੰਗਲੇ ਦਾ ਫ਼ੋਨ ਆ ਚੁੱਕਾ ਸੀ।

ਆਪਣੇ ਸੁਭਾਅ ਅਨੁਸਾਰ ਮੇਲੂ ਨੇ ਸਿੱਧੀ ਸਪਾਟ ਗੱਲ ਕਰਨੀ ਸ਼ੁਰੂ ਕੀਤੀ।
ਆਪਣਾ ਦਸ ਹਜ਼ਾਰ ਫੜ ਕੇ ਉਸਨੇ ਵੱਡੇ ਸਾਰੇ ਖੀਸੇ ਵਿਚ ਪਾ ਲਿਆ।
ਕਪਤਾਨ ਕੀ ਮੰਗਦਾ ਹੈ? ਇਸਦਾ ਪਤਾ ਗੱਲ ਕਰਨ 'ਤੇ ਲੱਗਣਾ ਸੀ।
ਮੇਲੂ ਨੇ ਆਪਣੇ ਮੋਬਾਇਲ 'ਤੇ ਕਪਤਾਨ ਨਾਲ ਗੱਲ ਕੀਤੀ। ਫ਼ੋਨ ਕਰਨ ਦਾ ਕਾਰਨ ਦੱਸਿਆ।
ਕਪਤਾਨ ਕਿਸੇ ਅਹਿਮ ਮੀਟਿੰਗ ਵਿਚ ਸ਼ਾਮਲ ਹੋਣ ਲਈ ਚੰਡੀਗੜ੍ਹ ਜਾ ਰਿਹਾ ਸੀ। "ਉਹ ਹੁਣੇ ਆ ਜਾ ਜਾਂ ਕੱਲ੍ਹ ਨੂੰ ਮਿਲੀਂ।"
ਹੁਣੇ ਮਿਲਣ ਵਿਚ ਭਲਾਈ ਸੀ।
ਨੀਰਜ ਦਾ ਕਪਤਾਨ ਦੀ ਕੋਠੀ ਜਾਣਾ ਉਚਿਤ ਨਹੀਂ ਸੀ। ਵਿਨੇ ਕੋਠੀ ਜਾ ਸਕਦਾ ਸੀ।
"ਕੁਝ ਨਾਲ ਲੈ ਕੇ ਆਏ ਹੋ?" ਕੋਠੀ ਜਾਣ ਤੋਂ ਪਹਿਲਾਂ ਮੇਲੂ ਨੇ ਉਨ੍ਹਾਂ ਨੂੰ ਟੋਹਿਆ।
"ਅੱਧੀ ਪੇਟੀ ਹੈ।"
"ਅੱਧੀ ਨਾਲ ਕੀ ਬਣੂ। ਘੱਟੋ-ਘੱਟ ਇਕ ਪੂਰੀ ਕਰੋ। ਚਲੋ ਕੋਈ ਨਹੀਂ, ਰਸਤੇ ਵਿਚ ਫੜ ਲੈਣਾ। ਤੁਹਾਨੂੰ ਕਿਹੜਾ ਰਕਮ ਦਾ ਕੋਈ ਘਾਟਾ ਹੈ।"
ਮੇਲੂ ਨੇ ਮਾਮਲਾ ਗੁਪਤ ਰੱਖਣ ਦੀ ਨੀਅਤ ਨਾਲ ਨੀਰਜ ਹੋਰਾਂ ਦੀ ਗੱਡੀ ਆਪਣੇ ਗੈਰਜ ਵਿਚ ਲਗਵਾ ਦਿੱਤੀ।
ਆਪਣੀ ਕਾਲੇ ਸ਼ੀਸ਼ਿਆਂ ਵਾਲੀ 'ਅਸਟੀਮ' ਗੱਡੀ ਕੱਢੀ ਅਤੇ ਦੋਹਾਂ ਨੂੰ ਵਿਚ ਬੈਠਾ ਕੇ ਕਪਤਾਨ ਵੱਲ ਤੁਰ ਪਿਆ।
ਨੀਰਜ ਨੂੰ ਮਦਾਨ ਦੀ ਕੋਠੀ ਉਤਾਰਿਆ। ਪੰਜਾਹ ਹਜ਼ਾਰ ਮਦਾਨ ਕੋਲੋਂ ਫੜਿਆ। ਨਿਸ਼ਚਿਤ ਸਮੇਂ ਤੋਂ ਪੰਜ ਮਿੰਟ ਪਹਿਲਾਂ ਉਹ ਕਪਤਾਨ ਦੀ ਕੋਠੀ ਪਹੁੰਚ ਗਏ।
ਕਪਤਾਨ ਨੇ ਸਾਰੀ ਗੱਲ ਦੋ ਮਿੰਟਾਂ ਵਿਚ ਮੁਕਾ ਦਿੱਤੀ। ਇਹ ਵਾਰਦਾਤ ਨੀਰਜ ਅਤੇ ਪੰਕਜ ਦੀ ਸ਼ਹਿ 'ਤੇ ਹੋਈ ਸੀ। ਠੇਕੇਦਾਰ ਅਤੇ ਉਸਦੇ ਭਤੀਜੇ ਨੇ ਸਾਰੀ ਕਹਾਣੀ ਟੇਪ ਕਰਵਾ ਦਿੱਤੀ ਸੀ। ਸਬੂਤ ਵਜੋਂ ਟੇਪ ਦੇ ਕੁਝ ਹਿੱਸੇ ਕਪਤਾਨ ਨੇ ਉਨ੍ਹਾਂ ਨੂੰ ਸੁਣਾਏ। ਬਹੁਤ ਸਾਰੇ ਠੋਸ ਸਬੂਤ ਪੁਲਿਸ ਦੇ ਹੱਥ ਲੱਗ ਚੁੱਕੇ ਸਨ। ਕੁਝ ਸਬੂਤਾਂ ਦਾ ਵੇਰਵਾ ਉਸਨੇ ਵਿਨੇ ਨੂੰ ਦਿੱਤਾ। ਉਹ ਚਾਹੇ ਤਾਂ ਇਸ ਦੀ ਤਸਦੀਕ ਨੀਰਜ ਕੋਲੋਂ ਕਰ ਲਏ।
ਵਿਨੇ ਨੇ ਨੀਰਜ ਨਾਲ ਫ਼ੋਨ 'ਤੇ ਗੱਲ ਕੀਤੀ। ਹੁਣ ਕੀ ਕੀਤਾ ਜਾਏ?
ਨੀਰਜ ਉੱਚੀ-ਉੱਚੀ ਰੋਣ ਲੱਗਾ। ਕਪਤਾਨ ਜੋ ਆਖ ਰਿਹਾ ਸੀ, ਸੱਚ ਸੀ। ਕਿਸੇ ਨਾ ਕਿਸੇ ਤਰ੍ਹਾਂ ਖਹਿੜਾ ਛੁਡਾਇਆ ਜਾਵੇ।
ਪੰਜ ਲੱਖ ਵਿਚ ਸੌਦਾ ਤੈਅ ਹੋ ਗਿਆ। ਕੱਲ੍ਹ ਸ਼ਾਮ ਤਕ ਸਾਰੀ ਰਕਮ ਮੇਲੂ ਕੋਲ ਪੁੱਜ ਜਾਣੀ ਚਾਹੀਦੀ ਸੀ।
ਇਵਜ ਵਿਚ ਕਪਤਾਨ ਅੱਗੇ ਤੋਂ ਉਨ੍ਹਾਂ ਦੀ ਡਟ ਕੇ ਮਦਦ ਕਰੇਗਾ। ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਣਗੇ। ਗਵਾਹ ਨੀਰਜ ਦੀ ਮਰਜ਼ੀ ਦੇ ਰੱਖੇ ਜਾਣਗੇ। ਗਵਾਹੀ ਸਮੇਂ ਉਹ ਮੁੱਕਰ ਜਾਣਗੇ। ਥਾਣੇ ਦਾ ਰਿਕਾਰਡ ਇਸ ਤਰ੍ਹਾਂ ਲਿਖਿਆ ਜਾਏਗਾ ਜਿਹੜਾ ਉਨ੍ਹਾਂ ਦੇ ਹੱਕ ਵਿਚ ਭੁਗਤੇ। ਹਰ ਦਸਤਾਵੇਜ਼ ਦੀ ਫੋਟੋ-ਕਾਪੀ ਉਨ੍ਹਾਂ ਨੂੰ ਮਿਲਦੀ ਰਹੇਗੀ।
ਕਪਤਾਨ ਨੇ ਇੱਕ ਸ਼ਰਤ ਵੀ ਰੱਖੀ।
ਮਾਮਲਾ ਹਰ ਵੱਡੇ ਅਫ਼ਸਰ ਤੋਂ ਲੈ ਕੇ ਮੁੱਖ-ਮੰਤਰੀ ਤਕ ਦੇ ਧਿਆਨ ਵਿਚ ਸੀ।



ਉਨ੍ਹਾਂ ਤਕ ਸੰਪਰਕ ਪਾਰਟੀ ਨੇ ਆਪ ਕਰਨਾ ਸੀ।
ਉਪਰੋਂ ਦਬਾਅ ਪੈਣ 'ਤੇ ਲੋਕਾਂ ਦੀਆਂ ਅੱਖਾਂ ਪੂੰਝਣ ਲਈ ਪੁਲਿਸ ਨੂੰ ਥੋੜ੍ਹੀ ਬਹੁਤ ਹਿੱਲਜੁੱਲ ਕਰਨੀ ਪੈ ਸਕਦੀ ਸੀ।
ਇਕ ਸੁਝਾਅ ਵੀ ਦਿੱਤਾ।
ਪ੍ਰੈੱਸ ਨੂੰ ਕਾਬੂ ਕਰਨ ਦੀ ਜ਼ਰੂਰਤ ਸੀ। ਅੱਗੋਂ ਤੋਂ ਕਪਤਾਨ ਪ੍ਰੈੱਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰੇਗਾ। ਤੱਥ ਤੋੜ-ਮਰੋੜ ਕੇ ਪੇਸ਼ ਕਰੇਗਾ। ਆਏ ਦਿਨ ਬਿਆਨ ਬਦਲੇਗਾ। ਦੋਸ਼ੀ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਦੀ ਕਟਿੰਗ ਸੰਭਾਲ ਕੇ ਰੱਖਣ। ਮੁਕੱਦਮੇ ਦੀ ਸਮਾਇਤ ਸਮੇਂ ਉਨ੍ਹਾਂ ਦੇ ਇਹ ਕੰਮ ਆਉਣਗੀਆਂ।
ਵੈਸੇ ਕਪਤਾਨ ਦਾ ਆਪਣੇ ਮਹਿਕਮੇ ਦੇ ਉੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਸੀ। ਗੱਲ ਵੱਸੋਂ ਬਾਹਰ ਹੁੰਦੀ ਨਜ਼ਰ ਆਈ ਤਾਂ ਕਪਤਾਨ ਨੇ ਅਫ਼ਸਰਾਂ ਨੂੰ ਆਪੇ ਠੱਲ੍ਹ ਲੈਣਾ ਸੀ।
"ਬਾਕੀ ਫੇਰ ਦੇਖੀ ਜਾਏਗੀ। ਹੁਣ ਜਾਓ ਅਤੇ ਪੇਸ਼ਗੀ ਜ਼ਮਾਨਤ ਦੀ ਕੋਸ਼ਿਸ਼ ਕਰੋ।"
"ਪੇਸ਼ਗੀ ਜ਼ਮਾਨਤ ਹੋਣ ਤਕ ਪੁਲਿਸ ਹੋਰ ਸਭ ਕੁਝ ਕਰੇਗੀ, ਪਰ ਤੁਹਾਨੂੰ ਗ੍ਰਿਫ਼ਤਾਰ ਨਹੀਂ ਕਰੇਗੀ।"

## -25-

ਸੈਸ਼ਨ ਜੱਜ ਨੇ ਉਹੋ ਕੀਤਾ, ਜਿਸਦਾ ਉਨ੍ਹਾਂ ਨੂੰ ਡਰ ਸੀ।
ਸੁਣਵਾਈ ਲਈ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਸਾਧੂ ਸਿੰਘ ਕੋਲ ਭੇਜ ਦਿੱਤੀ।
ਸਾਧੂ ਸਿੰਘ ਤਕ ਪਹੁੰਚ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ। ਪੈਸਾ ਧੇਲਾ ਤਾਂ ਕੀ ਲੈਣਾ ਸੀ, ਉਹ ਕਿਸੇ ਦੇ ਘਰ ਦਾ ਪਾਣੀ ਤਕ ਨਹੀਂ ਸੀ ਪੀਂਦਾ। ਵਿਨੇ ਨੇ ਸਾਧੂ ਸਿੰਘ ਦੀ ਕੋਠੀ ਕੰਮ ਕਰਦੇ ਅਰਦਲੀ ਤੋਂ ਖੋਜ ਕੱਢੀ ਸੀ। ਉਹ ਕਹਿੰਦਾ ਸੀ ਸਾਧੂ ਸਿੰਘ ਦਾ ਘਰ ਕਿਸੇ ਸਾਧ ਦੀ ਕੁਟੀਆ ਵਰਗਾ ਲੱਗਦਾ ਸੀ। ਨਾ ਕਾਰ, ਨਾ ਏ.ਸੀ.। ਬਾਬਾ ਆਦਮ ਵੇਲੇ ਦਾ ਪੁਰਾਣਾ ਸਕੂਟਰ। ਸੋਫ਼ਾ ਅਤੇ ਪਲੰਘ ਸ਼ਾਇਦ ਵਿਆਹ ਵੇਲੇ ਦਾ ਸੀ। ਡਰਾਇੰਗ ਰੂਮ ਕਿਸੇ ਕਲਰਕ ਦੀ ਬੈਠਕ ਵਰਗਾ। ਨਾ ਗਲੀਚਾ, ਨਾ ਵੱਡੇ-ਵੱਡੇ ਸ਼ੋਅ-ਪੀਸ। ਨਾ ਮੀਟ ਖਾਂਦਾ ਸੀ, ਨਾ ਵਿਸਕੀ ਪੀਂਦਾ ਸੀ। ਸਾਦਾ ਖਾਣਾ, ਸਾਦਾ ਪਹਿਨਣਾ।
ਪੈਸਾ ਧੇਲਾ ਭਾਵੇਂ ਉਸਨੇ ਨਹੀਂ ਸੀ ਬਣਾਇਆ ਪਰ ਉਲਾਦ ਦਾ ਭਵਿੱਖ ਜ਼ਰੂਰ ਉੱਜਲ ਬਣਾਇਆ ਸੀ। ਉਸਦੀ ਵੱਡੀ ਬੇਟੀ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਸੀ ਅਤੇ ਜਵਾਈ ਦਿਲ ਦੇ ਰੋਗਾਂ ਦਾ ਮਾਹਿਰ। ਛੋਟਾ ਬੇਟਾ ਦਿੱਲੀ ਆਈ.ਆਈ.ਟੀ. ਵਿਚ ਇਲੈਕਟਰਾਨਕਸ ਇੰਜਨੀਅਰਿੰਗ ਦੀ ਡਿਗਰੀ ਕਰ ਰਿਹਾ ਸੀ। ਉਸਦੀ ਲਿਆਕਤ ਦੇਖ ਕੇ ਸਵਿਟਜ਼ਰਲੈਂਡ ਦੀ ਇਕ ਬਹੁ-ਦੇਸ਼ੀ ਕੰਪਨੀ ਨੇ ਉਸਨੂੰ ਪਹਿਲਾਂ ਹੀ ਆਪਣੀ ਕੰਪਨੀ ਵਿਚ ਭਰਤੀ ਕਰ ਲਿਆ ਸੀ। ਉਸਦੀ ਪੜ੍ਹਾਈ ਦਾ ਖਰਚਾ ਕੰਪਨੀ ਉੱਠਾ ਰਹੀ ਸੀ। ਨਾਲ ਜੇਬ ਖਰਚ ਲਈ ਪੰਜ ਹਜ਼ਾਰ ਰੁਪਏ ਅਲੱਗ ਦੇ ਰਹੀ ਸੀ।
ਵੱਡਾ ਬੇਟਾ ਸਭ ਤੋਂ ਲਾਇਕ ਸੀ। ਉਸ ਨੇ ਪਹਿਲੇ ਹੱਲੇ ਆਈ.ਏ.ਐਸ. ਦਾ ਇਮਤਿਹਾਨ ਪਾਸ ਕਰ ਲਿਆ ਸੀ। ਕੇਡਰ ਪੰਜਾਬ ਦਾ ਮਿਲਿਆ ਸੀ। ਪਰ ਉਸਨੂੰ ਨੌਕਰੀ ਦੀ ਚਿੱਠੀ ਦੀ ਥਾਂ ਰੱਬ ਦਾ ਬੁਲਾਵਾ ਆ ਗਿਆ। ਇਕ ਸੜਕ ਹਾਦਸੇ ਵਿਚ ਜ਼ਖ਼ਮੀ

ਹੋ ਕੇ ਉਹ ਸਾਧੂ ਸਿੰਘ ਨੂੰ ਧੋਖਾ ਦੇ ਗਿਆ ਸੀ।

ਬੇਟੇ ਦੀ ਇਸ ਅਣ-ਹੋਣੀ ਮੌਤ ਨੇ ਸਾਧੂ ਸਿੰਘ ਦਾ ਨਜ਼ਰੀਆ ਬਦਲ ਦਿੱਤਾ ਸੀ। ਪਹਿਲਾਂ ਉਹ ਸਾਧਾਰਨ ਜੱਜਾਂ ਵਰਗਾ ਜੱਜ ਸੀ। ਥੋੜ੍ਹੇ ਬਹੁਤ ਵਾਧੇ ਘਾਟੇ ਕਰ ਲੈਂਦਾ ਸੀ।

ਕੁਦਰਤ ਦੀ ਇਹ ਬੇਇਨਸਾਫ਼ੀ ਸਾਧੂ ਸਿੰਘ ਤੋਂ ਬਰਦਾਸ਼ਤ ਨਹੀਂ ਸੀ ਹੋਈ। ਦਿਨ ਰਾਤ ਉਹ ਇਹੋ ਸੋਚਦਾ ਰਹਿੰਦਾ ਸੀ ਕਿ ਉਸਨੂੰ ਇਡੀ ਵੱਡੀ ਸਜ਼ਾ ਕਿਉਂ ਮਿਲੀ? ਇਕ ਦਿਨ ਆਪਣੇ ਅੰਦਰੋਂ ਉਸਨੂੰ ਇਸ ਸਵਾਲ ਦਾ ਜਵਾਬ ਮਿਲਿਆ ਸੀ। 'ਹੁਣ ਪਤਾ ਲੱਗਾ ਬੇ-ਇਨਸਾਫ਼ੀ ਕੀ ਹੁੰਦੀ ਹੈ? ਤੂੰ ਇਨਸਾਫ਼ ਦੀ ਕੁਰਸੀ 'ਤੇ ਬੈਠਾ ਹੈਂ। ਲੋਕ ਤੈਨੂੰ ਦੂਸਰਾ ਰੱਬ ਮੰਨਦੇ ਹਨ। ਕੀ ਤੂੰ ਸਭ ਫੈਸਲੇ ਇਨਸਾਫ਼ ਦੀ ਤੱਕੜੀ ਵਿਚ ਤੋਲ ਕੇ ਕਰਦਾ ਹੈਂ?' ਸਾਧੂ ਸਿੰਘ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਹਾਂ ਵਿਚ ਨਹੀਂ ਸੀ ਦੇ ਸਕਿਆ।

ਪਰ ਉਸ ਦਿਨ ਤੋਂ ਸਾਧੂ ਸਿੰਘ ਨੇ ਆਪਣੇ ਹੱਥ ਵਿਚ ਫੜੀ ਇਨਸਾਫ਼ ਦੀ ਤੱਕੜੀ ਨੂੰ ਘੁੱਟ ਕੇ ਫੜ ਲਿਆ ਸੀ। ਹੁਣ ਦੁਨੀਆਂ ਦੀ ਕੋਈ ਵੀ ਤਾਕਤ ਤੱਕੜੀ ਦੇ ਕਿਸੇ ਪਲੜੇ ਨੂੰ ਆਪਣੇ ਵੱਲ ਨਹੀਂ ਸੀ ਝੁਕਾ ਸਕਦੀ। ਉਸਦੀ ਤੱਕੜੀ ਉਹੋ ਤੋਲਦੀ ਸੀ, ਜਿਸਦਾ ਉਹ ਹੱਕਦਾਰ ਸੀ।

ਲੋਹੇ ਦੇ ਇਸ ਥਣ ਕੋਲ ਪੰਕਜ ਹੋਰਾਂ ਦੀ ਦਰਖ਼ਾਸਤ ਕਿਸ ਤਰ੍ਹਾਂ ਲੱਗ ਗਈ? ਇਸ ਪ੍ਰਸ਼ਨ ਦਾ ਉੱਤਰ ਜਾਨਣ ਲਈ ਉਹ ਨੰਦ ਲਾਲ ਦੇ ਦੁਆਲੇ ਹੋਏ। ਨੰਦ ਲਾਲ ਨੇ ਇਸੇ ਕੰਮ ਦਾ ਉਨ੍ਹਾਂ ਕੋਲੋਂ ਦਸ ਹਜ਼ਾਰ ਰੁਪਇਆ ਲਿਆ ਸੀ।

"ਕਮਲਿਓ, ਇਹ ਬਹੁਤ ਠੀਕ ਹੋਇਆ ਹੈ। ਦੇਖਦੇ ਨਹੀਂ ਅਖ਼ਬਾਰਾਂ ਨੇ ਅੱਗ ਲਾ ਰੱਖੀ ਹੈ। ਹੜਤਾਲਾਂ, ਮੁਜ਼ਾਹਰੇ ਹੋ ਰਹੇ ਹਨ। ਅਜਿਹੇ ਹਲਾਤਾਂ ਵਿਚ ਕਿਸੇ ਮਾੜੇ ਜੱਜ ਦੀ ਹਿੰਮਤ ਨਹੀਂ ਮੈਰਿਟ ਦੇ ਆਧਾਰ ਤੇ ਫੈਸਲਾ ਕਰਨ ਦੀ। ਆਪਣਾ ਪੱਖ ਮਜ਼ਬੂਤ ਹੈ। ਜੇ ਕੋਈ ਆਪਣੇ ਹੱਕ ਵਿਚ ਡੱਕਾ ਸੁੱਟ ਸਕਦਾ ਹੈ ਤਾਂ ਉਹ ਸਾਧੂ ਸਿੰਘ ਹੀ ਹੈ। ਮੈਂ ਠੀਕ ਕਰਵਾਇਆ ਹੈ।"

ਨੰਦ ਲਾਲ ਨੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੱਤਾ।

ਪਹਿਲਾਂ ਨੰਦ ਲਾਲ ਕਹਿੰਦਾ ਸੀ ਦਰਖ਼ਾਸਤ ਸਾਧੂ ਸਿੰਘ ਕੋਲ ਨਾ ਲੱਗੇ। ਹੁਣ ਕਹਿੰਦਾ ਇਹ ਕੰਮ ਉਸੇ ਨੇ ਕਰਾਇਆ ਸੀ। ਇਹ ਕੀ ਗੋਰਖ਼-ਧੰਧਾ ਸੀ ? ਅਜੇ ਨੂੰ ਸਮਝ ਨਹੀਂ ਸੀ ਆ ਰਿਹਾ।

ਵੈਸੇ ਉਨ੍ਹਾਂ ਨੂੰ ਨੰਦ ਲਾਲ ਦੀ ਗੱਲ ਵਿਚ ਵਜ਼ਨ ਲੱਗਾ। ਹਾਲੇ ਪੈਸੇ ਲੈ ਕੇ ਕੰਮ ਕਰਨ ਦੀ ਕਿਸੇ ਜੱਜ ਦੀ ਹਿੰਮਤ ਨਹੀਂ ਸੀ। ਮੁਕੱਦਮੇ ਦੇ ਗੁਣਾਂ-ਔਗੁਣਾਂ ਦੇ ਆਧਾਰ 'ਤੇ ਕੁਝ ਆਸ ਰੱਖੀ ਜਾ ਸਕਦੀ ਸੀ।

ਬਹਿਸ ਬਾਅਦ ਦੁਪਹਿਰ ਹੋਣੀ ਸੀ।

ਅੱਗੇ ਕੀ ਹੋਏਗਾ? ਅਗੋਂ ਕੀ ਕੀਤਾ ਜਾਵੇ? ਸਾਧੂ ਸਿੰਘ ਤਕ ਪਹੁੰਚ ਹੋ ਸਕਦੀ ਸੀ ਜਾਂ ਨਹੀਂ?

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਖੋਜਣ ਲਈ ਵਿਨੇ ਅਤੇ ਅਜੇ ਸਿੰਗਲੇ ਦੁਆਲੇ ਹੋ ਗਏ।

"ਇਹ ਜੱਜ ਈਮਾਨਦਾਰ ਵੀ ਹੈ ਅਤੇ ਕਾਨੂੰਨ ਦਾ ਵਾਕਿਫ਼ ਵੀ। ਉਹੋ ਫੈਸਲਾ ਕਰੇਗਾ, ਜੋ ਕਾਨੂੰਨ ਮੁਤਾਬਕ ਬਣਦਾ ਹੋਏਗਾ। ਸਿਫ਼ਾਰਸ਼ ਵਾਲਾ ਪੰਗਾ ਆਪਾਂ ਨਹੀਂ ਲੈਣਾ। ਕੰਮ ਉਲਟਾ ਹੋ ਜਾਏਗਾ।"

ਆਪਣਾ ਦੋ-ਟੁਕ ਫੈਸਲਾ ਸੁਣਾਉਣ ਲਈ ਸਿੰਗਲੇ ਨੂੰ ਬਹੁਤਾ ਸੋਚਣ ਦੀ ਲੋੜ ਨਹੀਂ



ਸੀ ਪਈ।

"ਦੁਪਹਿਰ ਬਾਅਦ ਕੀ ਹੋਏਗਾ?"

"ਬਹਿਸ ਹੋਏਗੀ। ਦੂਜੀ ਧਿਰ ਹਾਲੇ ਪੇਸ਼ ਨਹੀਂ ਹੋ ਸਕਦੀ। ਆਪਣੀ ਬਹਿਸ ਸੁਣ ਕੇ ਜੱਜ ਨੂੰ ਜੋ ਠੀਕ ਲੱਗੇਗਾ, ਉਹ ਉਹੋ ਫੈਸਲਾ ਕਰ ਦੇਵੇਗਾ?"

"ਆਪਣੇ ਕੇਸ ਵਿਚ ਕਿੰਨਾ ਕੁ ਦਮ ਹੈ?"

"ਆਪਣਾ ਪਰਚੇ ਵਿਚ ਨਾਂ ਨਹੀਂ ਹੈ। ਨਾ ਪਰਚੇ ਵਿਚ ਇਹ ਦਰਜ ਹੈ ਕਿ ਇਹ ਵਾਰਦਾਤ ਸਾਡੀ ਸ਼ਹਿ 'ਤੇ ਹੋਈ ਹੈ। ਇਸ ਕਾਰਨ ਮੁਦਈ ਧਿਰ ਦਾ ਪੱਖ ਕਮਜ਼ੋਰ ਹੈ। ਸਾਡੀ ਉਨ੍ਹਾਂ ਨਾਲ ਦੁਸ਼ਮਣੀ ਹੈ। ਸਾਡੇ ਆਪਸ ਵਿਚ ਮੁਕੱਦਮੇ ਚਲਦੇ ਹਨ। ਇਸ ਲਈ ਸਾਨੂੰ ਫਸਾਇਆ ਗਿਆ ਹੈ। ਇਹ ਸਾਡੇ ਹੱਕ ਦਾ ਨੁਕਤਾ ਹੈ।"

"ਆਪਣੇ ਉਲਟ ਕੀ ਜਾਂਦਾ ਹੈ?"

"ਕਾਨੂੰਨ ਆਪਣੇ ਉਲਟ ਨਹੀਂ ਹੈ। ਸ਼ਹਿਰ ਵਿਚ ਜੋ ਰੌਲਾ ਪੈ ਰਿਹਾ ਹੈ, ਉਹ ਸਾਡੇ ਉਲਟ ਹੈ। ਜੱਜ ਸਭ ਕੁਝ ਪੜ੍ਹਦੇ ਸੁਣਦੇ ਹਨ। ਮੀਡੀਏ ਤੋਂ ਪ੍ਰਭਾਵਿਤ ਹੁੰਦੇ ਹਨ।"

ਸਿੰਗਲਾ ਆਪਣੇ ਸਾਇਲਾਂ ਨੂੰ ਹਨੇਰੇ ਵਿਚ ਨਹੀਂ ਸੀ ਰੱਖਣਾ ਚਾਹੁੰਦਾ। ਇਸ ਲਈ ਉਹ ਸਥਿਤੀ ਸਪੱਸ਼ਟ ਕਰ ਰਿਹਾ ਸੀ।

"ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ?"

"ਕੇਵਲ ਇੰਤਜ਼ਾਰ! ਬਾਕੀ ਫੈਸਲੇ ਬਾਅਦ ਬੈਠ ਕੇ ਸੋਚਾਂਗੇ।"

ਬਾਅਦ ਦੁਪਹਿਰ ਬਹਿਸ ਹੋਈ।

ਸਾਧੂ ਸਿੰਘ ਬੜੇ ਠਰ੍ਹਮੇ ਨਾਲ ਬਹਿਸ ਸੁਣਦਾ ਰਿਹਾ। ਬਾਬੂ ਜੀ ਨੇ ਜੋ ਜੋ ਨੁਕਤੇ ਉਠਾਏ, ਉਹ ਸਾਧੂ ਸਿੰਘ ਨੋਟ ਕਰਦਾ ਰਿਹਾ।

ਬਾਬੂ ਜੀ ਨੇ ਜਦੋਂ ਆਖਿਆ ਦੋਸ਼ੀਆਂ ਦਾ ਪਰਚੇ ਵਿਚ ਨਾਂ ਨਹੀਂ ਹੈ ਤਾਂ ਸਾਧੂ ਸਿੰਘ ਨੇ "ਅਖ਼ਬਾਰਾਂ ਵਿਚ ਤਾਂ ਹੈ" ਆਖ ਕੇ ਉਸ ਨੂੰ ਟੋਕ ਦਿੱਤਾ।

ਬਾਬੂ ਜੀ ਸਾਧੂ ਸਿੰਘ ਦੀ ਇਸ ਗ਼ੈਰ-ਕਾਨੂੰਨੀ ਟਿੱਪਣੀ ਤੇ ਖਿਝ ਉੱਠੇ।

"ਜੱਜ ਮਿਸਲ ਤੋਂ ਬਾਹਰ ਨਹੀਂ ਜਾ ਸਕਦਾ।" ਨੰਦ ਲਾਲ ਉੱਚ ਅਦਾਲਤਾਂ ਦੇ ਹਵਾਲੇ ਦੇ ਦੇ ਸਾਧੂ ਸਿੰਘ ਦੀ ਧਾਰਨਾ ਬਦਲਣ ਦਾ ਯਤਨ ਕਰਨ ਲੱਗਾ।

"ਮੈਂ ਮਿਸਲ ਤੋਂ ਬਾਹਰ ਜਾਵਾਂਗਾ। ਇਨ੍ਹਾਂ ਫੈਸਲਿਆਂ ਨੂੰ ਨਹੀਂ ਮੰਨਾਂਗਾ।"

ਸਾਧੂ ਸਿੰਘ ਉਪਰ ਇਸ ਬਹਿਸ ਦਾ ਕੋਈ ਅਸਰ ਨਹੀਂ ਸੀ ਹੋਇਆ। ਉਹ ਆਪਣੇ ਨੁਕਤੇ ਉਪਰ ਅੜਿਆ ਹੋਇਆ ਸੀ।

ਨੰਦ ਲਾਲ ਜੋ ਬਹਿਸ ਕਰ ਸਕਦਾ ਸੀ। ਉਹ ਉਸਨੇ ਕਰ ਦਿੱਤੀ। ਜੱਜ ਜੇ ਕਾਨੂੰਨ ਨਹੀਂ ਮੰਨਦਾ ਤਾਂ ਨੰਦ ਲਾਲ ਉਸ ਦੇ ਚੁੱਕ ਕੇ ਇੱਟ ਤਾਂ ਮਾਰ ਨਹੀਂ ਸੀ ਸਕਦਾ। ਉਹ ਚੁੱਪ ਕਰ ਗਿਆ।

ਸਾਧੂ ਸਿੰਘ ਵਿਚ ਇਹੋ ਨੁਕਸ ਸੀ। ਜਿਥੇ ਕਾਨੂੰਨ ਕਮਜ਼ੋਰ ਪੈਂਦਾ ਸੀ ਅਤੇ ਮੁਲਜ਼ਮ ਉਸ ਕਮਜ਼ੋਰੀ ਦਾ ਫ਼ਾਇਦਾ ਉਠਾਉਣ ਲੱਗਦਾ ਸੀ, ਸਾਧੂ ਸਿੰਘ ਵਿਚਕਾਰ ਚਟਾਨ ਵਾਂਗ ਅੜ ਜਾਂਦਾ ਸੀ। ਉਹ ਆਪਣਾ ਤਰਕ ਦੇ ਕੇ ਨਵਾਂ ਕਾਨੂੰਨ ਘੜ ਦਿੰਦਾ ਸੀ। ਸਫ਼ਾਈ ਧਿਰ ਖਾਂਦੀ ਰਹੇ, ਹਾਈ ਕੋਰਟ ਦੇ ਧੱਕੇ।

ਇਹੋ ਜਿਹਾ ਕੁਝ ਉਹ ਹੁਣ ਆਖ ਰਿਹਾ ਸੀ।

ਪਰਚਾ ਦਰਜ ਹੋਏ ਨੂੰ ਛੇ ਦਿਨ ਹੋ ਗਏ ਸਨ। ਇਨ੍ਹਾਂ ਛੇ ਦਿਨਾਂ ਵਿਚ ਪੁਲਿਸ ਨੂੰ

ਸੈਂਕੜੇ ਨਵੇਂ ਸਬੂਤ ਮਿਲ ਗਏ ਸਨ। ਜੱਜ ਉਨ੍ਹਾਂ ਸਬੂਤਾਂ ਨੂੰ ਨਜ਼ਰ-ਅੰਦਾਜ਼ ਕਰਨ ਲਈ ਆਪਣੀਆਂ ਅੱਖਾਂ 'ਤੇ ਪੱਟੀ ਕਿਉਂ ਬੰਨ੍ਹੇ ? ਉਹ ਆਪਣੀਆਂ ਅੱਖਾਂ ਅਤੇ ਕੰਨ ਖੁਲ੍ਹੇ ਰੱਖੇਗਾ। ਜੇ ਆਪਣੇ ਵਸੀਲਿਆਂ ਤੋਂ ਉਸਨੂੰ ਕਿਸੇ ਤੱਥ ਦਾ ਪਤਾ ਲੱਗੇਗਾ ਤਾਂ ਉਹ ਸੱਚ ਤੇ ਪੁੱਜਣ ਲਈ ਉਸ ਤੱਥ ਦੀ ਵਰਤੋਂ ਕਰੇਗਾ। ਕਾਨੂੰਨ ਜੋ ਮਰਜ਼ੀ ਆਖਦਾ ਰਹੇ।

ਸਾਧੂ ਸਿੰਘ ਇਕੱਲੇ ਪਰਚੇ ਦੇ ਆਧਾਰ 'ਤੇ ਫੈਸਲਾ ਨਹੀਂ ਸੀ ਕਰ ਸਕਦਾ। ਪੂਰੀ ਸਚਾਈ ਜਾਨਣ ਲਈ ਉਸਨੂੰ ਪੂਰੀ ਮਿਸਲ ਚਾਹੀਦੀ ਸੀ।

ਬਹਿਸ ਖ਼ਤਮ ਹੁੰਦੇ ਹੀ ਉਸਨੇ ਅਗਲੇ ਦਿਨ ਦੀ ਤਾਰੀਖ਼ ਪਾਈ।

ਸਰਕਾਰੀ ਵਕੀਲ ਨੂੰ ਹਦਾਇਤ ਹੋਈ। ਕੱਲ੍ਹ ਨੂੰ ਉਹ ਤਿਆਰ ਹੋ ਕੇ ਆਏ ਅਤੇ ਆਪਣਾ ਪੱਖ ਪੇਸ਼ ਕਰੇ।

ਕੋਈ ਅੰਤਰਿਮ ਫੈਸਲਾ ਨਹੀਂ। ਕੱਲ੍ਹ ਸਿੱਧਾ ਅੰਤਮ ਫੈਸਲਾ ਕੀਤਾ ਜਾਏਗਾ।

## -26-

ਹੋਸ਼ ਵਿੱਚ ਆਉਂਦਿਆਂ ਹੀ ਨੇਹਾ ਨੂੰ ਪਲਵੀ ਦਾ ਘਰ ਵੱਢ-ਵੱਢ ਖਾਣ ਲੱਗਾ।

ਇਸ ਵਾਰਦਾਤ ਤੋਂ ਪਹਿਲਾਂ ਨੇਹਾ ਆਪਣੇ ਘਰ ਘੱਟ ਅਤੇ ਪਲਵੀ ਦੇ ਘਰ ਵੱਧ ਰਿਹਾ ਕਰਦੀ ਸੀ। ਪਲਵੀ ਦੀ ਮੰਮੀ ਕਾਲਜ ਵਿਚ ਪ੍ਰੋਫੈਸਰ ਸੀ। ਉਸਦਾ ਪਾਪਾ ਟੈਲੀਫ਼ੋਨ ਐਕਸਚੇਂਜ ਵਿਚ ਇੰਜੀਨੀਅਰ ਸੀ। ਸਵੇਰ ਤੋਂ ਸ਼ਾਮ ਤਕ ਉਹ ਘਰੋਂ ਬਾਹਰ ਰਹਿੰਦੇ ਸਨ।

ਬਹੁਤਾ ਸਮਾਂ ਪਲਵੀ ਘਰ ਵਿਚ ਇਕੱਲੀ ਹੁੰਦੀ ਸੀ। ਘਰ ਦੇ ਸ਼ਾਂਤ ਵਾਤਾਵਰਣ ਦਾ ਦੋਵੇਂ ਸਹੇਲੀਆਂ ਰੱਜ ਕੇ ਫ਼ਾਇਦਾ ਉਠਾਉਂਦੀਆਂ ਸਨ।

ਦੋਵੇਂ ਸਹੇਲੀਆਂ ਸਹਿਯੋਗ ਸੰਸਥਾ ਦੀ ਯੁਵਾ ਸ਼ਕਤੀ ਇਕਾਈ ਦੀਆਂ ਕਰਤਾ ਧਰਤਾ ਸਨ। ਸੰਸਥਾ ਦੀਆਂ ਬਹੁਤੀਆਂ ਕਾਰਵਾਈਆਂ ਦੀ ਜ਼ਿੰਮੇਵਾਰੀ ਯੁਵਾ ਸ਼ਕਤੀ ਦੇ ਮੋਢਿਆਂ ਉੱਪਰ ਸੀ।

ਪਲਵੀ ਦੇ ਘਰ ਬੈਠੀਆਂ ਉਹ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਸਿਰੇ ਚਾੜ੍ਹਨ ਦੀਆਂ ਯੋਜਨਾਵਾਂ ਘੜਦੀਆਂ ਰਹਿੰਦੀਆਂ ਸਨ।

ਸਹਿਯੋਗ ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਭਗਵਾਨ ਸ਼ਿਵ ਦੀ ਆਦੀ ਸ਼ਕਤੀ ਮਾਂ ਪਾਰਵਤੀ ਦਾ ਅਵਤਾਰ ਸਨ। ਉਨ੍ਹਾਂ ਦਾ ਅਵਤਾਰ ਲੋਕ ਕਲਿਆਣ ਲਈ ਹੋਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਗਰਭ ਦੇ ਢਾਈਵੇਂ ਮਹੀਨੇ ਜੀਵ ਵਿਚ ਆਤਮਿਕ ਸ਼ਕਤੀ ਦਾ ਪ੍ਰਵੇਸ਼ ਹੁੰਦਾ ਸੀ। ਇਹ ਸ਼ਕਤੀ ਮਨੁੱਖ ਦੇ ਤਾਲੂਏ ਰਾਹੀਂ ਪ੍ਰਵੇਸ਼ ਕਰਦੀ ਸੀ ਅਤੇ ਸਰੀਰ ਦੇ ਸੱਤਾਂ ਕੇਂਦਰਾਂ ਰਾਹੀਂ ਗੁਜ਼ਰ ਕੇ ਉਨ੍ਹਾਂ ਕੇਂਦਰਾਂ ਰਾਹੀਂ ਸੰਚਾਲਿਤ ਅੰਗਾਂ ਨੂੰ ਕਿਰਿਆਸ਼ੀਲ ਕਰਦੀ ਸੀ। ਬਾਕੀ ਬਚਦੀ ਸ਼ਕਤੀ, ਆਖ਼ਰੀ ਮੂਲਾਧਾਰ ਚੱਕਰ ਵਿਚ ਕੁੰਢਲੀ ਮਾਰ ਕੇ ਬੈਠ ਜਾਂਦੀ ਸੀ। ਯੋਗ ਸਾਧਨਾ ਰਾਹੀਂ ਇਸ ਸੁੱਤੀ ਸ਼ਕਤੀ ਨੂੰ ਜਗਾਇਆ ਜਾ ਸਕਦਾ ਸੀ। ਜਾਗੀ ਸ਼ਕਤੀ ਮੂਲਾਧਾਰ ਚੱਕਰ ਤੋਂ ਉੱਠ ਕੇ ਤਾਲੂਏ ਵੱਲ ਨੂੰ ਉਥਾਨ ਕਰਦੀ ਸੀ। ਇਸ ਉਥਾਨ ਦੌਰਾਨ ਉਹ ਵਿਚਕਾਰਲੇ ਚੱਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਸੀ। ਨਵੀਂ ਸ਼ਕਤੀ ਹਾਸਲ ਕਰਕੇ ਅੰਗ ਮੁੜ ਨਵੇਂ ਨਰੋਏ ਹੋ ਜਾਂਦੇ ਸਨ। ਆਤਮਾ ਦਾ ਆਪਣੇ ਮੂਲ ਸਰੋਤ ਪ੍ਰਮਾਤਮਾ ਨਾਲ ਸੰਪਰਕ ਸਥਾਪਤ ਹੁੰਦਾ ਸੀ। ਪਰਮ ਸੱਚ ਪ੍ਰਮਾਤਮਾ ਦੇ ਸੰਪਰਕ ਵਿਚ ਆ ਕੇ ਮਨੁੱਖ ਨੂੰ



ਪਰਮ ਆਨੰਦ ਪ੍ਰਾਪਤ ਹੁੰਦਾ ਸੀ। ਰੂਹਾਨੀ ਤੇਜ਼ ਉਸ ਦੇ ਚਿਹਰੇ ਉਪਰ ਸੂਰਜ ਵਾਂਗ ਚਮਕਣ ਲੱਗਦਾ ਸੀ।

ਧਾਰਮਿਕ ਗ੍ਰੰਥਾਂ ਅਨੁਸਾਰ ਕੁੰਡਲਣੀ ਸ਼ਕਤੀ ਦਾ ਜਾਗਰਣ ਘੋਰ ਤਪੱਸਿਆ ਅਤੇ ਕਠਿਨ ਯੋਗ ਸਾਧਨਾ ਤੋਂ ਬਾਅਦ ਹੁੰਦਾ ਸੀ। ਮਿਥਿਹਾਸ ਅਨੁਸਾਰ ਬਹੁਤ ਘੱਟ ਰਿਸ਼ੀਆਂ ਨੂੰ ਇਸ ਸਿੱਧੀ ਦੀ ਪ੍ਰਾਪਤੀ ਹੋਈ ਸੀ।

ਮਾਤਾ ਜੀ ਨੇ ਆਪਣੀ ਕੁੰਡਲਣੀ ਦਾ ਜਾਗਰਣ ਤਾਂ ਕੀਤਾ ਹੀ ਸੀ, ਉਨ੍ਹਾਂ ਨੇ ਹੋਰਾਂ ਦੀ ਕੁੰਡਲਣੀ ਸ਼ਕਤੀ ਦੇ ਜਾਗਰਨ ਦਾ ਵੀ ਰਾਹ ਪੱਧਰਾ ਕੀਤਾ ਸੀ। ਉਨ੍ਹਾਂ ਦਾ ਯੋਗ ਕੋਈ ਛੱਲ ਫਰੇਬ ਨਹੀਂ ਸੀ। ਮਾਤਾ ਜੀ ਦੇ ਪੈਰੋਕਾਰਾਂ ਨੂੰ ਕੁੰਡਲਣੀ ਜਾਗਰਣ ਦਾ ਅਨੁਭਵ ਆਪਣੀਆਂ ਉਂਗਲਾਂ ਅਤੇ ਹਥੇਲੀਆਂ ਉਪਰ ਹੁੰਦਾ ਸੀ। ਯੋਗ ਸਾਧਨਾ ਦੌਰਾਨ ਉਂਗਲਾਂ ਅਤੇ ਹਥੇਲੀਆਂ ਵਿਚੋਂ ਠੰਡੀਆਂ ਤਰੰਗਾਂ ਨਿਕਲਦੀਆਂ ਸਨ। ਜਿਉਂ ਜਿਉਂ ਕੁੰਡਲਣੀ ਮਾਂ ਦਾ ਉਥਾਨ ਹੁੰਦਾ ਸੀ ਤਿਉਂ-ਤਿਉਂ ਤਰੰਗਾਂ ਦੀ ਠੰਢਕ ਵਧਦੀ ਜਾਂਦੀ ਸੀ।

ਇਸ ਪ੍ਰਤੱਖ ਪ੍ਰਮਾਣ ਕਾਰਨ ਇਸ ਸੰਸਥਾ ਦਾ ਵਿਸਥਾਰ ਤੇਜ਼ੀ ਨਾਲ ਹੋ ਰਿਹਾ ਸੀ।

ਨੇਹਾ ਨੂੰ ਇਹ ਚੇਟਕ ਪਲਵੀ ਤੋਂ ਲੱਗੀ ਸੀ।

ਪਲਵੀ ਨੂੰ ਦਿੱਲੀ ਰਹਿੰਦੇ ਆਪਣੇ ਮਾਮੇ ਕੋਲੋਂ।

ਹਰ ਵਾਰ ਗਰਮੀਆਂ ਦੀਆਂ ਛੁੱਟੀਆਂ ਕੱਟਣ ਪਲਵੀ ਨਾਨਕੇ ਜਾਂਦੀ ਸੀ। ਪਿਛਲੀ ਵਾਰ ਮਾਮੇ ਨੇ ਉਸ ਨੂੰ ਥੀਏਟਰਾਂ ਅਤੇ ਡਿਜ਼ਨੀਲੈਂਡ ਦੀ ਥਾਂ ਮਾਤਾ ਜੀ ਦੇ ਆਸ਼ਰਮ ਦੀ ਸੈਰ ਕਰਾਈ ਸੀ। ਉਨ੍ਹੀਂ ਦਿਨੀਂ ਮਾਤਾ ਜੀ ਦਿੱਲੀ ਆਏ ਹੋਏ ਸਨ। ਧਿਆਨ ਸ਼ਿਵਰ ਉਨ੍ਹਾਂ ਦੀ ਆਪਣੀ ਦੇਖ-ਰੇਖ ਹੇਠ ਚੱਲ ਰਿਹਾ ਸੀ। ਮਾਮੇ ਦਾ ਪੂਰਾ ਪਰਿਵਾਰ ਪੂਰੀ ਸ਼ਰਧਾ ਨਾਲ ਸ਼ਿਵਰ ਵਿਚ ਰੁੱਝਾ ਹੋਇਆ ਸੀ।

ਇਨ੍ਹੀਂ ਦਿਨੀਂ ਇਸ ਪੁਰਾਤਨ ਭਾਰਤੀ ਪ੍ਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਪੂਰੇ ਜ਼ੋਰ-ਸ਼ੋਰ ਨਾਲ ਹੋ ਰਿਹਾ ਸੀ। ਧਿਆਨ ਸਾਧਨਾ ਲੋਕਾਂ ਦਾ ਧਿਆਨ ਖਿੱਚ ਰਹੀ ਸੀ। ਨਵੇਂ-ਨਵੇਂ ਸਾਧੂ ਨਵੀਆਂ-ਨਵੀਆਂ ਸੰਸਥਾਵਾਂ ਖੜੀਆਂ ਕਰਕੇ ਲੋਕਾਂ ਨੂੰ ਯੋਗ ਸਾਧਨਾ ਲਈ ਪ੍ਰੇਰ ਰਹੇ ਸਨ। ਅਖ਼ਬਾਰਾਂ ਵਿਚ ਮੁਫ਼ਤ ਲਗਦੇ ਧਿਆਨ ਸ਼ਿਵਰਾਂ ਦੇ ਵੱਡੇ-ਵੱਡੇ ਇਸ਼ਤਿਹਾਰ ਛਪ ਰਹੇ ਸਨ। ਟੀ.ਵੀ. ਉਪਰ ਯੋਗੀ ਮਹਾਤਮਾ ਅਤੇ ਉਨ੍ਹਾਂ ਕਿਸਮਤ ਵਾਲੇ ਲੋਕਾਂ ਦੇ ਇੰਟਰਵਿਊ ਆ ਰਹੇ ਸਨ, ਜਿਨ੍ਹਾਂ ਨੇ ਯੋਗ ਸਾਧਨਾ ਰਾਹੀਂ ਹੈਰਾਨ ਕਰਨ ਵਾਲੇ ਲਾਭ ਪ੍ਰਾਪਤ ਕੀਤੇ ਸਨ।

ਪਲਵੀ ਯੋਗ ਸਾਧਨਾਂ ਦੇ ਰਹੱਸਾਂ ਨੂੰ ਜਾਨਣ ਲਈ ਉਤਾਵਲੀ ਸੀ। ਮਾਇਆ ਨਗਰ ਵਿਚ ਅਜਿਹੀਆਂ ਕਈ ਸੰਸਥਾਵਾਂ ਦੀ ਚਰਚਾ ਸੀ। ਪਰ ਪੜ੍ਹਾਈ ਦੇ ਰੁਝੇਵੇਂ ਅਤੇ ਸਾਥ ਦੀ ਕਮੀ ਕਾਰਨ ਉਹ ਹਾਲੇ ਤਕ ਇਸ ਗਿਆਨ ਤੋਂ ਕੋਰੀ ਚਲੀ ਆ ਰਹੀ ਸੀ।

ਮੌਕਾ ਮਿਲਦਿਆਂ ਹੀ ਪਲਵੀ ਨੇ ਆਪਣਾ ਤਨ ਅਤੇ ਮਨ ਯੋਗ ਸਾਧਨਾ ਵਿਚ ਲਗਾ ਦਿੱਤਾ।

ਲੋਕ ਸੱਚ ਆਖਦੇ ਸਨ। ਧਿਆਨ ਸਾਧਨਾ ਵਿਚ ਆਲੌਕਿਕ ਸ਼ਕਤੀ ਸੀ। ਧਿਆਨ ਦੀ ਹਰ ਬੈਠਕ ਬਾਅਦ ਪਲਵੀ ਨੂੰ ਆਪਣੇ ਆਪ ਵਿਚ ਬਦਲਾਅ ਮਹਿਸੂਸ ਹੁੰਦਾ ਸੀ। ਹਰ ਪਹਿਲੂ ਤੋਂ ਉਹ ਉੱਪਰ ਉੱਠ ਰਹੀ ਸੀ।

ਇਸ ਵਾਰ ਦਿੱਲੀਉਂ ਮੁੜੀ ਪਲਵੀ ਪਹਿਲਾਂ ਵਾਲੀ ਨਹੀਂ ਸੀ। ਉਸਦੀਆਂ ਸਹੇਲੀਆਂ ਉਸ ਵਿਚ ਆਈਆਂ ਤਬਦੀਲੀਆਂ ਮਹਿਸੂਸ ਕਰ ਰਹੀਆਂ ਸਨ। ਪਹਿਲਾਂ ਵਾਂਗ ਉਸਦਾ

ਸੁਭਾਅ ਚਿੜਚਿੜਾ ਨਹੀਂ ਸੀ ਰਿਹਾ। ਹੁਣ ਉਹ ਸ਼ਰਾਰਤਾਂ ਕਰਕੇ ਅਧਿਆਪਕ ਅਤੇ ਵਿਦਿਆਰਥੀਆਂ ਦੀ ਇਕਾਗਰਤਾ ਭੰਗ ਨਹੀਂ ਸੀ ਕਰਦੀ। ਉਸਦੀ ਅੱਖ ਬਲੈਕ-ਬੋਰਡ ਉਪਰ ਟਿਕੀ ਰਹਿੰਦੀ ਸੀ। ਲੈਕਚਰ ਉਸਨੂੰ ਸਮਝ ਆਉਣ ਲੱਗੇ ਸਨ। ਹਾਊਸ ਟੈਸਟਾਂ ਵਿਚ ਉਸਦੀ ਪੋਜ਼ੀਸ਼ਨ ਸੁਧਰੀ ਸੀ। ਉਹ ਚੰਚਲ ਅਤੇ ਮਿਲਣਸਾਰ ਹੋ ਗਈ ਸੀ। ਉਸ ਦੀਆਂ ਸਹੇਲੀਆਂ ਦਾ ਘੇਰਾ ਵਧ ਗਿਆ ਸੀ। ਪਹਿਲਾਂ ਵਾਂਗ ਉਹ ਕੰਨਟੀਨ ਵਿਚ ਜਾ ਕੇ ਡੋਸੇ ਬਰਗਰ ਨਹੀਂ ਸੀ ਖਾਂਦੀ। ਸਗੋਂ ਲਾਇਬਰੇਰੀ ਵਿਚ ਬੈਠ ਕੇ ਉਹ ਸਹੇਲੀਆਂ ਨੂੰ ਯੋਗ ਆਸਣ ਅਤੇ ਧਿਆਨ ਲਾਉਣ ਦੀ ਵਿਧੀ ਅਤੇ ਉਸਦੀ ਮਹੱਤਤਾ ਸਮਝਾਉਂਦੀ ਸੀ।

ਸ਼ੌਂਕ-ਸ਼ੌਂਕ ਵਿਚ ਨੇਹਾ ਨੇ ਪਲਵੀ ਤੋਂ ਧਿਆਨ ਲਾਉਣਾ ਸਿੱਖ ਲਿਆ। ਉਸਨੂੰ ਵੀ ਧਿਆਨ ਵਿਚ ਕਿਸੇ ਗੈਬੀ-ਸ਼ਕਤੀ ਦੀ ਹੋਂਦ ਮਹਿਸੂਸ ਹੋਣ ਲੱਗੀ। ਜੋ ਤਬਦੀਲੀਆਂ ਪਲਵੀ ਵਿਚ ਆਈਆਂ ਸਨ ਉਹੋ ਨੇਹਾ ਮਹਿਸੂਸ ਕਰਨ ਲੱਗੀ।

ਸਹਿਯੋਗ ਸੰਸਥਾ ਦੀ ਇਕਾਈ ਤਿੰਨ ਸਾਲ ਤੋਂ ਮਾਇਆ ਨਗਰ ਵਿਚ ਚੱਲ ਰਹੀ ਸੀ। ਇਕ ਅਧਿਆਪਕ ਅਤੇ ਉਸਦੀ ਪਤਨੀ ਨੇ ਮਾਤਾ ਜੀ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਹਰ ਐਤਵਾਰ ਉਹ ਆਪਣੇ ਘਰ ਕੁੰਡਲਣੀ ਜਾਗਰਣ ਦਾ ਅਭਿਆਸ ਕਰਾਉਂਦਾ ਸੀ। ਪਰ ਉਹ ਲੋਕਾਂ ਨੂੰ ਪ੍ਰਭਾਵਿਤ ਕਰਨ ਵਿਚ ਸਫ਼ਲ ਨਹੀਂ ਸੀ ਹੋ ਰਿਹਾ। ਸਹਿਯੋਗੀਆਂ ਦੀ ਗਿਣਤੀ ਦਸ ਬਾਰਾਂ ਤੋਂ ਵੱਧ ਨਹੀਂ ਸੀ ਰਹੀ। ਜੇ ਦੋ ਨਵੇਂ ਆਉਂਦੇ ਸਨ ਤਾਂ ਤਿੰਨ ਪੁਰਾਣੇ ਛੱਡ ਜਾਂਦੇ ਸਨ। ਨਿਰਾਸ਼ ਹੋਇਆ ਸੰਚਾਲਕ ਮਾਤਾ ਜੀ ਨੂੰ ਵਾਰ-ਵਾਰ ਬੇਨਤੀ ਕਰ ਰਿਹਾ ਸੀ। ਮਾਤਾ ਜੀ ਆਪਣੀ ਛੋਹ ਨਾਲ ਮਾਇਆ ਨਗਰ ਦੀ ਧਰਤੀ ਨੂੰ ਪਵਿੱਤਰ ਕਰਨ। ਉਥੋਂ ਦੀ ਜਨਤਾ ਨੂੰ ਅਸ਼ੀਰਵਾਦ ਦੇਣ। ਪਰ ਮਾਤਾ ਜੀ ਉਸਨੂੰ ਟਾਲ ਰਹੇ ਸਨ। ਉਨ੍ਹਾਂ ਨੂੰ ਉਚਿਤ ਸਮੇਂ ਦੀ ਉਡੀਕ ਸੀ।

ਪਿਛਲੇ ਸ਼ਿਵਰ ਦੌਰਾਨ ਉਨ੍ਹਾਂ ਆਪਣੇ ਭਗਤ ਦੀ ਪਿੱਠ ਥਾਪੜੀ ਸੀ। ਹੁਣ ਸਹਿਯੋਗ ਦਾ ਮਾਇਆ ਨਗਰ ਵਿਚ ਵਧਣ ਫੁੱਲਣ ਦਾ ਸਮਾਂ ਆ ਗਿਆ ਸੀ।

ਮਾਤਾ ਜੀ ਨੇ ਪਲਵੀ ਨੂੰ ਅਸ਼ੀਰਵਾਦ ਦਿੱਤਾ। ਉਹ ਮਾਇਆ ਨਗਰ ਵਿਚ ਯੁਵਾ ਸ਼ਕਤੀ ਦਾ ਗਠਨ ਕਰੇ।

ਯੁਵਾ ਸ਼ਕਤੀ ਦਾ ਗਠਨ ਹੁੰਦੇ ਹੀ ਸੰਸਥਾ ਵਿਚ ਨਵੀਂ ਰੂਹ ਫੂਕੀ ਗਈ। ਸੰਸਥਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਨ ਲੱਗੀ।

ਪਹਿਲਾਂ ਨੌਜਵਾਨ ਕੁੜੀਆਂ ਸੰਸਥਾ ਵਿਚ ਆਈਆਂ। ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੇ ਮਾਪੇ ਆਉਣ ਲੱਗੇ। ਮਾਪੇ ਅੱਗੇ ਆਪਣੇ ਵਾਕਫਕਾਰਾਂ ਨੂੰ ਲਿਆਉਣ ਲੱਗੇ।

ਪਹਿਲਾਂ ਸਤਿਸੰਗ ਸੰਸਥਾ ਦੇ ਮੋਢੀ ਅਧਿਆਪਕ ਦੇ ਘਰ ਹੁੰਦਾ ਸੀ। ਭਾਰ ਵੰਡਾਉਣ ਲਈ ਇਹ ਜ਼ਿੰਮੇਵਾਰੀ ਸਹਿਯੋਗੀਆਂ ਨੇ ਆਪਸ ਵਿਚ ਵੰਡ ਲਈ। ਹਰ ਐਤਵਾਰ ਨਵੇਂ ਮੈਂਬਰ ਦੇ ਘਰ ਸਤਿਸੰਗ ਹੋਣ ਲੱਗਾ। ਇਸ ਦਾ ਇਕ ਫ਼ਾਇਦਾ ਇਹ ਹੋਇਆ ਕਿ ਮੈਂਬਰਾਂ ਦੇ ਗੁਆਂਢੀ ਸੰਸਥਾ ਨਾਲ ਜੁੜਨ ਲੱਗੇ।

ਕੁਝ ਵਕੀਲਾਂ, ਇੰਜੀਨੀਅਰਾਂ ਅਤੇ ਸਨਅਤਕਾਰਾਂ ਦੇ ਸਹਿਯੋਗ ਵਿਚ ਆਉਣ ਨਾਲ ਪੈਸੇ ਦੀ ਘਾਟ ਦੂਰ ਹੋ ਗਈ।

ਸਹਿਯੋਗੀਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਸੀ। ਮੈਂਬਰਾਂ ਦੇ ਘਰ ਛੋਟੇ ਪੈਣ ਲਗੇ। ਆਪਣੇ ਆਸ਼ਰਮ ਦੀ ਲੋੜ ਮਹਿਸੂਸ ਹੋਣ ਲੱਗੀ।

ਆਸ਼ਰਮ ਦਾ ਵਿਚਾਰ ਆਉਂਦਿਆਂ ਹੀ ਦਾਨੀਆਂ ਨੇ ਦਾਨ ਦੇ ਢੇਰ ਲਾ ਦਿੱਤੇ।



ਦਿਨਾਂ ਵਿਚ ਆਸ਼ਰਮ ਦੀ ਉਸਾਰੀ ਹੋ ਗਈ।

ਸਹਿਯੋਗੀਆਂ ਨੂੰ ਯਕੀਨ ਸੀ ਇਹ ਸਭ ਕੁਝ ਮਾਤਾ ਜੀ ਦੇ ਅਸ਼ੀਰਵਾਦ ਕਾਰਨ ਹੋ ਰਿਹਾ ਸੀ। ਨਹੀਂ ਤੇ ਪਾਪੀਆਂ ਦੀ ਇਸ ਨਗਰੀ ਵਿਚ ਕੋਈ ਭਿਖਾਰੀ ਨੂੰ ਪੰਜ ਪੈਸੇ ਤਕ ਨਹੀਂ ਸੀ ਦਿੰਦਾ।

ਆਸ਼ਰਮ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਯੁਵਾ ਸ਼ਕਤੀ ਦੇ ਹੱਥ ਸੀ। ਅਤੇ ਯੁਵਾ ਸ਼ਕਤੀ ਪਲਵੀ ਅਤੇ ਨੇਹਾ ਦੇ ਹੱਥ ਸੀ।

ਸਮੂਹਿਕ ਸਹਿਯੋਗ ਐਤਵਾਰ ਵਾਲੇ ਦਿਨ ਆਸ਼ਰਮ ਵਿਚ ਹੁੰਦਾ ਸੀ। ਮੂਰਤੀ ਸਥਾਪਨਾ ਤੋਂ ਲੈ ਕੇ ਚਾਹ ਪਾਣੀ ਤਕ ਦੀ ਸੇਵਾ ਦੀ ਜ਼ਿੰਮੇਵਾਰੀ ਉਨ੍ਹਾਂ ਸਿਰ ਹੁੰਦੀ ਸੀ। ਹੱਸਦੀਆਂ, ਟੱਪਦੀਆਂ, ਚਿੜੀਆਂ ਵਾਂਗ ਚਹਿਕਦੀਆਂ ਉਹ ਮਾਹੌਲ ਨੂੰ ਰੰਗੀਨ ਬਣਾਈ ਰੱਖਦੀਆਂ ਸਨ।

ਸੰਸਥਾ ਦੇ ਕੰਮ ਵਿਚ ਰੁਝੀਆਂ ਦਿਨ ਦਾ ਬਹੁਤਾ ਸਮਾਂ ਉਹ ਇਕੱਠੀਆਂ ਰਹਿੰਦੀਆਂ ਸਨ। ਵੱਖ ਹੋ ਕੇ ਉਨ੍ਹਾਂ ਨੂੰ ਇਕ ਦੂਜੀ ਦੀ ਯਾਦ ਸਤਾਉਣ ਲੱਗਦੀ ਸੀ। ਉਹ ਆਪਣੇ ਆਪ ਨੂੰ ਦੋ ਸਰੀਰ ਅਤੇ ਇਕ ਰੂਹ ਆਖਣ ਲੱਗੀਆਂ ਸਨ।

ਹੁਣ ਜਦੋਂ ਨੇਹਾ ਦਾ ਸਰੀਰ ਜ਼ਖ਼ਮੀ ਹੋਇਆ ਸੀ ਤਾਂ ਪਲਵੀ ਦੀ ਆਤਮਾ ਵਲੂੰਧਰੀ ਗਈ ਸੀ।

ਨੇਹਾ ਦੇ ਪਰਿਵਾਰ ’ਤੇ ਪਈ ਭੀੜ ਇਕੱਲੀ ਉਸ ਪਰਿਵਾਰ ਦੀ ਭੀੜ ਨਹੀਂ ਸੀ। ਇਹ ਸਮੁੱਚੇ ਸਹਿਯੋਗ ਪਰਿਵਾਰ ’ਤੇ ਪਈ ਭੀੜ ਸੀ।

ਥਾਣੇ, ਕਚਹਿਰੀ, ਹਸਪਤਾਲ ਹਰ ਥਾਂ ਸਹਿਯੋਗੀਆਂ ਨੇ ਉਨ੍ਹਾਂ ਲਈ ਭੱਜ-ਨੱਠ ਕੀਤੀ ਸੀ।

ਇਹ ਇਕ ਸਹਿਯੋਗੀ ਪਰਿਵਾਰ ਹੀ ਸੀ, ਜਿਹੜਾ ਨੇਹਾ ਨੂੰ ਆਪਣੀ ਹਿੱਕ ਨਾਲ ਲਾਈ ਬੈਠਾ ਸੀ। ਇਹ ਪਰਿਵਾਰ ਨੇਹਾ ’ਤੇ ਕੋਈ ਅਹਿਸਾਨ ਨਹੀਂ ਸੀ ਕਰ ਰਿਹਾ। ਇਹ ਮਾਤਾ ਜੀ ਦਾ ਫਰਮਾਨ ਸੀ। ਸਾਰੇ ਸਹਿਯੋਗੀ ਮਾਤਾ ਜੀ ਦੇ ਧੀਆਂ ਪੁੱਤਰ ਸਨ। ਆਪਸ ਵਿਚ ਭੈਣ-ਭਰਾ ਸਨ। ਪਰਿਵਾਰ ਦੇ ਇਕ ਮੈਂਬਰ ਦਾ ਕਸ਼ਟ ਪਰਿਵਾਰ ਦਾ ਕਸ਼ਟ ਸੀ।

ਪਲਵੀ ਦਾ ਪਰਿਵਾਰ ਮਾਤਾ ਜੀ ਦੇ ਉਪਦੇਸ਼ ਨੂੰ ਅਮਲੀਜਾਮਾ ਪਹਿਨਾ ਰਿਹਾ ਸੀ।

## -27-

ਯੂਨੀਵਰਸਿਟੀ ਵਿਚ ਹੜਤਾਲ ਚੱਲ ਰਹੀ ਸੀ। ਇਸ ਲਈ ਪਲਵੀ ਘਰ ਰਹਿੰਦੀ ਸੀ। ਪਲਵੀ ਦੀ ਮੰਮੀ ਦਾ ਕਾਲਜ ਵੀ ਬੰਦ ਸੀ। ਹਾਜ਼ਰੀ ਲਾ ਕੇ ਉਹ ਘਰ ਮੁੜ ਆਉਂਦੀ ਸੀ। ਪਲਵੀ ਦੇ ਪਾਪਾ ਦਾ ਡਿਊਟੀ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਸੀ। ਮਸ਼ੀਨਰੀ ਵਿਚ ਨੁਕਸ ਪੈਣ ਤੇ ਉਸਨੂੰ ਰਾਤ-ਬਰਾਤੇ ਬੁਲਾ ਲਿਆ ਜਾਂਦਾ ਸੀ। ਇਸ ਦਿੱਕਤ ਤੋਂ ਬਚਣ ਲਈ ਉਸਨੇ ਪੰਜ ਦਿਨਾਂ ਦੀ ਛੁੱਟੀ ਲੈ ਲਈ ਸੀ। ਜਿੰਨਾ ਚਿਰ ਨੇਹਾ ਪੂਰੀ ਤਰ੍ਹਾਂ ਨਹੀਂ ਸੰਭਲ ਜਾਂਦੀ, ਉਹ ਘਰ ਰਹਿ ਕੇ ਉਸਦੀ ਦੇਖ-ਭਾਲ ਕਰੇਗਾ।

ਪਹਿਲੇ ਦੋ ਦਿਨ ਨੇਹਾ ਨੇ ਨਾ ਕੁਝ ਖਾਧਾ ਨਾ ਪੀਤਾ। ਕਮਲ ਨੂੰ ਯਾਦ ਕਰ ਕਰ ਉਹ ਹੰਝੂ ਵਹਾਉਂਦੀ ਰਹੀ। ਆਪਣੇ ਸਰੀਰ ਉਪਰ ਪਈਆਂ ਖਰੋਚਾਂ ਨੂੰ ਦੇਖ ਦੇਖ ਉਹ ਲਾਲ ਪੀਲੀ ਹੁੰਦੀ ਰਹੀ। ਮਾਂ ਬਾਪ ਦੀ ਦੁਰਦਸ਼ਾ ਸੁਣ-ਸੁਣ ਉਹ ਤੜਫਦੀ ਰਹੀ।

ਪਲਵੀ ਦੇ ਪਰਿਵਾਰ ਦੇ ਸਭ ਜੀਅ ਉਸ ਉਪਰ ਝੁਕੇ ਹੋਏ ਸਨ। ਮਾਤਾ ਜੀ ਦੇ ਭਾਸ਼ਣ ਵਿਚੋਂ ਹਵਾਲੇ ਦੇ ਦੇ ਉਹ ਉਸਨੂੰ ਸਮਝਾਉਣ ਦਾ ਯਤਨ ਕਰ ਰਹੇ ਸਨ।

ਨੇਹਾ ਨੂੰ ਸਭ ਉਪਦੇਸ਼ ਝੂਠੇ ਲੱਗਦੇ ਸਨ। ਕਦੇ-ਕਦੇ ਉਸਨੂੰ ਮਾਤਾ ਜੀ ਵੀ ਝੂਠੀ ਜਾਪਦੀ ਸੀ।

ਧਿਆਨ ਸਾਧਨਾ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਹਰ ਸਹਿਯੋਗੀ ਇਕ ਬੰਧਨ ਲਿਆ ਕਰਦਾ ਸੀ। ਇਸ ਕਿਰਿਆ ਦੌਰਾਨ ਉਹ ਸੱਤ ਵਾਰ ਮਾਤਾ ਜੀ ਕੋਲੋਂ ਆਪਣੇ ਸਰੀਰ ਦੇ ਸੱਤਾਂ ਚੱਕਰਾਂ ਦੀ ਸੁਰੱਖਿਆ ਦੀ ਮੰਗ ਕਰਦਾ ਸੀ। ਮਾਤਾ ਜੀ ਇਸ ਪ੍ਰਾਰਥਨਾ ਨੂੰ ਸਵੀਕਾਰ ਕਰਕੇ ਸਹਿਯੋਗੀ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਇਸ ਸੁਰੱਖਿਆ ਨੂੰ ਮਾਤਾ ਜੀ ਨੇ ਦੁਰਗਾ ਕਵਚ ਦਾ ਨਾਂ ਦਿੱਤਾ ਸੀ। ਇਸ ਕਵਚ ਵੱਲ ਦੁਨੀਆਂ ਦੀ ਕੋਈ ਬੁਰੀ ਤਾਕਤ ਝਾਕ ਨਹੀਂ ਸੀ ਸਕਦੀ। ਨੇਹਾ ਨੇ ਇਸ ਪ੍ਰਾਰਥਨਾ ਵਿਚ ਕੁਝ ਵਾਧਾ ਕੀਤਾ ਸੀ। ਆਪਣੀ ਸੁਰੱਖਿਆ ਬਾਅਦ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਮੰਗ ਕਰਦੀ ਸੀ। ਫੇਰ ਸਾਰੇ ਸੰਸਾਰ ਦੀ। ਉਹ ਮਾਤਾ ਜੀ ਤੋਂ ਪੁੱਛ ਰਹੀ ਸੀ। ਉਸਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ ਦੇ ਭਰਾ ਨੂੰ ਸੁਰੱਖਿਆ ਕਿਉਂ ਨਹੀਂ ਮਿਲੀ? ਉਸਦੇ ਪਰਿਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ? ਪਰ ਮਾਤਾ ਜੀ ਚੁੱਪ ਸਨ।

ਸਹਿਯੋਗੀਆਂ ਦੀ ਇਕ ਹੋਰ ਧਾਰਨਾ ਸੀ। ਮਾਤਾ ਜੀ ਸਹਿਯੋਗੀ ਦੇ ਹਰ ਪ੍ਰਸ਼ਨ ਦਾ ਉੱਤਰ ਦਿੰਦੇ ਸਨ। ਪ੍ਰਸ਼ਨ ਮਨ ਵਿਚ ਧਾਰ ਕੇ ਆਪਣੇ ਕੰਮੀਂ ਜੁੱਟ ਜਾਓ। ਦੇਰ ਸਵੇਰ ਮਾਤਾ ਜੀ ਖ਼ੁਦ ਪ੍ਰਸ਼ਨ ਦਾ ਉੱਤਰ ਸੁਝਾਉਂਦੇ ਸਨ। ਪਹਿਲਾਂ ਇਸ ਧਾਰਨਾ ਦਾ ਪ੍ਰਚਾਰ ਪਲਵੀ ਕਰਦੀ ਸੀ। ਫੇਰ ਨੇਹਾ ਕਰਦੀ ਰਹੀ ਸੀ। ਉਹ ਝੂਠਾ ਪ੍ਰਚਾਰ ਨਹੀਂ ਸੀ ਕਰਦੀ। ਉਸਨੂੰ ਆਪਣੇ ਪ੍ਰਸ਼ਨਾਂ ਦਾ ਉੱਤਰ ਮਿਲਦਾ ਰਿਹਾ ਸੀ।

ਹੁਣ ਉਹ ਵਾਰ ਵਾਰ ਮਾਤਾ ਜੀ ਤੋਂ ਇਹ ਪ੍ਰਸ਼ਨ ਪੁੱਛ ਰਹੀ ਸੀ। ਪਰ ਉਸਨੂੰ ਕੋਈ ਉੱਤਰ ਨਹੀਂ ਸੀ ਮਿਲ ਰਿਹਾ।

ਮਾਤਾ ਜੀ ਦੀ ਇਸ ਖ਼ਾਮੋਸ਼ੀ ਤੇ ਨੇਹਾ ਨੂੰ ਕਮਲ ਦੀ ਯਾਦ ਆਉਣ ਲੱਗਦੀ ਸੀ।

ਉਹ ਆਖਦਾ ਹੁੰਦਾ ਸੀ। ਪ੍ਰਸ਼ਨਾਂ ਦੇ ਉੱਤਰ ਕੋਈ ਗੈਬੀ-ਸ਼ਕਤੀ ਨਹੀਂ ਦਿੰਦੀ। ਜੇ ਕੋਈ ਵਿਅਕਤੀ ਮਨ ਵਿਚ ਪੈਦਾ ਹੋਏ ਸ਼ੰਕਿਆਂ ਦਾ ਸਮਾਧਾਨ ਇਕਾਗਰ-ਚਿੱਤ ਹੋ ਕੇ ਸੋਚਣ ਲੱਗੇ ਤਾਂ ਦਿਮਾਗ਼ ਆਪਣੇ ਅੰਦਰ ਜਮ੍ਹਾਂ ਗਿਆਨ ਦੇ ਆਧਾਰ ’ਤੇ ਉੱਤਰ ਸੁਝਾਅ ਦਿੰਦਾ ਸੀ। ਕੋਈ ਇਨ੍ਹਾਂ ਉੱਤਰਾਂ ਨੂੰ ਆਤਮਾ ਦੀ ਅਵਾਜ਼ ਆਖ ਲਏ ਜਾਂ ਮਾਤਾ ਜੀ ਵੱਲੋਂ ਦਿੱਤਾ ਆਦੇਸ਼ ਇਸ ਵਿਚ ਕੋਈ ਫ਼ਰਕ ਨਹੀਂ ਸੀ।

ਦੁਰਗਾ ਕਵਚ ਦੀ ਧਾਰਨਾ ਨੂੰ ਵੀ ਉਹ ਮਨੋ-ਵਿਗਿਆਨਕ ਚਲਾਕੀ ਆਖਦਾ ਸੀ। ਪ੍ਰਾਰਥਨਾ ਵਿਅਕਤੀ ਨੂੰ ਵਿਸ਼ਵਾਸ ਦਿਵਾ ਦਿੰਦੀ ਸੀ ਕਿ ਉਹ ਸੁਰੱਖਿਅਤ ਹੈ। ਬੱਸ ਉਹ ਨਿਡਰ ਹੋ ਜਾਂਦਾ ਸੀ। ਦੁਰਗਾ ਕਵਚ ਪਾ ਕੇ ਚੱਲਣ ਵਾਲੇ ਵਿਅਕਤੀਆਂ ਦੇ ਨਫ਼ੇ ਨੁਕਸਾਨ ਵੀ ਓਨੇ ਹੀ ਹੁੰਦੇ ਸਨ, ਜਿੰਨੇ ਸਾਧਾਰਨ ਵਿਅਕਤੀਆਂ ਦੇ।

ਪਲਵੀ ਦੇ ਆਖੇ ਨੇਹਾ ਨੇ ਇਕ ਦੋ ਵਾਰ ਧਿਆਨ ਲਾਉਣ ਦਾ ਯਤਨ ਕੀਤਾ ਸੀ। ਉਸਦੀਆਂ ਹਥੇਲੀਆਂ ਵਿਚੋਂ ਨਿਕਲਦੀਆਂ ਠੰਡੀਆਂ ਤਰੰਗਾਂ ਗਾਇਬ ਸਨ।

ਉਲਟਾ ਜਦੋਂ ਉਸ ਨੂੰ ਗੁੱਸਾ ਆਉਂਦਾ ਸੀ ਉਸਦਾ ਸਾਰਾ ਸਰੀਰ ਭੱਖਣ ਲਗਦਾ ਸੀ। ਉਸਦੇ ਸਰੀਰ ਵਿਚੋਂ ਭਾਫਾਂ ਨਿਕਲਣ ਲੱਗਦੀਆਂ ਸਨ। ਮਾਤਾ ਜੀ ਦਾ ਅਖਾਣ ਸੀ, ਗਰਮ ਹਵਾਵਾਂ ਭੈੜੀਆਂ ਆਤਮਾਵਾਂ ਵਿਚੋਂ ਨਿਕਲਦੀਆਂ ਹਨ।



ਤਾਂ ਕੀ ਨੇਹਾ ਰਾਤੋ-ਰਾਤ ਭੈੜੀ ਆਤਮਾ ਬਣ ਗਈ ਸੀ?

ਨੇਹਾ ਨਾਲ ਜੋ ਵਾਪਰਿਆ ਸੀ ਉਸ ਵਿਚ ਨੇਹਾ ਦਾ ਕੋਈ ਦੋਸ਼ ਨਹੀਂ ਸੀ। ਜੋ ਕੁਝ ਹੋਇਆ ਸੀ ਉਸ ਦੀ ਇੱਛਾ ਦੇ ਵਿਰੁਧ ਹੋਇਆ ਸੀ। ਅਣ-ਚਾਹੀ ਘਟਨਾ ਦੀ ਸਜ਼ਾ ਉਸ ਨੂੰ ਕਿਉਂ ਦਿੱਤੀ ਜਾ ਰਹੀ ਸੀ? ਮਾਤਾ ਜੀ ਜਾਣੀ-ਜਾਣ ਸਨ। ਉਨ੍ਹਾਂ ਨੂੰ ਨੇਹਾ ਨੂੰ ਭੈੜੀ ਆਤਮਾ ਬਣਨ ਤੋਂ ਰੋਕਣਾ ਚਾਹੀਦਾ ਸੀ।

ਜਿਉਂ ਹੀ ਉਹ ਮਾਤਾ ਜੀ ਦੀ ਕਿਸੇ ਧਾਰਨਾ ’ਤੇ ਕਿੰਤੂ ਕਰਦੀ ਸੀ, ਉਸਨੂੰ ਕਮਲ ਯਾਦ ਆ ਜਾਂਦਾ ਸੀ।

ਉਹ ਆਖਦਾ ਹੁੰਦਾ ਸੀ ਨੇਹਾ ਸੁਖਾਵੇਂ ਮਾਹੌਲ ਵਿਚ ਪਲੀ ਸੀ। ਦੁੱਖ ਤਕਲੀਫ਼ ਉਸਦੇ ਨੇੜੇ ਨਹੀਂ ਸੀ ਢੁੱਕਾ। ਉਸਦੇ ਬੋਲ ਪੁੱਗਦੇ ਸਨ। ਨੇਹਾ ਨੇ ਸੁੱਖ ਹੀ ਸੁੱਖ ਦੇਖਿਆ ਸੀ। ਉਸਨੂੰ ਦੁੱਖ ਤਕਲੀਫ਼ ਅਤੇ ਤੰਗੀਆਂ ਤੁਰਸ਼ੀਆਂ ਦਾ ਅਨੁਭਵ ਨਹੀਂ ਸੀ। ਇਹੋ ਹਾਲ ਪਲਵੀ ਦਾ ਸੀ। ਇਸ ਲਈ ਉਨ੍ਹਾਂ ਦੇ ਮਨ ਸ਼ਾਂਤ ਸਨ। ਮਨ ਸ਼ਾਂਤ ਹੋਣ ਤਾਂ ਸਰੀਰ ਸ਼ਾਂਤ ਰਹਿੰਦੇ ਸਨ। ਸ਼ਾਂਤ ਤਨ ਵਿਚੋਂ ਠੰਡਕ ਹੀ ਨਿਕਲਦੀ ਸੀ। ਅਭਿਆਸ ਅਤੇ ਮਜ਼ਬੂਤ ਇੱਛਾ ਸ਼ਕਤੀ ਕਾਰਨ ਜੇ ਸਰੀਰ ਵਿਚੋਂ ਠੰਡੀਆਂ ਤਰੰਗਾਂ ਦਾ ਅਨੁਭਵ ਹੁੰਦਾ ਸੀ ਤਾਂ ਇਹ ਕੋਈ ਅਲੋਕਾਰੀ ਗੱਲ ਨਹੀਂ ਸੀ।

ਤਾਂ ਕੀ ਨੇਹਾ ਦੇ ਸਰੀਰ ਦੀ ਠੰਡਕ ਉਸਦੀ ਬੇਚੈਨੀ ਨੇ ਹਰ ਲਈ ਸੀ!

ਕਮਲ ਠੀਕ ਸੀ ਜਾਂ ਮਾਤਾ ਜੀ। ਉਸਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

ਬੱਸ ਉਸ ਨੂੰ ਆਪਣੀ ਅਧਿਆਤਮਕ ਸ਼ਕਤੀ ਦੇ ਖੁੱਸ ਜਾਣ ਦਾ ਗ਼ਮ ਸੀ।

## -28-

ਨੇਹਾ ਨੇ ਆਪਣੇ ਮਨ ਦੇ ਸ਼ੰਕਿਆਂ ਨੂੰ ਲੁਕਾ ਕੇ ਨਹੀਂ ਸੀ ਰੱਖਿਆ। ਪਲਵੀ ਅਤੇ ਉਸਦੇ ਮਾਤਾ-ਪਿਤਾ ਨਾਲ ਉਸਨੇ ਇਨ੍ਹਾਂ ਸ਼ੰਕਿਆਂ ਨੂੰ ਸਾਂਝਾ ਕੀਤਾ ਸੀ।

ਨੇਹਾ ਦਾ ਆਪਣੇ ਆਪ ਤੋਂ ਉੱਠਿਆ ਵਿਸ਼ਵਾਸ ਪਲਵੀ ਦੇ ਮਾਪਿਆਂ ਲਈ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਸੀ।

ਨੇਹਾ ਜਿਸ ਅੰਨ੍ਹੇ ਖੂਹ ਵਿਚ ਜਾ ਡਿੱਗੀ ਸੀ ਉਸ ਵਿਚੋਂ ਜੇ ਕੋਈ ਉਸਨੂੰ ਬਾਹਰ ਕੱਢ ਸਕਦਾ ਸੀ ਤਾਂ ਉਹ ਉਸ ਦੇ ਧਾਰਮਿਕ ਵਿਸ਼ਵਾਸਾਂ ਵਿਚ ਬਹਾਲੀ ਹੀ ਸੀ।

ਨੇਹਾ ਨੂੰ ਲੀਹ ’ਤੇ ਲਿਆਉਣ ਲਈ ਪਲਵੀ ਦੇ ਮਾਪਿਆਂ ਨੇ ਯਤਨ ਤੇਜ਼ ਕਰ ਦਿੱਤੇ।

ਪਲਵੀ ਨੇ ਕੇਂਦਰ ਦੇ ਪ੍ਰਧਾਨ ਨਾਲ ਗੱਲ ਕੀਤੀ। ਇਸ ਐਤਵਾਰ ਨੂੰ ਕਮਲ ਦੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਦੇ ਸਿਹਤ-ਯਾਫ਼ਤਾ ਹੋਣ ਦੀ ਸਮੂਹਿਕ ਪ੍ਰਾਰਥਨਾ ਕੀਤੀ ਜਾਵੇ।

ਸਹਿਯੋਗ ਸਮੂਹਿਕ ਪ੍ਰਾਰਥਨਾ ਨੂੰ ਬਹੁਤ ਮਹੱਤਤਾ ਦਿੰਦਾ ਸੀ। ਸਾਰੇ ਸਹਿਯੋਗੀਆਂ ਵੱਲੋਂ ਕੀਤੀ ਪ੍ਰਾਰਥਨਾ ਮਾਤਾ ਜੀ ਨੂੰ ਝੱਟ ਸਵੀਕਾਰ ਹੋ ਜਾਂਦੀ ਸੀ। ਜਦੋਂ ਕਿਸੇ ਸਹਿਯੋਗੀ ਦੀ ਨਿਜੀ ਪ੍ਰਾਰਥਨਾ ਸਵੀਕਾਰ ਨਹੀਂ ਸੀ ਹੁੰਦੀ ਤਾਂ ਸਾਰੇ ਸਹਿਯੋਗੀ ਇਕੱਠੇ ਹੋ ਕੇ ਮਾਤਾ ਜੀ ਨੂੰ ਪੁਕਾਰਦੇ ਸਨ। ਅਜਿਹੀਆਂ ਕਈ ਸਮੂਹਿਕ ਪ੍ਰਾਰਥਨਾਵਾਂ ਬਾਅਦ ਕਈਆਂ ਦੇ ਘਰ ਪੁੱਤਰ ਹੋਏ ਸਨ ਅਤੇ ਕਈਆਂ ਦੇ ਧੀਆਂ ਪੁੱਤ ਵਿਆਹੇ ਗਏ ਸਨ।

ਨੇਹਾ ਸੰਸਥਾ ਦੀ ਅਹਿਮ ਮੈਂਬਰ ਸੀ। ਭੀੜ ਸਮੇਂ ਉਸਦੀ ਮਦਦ ਹੋਣੀ ਚਾਹੀਦੀ ਸੀ।

ਪ੍ਰਧਾਨ ਨੂੰ ਇਸ ਪ੍ਰਾਰਥਨਾ ਤੇ ਕੋਈ ਇਤਰਾਜ਼ ਨਹੀਂ ਸੀ। ਇਹ ਗੱਲ ਉਹ ਪਹਿਲਾਂ ਹੀ ਤੋਰ ਚੁੱਕਾ ਸੀ।

ਪਰ ਕੁਝ ਸਹਿਯੋਗੀਆਂ ਨੂੰ ਨੇਹਾ ਦੇ ਅਪਵਿੱਤਰ ਹੋਣ ਬਾਅਦ ਕੇਂਦਰ ਆਉਣ 'ਤੇ ਇਤਰਾਜ਼ ਸੀ। ਇਸ ਤਰ੍ਹਾਂ ਆਸ਼ਰਮ ਦੀ ਪਵਿੱਤਰਤਾ ਭੰਗ ਹੁੰਦੀ ਸੀ। ਪ੍ਰਧਾਨ ਅਜਿਹੇ ਅਨਾੜੀ ਸਹਿਯੋਗੀਆਂ ਨੂੰ ਸਮਝਾਉਣ ਦਾ ਯਤਨ ਕਰ ਰਿਹਾ ਸੀ। ਉਸਨੂੰ ਕਾਮਯਾਬੀ ਮਿਲਣ ਦੀ ਪੂਰੀ ਆਸ ਸੀ।

ਪਲਵੀ ਨੇ ਯੁਵਾ ਸ਼ਕਤੀ ਦੇ ਇਕ-ਇਕ ਮੈਂਬਰ ਨਾਲ ਗੱਲ ਕੀਤੀ। ਉਨ੍ਹਾਂ ਲਈ ਨੇਹਾ ਮਾਤਾ ਸੀਤਾ ਵਾਂਗ ਪਵਿੱਤਰ ਸੀ।

ਪਲਵੀ ਦੇ ਮੰਮੀ ਪਾਪਾ ਨੇ ਆਪਣੇ ਵਾਕਿਫ਼ ਸਹਿਯੋਗੀਆਂ ਦੀ ਰਾਏ ਲਈ। ਉਹ ਪਹਿਲਾਂ ਹੀ ਨੇਹਾ ਦੇ ਪਰਿਵਾਰ ਦੀ ਭਲਾਈ ਦੀ ਸਵੇਰੇ ਸ਼ਾਮ ਪ੍ਰਾਰਥਨਾ ਕਰਦੇ ਸਨ। ਸਮੂਹਿਕ ਪ੍ਰਾਰਥਨਾ ਹੋਣੀ ਚਾਹੀਦੀ ਸੀ।

ਨੇਹਾ ਦਾ ਆਸ਼ਰਮ ਜਾਣ ਨੂੰ ਦਿਲ ਨਹੀਂ ਸੀ ਕਰਦਾ।

ਜੇ ਉਹ ਕੇਂਦਰ ਗਈ, ਹਰ ਸਹਿਯੋਗੀ ਉਸ ਕੋਲ ਆਏਗਾ। ਉਸ ਤੋਂ ਹੋਈ ਘਟਨਾ ਦੇ ਵੇਰਵੇ ਪੁੱਛ ਕੇ ਉਸ ਦੇ ਅੱਲੇ ਜ਼ਖ਼ਮਾਂ ਨੂੰ ਉਚੇੜੇਗਾ।

ਪਲਵੀ ਨੇ ਜ਼ੋਰ ਪਾਇਆ। ਉਸਦੇ ਮਾਪਿਆਂ ਨੇ ਸਮਝਾਇਆ। ਮਾਹੌਲ ਬਦਲ ਜਾਏਗਾ। ਮਨ ਬਦਲ ਜਾਏਗਾ। ਧਿਆਨ ਪ੍ਰਮਾਤਮਾ ਵੱਲ ਲਗੇਗਾ। ਖੋਈ ਹੋਈ ਆਤਮਿਕ ਸ਼ਕਤੀ ਬਹਾਲ ਹੋਏਗੀ।

ਪਹਿਲਾਂ ਨੇਹਾ ਆਸ਼ਰਮ ਵਿਚ ਸਭ ਤੋਂ ਪਹਿਲਾਂ ਪਹੁੰਚਦੀ ਸੀ। ਆਪਣੀ ਦੇਖ-ਰੇਖ ਵਿਚ ਵਿਛੀਆਂ ਦਰੀਆਂ ਅਤੇ ਗਲੀਚਿਆਂ ਦੀ ਸਫ਼ਾਈ ਕਰਾਉਂਦੀ ਸੀ। ਡੋਲੀ ਬਣਾ ਕੇ ਮਾਤਾ ਜੀ ਦੀ ਮੂਰਤੀ ਦੀ ਸਥਾਪਨਾ ਕਰਦੀ ਸੀ। ਫੁੱਲਾਂ ਅਤੇ ਧੂਫ਼ ਬੱਤੀਆਂ ਨਾਲ ਸਾਰੇ ਹਾਲ ਦੀ ਸਜਾਵਟ ਕਰਦੀ ਸੀ। ਆਖ਼ਰੀ ਮੈਂਬਰ ਦੇ ਆਸ਼ਰਮ ਵਿਚੋਂ ਤੁਰ ਜਾਣ ਤਕ ਹਿਰਨੀ ਵਾਂਗ ਟਪੂਸੀਆਂ ਮਾਰਦੀ ਰਹਿੰਦੀ ਸੀ।

ਅੱਜ ਉਹ ਜਾਣ-ਬੁੱਝ ਕੇ ਲੇਟ ਹੋਈ ਸੀ। ਸੰਸਥਾ ਦੀ ਇਹ ਪਰੰਪਰਾ ਸੀ ਕਿ ਪਹਿਲਾਂ ਆਇਆ ਸਹਿਯੋਗੀ ਅੱਗੇ ਬੈਠਦਾ ਸੀ। ਜਿਉਂ-ਜਿਉਂ ਸਹਿਯੋਗੀ ਆਉਂਦੇ ਜਾਂਦੇ ਸਨ ਪਿੱਛੇ-ਪਿੱਛੇ ਬੈਠਦੇ ਜਾਂਦੇ ਸਨ। ਨੇਹਾ ਲੋਕਾਂ ਦੀਆਂ ਅੱਖਾਂ ਤੋਂ ਬਚਣਾ ਚਾਹੁੰਦੀ ਸੀ।

ਉਹ ਚੁਪਕੇ ਜਿਹੇ ਇਕ ਨੁੱਕਰੇ ਜਾ ਬੈਠੀ।

ਨੇਹਾ ਨੂੰ ਆਸ ਸੀ ਕਿ ਕਾਰਵਾਈ ਚਲਾ ਰਹੀ ਸੰਚਾਲਕ ਉਸਦੇ ਕਈ ਬੈਠਕਾਂ ਬਾਅਦ ਕੇਂਦਰ ਆਉਣ ਉਪਰ ਉਸ ਦਾ ਸਵਾਗਤ ਕਰੇਗੀ। ਕੇਂਦਰ ਦੀ ਇਹ ਪ੍ਰਥਾ ਸੀ।

ਪਹਿਲੀ ਕਤਾਰ ਸੰਚਾਲਕ, ਭਜਨ-ਮੰਡਲੀ ਅਤੇ ਆਰਤੀ ਵਾਲੀ ਤਿਕੜੀ ਲਈ ਰਾਖਵੀਂ ਸੀ। ਨੇਹਾ ਆਰਤੀ ਵਾਲੀ ਤਿਕੜੀ ਦੀ ਸਥਾਈ ਮੈਂਬਰ ਸੀ। ਸਤਿਸੰਗ ਦੇ ਅਖ਼ੀਰ ਵਿਚ ਮਾਤਾ ਜੀ ਦੀ ਆਰਤੀ ਉਤਾਰੀ ਜਾਂਦੀ ਸੀ। ਆਰਤੀ ਤਿੰਨ ਔਰਤਾਂ ਵੱਲੋਂ ਕੀਤੀ ਜਾਂਦੀ ਸੀ। ਆਰਤੀ ਵਿਚ ਸ਼ਾਮਲ ਹੋਣ ਵਾਲੀ ਔਰਤ ਆਪਣੇ ਆਪ ਨੂੰ ਭਾਗਾਂ ਵਾਲੀ ਮੰਨਦੀ ਸੀ। ਆਰਤੀ ਵਿਧੀ ਅਨੁਸਾਰ ਹੁੰਦੀ ਸੀ। ਇਹ ਵਿਧੀ ਨੇਹਾ ਨਿਭਾਉਂਦੀ ਸੀ। ਬਾਕੀ ਦੀਆਂ ਦੋ ਔਰਤਾਂ ਸੰਗਤ ਵਿਚੋਂ ਹੁੰਦੀਆਂ ਸਨ। ਨੇਹਾ ਦੇ ਪਿੱਛੇ ਲਗ ਕੇ ਆਰਤੀ



ਕਰਦੀਆਂ ਸਨ।

ਨੇਹਾ ਨੂੰ ਆਸ ਸੀ ਸਵਾਗਤ ਦੇ ਬਾਅਦ ਸੰਚਾਲਕ ਉਸਨੂੰ ਪਹਿਲੀ ਕਤਾਰ ਵਿਚ ਬੈਠਣ ਲਈ ਬੁਲਾਏਗੀ। ਉਸਦੀ ਆਰਤੀ ਵਾਲੀ ਤਿਕੜੀ ਦੀ ਸਥਾਈ ਸਦੱਸਤਾ ਬਹਾਲ ਕੀਤੀ ਜਾਏਗੀ।

ਨੇਹਾ ਨੂੰ ਬੈਠਿਆਂ ਅੱਧਾ ਘੰਟਾ ਬੀਤ ਗਿਆ। ਸੰਚਾਲਕ ਨੇ ਉਸਨੂੰ ਬੈਠਿਆਂ ਦੇਖ ਲਿਆ ਸੀ। ਪਲਵੀ ਪਹਿਲੀ ਕਤਾਰ ਵਿਚ ਬੈਠੀ ਸੀ। ਉਹ ਕਈ ਵਾਰ ਸੰਚਾਲਕ ਦੇ ਕੰਨ ਵਿਚ ਘੁਸਰ-ਮੁਸਰ ਕਰ ਚੁੱਕੀ ਸੀ। ਪਰ ਸੰਚਾਲਕ ਵੱਲੋਂ ਕੋਈ ਹਿਲਜੁਲ ਨਹੀਂ ਸੀ ਹੋ ਰਹੀ।

ਸਭ ਕੁਝ ਭੁਲਾ ਕੇ ਨੇਹਾ ਨੇ ਧਿਆਨ ਲਾਉਣ ਦਾ ਯਤਨ ਕੀਤਾ।

ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂ-ਦ੍ਰਿਸ਼ ਨੇਹਾ ਅੱਗੇ ਸੁਰਜੀਤ ਹੋਣ ਲੱਗਾ। ਇਕ ਰਾਕਸ਼ਸ਼ ਉਸਦਾ ਚੀਰ ਹਰਣ ਕਰ ਰਿਹਾ ਸੀ। ਦੂਸਰਾ ਕਮਲ ਨੂੰ ਕੋਹ ਕੋਹ ਮਾਰ ਰਿਹਾ ਸੀ। ਤੀਸਰਾ ਉਸਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ਼ ਚਿਹਾੜਾ ਸੀ।

ਹੰਝੂ ਭਰੀਆਂ ਅੱਖਾਂ ਨੂੰ ਨੇਹਾ ਨੇ ਝੱਟ ਖੋਲ੍ਹ ਲਿਆ।

ਪਲਵੀ ਅਤੇ ਉਸ ਦੇ ਮਾਪਿਆਂ ਦੇ ਜ਼ੋਰ ਪਾਉਣ ਦੇ ਬਾਵਜੂਦ ਵੀ ਨਾ ਨੇਹਾ ਨੂੰ ਪਹਿਲੀ ਕਤਾਰ ਵਿਚ ਬਿਠਾਇਆ ਗਿਆ, ਨਾ ਉਸਦੇ ਪਰਿਵਾਰ ਲਈ ਸਮੂਹਿਕ ਪ੍ਰਾਰਥਨਾ ਕੀਤੀ ਗਈ।

ਸੰਚਾਲਕ ਨੂੰ ਤਾਂ ਨੇਹਾ ਦਾ ਸੈਂਟਰ ਆਉਣਾ ਹੀ ਬੁਰਾ ਲੱਗਾ ਸੀ।

ਸਹਿਯੋਗੀ ਆਪਣੇ ਧਿਆਨ ਨੂੰ ਆਗਿਆ ਚੱਕਰ 'ਤੇ ਕੇਂਦਰਤ ਕਰ ਰਹੇ ਸਨ। ਧਿਆਨ ਕੇਂਦਰਤ ਕਰਕੇ ਉਨ੍ਹਾਂ ਨੇ ਮਾਤਾ ਜੀ ਕੋਲ ਪ੍ਰਾਰਥਨਾ ਕਰਨੀ ਸੀ। ਉਨ੍ਹਾਂ ਦੇ ਗੁੱਸੇ ਅਤੇ ਅਹੰਕਾਰ ਨੂੰ ਹਰ ਲਿਆ ਜਾਵੇ। ਮਾਤਾ ਜੀ ਦਾ ਦਾਅਵਾ ਸੀ, ਇਸ ਭਾਵਨਾ ਦੇ ਪੈਦਾ ਹੁੰਦੇ ਹੀ ਸਹਿਯੋਗੀ ਦਾ ਗੁੱਸਾ ਉੱਡ ਜਾਂਦਾ ਸੀ ਅਤੇ ਉਸਦਾ ਦਿਮਾਗ਼ ਠੰਡਾ ਹੋ ਜਾਂਦਾ ਸੀ।

ਪਰ ਜਦੋਂ ਨੇਹਾ ਨੂੰ ਆਰਤੀ ਲਈ ਨਾ ਬੁਲਾਇਆ ਗਿਆ ਤਾਂ ਉਸਦਾ ਆਗਿਆ ਚੱਕਰ ਗੁੱਸੇ ਨਾਲ ਭੱਖ ਉੱਠਿਆ। ਉਸਦੀਆਂ ਹਥੇਲੀਆਂ ਵਿਚੋਂ ਸੇਕ ਨਿਕਲਣ ਲੱਗਾ। ਸਾਰੇ ਸਹਿਯੋਗੀ ਉਸ ਨੂੰ ਅਹੰਕਾਰੀ ਅਤੇ ਪਾਖੰਡੀ ਲਗੇ। ਕਿਸੇ ਨੇ ਉਸਦੀਆਂ ਜ਼ਖ਼ਮੀ ਭਾਵਨਾਵਾਂ ਨੂੰ ਪਲੋਸਣ ਦਾ ਯਤਨ ਨਹੀਂ ਸੀ ਕੀਤਾ। ਉਲਟਾ ਜਾਣ-ਬੁੱਝ ਕੇ ਉਸ ਨੂੰ ਛੁਟਿਆਇਆ ਗਿਆ ਸੀ।

ਆਰਤੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਉਠ ਕੇ ਤੁਰ ਪਈ।

ਸੈਂਕੜੇ ਤਰਸ ਅਤੇ ਨਫ਼ਰਤ-ਭਰੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਉਸਦੀ ਹਿੰਮਤ ਨਹੀਂ ਸੀ।

ਪਲਵੀ ਅਤੇ ਹੋਰ ਸਹਿਯੋਗੀ ਧਿਆਨ ਵਿਚ ਮਗਨ ਸਨ। ਕਿਸੇ ਨੂੰ ਨੇਹਾ ਦੇ ਬਾਹਰ ਜਾਣ ਦਾ ਪਤਾ ਨਾ ਲੱਗਾ।

ਪਲਵੀ ਦੇ ਘਰ ਜਾ ਕੇ ਨੇਹਾ ਨੇ ਕੀ ਕਰਨਾ ਸੀ ?

ਜਦੋਂ ਸਹਿਯੋਗ ਹੀ ਉਸ ਨੂੰ ਨਹੀਂ ਸੀ ਅਪਣਾ ਰਿਹਾ, ਹੋਰ ਉਸ ਨੂੰ ਕਿਸ ਨੇ ਅਪਣਾਉਣਾ ਸੀ ?

ਇਸ ਜ਼ਿਲਤ-ਭਰੀ ਜ਼ਿੰਦਗੀ ਨਾਲੋਂ ਉਹ ਮੌਤ ਨੂੰ ਤਰਜੀਹ ਦੇਣ ਲੱਗੀ।

ਨੇਹਾ ਨੇ ਆਪਣਾ ਮੂੰਹ ਰੇਲਵੇ ਲਾਈਨਾਂ ਵੱਲ ਭੁਆ ਲਿਆ।

ਮਾਇਆ ਨਗਰ ਦੀਆਂ ਰੇਲਵੇ ਲਾਈਨਾਂ ਉਪਰ ਕੋਈ ਨਾ ਕੋਈ ਗੱਡੀ ਆਉਂਦੀ ਜਾਂਦੀ ਰਹਿੰਦੀ ਸੀ।

ਰਸਤੇ ਵਿਚ ਉਸਨੂੰ ਕਈ ਵਾਰ ਭੁਲੇਖੇ ਪਏ। ਕਮਲ ਜਿਵੇਂ ਉਸਦਾ ਪਿੱਛਾ ਕਰ ਰਿਹਾ ਸੀ। ਉਸਨੂੰ ਅਵਾਜ਼ਾਂ ਮਾਰ ਰਿਹਾ ਸੀ।

ਹਰ ਵਾਰ ਉਹ ਪਿੱਛੇ ਮੁੜਕੇ ਦੇਖਦੀ। ਕਿਧਰੇ ਕੁਝ ਨਹੀਂ ਸੀ।

"ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸਦੀ ਮਜਬੂਰੀ ਸੀ। ਅੱਖਾਂ ਹੁੰਦੇ ਹੋਏ ਅੱਖਾਂ 'ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ ?"

ਇਕ ਵਾਰ ਨੇਹਾ ਤੋਂ ਕਮਲ ਨੇ ਇਹ ਪ੍ਰਸ਼ਨ ਪੁੱਛਿਆ ਸੀ।

ਫੇਰ ਆਪੇ ਉਸਨੇ ਉੱਤਰ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ।

ਕਮਲ ਅੱਜ ਫੇਰ ਜਿਵੇਂ ਉਸ ਤੋਂ ਇਹੋ ਪ੍ਰਸ਼ਨ ਪੁੱਛ ਰਿਹਾ ਸੀ।

ਕਮਲ ਨੂੰ ਕਤਲ ਕਰ ਦਿੱਤਾ ਗਿਆ। ਇਹ ਕਮਲ ਦੀ ਮਜਬੂਰੀ ਸੀ। ਨੇਹਾ ਜਿਉਂਦੀ ਹੋ ਕੇ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿੱਛੋਂ ਇਕ ਹੋਰ ਮਹਾਂਭਾਰਤ ਹੋ ਜਾਏਗਾ। ਉਨ੍ਹਾਂ ਦੇ ਮਾਂ ਬਾਪ ਰੁਲ ਕੇ ਮਰ ਜਾਣਗੇ। ਕਮਲ ਦੇ ਕਾਤਲ ਬਰੀ ਹੋ ਜਾਣਗੇ।

ਨੇਹਾ ਸੰਭਲੀ। ਉਸਨੇ ਆਪਣੀਆਂ ਅੱਖਾਂ ਉਪਰਲੀ ਪੱਟੀ ਖੋਲ੍ਹ ਦਿੱਤੀ। ਮਨ ਹੀ ਮਨ ਉਸਨੇ ਕਮਲ ਨਾਲ ਵਾਅਦਾ ਕੀਤਾ। ਉਹ ਹਰ ਕੀਮਤ 'ਤੇ ਆਪਣੇ ਫਰਜ਼ ਨਿਭਾਏਗੀ।

ਨੇਹਾ ਨੇ ਮੋੜ ਕੱਟਿਆ। ਉਹ ਸਿੱਧੀ ਦਯਾਨੰਦ ਹਸਪਤਾਲ ਵੱਲ ਹੋ ਲਈ।

## -29-

ਵੇਦ ਸੱਤ ਦਿਨ ਬੇਹੋਸ਼ ਰਿਹਾ।

ਹੁਣ ਤਿੰਨ ਦਿਨ ਤੋਂ ਉਹ ਹੋਸ਼ ਵਿਚ ਸੀ। ਪਰ ਹੋਸ਼ ਵਿਚ ਰਹਿ ਕੇ ਵੀ ਉਹ ਬੇਹੋਸ਼ਾਂ ਵਰਗਾ ਸੀ। ਉਸਦੇ ਦੋਹਾਂ ਹੱਥਾਂ, ਬਾਹਾਂ, ਪੈਰਾਂ ਅਤੇ ਟੰਗਾਂ ਉਪਰ ਪਲੱਸਤਰ ਲਗਾ ਹੋਇਆ ਸੀ। ਜਬਾੜੇ ਨੂੰ ਤਾਰਾਂ ਨਹੀਂ ਸਨ ਖੁੱਲ੍ਹਣ ਦਿੰਦੀਆਂ। ਨਾ ਉਹ ਬੋਲ ਸਕਦਾ ਸੀ, ਨਾ ਲਿਖ ਕੇ ਸਮਝਾ ਸਕਦਾ ਸੀ।

ਹੋਸ਼ ਵਿਚ ਆਉਣ ਬਾਅਦ ਬਹੁਤਾ ਚਿਰ ਉਹ ਰੋਂਦਾ ਰਿਹਾ ਸੀ। ਇਨ੍ਹਾਂ ਤਿੰਨ ਦਿਨਾਂ ਵਿਚ ਕਮਲ, ਨੀਲਮ ਜਾਂ ਨੇਹਾ ਕੋਈ ਵੀ ਉਸਦਾ ਹਾਲ ਪੁੱਛਣ ਨਹੀਂ ਸੀ ਆਇਆ। ਕਮਲ ਬਾਰੇ ਉਸ ਤੋਂ ਛੁਪਾਇਆ ਗਿਆ ਸੀ। ਰਾਮ ਨਾਥ ਹਜ਼ਾਰ ਵਾਰ ਆਖਦਾ ਰਹੇ, ਸਭ ਸੁੱਖ-ਸਾਂਦ ਸੀ, ਪਰ ਵੇਦ ਸਮਝ ਰਿਹਾ ਸੀ ਕੁਝ ਵੀ ਠੀਕ ਨਹੀਂ ਸੀ।

ਪਹਿਲੀ ਵਾਰ ਨੇਹਾ ਜਦੋਂ ਉਸਦੇ ਸਾਹਮਣੇ ਆਈ ਤਾਂ ਉਸ ਦੀਆਂ ਅੱਖਾਂ ਵਿਚੋਂ ਗੰਗਾ ਜਮਨਾ ਵਹਿ ਤੁਰੀ। ਨਾ ਉਹ ਨੇਹਾ ਦਾ ਸਿਰ ਪਲੋਲ ਸਕਦਾ ਸੀ, ਨਾ ਉਸ ਨੂੰ ਹਿੱਕ ਨਾਲ ਲਾ ਸਕਦਾ ਸੀ। ਉਹ ਕੇਵਲ ਹੰਝੂ ਵਹਾ ਸਕਦਾ ਸੀ ਤੇ ਉਹ ਨੀਰ ਵਹਾ ਰਿਹਾ ਸੀ।

ਡਾਕਟਰਾਂ ਦੀ ਸਲਾਹ ਅਤੇ ਆਪਣੀ ਪੀੜ ਦੀ ਬਿਨਾਂ ਪਰਵਾਹ ਕੀਤੇ ਵੇਦ ਨੇ ਕਮਲ



ਦੀ ਹਾਲਤ ਜਾਨਣ ਲਈ ਆਪਣਾ ਮੂੰਹ ਖੋਲ੍ਹ ਦਿੱਤਾ।

ਕਮਲ ਦਾ ਨਾਂ ਵੇਦ ਦੀ ਜ਼ਬਾਨ 'ਤੇ ਆਉਂਦਿਆਂ ਹੀ ਨੇਹਾ ਦੀਆਂ ਧਾਹਾਂ ਨਿਕਲ ਗਈਆਂ।

ਵੇਦ ਸਭ ਸਮਝ ਗਿਆ। ਉਹ ਵੀ ਭੁੱਬਾਂ ਮਾਰ ਕੇ ਰੋ ਪਿਆ।

ਵੇਦ ਦੇ ਜਬਾੜੇ ਵਿਚੋਂ ਖ਼ੂਨ ਵਹਿ ਤੁਰਿਆ। ਥੋੜ੍ਹੀ ਬਹੁਤ ਜੁੜੀ ਹੱਡੀ ਦੇ ਟੁੱਟ ਜਾਣ ਦੀ ਸੰਭਾਵਨਾ ਵਧ ਗਈ, ਪਰ ਬਿਨਾਂ ਕੋਈ ਪਰਵਾਹ ਕੀਤੇ ਵੇਦ ਖੁਲ੍ਹ ਕੇ ਕਮਲ ਨੂੰ ਰੋਂਦਾ ਰਿਹਾ।

ਉੱਚੀ-ਉੱਚੀ ਰੋਣ ਕਾਰਨ ਜਿਵੇਂ ਉਸ ਦੀਆਂ ਖ਼ੂਨ ਵਾਲੀਆਂ ਨਾੜੀਆਂ ਸੁੰਨ ਹੋ ਗਈਆਂ। ਵਗਦਾ ਖ਼ੂਨ ਜਾਂ ਹੁੰਦਾ ਦਰਦ ਉਸ ਨੂੰ ਮਹਿਸੂਸ ਨਹੀਂ ਸੀ ਹੋ ਰਿਹਾ।

ਵੇਦ ਨੂੰ ਬੇਕਾਬੂ ਹੋਇਆ ਦੇਖ ਕੇ ਨਰਸ ਬੇਹੋਸ਼ੀ ਦਾ ਟੀਕਾ ਲਾ ਗਈ।

ਕੁਝ ਦੇਰ ਤੜਪ ਕੇ, ਨਸ਼ੇ ਕਾਰਨ ਉਸਦਾ ਮਨ ਅਤੇ ਸਰੀਰ ਸ਼ਾਂਤ ਹੋ ਗਏ।

ਵੇਦ ਦੇ ਇਸ ਰੁਦਨ ਨੇ ਉਸਦੀ ਸਿਹਤ ਦਾ ਕਬਾੜਾ ਕਰ ਦਿੱਤਾ। ਜ਼ਖ਼ਮਾਂ ਵਿਚ ਇਨਫੈਕਸ਼ਨ ਹੋ ਗਈ। ਤਾਰਾਂ ਮਾਸ ਵਿਚ ਖੁੱਭ ਗਈਆਂ। ਜੁੜੀਆਂ ਹੱਡੀਆਂ ਫੇਰ ਵੱਖ ਹੋ ਗਈਆਂ।

ਛੁੱਟੀ ਹੋਣ ਦੀ ਸੰਭਾਵਨਾ ਦੋ ਹਫ਼ਤੇ ਲਈ ਅੱਗੇ ਪੈ ਗਈ।

## -30-

ਪੁਲਿਸ ਨੇ ਪੰਕਜ ਹੋਰਾਂ ਨੂੰ ਪੇਸ਼ਗੀ ਜ਼ਮਾਨਤ ਦੇ ਫੈਸਲੇ ਤਕ ਨਾ ਫੜਨ ਦਾ ਭਰੋਸਾ ਦਿੱਤਾ ਸੀ। ਪੁਲਿਸ ਆਪਣੇ ਵਾਅਦੇ ਉਪਰ ਕਾਇਮ ਸੀ।

ਪਰ ਮੁਲਜ਼ਮ ਕੋਈ ਜੋਖ਼ਮ ਨਹੀਂ ਸੀ ਉਠਾ ਰਹੇ। ਉਹ ਪੁਲਿਸ ਦੀ ਅੱਖ ਤੋਂ ਬਚਣ ਲਈ ਘੰਟੇ ਘੰਟੇ ਬਾਅਦ ਥਾਂ ਬਦਲ ਰਹੇ ਸਨ।

ਨੰਦ ਲਾਲ ਨੇ ਵੀ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੋਇਆ ਸੀ। ਕਾਨੂੰਨ ਦਿਖਾ ਕੇ, ਰੌਲਾ ਪਾ ਕੇ ਉਸਨੇ ਪੰਜ ਚਾਰ ਦਿਨਾਂ ਲਈ ਉਨ੍ਹਾਂ ਦੀ ਪੇਸ਼ਗੀ ਜ਼ਮਾਨਤ ਮਨਜ਼ੂਰ ਕਰਵਾ ਦੇਣੀ ਸੀ। ਮੁਲਜ਼ਮਾਂ ਨੂੰ ਪੁਲਿਸ ਕੋਲ ਜਾ ਕੇ ਤਫ਼ਤੀਸ਼ ਵਿਚ ਸ਼ਾਮਲ ਹੋਣ ਅਤੇ ਪੁਲਿਸ ਦੇ ਸ਼ੱਕ ਦੂਰ ਕਰਨ ਦਾ ਹੁਕਮ ਕਰਵਾ ਦੇਣਾ ਸੀ। ਇਕ ਵਾਰ ਉਹ ਤਫ਼ਤੀਸ਼ ਵਿਚ ਸ਼ਾਮਲ ਹੋ ਗਏ, ਫੇਰ ਉਨ੍ਹਾਂ ਦੀ ਪੱਕੀ ਜ਼ਮਾਨਤ ਨੂੰ ਕੋਈ ਨਹੀਂ ਸੀ ਰੋਕ ਸਕਦਾ।

ਪੰਕਜ ਹੋਰੀਂ ਨੰਗ-ਮਲੰਗ ਨਹੀਂ ਸਨ ਕਿ ਸ਼ਹਿਰ ਛੱਡ ਕੇ ਭੱਜ ਜਾਣਗੇ। ਉਹ ਕਰੋੜਾਂ ਦੇ ਮਾਲਕ ਸਨ। ਜਦੋਂ ਪੁਲਿਸ ਨੂੰ ਉਨ੍ਹਾਂ ਦੀ ਲੋੜ ਨਹੀਂ, ਫੇਰ ਉਨ੍ਹਾਂ ਨੂੰ ਜੇਲ੍ਹ ਡੱਕੀ ਰੱਖਣ ਦਾ ਕੀ ਮਤਲਬ ? ਮੁਕੱਦਮੇ ਦੀ ਸੁਣਵਾਈ ਦੌਰਾਨ ਅਦਾਲਤ ਵਿਚ ਹਾਜ਼ਰ ਰਹਿਣ ਲਈ ਉਹ ਭਾਰੀ ਤੋਂ ਭਾਰੀ ਜ਼ਮਾਨਤ ਦੇਣ ਲਈ ਤਿਆਰ ਸਨ। ਜੋ ਫੈਸਲਾ ਹੋਏਗਾ ਸਿਰ ਮੱਥੇ 'ਤੇ। ਸਜ਼ਾ ਹੋਈ ਜੇਲ੍ਹ ਜਾਣਗੇ। ਇੱਜ਼ਤਦਾਰ ਬੰਦਿਆਂ ਨੂੰ ਬਿਨਾਂ ਮਤਲਬ ਜੇਲ੍ਹ ਵਿਚ ਨਹੀਂ ਸੀ ਡੱਕਿਆ ਜਾ ਸਕਦਾ। ਕਾਨੂੰਨ ਇਹੋ ਆਖਦਾ ਸੀ।

ਨੰਦ ਲਾਲ ਦੀ ਇਸ ਹੱਲਾਸ਼ੇਰੀ ਦੇ ਮੱਦੇ-ਨਜ਼ਰ ਦੋਸ਼ੀ ਤਫ਼ਤੀਸ਼ ਵਿਚ ਸ਼ਾਮਲ ਹੋਣ ਦੀ ਯੋਜਨਾ ਘੜ ਰਹੇ ਸਨ। ਪੁਲਿਸ ਉਨ੍ਹਾਂ ਨੂੰ ਝੱਟ-ਪੱਟ ਤਫ਼ਤੀਸ਼ ਵਿਚ ਸ਼ਾਮਲ ਕਰਨ ਲਈ ਸਹਿਮਤ ਹੋ ਚੁੱਕੀ ਸੀ। ਪੁੱਛ-ਗਿੱਛ ਵਿਚ ਕਿਸੇ ਨੂੰ ਕੋਈ ਦਿੱਕਤ ਨਾ ਹੋਵੇ ਇਸ

ਲਈ ਪੁਲਿਸ ਵੱਲੋਂ ਇਕ ਸੁਝਾਅ ਆਇਆ ਸੀ। ਵੈਸੇ ਇਹ ਕਾਨੂੰਨ ਸੀ ਕਿ ਪੁੱਛ-ਗਿੱਛ ਦੌਰਾਨ ਦੋਸ਼ੀ ਇਕ ਡਾਕਟਰ ਅਤੇ ਇਕ ਵਕੀਲ ਆਪਣੇ ਨਾਲ ਰੱਖ ਸਕਦਾ ਸੀ। ਪੁਲਿਸ ਨੂੰ ਇਸ ਕਾਨੂੰਨ ਦੀ ਪਾਲਣਾ ਕਰਨ ਵਿਚ ਕੋਈ ਇਤਰਾਜ਼ ਨਹੀਂ ਸੀ। ਪਰ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ ਜੇ ਅਦਾਲਤ ਵੱਲੋਂ ਨਵੇਂ ਹੁਕਮ ਜਾਰੀ ਕਰਵਾ ਲਏ ਜਾਣ ਤਾਂ ਠੀਕ ਰਹਿਣਾ ਸੀ। ਪੱਤਰਕਾਰ ਹਰਲ-ਹਰਲ ਕਰਦੇ ਫਿਰਦੇ ਸਨ। ਕੋਈ ਭਰੋਸਾ ਨਹੀਂ, ਪੁੱਛ-ਗਿੱਛ ਦੌਰਾਨ ਕੈਮਰੇ ਲੈ ਕੇ ਆ ਜਾਣ। ਉਨ੍ਹਾਂ ਦੀ ਹਾਜ਼ਰੀ ਵਿਚ ਪੁਲਿਸ ਨੂੰ ਸਖ਼ਤੀ ਵਰਤਣੀ ਪੈ ਸਕਦੀ ਸੀ। ਡਾਕਟਰਾਂ ਅਤੇ ਵਕੀਲਾਂ ਦੀ ਹਾਜ਼ਰੀ ਵਿਚ ਪੁਲਿਸ ਨੂੰ ਨਰਮ ਰਹਿਣਾ ਪੈਣਾ ਸੀ। ਪੱਤਰਕਾਰ ਵੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਨਹੀਂ ਕਰ ਸਕਦੇ। ਪੁੱਛ-ਗਿੱਛ ਨਿਰਵਿਘਨ ਹੋ ਜਾਣੀ ਸੀ।

ਪੰਕਜ ਸਿਵਲ ਸਰਜਨ ਨੂੰ ਭਰੋਸੇ ਵਿਚ ਲੈਣ ਦਾ ਯਤਨ ਕਰ ਰਿਹਾ ਸੀ। ਕਿਹੜਾ ਡਾਕਟਰ ਨਿਯੁਕਤ ਕੀਤਾ ਜਾਵੇ, ਉਸਦਾ ਨਾਂ ਸੁਝਾਅ ਰਿਹਾ ਸੀ।

ਪਰ ਉਧਰੋਂ ਦਰਖ਼ਾਸਤ ਸਾਧੂ ਸਿੰਘ ਦੇ ਲੱਗਣ ਅਤੇ ਪੇਸ਼ਗੀ ਜ਼ਮਾਨਤ ਦੇ ਇਕ ਦਿਨ ਲਈ ਟਲਣ ਦੀ ਖ਼ਬਰ ਨੇ ਸਭ ਦੇ ਸਿਰਾਂ ਵਿਚ ਸੌ ਘੜੇ ਪਾਣੀ ਪਾ ਦਿੱਤਾ।

ਨਵੇਂ ਸਿਰੇ ਤੋਂ ਨਵੀਆਂ ਯੋਜਨਾਵਾਂ ਘੜੀਆਂ ਜਾਣ ਲੱਗੀਆਂ।

ਅਜੇ ਨੂੰ ਨੰਦ ਲਾਲ ਵੱਲ ਦੌੜਾਇਆ ਗਿਆ। ਵਿਨੇ ਨੂੰ ਸਿੰਗਲੇ ਵੱਲ।

ਨੰਦ ਲਾਲ ਨੇ ਆਪਣੇ ਸੁਝਾਅ ਅਜੇ ਨੂੰ ਦੱਸ ਦਿੱਤੇ। ਸਿੰਗਲੇ ਦਾ ਕੁਝ ਕੰਮ ਬਾਕੀ ਸੀ। ਉਹ ਘੰਟੇ ਤਕ ਉਨ੍ਹਾਂ ਕੋਲ ਪੁੱਜ ਰਿਹਾ ਸੀ।

ਸਿੰਗਲੇ ਦੇ ਆਉਣ ਤੋਂ ਪਹਿਲਾਂ ਯਾਰ ਦੋਸਤ ਆਪਸ ਵਿਚ ਮਸ਼ਵਰਾ ਕਰਨ ਲੱਗੇ।

ਨੰਦ ਲਾਲ ਤੋਂ ਸਿਵਾ ਹਰ ਕੋਈ ਆਖ ਰਿਹਾ ਸੀ ਕਿ ਸਾਧੂ ਸਿੰਘ ਸਕੇ ਬਾਪ ਦਾ ਆਖਾ ਨਹੀਂ ਮੰਨਦਾ। ਪਰ ਨੰਦ ਲਾਲ ਜ਼ੋਰ ਦੇ ਰਿਹਾ ਸੀ ਕਿ ਸਾਧੂ ਸਿੰਘ ਤਕ ਪਹੁੰਚ ਕੀਤੀ ਜਾਵੇ। ਉਸਨੇ ਸਿਫਾਰਸ਼ੀਆਂ ਦੇ ਨਾਂ ਵੀ ਦੱਸੇ ਸਨ।

ਇਕ ਸਿਫਾਰਸ਼ ਪਟਿਆਲੇ ਸਾਧੂ ਸਿੰਘ ਦੇ ਕੁੜਮ ਦੀ ਸੀ।

ਦੂਜੀ ਬਠਿੰਡੇ ਉਸਦੇ ਸਾਲੇ ਦੀ।

ਨੰਦ ਲਾਲ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਇਹ ਨਾਂ ਸੁਣੇ-ਸੁਣਾਏ ਨਹੀਂ ਹਨ। ਇਹ ਸਿਫਾਰਸ਼ਾਂ ਨੰਦ ਲਾਲ ਪਰਖ ਚੁੱਕਾ ਸੀ। ਲੋਕਾਂ ਨੂੰ ਕੀ ਪਤਾ ਸੀ ਅੰਦਰ-ਖ਼ਾਤੇ ਕੀ ਹੁੰਦਾ ਸੀ ? ਸਿਆਣਾ ਜੱਜ ਇਕ ਅੱਧ ਕੇਸ ਵਿਚ ਪੈਸੇ ਲੈਂਦਾ ਸੀ। ਉਸੇ ਵਿਚੋਂ ਸਾਲ ਦਾ ਖਰਚ ਕੱਢ ਲੈਂਦਾ ਸੀ। ਪੰਕਜ ਦਾ ਕੇਸ ਸਾਲ ਦਾ ਖਰਚ ਕੱਢਣ ਵਾਲੇ ਕੇਸਾਂ ਵਿਚ ਆਉਂਦਾ ਸੀ।

ਨੰਦ ਲਾਲ ਜ਼ੋਰ ਦੇ ਰਿਹਾ ਸੀ। ਦੋਹਾਂ ਵਿਚੋਂ ਕਿਸੇ ਇਕ ਰਿਸ਼ਤੇਦਾਰ ਨੂੰ ਫੜ ਲਓ।

ਸਾਧੂ ਸਿੰਘ ਦੇ ਰਿਸ਼ਤੇਦਾਰਾਂ ਤਕ ਪਹੁੰਚ ਕੀਤੀ ਜਾਵੇ ਜਾਂ ਨਾ? ਇਸ ਭੰਬਲ-ਭੂਸੇ ਵਿਚੋਂ ਨਿਕਲਣ ਲਈ ਸਿੰਗਲੇ ਦਾ ਇੰਤਜ਼ਾਰ ਹੋਣ ਲੱਗਾ।

ਹੁਣ ਤਕ ਸਿੰਗਲੇ ਦੇ ਮਸ਼ਵਰੇ ਜ਼ਿਆਦਾ ਵਜ਼ਨਦਾਰ ਸਿੱਧ ਹੋਏ ਸਨ। ਉਹ ਜੋ ਆਖਦਾ ਸੀ, ਸੱਚ ਨਿਕਲਦਾ ਸੀ। ਬਾਬੂ ਪੈਸੇ ਵੀ ਬਟੋਰੀ ਜਾਂਦਾ ਸੀ, ਕੁਝ ਪਲੇ ਵੀ ਨਹੀਂ ਸੀ ਪੈਂਦਾ।

ਤਾਰੀਖ਼ ਨੇੜੇ ਸੀ। ਸਮਾਂ ਥੋੜ੍ਹਾ ਸੀ। ਉਨ੍ਹਾਂ ਨੇ ਬਹੁਤ ਥਾਈਂ ਪਹੁੰਚ ਕਰਨੀ ਸੀ।

ਸਿੰਗਲੇ ਦੇ ਪੁੱਜਦੇ ਹੀ ਉਨ੍ਹਾਂ ਨੇ ਪ੍ਰਸ਼ਨਾਂ ਦੀ ਝੜੀ ਲਾ ਦਿੱਤੀ।

ਸਿੰਗਲੇ ਨੂੰ ਜਵਾਬ ਸੋਚ ਸਮਝ ਕੇ ਦੇਣੇ ਪੈ ਰਹੇ ਸਨ। ਇਕ ਪਾਸੇ ਉਸਨੇ ਨੰਦ ਲਾਲ



ਦੀਆਂ ਚਲਾਕੀਆਂ ਨੂੰ ਨੰਗਾ ਕਰਨਾ ਸੀ। ਦੂਜੇ ਪਾਸੇ ਆਪਣੀ ਧੌੜੀ ਵੀ ਬਚਾ ਕੇ ਰੱਖਣੀ ਸੀ।

ਨੰਦ ਲਾਲ ਸਾਧੂ ਸਿੰਘ ਤਕ ਪਹੁੰਚ ਕਰਨ ਦਾ ਸੁਝਾਅ ਕਿਉਂ ਦੇ ਰਿਹਾ ਸੀ, ਇਹ ਸਿੰਗਲਾ ਚੰਗੀ ਤਰ੍ਹਾਂ ਜਾਣਦਾ ਸੀ। ਸਾਧੂ ਸਿੰਘ ਤਕ ਪਹੁੰਚ ਹੋਣ ਵਾਲੀ ਨਹੀਂ ਸੀ। ਟੱਕਰਾਂ ਮਾਰ-ਮਾਰ ਪਾਰਟੀ ਨੇ ਥੱਕ ਜਾਣਾ ਸੀ। ਪਿਛੋਂ ਦਰਖ਼ਾਸਤ ਦੇ ਨਾ-ਮਨਜ਼ੂਰ ਹੋਣ ’ਤੇ ਨੰਦ ਲਾਲ ਨੇ ਇਹ ਆਖ ਕੇ ਖਹਿੜਾ ਛੁਡਾ ਲੈਣਾ ਸੀ ਕਿ ਉਹ ਕੀ ਕਰੇ ? ਸਿਫਾਰਸ਼ਾਂ ਬਿਨਾਂ ਅਜਿਹੇ ਕੰਮ ਨਹੀਂ ਹੋ ਸਕਦੇ। ਜੇ ਪਾਰਟੀ ਨੇ ਡੋਰੀ ਨੰਦ ਲਾਲ ਉਪਰ ਸੁੱਟ ਦਿੱਤੀ ਤਾਂ ਉਸਦੀਆਂ ਚਾਰੇ ਉਂਗਲਾਂ ਘਿਓ ਵਿਚ ਹੋ ਜਾਣੀਆਂ ਸਨ। ਆਪਣੇ ਬੰਦੇ ਰਾਹੀਂ ਸਿਫਾਰਸ਼ ਕਰਾਉਣ ਦੇ ਬਹਾਨੇ ਉਸਨੇ ਮੋਟੀ ਰਕਮ ਵਸੂਲ ਲੈਣੀ ਸੀ।

ਇਸ ਤਰ੍ਹਾਂ ਇਕੱਲਾ ਨੰਦ ਲਾਲ ਹੀ ਨਹੀਂ ਸੀ ਕਰ ਰਿਹਾ। ਆਪਣੀ ਭੱਲ ਬਣਾਈ ਰੱਖਣ ਲਈ ਹਰ ਵਕੀਲ ਨੂੰ ਇੰਝ ਕਰਨਾ ਪੈਂਦਾ ਸੀ। ਸਿੰਗਲਾ ਖ਼ੁਦ ਇਸ ਚਾਲ ਦੀ ਖੁਲ੍ਹ ਕੇ ਵਰਤੋਂ ਕਰਦਾ ਸੀ।

ਪਰ ਹੁਣ ਉਸਨੂੰ ਆਪਣੀ ਵਕਾਲਤ ਚਮਕਾਉਣ ਲਈ ਆਪਣੇ ਧੰਦੇ ਦੀ ਅਹਿਮ ਚਾਲ ਨੂੰ ਨੰਗਾ ਕਰਨਾ ਪੈ ਰਿਹਾ ਸੀ।

ਦੰਦਾਂ ਵਿਚ ਜੀਭ ਲੈ ਕੇ ਸਿੰਗਲੇ ਨੇ ਨੰਦ ਲਾਲ ਦੇ ਮਨਸ਼ੇ ਸਪੱਸ਼ਟ ਕੀਤੇ।

ਝੱਟ ਸਿੰਗਲੇ ਨੂੰ ਆਪਣਾ ਪਾਲਾ ਮਾਰਨ ਲੱਗਾ। ਕਿਧਰੇ ਸਿਫਾਰਸ਼ ਸਹੀ ਨਾ ਹੋਵੇ। ਸਿੰਗਲੇ ਦੇ ਆਖੇ ਇਹ ਸਿਫਾਰਸ਼ ਤਕ ਪਹੁੰਚ ਨਾ ਕਰਨ। ਕੰਮ ਉਲਟ ਹੋਣਾ ਹੀ ਹੋਣਾ ਸੀ। ਕਿਧਰੇ ਠੂਠਾ ਸਿੰਗਲੇ ਸਿਰ ਨਾ ਫੁੱਟ ਜਾਵੇ।

ਸੋਚ ਸਮਝ ਕੇ ਸਿੰਗਲੇ ਨੇ ਵਿਚਕਾਰਲਾ ਰਾਹ ਅਪਣਾਇਆ।

“ਪਟਿਆਲੇ ਜਾਂ ਬਠਿੰਡੇ ਭੱਜਣ ਦੀ ਜ਼ਰੂਰਤ ਨਹੀਂ। ਮੇਰੇ ਕਈ ਮਿੱਤਰ ਉਥੇ ਵਕਾਲਤ ਕਰਦੇ ਹਨ। ਇਥੇ ਬੈਠਾ ਮੈਂ ਉਨ੍ਹਾਂ ਤੋਂ ਪਤਾ ਮੰਗਵਾ ਦਿੰਦਾ ਹਾਂ। ਤੁਹਾਡੇ ਬਥੇਰੇ ਰਿਸ਼ਤੇਦਾਰ ਉਥੇ ਹੋਣਗੇ। ਉਨ੍ਹਾਂ ਨੂੰ ਆਖੋ ਅੰਗਲੀ-ਸੰਗਲੀ ਲੜਾਉਣ। ਜੇ ਗੱਲ ਬਣਦੀ ਦਿੱਸੀ, ਆਪਾਂ ਜਾ ਆਵਾਂਗੇ।”

“ਇਹ ਠੀਕ ਹੈ। ਮੇਰੀ ਮਾਸੀ ਪਟਿਆਲੇ ਪੰਜਾਬੀ ਬਾਗ਼ ਵਿਚ ਰਹਿੰਦੀ ਹੈ। ਸਾਧੂ ਸਿੰਘ ਦੇ ਕੁੜਮ ਦੀ ਕੋਠੀ ਦਾ ਨੰਬਰ ਸਤੱਤਰ ਹੈ। ਉਨ੍ਹਾਂ ਦਾ ਸੱਤਰ। ਸਭ ਇਕ ਦੂਜੇ ਨੂੰ ਜਾਣਦੇ ਹੋਣਗੇ।” ਅਜੇ ਨੇ ਆਪਣੀ ਵਾਕਫੀਅਤ ਕੱਢੀ।

“ਬਠਿੰਡੇ ਮੇਰਾ ਤਾਇਆ ਹੈ। ਪਾਵਰ ਕਲੋਨੀ ਦੇ ਬਾਹਰ ਉਸਦਾ ਕੱਪੜੇ ਦਾ ਸ਼ੋਅ ਰੂਮ ਹੈ। ਸਾਰੀ ਕਾਲੋਨੀ ਉਥੋਂ ਕੱਪੜਾ ਖਰੀਦਦੀ ਹੈ। ਉਹ ਸਾਰੀ ਸੂਹ ਕੱਢ ਦੇਵੇਗਾ।” ਵਿਨੇ ਨੇ ਆਪਣੀ ਪਹਿਚਾਣ ਕੱਢੀ।

“ਤੁਸੀਂ ਆਪਣੇ-ਆਪਣੇ ਰਿਸ਼ਤੇਦਾਰਾਂ ਨੂੰ ਫ਼ੋਨ ਕਰੋ। ਆਖੋ ਘੰਟੇ ਤਕ ਦੱਸਣ। ਕੁਝ ਬਣਦਾ ਹੈ ਜਾਂ ਨਹੀਂ। ਉਨੀ ਦੇਰ ਆਪਾਂ ਅਗਲੀ ਕਾਰਵਾਈ ਬਾਰੇ ਸੋਚਦੇ ਹਾਂ।”

ਸਿੰਗਲੇ ਨੂੰ ਆਪਣੀ ਯੋਜਨਾ ਦੇ ਸਿਰੇ ਚੜ੍ਹ ਜਾਣ ’ਤੇ ਖੁਸ਼ੀ ਹੋ ਰਹੀ ਸੀ।

“ਦੱਸੋ ਹੋਰ ਕਿਸ-ਕਿਸ ਤਕ ਪਹੁੰਚ ਕਰਨੀ ਹੈ?” ਰਿਸ਼ਤੇਦਾਰਾਂ ਨੂੰ ਫ਼ੋਨ ਕਰਵਾ ਕੇ ਪੰਕਜ ਨੇ ਅਗਲੀ ਕਾਰਵਾਈ ਬਾਰੇ ਪੁੱਛਿਆ।

“ਜੱਜ ਤੋਂ ਬਾਅਦ ਲੋੜ ਪਏਗੀ ਸਰਕਾਰੀ ਵਕੀਲ ਦੀ। ਪੁਲਿਸ ਆਪਾਂ ਗੱਠ ਲਈ। ਇਹੋ ਵੱਡੇ ਖ਼ਰਚੇ ਨੇ। ਬਾਕੀ ਸੌ ਪੰਜਾਹ ਦੀ ਮਾਰ ਹਨ। ਕੋਈ ਫ਼ਿਕਰ ਵਾਲੀ ਗੱਲ ਨਹੀਂ।”

"ਸਰਕਾਰੀ ਵਕੀਲ ਨਾਲ ਕੌਣ ਗੱਲ ਕਰੇ?"

"ਮੈਂ ਕਰਾਂਗਾ। ਮੇਰਾ ਮਿੱਤਰ ਹੈ। ਤੁਹਾਡੀ ਆਹਮਣੇ ਸਾਹਮਣੇ ਗੱਲ ਕਰਵਾਵਾਂਗਾ।"

"ਦੇਣਾ ਲੈਣਾ ਕੀ ਹੋਏਗਾ?"

"ਹਾਲੇ ਦੋ ਤਿੰਨ ਹਜ਼ਾਰ ਦੇਵਾਂਗੇ। ਬਾਕੀ ਜਿਹੋ ਜਿਹਾ ਮੌਕਾ ਹੋਇਆ ਵਿਚਾਰ ਲਵਾਂਗੇ।"

ਸਿੰਗਲਾ ਜਾਣ-ਬੁੱਝ ਕੇ ਘੱਟ ਖ਼ਰਚ ਗਿਣਵਾ ਰਿਹਾ ਸੀ। ਉਸਨੂੰ ਪਤਾ ਸੀ ਬਾਬੂ ਜੀ ਨੇ ਸਰਕਾਰੀ ਵਕੀਲ ਦਾ ਦਸ ਹਜ਼ਾਰ ਮੰਗਿਆ ਹੋਣਾ ਹੈ। ਉਸਨੂੰ ਦੇਣਾ ਉਸਨੇ ਹਜ਼ਾਰ ਪੰਦਰਾਂ ਸੌ ਹੈ। ਬਾਕੀ ਉਸਨੇ ਆਪ ਖਾ ਜਾਣਾ ਹੈ। ਸ਼ਾਇਦ ਉਹ ਹੁਣ ਤਕ ਸਰਕਾਰੀ ਵਕੀਲ ਲਈ ਪੈਸੇ ਮੰਗ ਚੁੱਕਾ ਹੋਵੇ। ਸਿੰਗਲੇ ਨੇ ਪਹਿਲਾਂ ਇਹ ਸਵਾਲ ਜਾਣ-ਬੁੱਝ ਕੇ ਨਹੀਂ ਸੀ ਪੁੱਛਿਆ। ਹੁਣ ਇਸ ਬਾਰੇ ਪੁੱਛਣ ਦਾ ਉਚਿਤ ਸਮਾਂ ਸੀ।

"ਬਾਬੂ ਜੀ ਨਾਲ ਸਰਕਾਰੀ ਵਕੀਲ ਬਾਰੇ ਹੋਈ ਕੋਈ ਗੱਲ?"

"ਹਾਂ ਹੋਈ ਸੀ। ਉਹ ਕਹਿੰਦੇ ਸਨ ਸਰਕਾਰੀ ਵਕੀਲ ਨੂੰ ਦਸ ਹਜ਼ਾਰ ਦੇਣਾ ਪਏਗਾ। ਪੰਜ-ਪੰਜ ਸੌ ਨਾਇਬ-ਕੋਰਟਾਂ ਦਾ। ਇਕ-ਇਕ ਹਜ਼ਾਰ ਥਾਣੇਦਾਰ ਅਤੇ ਮੁਨਸ਼ੀ ਦਾ।"

ਬਾਬੂ ਅਤੇ ਸਿੰਗਲੇ ਦੇ ਰੇਟਾਂ ਵਿਚ ਫਰਕ ਦੇਖ ਕੇ ਅਜੇ ਨੂੰ ਖਿਝ ਚੜ੍ਹਨ ਲਗੀ।

"ਬਾਬੂ ਜੀ ਮੇਰੇ ਉਸਤਾਦ ਹਨ। ਉਨ੍ਹਾਂ ਦੀ ਬੁਰਾਈ ਕਰਨੀ ਮੇਰੀ ਗੁਸਤਾਖ਼ੀ ਹੈ। ਪਰ ਤੁਸੀਂ ਮੇਰੇ ਸਾਇਲ ਹੋ। ਤੁਹਾਡੇ ਹਿੱਤਾਂ ਦੀ ਰਾਖੀ ਕਰਨਾ ਮੇਰਾ ਕਾਨੂੰਨੀ ਫਰਜ਼ ਹੈ। ਮੈਂ ਇਕ ਵਾਰ ਫੇਰ ਆਖ ਰਿਹਾ ਹਾਂ, ਬਾਬੂ ਜੀ ਦੀ ਲੁੱਟ ਤੋਂ ਬਚੋ। ਸਰਕਾਰੀ ਵਕੀਲ ਦੇ ਨਾਂ 'ਤੇ ਲੈ ਦਸ ਹਜ਼ਾਰ ਲਏਗਾ, ਦੇਵੇਗਾ ਇਕ ਹਜ਼ਾਰ। ਸਰਕਾਰੀ ਵਕੀਲ ਨੂੰ ਸਭ ਪਤਾ ਹੁੰਦਾ ਹੈ, ਕਿਹੜੀ ਪਾਰਟੀ ਕਿੰਨੇ ਪੈਸੇ ਦੇਣ ਜੋਗੀ ਹੈ। ਡਰਦਾ ਉਹ ਬਾਬੂ ਨੂੰ ਉਲਾਂਭਾ ਤਾਂ ਦੇਵੇਗਾ ਨਹੀਂ, ਪਰ ਉਲਟ ਬਹਿਸ ਕਰਕੇ ਧਰਨ ਟਿਕਾਣੇ ਕਰ ਦੇਵੇਗਾ। ਪੈਸੇ ਆਪਣੇ ਹੱਥੀਂ ਦਿਓ। ਕਿਸੇ 'ਤੇ ਵਿਸ਼ਵਾਸ ਨਾ ਕਰੋ।"

"ਤੁਹਾਡੀ ਗੱਲ ਸਹੀ ਹੈ। ਪਹਿਲਾਂ ਵੀ ਦੇਖ ਚੁੱਕੇ ਹਾਂ। ਹੁਣ ਤੁਹਾਡੀ ਗੱਲ 'ਤੇ ਅਮਲ ਕਰਾਂਗੇ। ਜਦੋਂ ਕਿਸੇ ਅਫ਼ਸਰ ਦੇ ਨਾਂ 'ਤੇ ਪੈਸੇ ਮੰਗੇਗਾ ਆਖ ਦਿਆਂਗਾ ਸਿੰਗਲੇ ਨੇ ਗੱਲ ਕਰ ਲਈ ਹੈ।"

"ਉਹ ਬਹੁਤ ਸਮਝਦਾਰ ਬੰਦਾ ਹੈ। ਇਕ ਦੋ ਵਾਰ ਜਵਾਬ ਦਿੱਤਾ ਤਾਂ ਆਪਣੀ ਕਮਜ਼ੋਰੀ ਭਾਂਪ ਜਾਏਗਾ। ਮੁੜ ਤੁਹਾਡੇ ਵੱਲ ਮੂੰਹ ਨਹੀਂ ਕਰੇਗਾ।"

ਆਪਣੀ ਕਮਯਾਬੀ ਤੇ ਸਿੰਗਲੇ ਨੇ ਮਨ ਹੀ ਮਨ ਆਪਣੀ ਪਿੱਠ ਥਾਪੜਦਿਆਂ ਆਖਿਆ।

ਛੋਟੇ-ਵੱਡੇ ਨੁਕਤਿਆਂ 'ਤੇ ਚਰਚਾ ਚੱਲ ਰਹੀ ਸੀ। ਇਸੇ ਦੌਰਾਨ ਫ਼ੋਨ ਆਉਣ ਲੱਗੇ।

ਪਹਿਲਾਂ ਪਟਿਆਲੇ ਤੋਂ ਫ਼ੋਨ ਆਇਆ। ਸਤੱਤਰ ਨੰਬਰ ਕੋਠੀ ਤਹਿਸੀਲਦਾਰ ਦੀ ਸੀ। ਨੰਦ ਲਾਲ ਗ਼ਲਤ ਆਖ ਰਿਹਾ ਸੀ। ਨਾ ਉਹ ਸ਼ਰਾਬੀ ਸੀ ਨਾ ਕਬਾਬੀ। ਪੰਝੱਤਰ ਸਾਲ ਉਸਦੀ ਉਮਰ ਸੀ। ਸਾਰਾ ਦਿਨ ਪਾਠ ਕਰਦਿਆਂ ਲੰਘਦਾ ਸੀ। ਰਿਸ਼ਵਤ ਕਦੇ ਉਨ੍ਹਾਂ ਨੇ ਆਪਣੇ ਸਮਿਆਂ ਵਿਚ ਨਹੀਂ ਸੀ ਲਈ। ਰੱਜੀ ਰੂਹ ਸਨ। ਪੁੱਤਰ ਦੀ ਲੱਖ ਰੁਪਏ ਮਹੀਨੇ ਦੀ ਪ੍ਰੈਕਟਿਸ ਸੀ। ਨੂੰਹ ਪ੍ਰੋਫ਼ੈਸਰ ਸੀ। ਟੱਬਰ ਸੁਖੀ ਵੱਸਦਾ ਸੀ। ਉਨ੍ਹਾਂ ਨੂੰ ਪੈਸੇ ਦੀ ਭੁੱਖ ਨਹੀਂ ਸੀ।

ਫੇਰ ਵੀ ਸ਼ੱਕ ਮਿਟਾਉਣ ਲਈ ਉਹ ਤਹਿਸੀਲਦਾਰ ਕੋਲ ਜਾ ਆਏ ਸਨ।



ਤਹਿਸੀਲਦਾਰ ਨਾਲ ਉਨ੍ਹਾਂ ਦੀ ਵੀਹ ਸਾਲ ਦੀ ਸਾਂਝ ਸੀ। ਪਰ ਤਹਿਸੀਲਦਾਰ ਨੇ ਹੱਥ ਜੋੜ ਕੇ ਮੁਆਫ਼ੀ ਮੰਗ ਲਈ ਸੀ। ਸਾਧੂ ਸਿੰਘ ਧਰਮਰਾਜ ਦੇ ਫਰਜ਼ ਅਦਾ ਕਰ ਰਿਹਾ ਸੀ। ਉਹ ਸਾਧੂ ਸਿੰਘ ਦੇ ਕੰਮਾਂ ਵਿਚ ਦਖ਼ਲ ਨਹੀਂ ਸੀ ਦੇ ਸਕਦਾ।

ਝੱਟ ਕੁ ਪਿਛੋਂ ਬਠਿੰਡੇ ਤੋਂ ਰਿਪੋਰਟ ਮਿਲ ਗਈ।

ਸਾਧੂ ਸਿੰਘ ਦਾ ਸਾਲਾ ਉਨ੍ਹਾਂ ਦਾ ਗਾਹਕ ਸੀ। ਉਹ ਸਾਲੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੂੰ ਸਾਧੂ ਸਿੰਘ ਨਾਲ ਉਸਦੀ ਰਿਸ਼ਤੇਦਾਰੀ ਦਾ ਵੀ ਪਹਿਲਾਂ ਤੋਂ ਪਤਾ ਸੀ। ਰਿਸ਼ਤੇਦਾਰਾਂ ਨੇ ਸਾਧੂ ਸਿੰਘ ਦੇ ਸਾਲੇ ਨਾਲ ਘਰ ਜਾ ਕੇ ਗੱਲ ਕੀਤੀ ਸੀ। ਨਾ ਉਸਦਾ ਦਿਲ ਨਾਂਹ ਕਰਨ ਨੂੰ ਕਰਦਾ ਸੀ ਨਾ ਮਾਇਆ ਨਗਰ ਆਉਣ ਨੂੰ। ਉਸਨੇ ਸ਼ਾਮ ਤਕ ਸੋਚਣ ਦਾ ਵਕਤ ਲਿਆ ਸੀ।

ਉਂਝ ਉਨ੍ਹਾਂ ਗੁਆਂਢ ਵਿਚੋਂ ਸੂਹ ਕੱਢ ਲਈ ਸੀ। ਗੁਆਂਢੀ ਆਖ ਰਹੇ ਸਨ- "ਪਹਿਲਾਂ ਕਈ ਵਾਰ ਲੋਕ ਇਥੇ ਆਏ ਸਨ। ਉਹ ਲਾਲਚੀ ਸੁਭਾਅ ਦਾ ਬੰਦਾ ਹੈ। ਚੀਜ਼ ਵਸਤ ਲੈ ਕੇ ਰੱਖ ਲੈਂਦਾ ਹੈ। ਕੋਠੀ ਗੇੜਾ ਦੇ ਕੇ ਮੁੜ ਆਉਂਦਾ ਹੈ। ਜੱਜ ਉਸਦੀ ਉੱਕਾ ਨਹੀਂ ਸੁਣਦਾ। ਪਿਛੋਂ ਕਈ ਵਾਰ ਉਸਦਾ ਪਾਰਟੀਆਂ ਨਾਲ ਰੌਲਾ ਪਿਆ ਹੈ। ਉਸ ਨਾਲ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ।"

ਇਨ੍ਹਾਂ ਰਿਪੋਰਟਾਂ ਬਾਅਦ ਸਿੰਗਲੇ ਦੀ ਹੋਰ ਚੜ੍ਹ ਮੱਚੀ।

ਆਖ਼ਰੀ ਫੈਸਲਾ ਲਿਆ ਗਿਆ।

ਸਾਧੂ ਸਿੰਘ ਦਾ ਨਾਂ ਤਕ ਨਹੀਂ ਲਿਆ ਜਾਏਗਾ। ਬਾਕੀਆਂ ਤਕ ਪਹੁੰਚ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਏਗੀ।

'ਕਿਸ ਨੂੰ ਕੀ ਦੇਣਾ ਹੈ?' ਅੱਗੋਂ ਤੋਂ ਇਹ ਸਭ ਸਿੰਗਲਾ ਤੈਅ ਕਰੇਗਾ।

## -31-

ਸਰਕਾਰੀ ਵਕੀਲ ਦੀ ਆਓ-ਭਗਤ ਦਾ ਪ੍ਰਬੰਧ ਹੋਟਲ 'ਸਿਟੀ ਹਰਟ' ਵਿਚ ਕੀਤਾ ਗਿਆ ਸੀ। ਪੰਕਜ ਨੇ ਇਕ ਕਮਰਾ ਉਨ੍ਹਾਂ ਲਈ ਰਾਖਵਾਂ ਰਖਵਾ ਦਿੱਤਾ ਸੀ।

ਮੂੰਹ ਹਨੇਰਾ ਹੁੰਦੇ ਹੀ ਇਕ ਗੱਡੀ ਪਹਿਲਾਂ ਸਿੰਗਲੇ ਦੇ ਘਰ ਗਈ। ਫੇਰ ਉਨ੍ਹਾਂ ਸਤਿੰਦਰ ਸਿੰਘ ਨੂੰ ਨਾਲ ਲਿਆ।

ਰਸਤੇ ਵਿਚ ਸਿੰਗਲੇ ਨੇ ਸਰਕਾਰੀ ਵਕੀਲ ਨਾਲ ਸੀਟੀ ਰਲਾਈ। ਅਸਾਮੀ ਮੋਟੀ ਸੀ। ਮੋਟੀ ਫ਼ੀਸ ਮਿਲਣੀ ਸੀ। ਅੱਗੇ ਸਿੰਗਲਾ ਤੀਸਰਾ ਹਿੱਸਾ ਲੈਂਦਾ ਸੀ। ਅੱਜ ਉਸਦਾ ਅੱਧ ਲੈਣ ਦਾ ਇਰਾਦਾ ਸੀ।

ਸਰਕਾਰੀ ਵਕੀਲ ਦੀ ਇਕ ਸ਼ਰਤ ਸੀ। ਨੰਦ ਲਾਲ ਉਸਨੂੰ ਦਸ ਹਜ਼ਾਰ ਦੀ ਪੇਸ਼ਕਸ਼ ਕਰ ਚੁੱਕਾ ਸੀ। ਸਿੰਗਲਾ ਜੋ ਵੱਧ ਦਿਵਾਏਗਾ ਉਸ ਵਿਚ ਉਸਦਾ ਅੱਧ ਹੋਏਗਾ।

ਨੰਦ ਲਾਲ ਵੱਲੋਂ ਨਹਿਲੇ 'ਤੇ ਮਾਰੇ ਦਹਿਲੇ 'ਤੇ ਸਿੰਗਲਾ ਹੈਰਾਨ ਰਹਿ ਗਿਆ। ਗੁਰੂ ਚੇਲੇ ਨੂੰ ਮਾਤ ਦੇ ਗਿਆ ਸੀ। ਬਾਜ਼ੀ ਹੱਥੋਂ ਜਾਂਦੀ ਦੇਖ ਕੇ ਉਸਨੇ ਸਰਕਾਰੀ ਵਕੀਲ ਨੂੰ ਉਂਗਲ ਲਾ ਦਿੱਤੀ ਸੀ।

"ਬਾਬੂ ਝੂਠ ਮਾਰ ਗਿਆ। ਉਹ ਪਾਰਟੀ ਤੋਂ ਦਸ ਹਜ਼ਾਰ ਮੰਗ ਰਿਹਾ ਸੀ। ਥੋੜੇ ਕਿਸੇ ਸਰਕਾਰੀ ਵਕੀਲ ਨੇ ਪਾਰਟੀ ਨੂੰ ਸਲਾਹ ਦਿੱਤੀ ਸੀ ਕਿ ਹਜ਼ਾਰ ਤੋਂ ਵੱਧ ਨਹੀਂ ਦੇਣਾ।

ਪਾਰਟੀ ਮੇਰੇ 'ਤੇ ਧਿਜਦੀ ਹੈ। ਮੈਂ ਉਨ੍ਹਾਂ ਨੂੰ ਝਾੜਿਆ। ਆਖਿਆ ਹਜ਼ਾਰ ਤਾਂ ਨਾਇਬ ਕੋਰਟ ਨਹੀਂ ਲੈਂਦਾ। ਇਹ ਵੱਡਾ ਸਰਕਾਰੀ ਵਕੀਲ ਹੈ। ਕਲਾਸ ਵਨ ਅਫ਼ਸਰ ਹੈ। ਜੱਜ ਉਸ ਨੂੰ ਪੁੱਛ ਕੇ ਫ਼ੈਸਲੇ ਕਰਦਾ ਹੈ। ਇਕ ਦਬਕਾ ਹੋਰ ਮਾਰਿਆ। ਦੱਸਿਆ ਕਿ ਸਰਕਾਰੀ ਵਕੀਲ ਮੁਦੱਈਆਂ ਦਾ ਵਕੀਲ ਹੁੰਦੈ। ਮੁਦਈ ਕੋਲੋਂ ਜੇ ਚੌਥਾ ਹਿੱਸਾ ਫ਼ੀਸ ਮਿਲ ਜਾਵੇ, ਸਰਕਾਰੀ ਵਕੀਲ ਉਸਨੂੰ ਤਰਜੀਹ ਦਿੰਦਾ ਹੈ। ਮੁਦਈ ਧਿਰ ਸਰਕਾਰੀ ਵਕੀਲਾਂ ਦੇ ਪਿੱਛੇ ਫਿਰਦੀ ਹੈ। ਸਰਕਾਰੀ ਵਕੀਲ ਨੇ ਇਕ ਧਿਰ ਨਾਲ ਗੱਲ ਕਰਨੀ ਹੈ। ਦੋਹਾਂ ਧਿਰਾਂ ਤੋਂ ਥੋੜ੍ਹਾ ਲੈ ਜਾਣੇ ਹਨ। ਤਾਂ ਗੱਲ ਬਣੀ ਹੈ। ਅਸੀਂ ਹਿੱਸਾ ਮੁਫ਼ਤ ਦਾ ਨਹੀਂ ਮੰਗਦੇ। ਸਾਨੂੰ ਬਥੇਰੀਆਂ ਟੱਕਰਾਂ ਮਾਰਨੀਆਂ ਪੈਂਦੀਆਂ ਹਨ ਪਾਰਟੀ ਨੂੰ ਲੀਹ 'ਤੇ ਲਿਆਉਣ ਲਈ।"

ਮੁਲਜ਼ਮ ਪਾਰਟੀ ਨੂੰ ਘੰਟਾ ਠਹਿਰ ਕੇ ਬੁਲਾਇਆ ਗਿਆ ਸੀ। ਉਨ੍ਹਾਂ ਨੂੰ ਕਿਸੇ ਹੋਰ ਦਾ ਇੰਤਜ਼ਾਰ ਕਰਨ ਦੀ ਜ਼ਰੂਰਤ ਨਹੀਂ ਸੀ।

ਪਹਿਲਾ ਪੈੱਗ ਸਤਿੰਦਰ ਨੂੰ ਫੜਾਉਂਦਾ ਸਿੰਗਲਾ ਆਪਣੀ ਵਕਾਲਤ ਆਪ ਕਰਨ ਲੱਗਾ।

"ਤੁਸੀਂ ਵਕੀਲ ਲੋਕ ਬੜੇ ਉਸਤਾਦ ਹੁੰਦੇ ਹੋ। ਥੋਡੇ ਇਹ ਗੋਰਖ-ਧੰਦੇ ਮੇਰੇ ਪੱਲੇ ਨਹੀਂ ਪੈਂਦੇ। ਬਾਬਾ ਜਿਵੇਂ ਮਰਜ਼ੀ ਕਰ ਲਈਂ।"

ਸਤਿੰਦਰ ਸਿੰਘ ਨੇ ਦੂਜਾ ਪੈੱਗ ਅੰਦਰ ਸੁੱਟਦਿਆਂ ਆਪਣੇ ਹਥਿਆਰ ਸੁੱਟ ਦਿੱਤੇ।

"ਤੂੰ ਦਸ ਹਜ਼ਾਰ ਮੰਗੀ, ਮੈਂ ਪੰਜ ਆਖੂੰ। ਜਿਥੇ ਟਿਕੇ ਟਿਕਾ ਲਵਾਂਗੇ। ਲੱਡੂ ਭੁਰਿਆ ਹੈ, ਸਾਰੇ ਮੂੰਹ ਮਿੱਠਾ ਕਰ ਲਈਏ। ਸੋਨੇ ਦੀ ਮੁਰਗੀ ਹੈ। ਇਕ-ਇਕ ਕਰਕੇ ਆਂਡੇ ਖਾਵਾਂਗੇ। ਅਗਲੀ ਪੇਸ਼ੀ ਹੋਰ ਝਾੜ ਲਵਾਂਗੇ।"

ਸਿੰਗਲਾ ਸਰਕਾਰੀ ਵਕੀਲ ਦੇ ਨਾਲ ਰਲਣ ਲਈ ਦੂਜਾ ਪੈੱਗ ਬਨਾਉਣ ਲੱਗਾ।

"ਜਿਵੇਂ ਆਖੇਂਗਾ, ਕਰ ਲਵਾਂਗੇ।"

"ਨਮਕ ਹਰਾਮ ਨਾ ਹੋਵੇ, ਇਸਦਾ ਕੋਈ ਢੰਗ ਤਰੀਕਾ ਸੋਚੋ! ਕੀ ਲੱਗਦਾ ਹੈ? ਦਰਖ਼ਾਸਤ ਮਨਜ਼ੂਰ ਹੋ ਜਾਊ?"

"ਸਵਾਹ ਮਨਜ਼ੂਰ ਹੋ ਜਾਊ। ਇੰਨਾ ਗੰਭੀਰ ਮਾਮਲਾ ਹੈ। ਇਹ ਜੱਜ ਮੁਦਈ ਪੱਖੀ ਹੈ।"

"ਫੇਰ ਆਪਾਂ ਕਿਹੜੇ ਮੂੰਹ ਦਸ ਹਜ਼ਾਰ ਮੰਗੀਏ?"

"ਆਪਾਂ ਆਪਣੇ ਕੰਮ ਦੀ ਫ਼ੀਸ ਲੈਣੀ ਹੈ। ਚੁੱਪ ਰਹਿਣ ਦੀ। ਹੋਰ ਜੋ ਮੈਂ ਕਰ ਸਕਦਾ ਹਾਂ, ਉਹ ਮੈਂ ਕਰਨ ਨੂੰ ਤਿਆਰ ਹਾਂ।"

"ਚੁੱਪ ਤੂੰ ਅਦਾਲਤ ਵਿਚ ਕਰੀਂ। ਇਥੇ ਖੁੱਲ੍ਹ ਕੇ ਬੋਲ। ਤੂੰ ਬਹੁਤ ਪੁਰਾਣਾ ਸਰਕਾਰੀ ਵਕੀਲ ਹੈਂ। ਜ਼ਮਾਨਤ ਮਨਜ਼ੂਰ ਕਰਾਉਣ ਦਾ ਕੋਈ ਹੀਲਾ ਦੱਸ।"

"ਇਕ ਹੱਲ ਹੋ ਸਕਦਾ ਹੈ। ਸਾਧੂ ਸਿੰਘ ਨੇ ਆਖਿਆ ਹੈ, ਮਿਸਲ ਪੜ੍ਹਕੇ ਫੈਸਲਾ ਕਰਾਂਗੇ। ਜੇ ਕੱਲ੍ਹ ਨੂੰ ਮਿਸਲ ਨਾ ਆਈ ਉਸਨੇ ਫੈਸਲਾ ਕਰ ਦੇਣਾ ਹੈ। ਜ਼ੁਬਾਨੀ ਉਹ ਸੌ ਆਖਦਾ ਰਹੇ, ਪਰ ਫੈਸਲਾ ਕਰਦੇ ਸਮੇਂ ਮਿਸਲ ਤੋਂ ਬਾਹਰ ਨਹੀਂ ਜਾਣ ਲੱਗਾ। ਪਰਚੇ ਵਿਚ ਉਨ੍ਹਾਂ ਦਾ ਨਾਂ ਨਹੀਂ। ਖ਼ਬਰਾਂ ਦੇ ਆਧਾਰ 'ਤੇ ਜ਼ਮਾਨਤ ਰੱਦ ਹੋਣੋਂ ਰਹੀ। ਦਰਖ਼ਾਸਤ ਮਨਜ਼ੂਰ ਨਹੀਂ ਕਰੇਗਾ ਤਾਂ ਕੀ ਕਰੇਗਾ?"

ਸਤਿੰਦਰ ਦੇ ਇਸ ਸੁਝਾਅ 'ਤੇ ਸਿੰਗਲੇ ਦਾ ਮਨ ਗੁਲਾਬ ਵਾਂਗ ਖਿੜ ਗਿਆ। ਸਰਕਾਰੀ ਵਕੀਲ ਨੂੰ ਦਿੱਤੀ ਫ਼ੀਸ ਦਾ ਮੁੱਲ ਉਤਰ ਗਿਆ।



"ਇੱਕ ਵਾਰ ਜੇ ਕੁਝ ਦਿਨਾਂ ਲਈ ਪੇਸ਼ਗੀ ਜ਼ਮਾਨਤ ਮਨਜ਼ੂਰ ਹੋ ਗਈ, ਫੇਰ ਆਪਾਂ ਸੰਭਾਲ ਲਵਾਂਗੇ। ਉਨਾ ਚਿਰ ਮਿਸਲ ਪੇਸ਼ ਨਹੀਂ ਕਰਾਂਗੇ, ਜਿੰਨਾ ਚਿਰ ਤਫ਼ਤੀਸ਼ ਵਿਚ ਸ਼ਾਮਲ ਹੋ ਹੋ ਉਹ ਪੁਲਿਸ ਦੇ ਹੱਥ ਖੜ੍ਹੇ ਨਹੀਂ ਕਰਵਾ ਦਿੰਦੇ। ਜਦੋਂ ਪੁਲਿਸ ਆਖੂ, ਉਨ੍ਹਾਂ ਦੀ ਤਫ਼ਤੀਸ਼ ਮੁਕੰਮਲ ਹੈ ਫੇਰ ਜੱਜ ਜ਼ਮਾਨਤ ਕਿਸ ਆਧਾਰ 'ਤੇ ਰੱਦ ਕਰੂ?"

"ਮਿਸਲ ਕਿਸ ਤਰ੍ਹਾਂ ਰੋਕੀਏ? ਦੂਜੇ ਪਾਸੇ ਇਕ ਵਕੀਲ ਪੈਰਵਾਈ ਕਰ ਰਿਹਾ ਹੈ। ਉਸਦਾ ਇਹ ਨਿਜੀ ਕੇਸ ਹੈ। ਸਾਰੇ ਕਾਨੂੰਨੀ ਦਾਅ-ਪੇਚ ਜਾਣਦਾ ਹੈ। ਮੈਨੂੰ ਪਤਾ ਲੱਗਾ ਹੈ ਉਸਨੇ ਨਾਇਬ ਕੋਰਟ ਤੋਂ ਨੋਟਿਸ ਕਟਵਾ ਕੇ ਥਾਣੇ ਪਹੁੰਚਾ ਦਿੱਤਾ ਹੈ।"

"ਥਾਣੇ ਇੰਤਜ਼ਾਮ ਕਰ ਲਓ। ਪਹਿਲਾਂ ਦੱਸ ਦਿੰਦੇ, ਮੈਂ ਨੋਟਿਸ ਰੁਕਵਾ ਦਿੰਦਾ। ਉਹ ਵਕੀਲ ਸਾਰਾ ਦਿਨ ਮੇਰੇ ਸਿਰਹਾਣੇ ਬੈਠਾ ਰਿਹਾ। ਰੋਂਦਾ ਰਿਹਾ। ਮੈਨੂੰ ਤਰਸ ਆ ਗਿਆ। ਮੈਂ ਨੋਟਿਸ ਉਸੇ ਨੂੰ ਫੜਾ ਦਿੱਤਾ। ਹਾਲੇ ਕੁਝ ਨਹੀਂ ਵਿਗੜਿਆ। ਮਿਸਲ ਰੋਕੋ। ਜ਼ਮਾਨਤ ਮਨਜ਼ੂਰ ਕਰਾਉਣ ਦਾ ਇਹੋ ਤਰੀਕਾ ਹੈ।"

"ਸਾਡਾ ਇਹ ਕੰਮ ਕਰੋ। ਤਫ਼ਤੀਸ਼ੀ ਨੂੰ ਫ਼ੀਸ ਦਿਵਾ ਦਿੰਦੇ ਹਾਂ। ਮਿਸਲ ਰੋਕੋ, ਕਰੋ ਥਾਣੇ ਫ਼ੋਨ।"

"ਮੈਨੂੰ ਛੋਟੇ ਮੋਟੇ ਕੰਮਾਂ ਵਿਚ ਨਾ ਘੜੀਸ। ਤਫ਼ਤੀਸ਼ੀ ਹਜ਼ਾਰ ਰੁਪਿਆ ਲੈਂਦਾ ਹੈ। ਤੁਸੀਂ ਦਿੱਤਾ ਤਾਂ ਮਿਸਲ ਨਹੀਂ ਆਏਗੀ। ਉਨ੍ਹਾਂ ਨੇ ਦੇ ਦਿੱਤਾ ਆ ਜਾਏਗੀ। ਕਿਧਰੇ ਕੰਮ ਅੜਨ ਲੱਗਾ, ਫੇਰ ਮੈਂ ਫ਼ੋਨ ਕਰ ਦਿਆਂਗਾ।"

"ਠੀਕ ਹੈ, ਅਸੀਂ ਵਕੀਲ ਹਾਂ। ਸਾਡਾ ਕੰਮ ਕਚਹਿਰੀ ਤਕ ਹੈ। ਪਾਰਟੀ ਦੀ ਪੁਲਿਸ ਨਾਲ ਸਿੱਧੀ ਗੱਲ ਹੈ। ਉਨ੍ਹਾਂ ਨੂੰ ਸਲਾਹ ਦੇ ਦਿੰਦੇ ਹਾਂ। ਇਹ ਇੰਤਜ਼ਾਮ ਉਹ ਖ਼ੁਦ ਕਰਨ।"

ਜ਼ਮਾਨਤ ਕਰਾਉਣ ਦੇ ਸਾਰੇ ਪਹਿਲੂ ਵਿਚਾਰੇ ਜਾ ਚੁੱਕੇ ਸਨ। ਦਾਰੂ ਆਪਣਾ ਅਸਰ ਦਿਖਾਉਣ ਲੱਗ ਪਈ ਸੀ।

ਹੋਰ ਬੈਠੇ ਰਹਿਣ ਦਾ ਕੋਈ ਮਕਸਦ ਨਹੀਂ ਸੀ।

ਸਰਕਾਰੀ ਵਕੀਲ ਕਾਹਲਾ ਪੈਣ ਲਗਾ। ਪੰਕਜ ਦੇ ਲੇਟ ਹੋਣ 'ਤੇ ਖਿਝਣ ਲੱਗਾ।

ਪੰਕਜ ਕਿਧਰੇ ਰੁੱਝ ਗਿਆ ਸੀ। ਉਸਦੀ ਥਾਂ ਨੀਰਜ ਅਤੇ ਵਿਨੇ ਆ ਗਏ।

ਨੀਰਜ ਦੇ ਸਾਹਮਣੇ ਸਿੰਗਲੇ ਅਤੇ ਸਰਕਾਰੀ ਵਕੀਲ ਵਿਚ ਬਣੀ ਯੋਜਨਾ ਇਕ ਵਾਰ ਫੇਰ ਦੁਹਰਾਈ ਗਈ।

ਨੀਰਜ ਨੇ ਖ਼ੁਦ ਸਰਕਾਰੀ ਵਕੀਲ ਦੀ ਜੇਬ ਵਿਚ ਪੈਸੇ ਪਾਏ।

ਜੋ ਸਿੰਗਲੇ ਨੇ ਆਖਿਆ ਦੋਹਾਂ ਧਿਰਾਂ ਨੇ ਉਹ ਮਨਜ਼ੂਰ ਕਰ ਲਿਆ।

ਹੋਟਲ ਵਿਚ ਖੜ੍ਹ ਕੇ ਸਮਾਂ ਬਰਬਾਦ ਕਰਨ ਦੀ ਜ਼ਰੂਰਤ ਨਹੀਂ ਸੀ। ਨੀਰਜ ਝੱਟ ਮੇਲੂ ਰਾਮ ਕੋਲ ਜਾਏ। ਬਣੀ ਯੋਜਨਾ ਅਨੁਸਾਰ ਮਿਸਲ ਨੂੰ ਕਚਹਿਰੀ ਆਉਣ ਤੋਂ ਰੁਕਵਾਏ।

## -32-

ਮਿਸਲ ਰੋਕਣਾ ਮੇਲੂ ਦੇ ਖੱਬੇ ਹੱਥ ਦੀ ਖੇਡ ਸੀ। ਮੇਲੂ ਨੇ ਸਿੱਧੀ ਕਪਤਾਨ ਨਾਲ ਗੱਲ ਕੀਤੀ। ਕਪਤਾਨ ਨੇ ਮੁੱਖ ਅਫ਼ਸਰ ਨੂੰ ਸਮਝਾਇਆ।

ਇਸ ਮੁਕੱਦਮੇ ਦੇ ਇਕ ਦੋਸ਼ੀ ਦੇ ਚੰਡੀਗੜ੍ਹ ਲੁਕੇ ਹੋਣ ਦੀ ਮੁਖ਼ਬਰੀ ਮਿਸਲ ਵਿਚ ਦਰਜ ਕੀਤੀ ਜਾਵੇ। ਨਰਿੰਦਰ ਨਾਥ ਹੌਲਦਾਰ ਦੀ ਸਰਪ੍ਰਸਤੀ ਹੇਠ ਇਕ ਪੁਲਿਸ ਪਾਰਟੀ

ਬਣਾਈ ਜਾਵੇ। ਰੇਡ ਲਈ ਉਸ ਪਾਰਟੀ ਦੀ ਰਵਾਨਗੀ ਚੰਡੀਗੜ੍ਹ ਲਈ ਪਾਈ ਜਾਵੇ।

ਅਦਾਲਤ ਵਿਚ ਇਕ ਬੇਨਤੀ-ਪੱਤਰ ਭੇਜਿਆ ਜਾਵੇ। ਉਸ ਵਿਚ ਲਿਖਿਆ ਜਾਵੇ। ਅਦਾਲਤ ਦਾ ਹੁਕਮ ਲੇਟ ਪੁੱਜਾ ਸੀ। ਹੌਲਦਾਰ ਸਮੇਤ ਮਿਸਲ ਬਾਹਰ ਜਾ ਚੁੱਕੀ ਸੀ। ਹੋਰ ਤਾਰੀਖ਼ ਪਾਈ ਜਾਵੇ।

ਕਪਤਾਨ ਤੋਂ ਫ਼ੋਨ ਕਰਵਾ ਕੇ ਮੇਲੂ ਨੇ ਮੁੱਖ ਅਫ਼ਸਰ ਨੂੰ ਫ਼ੋਨ ਕੀਤਾ। ਉਹ ਨਰਿੰਦਰ ਨਾਥ ਨੂੰ ਮੇਲੂ ਵੱਲ ਭੇਜ ਦੇਵੇ।

ਮੇਲੂ ਨੇ ਨਰਿੰਦਰ ਨਾਥ ਲਈ ਇਕ ਹਜ਼ਾਰ ਰੁਪਏ ਫੜ ਲਏ। ਦੋ ਬੋਤਲਾਂ ਵਿਸਕੀ ਦੀਆਂ ਮੰਗਵਾ ਲਈਆਂ। ਉਹ ਦਾਰੂ ਪਿਲਾ ਪਿਲਾ ਤਫ਼ਤੀਸ਼ੀ ਨੂੰ ਟੁਨ ਕਰ ਦੇਵੇਗਾ। ਦੋ ਦਿਨ ਉਸਨੇ ਬੇਹੋਸ਼ ਰਹਿਣਾ ਸੀ। ਮਿਸਲ ਨੂੰ ਉਸ ਨੇ ਕਿਥੇ ਲਿਜਾ ਸਕਣਾ ਸੀ। ਮੇਲੂ ਨੇ ਉਸਨੂੰ ਖ਼ੁਦ ਨੂੰ ਤੁਰਨ ਫਿਰਨ ਜੋਗਾ ਨਹੀਂ ਸੀ ਰਹਿਣ ਦੇਣਾ।

ਬੇਨਤੀ-ਪੱਤਰ ਸਮੇਂ ਸਿਰ ਨਹੀਂ ਸੀ ਪੁੱਜਣਾ ਚਾਹੀਦਾ। ਜੇ ਇਹ ਸਮੇਂ ਸਿਰ ਪੁੱਜ ਗਿਆ ਤਾਂ ਸਾਧੂ ਸਿੰਘ ਨੇ ਦਰਖ਼ਾਸਤ ਮਨਜ਼ੂਰ ਕਰ ਲੈਣੀ ਸੀ। ਬਿਨਾਂ ਕੋਈ ਹੁਕਮ ਸੁਣਾਏ ਤਾਰੀਖ਼ ਪਾ ਦੇਣੀ ਸੀ।

ਇਹ ਮਸਲਾ ਵੀ ਮੇਲੂ ਨੇ ਹੱਲ ਕਰ ਦਿੱਤਾ।

ਮੁਨਸ਼ੀ ਹੱਥੋਂ ਪਰਵਾਨਾ ਲਿਖਵਾ ਕੇ ਮੁੱਖ ਅਫ਼ਸਰ ਦੇ ਰੀਡਰ ਨੂੰ ਫੜਾਇਆ ਗਿਆ। ਪਰਵਾਨਾ ਕਦੋਂ ਜੱਜ ਨੂੰ ਫੜਾਉਣਾ ਹੈ ਉਹ ਉਸਨੂੰ ਚੰਗੀ ਤਰ੍ਹਾਂ ਸਮਝਾਇਆ ਗਿਆ।

ਮੇਲੂ ਨੇ ਰੀਡਰ ਨੂੰ ਵੀ ਡੇਅਰੀ ਬੁਲਾ ਲਿਆ। ਉਸਦੀ ਫ਼ੀਸ ਉਸਦੇ ਹਵਾਲੇ ਕੀਤੀ ਗਈ। ਟਹਿਲ ਸੇਵਾ ਲਈ ਉਸਨੂੰ ਨਰਿੰਦਰ ਨਾਥ ਨਾਲ ਬਿਠਾਇਆ ਗਿਆ।

ਰੀਡਰ ਨੇ ਥੋੜ੍ਹੀ ਜਿਹੀ ਹੁਸ਼ਿਆਰੀ ਵਰਤਣੀ ਸੀ। ਕੁਝ ਦੇਰ ਇੱਧਰ ਉਧਰ ਘੁੰਮਣਾ ਸੀ। ਜਦੋਂ ਇਸ ਕੇਸ ਦੀ ਸੁਣਵਾਈ ਹੋ ਜਾਵੇ, ਫੇਰ ਕਮਲਾ ਜਿਹਾ ਬਣ ਕੇ ਉਹ ਇਹ ਬੇਨਤੀ-ਪੱਤਰ ਸਰਕਾਰੀ ਵਕੀਲ ਨੂੰ ਫੜਾ ਦੇਵੇ। ਸਰਕਾਰੀ ਵਕੀਲ ਤੋਂ ਮੁਆਫ਼ੀ ਮੰਗੇ। ਫਾਟਕ ਬੰਦ ਹੋਣ ਕਾਰਨ ਉਹ ਲੇਟ ਹੋ ਗਿਆ। ਕੁਝ ਝਿੜਕਾਂ ਸਰਕਾਰੀ ਵਕੀਲ ਕੋਲੋਂ ਪੈਣਗੀਆਂ। ਉਹ ਬਰਦਾਸ਼ਤ ਕਰ ਲਏ। ਕੁਝ ਬੁਰਾ ਭਲਾ ਜੱਜ ਕੋਲੋਂ ਸੁਨਣਾ ਪੈ ਸਕਦਾ ਸੀ। ਉਸਦਾ ਉਹ ਮੁੱਲ ਲੈ ਲਏ।

ਪੁਲਿਸ ਮਹਿਕਮੇ ਨੂੰ ਮੇਲੂ ਰਾਮ ਨੇ ਸੰਭਾਲ ਲਿਆ। ਮੇਲੂ ਰਾਮ ਕਿਹੜਾ ਹਦਾਇਤਾਂ ਆਪਣੇ ਕੋਲੋਂ ਦੇ ਰਿਹਾ ਸੀ ? ਉਹ ਉਹੋ ਕਰਵਾ ਰਿਹਾ ਸੀ ਜੋ ਪੁਲਿਸ ਕਪਤਾਨ ਚਾਹੁੰਦਾ ਸੀ।

## -33-

ਪੰਕਜ ਹੋਰਾਂ ਦੀ ਅਰਜ਼ੀ ਦੀ ਸੁਣਵਾਈ ਸਭ ਤੋਂ ਪਹਿਲਾਂ ਹੋਣੀ ਸੀ।

ਸਾਰੀਆਂ ਕਚਹਿਰੀਆਂ ਵਿਚ ਅੱਜ ਇਸੇ ਕੇਸ ਦੀ ਚਰਚਾ ਸੀ।

ਪੰਕਜ ਹੋਰਾਂ ਦੇ ਦੋਸਤ ਮਿੱਤਰ ਅਤੇ ਰਿਸ਼ਤੇਦਾਰ ਸਵੇਰੇ ਨੌਂ ਵਜੇ ਤੋਂ ਕਚਹਿਰੀ ਪੁੱਜਣਾ ਸ਼ੁਰੂ ਹੋ ਗਏ ਸਨ। ਤੀਹ ਚਾਲੀ ਵੱਡੀਆਂ ਗੱਡੀਆਂ ਨੇ ਪਾਰਕਿੰਗ ਵਾਲੀ ਸਾਰੀ ਥਾਂ ਮੱਲ ਲਈ ਸੀ। ਪੰਜਾਹ ਸੱਠ ਮੋਟੇ ਤਾਜ਼ੇ ਸੇਠ, ਹੱਥਾਂ ਵਿਚ ਮੋਬਾਈਲ ਫ਼ੋਨ ਫੜ੍ਹੀ, ਹਰਲ-ਹਰਲ ਕਰਦੇ ਇਧਰ ਉਧਰ ਫਿਰ ਰਹੇ ਸਨ। ਕਦੇ ਝੁਰਮਟ ਨੰਦ ਲਾਲ ਦੁਆਲੇ ਜੁੜ ਜਾਂਦਾ ਸੀ



ਕਦੇ ਸਿੰਗਲੇ ਦੁਆਲੇ। ਪੰਕਜ ਦਾ ਸਾਲਾ ਆਏ ਮਹਿਮਾਨਾਂ ਨੂੰ ਕੋਕਾ ਕੋਲਾ ਵਰਤਾ ਰਿਹਾ ਸੀ। ਅਜੇ ਦਾ ਨੌਕਰ ਚਾਹ ਵਾਲੀ ਕੇਤਲੀ ਅਤੇ ਬਿਸਕੁਟ ਚੁੱਕੀ ਫਿਰਦਾ ਸੀ। ਪੈਰਵਾਈ ਕਰਨ ਆਏ ਸਮਰਥਕਾਂ ਦੇ ਚਿਹਰਿਆਂ ’ਤੇ ਕੋਈ ਤਨਾਅ ਨਹੀਂ ਸੀ। ਹਾਸਾ ਮਜ਼ਾਕ ਅਤੇ ਖਾਣ-ਪੀਣ ਚੱਲ ਰਿਹਾ ਸੀ। ਪਿਕਨਿਕ ਵਰਗਾ ਮਾਹੌਲ ਸੀ।

ਦੂਜੀ ਧਿਰ ਸਰਕਾਰੀ ਵਕੀਲ ਦੇ ਦਫ਼ਤਰ ਅੱਗੇ ਜੁੜੀ ਖੜ੍ਹੀ ਸੀ।

ਰਾਮ ਨਾਥ ਸਰਕਾਰੀ ਵਕੀਲ ਦੇ ਦਫ਼ਤਰ ਵਿਚ ਬੈਠਾ ਮਿਸਲ ਦੀ ਉਡੀਕ ਕਰ ਰਿਹਾ ਸੀ।

ਬਾਹਰ ਖੜ੍ਹੇ ਨੌਜਵਾਨਾਂ ਵਿਚੋਂ ਕੁਝ ਪੱਤਰਕਾਰ ਸਨ ਅਤੇ ਕੁਝ ਕਮਲ ਦੇ ਦੋਸਤ। ਕੁਝ ਨੀਲਮ ਦੇ ਪੇਕਿਆਂ ਵੱਲੋਂ ਆਏ ਰਿਸ਼ਤੇਦਾਰ। ਇਸ ਧਿਰ ਦੇ ਸਾਰੇ ਸਮਰਥਕ ਥੱਕੇ ਟੁੱਟੇ ਅਤੇ ਹਾਰੇ-ਹਾਰੇ ਮਹਿਸੂਸ ਕਰ ਰਹੇ ਸਨ।

ਥਾਣੇਦਾਰ ਨੂੰ ਸਮੇਤ ਮਿਸਲ ਸਾਢੇ ਨੌਂ ਵਜੇ ਸਰਕਾਰੀ ਵਕੀਲ ਦੇ ਦਫ਼ਤਰ ਪੁੱਜ ਜਾਣਾ ਚਾਹੀਦਾ ਸੀ। ਜਦੋਂ ਮਿਸਲ ਪੌਣੇ ਦਸ ਵਜੇ ਤਕ ਵੀ ਨਾ ਪੁੱਜੀ ਤਾਂ ਸਤਿੰਦਰ ਸਿੰਘ ਨੇ ਰਾਮ ਨਾਥ ਨੂੰ ਸੁਚੇਤ ਕੀਤਾ। ਫ਼ੋਨ ਕਰਕੇ ਥਾਣਿਉਂ ਪਤਾ ਕੀਤਾ ਜਾਵੇ। ਦੇਰੀ ਦਾ ਕਾਰਨ ਪੁੱਛਿਆ ਜਾਵੇ।

ਥਾਣੇ ਵਾਲੇ ਪੈਰਾਂ ’ਤੇ ਪਾਣੀ ਨਹੀਂ ਸਨ ਪੈਣ ਦਿੰਦੇ। ਮੁਨਸ਼ੀ ਤੋਂ ਸਿਵਾ ਥਾਣੇ ਕੋਈ ਨਹੀਂ ਸੀ। ਮਿਸਲ ਕਿਥੇ ਹੈ, ਇਸ ਬਾਰੇ ਮੁਨਸ਼ੀ ਨੂੰ ਕੁਝ ਪਤਾ ਨਹੀਂ ਸੀ।

ਪੂਰੇ ਦਸ ਵਜੇ ਅਦਾਲਤ ਦੀ ਕਾਰਵਾਈ ਸ਼ੁਰੂ ਹੋ ਗਈ।

ਸਰਕਾਰੀ ਵਕੀਲ ਨੇ ਮਜਬੂਰੀ ਜ਼ਾਹਰ ਕੀਤੀ। ਥਾਣੇ ਤੋਂ ਮਿਸਲ ਨਹੀਂ ਸੀ ਆਈ। ਕੁਝ ਦੇਰ ਇੰਤਜ਼ਾਰ ਕੀਤੀ ਜਾਵੇ।

ਇੰਤਜ਼ਾਰ ਕਰਨਾ ਸਾਧੂ ਸਿੰਘ ਦਾ ਅਸੂਲ ਨਹੀਂ ਸੀ। ਮਿਸਲ ਸਮੇਂ ਸਿਰ ਪੁੱਜਣੀ ਚਾਹੀਦੀ ਸੀ। ਨਹੀਂ ਤਾਂ ਸਰਕਾਰੀ ਵਕੀਲ ਨੂੰ ਇਕ ਤਰਫ਼ਾ ਹੁਕਮ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਸੀ।

ਪਰ ਇਹ ਮਾਮਲਾ ਗੰਭੀਰ ਸੀ। ਉਸ ਨੂੰ ਸ਼ੱਕ ਹੋਇਆ ਮੁਲਜ਼ਮ ਪਾਰਟੀ ਉਸਦੀ ਸਖ਼ਤੀ ਦਾ ਨਜਾਇਜ਼ ਫ਼ਾਇਦਾ ਉੱਠਾ ਰਹੀ ਸੀ। ਮਿਸਲ ਨੂੰ ਜਾਣ-ਬੁੱਝ ਕੇ ਲੇਟ ਕਰਵਾ ਰਹੀ ਸੀ।

ਇਨਸਾਫ਼ ਨੂੰ ਮੱਦੇ-ਨਜ਼ਰ ਰਖਦੇ ਹੋਏ ਸਾਧੂ ਸਿੰਘ ਨੇ ਆਪਣਾ ਅਸੂਲ ਤੋੜਿਆ।

ਸਰਕਾਰੀ ਵਕੀਲ ਨੂੰ ਸਖ਼ਤ ਤਾੜਨਾ ਹੋਈ। ਉਹ ਖ਼ੁਦ ਥਾਣੇ ਫ਼ੋਨ ਕਰੇ। ਪਤਾ ਕਰੇ ਮਿਸਲ ਕਿਉਂ ਨਹੀਂ ਆਈ।

ਬਹਿਸ ਗਿਆਰਾਂ ਵਜੇ ਤਕ ਟਾਲ ਦਿੱਤੀ ਗਈ।

ਜਦੋਂ ਮਿਸਲ ਗਿਆਰਾਂ ਵਜੇ ਵੀ ਨਾ ਆਈ ਤਾਂ ਸਾਧੂ ਸਿੰਘ ਕੋਲ ਬਹਿਸ ਸੁਣਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਹੋਰ ਤਾਰੀਖ਼ ਪਾ ਕੇ ਉਹ ਆਪਣੇ ਆਪ ਨੂੰ ਮੁਦਈ ਧਿਰ ਨਾਲ ਨਹੀਂ ਸੀ ਜੋੜ ਸਕਦਾ।

ਨੰਦ ਲਾਲ ਵੱਲੋਂ ਕੱਲ੍ਹ ਵਾਲੀ ਬਹਿਸ ਦੁਹਰਾਈ ਗਈ।

ਕਾਇਦੇ ਅਨੁਸਾਰ ਨੰਦ ਲਾਲ ਤੋਂ ਬਾਅਦ ਸਰਕਾਰੀ ਵਕੀਲ ਨੂੰ ਬਹਿਸ ਕਰਨ ਦਾ ਮੌਕਾ ਦਿੱਤਾ ਗਿਆ। ਸਰਕਾਰੀ ਵਕੀਲ ਕੋਲ ਮਿਸਲ ਨਹੀਂ ਸੀ। ਮਿਸਲ ਬਿਨਾਂ ਬਹਿਸ ਨਹੀਂ ਸੀ ਹੋ ਸਕਦੀ। ਬਹਿਸ ਲਈ ਉਸਨੂੰ ਤਾਰੀਖ਼ ਚਾਹੀਦੀ ਸੀ।

ਰਾਮ ਨਾਥ ਬਹਿਸ ਕਰਨਾ ਚਾਹੁੰਦਾ ਸੀ। ਉਹ ਮਰਨ ਵਾਲੇ ਦਾ ਮਾਮਾ ਸੀ ਅਤੇ ਮੁਦਈ ਧਿਰ ਦਾ ਵਕੀਲ। ਦੋਹਾਂ ਕਾਰਨਾਂ ਕਰਕੇ ਬਹਿਸ ਕਰਨ ਦਾ ਉਸਦਾ ਹੱਕ ਬਣਦਾ ਸੀ।

ਸਫ਼ਾਈ ਧਿਰ ਦੇ ਵਕੀਲ ਉਸਨੂੰ ਬੇਹੇ ਕੜਾਹ ਵਾਂਗ ਪੈ ਗਏ। ਕਾਨੂੰਨ ਦੀਆਂ ਕਿਤਾਬਾਂ ਦੇ ਢੇਰ ਉਨ੍ਹਾਂ ਜੱਜ ਅੱਗੇ ਰੱਖ ਦਿੱਤੇ। ਇਹ ਸਰਕਾਰ ਦਾ ਕੇਸ ਸੀ। ਸਰਕਾਰ ਦਾ ਪੱਖ ਪੂਰਨ ਲਈ ਸਰਕਾਰੀ ਵਕੀਲ ਹਾਜ਼ਰ ਸੀ। ਮੁਦਈ ਧਿਰ ਦੇ ਵਕੀਲ ਨੂੰ ਬੋਲਣ ਦਾ ਕੋਈ ਹੱਕ ਨਹੀਂ ਸੀ। ਸੁਪਰੀਮ ਕੋਰਟ ਨੇ ਇਕ ਵਾਰ ਨਹੀਂ ਸੌ ਵਾਰ ਇਸ ਨਿਯਮ ਦੀ ਪ੍ਰੋੜਤਾ ਕੀਤੀ ਸੀ।

ਸਾਧੂ ਸਿੰਘ ਰਾਮ ਨਾਥ ਨੂੰ ਸੁਣਨ ਲਈ ਤਿਆਰ ਸੀ। ਪਰ ਉਸ ਕੋਲ ਵੀ ਪਰਚੇ ਤੋਂ ਸਿਵਾ ਪੇਸ਼ ਕਰਨ ਲਈ ਕੁਝ ਨਹੀਂ ਸੀ। ਪਰਚਾ ਨੰਦ ਲਾਲ ਪੜ੍ਹਕੇ ਸੁਣਾ ਚੁੱਕਾ ਸੀ। ਬਾਕੀ ਜੋ ਰਾਮ ਨਾਥ ਨੇ ਦੱਸਣਾ ਸੀ, ਜੱਜ ਉਸਨੂੰ ਆਪਣੇ ਫੈਸਲੇ ਦਾ ਆਧਾਰ ਨਹੀਂ ਸੀ ਬਣਾ ਸਕਦਾ। ਇਸ ਲਈ ਰਾਮ ਨਾਥ ਦਾ ਬੋਲਣਾ ਜਾਂ ਨਾ ਬੋਲਣਾ ਇਕ ਬਰਾਬਰ ਸੀ।

ਪੁਲਿਸ ਦੀ ਇਸ ਅਣਗਹਿਲੀ ’ਤੇ ਜੱਜ ਨੇ ਸਖ਼ਤ ਨਰਾਜ਼ਗੀ ਪ੍ਰਗਟਾਈ। ਆਪਣੀ ਨਰਾਜ਼ਗੀ ਪ੍ਰਗਟਾਉਣ ਲਈ ਮਾਇਆ ਨਗਰ ਦੇ ਡੀ.ਆਈ.ਜੀ. ਨੂੰ ਵਿਸ਼ੇਸ਼ ਚਿੱਠੀ ਲਿਖਵਾਈ। ਮੁੱਖ ਅਫ਼ਸਰ ਵਿਰੁਧ ਵਿਭਾਗੀ ਕਾਰਵਾਈ ਦੀ ਸਿਫ਼ਾਰਸ਼ ਹੋਈ। ਅਗਲੀ ਪੇਸ਼ੀ ’ਤੇ ਮਿਸਲ ਪੇਸ਼ ਹੋਵੇ ਜਾਂ ਕਪਤਾਨ ਖ਼ੁਦ ਪੇਸ਼ ਹੋਵੇ।

ਅਗਲੀ ਪੇਸ਼ੀ ਤਿੰਨ ਦਿਨਾਂ ਦੀ ਪਾਈ ਗਈ। ਤਦ ਤਕ ਦੋਸ਼ੀਆਂ ਦੀ ਪੇਸ਼ਗੀ ਜ਼ਮਾਨਤ ਮਨਜ਼ੂਰ ਕੀਤੀ ਗਈ।

“ਲੈ ਬਈ ਪਹਿਲੀ ਬਾਜ਼ੀ ਮੈਂ ਜਿੱਤ ਦਿੱਤੀ। ਹੁਣ ਆਪਣਾ ਅਸਰ-ਰਸੂਖ਼ ਵਰਤ ਕੇ ਤਫ਼ਤੀਸ਼ ਵਿਚ ਸ਼ਾਮਲ ਹੋ ਜਾਵੋ। ਜੋ ਕੁਝ ਪੁਲਿਸ ਤੁਹਾਥੋਂ ਪੁੱਛਣਾ ਚਾਹੁੰਦੀ ਹੈ, ਦੱਸ ਦੇਵੋ। ਜੋ ਰਿਕਾਰਡ ਮੰਗਦੀ ਹੈ, ਦੇ ਦੇਵੋ। ਫੇਰ ਦੇਖੋ, ਅਗਲੀ ਪੇਸ਼ੀ ਮੈਂ ਕਿਵੇਂ ਜ਼ਮਾਨਤ ਪੱਕੀ ਕਰਾਉਂਦਾ ਹਾਂ।”

ਕਚਹਿਰੀਉਂ ਬਾਹਰ ਨਿਕਲ ਕੇ, ਆਪਣੇ ਦੁਆਲੇ ਜੁੜੇ ਹਜੂਮ ਨੂੰ ਸੰਬੋਧਨ ਕਰਦੇ ਨੰਦ ਲਾਲ ਨੇ ਆਪਣੀ ਤਾਰੀਫ਼ ਆਪ ਕਰਨੀ ਸ਼ੁਰੂ ਕੀਤੀ।

“ਤਫ਼ਤੀਸ਼ ਵਿਚ ਸ਼ਾਮਲ ਹੋਣ ਸਮੇਂ ਵਕੀਲਾਂ ਨੂੰ ਨਾਲ ਲੈ ਜਾਣਾ। ਇਕ ਦੋਸ਼ੀ ਇਕ ਵਕੀਲ ਨਾਲ ਲਿਜਾ ਸਕਦੈ। ਦੋ ਵਕੀਲ ਲੈ ਜਾਣਾ। ਪੁਲਿਸ ਦੱਬੀ ਰਹੂ। ਸਿੰਗਲੇ ਨੂੰ ਸਾਰੇ ਕੇਸ ਦਾ ਪਤੈ। ਇਸ ਨੂੰ ਜ਼ਰੂਰ ਲਿਜਾਣਾ। ਥਾਣੇ ਜਾਣ ਦੀ ਫ਼ੀਸ ਵੱਖ ਹੁੰਦੀ ਹੈ। ਉਹ ਸਿੰਗਲੇ ਨੂੰ ਦੇ ਦੇਣਾ।”

ਨੰਦ ਲਾਲ ਦੇ ਹਦਾਇਤਾਂ ਕਰਦੇ-ਕਰਦੇ ਕਚਹਿਰੀ ਦੇ ਅਰਦਲੀ, ਗੰਨਮੈਨ, ਰੀਡਰ ਅਤੇ ਸਟੈਨੋ ਉਨ੍ਹਾਂ ਨੂੰ ਘੇਰ ਕੇ ਖੜ੍ਹ ਗਏ। ਝੁਕ-ਝੁਕ ਸਲਾਮਾਂ ਕਰਨ ਅਤੇ ਮੁਬਾਰਕਾਂ ਦੇਣ ਲਗੇ।

“ਦਿਓ ਇਨ੍ਹਾਂ ਨੂੰ ਪੰਜਾਹ-ਪੰਜਾਹ।”

ਅਜੇ ਨੇ ਝੱਟ ਪੰਜਾਹ-ਪੰਜਾਹ ਦੇ ਨੋਟਾਂ ਦੀ ਝੜੀ ਲਾ ਦਿੱਤੀ।

“ਇਕ ਗੱਲ ਹੋਰ। ਕਿਸੇ ਪੱਤਰਕਾਰ ਨੂੰ ਫੜ ਕੇ ਖ਼ਬਰਾਂ ਲਗਵਾ ਦਿਓ। ਅਖ਼ਬਾਰ ਜਿਹੜੀ ਜ਼ਹਿਰ ਉਗਲਦੇ ਹਨ, ਉਸਦਾ ਉਨ੍ਹਾਂ ਨੂੰ ਮੋੜਵਾਂ ਜਵਾਬ ਮਿਲ ਜਾਏਗਾ।”

ਨੰਦ ਲਾਲ ਨੂੰ ਦੂਸਰੀ ਅਦਾਲਤ ਵਿਚੋਂ ਸੁਨੇਹਾ ਆ ਚੁੱਕਾ ਸੀ। ਅਦਾਲਤ ਵੱਲ



ਜਾਂਦਾ-ਜਾਂਦਾ ਉਹ ਹਦਾਇਤਾਂ ਦਿੰਦਾ ਰਿਹਾ।

“ਪ੍ਰੈੱਸ ਉਨ੍ਹਾਂ ਵੱਲ ਹੈ। ਆਪਣੀ ਖ਼ਬਰ ਕੌਣ ਲਾਏਗਾ ?” ਨੰਦ ਲਾਲ ਦੇ ਨਾਲ ਨਾਲ ਤੁਰਦਾ ਅਜੇ ਤੌਖ਼ਲਾ ਪ੍ਰਗਟ ਕਰਨ ਲੱਗਾ।

“ਤੂੰ ਪੰਜਾਬ ਦਰਪਣ ਵਾਲੇ ਸ਼ਿੰਦੇ ਕੋਲ ਚਲਾ ਜਾ। ਮੇਰਾ ਨਾਂ ਲੈ ਦੇਈਂ। ਪੰਜ ਸੌ ਦਾ ਨੋਟ ਫੜਾ ਦੇਈਂ। ਦੇਖ ਕਿਸ ਤਰ੍ਹਾਂ ਖ਼ਬਰ ਲਗਦੀ ਹੈ, ਵੱਡੀਆਂ ਸੁਰਖ਼ੀਆਂ ਵਿਚ।”

ਖ਼ਬਰ ਦੀ ਤਲਬ ਸਾਇਲਾਂ ਨੂੰ ਘੱਟ ਨੰਦ ਲਾਲ ਨੂੰ ਜ਼ਿਆਦਾ ਸੀ।

ਦਰਪਣ ਸਮਾਚਾਰ ਸਮੂਹ ਦੇ ਅਖ਼ਬਾਰਾਂ ਨੂੰ ਸ਼ਹਿਰੀ ਲੋਕ ਪੜ੍ਹਦੇ ਸਨ। ਸ਼ਿੰਦੇ ਨੇ ਤਥਾਂ ਦੀ ਚਰਚਾ ਘੱਟ ਨੰਦ ਲਾਲ ਦੀ ਕਾਬਲੀਅਤ ਦੀ ਚਰਚਾ ਵੱਧ ਕਰਨੀ ਸੀ। ਉਸ ਚਰਚਾ ਨੇ ਮਾਇਆ ਨਗਰ ਵਾਸੀਆਂ ਨੂੰ ਪ੍ਰਭਾਵਿਤ ਕਰਨਾ ਸੀ। ਪ੍ਰਭਾਵਤ ਹੋਏ ਲੋਕਾਂ ਨੇ ਨੰਦ ਲਾਲ ਵੱਲ ਦੌੜਨਾ ਸੀ।

ਨੰਦ ਲਾਲ ਦਾ ਧੰਨਵਾਦ ਕਰਕੇ ਅਜੇ ਨੇ ਸਭ ਤੋਂ ਪਹਿਲਾਂ ਪੰਕਜ ਨੂੰ ਖ਼ੁਸ਼ਖ਼ਬਰੀ ਸੁਣਾਈ। ਹੁਣ ਲੁਕ ਛਿਪ ਕੇ ਫਿਰਨ ਦੀ ਜ਼ਰੂਰਤ ਨਹੀਂ ਸੀ। ਪੰਕਜ ਕਚਹਿਰੀ ਦੇ ਸਾਹਮਣੇ ਢਾਬੇ ਵਿਚ ਬੈਠਾ ਸੀ। ਸੂਚਨਾ ਮਿਲਦੇ ਹੀ ਉਹ ਕਚਹਿਰੀ ਆ ਗਿਆ।

ਪੇਸ਼ਗੀ ਜ਼ਮਾਨਤ ਦਾ ਹੁਕਮ ਜੇਬ ਵਿਚ ਪਾ ਕੇ ਨੀਰਜ ਅਤੇ ਵਿਨੇ ਮੇਲੂ ਦੀ ਡੇਅਰੀ ਵੱਲ ਹੋ ਲਏ। ਉਹ ਕਪਤਾਨ ਨਾਲ ਗੱਲ ਕਰੇ। ਉਨ੍ਹਾਂ ਨੂੰ ਤਫ਼ਤੀਸ਼ ਵਿਚ ਸ਼ਾਮਲ ਕਰਵਾਏ। ਉਹ ਪੱਕੀ ਜ਼ਮਾਨਤ ਦੇ ਹੁਕਮ ਕਰਵਾ ਕੇ ਬੇਫਿਕਰ ਹੋਣ।

ਪੰਕਜ ਯਾਰਾਂ ਦੋਸਤਾਂ ਨੂੰ ਲੈ ਕੇ ਫੈਕਟਰੀ ਵੱਲ ਚੱਲ ਪਿਆ। ਕਈ ਦਿਨਾਂ ਤੋਂ ਦੋਸਤ ਮਾਨਸਿਕ ਤਨਾਅ ਵਿਚ ਸਨ। ਜਸ਼ਨ ਹੋਣਾ ਚਾਹੀਦਾ ਸੀ।

## -34-

ਪੇਸ਼ਗੀ ਜ਼ਮਾਨਤ ਮਨਜ਼ੂਰ ਹੋਣ ਦੀ ਖ਼ਬਰ ਸੁਣ ਕੇ ਮੇਲੂ ਖੁਸ਼ੀ ਨਾਲ ਝੂਮ ਉੱਠਿਆ। ਝੱਟ ਉਸ ਨੇ ਫਰਿਜ਼ ਵਿਚੋਂ ਬੋਤਲ ਕੱਢ ਲਈ।

ਸੋਫ਼ੀ ਰਹਿਣਾ ਨੀਰਜ ਹੋਰਾਂ ਦੀ ਮਜਬੂਰੀ ਸੀ। ਉਨ੍ਹਾਂ ਨੇ ਥਾਣੇ ਜਾ ਕੇ ਤਫ਼ਤੀਸ਼ ਵਿਚ ਸ਼ਾਮਲ ਹੋਣਾ ਸੀ। ਆਪਣਾ ਬਿਆਨ ਦਰਜ ਕਰਾਉਣਾ ਸੀ।

ਪਾਰਟੀ ਦਾ ਇੰਤਜ਼ਾਮ ਫੈਕਟਰੀ ਵਿਚ ਹੋ ਰਿਹਾ ਸੀ। ਪਾਰਟੀ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਮੇਲੂ ਨੂੰ ਦਾਅਵਤ ਦਿੱਤੀ।

ਪਰ ਉਸ ਤੋਂ ਪਹਿਲਾਂ ਉਨ੍ਹਾਂ ਦੇ ਮਨੋਂ ਤਫ਼ਤੀਸ਼ ਵਿਚ ਸ਼ਾਮਲ ਹੋਣ ਦਾ ਬੋਝ ਲਹਿ ਜਾਣਾ ਚਾਹੀਦਾ ਸੀ।

ਇਹ ਅਦਾਲਤ ਦਾ ਹੁਕਮ ਸੀ। ਪੁਲਿਸ ਨੂੰ ਇਹ ਮੰਨਣਾ ਪੈਣਾ ਸੀ। ਸਾਰੀ ਪੁਲਿਸ ਮੁਲਜ਼ਮਾਂ ਦੇ ਨਾਲ ਸੀ। ਫੇਰ ਫ਼ਿਕਰ ਵਾਲੀ ਕਿਹੜੀ ਗੱਲ ਸੀ ?

ਮੇਲੂ ਨੇ ਕਪਤਾਨ ਨੂੰ ਫ਼ੋਨ ਕੀਤਾ। ਉਹ ਤਫ਼ਤੀਸ਼ੀ ਨੂੰ ਹਦਾਇਤ ਕਰੇ। ਤਫ਼ਤੀਸ਼ੀ ਮਿਸਲ ਦਾ ਘਰ ਪੂਰਾ ਕਰੇ। ਅਜਿਹੀ ਜ਼ਿਮਨੀ ਲਿਖੇ, ਜਿਸ ਨੂੰ ਪੜ੍ਹਕੇ ਜੱਜ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰਨ ਲਈ ਮਜਬੂਰ ਹੋ ਜਾਏ।

ਇੰਝ ਕਰਨ ਵਿਚ ਕਪਤਾਨ ਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਉਸਨੂੰ ਇਕ ਦਿੱਕਤ ਪੇਸ਼ ਆ ਰਹੀ ਸੀ।

ਜੱਜ ਵੱਲੋਂ ਲਿਖੀ ਵਿਸ਼ੇਸ਼ ਚਿੱਠੀ ਡੀ.ਆਈ.ਜੀ. ਕੋਲ ਪੁੱਜ ਚੁੱਕੀ ਸੀ। ਮਿਸਲ ਕਚਹਿਰੀ ਕਿਉਂ ਨਹੀਂ ਗਈ? ਇਸ ਗੱਲ 'ਤੇ ਉਹ ਚਿੜਿਆ ਬੈਠਾ ਸੀ। ਮਿਸਲ ਉਸਨੇ ਆਪਣੇ ਕੋਲ ਮੰਗਵਾ ਲਈ ਸੀ। ਕਪਤਾਨ ਨੂੰ ਝਾੜ ਪੈ ਚੁੱਕੀ ਸੀ। ਡੀ.ਆਈ.ਜੀ. ਨੂੰ ਵਿਸ਼ਵਾਸ ਵਿਚ ਲੈਣਾ ਜ਼ਰੂਰੀ ਸੀ।

ਮੇਲੂ ਨੇ ਕਪਤਾਨ ਦੀ ਮਜਬੂਰੀ ਨੀਰਜ ਨੂੰ ਸਮਝਾਈ।

"ਡੀ.ਆਈ.ਜੀ. ਨਾਲ ਗੱਲ ਕਰਨੀ ਹੈ ਤਾਂ ਕਰੋ। ਜੋ ਦੇਣਾ ਹੈ, ਦਿਓ। ਬੱਸ ਖਹਿੜਾ ਛੁਡਾਓ।"

ਨੀਰਜ ਮਸਲਾ ਲਟਕਾਉਣ ਦੇ ਹੱਕ ਵਿਚ ਨਹੀਂ ਸੀ।

ਮੇਲੂ ਨੇ ਡੀ.ਆਈ.ਜੀ. ਨਾਲ ਸੰਪਰਕ ਕੀਤਾ। ਮੀਟਿੰਗ ਤੈਅ ਹੋ ਗਈ।

ਮਦਦ ਦਾ ਮੁੱਲ ਦੋ ਪੇਟੀਆਂ (ਦੋ ਲੱਖ) ਚੁਕਾਇਆ ਗਿਆ।

ਦੋਸ਼ੀ ਹਾਲੇ ਚੁੱਪ ਕਰਕੇ ਬੈਠੇ ਰਹਿਣ। ਪੇਸ਼ੀ ਤੋਂ ਇਕ ਦਿਨ ਪਹਿਲਾਂ ਡੀ.ਆਈ.ਜੀ. ਤਫ਼ਤੀਸ਼ੀ ਅਤੇ ਮਲਜ਼ਮਾਂ ਨੂੰ ਆਪਣੀ ਕੋਠੀ ਬੁਲਾਏਗਾ। ਆਪਣੀ ਹਾਜ਼ਰੀ ਵਿਚ ਜ਼ਿਮਨੀ ਲਿਖਵਾਏਗਾ। ਨਾਲ ਆਪਣੀ ਤਸਦੀਕ ਪਾਏਗਾ। ਤਾਂ ਦੋਸ਼ੀਆਂ ਦਾ ਕੰਮ ਬਣੇਗਾ।

ਡੀ.ਆਈ.ਜੀ. ਤੋਂ ਥਾਪੜਾ ਲੈ ਕੇ ਸਾਰੀ ਟੋਲੀ ਫੈਕਟਰੀ ਪੁੱਜ ਗਈ। ਨਵੀਂ ਖ਼ੁਸ਼ਖਬਰੀ ਨੇ ਜਸ਼ਨ ਵਿਚ ਨਵੀਂ ਰੂਹ ਫੂਕ ਦਿੱਤੀ।

ਦੇਰ ਰਾਤ ਤਕ ਜਸ਼ਨ ਚਲਦਾ ਰਿਹਾ।

## -35-

ਪੰਕਜ ਅਤੇ ਨੀਰਜ ਕਈ ਦਿਨਾਂ ਦੇ ਦੇਸ਼-ਨਿਕਾਲੇ ਬਾਅਦ ਪਹਿਲੀ ਵਾਰ ਘਰ ਸੁੱਤੇ ਸਨ।

ਸੌਣ ਤੋਂ ਪਹਿਲਾਂ ਉਨ੍ਹਾਂ ਨੇ ਘਰਦਿਆਂ ਨੂੰ ਸਖ਼ਤ ਹਦਾਇਤ ਕੀਤੀ ਸੀ। ਉਨ੍ਹਾਂ ਨੂੰ ਕੱਚੀ ਨੀਂਦ ਵਿਚੋਂ ਉਠਾਉਣ ਦੀ ਜੁਅਰਤ ਨਾ ਕੀਤੀ ਜਾਵੇ।

ਪਰ ਫ਼ੌਜਦਾਰੀ ਮੁਕੱਦਮਿਆਂ ਵਿਚ ਫਸੇ ਲੋਕ ਕਦੇ ਸੁਖ ਦੀ ਨੀਂਦ ਨਹੀਂ ਸੌਂ ਸਕਦੇ।

ਹਾਲੇ ਉਨ੍ਹਾਂ ਨੂੰ ਸੁੱਤਿਆਂ ਤਿੰਨ ਘੰਟੇ ਵੀ ਨਹੀਂ ਸਨ ਹੋਏ ਕਿ ਸਿੰਗਲੇ ਦੇ ਫ਼ੋਨ 'ਤੇ ਫ਼ੋਨ ਖੜਕਣ ਲਗੇ।

ਪੰਜਾਬੀ ਤੋਂ ਲੈ ਕੇ ਅੰਗਰੇਜ਼ੀ ਤਕ ਹਰ ਅਖ਼ਬਾਰ ਨੇ ਉਨ੍ਹਾਂ ਦੇ ਕੇਸ ਨਾਲ ਸਬੰਧਤ ਖ਼ਬਰਾਂ ਛਾਪੀਆਂ ਸਨ। ਸਿੰਗਲੇ ਅਤੇ ਸਰਕਾਰੀ ਵਕੀਲ ਨੂੰ ਵਿਚੇ ਘੜੀਸਿਆ ਗਿਆ ਸੀ। ਸਿੰਗਲੇ, ਸਤਿੰਦਰ ਸਿੰਘ ਅਤੇ ਨੀਰਜ ਦੀ ਸਿਟੀ ਹਾਰਟ ਹੋਟਲ ਦੇ ਬਾਹਰ ਇਕੱਠੇ ਖੜਿਆਂ ਦੀ ਫੋਟੋ ਤਕਰੀਬਨ ਹਰ ਅਖ਼ਬਾਰ ਵਿਚ ਛਪੀ ਸੀ। ਸਿੰਗਲੇ ਦੇ ਸਰਕਾਰੀ ਵਕੀਲ ਨੂੰ ਉਸਦੀ ਕੋਠੀਉਂ ਲੈ ਕੇ ਆਉਣ ਤੋਂ ਲੈ ਕੇ ਕੋਠੀ ਛੱਡਣ ਤਕ ਦਾ ਵੇਰਵਾ ਖ਼ਬਰਾਂ ਵਿਚ ਦਿੱਤਾ ਗਿਆ ਸੀ। ਸਿੰਗਲੇ ਦਾ ਕੁਝ ਨਹੀਂ ਸੀ ਵਿਗੜਨ ਲੱਗਾ। ਉਹ ਪ੍ਰਾਈਵੇਟ ਵਕੀਲ ਸੀ। ਜੋ ਮਰਜ਼ੀ ਕਰੇ। ਸਰਕਾਰੀ ਵਕੀਲ ਦੀ ਮਿਲੀ-ਭੁਗਤ ਸਾਬਤ ਹੋ ਜਾਣ ਨਾਲ ਉਸਦੀ ਨੌਕਰੀ ਨੂੰ ਖ਼ਤਰਾ ਸੀ। ਸਤਿੰਦਰ ਸਿੰਘ ਵਾਰ-ਵਾਰ ਫ਼ੋਨ ਕਰ ਰਿਹਾ ਸੀ।

ਇਹੋ ਨਹੀਂ। ਮੇਲੂ ਅਤੇ ਨਰਿੰਦਰ ਨਾਥ ਦੀ ਮਿਲੀ ਭੁਗਤ ਦੀ ਖ਼ਬਰ ਵੀ ਲੂਣ ਮਿਰਚ ਲਾ ਕੇ ਛਾਪੀ ਗਈ ਸੀ। ਸ਼ਰਾਬੀ ਹਾਲਤ ਵਿਚ ਉਸਨੂੰ ਮੇਲੂ ਦੀ ਡੇਅਰੀ ਵਿਚ ਲੰਮਾ



ਪਿਆ ਦਿਖਾਇਆ ਗਿਆ ਸੀ। ਥਾਣੇ ਦੇ ਰਿਕਾਰਡ ਦਾ ਹਵਾਲਾ ਦੇ ਕੇ ਇਹ ਸਿੱਧ ਕੀਤਾ ਗਿਆ ਸੀ ਕਿ ਹਵਾਲਦਾਰ ਕਿਧਰੇ ਨਹੀਂ ਸੀ ਗਿਆ। ਮਾਇਆ ਨਗਰ ਵਿਚ ਹਾਜ਼ਰ ਸੀ। ਦੋਸ਼ੀਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਉਸਦੇ ਬਾਹਰ ਜਾਣ ਦਾ ਡਰਾਮਾ ਰਚਿਆ ਗਿਆ ਸੀ।

ਨਰਿੰਦਰ ਦੇ ਸੁਨੇਹੇ ਆ ਰਹੇ ਸਨ। ਉਸਨੇ ਮਿਸਲ ਕਪਤਾਨ ਦੇ ਕਹਿਣ 'ਤੇ ਰੋਕੀ ਸੀ। ਉਸਨੂੰ ਮੁਅੱਤਲ ਹੋਣ ਤੋਂ ਬਚਾਇਆ ਜਾਵੇ।

ਪੁਲਿਸ ਦੀ ਇਸ ਜ਼ਿਆਦਤੀ ਵਿਰੁਧ ਮੁਜ਼ਾਹਰੇ, ਧਰਨੇ ਅਤੇ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ।

ਸਾਰਾ ਮਾਇਆ ਨਗਰ ਜਾਗ ਚੁੱਕਾ ਸੀ। ਪੰਕਜ ਹੋਰੀਂ ਸੁੱਤੇ ਪਏ ਸਨ। ਉਨ੍ਹਾਂ ਨੂੰ ਜਾਗ ਜਾਣਾ ਚਾਹੀਦਾ ਸੀ।

ਜਦੋਂ ਵਾਰ ਵਾਰ ਫ਼ੋਨ ਕਰਨ 'ਤੇ ਕਿਸੇ ਨੇ ਫ਼ੋਨ ਨਾ ਚੁੱਕਿਆ ਤਾਂ ਮਜਬੂਰਨ ਸਿੰਗਲੇ ਨੂੰ ਉਨ੍ਹਾਂ ਦੀ ਕੋਠੀ ਜਾਣਾ ਪਿਆ।

ਦੋ ਅਖ਼ਬਾਰ ਸਿੰਗਲੇ ਕੋਲ ਆਉਂਦੇ ਸਨ। ਬਾਕੀ ਦੇ ਅਖ਼ਬਾਰ ਉਸਨੇ ਰਸਤੇ ਵਿਚੋਂ ਖਰੀਦ ਲਏ। ਅਖ਼ਬਾਰਾਂ ਵਿਚ ਛਾਪਣ ਲਈ ਜਿਵੇਂ ਅੱਜ ਹੋਰ ਕੋਈ ਖ਼ਬਰ ਹੀ ਨਹੀਂ ਸੀ। ਸਭ ਅਖ਼ਬਾਰਾਂ ਨੇ ਇਸੇ ਮਿਲੀ-ਭੁਗਤ ਦੇ ਚਰਚੇ ਚਟਕਾਰੇ ਲੈ ਲੈ ਛਾਪੇ ਸਨ।

ਕਈ ਦਿਨਾਂ ਬਾਅਦ ਮਸਾਂ ਦੋਵੇਂ ਭਰਾ ਤਨਾਅ-ਮੁਕਤ ਹੋਏ ਸਨ। ਦੇਰ ਰਾਤ ਤਕ ਉਹ ਪੀਂਦੇ ਰਹੇ ਸਨ। ਹੁਣ ਆਸਾਨੀ ਨਾਲ ਉਨ੍ਹਾਂ ਦੀ ਅੱਖ ਨਹੀਂ ਸੀ ਖੁਲ੍ਹ ਰਹੀ।

ਅਚਾਨਕ ਸਿੰਗਲੇ ਨੂੰ ਘਰ ਆਇਆ ਦੇਖ ਕੇ ਉਨ੍ਹਾਂ ਦੇ ਹੋਸ਼ ਉੱਡ ਗਏ। ਦੋਹਾਂ ਨੂੰ ਤਰੇਲੀਆਂ ਆਉਣ ਲੱਗੀਆਂ। ਬਲੱਡ-ਪ੍ਰੈਸ਼ਰ ਉਪਰ ਹੇਠ ਹੋਣ ਲਗਾ। ਦਿਲਾਂ ਦੀਆਂ ਧੜਕਨਾਂ ਤੇਜ਼ ਹੋ ਗਈਆਂ।

ਘਬਰਾਏ ਉਹ ਵਿਚਾਰ-ਵਟਾਂਦਰੇ ਲਈ ਬੈਡ-ਰੂਮ ਵਿਚ ਹੀ ਬੈਠ ਗਏ।

ਸਿੰਗਲੇ ਨੇ ਇਕ-ਇਕ ਕਰਕੇ ਸਾਰੇ ਅਖ਼ਬਾਰ ਉਨ੍ਹਾਂ ਅੱਗੇ ਰੱਖੇ। ਕਿਸ ਖ਼ਬਰ ਦਾ ਕਿਸ ਉੱਪਰ ਕੀ ਪ੍ਰਭਾਵ ਪਏਗਾ, ਇਸਦੀ ਜਾਣਕਾਰੀ ਦਿੱਤੀ। ਸਰਕਾਰੀ ਵਕੀਲ ਅਤੇ ਹੌਲਦਾਰ ਦੇ ਹੋਣ ਵਾਲੇ ਨੁਕਸਾਨ ਦਾ ਜ਼ਿਕਰ ਕੀਤਾ।

ਸਰਕਾਰੀ ਵਕੀਲ ਅਤੇ ਹੌਲਦਾਰ ਦੀ ਪੰਕਜ ਹੋਰਾਂ ਨੂੰ ਕੋਈ ਪਰਵਾਹ ਨਹੀਂ ਸੀ। ਕੀਤੇ ਕੰਮ ਦੇ ਉਨ੍ਹਾਂ ਨੂੰ ਪੈਸੇ ਮਿਲੇ ਸਨ। ਨਫ਼ੇ ਨੁਕਸਾਨ ਦੇ ਉਹ ਖ਼ੁਦ ਜ਼ਿੰਮੇਵਾਰ ਸਨ।

ਸਿੰਗਲਾ ਇਸ ਤਰਕ ਨਾਲ ਸਹਿਮਤ ਨਹੀਂ ਸੀ। ਸਰਕਾਰੀ ਵਕੀਲ ਦਾ ਨੁਕਸਾਨ ਪੰਕਜ ਹੋਰਾਂ ਦਾ ਨੁਕਸਾਨ ਸੀ। ਜੇ ਹੁਣ ਉਨ੍ਹਾਂ ਦਾ ਬਚਾਅ ਕਰ ਲਿਆ ਗਿਆ ਤਾਂ ਅਫ਼ਸਰਾਂ ਵਿੱਚ ਭਰੋਸਾ ਬਣਿਆ ਰਹੇਗਾ। ਨਹੀਂ ਤਾਂ ਅਗੋਂ ਤੋਂ ਅਫ਼ਸਰ ਮਦਦ ਕਰਨੋਂ ਹੱਟ ਜਾਣਗੇ। ਅਫ਼ਸਰ ਮਿੱਟੀ ਦਾ ਮਾਨ ਨਹੀਂ ਹੁੰਦਾ। ਇਕ ਵਾਰ ਪੜਤ ਖ਼ਰਾਬ ਹੋ ਗਈ ਤਾਂ ਕਿਸੇ ਨੇ ਨੋਟਾਂ ਦੇ ਬੋਰਿਆਂ ਉਪਰ ਵੀ ਧਾਰ ਨਹੀਂ ਮਾਰਨੀ। ਹਰ ਅਫ਼ਸਰ ਉਨ੍ਹਾਂ ਨੂੰ ਕੜਾਕਾ ਚਾੜ੍ਹਦਾ ਰਹੇਗਾ।

ਨਰਿੰਦਰ ਨਾਥ ਦਾ ਬਹੁਤਾ ਨੁਕਸਾਨ ਹੋਣ ਵਾਲਾ ਨਹੀਂ ਸੀ। ਉਸ ਵਿਰੁਧ ਕਾਰਵਾਈ ਕਪਤਾਨ ਨੇ ਕਰਨੀ ਸੀ। ਕਪਤਾਨ ਨੇ ਆਪੇ ਮੌਕਾ ਸੰਭਾਲ ਲੈਣਾ ਸੀ।

ਫ਼ਿਕਰ ਸਰਕਾਰੀ ਵਕੀਲ ਦਾ ਸੀ।

ਅਜੇ ਦਾ ਇਕ ਜੀਜਾ ਆਈ.ਏ.ਐਸ. ਅਫ਼ਸਰ ਸੀ। ਪਹਿਲਾਂ ਉਹ ਗ੍ਰਹਿ ਸਕੱਤਰ

ਰਿਹਾ ਸੀ। ਸਤਿੰਦਰ ਸਿੰਘ ਦਾ ਮਹਿਕਮਾ ਗ੍ਰਹਿ ਸਕੱਤਰ ਦੇ ਅਧੀਨ ਸੀ। ਜ਼ਰੂਰ ਉਸਦੀ ਪਹਿਲੇ ਮਹਿਕਮੇ ਵਿਚ ਬਣਦੀ ਹੋਵੇਗੀ।

ਅਜੇ ਨੂੰ ਜਗਾਇਆ ਗਿਆ। ਕੰਮ ਸਮਝਾਇਆ ਗਿਆ।

ਕੁਝ ਦੇਰ ਬਾਅਦ ਉਸਦਾ ਫ਼ੋਨ ਆ ਗਿਆ। ਸਰਕਾਰੀ ਵਕੀਲ ਬੇਫ਼ਿਕਰ ਰਹੇ। ਮਾੜੀ ਮੋਟੀ ਝਾੜ-ਝੰਬ ਹੋ ਸਕਦੀ ਸੀ। ਨੁਕਸਾਨ ਨਹੀਂ ਸੀ ਹੋਣ ਲੱਗਾ।

ਸਰਕਾਰੀ ਵਕੀਲ ਵੱਲੋਂ ਬੇਫ਼ਿਕਰ ਹੋ ਕੇ ਉਹ ਆਪਣੇ ਬਚਾਅ ਦੀਆਂ ਸਕੀਮਾਂ ਘੜਨ ਲਗੇ।

## -36-

ਹੜਤਾਲਾਂ ਧਰਨਿਆਂ ਦਾ ਕਿਸੇ ਨੂੰ ਫ਼ਿਕਰ ਨਹੀਂ ਸੀ। ਅਜਿਹੇ ਹਰ ਕੇਸ ਵਿਚ ਧਰਨੇ ਵੱਜਦੇ ਸਨ। ਪਹਿਲੇ ਦਿਨ ਗਿਣਤੀ ਪੰਜ ਸੱਤ ਸੌ ਹੁੰਦੀ ਸੀ। ਦੂਜੇ ਦਿਨ ਦੋ ਤਿੰਨ ਸੌ। ਹਫ਼ਤੇ ਬਾਅਦ ਇਹ ਗਿਣਤੀ ਪੰਜਾਹ ਸੱਠ 'ਤੇ ਪੁੱਜ ਜਾਂਦੀ ਸੀ। ਫੇਰ ਘਰ-ਘਰ ਦੇ ਰਹਿ ਜਾਂਦੇ ਸਨ। ਹੋਰ ਮਹੀਨੇ ਬਾਅਦ ਸਭ ਖੇਡਣੇ ਖਿੰਡ ਜਾਂਦੇ ਸਨ। ਪੈਰਵੀ ਕਰਨ ਵਾਲਾ ਟਾਵਾਂ ਟੱਲਾ ਰਹਿ ਜਾਂਦਾ ਸੀ। ਇਸ ਕੇਸ ਵਿਚ ਇਸੇ ਤਰ੍ਹਾਂ ਹੋ ਰਿਹਾ ਸੀ। ਤਮਾਸ਼ਬੀਨਾਂ ਦੀ ਗਿਣਤੀ ਦਿਨੋ-ਦਿਨ ਘਟ ਰਹੀ ਸੀ।

ਜਿਹੜੀ ਚਮਕ ਬਾਕੀ ਸੀ, ਉਹ ਪ੍ਰੈਸ ਦੀ ਮਿਹਰਬਾਨੀ ਕਰਕੇ ਸੀ। ਹੜਤਾਲਾਂ ਅਤੇ ਧਰਨਿਆਂ ਦੀਆਂ ਖ਼ਬਰਾਂ ਬੜੇ ਯੋਜਨਾ-ਬੱਧ ਤਰੀਕੇ ਨਾਲ ਛਾਪੀਆਂ ਜਾ ਰਹੀਆਂ ਸਨ। ਹਰ ਨਾਅਰਾ ਮਾਰਨ ਵਾਲੇ ਦੀ ਫ਼ੋਟੋ ਕਿਸੇ ਨਾ ਕਿਸੇ ਅਖ਼ਬਾਰ ਵਿਚ ਛਪ ਰਹੀ ਸੀ। ਮੁਹੱਲੇ ਦੇ ਪ੍ਰਧਾਨ ਤਕ ਦਾ ਨਾਂ ਕਿਸੇ ਨਾ ਕਿਸੇ ਅਖ਼ਬਾਰ ਵਿਚ ਛਪ ਰਿਹਾ ਸੀ। ਆਪਣੀ ਫ਼ੋਟੋ ਅਖ਼ਬਾਰ ਵਿਚ ਛਪਵਾਉਣ ਦੇ ਲਾਲਚ ਵਿਚ ਲੋਕ ਵਧ ਚੜ੍ਹ ਕੇ ਹੜਤਾਲਾਂ ਧਰਨਿਆਂ ਵਿਚ ਹਿੱਸਾ ਲੈ ਰਹੇ ਸਨ।

ਸਿੰਗਲੇ ਦੀ ਰਾਏ ਸੀ, ਜੇ ਪ੍ਰੈੱਸ ਚੁੱਪ ਕਰ ਜਾਏ ਤਾਂ ਸਭ ਮਸਲੇ ਹੱਲ ਹੋ ਜਾਣ।

ਪ੍ਰੈਸ ਹੀ ਤਾਂ ਕਾਬੂ ਨਹੀਂ ਸੀ ਹੋ ਰਹੀ। ਪ੍ਰੈੱਸ-ਕਲੱਬ ਦਾ ਸਕੱਤਰ ਨੇਹਾ ਦਾ ਪ੍ਰੇਮੀ ਸੀ। ਉਨ੍ਹਾਂ ਦੀ ਸਗਾਈ ਹੋਣ ਵਾਲੀ ਸੀ। ਇਸ ਘਟਨਾ ਨਾਲ ਉਸਦਾ ਨਿਜ ਜੁੜਿਆ ਹੋਇਆ ਸੀ। ਉਸਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਸੀ। ਉਸਦਾ ਦਿਲ ਇਨਸਾਫ਼ ਦੀ ਪੁਕਾਰ ਕਰ ਰਿਹਾ ਸੀ। ਸਾਰੇ ਪੱਤਰਕਾਰ ਤਨੋਂ ਮਨੋਂ ਉਸਦਾ ਸਾਥ ਦੇ ਰਹੇ ਸਨ। ਆਸ਼ਕਾਂ ਨੂੰ ਨੱਥ ਪਾਉਣਾ ਦਰਿਆਵਾਂ ਦੇ ਵਹਿਣਾਂ ਨੂੰ ਮੋੜਨ ਵਾਂਗ ਔਖਾ ਸੀ।

ਸਾਗਰ ਦਾ ਨੇਹਾ ਨਾਲੋਂ ਮੋਹ-ਭੰਗ ਕੀਤਾ ਜਾਣਾ ਚਾਹੀਦਾ ਸੀ। ਇਹ ਠੀਕ ਸੀ ਕਿ ਪਰਚੇ ਵਿਚ ਨੇਹਾ ਨਾਲ ਹੋਏ ਬਲਾਤਕਾਰ ਦਾ ਜ਼ਿਕਰ ਨਹੀਂ ਸੀ। ਇਸ ਤੱਥ ਨੂੰ ਇਕ ਸੋਚੀ ਸਮਝੀ ਚਾਲ ਤਹਿਤ ਛੁਪਾ ਲਿਆ ਗਿਆ ਸੀ। ਪਰ ਹਰ ਜ਼ੁਬਾਨ ਉਪਰ ਹੋਏ ਬਲਾਤਕਾਰ ਦੀ ਚਰਚਾ ਸੀ। ਕਈ ਅਖ਼ਬਾਰਾਂ ਨੇ ਆਪਣੀਆਂ ਪਹਿਲੇ ਦਿਨ ਦੀਆਂ ਖ਼ਬਰਾਂ ਵਿਚ ਬਲਾਤਕਾਰ ਦਾ ਜ਼ਿਕਰ ਕੀਤਾ ਸੀ। ਸਾਗਰ ਦੇ ਮਨ ਵਿਚ ਨੇਹਾ ਦੀ ਅਪਵਿੱਤਰਤਾ ਦਾ ਵਿਸ਼ ਘੋਲਿਆ ਜਾਣਾ ਚਾਹੀਦਾ ਸੀ। ਉਸਨੂੰ ਜੂਠ ਨਾਲੋਂ ਨਾਤਾ ਤੋੜਨ ਲਈ ਪ੍ਰੇਰਿਆ ਜਾਣਾ ਚਾਹੀਦਾ ਸੀ।

ਜਿੰਨਾ ਚਿਰ ਇਹ ਯੋਜਨਾ ਸਿਰੇ ਨਹੀਂ ਚੜ੍ਹਦੀ ਉਨਾ ਚਿਰ ਪੱਤਰਕਾਰਾਂ ਦਾ ਖਹਿੜਾ



ਛੱਡ ਕੇ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਸੰਪਰਕ ਕੀਤਾ ਜਾਵੇ। ਕੁਝ ਇਸ਼ਤਿਹਾਰ ਫੌਰੀ ਤੌਰ ਤੇ ਅਖ਼ਬਾਰਾਂ ਨੂੰ ਦਿੱਤੇ ਜਾਣ। ਵੱਡੇ ਇਸ਼ਤਿਹਾਰਾਂ ਦਾ ਵਾਅਦਾ ਕੀਤਾ ਜਾਵੇ।

ਅਖ਼ਬਾਰਾਂ ਦੀ ਗਿਣਤੀ ਕਿਹੜਾ ਦੋ ਚਾਰ ਸੀ, ਬਈ ਖਰੀਦ ਲਏ ਜਾਣ। ਕੁੱਲ ਮਿਲਾ ਕੇ ਤੀਹ ਚਾਲੀ ਅਖ਼ਬਾਰ ਮਾਇਆ ਨਗਰ ਵਿਚ ਆਉਂਦੇ ਸਨ। ਇਸ਼ਤਿਹਾਰਾਂ ਦਾ ਰੇਟ ਬੜਾ ਮਹਿੰਗਾ ਸੀ। ਅੰਗਰੇਜ਼ੀ ਅਖ਼ਬਾਰਾਂ ਦੀ ਤਾਂ ਨੁੱਕਰ ਵਿਚ ਇਸ਼ਤਿਹਾਰ ਦੇਣਾ ਮੁਸ਼ਕਲ ਸੀ। ਵੱਡੇ ਇਸ਼ਤਿਹਾਰ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਇਸ ਸਮੱਸਿਆ ਨੂੰ ਨਜਿਠਣ ਲਈ ਸਾਰੇ ਉਦਯੋਗ-ਪਤੀਆਂ ਨੂੰ ਇਕ-ਜੁਟ ਹੋ ਜਾਣਾ ਚਾਹੀਦਾ ਸੀ। ਮਾਇਆ ਨਗਰ ਵਿਚ ਹਜ਼ਾਰਾਂ ਅਜਿਹੇ ਉਦਯੋਗ ਸਨ, ਜਿਨ੍ਹਾਂ ਦੇ ਵੱਡੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਦੇ ਸਨ। ਉਨ੍ਹਾਂ ਨੂੰ ਆਪਣੀਆਂ ਪਬਲੀਸਿਟੀ ਏਜੰਸੀਆਂ ਰਾਹੀਂ ਅਖ਼ਬਾਰਾਂ 'ਤੇ ਦਬਾਅ ਪਾਉਣਾ ਚਾਹੀਦਾ ਸੀ। ਬਹੁਤਾ ਨਹੀਂ ਤਾਂ ਪੰਕਜ ਹੋਰਾਂ ਦੇ ਆਪਣੇ ਅਤੇ ਰਿਸ਼ਤੇਦਾਰਾਂ ਦੇ ਇਸ਼ਤਿਹਾਰ ਇਸ ਯੋਜਨਾ ਤਹਿਤ ਦਿੱਤੇ ਜਾਣੇ ਚਾਹੀਦੇ ਸਨ। ਅਖ਼ਬਾਰ ਛੋਟਾ ਹੋਵੇ ਜਾਂ ਵੱਡਾ। ਇਸ਼ਤਿਹਾਰ ਬਿਨ੍ਹਾਂ ਕਿਸੇ ਦਾ ਗੁਜ਼ਾਰਾ ਨਹੀਂ। ਮਜਬੂਰੀ ਵੱਸ ਅਖ਼ਬਾਰਾਂ ਨੂੰ ਉਨ੍ਹਾਂ ਨਾਲ ਸਮਝੌਤਾ ਕਰਨਾ ਪੈਣਾ ਸੀ।

ਸਿੰਗਲੇ ਦਾ ਇਹ ਸੁਝਾਅ ਵੀ ਵਜ਼ਨਦਾਰ ਸੀ। ਪੰਕਜ ਆਪਣੇ ਸਾਥੀਆਂ ਨਾਲ ਇਸ ਵਿਸ਼ੇ ਤੇ ਗੱਲ ਕਰੇਗਾ। ਹੋਰ ਨਹੀਂ ਤਾਂ ਖ਼ਬਰਾਂ ਦਾ ਸੁਰ ਮੱਠਾ ਪਏਗਾ। ਕਦੇ-ਕਦੇ ਉਨ੍ਹਾਂ ਦਾ ਪੱਖ ਛਪ ਜਾਇਆ ਕਰੇਗਾ।

ਸਾਰੇ ਪੱਤਰਕਾਰ ਸਾਗਰ ਨਾਲ ਸਹਿਮਤ ਨਹੀਂ ਸਨ ਹੋ ਸਕਦੇ। ਹਰ ਸੰਸਥਾ ਵਿਚ ਵਿਰੋਧੀ ਧਿਰ ਵੀ ਹੁੰਦੀ ਹੈ। ਵਿਰੋਧੀ ਧਿਰ ਦੀ ਪਹਿਚਾਣ ਕੀਤੀ ਜਾਵੇ। ਤੋਹਫ਼ੇ ਦੇ ਕੇ ਅਤੇ ਪਾਰਟੀਆਂ ਵਿਚ ਬੁਲਾ ਕੇ ਉਸ ਧਿਰ ਤੋਂ ਫ਼ਾਇਦਾ ਉਠਾਇਆ ਜਾਵੇ।

ਵਿਦਿਆਰਥੀਆਂ ਦੀ ਏਕਤਾ ਨੂੰ ਖੋਰਾ ਲਾਇਆ ਜਾਵੇ। ਇਹ ਉਮਰ ਬਾਂਦਰਾਂ ਵਰਗੀ ਹੁੰਦੀ ਹੈ। ਜਿਸ ਕੰਮ ਪਿੱਛੇ ਪਾ ਦਿੱਤੇ, ਪੈ ਜਾਂਦੇ ਹਨ। ਚੰਗੇ ਮਾੜੇ ਨਤੀਜਿਆਂ ਬਾਰੇ ਨਹੀਂ ਸੋਚਦੇ। ਉਨ੍ਹਾਂ ਦੇ ਮਾਪੇ ਪ੍ਰੇਸ਼ਾਨ ਸਨ। ਇਮਤਿਹਾਨ ਸਿਰ ਉਪਰ ਸਨ। ਹੜਤਾਲ ਲੰਬੀ ਹੋ ਗਈ ਤਾਂ ਕਈਆਂ ਦਾ ਸਾਲ ਮਾਰਿਆ ਜਾਏਗਾ। ਹੜਤਾਲੀ ਵਿਦਿਆਰਥੀਆਂ ਦੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਲਈ ਪੁਲਿਸ 'ਤੇ ਜ਼ੋਰ ਪਾ ਰਹੇ ਸਨ। ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰੋ।

ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਜਾਵੇ। ਤਿਮਾਹੀ ਇਮਤਿਹਾਨਾਂ ਦੀ ਡੇਟ-ਸ਼ੀਟ ਨੋਟਿਸ-ਬੋਰਡ ਉਪਰ ਲਗਵਾਈ ਜਾਵੇ। ਇਮਤਿਹਾਨ ਸਿਰ ਤੇ ਆ ਜਾਣ ਨਾਲ ਅੱਧੇ ਵਿਦਿਆਰਥੀ ਆਪਣੇ ਕਮਰਿਆਂ ਵਿਚ ਬੰਦ ਹੋ ਜਾਣਗੇ। ਬਾਕੀ ਉਨ੍ਹਾਂ ਨੂੰ ਦੇਖੋ-ਦੇਖੀ ਖਿੰਡ ਜਾਣਗੇ। ਮਾਪੇ ਉਨ੍ਹਾਂ ਨੂੰ ਹੜਤਾਲਾਂ ਦਾ ਖਹਿੜਾ ਛੱਡ ਕੇ ਪੜ੍ਹਨ ਲਈ ਪ੍ਰੇਰਨਗੇ।

ਵਾਕਿਫ਼ ਮਾਪਿਆਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਰਾਹੀਂ ਬੱਚਿਆਂ ਨੂੰ ਸਿੱਧੇ ਰਾਹ ਪਾਉਣ ਦਾ ਯਤਨ ਕੀਤਾ ਜਾਵੇ।

ਸਿੰਗਲੇ ਦੇ ਸਭ ਸੁਝਾਅ ਬਹੁਤ ਕੀਮਤੀ ਸਨ। ਪੁਲਿਸ ਤੇ ਪੈਂਦੇ ਦਬਾਅ ਨੂੰ ਘੱਟ ਕਰਨ ਲਈ ਇਨ੍ਹਾਂ ਹੱਥ-ਕੰਡਿਆਂ ਦੀ ਵਰਤੋਂ ਜ਼ਰੂਰੀ ਸੀ। ਪਰ ਇਨ੍ਹਾਂ ਸੁਝਾਵਾਂ ਨੂੰ ਅਮਲੀ ਰੂਪ ਦੇਣ ਲਈ ਬਹੁਤ ਸਮਾਂ ਲਗਣਾ ਸੀ। ਉਨ੍ਹਾਂ ਅੱਗੇ ਫੌਰੀ ਸਮੱਸਿਆ ਪੇਸ਼ਗੀ ਜ਼ਮਾਨਤ ਮਨਜ਼ੂਰ ਕਰਵਾਉਣ ਅਤੇ ਪੁਲਿਸ ਕੋਲੋਂ ਖਹਿੜਾ ਛਡਾਉਣ ਦੀ ਸੀ। ਪਹਿਲਾਂ ਇਸ ਬਾਰੇ

ਸੋਚਿਆ ਜਾਵੇ।

ਪੇਸ਼ਗੀ ਜ਼ਮਾਨਤ ਤਾਂ ਮਨਜ਼ੂਰ ਹੋਣੀ ਸੀ, ਜੇ ਤਫ਼ਤੀਸ਼ ਵਿਚ ਸ਼ਾਮਲ ਹੋਇਆ ਜਾਵੇ। ਇਕ ਵਾਰ ਜੇ ਤਫ਼ਤੀਸ਼ ਵਿਚ ਸ਼ਾਮਲ ਹੋ ਗਏ, ਫੇਰ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਸੀ। ਇਸ ਆਧਾਰ 'ਤੇ ਪਹਿਲਾਂ ਤਾਂ ਸਾਧੂ ਸਿੰਘ ਨੇ ਹੀ ਜ਼ਮਾਨਤ ਲੈ ਲੈਣੀ ਸੀ। ਉਸਨੇ ਨਾਂਹ ਕਰ ਦਿੱਤੀ ਤਾਂ ਹਾਈ ਕੋਰਟੋਂ ਜ਼ਮਾਨਤ ਵੱਟ 'ਤੇ ਸੀ।

ਪਰ ਪੰਕਜ ਖ਼ਤਰਾ ਮੰਨ ਰਿਹਾ ਸੀ। ਬਦਲੇ ਹਲਾਤਾਂ ਵਿਚ ਪੁਲਿਸ ਨੇ ਉਨ੍ਹਾਂ ਨੂੰ ਸ਼ਾਮਲ ਤਫ਼ਤੀਸ਼ ਨਹੀਂ ਸੀ ਕਰਨਾ।

"ਕਿਉਂ ਨਹੀਂ ਕਰਨਾ? ਅਦਾਲਤ ਦਾ ਹੁਕਮ ਸਾਡੇ ਕੋਲ ਹੈ। ਜੇ ਕਪਤਾਨ ਜਾਂ ਡੀ.ਆਈ.ਜੀ. ਮਦਦ ਕਰੇ ਤਾਂ ਤਫ਼ਤੀਸ਼ ਵਿਚ ਸ਼ਾਮਲ ਹੋਣ ਵਿਚ ਕੋਈ ਅੜਚਨ ਨਹੀਂ ਹੈ।"

ਸਿੰਗਲੇ ਦੇ ਕਹਿਣ ਤੇ ਮੇਲੂ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਗਿਆ। ਉਸ ਰਾਹੀਂ ਜਾਣਿਆ ਜਾਵੇ ਕਿ ਪੁਲਿਸ ਇਨ੍ਹਾਂ ਖ਼ਬਰਾ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈਂਦੀ ਹੈ।

ਪੁਲਿਸ ਕਪਤਾਨ ਨੇ ਚੌਵੀ ਘੰਟੇ ਦੇ ਅੰਦਰ-ਅੰਦਰ ਦੋ ਅਸਲ ਦੋਸ਼ੀਆਂ ਨੂੰ ਫੜ ਕੇ ਮੁੱਖ-ਮੰਤਰੀ ਦਾ ਵਿਸ਼ਵਾਸ ਜਿੱਤ ਲਿਆ ਸੀ। ਇਕ ਦੋ ਭਾਸ਼ਣਾਂ ਵਿਚ ਉਹ ਕਪਤਾਨ ਦੀ ਇਸ ਕਾਰਗੁਜ਼ਾਰੀ ਦੀ ਤਾਰੀਫ਼ ਕਰ ਚੁੱਕਾ ਸੀ। ਮੁੱਖ-ਮੰਤਰੀ ਦੀ ਹੋ ਰਹੀ ਤਫ਼ਤੀਸ਼ 'ਤੇ ਤਸੱਲੀ ਸੀ। ਕਪਤਾਨ ਨੂੰ ਕਿਸੇ ਪਾਸਿਉਂ ਕੋਈ ਖ਼ਤਰਾ ਨਹੀਂ ਸੀ।

ਪੁਲਿਸ ਅਧਿਕਾਰੀਆਂ ਨੂੰ ਇਨ੍ਹਾਂ ਖ਼ਬਰਾਂ ਦੀ ਬਹੁਤੀ ਪਰਵਾਹ ਨਹੀਂ ਸੀ ਹੋਣੀ ਚਾਹੀਦੀ। ਆਪਣੇ ਉੱਚ-ਅਧਿਕਾਰੀਆਂ ਨੂੰ ਵਿਸ਼ਵਾਸ ਵਿਚ ਲੈ ਕੇ ਉਹ ਆਪਣੀ ਹਾਥੀਆਂ ਵਾਲੀ ਮਸਤ ਚਾਲ ਚੱਲਦੇ ਰਹਿੰਦੇ ਹਨ।

ਮੇਲੂ ਦਾ ਮੋਬਾਈਲ ਫ਼ੋਨ ਬੰਦ ਸੀ। ਘਰ ਫ਼ੋਨ ਕੀਤਾ। ਪਤਾ ਲੱਗਾ ਅਖਾੜੇ ਵਿਚ ਗਿਆ ਹੈ। ਅਖਾੜੇ ਤੋਂ ਪਤਾ ਲੱਗਾ ਡੇਅਰੀ ਚਲਾ ਗਿਆ। ਡੇਅਰੀ ਵਾਲਿਆਂ ਪਹਿਲਾਂ ਆਖਿਆ ਗੱਲ ਕਰਾਉਂਦੇ ਹਾਂ। ਫੇਰ ਪੁੱਛਿਆ ਕੌਣ ਬੋਲਦਾ ਹੈ? ਪੰਕਜ ਦਾ ਨਾਂ ਫ਼ੋਨ ਸੁਣਨ ਵਾਲੇ ਨੇ ਅੱਗੇ ਦੱਸਿਆ। ਅਗੋਂ ਜਵਾਬ ਆਇਆ "ਆਖਦੇ ਬਾਹਰ ਗਏ ਹਨ। ਕੱਲ੍ਹ ਮਿਲਣਗੇ।"

ਮੇਲੂ ਦੀ ਇਸ ਹਰਕਤ ਦੇ ਸੰਕੇਤ ਸਪੱਸ਼ਟ ਸਨ। ਅਫ਼ਸਰ ਖ਼ਬਰਾਂ 'ਤੇ ਖਫ਼ਾ ਸਨ। ਹਾਲ ਦੀ ਘੜੀ ਕਿਸੇ ਮਦਦ ਦੀ ਕੋਈ ਸੰਭਾਵਨਾ ਨਹੀਂ ਸੀ।

ਫ਼ਿਕਰ ਵਾਲੀ ਕੋਈ ਗੱਲ ਨਹੀਂ ਸੀ। ਹਾਲੇ ਦੋ ਦਿਨ ਬਾਕੀ ਸਨ। ਦੋ ਦਿਨਾਂ ਵਿਚ ਦਿੱਲੀ ਫ਼ਤਹਿ ਹੋ ਸਕਦੀ ਸੀ। ਇਹ ਕਿਹੜਾ ਮਸਲਾ ਸੀ?

ਸਿੰਗਲੇ ਨੇ ਪੰਕਜ ਹੋਰਾਂ ਦਾ ਹੌਸਲਾ ਵਧਾਇਆ।

ਹਾਲੇ ਮੂੰਹ ਹਨੇਰਾ ਸੀ। ਸਭ ਅਫ਼ਸਰ ਸੁੱਤੇ ਹੋਏ ਸਨ। ਦਿਨ ਚੜ੍ਹਨ 'ਤੇ ਫੇਰ ਯਤਨ ਕੀਤੇ ਜਾਣਗੇ।

ਕੁਝ ਵੀ ਹੋਵੇ ਉਹ ਪੇਸ਼ਗੀ ਜ਼ਮਾਨਤ ਹਾਸਲ ਕਰਕੇ ਰਹਿਣਗੇ।



## -37-

ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਉਪਰ ਅੱਜ ਆਖ਼ਰੀ ਸੁਣਵਾਈ ਸੀ।

ਅੱਜ ਵੀ ਦਰਖ਼ਾਸਤ ਪਹਿਲੇ ਨੰਬਰ 'ਤੇ ਲੱਗੀ ਸੀ। ਪਰ ਇਸ ਵਾਰ ਹਾਲਾਤ ਪਹਿਲਾਂ ਨਾਲੋਂ ਉਲਟ ਸਨ।

ਪਹਿਲਾ ਮੁੱਖ ਅਫ਼ਸਰ ਲਾਈਨ ਹਾਜ਼ਰ ਕਰ ਦਿੱਤਾ ਗਿਆ ਸੀ। ਨਵਾਂ ਮੁੱਖ ਅਫ਼ਸਰ ਮਿਸਲ ਘੰਟਾ ਪਹਿਲਾਂ ਲੈ ਆਇਆ ਸੀ। ਕੇਸ ਦੇ ਸੰਖੇਪ ਹਾਲਾਤ ਉਸਨੇ ਜ਼ੁਬਾਨੀ ਯਾਦ ਕਰ ਰੱਖੇ ਸਨ। ਸਰਕਾਰੀ ਵਕੀਲ ਦੀ ਸਹੂਲਤ ਲਈ ਉਸਨੇ ਇਕ ਲਿਖਤੀ ਨੋਟ ਤਿਆਰ ਕਰ ਲਿਆ ਸੀ। ਅਹਿਮ ਗਵਾਹਾਂ ਅਤੇ ਦਸਤਾਵੇਜ਼ਾਂ ਉਪਰ ਉਸਨੇ ਫਲੈਗ ਲਗਾ ਲਏ ਸਨ।

ਪਹਿਲੇ ਸਰਕਾਰੀ ਵਕੀਲ ਨੂੰ ਹੇਠਲੀ ਅਦਾਲਤ ਵਿਚ ਬਦਲ ਦਿੱਤਾ ਗਿਆ ਸੀ। ਨਵਾਂ ਸਰਕਾਰੀ ਵਕੀਲ ਪੂਰੀ ਤਿਆਰੀ ਕਰਕੇ ਆਇਆ ਸੀ। ਕੱਲ੍ਹ ਰਾਮ ਨਾਥ ਉਸਨੂੰ ਮਿਲਿਆ ਸੀ। ਅੱਧੇ ਘੰਟੇ ਦੀ ਵਿਹਲ ਕੱਢ ਕੇ ਉਸਨੇ ਰਾਮ ਨਾਥ ਵੱਲੋਂ ਸੁਝਾਏ ਹਰ ਨੁਕਤੇ ਨੂੰ ਗਹੁ ਨਾਲ ਸੁਣਿਆ ਅਤੇ ਸਮਝਿਆ ਸੀ। ਕੁਝ ਅਹਮਿ ਫੈਸਲਿਆਂ ਦੀਆਂ ਨਕਲਾਂ ਉਹ ਘਰੋਂ ਲੈ ਕੇ ਆਇਆ ਸੀ। ਇਨ੍ਹਾਂ ਫੈਸਲਿਆਂ ਦੇ ਆਧਾਰ 'ਤੇ ਦਰਖ਼ਾਸਤ ਰੱਦ ਕਰਾਏ ਜਾਣ ਦਾ ਯਤਨ ਕੀਤਾ ਜਾਣਾ ਸੀ।

ਇਸ ਵਾਰ ਸਰਕਾਰੀ ਵਕੀਲ ਦੇ ਦਫ਼ਤਰ ਬਾਹਰ ਜੁੜੀ ਭੀੜ ਦੇ ਚਿਹਰਿਆਂ ਉੱਪਰ ਰੌਣਕ ਅਤੇ ਉਤਸ਼ਾਹ ਸੀ।

ਸਿੰਗਲਾ ਨਵੇਂ ਸਰਕਾਰੀ ਵਕੀਲ ਨਾਲ ਸੰਪਰਕ ਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ। ਨੌਂ ਵਜੇ ਤਕ ਕਿਸੇ ਨੂੰ ਪਤਾ ਨਹੀਂ ਸੀ ਕਿ ਇਸ ਅਦਾਲਤ ਵਿਚ ਕਿਸ ਸਰਕਾਰੀ ਵਕੀਲ ਨੇ ਜਾਣਾ ਹੈ। ਜਦੋਂ ਸੁਦਰਸ਼ਨ ਕੁਮਾਰ ਇਸ ਮਿਸਲ ਦੇ ਤੱਥ ਨੋਟ ਕਰਨ ਲੱਗਾ ਫੇਰ ਪਤਾ ਲੱਗਾ ਅੱਜ ਉਸਦੀ ਵਾਰੀ ਸੀ।

ਇਹ ਸਰਕਾਰੀ ਵਕੀਲ ਸੀ ਤਾਂ ਦੂਜਿਆਂ ਨਾਲੋਂ ਜੂਨੀਅਰ, ਪਰ ਕੰਮ ਦੂਜਿਆਂ ਨਾਲੋਂ ਵੱਧ ਜਾਣਦਾ ਸੀ। ਬਹੁਤਾ ਲਾਲਚੀ ਨਹੀਂ ਸੀ। ਜੋ ਮਿਲ ਗਿਆ, ਲੈ ਲੈਂਦਾ ਸੀ। ਇਕ ਉਸ ਵਿਚ ਹੋਰ ਗੁਣ ਸੀ। ਜਦੋਂ ਪੈਸੇ ਲੈ ਲਏ, ਫੇਰ ਕੰਮ ਕਰਾਉਣ ਦਾ ਯਤਨ ਕਰਦਾ ਸੀ। ਕੰਮ ਦਾ ਭੇਤੀ ਸੀ। ਕਿਸੇ ਨਾ ਕਿਸੇ ਮੋਰੀ ਨਿਕਲ ਕੇ ਕੰਮ ਕਰਾ ਲੈਂਦਾ ਸੀ। ਆਪਣੇ ਇਨ੍ਹਾਂ ਗੁਣਾਂ ਕਰਕੇ ਉਹ ਵਕੀਲਾਂ ਅਤੇ ਸਾਇਲਾਂ ਵਿਚ ਸਤਿਕਾਰਿਆ ਜਾਂਦਾ ਸੀ।

ਪਹਿਲੇ ਸਰਕਾਰੀ ਵਕੀਲ ਨਾਲ ਸ਼ਰੇਆਮ ਘੁੰਮ ਕੇ ਸਿੰਗਲਾ ਗ਼ਲਤੀ ਕਰ ਚੁੱਕਾ ਸੀ। ਉਹ ਹੁਣ ਉਸ ਗ਼ਲਤੀ ਨੂੰ ਦੁਹਰਾਉਣਾ ਨਹੀਂ ਸੀ ਚਾਹੁੰਦਾ।

ਉਹ ਨਵੇਂ ਸਰਕਾਰੀ ਵਕੀਲ ਨਾਲ ਗੱਲ ਕਰੇ ਤਾਂ ਕਿਸ ਤਰ੍ਹਾਂ?

ਸੋਚ-ਵਿਚਾਰ ਕੇ ਸਿੰਗਲੇ ਨੇ ਜੁਗਤ ਲੜਾਈ। ਆਪਣੇ ਮੁਨਸ਼ੀ ਰਾਹੀਂ ਉਸਨੇ ਨਾਇਬ ਕੋਰਟ ਨਾਲ ਸੰਗਲੀ ਅੜਾਈ। ਦਸ ਹਜ਼ਾਰ ਦੀ ਗੁੱਟੀ ਉਸਦੇ ਹੱਥ ਫੜਾਈ। ਕਿਵੇਂ ਨਾ ਕਿਵੇਂ ਉਹ ਸੁਦਰਸ਼ਨ ਨੂੰ ਮੁਦਈ ਦੇ ਚੁੰਗਲ ਵਿਚੋਂ ਛੁਡਾਏ ਅਤੇ ਸਿੰਗਲੇ ਦਾ ਸੁਨੇਹਾ ਪਹੁੰਚਾਏ।

ਬਾਕੀ ਕੰਮ ਵਿਚੇ ਛੱਡ ਕੇ ਨਾਇਬ ਕੋਰਟ ਸਰਕਾਰੀ ਵਕੀਲ ਦੇ ਦਫ਼ਤਰ ਅੱਗੇ ਜਾ ਖੜੋਤਾ।

ਨਾਇਬ ਕੋਰਟ ਦੀ ਫ਼ੀਸ ਸੌ ਰੁਪਿਆ ਸੀ। ਹੁਣ ਉਸਦੇ ਬੋਝੇ ਹਜ਼ਾਰ ਪਿਆ ਸੀ। ਨਾਇਬ ਕੋਰਟ ਨੂੰ ਆਪਣੀ ਫ਼ੀਸ ਹਜ਼ਮ ਕਰਨ ਦੀ ਕਾਹਲ ਸੀ। ਉਹ ਫ਼ੀਸ ਮਿਲਣ ਦੀ ਖ਼ਬਰ ਸਰਕਾਰੀ ਵਕੀਲ ਦੇ ਕੰਨੀਂ ਪਾਏ ਅਤੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋਏ। ਅਗੋਂ ਸਰਕਾਰੀ ਵਕੀਲ ਜਾਣੇ, ਸਿੰਗਲਾ ਜਾਣੇ।

ਆਨੇ-ਬਹਾਨੇ ਕਈ ਵਾਰ ਨਾਇਬ ਕੋਰਟ ਸਰਕਾਰੀ ਵਕੀਲ ਕੋਲ ਗਿਆ। ਗੱਲ ਕਰਨ ਦਾ ਯਤਨ ਕੀਤਾ। ਇਸ਼ਾਰੇ ਕੀਤੇ। ਪਰ ਰਾਮ ਨਾਥ ਇਕ ਮਿੰਟ ਲਈ ਵੀ ਉਸਨੂੰ ਇਕੱਲਾ ਨਹੀਂ ਸੀ ਛੱਡ ਰਿਹਾ।

ਦੇਖਦੇ-ਦੇਖਦੇ ਦਸ ਵੱਜਣ ਵਿਚ ਪੰਜ ਮਿੰਟ ਰਹਿ ਗਏ। ਸਰਕਾਰੀ ਵਕੀਲ ਦਾ ਅਦਾਲਤ ਜਾਣ ਦਾ ਸਮਾਂ ਹੋ ਗਿਆ।

ਪੂਰੇ ਦਸ ਵਜੇ ਪਹਿਲੀ ਆਵਾਜ਼ ਪੈਣੀ ਸੀ।

"ਚਲੀਏ ਜਨਾਬ! ਦਸ ਵੱਜਣ ਵਾਲੇ ਨੇ।" ਜਦੋਂ ਰਾਮ ਨਾਥ ਨੇ ਸਰਕਾਰੀ ਵਕੀਲ ਕੋਲੋਂ ਉਠਣ ਦਾ ਨਾਂ ਹੀ ਨਾ ਲਿਆ ਤਾਂ ਨਾਇਬ ਕੋਰਟ ਨੇ ਹੋ ਚੁੱਕੇ ਸਮੇਂ ਦੀ ਯਾਦ ਕਰਵਾ ਕੇ ਉਸਨੂੰ ਕੁਰਸੀ ਤੋਂ ਉਠਾਉਣ ਦਾ ਯਤਨ ਕੀਤਾ।

"ਹਾਂ ਚੱਲ! ਮਿਸਲਾਂ ਸੰਭਾਲ! ਆਹ ਕਿਤਾਬਾਂ ਵੀ ਚੁੱਕ ਲੈ....।"

ਮਿਸਲਾਂ ਅਤੇ ਕਿਤਾਬਾਂ ਨਾਇਬ ਕੋਰਟ ਦੇ ਹਵਾਲੇ ਕਰਕੇ ਸੁਦਰਸ਼ਨ ਉੱਠ ਖੜੋਤਾ।

ਸੁਦਰਸ਼ਨ ਤੇਜ਼ ਤੁਰਨ ਦਾ ਆਦੀ ਸੀ। ਉਸਦੀ ਇਸ ਆਦਤ ਦਾ ਨਾਇਬ ਕੋਰਟ ਨੂੰ ਪਤਾ ਸੀ।

ਉਸੇ ਰਫ਼ਤਾਰ ਨਾਲ ਨਾਇਬ ਕੋਰਟ ਨੇ ਸਰਕਾਰੀ ਵਕੀਲ ਦੇ ਕਦਮ ਨਾਲ ਕਦਮ ਮਿਲਾਉਣਾ ਸ਼ੁਰੂ ਕਰ ਦਿੱਤਾ।

ਰਾਮ ਨਾਥ ਬਹੁਤ ਪਿੱਛੇ ਰਹਿ ਚੁੱਕਾ ਸੀ।

ਆਲਾ-ਦੁਆਲਾ ਘੋਖ ਕੇ ਨਾਇਬ ਕੋਰਟ ਨੇ ਸੁਦਰਸ਼ਨ ਦੇ ਕੰਨ ਵਿਚ ਘੁਸਰ-ਮੁਸਰ ਕੀਤੀ।

"ਜਨਾਬ ਸਿੰਗਲੇ ਨੇ ਦਸ ਹਜ਼ਾਰ ਭੇਜਿਆ ਹੈ। ਮੇਰੀ ਜ਼ੇਬ ਵਿਚ ਹੈ। ਕਹਿੰਦਾ ਹੈ ਮਦਦ ਕਰ ਦੇਣਾ।"

"ਤੂੰ ਮੈਨੂੰ ਮਰਵਾਏਂਗਾ। ਪਹਿਲੇ ਸਰਕਾਰੀ ਵਕੀਲ ਦਾ ਪਤਾ ਨਹੀਂ ਕੀ ਬਣੂ। ਮੁਦੱਈਆਂ ਦੇ ਸੂਹੀਏ ਸੀ.ਆਈ.ਏ. ਨਾਲੋਂ ਘੱਟ ਨਹੀਂ। ਫੜੇ ਜਾਵਾਂਗੇ। ਕੱਲ੍ਹ ਨੂੰ ਆਪਣੀ ਖ਼ਬਰ ਛਪ ਜਾਏਗੀ।"

ਸੁਦਰਸ਼ਨ ਜੋਖ਼ਮ ਲੈਣ ਨੂੰ ਤਿਆਰ ਨਹੀਂ ਸੀ।

"ਕੁਝ ਨਹੀਂ ਹੁੰਦਾ ਜਨਾਬ। ਮੈਂ ਆਪੇ ਸੰਭਾਲ ਲਊਂ।"

"ਤੂੰ ਇਕ ਕੰਮ ਕਰ। ਪਹਿਲਾਂ ਉਨ੍ਹਾਂ ਨਾਲ ਗੱਲ ਖੋਲ੍ਹ ਲੈ। ਸਾਨੂੰ ਥੋੜ੍ਹੀ ਬਹੁਤ ਬਹਿਸ ਕਰਨੀ ਪਊ। ਦੂਜੀ ਸ਼ਰਤ ਇਹ ਕਿ ਕੰਮ ਬਣੇ ਜਾਂ ਨਾ ਅਸੀਂ ਫ਼ੀਸ ਰੱਖ ਲੈਣੀ ਹੈ।"

"ਇਹ ਮੈਂ ਸਮਝਾ ਦਿੱਤਾ ਹੈ। ਉਹ ਤੁਹਾਡੀ ਬਹਿਸ ਕੋਲੋਂ ਡਰਦੇ ਹਨ। ਕਹਿੰਦੇ ਬਹੁਤਾ ਉੱਚੀ ਨਾ ਬੋਲਣਾ। ਸਹਿੰਦੀ-ਸਹਿੰਦੀ ਬਹਿਸ ਕਰਨਾ। ਕਿਤਾਬਾਂ ਘੱਟ ਪੇਸ਼ ਕਰਨੀਆਂ।"

"ਫੇਰ ਠੀਕ ਹੈ। ਦੇਖ ਲਵਾਂਗੇ।"

ਸੁਦਰਸ਼ਨ ਦੇ ਹਾਂ ਕਰਨ 'ਤੇ ਪਹਿਲਾਂ ਨਾਇਬ ਕੋਰਟ ਨੇ ਸੁੱਖ ਦਾ ਸਾਹ ਲਿਆ। ਫੇਰ ਮੁਲਜ਼ਮ ਧਿਰ ਨੇ।



ਸਰਕਾਰੀ ਵਕੀਲ ਦੇ ਅਦਾਲਤ ਵਿਚ ਵੜਦਿਆਂ ਹੀ ਘੁਸਰ-ਮੁਸਰ ਸ਼ੁਰੂ ਹੋ ਗਈ।

ਜੱਜ ਦੇ ਸੱਜੇ ਹੱਥ ਸਰਕਾਰੀ ਧਿਰ ਖੜ੍ਹੋ ਗਈ। ਖੱਬੇ ਹੱਥ ਮੁਲਜ਼ਮ ਧਿਰ।

ਜੱਜ ਦੇ ਬਿਲਕੁਲ ਸਾਹਮਣੇ ਪੰਦਰਾਂ ਕੁ ਕੁਰਸੀਆਂ ਪਈਆਂ ਸਨ, ਜਿਨ੍ਹਾਂ ਉਪਰ ਹੋਰ ਮੁਕੱਦਮਿਆਂ ਦੀ ਬਹਿਸ ਕਰਨ ਆਏ ਵਕੀਲ ਬੈਠੇ ਸਨ। ਕੁਰਸੀਆਂ ਦੇ ਪਿੱਛੇ ਬੈਂਚ ਸਨ, ਜਿਹੜੇ ਆਮ ਜਨਤਾ ਲਈ ਸਨ। ਇਨ੍ਹਾਂ ਬੈਂਚਾਂ ਉਪਰ ਪੰਕਜ ਹੋਰਾਂ ਦੇ ਸਮਰਥਕਾਂ ਨੇ ਕਬਜ਼ਾ ਕਰ ਰੱਖਿਆ ਸੀ। ਮੁਦਈ ਧਿਰ ਦੇ ਸਮਰਥਕ ਸਰਕਾਰੀ ਵਕੀਲ ਦੇ ਪਿੱਛੇ ਬਚੀ ਖਾਲੀ ਥਾਂ ਉਪਰ ਖੜ੍ਹੋ ਗਏ।

ਕੁਝ ਪੱਤਰਕਾਰ ਵੀ ਆਏ ਸਨ। ਉਹ ਹੱਥਾਂ ਵਿਚ ਨੋਟ-ਬੁੱਕ ਫੜੀ ਕਿਸੇ ਅਜਿਹੀ ਥਾਂ ਖੜ੍ਹੋਨ ਲਈ ਤਰਲੋ-ਮੱਛੀ ਹੋ ਰਹੇ ਸਨ, ਜਿਥੋਂ ਦੋਹਾਂ ਧਿਰਾਂ ਦੀ ਬਹਿਸ ਅਸਾਨੀ ਨਾਲ ਸੁਣੀ ਜਾ ਸਕੇ।

ਅੱਜ ਸਕੂਲਾਂ ਵਿਚ ਛੁੱਟੀ ਸੀ, ਕਈ ਦਿਨਾਂ ਤੋਂ ਇਸ ਕੇਸ ਦੇ ਕਿੱਸੇ ਅਖ਼ਬਾਰਾਂ ਵਿਚ ਛਪ ਰਹੇ ਸਨ। ਅੱਜ ਹੋਣ ਵਾਲੀ ਅੰਤਿਮ ਬਹਿਸ ਦੀ ਖ਼ਬਰ ਮੋਟੀਆਂ ਸੁਰਖ਼ੀਆਂ ਵਿਚ ਲੱਗੀ ਸੀ। ਜ਼ਿੱਦ ਕਰਕੇ ਕੁਝ ਬੱਚੇ ਆਪਣੇ ਮਾਪਿਆਂ ਨਾਲ ਕਚਹਿਰੀ ਆ ਗਏ ਸਨ। ਟੀ.ਵੀ. ਉਪਰ ਆਉਂਦੇ ਨਾਟਕਾਂ ਅਤੇ ਫ਼ਿਲਮਾਂ ਵਿਚ ਉਹ ਅਦਾਲਤ ਦੇ ਸੀਨ ਅਕਸਰ ਵੇਖਦੇ ਸਨ। ਮਿੰਟਾਂ ਵਿਚ ਵਕੀਲ ਕੇਸ ਦਾ ਪਾਸਾ ਪਲਟ ਦਿੰਦੇ ਸਨ। ਅੱਜ ਉਹ ਵਕੀਲਾਂ ਦੀ ਨੋਕ-ਝੋਕ ਅੱਖੀਂ ਦੇਖਣ ਆਏ ਸਨ।

ਵੱਡਿਆਂ ਨੇ ਬੱਚਿਆਂ ਦਾ ਸਤਿਕਾਰ ਕੀਤਾ। ਉਨ੍ਹਾਂ ਨੂੰ ਸਭ ਤੋਂ ਅੱਗੇ ਖੜ੍ਹੋ ਕੇ ਕਾਰਵਾਈ ਦੇਖਣ ਅਤੇ ਸੁਣਨ ਦਾ ਮੌਕਾ ਦਿੱਤਾ।

ਸਰਕਾਰੀ ਵਕੀਲ ਦੇ ਬਹਿਸ ਸ਼ੁਰੂ ਕਰਦਿਆਂ ਹੀ ਚਾਰੇ ਪਾਸੇ ਸੰਨਾਟਾ ਛਾ ਗਿਆ। ਸਭ ਨੇ ਸਾਹ ਘੁੱਟ ਲਏ। ਸਰਕਾਰੀ ਵਕੀਲ ਪਤਾ ਨਹੀਂ ਕਿਸ-ਕਿਸ ਰਹੱਸ ਤੋਂ ਪਰਦਾ ਚੁੱਕਣ ਜਾ ਰਿਹਾ ਸੀ।

ਸਰਕਾਰੀ ਵਕੀਲ ਨੇ ਪਹਿਲਾਂ ਵੇਦ ਅਤੇ ਮੋਹਨ ਦੇ ਪਰਿਵਾਰਾਂ ਦਾ ਪਿਛੋਕੜ ਦੱਸਿਆ। ਉਨ੍ਹਾਂ ਦਾ ਅਸਲੀ ਸ਼ਹਿਰ ਕਿਹੜਾ ਸੀ। ਉਹ ਮਾਇਆ ਨਗਰ ਕਦੋਂ ਅਤੇ ਕਿਉਂ ਆਏ? ਉਨ੍ਹਾਂ ਵਿਚ ਕੀ-ਕੀ ਸਾਂਝਾ ਸੀ ਅਤੇ ਹੁਣ ਕਿਸ ਗੱਲ ਕਾਰਨ ਪੁਆੜਾ ਪਿਆ ਸੀ।

ਫੇਰ ਉਸਨੇ ਹੋਈ ਵਾਰਦਾਤ ਦਾ ਵੇਰਵਾ ਦਿੱਤਾ। ਕਿਸ ਸਮੇਂ ਕੋਠੀ ਵਿਚ ਕੌਣ-ਕੌਣ ਮੌਜੂਦ ਸੀ। ਕਿਸ-ਕਿਸ ਮੁਲਜ਼ਮ ਨੇ, ਕਿਸ ਕਿਸ ਮਜਰੂਬ ਦੇ, ਕਿਸ-ਕਿਸ ਹਥਿਆਰ ਨਾਲ, ਕਿਥੇ-ਕਿਥੇ ਸੱਟ ਮਾਰੀ। ਕਿਹੜਾ-ਕਿਹੜਾ ਸਮਾਨ ਲੁੱਟਿਆ। ਕਿਹੜਾ-ਕਿਹੜਾ ਮੁਲਜ਼ਮ ਕਦੋਂ ਫੜਿਆ। ਉਸ ਕੋਲੋਂ ਲੁੱਟ ਦਾ ਕਿਹੜਾ-ਕਿਹੜਾ ਸਮਾਨ ਬਰਾਮਦ ਹੋਇਆ।

ਸਰਕਾਰੀ ਵਕੀਲ ਇਹ ਸਭ ਕੁਝ ਮਿਸਲ ਵਿਚੋਂ ਪੜ੍ਹ-ਪੜ੍ਹ ਸੁਣਾ ਰਿਹਾ ਸੀ। ਉਸਦਾ ਅਟਕ ਅਟਕ ਕੇ ਪੜ੍ਹਨਾ ਸਭ ਨੂੰ ਉਕਤਾ ਰਿਹਾ ਸੀ।

ਪੰਜ ਚਾਰ ਮਿੰਟਾਂ ਬਾਅਦ ਦਰਸ਼ਕਾਂ ਵਿਚ ਛਾਈ ਖ਼ਾਮੋਸ਼ੀ ਟੁੱਟਣ ਲੱਗੀ। ਬੱਚਿਆਂ ਵਿਚ ਸਭ ਤੋਂ ਵੱਧ ਬੇਚੈਨੀ ਸੀ। ਉਹ ਆਪਸ ਵਿਚ ਘੁਸਰ ਮੁਸਰ ਕਰਨ ਲੱਗੇ। ਇਹ ਸਭ ਉਨ੍ਹਾਂ ਨੇ ਅਖ਼ਬਾਰ ਵਿਚੋਂ ਪੜ੍ਹ ਰੱਖਿਆ ਸੀ। ਸਰਕਾਰੀ ਵਕੀਲ ਕਿਹੜੀ ਨਵੀਂ ਗੱਲ ਦੱਸ ਰਿਹਾ ਸੀ? ਉਹ ਇਕ ਦੂਜੇ ਤੋਂ ਪੁੱਛਣ ਲੱਗੇ।

"ਪਾਪਾ ਕੀ ਇਹੋ ਬਹਿਸ ਹੈ?" ਇਕ ਬੱਚੇ ਨੇ, ਜੋ ਜ਼ਿਆਦਾ ਹੀ ਉਕਤਾ ਗਿਆ

ਸੀ, ਆਪਣੇ ਪਾਪਾ ਤੋਂ ਪੁੱਛਿਆ।

"ਚੁੱਪ!" ਦਬਕਾ ਮਾਰ ਕੇ ਪਾਪਾ ਨੇ ਬੱਚੇ ਨੂੰ ਚੁੱਪ ਕਰਵਾ ਦਿੱਤਾ। ਬੱਚਾ ਸੀ। ਉਸਨੂੰ ਨਹੀਂ ਸੀ ਪਤਾ ਅਦਾਲਤ ਦੀ ਕਾਰਵਾਈ ਉਪਰ ਉਂਗਲ ਚੁੱਕਣਾ ਅਦਾਲਤ ਦੀ ਤੌਹੀਨ ਸਮਝੀ ਜਾਂਦੀ ਸੀ ਅਤੇ ਇਸ ਗੁਸਤਾਖ਼ੀ ਬਦਲੇ ਸਜ਼ਾ ਹੋ ਸਕਦੀ ਸੀ।

ਬੱਚਾ ਸਹਿਮ ਗਿਆ। ਚੁੱਪ ਕਰਕੇ ਉਹ ਬਹਿਸ ਦਾ ਅਗਲਾ ਹਿੱਸਾ ਸਮਝਣ ਦਾ ਯਤਨ ਕਰਨ ਲੱਗਾ।

ਸਰਕਾਰੀ ਵਕੀਲ ਦੀ ਸੁਰ ਉੱਚੀ ਹੋਣ ਲੱਗੀ। ਉਸ ਵਿਚ ਗੁੱਸਾ ਵੀ ਰਲਣ ਲਗਾ।

ਉਹ ਪੰਕਜ ਅਤੇ ਨੀਰਜ ਨੂੰ ਫਟਕਾਰਨ ਲਗਾ। ਪੰਕਜ ਹੋਰਾਂ ਵੱਲੋਂ ਠੇਕੇਦਾਰ ਨੂੰ ਦਿੱਤੀ ਸੁਪਾਰੀ ਅਤੇ ਮੋਬਾਈਲ ਫ਼ੋਨ ਉਪਰ ਘੜੀ ਸਾਜ਼ਿਸ਼ ਦੇ ਵੇਰਵੇ ਦੇਣ ਲੱਗਾ। ਪੰਕਜ ਦੀਆਂ ਫੈਕਟਰੀਆਂ ਦੇ ਰਜਿਸਟਰ ਅਤੇ ਉਨ੍ਹਾਂ ਦੇ ਇੰਦਰਾਜ ਜੱਜ ਨੂੰ ਦਿਖਾਉਣ ਲੱਗਾ।

ਅਖ਼ੀਰ ਵਿਚ ਉਸਨੇ ਠੇਕੇਦਾਰ ਅਤੇ ਉਸਦੇ ਭਤੀਜੇ ਪੰਡਿਤ ਦੇ ਇਕਬਾਲੀਆ ਬਿਆਨ ਪੜ੍ਹਕੇ ਸੁਣਾਏ।

ਫੇਰ ਉਸਨੇ ਅਦਾਲਤ ਤੋਂ ਮੰਗ ਕੀਤੀ। ਤਫ਼ਤੀਸ਼ ਅਧੂਰੀ ਸੀ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਪੁਲਿਸ ਦਾ ਸਾਥ ਨਹੀਂ ਸੀ ਦਿੱਤਾ। ਜਿੰਨਾ ਚਿਰ ਦੋਸ਼ੀਆਂ ਦੀ ਪੁਲਿਸ ਹਿਰਾਸਤ ਵਿਚ ਪੁੱਛਗਿੱਛ ਨਹੀਂ ਹੁੰਦੀ, ਉਨਾ ਚਿਰ ਹਨੇਰਿਆਂ ਵਿਚ ਘੜੀਆਂ ਸਾਜ਼ਿਸ਼ਾਂ ਨੂੰ ਉਜਾਗਰ ਨਹੀਂ ਸੀ ਕੀਤਾ ਜਾ ਸਕਦਾ।

ਦੋਸ਼ੀ ਧਿਰ ਬਹੁਤ ਅਮੀਰ ਸੀ। ਬਾਹਰ ਰਹਿ ਕੇ ਇਨ੍ਹਾਂ ਨੇ ਪੈਸੇ ਨਾਲ ਗਵਾਹਾਂ ਨੂੰ ਖਰੀਦ ਲੈਣਾ ਸੀ। ਜਿਹੜੇ ਖਰੀਦੇ ਨਹੀਂ ਜਾ ਸਕਦੇ, ਉਨ੍ਹਾਂ ਨੂੰ ਡਰਾ ਜਾਂ ਮਰਵਾ ਦੇਣਾ ਸੀ। ਗਵਾਹੀਆਂ ਭੁਗਤ ਜਾਣ ਤਕ ਉਨ੍ਹਾਂ ਦਾ ਜੇਲ੍ਹ ਅੰਦਰ ਰਹਿਣਾ ਜ਼ਰੂਰੀ ਸੀ।

ਆਪਣੀ ਬਹਿਸ ਖ਼ਤਮ ਕਰਨ ਬਾਅਦ ਸਰਕਾਰੀ ਵਕੀਲ ਨੇ ਰਾਮ ਨਾਥ ਨੂੰ ਬੋਲਣ ਦੀ ਇਜਾਜ਼ਤ ਦਿੱਤੀ। ਉਹ ਚਾਹੇ ਤਾਂ ਸਥਿਤੀ ਹੋਰ ਸਪੱਸ਼ਟ ਕਰ ਸਕਦਾ ਸੀ।

ਰਾਮ ਨਾਥ ਕੋਲ ਕਹਿਣ ਲਈ ਵਾਧੂ ਕੁਝ ਨਹੀਂ ਸੀ। ਸਰਕਾਰੀ ਵਕੀਲ ਸਭ ਕੁਝ ਕਹਿ ਚੁੱਕਾ ਸੀ। ਉਸਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

"ਫ਼ਿਲਮਾਂ ਵਾਲੇ ਸਵਾਲ ਜਵਾਬ ਤਾਂ ਹੋਏ ਨਹੀਂ।" ਇਕ ਬੱਚੇ ਨੇ ਦੂਜੇ ਨੂੰ ਪੁੱਛਿਆ। ਦੂਜੇ ਨੇ ਇਹੋ ਪ੍ਰਸ਼ਨ ਆਪਣੇ ਪਾਪਾ ਅੱਗੇ ਰੱਖਿਆ ਜਿਹੜਾ ਅਕਸਰ ਕਚਹਿਰੀ ਆਉਂਦਾ ਜਾਂਦਾ ਰਹਿੰਦਾ ਸੀ।

"ਇਥੇ ਇਸੇ ਤਰ੍ਹਾਂ ਹੁੰਦਾ ਹੈ। ਫ਼ਿਲਮਾਂ ਵਿਚ ਝੂਠ-ਮੂਠ ਹੁੰਦਾ ਹੈ। ਸਿਰ ਨਾ ਖਾਓ। ਚੁੱਪ ਕਰਕੇ ਸੁਣਦੇ ਰਹੋ। ਨਹੀਂ ਤਾਂ ਬਾਹਰ ਚਲੇ ਜਾਓ।"

ਪਾਪਾ ਨੂੰ ਕਿਸੇ ਅਰਦਲੀ ਕੋਲੋਂ ਪੈਣ ਵਾਲੀ ਝਿੜਕ ਦਾ ਡਰ ਸੀ। ਅਰਦਲੀ ਦੀ ਝਿੜਕ ਤੋਂ ਪਹਿਲਾਂ ਹੀ ਉਸਨੇ ਬੱਚਿਆਂ ਨੂੰ ਝਿੜਕ ਦਿੱਤਾ।

ਚੁੱਪ ਕਰਕੇ ਬੱਚੇ ਹੁਕਮ ਦੀ ਪਾਲਣਾ ਕਰਨ ਲੱਗੇ।

ਬਾਬੂ ਨੰਦ ਲਾਲ ਨੇ ਵੀ ਆਪਣੀ ਬਹਿਸ ਦੋਹਾਂ ਪਰਿਵਾਰਾਂ ਦੇ ਪਿਛੋਕੜ ਤੋਂ ਸ਼ੁਰੂ ਕੀਤੀ। ਪਰ ਨੰਦ ਲਾਲ ਦਾ ਇਹ ਪਿਛੋਕੜ ਦੱਸਣ ਦਾ ਮਕਸਦ ਸਰਕਾਰੀ ਵਕੀਲ ਨਾਲੋਂ ਵੱਖਰਾ ਸੀ।

ਇਹ ਮੋਹਨ ਲਾਲ ਦਾ ਆਪਣੇ ਭਰਾ ਪ੍ਰਤੀ ਪਿਆਰ ਸੀ, ਜਿਸਨੇ ਉਸਨੂੰ ਇਕ ਕਲਰਕ ਤੋਂ ਕਰੋੜਪਤੀ ਬਣਾਇਆ। ਕੋਈ ਬਦਨੀਅਤੀ ਹੁੰਦੀ, ਪਹਿਲਾਂ ਹੀ ਭਬੀਖਣ ਵਾਂਗ ਉਸਨੂੰ



ਸੋਨੇ ਦੀ ਲੰਕਾ ਵਿਚੋਂ ਬਾਹਰ ਕੱਢਿਆ ਹੁੰਦਾ। ਚਾਚੇ ਭਤੀਜਿਆਂ ਵਿਚ ਚਲਦੀ ਮੁਕੱਦਮੇਬਾਜ਼ੀ ਸਾਧਾਰਨ ਕਿਸਮ ਦੀ ਸੀ। ਮਾਇਆ ਨਗਰ ਵਿਚ ਅਜਿਹਾ ਕਿਹੜਾ ਪਰਿਵਾਰ ਹੈ, ਜਿਸਦੀ ਜਾਇਦਾਦ ਨੂੰ ਲੈ ਕੇ ਮੁਕੱਦਮੇਬਾਜ਼ੀ ਨਹੀਂ ਚੱਲਦੀ। ਦਸ ਲੱਖ ਦਾ ਪਲਾਟ ਪੰਕਜ ਹੋਰਾਂ ਲਈ ਬਹੁਤੀ ਅਹਿਮੀਅਤ ਨਹੀਂ ਰੱਖਦਾ। ਇਸ ਮੁਕੱਦਮੇ ਦੇ ਬਾਵਜੂਦ ਦੋਹਾਂ ਪਰਿਵਾਰਾਂ ਵਿਚ ਸੁੱਖ ਦੁੱਖ ਦੀ ਸਾਂਝ ਸੀ। ਤਿਥ ਤਿਉਹਾਰ 'ਤੇ ਆਉਣ ਜਾਣ ਸੀ। ਵੇਦ ਬਿਆਨ ਦੇਣ ਦੇ ਕਾਬਲ ਹੁੰਦਾ ਉਹ ਕਦੇ ਭਤੀਜਿਆਂ ਨੂੰ ਮੁਕੱਦਮੇ ਵਿਚ ਨਾ ਘੜੀਸਦਾ। ਉਸਦਾ ਰਿਸ਼ਤੇਦਾਰ ਸੋਚੀ-ਸਮਝੀ ਸਾਜ਼ਿਸ਼ ਤਹਿਤ ਇਕ ਅਮੀਰ ਪਰਿਵਾਰ ਨੂੰ ਮੁਕੱਦਮੇ ਵਿਚ ਘੜੀਸ ਰਿਹਾ ਸੀ। ਮਕਸਦ ਸਾਫ਼ ਸੀ। ਪੈਸਾ ਬਟੋਰਨਾ।

ਕਰੋੜਪਤੀ ਭਰਾਵਾਂ ਤੋਂ ਪੈਸੇ ਝਾੜਨ ਲਈ ਪੁਲਿਸ ਨੇ ਜੋ ਸਬੂਤ ਘੜੇ ਸਨ, ਉਹ ਕੋਈ ਅਹਿਮੀਅਤ ਨਹੀਂ ਰੱਖਦੇ। ਦੋ ਚਾਰ ਨਹੀਂ ਹਜ਼ਾਰਾਂ ਰਾਡ ਆਏ ਦਿਨ ਦੋਸ਼ੀਆਂ ਦੀ ਫੈਕਟਰੀ ਵਿਚ ਬਣਦੇ ਸਨ। ਪੰਜਾਹ ਰੁਪਏ ਇਸਦੀ ਕੀਮਤ ਸੀ। ਸਾਰਾ ਬਜ਼ਾਰ ਰਾਡਾਂ ਨਾਲ ਭਰਿਆ ਪਿਆ ਸੀ। ਜਿਸ ਦੁਕਾਨ ਤੋਂ ਮਰਜ਼ੀ ਖਰੀਦ ਲਓ। ਕੀ ਸਬੂਤ ਹੈ ਕਿ ਇਹ ਰਾਡ ਪੰਕਜ ਨੇ ਠੇਕੇਦਾਰ ਨੂੰ ਦਿੱਤਾ। ਕੋਈ ਕਮਲੇ ਤੋਂ ਕਮਲਾ ਬੰਦਾ ਵੀ ਜੁਰਮ ਕਰਦੇ ਸਮੇਂ ਆਪਣੇ ਟਰੇਡ ਮਾਰਕ ਵਾਲੇ ਹਥਿਆਰ ਨਹੀਂ ਵਰਤੇਗਾ। ਇਹ ਮੁੰਡੇ ਵੱਡੀਆਂ-ਵੱਡੀਆਂ ਡਿਗਰੀਆਂ ਲਈ ਫਿਰਦੇ ਸਨ। ਇਡੀ ਵੱਡੀ ਬੇਵਕੂਫ਼ੀ ਕਰਨ ਵਾਲੇ ਨਹੀਂ ਸਨ। ਮੌਕੇ ਤੋਂ ਬਰਾਮਦ ਹੋਏ ਬੈਗਾਂ ਵਰਗੇ ਹਜ਼ਾਰਾਂ ਬੈਗ ਪੰਕਜ ਹੋਰਾਂ ਨੇ ਆਪਣੇ ਵਰਕਰਾਂ ਵਿਚ ਵੰਡੇ ਸਨ। ਵੇਦ ਦੇ ਘਰ ਵੀ ਗਏ ਸਨ। ਇਹ ਕਿਸ ਤਰ੍ਹਾਂ ਆਖਿਆ ਜਾ ਸਕਦਾ ਸੀ ਕਿ ਬਰਾਮਦ ਹੋਏ ਬੈਗ ਨੀਰਜ ਨੇ ਠੇਕੇਦਾਰ ਨੂੰ ਦਿੱਤੇ ਸਨ। ਠੇਕੇਦਾਰ ਪੁਲਿਸ ਹਿਰਾਸਤ ਵਿਚ ਸੀ। ਉਸਦੀ ਡੇਅਰੀ ਵਿਚ ਜੋ ਚਾਹੋ ਲਿਖਵਾਇਆ ਜਾ ਸਕਦਾ ਸੀ। ਪੁਲਿਸ ਨੇ ਲਿਖਵਾ ਲਿਆ। ਮੋਬਾਈਲ ਫ਼ੋਨ ਪੰਕਜ ਦਾ ਹੈ ਹੀ ਨਹੀਂ। ਕੈਸ਼ ਕਾਰਡ ਵਾਲਾ ਫ਼ੋਨ ਸੀ। ਜਿਹੜਾ ਮਰਜ਼ੀ ਬਜ਼ਾਰ ਵਿਚੋਂ ਖਰੀਦ ਲਏ। ਕਿਸ ਆਧਾਰ 'ਤੇ ਆਖਿਆ ਜਾ ਰਿਹਾ ਸੀ ਕਿ ਮੋਬਾਈਲ ਫ਼ੋਨ ਨੀਰਜ ਦਾ ਸੀ? ਸਭ ਝੂਠ ਸੀ। ਸਾਜ਼ਿਸ਼ ਸੀ।

ਦੋਵੇਂ ਦੋਸ਼ੀ ਤਫ਼ਤੀਸ਼ ਵਿਚ ਸ਼ਾਮਲ ਹੋ ਚੁੱਕੇ ਸਨ। ਪੁਲਿਸ ਦੇ ਹਰ ਪ੍ਰਸ਼ਨ ਦਾ ਉੱਤਰ ਦੇ ਚੁੱਕੇ ਸਨ। ਜੋ ਕੁਝ ਇਨ੍ਹਾਂ ਨੂੰ ਪਤਾ ਸੀ, ਦੱਸ ਦਿੱਤਾ ਗਿਆ ਸੀ। ਮੁਕੱਦਮੇ ਦੀ ਸਮਾਇਤ ਕਈ ਸਾਲ ਚਲਣੀ ਸੀ। ਸ਼ੱਕ ਦੇ ਆਧਾਰ 'ਤੇ ਪੜ੍ਹੇ-ਲਿਖੇ ਮੁੰਡਿਆਂ ਨੂੰ ਜੇਲ੍ਹ ਵਿਚ ਨਹੀਂ ਸੀ ਸਾੜਿਆ ਜਾ ਸਕਦਾ। ਕਾਨੂੰਨ 'ਜੇਲ੍ਹ ਦੀ ਥਾਂ ਬੇਲ' (ਜ਼ਮਾਨਤ) ਦਾ ਪੱਖੀ ਸੀ।

ਨੰਦ ਲਾਲ ਦੀ ਤਕਰੀਰ ਵਿਚ ਕੁਝ ਦਮ ਸੀ। ਅਦਾਲਤ ਵਿਚ ਖੜ੍ਹੀ ਜਨਤਾ ਉਸ ਨੂੰ ਧਿਆਨ ਨਾਲ ਸੁਣ ਰਹੀ ਸੀ। ਬਹੁਤੇ ਲੋਕ ਮਨ ਹੀ ਮਨ ਉਸ ਨਾਲ ਸਹਿਮਤ ਹੋ ਰਹੇ ਸਨ। ਇੰਨੇ ਅਮੀਰ ਲੋਕ ਜੇ ਜੇਲ੍ਹ ਭੇਜ ਦਿੱਤੇ ਗਏ, ਇਨ੍ਹਾਂ ਦਾ ਵਿਉਪਾਰ ਤਬਾਹ ਹੋ ਜਾਏਗਾ। ਇੱਜ਼ਤ ਮਿੱਟੀ ਵਿਚ ਰੁਲ ਜਾਏਗੀ। ਇਹ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ। ਜੇਲ੍ਹ ਵਿਚ ਇਨ੍ਹਾਂ ਤੋਂ ਇਕ ਰਾਤ ਨਹੀਂ ਕੱਟੀ ਜਾਣੀ। ਏਅਰ ਕੰਡੀਸ਼ਨ ਵਿਚ ਸੌਣ ਵਾਲਿਆਂ ਨੂੰ ਮੱਛਰਾਂ ਵਿਚਕਾਰ ਨੀਂਦ ਕਿਸ ਤਰ੍ਹਾਂ ਆਏਗੀ? ਇਹ ਬਿਮਾਰ ਪੈ ਜਾਣਗੇ, ਪਾਗਲ ਹੋ ਜਾਣਗੇ। ਸਾਲ ਅੰਦਰ ਰਹਿ ਕੇ ਜੇ ਬਰੀ ਹੋਏ ਉਸਦਾ ਕੀ ਫ਼ਾਇਦਾ ਹੋਏਗਾ? ਨੰਦ ਲਾਲ ਦੀ ਦਲੀਲ ਸਹੀ ਸੀ। ਅੰਤਮ ਫੈਸਲੇ ਤਕ ਉਨ੍ਹਾਂ ਨੂੰ ਬਾਹਰ ਰਹਿਣਾ ਚਾਹੀਦਾ ਸੀ।

"ਬਾਬੂ ਜੀ ਗੇਟ ਕੀਪਰ ਨੇ ਆਪਣੇ ਰਜਿਸਟਰ ਵਿਚ ਜਿਹੜੀ ਐਂਟਰੀ ਕੀਤੀ ਹੈ ਉਸ ਬਾਰੇ ਤੁਹਾਡਾ ਕੀ ਕਹਿਣਾ ਹੈ?" ਬਹਿਸ ਨੂੰ ਵਿਚੇ ਰੋਕ ਕੇ ਸਾਧੂ ਸਿੰਘ ਨੇ ਪ੍ਰਸ਼ਨ ਉਠਾਇਆ।

ਇਹੋ ਇਕ ਨੁਕਤਾ ਸੀ ਜਿਸ ਬਾਰੇ ਨੰਦ ਲਾਲ ਕੋਲ ਕੋਈ ਢੁਕਵਾਂ ਜਵਾਬ ਨਹੀਂ ਸੀ। ਦਿਲ ਹੀ ਦਿਲ ਉਹ ਸਰਕਾਰੀ ਵਕੀਲ ਦਾ ਧੰਨਵਾਦ ਕਰ ਰਿਹਾ ਸੀ, ਜਿਸਨੇ ਇਹ ਸਬੂਤ ਜੱਜ ਦੇ ਧਿਆਨ ਵਿਚ ਨਹੀਂ ਸੀ ਲਿਆਂਦਾ। ਹੁਣ ਜੱਜ ਨੇ ਦੁਖਦੀ ਰਗ 'ਤੇ ਹੱਥ ਰੱਖਿਆ ਸੀ ਤਾਂ ਕੁਝ ਕਹਿਣਾ ਪੈਣਾ ਸੀ।

ਗੇਟ ਕੀਪਰ ਨੂੰ ਦੋ ਦਿਨ ਨਜਾਇਜ਼ ਹਿਰਾਸਤ ਵਿਚ ਰੱਖਿਆ ਗਿਆ ਸੀ। ਡਰਾ ਧਮਕਾ ਕੇ ਉਸ ਤੋਂ ਰਜਿਸਟਰ ਵਿਚ ਕਟਿੰਗ ਕਰਵਾਈ ਗਈ ਸੀ।

"ਪੁਲਿਸ ਨੂੰ ਇੰਨਾ ਕੁਝ ਕਰਨ ਦੀ ਕੀ ਜ਼ਰੂਰਤ ਸੀ? ਚਲੋ ਕੋਈ ਨਹੀਂ! ਕੁਝ ਹੋਰ ਕਹਿਣਾ ਹੈ?" ਨੰਦ ਲਾਲ ਦੀ ਦਲੀਲ ਜੱਜ ਨੇ ਮਿਨ੍ਹਾ ਜਿਹਾ ਮੁਸਕਰਾ ਕੇ ਨਕਾਰ ਦਿੱਤੀ।

ਜੱਜ ਦੀ ਮੁਸਕਰਾਹਟ ਨੰਦ ਲਾਲ ਦੇ ਸੀਨੇ ਵਿਚ ਕਟਾਰ ਵਾਂਗ ਖੁਭ ਗਈ। ਉਹ ਜੱਜ ਦਾ ਰੁਖ ਭਾਂਪ ਗਿਆ। ਅਸਲ ਮੁੱਦੇ ਤੋਂ ਧਿਆਨ ਮੋੜਨ ਲਈ ਉਸਨੇ ਬਹਿਸ ਦਾ ਰੁੱਖ ਬਦਲਿਆ।

ਵਾਰਦਾਤ ਵਾਲੇ ਦਿਨ ਮੁਲਜ਼ਮ ਦਿੱਲੀ ਬੈਠੇ ਸਨ। ਸ਼ਹਿਰ ਦਾ ਐਮ.ਪੀ. ਉਨ੍ਹਾਂ ਦੇ ਨਾਲ ਸੀ। ਕੇਂਦਰੀ ਮੰਤਰੀ ਦੇ ਘਰ ਉਨ੍ਹਾਂ ਦੀ ਹਾਜ਼ਰੀ ਲੱਗੀ ਸੀ। ਅੰਤਰ-ਰਾਸ਼ਟਰੀ ਪ੍ਰਸਿਧੀ ਵਾਲੇ ਹਸਪਤਾਲ ਵਿਚ ਉਨ੍ਹਾਂ ਦੇ ਟੈਸਟ ਹੋਏ ਸਨ। ਸਾਰਾ ਰਿਕਾਰਡ ਅਰਜ਼ੀ ਨਾਲ ਲਾਇਆ ਗਿਆ ਸੀ। ਵਾਰਦਾਤ ਦੀ ਸਾਜ਼ਿਸ਼ ਘੜੀ ਹੁੰਦੀ ਤਾਂ ਮੁਲਜ਼ਮਾਂ ਦਾ ਦਿਲ ਧੜਕਦਾ ਹੁੰਦਾ। ਬਲੱਡ-ਪ੍ਰੈਸ਼ਰ ਵਧਿਆ ਹੁੰਦਾ। ਪਰ ਉਹ 'ਨਾਰਮਲ' ਸਨ। ਜਦੋਂ ਉਨ੍ਹਾਂ ਨੇ ਸਾਜ਼ਿਸ਼ ਘੜੀ ਹੀ ਨਹੀਂ ਸੀ, ਉਨ੍ਹਾਂ ਉਪਰ ਅਸਰ ਕਿਥੋਂ ਹੋਣਾ ਸੀ।

"ਜੇ ਉਹ ਨਾਰਮਲ ਸਨ, ਫੇਰ ਹਸਪਤਾਲ ਕਿਉਂ ਗਏ? ਟੈਸਟਾਂ ਵਿਚ ਬਿਮਾਰੀ ਦਾ ਨਾਮੋ-ਨਿਸ਼ਾਨ ਨਹੀਂ। ਫੇਰ ਇਹ ਟੈਸਟ ਕਿਉਂ ਕਰਵਾਏ? ਸ਼ਹਿਰੋਂ ਗ਼ੈਰ-ਹਾਜ਼ਰੀ ਦੇ ਪੱਕੇ ਸਬੂਤ ਘੜਨ ਲਈ ? ਕਿਸੇ ਸਿਆਣੇ ਵਕੀਲ ਦੇ ਚੰਡੇ ਲੱਗਦੇ ਹਨ!"

ਸਾਧੂ ਸਿੰਘ ਨੇ ਇਕ ਵਾਰ ਫੇਰ ਨੰਦ ਲਾਲ ਦੀਆਂ ਦਲੀਲਾਂ ਨੂੰ ਕੱਟਿਆ। ਮਾਹੌਲ ਨੂੰ ਸੁਖਾਵਾਂ ਬਨਾਉਣ ਲਈ ਸਾਜ਼ਿਸ਼ ਵਿਚ ਕਿਸੇ ਵਕੀਲ ਦੇ ਸ਼ਾਮਲ ਹੋਣ ਦੀ ਚੁਸਕੀ ਲਈ। ਇਸ਼ਾਰਾ ਨੰਦ ਲਾਲ ਵੱਲ ਸੀ।

ਇਸ਼ਾਰਾ ਸਮਝ ਕੇ ਬਾਕੀ ਵਕੀਲ ਮੁਸਕਰਾ ਪਏ। ਨੰਦ ਲਾਲ ਦੇ ਚਿਹਰੇ ਉਪਰ ਹਵਾਈਆਂ ਉੱਡਣ ਲੱਗੀਆਂ।

"ਇਹ ਕਿਹੜਾ ਵਾਰਦਾਤ ਵਿਚ ਸਿੱਧੇ ਤੌਰ 'ਤੇ ਸ਼ਾਮਲ ਸਨ। ਸਾਜ਼ਿਸ਼ ਦੇ ਮੁਲਜ਼ਮ ਹਨ। ਸਾਜ਼ਿਸ਼ ਘੜ ਕੇ ਕਿਤੇ ਵੀ ਜਾਇਆ ਜਾ ਸਕਦਾ ਹੈ। ਮੈਡੀਕਲ ਟੈਸਟ, ਐਮ.ਪੀ. ਦਾ ਸਾਥ ਤੁਹਾਡੀ ਕੋਈ ਮਦਦ ਨਹੀਂ ਕਰ ਰਹੇ! ਉਲਟਾ ਇਹ ਸਬੂਤ ਤੁਹਾਡੇ ਉਲਟ ਜਾ ਰਹੇ ਹਨ।"

ਜੋ ਬਹਿਸ ਸਰਕਾਰੀ ਵਕੀਲ ਨੂੰ ਕਰਨੀ ਚਾਹੀਦੀ ਸੀ, ਉਹ ਸਾਧੂ ਸਿੰਘ ਕਰ ਰਿਹਾ ਸੀ।

ਜੱਜ ਵੱਲੋਂ ਉਠਾਏ ਜਾ ਰਹੇ ਇਨ੍ਹਾਂ ਨੁਕਤਿਆਂ ਉਪਰ ਸਰਕਾਰੀ ਵਕੀਲ ਨੂੰ ਨਮੋਸ਼ੀ ਹੋ ਰਹੀ ਸੀ। ਜੱਜ ਉਸਦੀ ਨੀਅਤ ਉਪਰ ਸ਼ੱਕ ਕਰ ਰਿਹਾ ਸੀ। ਵੈਸੇ ਉਹ ਖੁਸ਼ ਹੋ ਰਿਹਾ



ਸੀ। ਉਹ ਮੁਕੱਦਮੇ ਦੀ ਕਹਾਣੀ ਦੱਸ ਕੇ ਚੁੱਪ ਕਰ ਗਿਆ ਸੀ। ਜੋ ਬਹਿਸ ਹੁਣ ਜੱਜ ਕਰ ਰਿਹਾ ਸੀ ਉਹ ਉਸਨੂੰ ਕਰਨੀ ਚਾਹੀਦੀ ਸੀ ਪਰ ਉਸਨੇ ਨਹੀਂ ਸੀ ਕੀਤੀ। ਇੰਝ ਕਰਕੇ ਉਸਨੇ ਦਸ ਹਜ਼ਾਰ ਹਜ਼ਮ ਕਰ ਲਿਆ ਸੀ। ਪਾਰਟੀ ਹੁਣ ਉਸਨੂੰ ਉਲਾਂਭਾ ਨਹੀਂ ਸੀ ਦੇ ਸਕਦੀ।

ਜੱਜ ਨੇ ਖ਼ੁਦ ਨੁਕਤੇ ਉਠਾ ਕੇ ਉਸਦੀ ਮੁਸ਼ਕਲ ਹੱਲ ਕਰ ਦਿੱਤੀ। ਫੈਸਲਾ ਕੀ ਹੋਣਾ ਹੈ? ਸਪੱਸ਼ਟ ਨਜ਼ਰ ਆ ਰਿਹਾ ਸੀ। ਦਰਖ਼ਾਸਤ ਰੱਦ ਹੋਣ ਨਾਲ ਸਰਕਾਰੀ ਵਕੀਲ ਦੀ ਬੱਲੇ-ਬੱਲੇ ਹੋ ਜਾਣੀ ਸੀ। ਉਸਦੇ ਦੋਵੇਂ ਹੱਥ ਲੱਡੂ ਸਨ।

"ਮੈਂ ਕੁਝ ਫੈਸਲੇ ਲੈ ਕੇ ਆਇਆ ਹਾਂ। ਹਜ਼ੂਰ ਦਾ ਹੁਕਮ ਹੋਵੇ ਤਾਂ ਪੇਸ਼ ਕਰਾਂ।" ਨੰਦ ਲਾਲ ਦੇ ਇਹ ਆਖਣ 'ਤੇ ਜੂਨੀਅਰ ਵਕੀਲ ਕਿਤਾਬਾਂ ਚੁੱਕ-ਚੁੱਕ ਉਸਨੂੰ ਫੜਾਉਣ ਲੱਗੇ।

"ਰਹਿਣ ਦਿਓ। ਸੌਰੀ। ਮੇਰੀ ਰਾਏ ਵਿਚ ਇਹ ਪੇਸ਼ਗੀ ਜ਼ਮਾਨਤ ਵਾਲਾ ਕੇਸ ਨਹੀਂ। ਪੁਲਿਸ ਨੂੰ ਤਫ਼ਤੀਸ਼ ਮੁਕੰਮਲ ਕਰ ਲੈਣ ਦਿਓ।"

ਆਖਦੇ ਜੱਜ ਨੇ ਤੁਰੰਤ ਫ਼ੈਸਲਾ ਸੁਣਾ ਦਿੱਤਾ।

## -38-

"ਅਜਿਹੇ ਡਰਪੋਕ ਜੱਜ ਤੋਂ ਇਨਸਾਫ਼ ਦੀ ਝਾਕ ਰੱਖਣਾ ਬੇਵਕੂਫ਼ੀ ਹੈ। ਵੱਡੇ ਈਮਾਨਦਾਰ! ਬਦਨਮੀ ਤੋਂ ਡਰਦੇ ਅਮੀਰ ਬੰਦਿਆਂ ਨੂੰ ਬਣਦਾ ਹੱਕ ਨਹੀਂ ਦਿੰਦੇ। ਇਹ ਸਰਾਸਰ ਬੇਇਨਸਾਫ਼ੀ ਹੈ।"

ਕਚਹਿਰੀਉਂ ਬਾਹਰ ਆਉਂਦਾ ਨੰਦ ਲਾਲ ਉਲਟ ਹੋਏ ਹੁਕਮ ਦਾ ਕਾਰਨ ਜੱਜ ਦੀ ਈਮਾਨਦਾਰੀ ਨੂੰ ਠਹਿਰਾਉਣ ਲੱਗਾ।

"ਘਬਰਾਓ ਨਾ ਮੁੰਡਿਓ। ਉਪਰ ਬਥੇਰੀਆਂ ਅਦਾਲਤਾਂ ਹਨ। ਉਹ ਅਖ਼ਬਾਰਾਂ ਦੀਆਂ ਸੁਰਖ਼ੀਆਂ ਤੋਂ ਨਹੀਂ ਡਰਦੀਆਂ। ਆਪਾਂ ਅਪੀਲ ਕਰਾਂਗੇ।"

ਬਿਨਾਂ ਕਿਸੇ ਤੋਂ ਪੁੱਛੇ ਨੰਦ ਲਾਲ ਨੇ ਆਪਣੀ ਜੇਬ ਵਿਚੋਂ ਮੋਬਾਈਲ ਫ਼ੋਨ ਕੱਢਿਆ ਅਤੇ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਸੁੰਦਰ ਸਿੰਘ ਦਾ ਨੰਬਰ ਮਿਲਾਉਣ ਲੱਗਾ।

"ਮੈਂ ਸੁੰਦਰ ਸਿੰਘ ਨੂੰ ਫ਼ੋਨ ਕਰ ਰਿਹਾ ਹਾਂ। ਉਹ ਫ਼ੌਜਦਾਰੀ ਦਾ ਚੋਟੀ ਦਾ ਵਕੀਲ ਹੈ। ਸਾਡੀਆਂ ਕਾਨੂੰਨ ਦੀਆਂ ਕਿਤਾਬਾਂ ਪੜ੍ਹਕੇ ਦੇਖੋ। ਅੱਧੇ ਫੈਸਲਿਆਂ ਉਪਰ ਉਸ ਦਾ ਨਾਂ ਛਪਿਆ ਹੁੰਦਾ ਹੈ। ਉਸਦਾ ਜੇ ਵਕਾਲਤ-ਨਾਮਾ ਲਗ ਜਾਏ, ਸਮਝੋ ਕੰਮ ਹੋ ਗਿਆ। ਮੈਂ ਉਸਨੂੰ ਪਹਿਲਾਂ ਹੀ ਬੰਨ੍ਹ ਦਿਆਂ। ਕਿਧਰੇ ਦੂਸਰੀ ਧਿਰ ਉਸ ਨੂੰ ਆਪਣੇ ਨਾਲੋਂ ਪਹਿਲਾਂ ਵਕੀਲ ਨਾ ਕਰ ਲਏ।"

ਦੂਸਰੇ ਪਾਸੇ ਘੰਟੀ ਵੱਜ ਰਹੀ ਸੀ, ਪਰ ਕੋਈ ਲਾਈਨ ਉਪਰ ਨਹੀਂ ਸੀ ਆ ਰਿਹਾ। ਮਿਲੇ ਸਮੇਂ ਦੌਰਾਨ ਨੰਦ ਲਾਲ ਇਕ ਵਾਰ ਫੇਰ ਸੁੰਦਰ ਸਿੰਘ ਦੀਆਂ ਖ਼ੂਬੀਆਂ ਗਿਣਾਉਣ ਲੱਗਾ :

"ਪਹਿਲੀ ਸਰਕਾਰ ਵਿਚ ਉਹ ਐਡਵੋਕੇਟ ਜਨਰਲ ਸੀ। ਹਾਈ ਕੋਰਟ ਦੇ ਕਈ ਜੱਜ ਉਸਦੀ ਸਿਫਾਰਸ਼ 'ਤੇ ਭਰਤੀ ਹੋਏ ਹਨ। ਜਦੋਂ ਸਰਕਾਰ ਬਦਲੀ, ਇਸ ਨੇ ਖ਼ੁਦ ਹਾਈ ਕੋਰਟ ਦਾ ਜੱਜ ਬਣ ਜਾਣਾ ਹੈ। ਉਥੇ ਜੱਜਾਂ ਅਤੇ ਵਕੀਲਾਂ ਦੇ ਧੜੇ ਬਣੇ ਹੋਏ ਹਨ। ਕੋਈ ਕਿਸੇ

ਦਾ ਜਮਾਤੀ ਹੈ, ਕੋਈ ਗੁਰ-ਭਾਈ। ਕੋਈ ਕਿਸੇ ਦਾ ਭਤੀਜਾ ਹੈ, ਕੋਈ ਭਾਣਜਾ। ਜੱਜ ਦੇਖ-ਦੇਖ ਟਿੱਕੇ ਕੱਢਦੇ ਹਨ। ਜੇ ਵਕੀਲ ਆਪਣੇ ਧੜੇ ਦਾ ਹੋਵੇ ਤਾਂ ਉਸਦੇ ਸਾਇਲ ਨੂੰ ਫਾਂਸੀ ਦੇ ਫੰਦੇ ਤੋਂ ਮੋੜ ਲਿਆਉਂਦੇ ਹਨ। ਵਕੀਲ ਵਿਰੋਧੀ ਧੜੇ ਦਾ ਹੋਵੇ ਤਾਂ ਅਗਲੇ ਦੇ ਦਸ ਸਾਲ ਪਹਿਲਾਂ ਬਰੀ ਹੋਏ ਸਾਇਲ ਨੂੰ ਮੋੜ ਕੇ ਕੈਦ ਕੋਠੜੀ ਵਿਚ ਸੁੱਟ ਦਿੰਦੇ ਹਨ। ਆਪਣੇ ਵਕੀਲ ਦੀ ਇਹ ਖੂਬੀ ਹੈ। ਉਹ ਸਭ ਧੜਿਆਂ ਨਾਲ ਬਣਾ ਕੇ ਰੱਖਦਾ ਹੈ। ਚੰਗੀਆਂ ਪਾਰਟੀਆਂ ਦੇ ਕੇਸ ਲੈਂਦਾ ਹੈ। ਹਰ ਤਰ੍ਹਾਂ ਦੇ ਜੱਜ ਤੋਂ ਹਰ ਤਰੀਕਾ ਵਰਤ ਕੇ ਕੰਮ ਕਰਾਉਂਦਾ ਹੈ।"

ਨੰਦ ਲਾਲ ਦੀਆਂ ਗੱਲਾਂ ਸੁਣ ਕੇ ਅਜੇ ਅਤੇ ਉਸਦੇ ਸਾਥੀਆਂ ਦੇ ਦਿਲ ਧੜਕਨ ਲੱਗੇ। ਕਿਧਰੇ ਅਜਿਹਾ ਵਕੀਲ ਹੱਥੋਂ ਨਾ ਨਿਕਲ ਜਾਏ। ਉਨ੍ਹਾਂ ਦੇ ਮਨ ਵਕੀਲ ਨੂੰ ਜਲਦੀ ਕਰ ਲੈਣ ਲਈ ਕਾਹਲੇ ਪੈਣ ਲੱਗੇ।

ਇੰਤਜ਼ਾਰ ਦੀਆਂ ਘੜੀਆਂ ਖ਼ਤਮ ਹੋਈਆਂ। ਸੁੰਦਰ ਸਿੰਘ ਨੇ ਫ਼ੋਨ ਚੁੱਕ ਲਿਆ ਸੀ।

"ਆਹ ਬਈ ਸਾਡੇ ਇਥੇ ਇਕ ਜੱਜ ਹੈ ਸਾਧੂ ਸਿੰਘ। ਨਾਂ ਹੀ ਸਾਧੂ ਹੈ। ਉਂਝ ਪੂਰਾ ਪਾਖੰਡੀ ਹੈ। ਮੇਰਾ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਇਸ ਕਰਕੇ ਰੱਦ ਕਰ ਦਿੱਤੀ ਕਿਉਂਕਿ ਮੇਰੀ ਪਾਰਟੀ ਅਮੀਰ ਹੈ।... ਬੰਦੇ ਇਹ ਮੇਰੇ ਨੇ। ਇਨ੍ਹਾਂ ਦਾ ਕੰਮ ਕਰਾਉਣੈ। ਸ਼ਾਮ ਤੱਕ ਤੇਰੇ ਕੋਲ ਪੁੱਜ ਰਹੇ ਹਨ। ਸਮਝਣਾ ਮੈਂ ਆ ਗਿਆ। ਬਹੁਤ ਇੰਤਜ਼ਾਰ ਨਾ ਕਰਾਈਂ। ਝੱਟ ਫਾਰਗ ਕਰ ਦੇਈਂ। ਫ਼ੀਸ ਜਾਇਜ਼ ਲੈਣੀ ਹੈ। ਕੰਮ ਹਰ ਹੀਲੇ ਕਰਾਉਣਾ ਹੈ। ਤੂੰ ਆਪਣਾ ਰਸੂਖ਼ ਵੀ ਵਰਤਣਾ ਹੈ। ਪਾਰਟੀ ਭਰੋਸੇ ਵਾਲੀ ਹੈ। ਕੋਈ ਗੱਲ ਬਾਹਰ ਨਹੀਂ ਨਿਕਲੇਗੀ। ਇਹ ਮੇਰੀ ਗਰੰਟੀ ਹੈ।"

ਸੁੰਦਰ ਸਿੰਘ ਕੋਲ ਪੰਕਜ ਹੋਰਾਂ ਦੀ ਸਿਫਾਰਸ਼ ਕਰਕੇ ਨੰਦ ਲਾਲ ਨੇ ਇਕ ਵਿਜ਼ਟਿੰਗ ਕਾਰਡ ਆਪਣੀ ਜੇਬ ਵਿਚੋਂ ਕੱਢਿਆ ਅਤੇ ਅਜੇ ਨੂੰ ਫੜਾਉਂਦਿਆਂ ਉਸ ਦੀ ਸਮੱਸਿਆ ਹੋਰ ਆਸਾਨ ਕਰਨ ਲੱਗਾ :

"ਸੁੰਦਰ ਸਿੰਘ ਨੇ ਦੱਸਿਆ ਹੈ ਕਿ ਜਿਹੜੇ ਦੋ ਜੱਜਾਂ ਦਾ ਬੈਂਚ ਹੁਣ ਦਰਖ਼ਾਸਤਾਂ ਸੁਣ ਰਿਹਾ ਹੈ, ਉਹ ਉਸਦੇ ਲੰਗੋਟੀਏ ਯਾਰ ਹਨ। ਇਸ ਬੈਂਚ ਦੇ ਜੱਜਾਂ ਨੇ ਦੋ ਦਿਨਾਂ ਬਾਅਦ ਬਦਲ ਜਾਣਾ ਹੈ। ਅੱਗੇ ਆਉਣ ਵਾਲੇ ਜੱਜ ਬਹੁਤ ਮਾੜੇ ਹਨ। ਕੰਮ ਕਰਾਉਣ ਦਾ ਇਹੋ ਚੰਗਾ ਮੌਕਾ ਹੈ। ਅੱਜ ਹੀ ਨੱਠ ਜਾਓ।"

ਹਰ ਤਰੀਕਾ ਵਰਤ ਕੇ ਨੰਦ ਲਾਲ ਇਹ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਅਸਾਮੀ ਸੁੰਦਰ ਸਿੰਘ ਕੋਲ ਪੁੱਜੇ ਅਤੇ ਉਹ ਵੀ ਜਲਦੀ ਤੋਂ ਜਲਦੀ। ਸੁੰਦਰ ਸਿੰਘ ਨੇ ਪਚਵੰਜਾ ਹਜ਼ਾਰ ਫ਼ੀਸ ਲੈਣੀ ਸੀ। ਅੱਧ ਦਾ ਬੈਂਕ ਡਰਾਫਟ ਨੰਦ ਲਾਲ ਨੂੰ ਘਰ ਬੈਠੇ ਆ ਜਾਣਾ ਸੀ। ਉਨੀ ਕਮਾਈ ਨੰਦ ਲਾਲ ਨੂੰ ਆਪਣੀ ਵਕਾਲਤ ਦੀ ਸੀ ਉਨੀ ਹਾਈ ਕੋਰਟ ਦੇ ਵਕੀਲਾਂ ਕੋਲੋਂ ਮਿਲਦੇ ਹਿੱਸੇ ਦੀ। ਇਥੇ ਮੁਕੱਦਮਾ ਕਈ ਸਾਲ ਚਲਦਾ ਸੀ। ਬਹੁਤ ਮਗਜ਼-ਖਪਾਈ ਹੁੰਦੀ ਸੀ। ਉਥੋਂ ਫ਼ੀਸ ਇਕ ਫ਼ੋਨ ਘੁਮਾਉਣ ਨਾਲ ਆ ਜਾਂਦੀ ਸੀ।

"ਮੈਂ ਆਪਣਾ ਜੂਨੀਅਰ ਨਾਲ ਭੇਜ ਦਿਆਂਗਾ। ਤੁਹਾਨੂੰ ਹਰ ਕੰਮ ਵਿਚ ਸੌਖ ਰਹੇਗੀ।"

ਨੰਦ ਲਾਲ ਅਸਾਮੀ ਦੇ ਇਧਰ ਉਧਰ ਹੋ ਜਾਣ ਦੀ ਹਰ ਸੰਭਾਵਨਾ 'ਤੇ ਰੋਕ ਲਾਉਣਾ ਚਾਹੁੰਦਾ ਸੀ।

"ਮੈਂ ਹਾਂ ਬਾਬੂ ਜੀ ! ਮੈਂ ਹੁਕਮ ਦੀ ਨਕਲ ਤਿਆਰ ਕਰਵਾ ਰਿਹਾ ਹਾਂ। ਨਕਲ ਤਿਆਰ ਹੁੰਦੇ ਹੀ ਚੰਡੀਗੜ੍ਹ ਨੂੰ ਤੁਰ ਪਵਾਂਗੇ।"



ਪੰਕਜ ਦੇ ਦੋ ਹੋਰ ਸਮਰਥਕਾਂ ਨੂੰ ਹੋਏ ਹੁਕਮ ਦੀਆਂ ਬਾਰੀਕੀਆਂ ਸਮਝਾ ਰਹੇ ਸਿੰਗਲੇ ਦਾ ਇਕ ਕੰਨ ਨੰਦ ਲਾਲ ਦੀਆਂ ਗੱਲਾਂ ਵੱਲ ਸੀ। ਉਹ ਨੰਦ ਲਾਲ ਦੀਆਂ ਰਮਜ਼ਾਂ ਸਮਝ ਰਿਹਾ ਸੀ। ਗੱਲੀਂ-ਗੱਲੀਂ ਉਸਨੇ ਸੁੰਦਰ ਸਿੰਘ ਨੂੰ ਸਮਝਾ ਦਿੱਤਾ ਸੀ ਪਾਰਟੀ ਅਮੀਰ ਹੈ। ਮਤਲਬ ਕਿ ਫ਼ੀਸ ਠੋਕ ਕੇ ਲਏ। ਨਾਲ ਇਹ ਵੀ ਸਮਝਾ ਦਿੱਤਾ ਸੀ ਜੱਜਾਂ ਦੇ ਨਾਂ ਉਪਰ ਵੀ ਫ਼ੀਸ ਲਈ ਜਾ ਸਕਦੀ ਸੀ। ਨਾਲ ਜੂਨੀਅਰ ਭੇਜ ਕੇ ਸਿੰਗਲੇ ਦੀ ਰੋਟੀ ਵਿਚ ਲੱਤ ਮਾਰੀ ਜਾ ਰਹੀ ਸੀ।

ਸਿੰਗਲਾ ਕਿਹੜਾ ਘੱਟ ਸੀ। ਉਹ ਨੰਦ ਲਾਲ ਦਾ ਹੀ ਚੇਲਾ ਸੀ। ਬਾਜ਼ੀ ਹੱਥੋਂ ਜਾਂਦੀ ਦੇਖ ਕੇ ਉਸਨੇ ਆਪਣੀ ਟੰਗ ਅੜਾ ਲਈ।

"ਚੱਲ ਠੀਕ ਹੈ। ਕੋਈ ਦਿਕਤ ਆਵੇ ਮੈਨੂੰ ਫ਼ੋਨ ਕਰ ਲੈਣਾ। ਫ਼ੀਸ ਵੱਧ ਘੱਟ ਕਰਵਾ ਦੇਵਾਂਗਾ।"

ਦੂਸਰੀ ਅਦਾਲਤ ਜਾਣ ਤੋਂ ਪਹਿਲਾਂ ਨੰਦ ਲਾਲ ਨੇ ਸਿੰਗਲੇ ਦੀ ਪਿੱਠ ਥਾਪੜੀ। ਇਹ ਕੀ ਇਸ਼ਾਰਾ ਸੀ, ਸਿੰਗਲੇ ਨੂੰ ਸਮਝ ਨਹੀਂ ਸੀ ਆਇਆ।

ਤਿਆਰ ਹੋਣ ਲਈ ਫ਼ੈਸਲੇ ਦੀ ਨਕਲ ਨੂੰ ਕਈ ਹੱਥਾਂ ਥਾਈਂ ਨਿਕਲਣਾ ਪੈਣਾ ਸੀ। ਸਟੈਨੋ ਨੇ ਇਸ ਨੂੰ ਟਾਈਪ ਕਰਨਾ ਸੀ। ਜੱਜ ਨੇ ਗਲਤੀਆਂ ਠੀਕ ਕਰਨੀਆਂ ਸਨ। ਸਟੈਨੋ ਨੇ ਦੋਬਾਰਾ ਹੁਕਮ ਟਾਈਪ ਕਰਨਾ ਸੀ। ਫੇਰ ਜੱਜ ਦੇ ਉਸ ਉਪਰ ਦਸਤਖ਼ਤ ਹੋਣੇ ਸਨ। ਜੱਜ ਦੇ ਦਸਤਖ਼ਤਾਂ ਬਾਅਦ ਮਿਸਲ ਰੀਡਰ ਕੋਲ ਜਾਣੀ ਸੀ। ਉਸਨੇ ਮਿਸਲ ਆਪਣੇ ਰਜਿਸਟਰ ਵਿਚ ਚੜ੍ਹਾ ਕੇ ਅਹਿਲਮੱਦ ਕੋਲ ਭੇਜਣੀ ਸੀ। ਅਹਿਲਮੱਦ ਨੇ ਆਪਣੇ ਰਜਿਸਟਰ ਵਿਚ ਚੜ੍ਹਾ ਕੇ ਨਕਲ-ਕਲਰਕ ਕੋਲ ਭੇਜਣੀ ਸੀ। ਕਾਪੀ-ਕਲਰਕ ਨੇ ਨਕਲ ਤਿਆਰ ਕਰਨੀ ਸੀ। ਉਸ ਨਕਲ 'ਤੇ ਰੀਡਰ ਦੇ ਦਸਤਖ਼ਤ ਹੋਣੇ ਸਨ। ਅਰਦਲੀ ਨੇ ਮੋਹਰਾਂ ਲਾਉਣੀਆਂ ਸਨ। ਫੇਰ ਕਾਪੀ-ਕਲਰਕ ਨੇ ਆਪਣੇ ਰਜਿਸਟਰ ਵਿਚ ਦਰਜ ਕਰਕੇ ਨਕਲ ਵਕੀਲ ਦੇ ਹਵਾਲੇ ਕਰਨੀ ਸੀ।

ਜੇ ਇਸ ਕਾਰਵਾਈ ਨੂੰ ਆਪਣੇ ਆਪ ਹੋਣ ਦਿੱਤਾ ਜਾਵੇ ਤਾਂ ਨਕਲ ਮਿਲਣ ਨੂੰ ਇਕ ਮਹੀਨਾ ਲੱਗ ਸਕਦਾ ਸੀ। ਸਿੰਗਲੇ ਨੂੰ ਇਹ ਹੁਕਮ ਇਕ ਘੰਟੇ ਦੇ ਅੰਦਰ-ਅੰਦਰ ਚਾਹੀਦਾ ਸੀ। ਪਾਰਟੀ ਦੇ ਕਿਸੇ ਹੋਰ ਵਿਚੋਲੇ ਦੇ ਹੱਥ ਚੜ੍ਹ ਜਾਣ ਦਾ ਜਿੰਨਾ ਖ਼ਤਰਾ ਨੰਦ ਲਾਲ ਨੂੰ ਸੀ, ਉਸ ਤੋਂ ਵੱਧ ਖ਼ਤਰਾ ਸਿੰਗਲੇ ਨੂੰ ਸੀ। ਸਿੰਗਲਾ ਝੱਟ-ਪੱਟ ਚੰਡੀਗੜ੍ਹ ਦੇ ਰਸਤੇ ਪੈਣਾ ਚਾਹੁੰਦਾ ਸੀ।

ਇਨ੍ਹਾਂ ਸਾਰੇ ਅਹਿਲਕਾਰਾਂ ਦੀ ਬੱਝਵੀਂ ਫ਼ੀਸ ਪੰਜਾਹ ਰੁਪਏ ਪ੍ਰਤੀ ਅਹਿਲਕਾਰ ਸੀ। ਨੰਦ ਲਾਲ ਨੇ ਨਕਲ ਤਿਆਰ ਕਰਾਉਣੀ ਹੁੰਦੀ ਤਾਂ ਰੇਟ ਦੁੱਗਣੇ-ਤਿੱਗਣੇ ਲਗਦੇ। ਬਹੁਤੇ ਉਸ ਨੇ ਖ਼ੁਦ ਰੱਖਣੇ ਸਨ, ਥੋੜ੍ਹੇ ਅਹਿਲਕਾਰਾਂ ਨੂੰ ਦੇਣੇ ਸਨ।

ਸਿੰਗਲੇ ਦੀ ਨਜ਼ਰ ਪੰਜ ਸੌ ਦੀ ਥਾਂ ਪੰਜਾਹ ਹਜ਼ਾਰ ਉਪਰ ਲੱਗੀ ਹੋਈ ਸੀ।

"ਹਾਲੇ ਦੋ ਵੱਜੇ ਨੇ। ਆਪਾਂ ਚਾਰ ਵਜੇ ਤੋਂ ਪਹਿਲਾਂ ਨਹੀਂ ਚੱਲ ਸਕਦੇ। ਨਾ ਚੱਲਣ ਦਾ ਕੋਈ ਫ਼ਾਇਦਾ ਹੈ। ਵਕੀਲਾਂ ਨੇ ਆਪਾਂ ਨੂੰ ਸੱਤ ਵਜੇ ਤੋਂ ਬਾਅਦ ਮਿਲਣਾ ਹੈ। ਘਰ ਆ ਕੇ ਉਹ ਦੋ ਘੰਟੇ ਆਰਾਮ ਕਰਦੇ ਹਨ। ਫੇਰ ਦਫ਼ਤਰ ਬੈਠਦੇ ਹਨ। ਚਾਰ ਸਾਢੇ ਚਾਰ ਚੱਲਾਂਗੇ। ਹੁਣ ਤੁਸੀਂ ਦੋ ਘੰਟੇ ਹੋਰ ਕੰਮ ਕਰ ਲਓ। ਚਾਰ ਵਜੇ ਮੈਨੂੰ ਇਥੋਂ ਲੈ ਲੈਣਾ। ਉਨਾ ਚਿਰ ਮੈਂ ਨਕਲ ਤਿਆਰ ਕਰਵਾਉਂਦਾ ਹਾਂ।"

ਸਿੰਗਲਾ ਬਿਨਾਂ ਆਖੇ ਹੀ ਪੰਕਜ ਹੋਰਾਂ ਨਾਲ ਚੰਡੀਗੜ੍ਹ ਜਾਣ ਲਈ ਤਿਆਰ ਹੋ

ਗਿਆ।

ਪਾਰਟੀ ਨਾਲ ਹਾਲੇ ਚੰਡੀਗੜ੍ਹ ਕੀਤੇ ਜਾਣ ਵਾਲੇ ਵਕੀਲ ਬਾਰੇ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ। ਰਸਤੇ ਵਿਚ ਸਿੰਗਲੇ ਨੇ ਉਨ੍ਹਾਂ ਨਾਲ ਹੋਣਾ ਸੀ। ਦੋ ਘੰਟਿਆਂ ਦੌਰਾਨ ਸਿੰਗਲੇ ਨੇ ਅਸਾਮੀ ਨੂੰ ਸੁੰਦਰ ਸਿੰਘ ਦੀ ਖੁਰਲੀ ਤੋਂ ਮੋੜ ਕੇ ਕਿਸੇ ਹੋਰ ਦੇ ਕਿੱਲੇ 'ਤੇ ਜਾ ਬੰਨ੍ਹਣਾ ਸੀ।

ਡੋਰੇ ਪੈ ਗਏ ਤਾਂ ਸਿੰਗਲੇ ਦਾ ਵੀਹ ਹਜ਼ਾਰ ਖਰਾ। ਨਾ ਪਏ ਤਾਂ ਮੌਜ-ਮੇਲਾ ਹੀ ਸਹੀ।

ਸਿੰਗਲਾ ਆਪਣੇ ਮਨ ਵਿਚ ਲੱਡੂ ਭੋਰ ਰਿਹਾ ਸੀ।

ਸਿੰਗਲੇ ਨੇ ਸਾਧੂ ਸਿੰਘ ਦੇ ਅਰਦਲੀ ਨੂੰ ਆਪਣੇ ਕੋਲ ਬੁਲਾਇਆ। ਉਸਦੀ ਪਿੱਠ ਥਾਪੜ ਕੇ ਉਸ ਨੂੰ ਫੂਕ ਛਕਾਈ:

"ਲੈ ਛੋਟੇ ਭਾਈ ਤੇਰੇ ਹੁੰਦੇ ਮੇਰੀ ਪਿੱਠ ਨਹੀਂ ਲੱਗਣੀ ਚਾਹੀਦੀ। ਹੁਕਮ ਦੀ ਨਕਲ ਮੈਨੂੰ ਚਾਰ ਵਜੇ ਮਿਲਣੀ ਚਾਹੀਦੀ ਹੈ।"

"ਮੈਂ ਪਹਿਲਾਂ ਤਿਆਰ ਕਰਵਾ ਦੂੰ ਜਨਾਬ! ਫ਼ਿਕਰ ਨਾ ਕਰੋ।"

ਸਿੰਗਲੇ ਦੇ ਗੋਡਿਆਂ ਵੱਲ ਝੁਕਦਾ ਅਰਦਲੀ ਹੁਕਮ ਦੀ ਪਾਲਣਾ ਦਾ ਯਕੀਨ ਦਿਵਾਉਣ ਲਗਾ।

"ਇੰਝ ਕਰੋ... ਸਟੈਨੋ, ਰੀਡਰ... ਕੁੱਲ ਬਣੇ ਪੰਜ... ਇਸ ਨੂੰ ਪੰਜ ਸੌ ...ਨਹੀਂ ਚਲੋ ਛੇ ਸੌ ਰੁਪਏ ਦਿਓ...। ਇਹ ਸਭ ਨੂੰ ਆਪੇ ਦੇ ਦੇਵੇਗਾ..."

ਅਜੇ ਨੂੰ ਕੋਲ ਬੁਲਾ ਕੇ ਸਿੰਗਲੇ ਨੇ ਅਰਦਲੀ ਨੂੰ ਛੇ ਸੌ ਰੁਪਏ ਦੇਣ ਦਾ ਹੁਕਮ ਸੁਣਾਇਆ।

"ਲੈ ਹੁਣ ਸਾਰੇ ਕੰਮ ਤੂੰ ਆਪ ਕਰਨੇ ਹਨ। ਹੁਕਮ ਠੀਕ ਸਮੇਂ 'ਤੇ ਮੇਰੇ ਕੈਬਨ ਵਿਚ ਪੁੱਜ ਜਾਣਾ ਚਾਹੀਦੈ।"

ਪਹਿਲਾਂ ਸਿੰਗਲੇ ਨੇ ਅਰਦਲੀ ਨੂੰ ਤਾੜਿਆ।

ਫੇਰ ਅਰਦਲੀ ਦੀਆਂ ਤਾਕਤਾਂ ਬਾਰੇ ਅਜੇ ਨੂੰ ਜਾਣਕਾਰੀ ਦੇਣ ਲੱਗਾ, "ਇਸ ਅਰਦਲੀ ਨੇ ਸਾਰੇ ਅਹਿਲਕਾਰਾਂ ਦੇ ਹੱਥਾਂ 'ਤੇ ਸਰ੍ਹੋਂ ਜਮਾ ਦੇਣੀ ਹੈ। ਉਨਾ ਚਿਰ ਇਸ ਨੇ ਉਨ੍ਹਾਂ ਦੇ ਸਿਰ 'ਤੇ ਖੜ੍ਹੇ ਰਹਿਣਾ ਹੈ, ਜਿੰਨਾ ਚਿਰ ਇਸਦਾ ਕੰਮ ਨਹੀਂ ਹੁੰਦਾ। ਜੱਜ ਕੋਲ ਇਹ ਘੜੀ-ਘੜੀ ਜਾਂਦੈ। ਸਭ ਤੋਂ ਪਹਿਲਾਂ ਇਸ ਨੇ ਇਸੇ ਹੁਕਮ 'ਤੇ ਦਸਤਖ਼ਤ ਕਰਾਉਣੇ ਹਨ। ਬੱਸ ਹੁਕਮ ਆਪਣੇ ਕੋਲ ਪੁੱਜਿਆ ਸਮਝੋ।"

ਚਾਰ ਵਜੇ ਇਕੱਠੇ ਹੋਣ ਦਾ ਪ੍ਰੋਗਰਾਮ ਬਣਾ ਕੇ ਉਹ ਵਿਛੜ ਗਏ।

## -39-

ਪਹਿਲਾਂ ਉਹ ਇੱਧਰ ਉੱਧਰ ਦੀਆਂ ਗੱਲਾਂ ਕਰਦੇ ਰਹੇ।

ਚੰਡੀਗੜ੍ਹ ਦੇ ਅੱਧ ਵਿਚ ਪੁੱਜ ਕੇ ਸਿੰਗਲੇ ਨੇ ਆਪਣੇ ਮਤਲਬ ਦੀ ਗੱਲ ਛੇੜੀ:

"ਆਪਾਂ ਸਿੱਧਾ ਸੁੰਦਰ ਸਿੰਘ ਕੋਲ ਜਾਣਾ ਹੈ ਜਾਂ ਕਿਸੇ ਹੋਰ 'ਤੇ ਵੀ ਵਿਚਾਰ ਕਰਨਾ ਹੈ?"

"ਜਿਵੇਂ ਤੁਸੀਂ ਠੀਕ ਸਮਝੋ। ਆਪਾਂ ਨੂੰ ਮਤਲਬ ਕੰਮ ਤਕ ਹੈ।"

ਹਾਲੇ ਤਕ ਅਜੇ, ਪੰਕਜ ਅਤੇ ਸਤੀਸ਼ ਨੇ ਨੰਦ ਲਾਲ ਦੇ ਸੁਝਾਅ 'ਤੇ ਅਮਲ ਕਰਨ



ਦਾ ਮਨ ਬਣਾਇਆ ਸੀ। ਸਿੰਗਲਾ ਕਿਧਰੇ ਹੋਰ ਜਾਣਾ ਚਾਹੁੰਦਾ ਸੀ ਤਾਂ ਉਸ ਨਾਂ ਉਪਰ ਵਿਚਾਰ ਹੋ ਸਕਦਾ ਸੀ।

ਅਜੇ ਦੇ ਕਈ ਸੀਨੀਅਰ ਵਕੀਲ ਵਾਕਿਫ਼ ਸਨ। ਸਤੀਸ਼ ਦਾ ਇਕ ਰਿਸ਼ਤੇਦਾਰ ਮੈਜਿਸਟਰੇਟ ਸੀ। ਉਸਦਾ ਸਹੁਰਾ ਨਾਮੀ ਵਕੀਲ ਸੀ। ਆਏ ਦਿਨ ਉਸਦਾ ਨਾਂ ਅਖ਼ਬਾਰਾਂ ਵਿਚ ਛਪਦਾ ਰਹਿੰਦਾ ਸੀ। ਦੋਵੇਂ ਆਪਣੇ ਵਾਕਿਫ਼ ਵਕੀਲਾਂ ਕੋਲ ਜਾਣਾ ਤਾਂ ਚਾਹੁੰਦੇ ਸਨ ਪਰ ਅੰਦਰੋਂ ਡਰ ਰਹੇ ਸਨ। ਕੰਮ ਅਹਿਮ ਸੀ। ਕਿਧਰੇ ਹੇਠਲੀ ਅਦਾਲਤ ਵਾਂਗ ਸਿਰੇ ਨਾ ਚੜ੍ਹਿਆ ਤਾਂ ਉਨ੍ਹਾਂ ਸਿਰ ਸਵਾਹ ਪੈਣੀ ਸੀ। ਜਿਥੇ ਪੰਕਜ ਚਾਹੇ, ਉਥੇ ਹੀ ਜਾਣਾ ਚਾਹੀਦਾ ਸੀ।

"ਵੱਡਾ ਵਕੀਲ ਕਰਨ ਦਾ ਇਹ ਮਤਲਬ ਨਹੀਂ ਹੁੰਦਾ ਕਿ ਹਰ ਹਾਲ ਵਿਚ ਕੰਮ ਹੋ ਜਾਏਗਾ। ਕੰਮ ਹੋਣਾ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਕੇਸ ਵਿਚ ਜੇ ਦਮ ਹੋਵੇ ਫੇਰ ਮੇਰੇ ਵਰਗਾ ਨਵਾਂ ਵਕੀਲ ਵੀ ਕੇਸ ਜਿੱਤ ਦਿੰਦਾ ਹੈ। ਨਹੀਂ ਤਾਂ ਬਾਬੂ ਨੰਦ ਲਾਲ ਵਰਗੇ ਡੇਢ ਲੱਖ ਲੈਣ ਵਾਲੇ ਵੀ ਹਾਰ ਜਾਂਦੇ ਹਨ।

"ਸੁੰਦਰ ਸਿੰਘ ਸਿਆਣਾ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਉਸਦਾ ਜੱਜਾਂ ਨਾਲ ਬੈਠਣ-ਉਠਣ ਹੈ, ਇਹ ਵੀ ਠੀਕ ਹੈ। ਪਰ ਕੇਸ ਜ਼ਿਆਦਾ ਹੋਣ ਕਾਰਨ ਉਸ ਕੋਲ ਕੰਮ ਵੱਲ ਧਿਆਨ ਦੇਣ ਦਾ ਵਕਤ ਨਹੀਂ ਹੈ। ਹਾਈ ਕੋਰਟ ਵਿਚ ਤੀਹ ਅਦਾਲਤਾਂ ਹਨ। ਹਰ ਅਦਾਲਤ ਵਿਚ ਉਸਦੇ ਦੋ ਤਿੰਨ ਕੇਸ ਲੱਗੇ ਹੁੰਦੇ ਹਨ। ਇਕ ਅਨਾਰ ਸੌ ਬਿਮਾਰ। ਹਰ ਸਾਇਲ ਉਸਨੂੰ ਆਪਣੀ ਅਦਾਲਤ ਵੱਲ ਖਿੱਚਦਾ ਹੈ। ਜਿਸ ਅਦਾਲਤ ਵਿਚ ਫਸ ਗਿਆ, ਫਸ ਗਿਆ। ਬਾਕੀ ਕੇਸ ਮੇਰੇ ਵਰਗੇ ਜੂਨੀਅਰ ਵਕੀਲ ਕਰਦੇ ਹਨ।

"ਬਾਬੂ ਨੂੰ ਬੇਸ਼ਕ ਫ਼ੋਨ ਕਰ ਦਿੱਤਾ ਹੈ ਖੁੱਲ੍ਹਾ ਸਮਾਂ ਦਿਓ। ਤੁਸੀਂ ਦੇਖ ਲੈਣਾ, ਉਸ ਕੋਲ ਗੱਲ ਕਰਨ ਦੀ ਵਿਹਲ ਨਹੀਂ ਹੋਣੀ। ਮਸਾਂ ਇਕ ਦੋ ਮਿੰਟ ਦੇਵੇਗਾ। ਉਹ ਵੀ ਫ਼ੀਸ ਤੈਅ ਕਰਨ ਤੱਕ। ਫੇਰ ਆਖੇਗਾ ਕੇਸ ਮੇਰੇ ਜੂਨੀਅਰ ਨੂੰ ਸਮਝਾ ਦੇਵੋ। ਜੂਨੀਅਰ ਜੂਨੀਅਰ ਹੁੰਦੈ। ਹਾਈ ਕੋਰਟ ਵਿਚ ਸਾਰਾ ਮੁੱਲ ਦਰਖ਼ਾਸਤ ਦੀ ਡਰਾਫ਼ਟਿੰਗ ਦਾ ਹੁੰਦੈ। ਜੱਜਾਂ ਦਾ ਮਨ ਦਰਖ਼ਾਸਤ ਪੜ੍ਹ ਕੇ ਬਣ ਜਾਂਦਾ ਹੈ। ਇਕ ਵਾਰ ਬਣਿਆ ਮਨ ਬਦਲਣਾ ਔਖਾ ਹੋ ਜਾਂਦੈ। ਇਸ ਸਾਹਿਬ ਕੋਲ ਦਰਖ਼ਾਸਤ ਲਿਖਾਉਣ ਦਾ ਟਾਇਮ ਨਹੀਂ। ਜੂਨੀਅਰ ਵਕੀਲਾਂ ਨੂੰ ਮੋਟੇ-ਮੋਟੇ ਨੁਕਤੇ ਦੱਸ ਦਿੰਦਾ ਹੈ। ਬਾਕੀ ਲੂਣ ਮਸਾਲਾ ਉਹ ਲਾਉਂਦੇ ਹਨ। ਉਨ੍ਹਾਂ ਕੋਲੋਂ ਵੀਹ ਨੁਕਤੇ ਰਹਿ ਜਾਂਦੇ ਹਨ। ਜੇ ਕੰਮ ਛੋਟੇ ਵਕੀਲਾਂ ਨੇ ਕਰਨਾ ਹੈ, ਫੇਰ ਫ਼ੀਸ ਵੱਡੇ ਵਕੀਲ ਦੀ ਕਿਉਂ ਦਿੱਤੀ ਜਾਵੇ?"

ਸਿੰਗਲੇ ਨੇ ਸੁੰਦਰ ਸਿੰਘ ਦੀਆਂ ਖਾਮੀਆਂ ਗਿਣਨੀਆਂ ਸ਼ੁਰੂ ਕੀਤੀਆਂ।

"ਤੁਸੀਂ ਬਾਬੂ ਜੀ ਨੂੰ ਫ਼ੋਨ ਕਰਦੇ ਸੁਣਿਆ ਹੈ। ਉਨ੍ਹਾਂ ਨੇ ਕਈ ਪੰਗੇ ਪਾ ਦਿੱਤੇ। ਆਖ ਦਿੱਤਾ ਪਾਰਟੀ ਅਮੀਰ ਹੈ। ਹੁਣ ਸੁੰਦਰ ਸਿੰਘ ਲੱਖ ਰੁਪਿਆ ਫ਼ੀਸ ਮੰਗੇਗਾ। ਇਹ ਅੜੀਅਲ ਸੁਭਾਅ ਦਾ ਬੰਦਾ ਹੈ। ਜੋ ਮੂੰਹੋਂ ਨਿਕਲ ਗਿਆ, ਉਸ ਤੋਂ ਇਸਨੇ ਦੁਆਨੀ ਘੱਟ ਨਹੀਂ ਕਰਨੀ। ਫੇਰ ਆਖ ਦਿੱਤਾ, ਜੱਜ ਨਾਲ ਗੱਲ ਕਰ ਲਈਂ। ਜੱਜ ਦੇ ਨਾਂ 'ਤੇ ਜੋ ਮੰਗ ਲਿਆ ਉਹ ਦੇਣਾ ਪਏਗਾ। ਪਹਿਲਾਂ ਉਸਨੇ ਦੱਸਣਾ ਕੁਝ ਨਹੀਂ। ਆਪਣੀ ਫ਼ੀਸ ਲੈ ਕੇ ਜੱਜ ਦੀ ਫ਼ੀਸ ਦੱਸੇਗਾ। ਨਾਂਹ-ਨੁੱਕਰ ਕੀਤੀ ਲਫ਼ਾਫ਼ਾ ਵਗਾਹ ਕੇ ਮਾਰੇਗਾ। ਉਸਨੂੰ ਦਿੱਤੀ ਫ਼ੀਸ ਖੂਹ-ਖਾਤੇ ਜਾਊ।"

ਸੁੰਦਰ ਸਿੰਘ ਤੋਂ ਬਾਅਦ ਸਿੰਗਲਾ ਨੰਦ ਲਾਲ ਦੀਆਂ ਚੁਗਲੀਆਂ ਕਰਨ ਲੱਗਾ।

"ਹਾਲੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਉਸ ਦੇ ਬਰਾਬਰ ਦਾ ਕੋਈ ਹੋਰ ਵਕੀਲ ਦੇਖ ਲਓ।"

ਅਜੇ ਨੇ ਸਿੰਗਲੇ ਦੀ ਹਾਂ ਵਿਚ ਹਾਂ ਮਿਲਾਈ। ਨੰਦ ਲਾਲ ਨੂੰ ਉਸਨੇ ਵਕੀਲ ਕਰਵਾਇਆ ਸੀ। ਉਸਦੀ ਕਾਰਗੁਜ਼ਾਰੀ ਬਹੁਤੀ ਵਧੀਆ ਨਹੀਂ ਸੀ। ਫ਼ਜ਼ੂਲ ਖਰਚੀ ਕਰਵਾ-ਕਰਵਾ ਉਸਨੇ ਅਜੇ ਦੀ ਬਦਨਾਮੀ ਕਰਵਾਈ ਸੀ। ਜੇ ਸੁੰਦਰ ਸਿੰਘ ਨੇ ਇਸੇ ਤਰ੍ਹਾਂ ਕੀਤਾ ਅਜੇ ਦੀ ਹੋਰ ਬਦਨਾਮੀ ਹੋਏਗੀ। ਉਹ ਆਪਣੇ ਮੱਥੇ 'ਤੇ ਕਲੰਕ ਦਾ ਹੋਰ ਟਿੱਕਾ ਨਹੀਂ ਸੀ ਲਗਾਵਾਉਣਾ ਚਾਹੁੰਦਾ।

"ਆਪਣਾ ਕੇਸ ਬਹੁਤਾ ਪੇਚੀਦਾ ਨਹੀਂ ਹੈ। ਹੇਠਾਂ ਸਾਡੀ ਜ਼ਮਾਨਤ ਅਖ਼ਬਾਰਾਂ ਨੇ ਨਹੀਂ ਹੋਣ ਦਿੱਤੀ। ਹਾਈ ਕੋਰਟ ਵਿਚ ਅਜਿਹੇ ਦਬਾਅ ਨਹੀਂ ਚੱਲਦੇ। ਪਹਿਲੀ ਪੇਸ਼ੀ 'ਤੇ ਮਹੀਨੇ ਡੇਢ ਮਹੀਨੇ ਲਈ ਜ਼ਮਾਨਤ ਮਨਜ਼ੂਰ ਹੋ ਜਾਏਗੀ। ਇੰਨੇ ਵਿਚ ਰਿਸ਼ਤੇਦਾਰਾਂ ਨੂੰ ਵਿਚ ਪਾ ਕੇ ਸਮਝੌਤਾ ਕਰ ਲਵਾਂਗੇ। ਚਾਰ ਪੈਸੇ ਦੇ ਕੇ ਪੁਲਿਸ ਕੋਲੋਂ ਪੜਤਾਲ ਕਰਵਾ ਲਵਾਂਗੇ। ਨਿਰਦੋਸ਼ ਸਾਬਤ ਹੋ ਜਾਵਾਂਗੇ। ਵੱਡੇ ਵਕੀਲ ਨੇ ਦੱਸੋ ਕੀ ਕਰਨੈ?"

"ਤੁਹਾਡੇ ਵਿਚਾਰ ਵਿਚ ਕਿਸ ਵਕੀਲ ਕੋਲ ਜਾਣਾ ਚਾਹੀਦਾ ਹੈ?" ਸਤੀਸ਼ ਕੁਝ ਵਕੀਲਾਂ ਨੂੰ ਜਾਣਦਾ ਸੀ। ਸਿੰਗਲਾ ਉਨ੍ਹਾਂ ਵਿਚੋਂ ਕਿਸੇ ਦਾ ਨਾਂ ਲਵੇ ਤਾਂ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਸੀ।

"ਮੈਂ ਆਪਣੇ ਉਸਤਾਦ ਜਗਜੀਤ ਸਿੰਘ ਨੂੰ ਕਈ ਵਾਰ ਪਰਖ ਕੇ ਦੇਖਿਆ ਹੈ। ਉਹ ਲਾਅ ਕਾਲਜ ਵਿਚ ਪ੍ਰੋਫੈਸਰ ਰਿਹਾ ਹੈ। ਕਾਨੂੰਨ 'ਤੇ ਉਸਦੀ ਬਹੁਤ ਪਕੜ ਹੈ। ਇਕ-ਇਕ ਨੁਕਤਾ ਅੱਡ ਅੱਡ ਕਰਕੇ ਰੱਖ ਦਿੰਦਾ ਹੈ। ਪ੍ਰੋਫੈਸਰੀ ਛੱਡ ਕੇ ਵਕਾਲਤ ਸ਼ੁਰੂ ਕੀਤੀ ਤਾਂ ਦਿਨਾਂ ਵਿਚ ਚਮਕ ਗਿਆ। ਮੁੱਖ-ਮੰਤਰੀ ਦੇ ਬਹੁਤ ਨੇੜੇ ਹੈ। ਉਹ ਇਸ ਨੂੰ ਐਡਵੋਕੇਟ ਜਨਰਲ ਲਾਉਂਦਾ ਸੀ। ਇਨ੍ਹਾਂ ਨੇ ਜਵਾਬ ਦੇ ਦਿੱਤਾ। ਕਹਿੰਦੈ ਨੌਕਰੀ ਨਹੀਂ ਕਰਨੀ। ਹਾਈ ਕੋਰਟ ਦੇ ਅੱਧੇ ਸਰਕਾਰੀ ਵਕੀਲ ਇਸਦੇ ਸ਼ਗਿਰਦ ਨੇ। ਉਸਤਾਦ ਸਾਹਮਣੇ ਬੋਲਦਿਆਂ ਉਨ੍ਹਾਂ ਦੀ ਘਿੱਗੀ ਬੱਝ ਜਾਂਦੀ ਹੈ।

"ਉਸ ਤਕ ਆਪਣਾ ਪੂਰਾ ਜ਼ੋਰ ਹੈ। ਆਪ ਦਰਖ਼ਾਸਤ ਲਿਖਵਾਏਗਾ। ਫ਼ੀਸ ਵਿਚ ਅੜ-ਕੜ ਨਹੀਂ ਕਰੇਗਾ। ਮੇਰਾ ਖਿਆਲ ਹੈ ਘੱਟੋ-ਘੱਟ ਉਸਦੀ ਰਾਏ ਜ਼ਰੂਰ ਲੈ ਲੈਣੀ ਚਾਹੀਦੀ ਹੈ। ਉਹ ਨਾ ਜਚਿਆ ਸੁੰਦਰ ਸਿੰਘ ਕੋਲ ਆ ਜਾਵਾਂਗੇ।"

ਚੰਡੀਗੜ੍ਹ ਦੀ ਜੂਹ ਵਿਚ ਵੜਨ ਤੋਂ ਪਹਿਲਾਂ-ਪਹਿਲਾਂ ਸਿੰਗਲਾ ਆਪਣਾ ਕੇਸ ਤਿਆਰ ਕਰ ਲੈਣਾ ਚਾਹੁੰਦਾ ਸੀ।

"ਫੇਰ ਮੋੜੀਏ ਗੱਡੀ ਪ੍ਰੋਫੈਸਰ ਵੱਲ ?"

ਪ੍ਰੋਫੈਸਰ ਦੀ ਕੋਠੀ ਵੱਲ ਮੁੜਨ ਤੋਂ ਪਹਿਲਾਂ ਸਿੰਗਲੇ ਨੇ ਪੰਕਜ ਤੋਂ ਪੁੱਛਿਆ।

ਡੇਢ ਘੰਟੇ ਦੇ ਇਸ ਸਫ਼ਰ ਦੌਰਾਨ ਪੰਕਜ ਖ਼ਾਮੋਸ਼ ਰਿਹਾ ਸੀ। ਨਾਲ ਬੈਠੇ ਦੋਸਤ ਕੀ ਗੱਲ ਕਰ ਰਹੇ ਸਨ, ਉਸਨੂੰ ਕੁਝ ਪਤਾ ਨਹੀਂ ਸੀ। ਉਸਦੀ ਮੱਤ ਜਿਹੀ ਮਾਰੀ ਗਈ ਸੀ। ਉਹ ਬੁਰੇ-ਬੁਰੇ ਖ਼ਿਆਲਾਂ ਵਿਚ ਉਲਝਿਆ ਹੋਇਆ ਸੀ। ਕਦੇ ਉਸ ਨੂੰ ਲੱਗਦਾ ਸੀ ਜਿਵੇਂ ਪੁਲਿਸ ਉਸਨੂੰ ਗ੍ਰਿਫ਼ਤਾਰ ਕਰ ਰਹੀ ਸੀ। ਉਹ ਅੱਗੇ ਦੌੜ ਰਿਹਾ ਸੀ। ਪੁਲਿਸ ਉਸਦਾ ਪਿੱਛਾ ਕਰ ਰਹੀ ਸੀ। ਕਦੇ ਉਸ ਨੂੰ ਲਗਦਾ ਉਸ ਨੂੰ ਹੱਥ-ਕੜੀ ਲਾ ਕੇ ਸਾਰੇ ਬਜ਼ਾਰਾਂ ਵਿਚ ਘੁੰਮਾਇਆ ਜਾ ਰਿਹਾ ਸੀ। ਕਦੇ ਉਸਨੂੰ ਫ਼ਿਲਮਾਂ ਦੇ ਸੀਨ ਯਾਦ ਆਉਂਦੇ। ਕਿਸੇ ਫ਼ਿਲਮ ਦੇ ਹੀਰੋ ਵਾਂਗ ਉਹ ਕੈਦੀਆਂ ਵਾਲੇ ਚਿੱਟੇ ਕਪੜੇ ਪਾਈ ਕਦੇ ਚੱਕੀ ਪੀਸ ਰਿਹਾ



ਸੀ ਅਤੇ ਕਦੇ ਪੱਥਰ ਤੋੜ ਰਿਹਾ ਸੀ।

"ਕਿਹੜੇ ਪ੍ਰੋਫੈਸਰ ਵੱਲ?" ਅਰਧ-ਚੇਤਨ ਅਵਸਥਾ ਵਿਚ ਵਿਚਰਦੇ ਪੰਕਜ ਨੂੰ ਕੁਝ ਪਤਾ ਨਹੀਂ ਸੀ, ਉਹ ਕਿਸ ਪ੍ਰੋਫੈਸਰ ਦੀ ਗੱਲ ਕਰ ਰਹੇ ਸਨ।

"ਵਕੀਲ ਸੁੰਦਰ ਸਿੰਘ ਨੂੰ ਕਰਨਾ ਹੈ ਜਾਂ ਜਗਜੀਤ ਸਿੰਘ ਨੂੰ?"

ਦੋਹਾਂ ਵਕੀਲਾਂ ਦੇ ਗੁਣਾਂ-ਔਗੁਣਾਂ ਬਾਰੇ ਸਮਝਾ ਕੇ ਸਤੀਸ਼ ਨੇ ਫੈਸਲਾ ਪੰਕਜ ਉਪਰ ਸੁੱਟਦਿਆਂ ਪੁੱਛਿਆ।

"ਸਭ ਤੋਂ ਪਹਿਲਾਂ ਆਪਾਂ ਪ੍ਰਤਾਪ ਸਿੰਘ ਅੰਕਲ ਵੱਲ ਚੱਲਣਾ ਹੈ। ਤੁਰਨ ਤੋਂ ਪਹਿਲਾਂ ਮੇਰੀ ਉਨ੍ਹਾਂ ਨਾਲ ਗੱਲ ਹੋਈ ਸੀ। ਉਹ ਕਹਿੰਦੇ ਸੀ ਸਾਰੀ ਕਾਰਵਾਈ ਮੈਥੋਂ ਪੁੱਛ ਕੇ ਕਰਨੀ। ਉਹ ਆਪਣਾ ਇੰਤਜ਼ਾਰ ਕਰ ਰਹੇ ਹੋਣਗੇ। ਪਹਿਲਾਂ ਆਪਾਂ ਉਧਰ ਚੱਲਦੇ ਹਾਂ। ਫੇਰ ਕੋਈ ਫੈਸਲਾ ਕਰਾਂਗੇ।"

ਅਜੇ ਅਤੇ ਸਤੀਸ਼ ਦੇ ਮਨੋਂ ਤਾਂ ਬੋਝ ਲਹਿ ਗਿਆ, ਪਰ ਸਿੰਗਲੇ ਦਾ ਮਨ ਮਸੋਸਿਆ ਗਿਆ। ਉਸਦੀ ਯੋਜਨਾ ਧਰੀ-ਧਰਾਈ ਰਹਿ ਗਈ।

## -40-

ਰਸਤੇ ਵਿਚ ਪ੍ਰਤਾਪ ਸਿੰਘ ਦਾ ਫ਼ੋਨ ਆ ਗਿਆ। ਉਹ ਵਾਸੂਦੇਵਾ ਵਕੀਲ ਦੀ ਕੋਠੀ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ।

ਵਾਸੂਦੇਵਾ ਨੇ ਗਰਮਜੋਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਪ੍ਰਤਾਪ ਸਿੰਘ ਦੂਜੀ ਮੰਜ਼ਲ ਉਪਰ ਬਣੇ ਗੈਸਟ ਹਾਊਸ ਵਿਚ ਬੈਠਾ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਪੰਕਜ ਨੂੰ ਸਾਹਿਬ ਕੋਲ ਪਹੁੰਚਾਇਆ ਗਿਆ।

ਸਭ ਕੋਲ ਸਮਾਂ ਘੱਟ ਸੀ। ਬਾਕੀ ਦੇ ਸਾਥੀਆਂ ਨੂੰ ਵਾਸੂਦੇਵਾ ਦੇ ਦਫ਼ਤਰ ਬੈਠਾਇਆ ਗਿਆ। ਜਿੰਨਾ ਚਿਰ ਸਾਹਿਬ ਅਤੇ ਪੰਕਜ ਵਿਚਕਾਰ ਗੱਲਬਾਤ ਹੋਵੇ ਉਨਾ ਚਿਰ ਸਿੰਗਲਾ ਵਾਸੂਦੇਵਾ ਨੂੰ ਕੇਸ ਸਮਝਾਵੇ। ਦਰਖ਼ਾਸਤ ਲਿਖਾਉਣ ਵਿਚ ਉਸਦੀ ਮਦਦ ਕਰੇ।

ਪ੍ਰਤਾਪ ਸਿੰਘ ਜਿਸ ਕਮਰੇ ਵਿਚ ਬੈਠਾ ਸੀ, ਉਥੇ ਕੇਵਲ ਛੇ ਬੰਦਿਆਂ ਦੇ ਬੈਠਣ ਦਾ ਇੰਤਜ਼ਾਮ ਸੀ। ਦੋ ਦੋ ਸੀਟਾਂ ਵਾਲੇ ਦੋ ਸੋਫ਼ੇ ਆਹਮਣੇ-ਸਾਹਮਣੇ ਪਏ ਸਨ। ਵਿਚਕਾਰ ਇਕ ਟੇਬਲ ਸੀ। ਸਾਈਡਾਂ ਉਪਰ ਦੋ ਪੁਰਾਣੇ ਜ਼ਮਾਨੇ ਦੀਆਂ ਟਾਹਲੀ ਦੀਆਂ ਕੁਰਸੀਆਂ ਪਈਆਂ ਸਨ। ਕਮਰੇ ਵਿਚ ਇੰਨੀ ਕੁ ਰੋਸ਼ਨੀ ਸੀ ਕਿ ਮੁਸ਼ਕਲ ਨਾਲ ਇਕ ਦੂਜੇ ਦੇ ਚਿਹਰੇ ਪਹਿਚਾਣ ਵਿਚ ਆਉਂਦੇ ਸਨ।

ਸੈਂਟਰ ਟੇਬਲ ਉਪਰ ਪਏ ਨਿੱਕ-ਸੁੱਕ ਤੋਂ ਲੱਗਦਾ ਸੀ ਜਿਵੇਂ ਵਿਸਕੀ ਦਾ ਦੌਰ ਚੱਲ ਰਿਹਾ ਸੀ।

ਪ੍ਰਤਾਪ ਸਿੰਘ ਨੇ ਖੜ੍ਹਾ ਹੋ ਕੇ ਪੰਕਜ ਦਾ ਸਵਾਗਤ ਕੀਤਾ। ਆਪਣੇ ਨਾਲ ਵਾਲੀ ਕੁਰਸੀ 'ਤੇ ਉਸਨੂੰ ਬੈਠਾਇਆ। ਖ਼ੁਦ ਪੈਗ ਬਣਾ ਕੇ ਉਸਨੂੰ ਪੇਸ਼ ਕੀਤਾ।

"ਮੈਨੂੰ ਅਫ਼ਸੋਸ ਹੈ ਆਪਾਂ ਸੈਸ਼ਨ ਕੋਰਟ ਵਿਚ ਕਾਮਯਾਬ ਨਹੀਂ ਹੋ ਸਕੇ। ਮੈਂ ਕੋਸ਼ਿਸ਼ ਕੀਤੀ ਸੀ ਪਰ ਕਿਸੇ ਨੇ ਪੈਰ ਨਾ ਲਾਏ।"

ਪ੍ਰਤਾਪ ਸਿੰਘ ਨੇ ਹੇਠਾਂ ਹੋਈ ਅਸਫ਼ਲਤਾ 'ਤੇ ਅਫ਼ਸੋਸ ਪ੍ਰਗਟ ਕੀਤਾ।

"ਬੱਸ ਹੁਣ ਤੁਹਾਡੇ ਰੱਖਣ ਦੇ ਹਾਂ,"

ਪੰਕਜ ਨੇ ਪ੍ਰਤਾਪ ਸਿੰਘ ਦੇ ਗੋਡੇ ਹੱਥ ਲਾ ਕੇ ਲੇਲ੍ਹੜੀ ਕੱਢੀ।

"ਤੂੰ ਪਰਵਾਹ ਨਾ ਕਰ ਪੁੱਤਰਾ। ਦੇਖੀਂ ਇਥੇ ਆਪਾਂ ਕਿਸ ਤਰ੍ਹਾਂ ਚੱਕਰੀ ਘੁਮਾਵਾਂਗੇ। ਜ਼ਮਾਨਤਾਂ ਸੁਣਨ ਵਾਲੇ ਬੈਂਚ ਵਿਚ ਜਿਹੜੇ ਦੋ ਜੱਜ ਬੈਠੇ ਹਨ ਉਹ ਦੋਵੇਂ ਮੇਰੇ ਯਾਰ ਹਨ। ਆਪਾਂ ਦੋਹਾਂ ਨੂੰ ਇਥੇ ਬੁਲਾ ਸਕਦੇ ਹਾਂ। ਕੰਮ ਹੋ ਜਾਣ, ਦੇ ਫੇਰ ਤੇਰੇ ਨਾਲ ਪਿਆਵਾਂਗਾ।"

"ਸਾਡੀ ਡੋਰ ਹੁਣ ਤੁਹਾਡੇ ਹੱਥ ਹੈ।"

"ਇਹ ਦੱਸੋ ਕੋਈ ਵਕੀਲ ਤਾਂ ਨਹੀਂ ਕੀਤਾ ?"

"ਨਹੀਂ ਸਰ! ਤੁਹਾਡੇ ਪੁੱਛੇ ਬਿਨਾਂ ਥੋੜ੍ਹਾ ਕਰਨਾ ਸੀ।"

"ਗੁੱਡ! ਵਕੀਲ ਆਪਾਂ ਵਾਸੂਦੇਵਾ ਨੂੰ ਕਰਾਂਗੇ। ਇਹ ਲਾਅ ਮਨਿਸਟਰ ਦਾ ਸਕਾ ਭਾਣਜਾ ਹੈ। ਇਸ ਦੀ ਭੂਆ ਦਾ ਦਿਉਰ ਸੁਪਰੀਮ ਕੋਰਟ ਦਾ ਜੱਜ ਹੈ। ਦੋਵੇਂ, ਮਹੀਨੇ ਦੋ ਮਹੀਨੇ ਬਾਅਦ ਇਥੇ ਚੱਕਰ ਮਾਰਦੇ ਹਨ। ਜੱਜ ਇਸ਼ਾਰਾ ਸਮਝ ਜਾਂਦੇ ਹਨ। ਕਿਸੇ ਦੀ ਇਸ ਤੋਂ ਬਾਹਰ ਜਾਣ ਦੀ ਜੁਅਰਤ ਨਹੀਂ ਪੈਂਦੀ। ਇਸ ਵਕੀਲ ਨਾਲ ਮੇਰੀ ਬੁੱਕਲ ਸਾਂਝੀ ਹੈ। ਹਰ ਵਕੀਲ ਨੂੰ ਅਸੀਂ ਅੰਦਰਲੀ ਗੱਲ ਨਹੀਂ ਦੱਸ ਸਕਦੇ। ਮੈਂ ਸਾਲ ਦੇ ਅੰਦਰ-ਅੰਦਰ ਹਾਈ ਕੋਰਟ ਦਾ ਜੱਜ ਬਣ ਜਾਣਾ ਹੈ। ਬਹੁਤੇ ਵਕੀਲਾਂ ਨਾਲ ਬੁੱਕਲ ਸਾਂਝੀ ਹੋ ਜਾਵੇ, ਉਹ ਪਿਛੋਂ ਬਲੈਕ-ਮੇਲ ਕਰਦੇ ਹਨ। ਇਹ ਵਕੀਲ ਹਰ ਪੱਖੋਂ ਠੀਕ ਰਹੇਗਾ।"

"ਜਿਵੇਂ ਤੁਹਾਡੀ ਮਰਜ਼ੀ।"

"ਆਪਾਂ ਇਥੇ ਬਹੁਤੀ ਦੇਰ ਨਹੀਂ ਬੈਠ ਸਕਦੇ। ਇਥੇ ਕਈ ਜੱਜ ਇਸਨੂੰ ਮਿਲਣ ਆਉਂਦੇ ਰਹਿੰਦੇ ਹਨ। ਅੱਠ ਵਜੇ ਮੈਂ ਕਲੱਬ ਜਾਣਾ ਹੈ। ਮੇਰਾ ਤੇਰੇ ਵਾਲੇ ਜੱਜਾਂ ਨਾਲ ਸਮਾਂ ਮਿਲਾਇਆ ਹੋਇਐ। ਆਪਾਂ ਉਨ੍ਹਾਂ ਨੂੰ ਬਹੁਤ ਇੰਤਜ਼ਾਰ ਨਹੀਂ ਕਰਾਉਣਾ। ਵਾਸੂਦੇਵਾ ਨੂੰ ਮੈਂ ਕੰਮ ਸਮਝਾ ਦਿੱਤਾ ਹੈ। ਕੰਮ ਹੋਣਾ ਹੈ ਮੇਰੀ ਸਿਫਾਰਸ਼ ਨਾਲ ਜਾਂ ਤੇਰੀ ਮਾਇਆ ਨਾਲ। ਫੇਰ ਆਪਾਂ ਬਹੁਤੇ ਵੱਡੇ ਵਕੀਲਾਂ ਦੇ ਘਰ ਕਿਉਂ ਭਰੀਏ ?"

"ਠੀਕ ਕਹਿੰਦੇ ਹੋ ਸਰ!"

"ਕਿੰਨੇ ਪੈਸਿਆਂ ਦਾ ਇੰਤਜ਼ਾਮ ਕਰਕੇ ਲਿਆਂਦਾ ਹੈ ?"

ਪਹਿਲਾ ਪੈੱਗ ਖ਼ਤਮ ਕਰਕੇ ਦੂਜਾ ਪੈੱਗ ਤਿਆਰ ਕਰਦੇ ਪ੍ਰਤਾਪ ਸਿੰਘ ਨੇ ਪੰਕਜ ਕੋਲੋਂ ਪੁੱਛਿਆ,

"ਇਕ ਪੇਟੀ ਮੇਰੇ ਕੋਲ ਹੈ। ਪੈਸਿਆਂ ਦੀ ਕੋਈ ਸਮੱਸਿਆ ਨਹੀਂ। ਇਥੇ ਮੇਰੇ ਕਈ ਰਿਸ਼ਤੇਦਾਰ ਰਹਿੰਦੇ ਹਨ।"

"ਬਹੁਤ ਹਨ। ਅੱਜ ਦਾ ਕੰਮ ਸਰ ਜਾਏਗਾ। ਪਚਵੰਜਾ ਹਜ਼ਾਰ ਆਪਾਂ ਵਾਸੂਦੇਵਾ ਨੂੰ ਦੇਵਾਂਗੇ। ਸਭ ਕੁਝ ਮਿਲਾ ਕੇ। ਮੁਨਸ਼ੀਆਨਾ, ਟਾਇਪ ਸਭ ਮਿਲਾ ਕੇ। ਇੰਨੇ ਪੈਸੇ ਤੂੰ ਫੜਾ ਦੇਈਂ। ਵੱਧ ਮੰਗੇ ਆਖ ਦੇਈਂ ਸਾਹਿਬ ਦਾ ਇਹੋ ਹੁਕਮ ਹੈ।"

"ਜਿਵੇਂ ਤੁਹਾਡਾ ਹੁਕਮ।"

ਅੱਗੇ ਕੀ ਵਿਚਾਰ ਹੈ? ਜੱਜਾਂ ਨਾਲ ਗੱਲ ਕਰਨੀ ਹੈ?"

"ਜਿਵੇਂ ਤੁਸੀਂ ਠੀਕ ਸਮਝੋ। ਸਾਨੂੰ ਮਤਲਬ ਕੰਮ ਤਕ ਹੈ। ਜਿਸ ਤਰ੍ਹਾਂ ਹੁੰਦਾ ਹੈ ਉਸੇ ਤਰ੍ਹਾਂ ਕਰਾਓ।"

"ਦੇਖ! ਬੈਂਚ ਵਿਚ ਦੋ ਜੱਜ ਬੈਠਦੇ ਹਨ। ਜੂਨੀਅਰ ਜੱਜ ਨਾਲ ਮੇਰੀ ਬਹੁਤ ਬਣਦੀ ਹੈ। ਉਸਨੂੰ ਮੈਂ ਜੋ ਦੇ ਦੇਵਾਂਗਾ, ਲੈ ਲਏਗਾ। ਉਸਨੂੰ ਆਪਾਂ ਇਕ ਪੇਟੀ ਦੇਵਾਂਗੇ। ਸੀਨੀਅਰ



ਨਾਲ ਉਹ ਆਪੇ ਗੱਲ ਕਰੇਗਾ। ਵੱਧੋ-ਵੱਧ ਇਕ ਪੇਟੀ ਸੀਨੀਅਰ ਲੈ ਲਏਗਾ। ਇਹ ਘੱਟੋ-ਘੱਟ ਫ਼ੀਸ ਹੈ।"

"ਕੋਈ ਨਹੀਂ ਸਰ! ਤੁਸੀਂ ਵੱਧ ਥੋੜ੍ਹਾ ਦਿਵਾਉਣੇ ਹਨ। ਕੰਮ ਤਾਂ ਹੋ ਜਾਏਗਾ ਨਾ ਸਰ ?"

"ਇਹ ਕਿਹੜਾ ਕੰਮਾਂ ਵਿਚੋਂ ਕੰਮ ਹੈ! ਮੈਂ ਉਹ ਕੰਮ ਕਰਵਾ ਦਿੱਤੇ, ਜਿਨ੍ਹਾਂ ਬਾਰੇ ਕਦੇ ਕੋਈ ਸੋਚ ਨਹੀਂ ਸਕਦਾ। ਤਹਾਡੇ ਸ਼ਹਿਰ ਫਿਰੋਜ਼ਪੁਰ ਰੋਡ 'ਤੇ ਬਣੇ ਹਨ ਨਾ ਦਸ ਬਾਰਾਂ ਮੈਰਿਜ ਪੈਲਿਸ। ਉਨ੍ਹਾਂ ਦੇ ਨੇੜੇ ਮਿਲਟਰੀ ਦੀ ਛਾਉਣੀ ਹੈ। ਛਾਉਣੀ ਵਿਚ ਫ਼ੌਜ ਦਾ ਗੋਲੀ-ਸਿੱਕੇ ਦਾ ਭੰਡਾਰ ਹੈ। ਅਰਬਾਂ ਰੁਪਏ ਉਸਦੀ ਕੀਮਤ ਹੈ। ਇਕ ਤੀਲੀ ਲਗ ਜਾਵੇ ਤਾਂ ਸਾਰਾ ਮਾਇਆ ਨਗਰ ਇਕ ਮਿੰਟ ਵਿਚ ਸੁਆਹ ਹੋ ਜਾਵੇ। ਕਰੋੜਾਂ ਅਰਬਾਂ ਦਾ ਨੁਕਸਾਨ ਵੱਖਰਾ। ਸਿਵਲ ਅਫ਼ਸਰਾਂ ਨੇ ਪੈਸੇ ਲੈ ਕੇ ਮੈਰਿਜ ਪੈਲਿਸ ਬਣਵਾ ਦਿੱਤੇ। ਪੱਤਰਕਾਰਾਂ ਨੇ ਆਪਣੀ ਤੋਰੀ ਫੁਲਕਾ ਚਲਾਉਣ ਲਈ ਮਸਲਾ ਪ੍ਰੈੱਸ ਵਿਚ ਭਖਾ ਲਿਆ। ਕਹਿੰਦੇ ਮਿਲਟਰੀ ਨਿਯਮਾਂ ਦੀ ਉਲੰਘਣਾ ਹੋਈ ਹੈ। ਪੈਲਿਸ ਅਸਲਾ ਭੰਡਾਰ ਦੇ ਇਕ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਹਨ। ਮਾਲਕਾਂ ਨੂੰ ਫ਼ਿਕਰ ਪੈ ਗਿਆ। ਜੇ ਸਰਕਾਰ ਪਿੱਛੇ ਪੈ ਗਈ ਤਾਂ ਕਰੋੜਾਂ ਦਾ ਨੁਕਸਾਨ ਹੋ ਜਾਏਗਾ। ਪੈਲਿਸ ਵਾਲਿਆਂ ਨੇ ਸਿਵਲ ਅਫ਼ਸਰਾਂ ਤਕ ਪਹੁੰਚ ਕੀਤੀ। ਦਿੱਤੀ ਰਿਸ਼ਵਤ ਦੀ ਯਾਦ ਦਿਵਾਈ। ਪਰ ਅਫ਼ਸਰ ਕੀ ਕਰਨ? ਦੇਸ਼ ਦੀ ਰੱਖਿਆ ਦਾ ਸਵਾਲ ਸੀ। ਉਹ ਕੋਈ ਮਦਦ ਨਹੀਂ ਸਨ ਕਰ ਸਕਦੇ। ਪੈਲਿਸ ਮਾਲਕਾਂ ਦੀ ਮਾੜੀ ਕਿਸਮਤ ਰਾਜਸਥਾਨ ਦੇ ਇਕ ਇਹੋ ਜਿਹੇ ਭੰਡਾਰ ਨੂੰ ਅੱਗ ਲਗ ਗਈ। ਮਾਇਆ ਨਗਰ ਦੇ ਡੀਪੂ ਦੀ ਸੁਰੱਖਿਆ ਦਾ ਮਾਮਲਾ ਹੋਰ ਤੂਲ ਫੜ ਗਿਆ। ਅਫ਼ਸਰ ਪੈਲਿਸ ਢਾਹੁਣ ਦੀ ਤਿਆਰੀ ਕਰਨ ਲੱਗੇ। ਕਿਸੇ ਨੇ ਪੈਲਿਸ ਵਾਲਿਆਂ ਨੂੰ ਮੇਰੀ ਦੱਸ ਪਾ ਦਿੱਤੀ। ਮੈਂ ਗੱਠ-ਤੁੱਪ ਕੀਤੀ। ਜੱਜਾਂ ਤੋਂ ਮੈਰਿਜ ਪੈਲਿਸ ਢਹਾਉਣ ਉਪਰ ਪਾਬੰਦੀ ਲਗਵਾ ਦਿੱਤੀ। ਬੰਦੀ ਲੈ ਕੇ ਮਾਲਕਾਂ ਦੇ ਹੱਥ ਫੜਾ ਦਿੱਤੀ। ਅੱਜ ਤਕ ਸਰਕਾਰ ਪੈਲਿਸਾਂ ਦੇ ਕੋਲ ਦੀ ਨਹੀਂ ਲੰਘ ਸਕੀ। ਦੋ ਤਿੰਨ ਸਾਲ ਮੈਂ ਸੁਣਵਾਈ ਨਹੀਂ ਹੋਣ ਦਿੰਦਾ। ਇੰਨੇ ਵਿਚ ਗੱਲ ਠੰਡੀ ਪੈ ਜਾਏਗੀ। ਮੈਂ ਮਿਲਟਰੀ ਬੰਨ੍ਹ ਦਿੱਤੀ। ਸਰਕਾਰ ਰੋਕ ਦਿੱਤੀ। ਤੁਹਾਡਾ ਕੰਮ ਵੀ ਕੋਈ ਕੰਮ ਹੈ?"

"ਫੇਰ ਠੀਕ ਹੈ ਸਰ! ਮੈਨੂੰ ਸਭ ਮਨਜ਼ੂਰ ਹੈ।"

"ਇਹ ਦੋ ਪੇਟੀਆਂ ਕਦੋਂ ਪੁੱਜ ਜਾਣਗੀਆਂ?"

"ਜਦੋਂ ਕਹੋ।"

"ਕੱਲ੍ਹ ਸ਼ਾਮ ਤਕ ਪਹੁੰਚਾ ਦੇਣਾ। ਪਰਸੋਂ ਨੂੰ ਸੁਣਵਾਈ ਹੋਏਗੀ। ਦੇਖਣਾ ਕਿਸ ਤਰ੍ਹਾਂ ਪੇਸ਼ਗੀ ਜ਼ਮਾਨਤ ਮਨਜ਼ੂਰ ਹੁੰਦੀ ਹੈ। ਬਿਨਾਂ ਦੂਜੀ ਧਿਰ ਨੂੰ ਸੁਣੇ।"

"ਪਹੁੰਚ ਜਾਏਗੀ ਸਰ!... ਹੁਣ ਤੁਸੀਂ ਕਿਹੜੇ ਕਲੱਬ ਚੱਲੇ ਹੋ?"

"ਪਹਿਲਾਂ ਆਪਾਂ ਮਤਲਬ ਕੱਢ ਲਈਏ। ਫੇਰ ਤੇਰੀ ਮੁਲਾਕਾਤ ਕਰਵਾ ਦੇਵਾਂਗਾ। ਹਾਲੇ ਕਾਹਲਾ ਨਾ ਪੈ।"

"ਮੇਰਾ ਇਹ ਮਤਲਬ ਨਹੀਂ ਸਰ! ਮੈਂ ਤਾਂ ਪੁੱਛ ਰਿਹਾ ਸੀ ਕਿ ਮੈਂ ਬਿੱਲ ਅਦਾ ਕਰ ਦਿੰਦਾ!"

"ਕਿਉਂ ਸ਼ਰਮਿੰਦਾ ਕਰਦਾ ਹੈਂ? ਤੇਰਾ ਅੰਕਲ ਬਿੱਲ ਦੇਣ ਜੋਗਾ ਵੀ ਨਹੀਂ?"

"ਤੁਹਾਡਾ ਖ਼ਰਚਾ ਹੁੰਦਾ ਰਹਿੰਦਾ ਹੈ। ਤੁਸੀਂ ਇਹ ਰੱਖ ਲਓ।" ਪ੍ਰਤਾਪ ਸਿੰਘ ਦੇ

ਅਹਿਸਾਨ ਦਾ ਬਦਲਾ ਚੁਕਾਉਣ ਲਈ ਪੰਕਜ ਨੇ ਇਕ ਪੰਜਾਹ ਹਜ਼ਾਰ ਵਾਲੀ ਗੁੱਟੀ ਉਸਦੇ ਅੱਗੇ ਰੱਖ ਦਿੱਤੀ।

"ਕੋਈ ਨੀ... ਕੋਈ ਨੀ... ਇਹ ਰਹਿਣ ਦਿੰਦਾ।" ਆਖਦੇ ਪ੍ਰਤਾਪ ਸਿੰਘ ਨੇ ਪਹਿਲਾਂ ਗੁੱਟੀ ਸੋਫ਼ੇ ਹੇਠ ਰੱਖ ਦਿੱਤੀ। ਫੇਰ ਕੁਝ ਦੇਰ ਬਾਅਦ ਜੇਬ ਵਿਚ ਪਾ ਲਈ।

ਨੋਟ ਸੰਭਾਲ ਕੇ ਪ੍ਰਤਾਪ ਸਿੰਘ ਨੇ ਇਕ-ਇਕ ਵੱਡਾ ਪੈੱਗ ਬਣਾਇਆ।

"ਅੱਛਾ ਇਹ ਦੱਸ ਪੁਲਿਸ ਵੱਲੋਂ ਕੋਈ ਮਦਦ ਮਿਲ ਰਹੀ ਹੈ ਜਾਂ ਨਹੀਂ ?

ਕੁਝ ਦੇਰ ਖ਼ਾਮੋਸ਼ ਰਹਿ ਕੇ ਪ੍ਰਤਾਪ ਸਿੰਘ ਨੇ ਅਗਲੀ ਗੱਲ ਤੋਰੀ।

"ਕੋਈ ਖ਼ਾਸ ਨਹੀਂ।"

"ਤੂੰ ਪਹਿਲਾਂ ਜ਼ਮਾਨਤ ਕਰਵਾ ਲੈ। ਫੇਰ ਮੈਂ ਤੇਰਾ ਇਹ ਇੰਤਜ਼ਾਮ ਵੀ ਕਰਦਾ ਹਾਂ। ਕਰਾਈਮ ਬਰਾਂਚ ਦਾ ਆਈ.ਜੀ. ਮੇਰਾ ਯਾਰ ਹੈ। ਵਕੀਲ ਕੋਲੋਂ ਅੱਜ ਹੀ ਦਰਖ਼ਾਸਤ ਟਾਇਪ ਕਰਾਉਂਦੇ ਹਾਂ। ਉਹ ਅਰਜੀ ਮੈਂ ਪੁਲਿਸ ਮੁਖੀ ਕੋਲੋਂ ਉਸਦੇ ਨਾਂ ਮਾਰਕ ਕਰਵਾ ਲਵਾਂਗਾ। ਉਸ ਕੋਲ ਪੜਤਾਲ ਕਰਵਾ ਕੇ ਤੁਹਾਨੂੰ ਕੇਸ ਵਿਚੋਂ ਕਢਵਾ ਦੇਵਾਂਗਾ।"

"ਇਸ ਤਰ੍ਹਾਂ ਵੀ ਹੋ ਜਾਂਦਾ ਹੈ?"

ਪ੍ਰਤਾਪ ਸਿੰਘ ਜੋ ਆਖ ਰਿਹਾ ਸੀ, ਉਸ ਉਪਰ ਪੰਕਜ ਨੂੰ ਯਕੀਨ ਨਹੀਂ ਸੀ ਆ ਰਿਹਾ।

"ਸਭ ਹੋ ਜਾਂਦਾ ਹੈ। ਪੈਸੇ ਵਿਚ ਬੜੀ ਤਾਕਤ ਹੈ। ਕਾਨੂੰਨ ਇਸਦਾ ਗ਼ੁਲਾਮ ਹੈ। ਦੇਖ ਆਗੇ-ਆਗੇ ਹੋਤਾ ਹੈ ਕਿਆ ?"

ਸਰੂਰ ਵਿਚ ਆਇਆ ਪ੍ਰਤਾਪ ਸਿੰਘ ਵਾਅਦੇ 'ਤੇ ਵਾਅਦਾ ਕਰਨ ਲੱਗਾ।

"ਆਈ.ਜੀ. ਕਰਾਈਮ ਕੌਣ ਨੇ?"

"ਉਹ ਮੇਰਾ ਯਾਰ ਹੈ। ਜਦੋਂ ਮੈਂ ਅੰਮ੍ਰਿਤਸਰ ਮੈਜਿਸਟਰੇਟ ਸੀ ਉਦੋਂ ਉਹ ਨਵਾਂ ਭਰਤੀ ਹੋ ਕੇ ਏ.ਐਸ.ਪੀ. ਲੱਗਾ ਸੀ। ਅਸੀਂ ਦੋਵੇਂ ਛੜੇ ਸੀ। ਆਫੀਸਰ ਹੋਸਟਲ ਵਿਚ ਰਹਿੰਦੇ ਸੀ। ਫੇਰ ਅਸੀਂ ਪਟਿਆਲੇ ਇਕੱਠੇ ਹੋ ਗਏ। ਉਹ ਪੁਲਿਸ ਕਪਤਾਨ ਸੀ ਅਤੇ ਮੈਂ ਅਡੀਸ਼ਨਲ ਸੈਸ਼ਨ ਜੱਜ। ਅਸੀਂ ਫੇਰ ਇਕੱਠੇ ਮੌਜਾਂ ਮਾਰੀਆਂ। ਸਭ ਚੰਗੇ ਮਾੜੇ ਕੰਮ ਕੀਤੇ। ਮੈਂ ਬਥੇਰੇ ਬੰਦੇ ਉਸਦੇ ਆਖੇ ਸਜ਼ਾ ਤੋਂ ਬਰੀ ਕੀਤੇ। ਉਸਨੇ ਮੇਰੇ ਆਖੇ ਬਹੁਤ ਬੰਦੇ ਅੰਦਰ ਬਾਹਰ ਕੀਤੇ। ਅੱਜ ਤਕ ਯਾਰੀ ਕਾਇਮ ਹੈ। ਸੁਭਾਅ ਦਾ ਲਾਲਚੀ ਹੈ ਪਰ ਕਲਮ ਦਾ ਪੱਕਾ ਹੈ। ਜੋ ਜ਼ੁਬਾਨ ਕਰ ਲਏ ਪੂਰੀ ਕਰਕੇ ਹਟਦਾ ਹੈ। ਸੂਰਜ ਇਧਰ ਦੀ ਥਾਂ ਚਾਹੇ ਉਧਰ ਚੜ੍ਹਨ ਲੱਗ ਜਾਏ।"

ਪੰਕਜ ਦਾ ਦੂਜਾ ਬੋਝ ਵੀ ਹਲਕਾ ਹੋ ਗਿਆ। ਉਸ ਨੂੰ ਲੱਗਾ ਪ੍ਰਤਾਪ ਸਿੰਘ ਰਾਹੀਂ ਉਸ ਨੂੰ ਗਿੱਦੜਸਿੰਗੀ ਮਿਲ ਗਈ ਸੀ। ਉਸਦਾ ਸੰਕਟ ਟਲਣ ਵਾਲਾ ਸੀ।

ਤੀਸਰਾ ਪੈੱਗ ਖ਼ਤਮ ਹੁੰਦੇ ਹੀ ਹੇਠੋਂ ਵਾਸੁਦੇਵਾ ਦੀ ਬੈੱਲ ਆ ਗਈ। ਕਾਗਜ਼- ਪੱਤਰ ਤਿਆਰ ਹੋ ਚੁੱਕੇ ਸਨ। ਪੰਕਜ ਆਏ, ਦਸਤਖ਼ਤ ਕਰੇ ਅਤੇ ਫ਼ਾਰਗ ਹੋਏ।

"ਫੇਰ ਤੂੰ ਮੈਨੂੰ ਕਦੋਂ ਮਿਲਦੈਂ ਬਾਕੀ ਪੇਮੈਂਟ ਲੈ ਕੇ? ਇਸ ਸਹੁਰੇ ਰਿਸ਼ਵਤ ਦੇ ਧੰਦੇ ਵਿਚ ਉਧਾਰ ਨਹੀਂ ਚੱਲਦਾ। ਹਰ ਕੋਈ ਪੇਸ਼ਗੀ ਭਾਲਦਾ ਹੈ।"

ਹੇਠਾਂ ਜਾਣ ਲਈ ਪੰਕਜ ਉੱਠ ਖੜੋਤਾ ਸੀ। ਉਸਨੂੰ ਪੱਕਾ ਕਰਨ ਦੀ ਨੀਅਤ ਨਾਲ ਪ੍ਰਤਾਪ ਸਿੰਘ ਨੇ ਉਸਨੂੰ ਇਕ ਵਾਰ ਫੇਰ ਟੋਹਿਆ।

"ਸਵੇਰੇ ਦਸ ਵਜੇ ਤੋਂ ਪਹਿਲਾਂ।"



"ਵਧੀਆ ਗੱਲ ਹੈ। ਕੱਲ੍ਹ ਨੂੰ ਪੈਸੇ ਪਹੁੰਚਾ ਦਿਆਂਗੇ। ਪਰਸੋਂ ਹੁਕਮ ਲੈ ਲਵਾਂਗੇ।"

ਹੇਠਾਂ ਉਤਰਦੇ ਪੰਕਜ ਨੂੰ ਪ੍ਰਤਾਪ ਸਿੰਘ ਦੀਆਂ ਗੱਲਾਂ ਦਾ ਸ਼ਰਾਬ ਨਾਲੋਂ ਵੱਧ ਨਸ਼ਾ ਸੀ।

## -41-

ਭੋਗ ਦੀਆਂ ਰਸਮਾਂ ਸਮਾਪਤ ਹੁੰਦੇ ਹੀ ਰਾਮ ਨਾਥ ਦੀਆਂ ਸਮੱਸਿਆਵਾਂ ਵਿਚ ਕਈ ਗੁਣਾ ਵਾਧਾ ਹੋ ਗਿਆ।

ਕਮਲ ਦੇ ਦੋਸਤ, ਨੇਹਾ ਦੀਆਂ ਸਹੇਲੀਆਂ, ਉਨ੍ਹਾਂ ਦੇ ਮਾਪੇ ਉੱਕਾ ਹੀ ਨਾਤਾ ਤੋੜ ਗਏ। ਪਹਿਲਾਂ ਦੋਹਾਂ ਬੱਚਿਆਂ ਦੇ ਦੋਸਤਾਂ ਦੀਆਂ ਡਾਰਾਂ ਹਸਪਤਾਲ ਆਉਂਦੀਆਂ ਸਨ। ਘੰਟਿਆਂ-ਬੱਧੀ ਉਹ ਬਿਮਾਰਾਂ ਦੇ ਬਿਸਤਰਿਆਂ 'ਤੇ ਬੈਠ ਕੇ ਉਨ੍ਹਾਂ ਦੀ ਮੁੱਠੀ-ਚਾਪੀ ਕਰਦੇ ਸਨ। ਮਾਪੇ ਬਾਹਰਲੀ ਭੱਜ-ਨੱਠ ਵਿਚ ਰਾਮ ਨਾਥ ਦੀ ਸਹਾਇਤਾ ਕਰਦੇ ਸਨ। ਕਿਸੇ ਦੀ ਡਾਕਟਰ ਤਕ ਪਹੁੰਚ ਸੀ ਅਤੇ ਕਿਸੇ ਦੀ ਪੁਲਿਸ ਕਪਤਾਨ ਤੱਕ। ਦਰ ਦਰ ਦੀਆਂ ਠੋਕਰਾਂ ਖਾਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਉਹ ਫ਼ੋਨ ਖੜਕਾ ਕੇ ਘਰ ਬੈਠੇ ਸੂਚਨਾ ਮੰਗਵਾ ਦਿੰਦੇ ਸਨ।

ਭੋਗ ਦੇ ਨਾਲ ਹੀ ਇਨ੍ਹਾਂ ਸਹੂਲਤਾਂ ਦਾ ਵੀ ਭੋਗ ਪੈ ਗਿਆ।

ਹੁਣ ਖ਼ਬਰ ਲੈਣ ਕੋਈ ਟਾਵਾਂ-ਟੱਲਾ ਆਉਂਦਾ ਸੀ। ਬਹੁਤੇ ਲੋਕ ਛੁੱਟੀ ਵਾਲੇ ਦਿਨ ਆਉਂਦੇ ਸਨ। ਮਾਇਆ ਨਗਰ ਨਿਵਾਸੀ ਰਾਤ ਨੂੰ ਚੱਕਰ ਮਾਰਦੇ ਸਨ। ਸੋਚਦੇ ਸਨ, ਨਾਲੇ ਸੈਰ ਹੋ ਜਾਏਗੀ, ਨਾਲੇ ਹਾਲ-ਚਾਲ ਪੁੱਛਣ ਦੀ ਰਸਮ ਪੂਰੀ ਹੋ ਜਾਏਗੀ।

ਭੋਗ ਦਾ ਮਤਲਬ ਹੀ ਤੁਰ ਗਏ ਨਾਲ ਸੰਬੰਧਾਂ ਦੀ ਸਮਾਪਤੀ ਸੀ। ਸ਼ਾਇਦ ਇਹੋ ਸੋਚ ਕੇ ਕਮਲ ਦੇ ਦੋਸਤਾਂ ਨੇ ਉਸਦੇ ਵਾਰਿਸਾਂ ਨਾਲੋਂ ਨਾਤਾ ਤੋੜ ਲਿਆ ਸੀ। ਨੇਹਾ ਦੀਆਂ ਸਹੇਲੀਆਂ ਦੇ ਹਾਊਸ ਟੈਸਟ ਸ਼ੁਰੂ ਹੋ ਗਏ ਸਨ। ਉਹ ਪੜ੍ਹਾਈ ਵਿਚ ਰੁੱਝ ਗਈਆਂ ਸਨ। ਉਹ ਫ਼ੋਨ 'ਤੇ ਹਾਲ-ਚਾਲ ਪੁੱਛ ਕੇ ਸਾਰ ਲੈਂਦੀਆਂ ਸਨ।

ਬਾਹਰਲੇ ਰਿਸ਼ਤੇਦਾਰਾਂ ਦਾ ਆਪਣੇ ਕੰਮੀਂ ਕਾਰੀਂ ਜੁੱਟ ਜਾਣਾ ਵਾਜਿਬ ਸੀ। ਮਰੀਜ਼ਾਂ ਦੀ ਹਾਲਤ ਸਥਿਰ ਹੁੰਦੀ ਜਾ ਰਹੀ ਸੀ। ਬਿਮਾਰੀਆਂ ਲੰਬੀਆਂ ਸਨ। ਉਨ੍ਹਾਂ ਦੇ ਹਰ ਰੋਜ਼ ਦੇ ਚੱਕਰਾਂ ਨਾਲ ਮਰੀਜ਼ਾਂ ਨੂੰ ਤਾਂ ਕੋਈ ਧਰਵਾਸ ਨਹੀਂ ਸੀ ਹੁੰਦਾ, ਪਰ ਉਪਰਲਿਆਂ ਨੂੰ ਵਾਧੂ ਦੀ ਖੇਚਲ ਹੋ ਜਾਂਦੀ ਸੀ। ਮਾਇਆ ਨਗਰ ਦੇ ਰਿਵਾਜ਼ ਵੀ ਪੁੱਠੇ ਸਨ। ਉਪਰਲਿਆਂ ਨੂੰ ਖ਼ਬਰ ਲੈਣ ਆਇਆਂ ਦੀ ਪ੍ਰਾਹੁਣਿਆਂ ਵਾਂਗ ਸੇਵਾ ਕਰਨੀ ਪੈਂਦੀ ਸੀ। ਚਾਹ ਜਾਂ ਕੌਫ਼ੀ ਵੱਡਿਆਂ ਲਈ। ਕੋਲਡ ਡਰਿੰਕ, ਚਿਪਸ ਜਾਂ ਚੌਕਲੇਟ ਬੱਚਿਆਂ ਲਈ। ਹੱਥ ਘੁੱਟ ਕੇ ਵੀ ਸੌ ਦਾ ਨੋਟ ਖੁੱਲ੍ਹ ਜਾਂਦਾ ਸੀ। ਇਹੋ ਜਿਹੇ ਤਰਕ ਦੇ ਦੇ ਉਹ ਮਾਇਆ ਨਗਰ ਆਉਣੋਂ ਹਟ ਗਏ ਸਨ।

ਇਹੋ ਜਿਹੀ ਸੋਚ ਮਾਇਆ ਨਗਰ ਰਹਿੰਦੇ ਹਮਦਰਦੀਆਂ ਦੀ ਸੀ। ਆਪਣੇ-ਆਪਣੇ ਫ਼ੋਨ ਨੰਬਰ ਦੇ ਕੇ ਅਤੇ ਲੋੜ ਪੈਣ ਤੇ ਫੌਰੀ ਹਾਜ਼ਰ ਹੋਣ ਦਾ ਵਾਅਦਾ ਕਰਕੇ ਉਹ ਘਰੋ ਘਰੀ ਬੈਠ ਗਏ।

ਦਿਨ ਪੈਣ ਨਾਲ ਆਪਣਿਆਂ ਵਿਚ ਵੀ ਬੇਚੈਨੀ ਵਧਣ ਲੱਗੀ।

ਪਲਵੀ ਦੇ ਘਰ ਪੰਜ ਦਿਨਾਂ ਤੋਂ ਵਿਹਲੀ ਬੈਠੀ ਸੁਸ਼ਮਾ ਉਕਤਾਉਣ ਲੱਗੀ।

ਪਲਵੀ ਅਤੇ ਉਸਦੇ ਮਾਪੇ ਨੇਹਾ ’ਤੇ ਜਾਨ ਛਿੜਕ ਰਹੇ ਸਨ। ਜਿਹੋ ਜਿਹੇ ਤਰਕ ਦੇ ਕੇ ਉਹ ਨੇਹਾ ਨੂੰ ਸਮਝਾ ਰਹੇ ਸਨ, ਉਹੋ ਜਿਹੇ ਤਰਕ ਨਾ ਸੁਸ਼ਮਾ ਨੇ ਕਿਧਰੇ ਪੜ੍ਹੇ ਸਨ, ਨਾ ਸੁਣੇ ਸਨ। ਕੁਆਰ ਭੰਗ ਹੋਣ ’ਤੇ ਕੁੜ੍ਹਨ ਨੂੰ ਉਹ ਉਸ ਸਮੇਂ ਦੀ ਪੁਰਾਣੀ ਜਗੀਰੂ ਸੋਚ ਆਖ ਰਹੇ ਸਨ, ਜਦੋਂ ਔਰਤ ਪੂਰੀ ਤਰ੍ਹਾਂ ਗ਼ੁਲਾਮ ਸੀ। ਜੇ ਨੇਹਾ ਦੀ ਮਜਬੂਰੀ ਕਾਰਨ ਸਾਗਰ ਉਸਨੂੰ ਤਿਆਗ ਰਿਹਾ ਸੀ ਤਾਂ ਉਹ ਜੰਗਾਲੀ ਸੋਚ ਦਾ ਮਾਲਕ ਸੀ। ਅਜਿਹੀ ਸੋਚ ਦੇ ਮਾਲਕ ਨੂੰ ਨੇਹਾ ਨੂੰ ਖ਼ੁਦ ਹੀ ਤਿਆਗ ਦੇਣਾ ਚਾਹੀਦਾ ਸੀ। ਇਕ ਬੰਦੇ ਨਾਲ ਬੱਝੇ ਰਹਿਣ ਅਤੇ ਉਮਰ ਭਰ ਇਸ਼ਕ ਨਿਭਾਉਣ ਦਾ ਰਿਵਾਜ ਵੀ ਹੁਣ ਪੁਰਾਣਾ ਪੈ ਚੁੱਕਾ ਸੀ। ਅੱਜ-ਕੱਲ੍ਹ ਦੀਆਂ ਕੁੜੀਆਂ ਇਸ਼ਕ ਇਕ ਨਾਲ ਕਰਦੀਆਂ ਹਨ, ਵਿਆਹ ਦੂਜੇ ਨਾਲ ਕਰਾਉਂਦੀਆਂ ਹਨ ਅਤੇ ਬੱਚੇ ਤੀਸਰੇ ਦੇ ਜਨਮਦੀਆਂ ਹਨ। ਨੇਹਾ ਪੜ੍ਹੀ-ਲਿਖੀ ਕੁੜੀ ਸੀ। ਆਪਣੇ ਪੈਰਾਂ ਸਿਰ ਖੜ੍ਹਨ ਦੇ ਯੋਗ ਸੀ। ਉਸ ਲਈ ਹੋਰ ਵਰ ਬਥੇਰੇ।

ਕਮਲ ਦੇ ਮਰਨ ਨਾਲ ਪਰਿਵਾਰ ਨੂੰ ਨਾ-ਪੂਰਿਆ ਜਾਣ ਵਾਲਾ ਘਾਟਾ ਪਿਆ ਸੀ। ਪਰ ਮਰਿਆਂ ਨਾਲ ਮਰਿਆ ਨਹੀਂ ਜਾਂਦਾ। ਨੇਹਾ ਆਪਣਾ ਮਨ ਤਕੜਾ ਕਰੇ। ਮਾਪਿਆਂ ਨੂੰ ਮਨ ਤਕੜਾ ਕਰਨ ਵਿਚ ਮਦਦ ਕਰੇ। ਨੇਹਾ ਆਪਣੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਸਮਝੇ ਅਤੇ ਉਨ੍ਹਾਂ ਨੂੰ ਨਿਭਾਉਣ ਲਈ ਤਿਆਰ ਹੋਵੇ।

ਕਾਤਲਾਂ ਤੋਂ ਬਦਲਾ ਲੈਣ ਲਈ ਹੁਣ ਖ਼ੁਦ ਨੂੰ ਹਥਿਆਰ ਚੁੱਕਣ ਦੀ ਜ਼ਰੂਰਤ ਨਹੀਂ ਸੀ। ਦੋਸ਼ੀਆਂ ਨੂੰ ਸਜ਼ਾ ਦੇਣ ਲਈ ਅਦਾਲਤਾਂ ਬੈਠੀਆਂ ਸਨ। ਮੁਕੱਦਮੇ ਦਾ ਸਾਰਾ ਦਾਰੋਮਦਾਰ ਨੇਹਾ ਉਪਰ ਸੀ। ਉਹ ਤਕੜੀ ਹੋ ਕੇ ਕਾਨੂੰਨੀ ਲੜਾਈ ਲੜੇ ਅਤੇ ਮੁਲਜ਼ਮਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਏ।

ਉਨ੍ਹਾਂ ਦੀਆਂ ਗੱਲਾਂ ਦਾ ਨੇਹਾ ’ਤੇ ਅਸਰ ਹੋ ਰਿਹਾ ਸੀ। ਦਿਨੋਂ-ਦਿਨ ਉਹ ਸੰਭਲ ਰਹੀ ਸੀ।

ਇਕ ਪ੍ਰੋਫੈਸਰ ਅਤੇ ਇੰਜੀਨੀਅਰ ਦੇ ਹੁੰਦਿਆਂ ਨੇਹਾ ਨੂੰ ਸੁਸ਼ਮਾ ਵਰਗੀ ਪ੍ਰਾਇਮਰੀ ਅਧਿਆਪਕਾ ਦੀ ਕੋਈ ਜ਼ਰੂਰਤ ਨਹੀਂ ਸੀ।

ਕੰਮ ਕਰਨ ਲਈ ਘਰ ਵਿਚ ਦੋ ਨੌਕਰ ਸਨ। ਸੁਸ਼ਮਾ ਦੇ ਕਰਨ ਵਾਲਾ ਕੋਈ ਕੰਮ ਨਹੀਂ ਸੀ। ਨਾ ਪਲਵੀ ਘਰ ਆਏ ਮਹਿਮਾਨ ਨੂੰ ਕੰਮ ਲੱਗਣ ਦਿੰਦੀ ਸੀ।

ਵਿਹਲੀ ਬੈਠੀ ਸੁਸ਼ਮਾ ਨੂੰ ਮਹਿਸੂਸ ਹੋਣ ਲੱਗਾ, ਜਿਵੇਂ ਉਹ ਪਲਵੀ ਦੇ ਘਰਦਿਆਂ ਉਪਰ ਬੋਝ ਸੀ।

ਅੱਕੀ-ਥੱਕੀ ਸੁਸ਼ਮਾ ਨੇ ਇਕ ਦਿਨ ਲਈ ਸਹੁਰੇ ਘਰ ਗੇੜਾ ਮਾਰ ਆਉਣ ਦੀ ਇਜਾਜ਼ਤ ਲੈ ਲਈ। ਉਸਨੂੰ ਨੀਲਮ ਦੇ ਘਰ ਪਏ ਡਾਕੇ ਦੀ ਖ਼ਬਰ ਚਾਣਚੱਕ ਮਿਲੀ ਸੀ। ਘਰ ਦਾ ਸਮਾਨ ਜਿਥੇ ਪਿਆ ਸੀ, ਉਥੇ ਹੀ ਛੱਡ ਕੇ ਉਹ ਮਾਇਆ ਨਗਰ ਨੂੰ ਦੌੜ ਪਈ ਸੀ। ਉਸਦਾ ਪਤੀ ਬਾਲ ਕਿਸ਼ਨ ਮਸਤ ਮੌਲਾ ਸੀ। ਉਸਨੂੰ ਘਰ ਦੀ ਕੋਈ ਪਰਵਾਹ ਨਹੀਂ ਸੀ। ਬਾਲ ਕਿਸ਼ਨ ਦੀ ਬੇਪਰਵਾਹੀ ਕਾਰਨ ਘਰ ਦੀ ਸਥਿਤੀ ਹੋਰ ਵਿਗੜ ਗਈ ਹੋਵੇਗੀ। ਉਹ ਆਪਣਾ ਘਰ ਥਾਂ ਸਿਰ ਕਰ ਆਏਗੀ। ਨਾਲੇ ਸਕੂਲ ਜਾ ਕੇ ਪਿਛਲੀ ਛੁੱਟੀ ਮਨਜ਼ੂਰ ਕਰਵਾ ਆਏਗੀ। ਭੋਗ ਤਕ ਦੀ ਛੁੱਟੀ ਲੈ ਆਏਗੀ।

ਹਸਪਤਾਲ ਵਿਚ ਬਹੁਤੇ ਬੰਦਿਆਂ ਦੀ ਜ਼ਰੂਰਤ ਨਹੀਂ ਸੀ। ਸੁਸ਼ਮਾ ਦੇ ਨਾਲ ਹੀ ਬਾਲ ਕਿਸ਼ਨ ਤਿਆਰ ਹੋ ਗਿਆ। ਜਦੋਂ ਕਿਸੇ ਬੰਦੇ ਨੇ ਡਿਊਟੀ ਬਦਲਣੀ ਹੋਵੇ, ਉਸਨੂੰ ਫ਼ੋਨ ਕਰ ਦਿੱਤਾ ਜਾਵੇ। ਉਹ ਉਪਰਲੇ ਬੰਦਿਆਂ ਨੂੰ ਦਮ ਦਿਵਾਉਣ ਲਈ ਆ ਜਾਵੇਗਾ।



ਇਕ ਦਿਨ ਆਖ ਕੇ ਗਈ ਸੁਸ਼ਮਾ ਜਦੋਂ ਕਈ ਦਿਨ ਵਾਪਸ ਨਾ ਮੁੜੀ ਤਾਂ ਸੀਮਾ ਦਾ ਮਨ ਵੀ ਖਹਿੜਾ ਛੁਡਾਉਣ ਲਈ ਕਾਹਲਾ ਪੈਣ ਲੱਗਾ।

ਸੀਮਾ ਅਤੇ ਸੁਜਾਤਾ ਨੀਲਮ ਨੂੰ ਸੰਭਾਲ ਰਹੀਆਂ ਹਨ। ਵੈਸੇ ਕਿਸੇ ਨੂੰ ਆਈ.ਸੀ.ਯੂ. ਵਿਚ ਜਾਣ ਦੀ ਇਜਾਜ਼ਤ ਨਹੀਂ ਸੀ। ਪਰ ਜਦੋਂ ਕਦੇ ਰਾਤ-ਬਰਾਤੇ ਨੀਲਮ ਨੂੰ ਦੌਰਾ ਪੈਂਦਾ ਸੀ ਤਾਂ ਉਹ ਯੂਨਿਟ ਦੀਆਂ ਨਰਸਾਂ ਦੇ ਕਾਬੂ ਤੋਂ ਬਾਹਰ ਹੋ ਜਾਂਦੀ ਸੀ। ਨੀਲਮ ਦੇ ਕੰਬਦੇ ਸਰੀਰ ਨੂੰ ਕਾਬੂ ਕਰਨ ਲਈ ਦੋ ਤਿੰਨ ਔਰਤਾਂ ਦੀ ਸਹਾਇਤਾ ਦੀ ਜ਼ਰੂਰਤ ਪੈਂਦੀ ਸੀ। ਥੋੜ੍ਹੀ ਜਿਹੀ ਕੁਤਾਹੀ ਨਾਲ ਸਰੀਰ ਨੂੰ ਲੱਗੀਆਂ ਨਾਲੀਆਂ ਉੱਖੜ ਜਾਂਦੀਆਂ ਸਨ ਅਤੇ ਉਖੜੀਆਂ ਨਾਲੀਆਂ ਜਾਨ-ਲੇਵਾ ਸਿੱਧ ਹੋ ਸਕਦੀਆਂ ਸਨ।

ਮਰੀਜ਼ ਦੀ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਡਾਕਟਰ ਨੇ ਜ਼ਰੂਰਤ ਪੈਣ ’ਤੇ ਦੋ ਔਰਤਾਂ ਨੂੰ ਯੂਨਿਟ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦੇ ਰੱਖੀ ਸੀ।

ਜਿੰਨਾ ਚਿਰ ਨੀਲਮ ਆਈ.ਸੀ..ਯੂ. ਵਿਚ ਰਹੀ, ਉਨਾ ਚਿਰ ਉਸਨੂੰ ਸੀਮਾ ਅਤੇ ਸੁਜਾਤਾ ਦੀ ਜ਼ਰੂਰਤ ਪੈਂਦੀ ਰਹੀ।

ਹੁਣ ਜਦੋਂ ਤੋਂ ਉਸ ਨੂੰ ਜਨਰਲ ਵਾਰਡ ਵਿਚ ਤਬਦੀਲ ਕੀਤਾ ਗਿਆ ਸੀ, ਉਦੋਂ ਤੋਂ ਉਸ ਦੇ ਦੌਰੇ ਬੰਦ ਸਨ। ਨਾ ਉਸ ਨੂੰ ਕੋਈ ਅਵਾਜ਼ ਸੁਣਾਈ ਦਿੰਦੀ ਸੀ, ਨਾ ਕੋਈ ਇਸ਼ਾਰਾ ਸਮਝ ਪੈਂਦਾ ਸੀ। ਉਹ ਇਕ ਜ਼ਿੰਦਾ ਲਾਸ਼ ਵਾਂਗ ਸੀ।

ਦਸਾਂ ਦਿਨਾਂ ਤੋਂ ਸੀਮਾ ਹਸਪਤਾਲਾਂ ਦੇ ਫਰਸ਼ਾਂ ’ਤੇ ਸੌਂ ਰਹੀ ਸੀ। ਜਨਰਲ ਵਾਰਡ ਦੇ ਫਲੱਸ਼ ਗੰਦੇ ਸਨ। ਉਸਦਾ ਪੇਟ ਕਦੇ ਚੱਜ ਨਾਲ ਸਾਫ਼ ਨਹੀਂ ਸੀ ਹੋਇਆ। ਨਹਾਏ ਬਿਨਾਂ ਉਹ ਕਦੇ ਰਹੀ ਨਹੀਂ ਸੀ। ਇਥੇ ਨਹਾਤਿਆਂ ਦੋ ਦੋ ਦਿਨ ਲੰਘ ਜਾਂਦੇ ਸਨ। ਉਸਨੂੰ ਆਪਣੇ ਕਪੜਿਆਂ ਅਤੇ ਸਰੀਰ ਵਿਚੋਂ ਬੂ ਆਉਣ ਲਗਦੀ ਸੀ। ਸੀਮਾ ਨੂੰ ਨਿੰਮ ਦੀ ਦਾਤਣ ਕਰਨ ਦੀ ਆਦਤ ਸੀ। ਇਹ ਆਦਤ ਛੁੱਟ ਜਾਣ ਕਾਰਨ ਉਸਦਾ ਮੂੰਹ ਸਾਰਾ ਦਿਨ ਕੌੜਾ-ਕੌੜਾ ਰਹਿੰਦਾ ਸੀ। ਕੋਈ ਚੀਜ਼ ਸਵਾਦ ਨਹੀਂ ਸੀ ਲਗਦੀ। ਉਸਦੇ ਸਾਹਾਂ ਵਿਚੋਂ ਦੁਰਗੰਧ ਆਉਣ ਲੱਗੀ ਸੀ। ਰਾਤ ਨੂੰ ਘੰਟਾ, ਦੋ ਘੰਟੇ ਨੀਂਦ ਮਸਾਂ ਆਉਂਦੀ ਸੀ। ਉਨੀਂਦਰੇ ਰਹਿਣ ਕਾਰਨ ਉਸਦਾ ਸਿਰ ਭਾਰਾ ਰਹਿਣ ਲੱਗਾ ਸੀ। ਭੁੱਖ ਘਟ ਗਈ ਸੀ। ਬਾਸੀਆਂ ਅਤੇ ਤੰਦੂਰ ਦੀਆਂ ਰੋਟੀਆਂ ਖਾ-ਖਾ ਉਸਦੇ ਪੇਟ ਵਿਚ ਗੈਸ ਬਣਨ ਲੱਗੀ ਸੀ।

ਸੀਮਾ ਦਾ ਸਰੀਰ ਆਰਾਮ ਦੀ ਮੰਗ ਕਰਦਾ ਸੀ। ਘਰ ਜਾ ਕੇ ਜੇ ਉਸ ਨੇ ਆਰਾਮ ਨਾ ਕੀਤਾ ਤਾਂ ਉਸਨੇ ਵੀ ਮੰਜਾ ਮੱਲ ਲੈਣਾ ਸੀ।

ਉਪਰਲਿਆਂ ਦੀ ਪਰੇਸ਼ਾਨੀ ਨੂੰ ਦੇਖਦਿਆਂ ਇਕ ਵਾਰ ਰਾਮ ਨਾਥ ਨੇ ਮਨ ਬਣਾਇਆ। ਨੀਲਮ ਲਈ ਸਪੈਸ਼ਲ ਕਮਰਾ ਲੈ ਲਿਆ ਜਾਵੇ। ਨਾਲੇ ਨੀਲਮ ਨੂੰ ਆਰਾਮ ਰਹੇਗਾ ਨਾਲੇ ਉਪਰਲਿਆਂ ਨੂੰ ਬੈਠਣ ਉੱਠਣ ਅਤੇ ਨਹਾਉਣ ਧੋਣ ਦੀ ਸਹੂਲਤ ਪ੍ਰਾਪਤ ਹੋ ਜਾਏਗੀ।

ਪਰ ਜਦੋਂ ਹਸਪਤਾਲ ਦੇ ਕੈਸ਼ੀਅਰ ਨੇ ਸਪੈਸ਼ਲ ਕਮਰੇ ਦੇ ਖਰਚਿਆਂ ਦੀ ਲਿਸਟ ਉਸਦੇ ਹੱਥ ਫੜਾਈ ਉਹ ਸਪੈਸ਼ਲ ਕਮਰੇ ਦੇ ਖ਼ਰਚੇ ਦੇਖ ਕੇ ਹੱਕਾ-ਬੱਕਾ ਰਹਿ ਗਿਆ। ਜਨਰਲ ਵਾਰਡ ਵਿਚ ਇਕ ਬਿਸਤਰੇ ਦਾ ਕਰਾਇਆ ਸੌ ਰੁਪਏ ਸੀ। ਸਪੈਸ਼ਲ ਕਮਰੇ ਦਾ ਕਰਾਇਆ ਪੰਜ ਸੌ ਰੁਪਏ। ਇਥੇ ਡਾਕਟਰ ਦੇ ਇਕ ਗੇੜੇ ਦੀ ਫ਼ੀਸ ਸੌ ਰੁਪਏ ਸੀ ਉਥੇ ਬਾਰਾਂ ਸੌ ਰੁਪਏ। ਕਿਸੇ ਦਾਨੀ ਨੇ ਮਰੀਜ਼ਾਂ ਦੀ ਸਹੂਲਤ ਲਈ ਜਨਰਲ ਵਾਰਡ ਵਿਚ ਇਕ ਟੈਲੀਫ਼ੋਨ ਲਗਵਾ ਦਿੱਤਾ ਸੀ। ਮਰੀਜ਼ਾਂ ਦੇ ਵਾਰਿਸ ਉਥੋਂ ਮੁਫ਼ਤ ਫ਼ੋਨ ਕਰ ਸਕਦੇ ਸਨ। ਸਪੈਸ਼ਲ ਕਮਰੇ ਵਿਚ ਇਕ ਫ਼ੋਨ ਦਾ ਖ਼ਰਚਾ ਪੰਜ ਰੁਪਏ ਪੈਂਦਾ ਸੀ।

ਉਸ ਸਮੇਂ ਸੀਮਾ ਨੇ ਰਾਮ ਨਾਥ ਨੂੰ ਸਪੈਸ਼ਲ ਕਮਰਾ ਲੈਣ ਤੋਂ ਰੋਕ ਦਿੱਤਾ ਸੀ। ਨੀਲਮ ਨੂੰ ਗਰਮੀ ਸਰਦੀ ਇਕ ਬਰਾਬਰ ਸੀ। ਉਹ ਜਨਰਲ ਵਾਰਡ ਵਿਚ ਹੋਵੇ ਜਾਂ ਸਪੈਸ਼ਲ ਵਾਰਡ ਵਿਚ ਉਸਨੂੰ ਕੋਈ ਫ਼ਰਕ ਨਹੀਂ ਸੀ।

ਉਪਰਲੇ ਔਖੇ-ਸੌਖੇ ਦਿਨ ਕੱਟ ਰਹੇ ਸਨ। ਇੰਨਾ ਖ਼ਰਚਾ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ।

ਹੁਣ ਜਨਰਲ ਵਾਰਡ ਵਿਚ ਦਿਨ ਕੱਟਣੇ ਉਸੇ ਨੂੰ ਸਭ ਤੋਂ ਵੱਧ ਔਖੇ ਲੱਗ ਰਹੇ ਸਨ।

ਬਿਮਾਰੀ ਪਹਿਲਾਂ ਹੀ ਹੱਥ ਧੋ ਕੇ ਉਨ੍ਹਾਂ ਦੇ ਪਿੱਛੇ ਪਈ ਹੋਈ ਸੀ। ਨਵੀਂ ਮੁਸੀਬਤ ਤੋਂ ਬਚਣ ਲਈ ਉਨ੍ਹਾਂ ਨੇ ਸੀਮਾ ਨੂੰ ਸਲਾਹ ਦਿੱਤੀ। ਉਹ ਨੀਲਮ ਦੀ ਕੋਠੀ ਚਲੀ ਜਾਵੇ। ਹੁਣ ਉਥੇ ਬਹੁਤ ਸਮਾਂ ਸੰਗੀਤਾ ਰਹਿੰਦੀ ਸੀ। ਕੋਠੀ ਕਰਨ ਲਈ ਕੋਈ ਕੰਮ ਨਹੀਂ ਸੀ। ਸਫ਼ਾਈ ਅਤੇ ਰੋਟੀ-ਟੁੱਕ ਲਈ ਮਾਈ ਲੱਗੀ ਹੋਈ ਸੀ। ਉਨ੍ਹਾਂ ਦਾ ਕੰਮ ਅਫ਼ਸੋਸ ਕਰਨ ਆਏ ਲੋਕਾਂ ਕੋਲ ਬੈਠਣਾ ਅਤੇ ਕਥਾ ਕਰਦੇ ਪੰਡਿਤ ਦੀਆਂ ਲੋੜਾਂ ਪੂਰੀਆਂ ਕਰਨਾ ਸੀ।

ਕੋਠੀ ਜਾਣ ਦੀ ਗੱਲ ਸੁਣਦਿਆਂ ਹੀ ਸੀਮਾ ਨੂੰ ਕੰਬਣੀ ਛਿੜ ਗਈ। ਕੋਠੀ ਬਾਰੇ ਸੋਚਦਿਆਂ ਹੀ ਇਕ ਭਿਆਨਕ ਦ੍ਰਿਸ਼ ਉਸ ਦੀਆਂ ਅੱਖਾਂ ਅੱਗੇ ਉਜਾਗਰ ਹੋਣ ਲੱਗਦਾ ਸੀ। ਪਹਿਲਾਂ ਜਦੋਂ ਕਦੇ ਉਹ ਨੀਲਮ ਨੂੰ ਮਿਲਣ ਇਸ ਕੋਠੀ ਆਈ ਸੀ, ਸਾਰੇ ਟੱਬਰ ਨੇ ਉਸ ਉਪਰ ਹਰ ਖੁਸ਼ੀ ਨਿਸ਼ਾਵਰ ਕੀਤੀ ਸੀ। ਉਸਨੇ ਨੀਲਮ ਦਾ ਟੱਬਰ ਇਸ ਘਰ ਵਿਚ ਹੱਸਦਾ ਖੇਡਦਾ, ਨੱਚਦਾ ਟੱਪਦਾ ਅਤੇ ਸ਼ਰਾਰਤਾਂ ਕਰਦਾ ਦੇਖਿਆ ਸੀ। ਬਦਲੇ ਹਾਲਾਤ ਵਿਚ ਉਸਦਾ ਉਥੇ ਇਕ ਮਿੰਟ ਲਈ ਵੀ ਰਹਿਣਾ ਦੁੱਭਰ ਸੀ। ਕੋਠੀ ਨਾਲੋਂ ਉਹ ਹਸਪਤਾਲ ਚੰਗੀ ਸੀ।

ਨੀਲਮ ਲਈ ਉਪਰਲੇ ਬੰਦੇ ਦਾ ਹੋਣਾ ਨਾ ਹੋਣਾ ਇਕ ਬਰਾਬਰ ਸੀ। ਉਸਨੂੰ ਗੁਲੂਕੋਜ਼ ਲੱਗਾ ਹੋਇਆ ਸੀ। ਦਵਾਈਆਂ ਅਤੇ ਖ਼ੁਰਾਕ ਇਸੇ ਰਾਹੀਂ ਦਿੱਤਾ ਜਾਂਦਾ ਸੀ। ਇਹ ਕੰਮ ਨਰਸ ਦਾ ਸੀ। ਗੁਲੂਕੋਜ਼ ਖ਼ਤਮ ਹੋਣ 'ਤੇ ਨਵੀਂ ਬੋਤਲ ਲਗਵਾਉਣ ਦਾ ਕੰਮ ਨਾਲ ਦੇ ਮਰੀਜ਼ ਦੇ ਵਾਰਿਸ ਵੀ ਕਰ ਸਕਦੇ ਸਨ। ਬਿਮਾਰ ਧੀ ਨੂੰ ਹਸਪਤਾਲ ਬੈਠਾਉਣ ਦਾ ਕੋਈ ਫ਼ਾਇਦਾ ਨਹੀਂ ਸੀ। ਕੁਝ ਦਿਨ ਆਰਾਮ ਕਰਨ ਲਈ ਸੀਮਾ ਨੂੰ ਸਹੁਰੇ ਭੇਜਿਆ ਗਿਆ ਸੀ।

ਉਸ ਦਿਨ ਦੀ ਗਈ ਸੀਮਾ ਵੀ ਸੁਸ਼ਮਾ ਵਾਂਗ ਭੋਗ 'ਤੇ ਹੀ ਆਈ ਸੀ। ਭੋਗ ਉਪਰ ਵੀ ਕਿਸੇ ਨੇ ਦਿਨ ਕਟਾਉਣ ਦੀ ਗੱਲ ਨਹੀਂ ਸੀ ਤੋਰੀ। ਆਮ ਰਿਸ਼ਤੇਦਾਰਾਂ ਵਾਂਗ ਸਵੇਰੇ ਆਏ ਅਤੇ ਸ਼ਾਮ ਨੂੰ ਮੁੜ ਗਏ ਸਨ।

ਰਾਮ ਨਾਥ ਨੂੰ ਆਪਣੀਆਂ ਭੈਣਾਂ ਦੇ ਸਹੁਰੇ ਪਿੰਡ ਮੁੜ ਜਾਣ 'ਤੇ ਕੋਈ ਗਿਲਾ ਨਹੀਂ ਸੀ। ਉਹ ਪੜ੍ਹੀਆਂ-ਲਿਖੀਆਂ ਹੋ ਕੇ ਵੀ ਸਹੁਰੇ ਪਰਿਵਾਰ ਦੀਆਂ ਕੱਠ-ਪੁਤਲੀਆਂ ਸਨ। ਉਨ੍ਹਾਂ ਨੂੰ ਸਹੁਰੇ ਤੰਗ ਕਰਦੇ ਹੋਣਗੇ। ਆਪਣੇ ਘਰ ਉਜਾੜ ਕੇ ਉਹ ਦੂਜਿਆਂ ਦੇ ਘਰ ਨਹੀਂ ਸਨ ਵਸਾ ਸਕਦੀਆਂ। ਜਿੰਨਾ ਸਮਾਂ ਉਹ ਕਟਾ ਸਕਦੀਆਂ ਸਨ, ਕਟਾ ਗਈਆਂ ਸਨ। ਉਨ੍ਹਾਂ ਸਿਰ ਕੋਈ ਉਲਾਂਭਾ ਨਹੀਂ ਸੀ।

ਪਰ ਜਦੋਂ ਸਕੇ ਭਰਾ ਮੂੰਹ 'ਤੇ ਮਿੱਟੀ ਮਲਣ ਲੱਗੇ, ਉਸ ਸਮੇਂ ਰਾਮ ਨਾਥ ਦਾ ਮਨ ਕੁਰਲਾ ਉੱਠਿਆ।

ਕਮਲ ਦੇ ਫੁੱਲ ਪਾਉਣ ਬਾਅਦ ਅਸ਼ਵਨੀ ਨੂੰ ਸ਼ਹਿਰ ਭੇਜ ਦਿੱਤਾ ਗਿਆ ਸੀ। ਉਸਦੀ



ਪਤਨੀ ਅਨੀਤਾ ਗਰਭਵਤੀ ਸੀ। ਅੱਠਵਾਂ ਮਹੀਨਾ ਚੱਲ ਰਿਹਾ ਸੀ। ਉਸਨੂੰ ਤੁਰਨ ਫਿਰਨ ਵਿਚ ਦਿੱਕਤ ਆ ਰਹੀ ਸੀ। ਗਰਭ ਵਿਚਲੇ ਬੱਚੇ ਦੇ ਮਾਨਸਿਕ ਵਿਕਾਸ ਉਪਰ ਭੈੜਾ ਅਸਰ ਪੈ ਰਿਹਾ ਸੀ। ਰਾਮ ਨਾਥ ਅਤੇ ਮੰਗਤ ਰਾਏ ਮਾਇਆ ਨਗਰ ਬੈਠੇ ਸਨ। ਪਿਛੋਂ ਕੋਈ ਘਰ ਸੰਭਾਲਣ ਵਾਲਾ ਵੀ ਚਾਹੀਦਾ ਸੀ। ਅਨੀਤਾ ਸ਼ਹਿਰ ਰਹਿ ਕੇ ਸਭ ਕੰਮ ਦੇਖ ਰਹੀ ਸੀ। ਅਸ਼ਵਨੀ ਇਕ ਦਿਨ ਛੱਡ ਕੇ ਸ਼ਹਿਰ ਚੱਕਰ ਮਾਰ ਆਉਂਦਾ ਸੀ। ਤਿੰਨਾਂ ਘਰਾਂ ਦੀਆਂ ਲੋੜਾਂ ਪੂਰੀਆਂ ਕਰ ਆਉਂਦਾ ਸੀ।

ਅਨੀਤਾ ਪਹਿਲਾਂ ਹੀ ਸ਼ਹਿਰ ਰਹਿੰਦੀ ਸੀ। ਭੋਗ ਤੋਂ ਬਾਅਦ ਅਸ਼ਵਨੀ ਨੇ ਵੀ ਮਾਇਆ ਨਗਰ ਆਉਣਾ ਛੱਡ ਦਿੱਤਾ।

ਮੰਗਤ ਰਾਏ ਇਕ ਦੋ ਵਾਰ ਆ ਕੇ ਬਹਾਨੇ ਘੜਨ ਲੱਗਾ। ਉਸਦਾ ਮਹਿਕਮਾ ਜੰਗੀ ਪੱਧਰ 'ਤੇ ਮੁੱਖ ਮੰਤਰੀ ਦੀ ਸਾਲੀ ਦੇ ਪਿੰਡ ਨੂੰ ਬਿਜਲੀ ਦੀ ਨਵੀਂ ਲਾਈਨ ਪਾ ਰਿਹਾ ਸੀ। ਬਹਾਨਾ ਬਾਬੇ ਦੀ ਬਰਸੀ 'ਤੇ ਪਿੰਡ ਨੂੰ ਰੁਸ਼ਨਾਉਣ ਦਾ ਸੀ। ਬਰਸੀ ਨੇੜੇ ਆ ਰਹੀ ਸੀ ਅਤੇ ਖੰਭੇ ਅਜੇ ਦੂਰ ਸਨ। ਮਹਿਕਮੇ ਨੇ ਸਾਰੇ ਮੁਲਾਜ਼ਮਾਂ ਦੀਆਂ ਛੁੱਟੀਆਂ ਬੰਦ ਕਰ ਦਿੱਤੀਆਂ ਸਨ। ਜਿਹੜੇ ਪਹਿਲਾਂ ਛੁੱਟੀ 'ਤੇ ਚੱਲ ਰਹੇ ਸਨ, ਉਨ੍ਹਾਂ ਨੂੰ ਡਿਊਟੀ 'ਤੇ ਬੁਲਾ ਲਿਆ ਗਿਆ ਸੀ। ਮੰਗਤ ਦੀ ਪਹਿਲੀ ਲੰਬੀ ਛੁੱਟੀ ਕਾਰਨ ਜਵਾਬ-ਤਲਬੀ ਤਾਂ ਨਹੀਂ ਸੀ ਹੋਈ, ਪਰ ਬੁੜ-ਬੁੜ ਜ਼ਰੂਰ ਹੋਈ ਸੀ। ਕਈ ਵਾਰ ਉਸਨੂੰ ਰਾਤ ਨੂੰ ਡਿਊਟੀ ਦੇਣੀ ਪੈਂਦੀ ਸੀ। ਪਿਛੋਂ ਬੱਚੇ ਡਰ ਜਾਂਦੇ ਸਨ। ਇਸ ਬਹਾਨੇ ਉਸਨੇ ਸੁਜਾਤਾ ਨੂੰ ਵੀ ਸ਼ਹਿਰ ਬੁਲਾ ਲਿਆ।

ਅਸ਼ਵਨੀ ਕੋਲ ਘੜਨ ਲਈ ਅਜਿਹਾ ਕੋਈ ਬਹਾਨਾ ਨਹੀਂ ਸੀ। ਉਹ ਸਟੈਨੋ ਸੀ। ਟਾਇਪ ਦਾ ਕੰਮ ਸਾਰੇ ਬਾਬੂ ਜਾਣਦੇ ਸਨ। ਪਹਿਲਾਂ ਕਦੇ ਉਸ ਨੇ ਲੰਬੀ ਛੁੱਟੀ ਨਹੀਂ ਸੀ ਲਈ। ਅਜਿਹੇ ਮੌਕੇ ਕੋਈ ਅਫ਼ਸਰ ਛੁੱਟੀ ਨੂੰ ਜਵਾਬ ਨਹੀਂ ਦਿੰਦਾ। ਰਾਮ ਨਾਥ ਕਈ ਪੰਚਾਇਤਾਂ ਦਾ ਵਕੀਲ ਸੀ। ਉਸਦੀ ਬੀ.ਡੀ.ਓ. ਨਾਲ ਚੰਗੀ ਜਾਣ-ਪਹਿਚਾਣ ਸੀ। ਉਹ ਸਿਫਾਰਸ਼ ਕਰਕੇ ਉਸਦੀ ਛੁੱਟੀ ਮਨਜ਼ੂਰ ਕਰਵਾ ਸਕਦਾ ਸੀ।

ਰਾਮ ਨਾਥ ਨੇ ਜਦੋਂ ਮੂੰਹ ਫਾੜ ਕੇ ਅਸ਼ਵਨੀ ਨੂੰ ਮਾਇਆ ਨਗਰ ਰਹਿਣ ਲਈ ਆਖਿਆ ਤਾਂ ਉਹ ਖਹਿੜਾ ਛੁਡਾਉਣ ਲਈ ਕਹਿਣ ਲੱਗਾ:

"ਤੁਸੀਂ ਇਥੇ ਹੋ ਤਾਂ ਸਹੀ। ਸਾਰੇ ਟੱਬਰ ਨੇ ਕੀ ਕਰਨੈ? ਜਦੋਂ ਤੁਸੀਂ ਸ਼ਹਿਰ ਜਾਣਾ ਹੋਇਆ, ਮੈਨੂੰ ਦੱਸ ਦੇਣਾ। ਮੈਂ ਇਥੇ ਆ ਜਾਵਾਂਗਾ।"

## -42-

ਰਾਮ ਨਾਥ ਪੜ੍ਹੇ-ਲਿਖੇ ਭਰਾਵਾਂ ਨੂੰ ਕਿਸ ਤਰ੍ਹਾਂ ਸਮਝਾਏ ਕਿ ਉਸਨੇ ਵੀ ਬੱਚੇ ਪਾਲਣੇ ਸਨ।

ਅਸ਼ਵਨੀ ਅਤੇ ਉਸਦੀ ਪਤਨੀ ਸਰਕਾਰੀ ਮੁਲਾਜ਼ਮ ਸਨ। ਉਨ੍ਹਾਂ ਦੀ ਤਨਖ਼ਾਹ ਪੱਕੀ ਸੀ। ਅਨੀਤਾ ਨੂੰ ਛੇ ਮਹੀਨੇ ਦੀ ਮੈਟਰਨਟੀ ਲੀਵ ਮਿਲ ਗਈ ਸੀ। ਇਹ ਛੁੱਟੀ ਵਧ ਕੇ ਇਕ ਸਾਲ ਹੋ ਜਾਣੀ ਸੀ। ਘਰ ਬੈਠੇ ਉਨ੍ਹਾਂ ਨੂੰ ਪੂਰੀ ਤਨਖ਼ਾਹ ਅਤੇ ਇਲਾਜ ਦਾ ਖ਼ਰਚਾ ਮਿਲ ਜਾਣਾ ਸੀ।

ਰਾਮ ਨਾਥ ਦੀ ਦੁਕਾਨਦਾਰੀ ਸੀ। ਵਕਾਲਤ ਦੇ ਧੰਦੇ ਵਿਚ ਸਖ਼ਤ ਮੁਕਾਬਲਾ ਸੀ।

ਵਕੀਲ ਦੀ ਇਕ ਦਿਨ ਦੀ ਗ਼ੈਰ-ਹਾਜ਼ਰੀ ਉਸਦੇ ਖੇਡਣੇ ਖਿੰਡਾ ਦਿੰਦੀ ਸੀ। ਰਾਮ ਨਾਥ ਵੀਹ ਦਿਨ ਤੋਂ ਕੰਮ ਛੱਡੀ ਬੈਠਾ ਸੀ।

ਭੋਗ ਤਕ ਗੱਲ ਹੋਰ ਸੀ। ਉਸ ਦਿਨ ਤਕ ਉਸਨੂੰ ਸਭ ਪਾਸਿਉਂ ਸਹਿਯੋਗ ਮਿਲਿਆ ਸੀ।

ਸਾਇਲ ਚੁੱਪ ਸਨ। ਸੋਚਦੇ ਸਨ ਵਕੀਲ 'ਤੇ ਭੀੜ ਪਈ ਹੈ। ਦੋ ਚਾਰ ਦਿਨ ਕੇਸ ਇਧਰ ਉਧਰ ਹੋ ਗਿਆ, ਕੋਈ ਗੱਲ ਨਹੀਂ।

ਪਰ ਜਦੋਂ ਉਹ ਭੋਗ ਦੇ ਹਫ਼ਤਾ ਬਾਅਦ ਵੀ ਸ਼ਹਿਰ ਨਾ ਗਿਆ ਤਾਂ ਸਾਇਲਾਂ ਵਿਚ ਹਾਹਾਕਾਰ ਮੱਚ ਗਈ। ਲੋਕ ਆਪਣੇ ਦੁਖੜੇ ਲੈ ਕੇ ਮਾਇਆ ਨਗਰ ਆਉਣ ਲੱਗੇ।

ਕਿਸੇ ਦਾ ਰਿਸ਼ਤੇਦਾਰ ਜੇਲ੍ਹ ਵਿਚ ਸੜ ਰਿਹਾ ਸੀ। ਵਕੀਲ ਦੇ ਹਾਜ਼ਰ ਨਾ ਹੋਣ ਕਾਰਨ ਜ਼ਮਾਨਤ ਮਨਜ਼ੂਰ ਨਹੀਂ ਸੀ ਹੋ ਰਹੀ।

ਕਿਸੇ ਦੇ ਮਸਾਂ ਮਨਾ ਕੇ ਲਿਆਂਦੇ ਗਵਾਹ ਬਿਨਾਂ ਭੁਗਤੇ ਮੁੜ ਗਏ ਸਨ। ਗਵਾਹਾਂ 'ਤੇ ਹੋਏ ਵੱਡੇ ਖ਼ਰਚੇ ਦੀ ਸਾਇਲ ਨੂੰ ਪਰਵਾਹ ਨਹੀਂ ਸੀ। ਦੁੱਖ ਇਸ ਗੱਲ ਦਾ ਸੀ ਕਿ ਅਗਲੀ ਪੇਸ਼ੀ ਤਕ ਦੂਜੀ ਧਿਰ ਨੇ ਗਵਾਹਾਂ ਨੂੰ ਮੁੱਕਰਾ ਦੇਣਾ ਸੀ।

ਕਈਆਂ ਨੂੰ ਜੱਜ ਝਈਆਂ ਲੈ ਲੈ ਪੈ ਰਹੇ ਸਨ। ਕੇਸ ਬਹਿਸ 'ਤੇ ਲੱਗ ਚੁੱਕਾ ਸੀ। ਅਗਲੀ ਪੇਸ਼ੀ ਤੇ ਜੇ ਵਕੀਲ ਨੇ ਬਹਿਸ ਨਾ ਕੀਤੀ ਤਾਂ ਉਸਨੇ ਦੂਜੀ ਧਿਰ ਦੇ ਵਕੀਲ ਦੀ ਬਹਿਸ ਸੁਣਕੇ ਫ਼ੈਸਲਾ ਕਰ ਦੇਣਾ ਸੀ। ਬਹਿਸ ਕਰਨ ਰਾਮ ਨਾਥ ਆਏਗਾ ਜਾਂ ਨਹੀਂ? ਸਾਇਲ ਪੁੱਛਣ ਆਉਂਦਾ ਸੀ।

ਸਾਇਲਾਂ ਦੇ ਸ਼ਿਕਵੇ ਜਾਇਜ਼ ਸਨ।

ਪਿਛਲੇ ਵੀਹ ਦਿਨਾਂ ਵਿਚ ਰਾਮ ਨਾਥ ਕੇਵਲ ਇਕ ਵਾਰ ਕਚਹਿਰੀ ਗਿਆ ਸੀ। ਉਸਨੇ ਇਕੱਲੇ-ਇਕੱਲੇ ਜੱਜ ਦੇ ਚੈਂਬਰ ਵਿਚ ਜਾ ਕੇ ਆਪਣੀ ਮਜਬੂਰੀ ਦੱਸੀ ਸੀ। ਹਰ ਜੱਜ ਨੇ ਹਮਦਰਦੀ ਪ੍ਰਗਟਾਉਣ ਦੇ ਨਾਲ-ਨਾਲ ਉਸਨੂੰ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ ਸੀ।

ਰਾਮ ਨਾਥ ਦੇ ਕੇਸ ਭੁਗਤਾਉਣ ਦੀ ਜ਼ਿੰਮੇਵਾਰੀ ਕਿਹਰ ਸਿੰਘ ਨੇ ਆਪਣੇ ਜ਼ਿੰਮੇ ਲਈ ਸੀ। ਉਸਨੇ ਰਾਮ ਨਾਥ ਨੂੰ ਭਰੋਸਾ ਦਿਵਾਇਆ ਸੀ। ਜਿਥੇ ਮਿਲ ਸਕੀ, ਪੇਸ਼ੀ ਲਈ ਜਾਵੇਗੀ। ਜਿਥੇ ਨਾ ਸਰਿਆ, ਜ਼ਰੂਰੀ-ਜ਼ਰੂਰੀ ਗਵਾਹ ਭੁਗਤਾ ਲਏ ਜਾਣਗੇ। ਛੋਟੀ ਮੋਟੀ ਬਹਿਸ ਕਰ ਦਿੱਤੀ ਜਾਵੇਗੀ। ਵੱਡੀ ਬਹਿਸ ਨੂੰ ਟਾਲਣ ਲਈ ਕੋਈ ਨਾ ਕੋਈ ਅਰਜ਼ੀ-ਪੱਤਰ ਅੜਾ ਦਿੱਤਾ ਜਾਏਗਾ। ਰਾਮ ਨਾਥ ਦੇ ਸਾਇਲ ਨੂੰ ਗਿਲਾ ਕਰਨ ਦਾ ਮੌਕਾ ਨਹੀਂ ਦਿੱਤਾ ਜਾਏਗਾ।

ਬਦਲੇ ਵਿਚ ਰਾਮ ਨਾਥ ਨੇ ਕਿਹਰ ਸਿੰਘ ਨੂੰ ਖੁਲ੍ਹ ਦਿੱਤੀ ਸੀ। ਪਿੱਛੋਂ ਜੇ ਕੋਈ ਨਵਾਂ ਕੇਸ ਆਏਗਾ ਕਿਹਰ ਸਿੰਘ ਨੂੰ ਉਸ ਵਿਚੋਂ ਅੱਧ ਮਿਲੇਗਾ। ਮੁੱਢਲੀ ਕਾਰਵਾਈ ਕਿਹਰ ਸਿੰਘ ਕਰੇਗਾ। ਪਿੱਛੋਂ ਰਾਮ ਨਾਥ ਪੈਰਵਾਈ ਸੰਭਾਲ ਲਏਗਾ।

ਸ਼ਹਿਰ ਦਾ ਇਕ-ਇਕ ਵਕੀਲ ਉਸਦੇ ਦੁੱਖ ਵਿਚ ਭਾਗੀਦਾਰ ਬਣਿਆ ਸੀ। ਬਾਰ ਵੱਲੋਂ ਕਮਲ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਸੀ। ਦੁਖੀ ਪਰਿਵਾਰ ਦੇ ਦੁੱਖ ਵਿਚ ਸਾਂਝ ਪਾਉਣ ਲਈ ਮਤਾ ਪਾਸ ਕੀਤਾ ਗਿਆ ਸੀ। ਮਤੇ ਦੀ ਨਕਲ ਉਸਨੂੰ ਮਾਇਆ ਨਗਰ ਪਹੁੰਚਾਈ ਗਈ ਸੀ। ਦੂਜੇ ਮਤੇ ਰਾਹੀਂ ਸਰਕਾਰ ਕੋਲੋਂ ਅਸਲ ਦੋਸ਼ੀ ਫੜ੍ਹੇ ਜਾਣ ਦੀ ਮੰਗ ਕੀਤੀ ਗਈ ਸੀ। ਮੰਗ ਦੇ ਸਮਰਥਣ ਵਿਚ ਇਕ ਦਿਨ ਦੀ ਹੜਤਾਲ



ਕੀਤੀ ਗਈ ਸੀ। ਰਾਮ ਨਾਥ ਨੂੰ ਬਾਰ ਵੱਲੋਂ ਭਰੋਸਾ ਦਿਵਾਇਆ ਗਿਆ ਸੀ। ਬਾਰ ਦਾ ਹਰ ਮੈਂਬਰ ਮਾਇਆ ਨਗਰ ਜਾ ਕੇ ਮੁਕੱਦਮੇ ਦੀ ਪੈਰਵਾਈ ਕਰਨ ਲਈ ਤਿਆਰ ਸੀ।

ਲੱਗਦਾ ਸੀ ਕਮਲ ਦੇ ਭੋਗ ਦੇ ਨਾਲ ਹੀ ਇਨ੍ਹਾਂ ਵਾਅਦਿਆਂ ਦਾ ਭੋਗ ਪੈ ਗਿਆ ਸੀ।

ਜੱਜ ਸਾਇਲਾਂ ਨੂੰ ਧਮਕਾਉਣ ਲੱਗ ਪਏ ਸਨ। ਅਗਲੀ ਪੇਸ਼ੀ 'ਤੇ ਵਕੀਲ ਦੀ ਹਾਜ਼ਰੀ ਮੰਗ ਰਹੇ ਸਨ।

ਕਿਹਰ ਸਿੰਘ ਨੇ ਗਵਾਹ ਭੁਗਤਾਉਣ ਅਤੇ ਬਹਿਸ ਕਰਨ ਦੀ ਫ਼ੀਸ ਮੰਗਣੀ ਸ਼ੁਰੂ ਕਰ ਦਿੱਤੀ ਸੀ।

ਵਿਰੋਧੀ ਧਿਰ ਦੇ ਵਕੀਲ ਬਿਨਾਂ ਭੁਗਤੇ ਆਪਣੇ ਗਵਾਹਾਂ ਦਾ ਖ਼ਰਚਾ ਮੰਗਣ ਲੱਗ ਪਏ ਸਨ।

ਹੋਰ ਤਾਂ ਹੋਰ ਰਾਮ ਨਾਥ ਦਾ ਆਪਣਾ ਮੁਨਸ਼ੀ ਗ਼ਦਾਰੀ ਕਰਨ ਲੱਗ ਪਿਆ ਸੀ। ਉਹ ਰਾਮ ਨਾਥ ਦੇ ਨਵੇਂ ਸਾਇਲਾਂ ਨੂੰ ਕਿਹਰ ਸਿੰਘ ਦੀ ਥਾਂ ਸੁਰਿੰਦਰ ਮੋਹਨ ਦੇ ਫੱਟੇ ਤੇ ਲਿਜਾਣ ਲੱਗਾ ਸੀ। ਕਿਹਰ ਸਿੰਘ ਕੋਲੋਂ ਉਸ ਨੂੰ ਕੇਵਲ ਮੁਨਸ਼ੀਆਨਾ ਮਿਲਦਾ ਸੀ। ਸੁਰਿੰਦਰ ਮੋਹਨ ਫ਼ੀਸ ਵਿਚੋਂ ਤੀਜਾ ਹਿੱਸਾ ਦਿੰਦਾ ਸੀ।

ਇਹ ਗਿਲਾ ਕਿਹਰ ਸਿੰਘ ਨੇ ਵੀ ਕੀਤਾ ਸੀ ਅਤੇ ਸੁਰਿੰਦਰ ਮੋਹਨ ਕੋਲ ਫਸੇ ਉਸਦੇ ਕੁਝ ਸਾਇਲਾਂ ਨੇ ਵੀ।

ਪਰ ਸਬਰ ਦਾ ਘੁੱਟ ਭਰਨ ਤੋਂ ਸਿਵਾ ਰਾਮ ਨਾਥ ਕੁਝ ਨਹੀਂ ਸੀ ਕਰ ਸਕਿਆ। ਮੁਨਸ਼ੀ ਦਸ ਸਾਲ ਤੋਂ ਉਸ ਕੋਲ ਕੰਮ ਕਰ ਰਿਹਾ ਸੀ। ਉਹ ਸਾਰੇ ਸਾਇਲਾਂ ਦਾ ਭੇਤੀ ਸੀ। ਹਰ ਮੁਕੱਦਮੇ ਦੀ ਕਮਜ਼ੋਰੀ ਨੂੰ ਜਾਣਦਾ ਸੀ। ਝਾੜ-ਝੰਬ ਕੀਤੀ ਉਸਨੇ ਸਾਰਾ ਕੰਮ ਕਿਸੇ ਹੋਰ ਵਕੀਲ ਦੇ ਫੱਟੇ ਤੇ ਲੈ ਜਾਣਾ ਸੀ।

ਵੀਹ ਦਿਨ ਬਾਹਰ ਰਹਿਣ ਕਾਰਨ ਰਾਮ ਨਾਥ ਦਾ ਕੰਮ ਅੱਧਾ ਰਹਿ ਗਿਆ ਸੀ। ਨਵੇਂ ਕੇਸ ਆਉਣੇ ਬੰਦ ਹੋ ਗਏ ਸਨ। ਪੁਰਾਣੇ ਖਿੰਡ ਰਹੇ ਸਨ। ਇਸ ਧਦੇ ਵਿਚ ਖੜ੍ਹੇ ਦਾ ਨਾਂ ਖਾਲਸਾ ਵਾਲੀ ਗੱਲ ਸੀ।

ਕੁਝ ਵਕੀਲਾਂ ਨੇ ਰਾਮ ਨਾਥ ਦੀ ਛੱਤਰੀ 'ਤੇ ਬੈਠੇ ਕਬੂਤਰਾਂ ਨੂੰ ਉਥੋਂ ਉਡਾ ਕੇ ਆਪਣੀ ਛੱਤਰੀ 'ਤੇ ਬੈਠਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਕੋਈ ਆਖਦਾ ਸੀ ਰਾਮ ਨਾਥ ਵਕਾਲਤ ਛੱਡ ਗਿਆ ਹੈ। ਉਹ ਮਾਇਆ ਨਗਰ ਰਹਿ ਕੇ ਆਪਣੀ ਭੈਣ ਦੀ ਜਾਇਦਾਦ ਸੰਭਾਲੇਗਾ। ਜੀਜੇ ਦਾ ਕਾਰੋਬਾਰ ਦੇਖੇਗਾ।

ਰਾਮ ਨਾਥ ਨੂੰ ਯਕੀਨ ਸੀ ਕਈਆਂ ਨੇ ਉਸਨੂੰ 'ਮਰ ਗਿਆ' ਤਕ ਆਖ ਦਿੱਤਾ ਹੋਣਾ ਹੈ।

ਰਾਮ ਨਾਥ ਦੇ ਆਪਣੇ ਕੰਮ ਦਾ ਭੱਠਾ ਤਾਂ ਬੈਠਾ ਹੀ ਸੀ, ਉਸ ਨੂੰ ਲਗਦਾ ਸੀ ਸੰਗੀਤਾ ਲਈ ਵੀ ਮੁਸੀਬਤ ਖੜ੍ਹੀ ਹੋਣ ਵਾਲੀ ਸੀ। ਉਸਦੇ ਸਕੂਲ ਵਿਚੋਂ ਵਾਰ-ਵਾਰ ਫ਼ੋਨ ਆ ਰਹੇ ਸਨ। ਉਹ ਹਿਸਾਬ ਪੜ੍ਹਾਉਂਦੀ ਸੀ। ਉਸਦਾ ਵਿਸ਼ਾ ਬਹੁਤ ਅਹਿਮ ਸੀ। ਉਸਦੀਆਂ ਜਮਾਤਾਂ ਦਾ ਸਲੇਬਸ ਬਹੁਤ ਪਿੱਛੇ ਰਹਿ ਗਿਆ ਸੀ। ਕਈ ਪੜ੍ਹੇ ਲਿਖੇ ਮਾਪੇ ਪ੍ਰਿੰਸੀਪਲ ਕੋਲ ਸ਼ਿਕਾਇਤ ਕਰ ਰਹੇ ਸਨ। ਉਨ੍ਹਾਂ ਦੇ ਬੱਚਿਆਂ ਦਾ ਕੀ ਬਣੇਗਾ? ਲੰਬੀ ਗੈਰ-ਹਾਜ਼ਰੀ ਸੰਗੀਤਾ ਦੇ ਸ਼ਹਿਰੋਂ ਤਬਾਦਲੇ ਦਾ ਕਾਰਨ ਬਣ ਸਕਦੀ ਸੀ।

ਪੰਦਰਾਂ ਸਾਲ ਪਿੰਡਾਂ ਦੇ ਸਕੂਲਾਂ ਵਿਚ ਧੱਕੇ ਖਾ ਕੇ ਮਸਾਂ ਸੰਗੀਤਾ ਨੂੰ ਸ਼ਹਿਰੀ ਸਕੂਲ ਮਿਲਿਆ ਸੀ। ਪਿੰਡਾਂ ਵਿਚ ਲੱਗੇ ਅਧਿਆਪਕ ਸ਼ਹਿਰ ਆਉਣ ਦੇ ਮੌਕੇ ਦੀ ਤਲਾਸ਼ ਵਿਚ ਰਹਿੰਦੇ ਸਨ। ਕਈ ਅਧਿਆਪਕ ਪ੍ਰਿੰਸੀਪਲ ਤਕ ਪਹੁੰਚ ਕਰ ਚੁੱਕੇ ਸਨ। ਜੇ ਪ੍ਰਿੰਸੀਪਲ ਹਾਂ ਕਰੇ ਤਾਂ ਉਹ ਆਪਣਾ ਤਬਾਦਲਾ ਸੰਗੀਤਾ ਦੀ ਥਾਂ ਕਰਵਾ ਲੈਣ। ਹਾਲੇ ਤਕ ਪ੍ਰਿੰਸੀਪਲ ਮੌਕਾ ਸੰਭਾਲਦੀ ਆ ਰਹੀ ਸੀ। ਹੋਰ ਗੈਰ-ਹਾਜ਼ਰੀ ਉਸਦੇ ਵਸੋਂ ਬਾਹਰ ਹੋ ਸਕਦੀ ਸੀ। ਸੰਗੀਤਾ ਕੁਝ ਦਿਨ ਲਈ ਡਿਊਟੀ 'ਤੇ ਹਾਜ਼ਰ ਹੋ ਜਾਵੇ। ਮਸਲਾ ਠੰਡਾ ਹੁੰਦੇ ਹੀ ਫੇਰ ਛੁੱਟੀ ਲੈ ਜਾਵੇ।

ਰਾਮ ਨਾਥ ਦੇ ਬੱਚੇ ਗਿਲਾ ਕਰ ਰਹੇ ਸਨ। ਕੁੜੀਆਂ ਦਾ ਬਹੁਤਾ ਸਮਾਂ ਖਾਣਾ ਬਨਾਉਣ ਅਤੇ ਕਪੜੇ ਧੋਣ ਵਿਚ ਲੰਘ ਜਾਂਦਾ ਸੀ। ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਸੀ।

ਪਰ ਬਿਨਾਂ ਭਰਾਵਾਂ ਦੇ ਸਹਿਯੋਗ ਦੇ ਰਾਮ ਨਾਥ ਕੋਈ ਪ੍ਰਬੰਧ ਕਰੇ ਤਾਂ ਕਿਸ ਤਰ੍ਹਾਂ?

## -43-

ਇਧਰ ਰਾਮ ਨਾਥ ਨੂੰ ਘਰ ਦੀਆਂ ਸਮੱਸਿਆਵਾਂ ਤੰਗ ਕਰ ਰਹੀਆਂ ਸਨ, ਉਧਰ ਪੁਲਿਸ ਸ਼ਿਕੰਜਾ ਕੱਸ ਰਹੀ ਸੀ।

ਕਈ ਦਿਨਾਂ ਤੋਂ ਮੁੱਖ ਅਫ਼ਸਰ ਦਾ ਰੀਡਰ ਉਸ ਦੇ ਖਹਿੜੇ ਪਿਆ ਹੋਇਆ ਸੀ। ਕਿਸੇ ਹੋਰ ਪੁਲਿਸ ਅਫ਼ਸਰ ਨੂੰ ਫ਼ੀਸ ਨਹੀਂ ਦਿੱਤੀ ਨਾ ਸਹੀ, ਫੋਟੋ-ਗ੍ਰਾਫ਼ਰ ਦਾ ਬਿਲ ਤਾਂ ਅਦਾ ਕਰੋ। ਪੈਸੇ ਨਾ ਮਿਲਣ ਕਾਰਨ ਉਹ ਫੋਟੋਆਂ ਰੋਕੀ ਬੈਠਾ ਸੀ। ਵਾਰਦਾਤ ਵਾਲੀ ਜਗ੍ਹਾ ਦਾ ਸਕੇਲੀ ਨਕਸ਼ਾ ਬਨਣਾ ਸੀ। ਨਕਸ਼ਾ-ਨਵੀਸ ਦਾ ਪ੍ਰਬੰਧ ਕਰੋ।

ਇਹ ਸਭ ਜ਼ਿੰਮੇਵਾਰੀਆਂ ਪੁਲਿਸ ਦੀਆਂ ਸਨ। ਪੁਲਿਸ ਲਾਈਨ ਵਿਚ ਇਨ੍ਹਾਂ ਕੰਮਾਂ ਲਈ ਫੋਟੋ-ਗ੍ਰਾਫਰ ਅਤੇ ਨਕਸ਼ਾ-ਨਵੀਸ ਤਾਇਨਾਤ ਸਨ। ਪਰ ਇਨ੍ਹਾਂ ਨੂੰ ਅਫ਼ਸਰਾਂ ਦੀਆਂ ਬੀਵੀਆਂ ਦੀਆਂ ਫੋਟੋ ਖਿੱਚਣ ਅਤੇ ਅਫ਼ਸਰਾਂ ਦੀਆਂ ਕੋਠੀਆਂ ਦੇ ਨਕਸ਼ੇ ਬਨਾਉਣ ਤੋਂ ਵਿਹਲ ਮਿਲੇ ਤਾਂ ਉਹ ਆਪਣੇ ਫਰਜ਼ ਨਿਭਾਉਣ।

ਬਾਹਰਲੇ ਫੋਟੋ-ਗ੍ਰਾਫ਼ਰ ਅਤੇ ਨਕਸ਼ਾ-ਨਵੀਸ ਪੁਲਿਸ ਦੇ ਚਹੇਤੇ ਸਨ। ਮੂੰਹ-ਮੰਗੀ ਫ਼ੀਸ ਲੈਂਦੇ ਸਨ। ਫਸੇ ਆਦਮੀ ਨੂੰ ਮਾਰ ਖਾਣੀ ਪੈਂਦੀ ਸੀ।

ਪੰਜ ਚਾਰ ਸੌ ਲਈ ਰਾਮ ਨਾਥ ਵੀ ਪੁਲਿਸ ਨੂੰ ਨਰਾਜ਼ ਨਹੀਂ ਸੀ ਕਰ ਸਕਦਾ। ਦਿਲ 'ਤੇ ਪੱਥਰ ਰੱਖ ਕੇ ਉਸ ਨੇ ਬਿੱਲ ਤਾਰ ਦਿੱਤੇ।

ਮੁੱਖ ਅਫ਼ਸਰ ਦਾ ਰੀਡਰ ਪਿੱਛੋਂ ਲਿਹਾ ਤਾਂ ਡਿਪਟੀ ਦਾ ਰੀਡਰ ਆ ਚੰਬੜਿਆ। ਡਿਪਟੀ ਰਾਮ ਨਾਥ ਨੂੰ ਦਫ਼ਤਰ ਬੁਲਾ ਰਿਹਾ ਸੀ।

ਰਾਮ ਨਾਥ ਦੋ ਵਾਰੀ ਡਿਪਟੀ ਦੇ ਦਫ਼ਤਰ ਗਿਆ। ਹਰ ਵਾਰ ਉਹ ਕਿਸੇ ਜ਼ਰੂਰੀ ਕੰਮ ਦੇ ਬਹਾਨੇ ਦਫ਼ਤਰੋਂ ਖਿਸਕਿਆ ਹੁੰਦਾ ਸੀ।

ਤੀਜੀ ਵਾਰ ਡਿਪਟੀ ਖ਼ੁਦ ਹਸਪਤਾਲ ਆ ਟਪਕਿਆ।

"ਸਾਨੂੰ ਮੁਖ਼ਬਰੀ ਮਿਲੀ ਹੈ। ਕੁਝ ਦੋਸ਼ੀ ਆਪਣੇ ਪਿੰਡਾਂ ਵਾਲੀ ਗੱਡੀ ਚੜ੍ਹੇ ਹਨ। ਮਾਲ ਦੇ ਖ਼ੁਰਦ-ਬੁਰਦ ਹੋਣ ਤੋਂ ਪਹਿਲਾਂ ਆਪਾਂ ਉਨ੍ਹਾਂ ਨੂੰ ਦਬੋਚਣਾ ਹੈ।"

ਮਜ਼ਰੂਬਾਂ ਦਾ ਹਾਲ-ਚਾਲ ਪੁੱਛਣ ਦੀ ਉਪਚਾਰਕਤਾ ਨਿਭਾਅ ਕੇ ਡਿਪਟੀ ਨੇ ਅਸਲ



ਮੁੱਦਾ ਛੋਹਿਆ।

ਝੱਟ ਰਾਮ ਨਾਥ ਡਿਪਟੀ ਦੇ ਹਸਪਤਾਲ ਆਉਣ ਦਾ ਕਾਰਨ ਸਮਝ ਗਿਆ। ਉਸਦਾ ਖ਼ੁਦ ਪੁਲਿਸ ਨਾਲ ਪਹਿਲੀ ਵਾਰ ਵਾਹ ਪਿਆ ਸੀ। ਪਰ ਫ਼ੌਜਦਾਰੀ ਵਕੀਲ ਹੋਣ ਕਾਰਨ ਉਸਨੂੰ ਪੁਲਿਸ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਦਾ ਪੂਰਾ ਗਿਆਨ ਸੀ।

ਹੁਣ ਡਿਪਟੀ ਉਸਨੂੰ ਬਿਹਾਰ ਜਾਣ ਲਈ ਆਖੇਗਾ। ਉਹ ਨਹੀਂ ਜਾ ਸਕਦਾ ਤਾਂ ਕਿਸੇ ਹੋਰ ਬੰਦੇ ਦੀ ਮੰਗ ਕਰੇਗਾ। ਬਹਾਨਾ ਦੋਸ਼ੀਆਂ ਦੀ ਸ਼ਨਾਖ਼ਤ ਅਤੇ ਉਨ੍ਹਾਂ ਕੋਲੋਂ ਫੜ੍ਹੇ ਮਾਲ ਦੀ ਪਹਿਚਾਣ ਕਰਾਉਣਾ ਹੋਏਗਾ।

ਅਸਲ ਮਕਸਦ ਸਫ਼ਰ ਦੌਰਾਨ ਪੁਲਿਸ ਦੀ ਸੇਵਾ ਕਰਾਉਣਾ ਹੋਏਗਾ।

ਰਾਮ ਨਾਥ ਨੇ ਪਿੱਛੇ ਜਿਹੇ ਅਖ਼ਬਾਰ ਵਿਚ ਪੜ੍ਹਿਆ ਸੀ। ਮਾਇਆ ਨਗਰ ਦੇ ਇਕ ਉਦਯੋਗਪਤੀ ਨੇ ਆਪਣੀ ਧੀ ਦਾ ਦਹੇਜ ਬਰਾਮਦ ਕਰਾਉਣ ਲਈ ਪੁਲਿਸ ਪਾਰਟੀ ਨੂੰ ਬੰਬੇ ਲਿਜਾਣ ਲਈ ਹਵਾਈ ਜਹਾਜ਼ ਰਾਹੀਂ ਸੈਰ ਕਰਾਈ ਸੀ।

ਆਪਣੇ ਸਵਾਲ ਦਾ ਜਵਾਬ ਪਤਾ ਹੁੰਦਿਆਂ ਵੀ ਰਾਮ ਨਾਥ ਨੇ ਡਿਪਟੀ 'ਤੇ ਸਵਾਲ ਕੀਤਾ:

"ਦੱਸੋ ਮੈਂ ਕੀ ਮਦਦ ਕਰਾਂ?"

"ਸਾਡੇ ਨਾਲ ਚੱਲੋ। ਤੁਸੀਂ ਵਕੀਲ ਹੋ। ਤਫ਼ਤੀਸ਼ ਵਿਚ ਸਾਡੀ ਰਹਿਨੁਮਾਈ ਕਰਨਾ। ਬਿਹਾਰ ਦੇ ਵਕੀਲਾਂ ਅਤੇ ਮੈਜਿਸਟਰੇਟਾਂ ਨਾਲ ਨਜਿੱਠਣਾ।"

"ਇਸ ਕੰਮ ਤੋਂ ਮੈਨੂੰ ਮੁਆਫ਼ੀ ਦਿਓ। ਦੋਹਾਂ ਮਰੀਜ਼ਾਂ ਦੀ ਹਾਲਤ ਖ਼ਰਾਬ ਹੈ। ਕੁੜੀ ਵੀ ਠੀਕ ਨਹੀਂ।"

"ਤੁਸੀਂ ਨਹੀਂ ਜਾ ਸਕਦੇ, ਕੋਈ ਹੋਰ ਬੰਦਾ ਭੇਜ ਦੇਵੋ।"

"ਮੈਂ ਕਿਸੇ ਨੂੰ ਮਨਾਉਣ ਦਾ ਯਤਨ ਕਰਦਾ ਹਾਂ।"

"ਹੋਰ ਕੁਝ ਨਹੀਂ ਕਰ ਸਕਦੇ ਤਾਂ ਇਕ ਗੱਡੀ ਦਾ ਪ੍ਰਬੰਧ ਹੀ ਕਰ ਦਿਉ। ਕਪਤਾਨ ਸਾਹਿਬ ਕਾਹਲ ਕਰ ਰਹੇ ਹਨ। ਪੁਲਿਸ ਪਾਰਟੀ ਜਲਦੀ ਭੇਜੋ। ਮਾਲ ਠਿਕਾਣੇ ਲੱਗਣ ਬਾਅਦ ਪੁਲਿਸ ਗਈ ਜਾਂ ਨਾ ਗਈ, ਇਕ ਬਰਾਬਰ ਹੈ।"

ਰਾਮ ਨਾਥ ਡਿਪਟੀ ਦੀ ਚਾਲ ਸਮਝ ਰਿਹਾ ਸੀ। ਉਹ ਮਾਲ ਬਰਾਮਦ ਕਰਨ ਦੇ ਬਹਾਨੇ ਗੱਡੀ ਦਾ ਖ਼ਰਚਾ ਬਟੋਰਨਾ ਚਾਹੁੰਦਾ ਸੀ।

ਮੁਲਜਮ ਇੰਨੇ ਕਮਲੇ ਨਹੀਂ ਸਨ ਕਿ ਵਾਰਦਾਤ ਕਰਕੇ ਪਿੰਡਾਂ ਵੱਲ ਨੂੰ ਦੌੜਨ। ਕਮਲੇ ਤੋਂ ਕਮਲੇ ਮੁਲਜ਼ਮ ਨੂੰ ਵੀ ਪਤਾ ਹੁੰਦਾ ਹੈ ਪੁਲਿਸ ਸਭ ਤੋਂ ਪਹਿਲਾਂ ਉਨ੍ਹਾਂ ਦੇ ਘਰਾਂ ਤੇ ਛਾਪੇ ਮਾਰਦੀ ਹੈ।

ਮੁਲਜਮ ਬਿਹਾਰੀ ਸਨ। ਉਨ੍ਹਾਂ ਦੇ ਬਿਹਾਰ ਵੱਲ ਦੌੜਨ ਵਿਚ ਵੀ ਕੋਈ ਤੁਕ ਨਹੀਂ ਸੀ। ਉਥੇ ਕਿਹੜਾ ਉਨ੍ਹਾਂ ਦੀਆਂ ਕੋਠੀਆਂ ਬਣੀਆਂ ਹੋਈਆਂ ਸਨ। ਪਤਾ ਨਹੀਂ ਕੋਈ ਝੁੱਗੀ ਝੌਂਪੜੀ ਹੋਏਗੀ ਵੀ ਜਾਂ ਨਹੀਂ?

ਕਿਸੇ ਦੋਸ਼ੀ ਦੇ ਪਿੰਡੋਂ ਫੜ੍ਹੇ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ। ਨਾਲ ਗਏ ਬੰਦੇ ਨੂੰ ਕੀ ਪਤਾ ਲੱਗਣਾ ਸੀ ਕਿ ਫੜਿਆ ਗਿਆ ਬੰਦਾ ਅਸਲੀ ਸੀ ਜਾਂ ਕਿਸੇ ਬੇਕਸੂਰ ਨੂੰ ਅੜਾਇਆ ਜਾ ਰਿਹਾ ਸੀ। ਕੋਈ ਫੜਿਆ ਵੀ ਗਿਆ ਤਾਂ ਮਾਲ ਬਰਾਮਦ ਨਹੀਂ ਸੀ ਹੋਣਾ। ਕੁਝ ਮਾਲ ਬਰਾਮਦ ਹੋ ਵੀ ਗਿਆ ਤਾਂ ਉਹ ਪੁਲਿਸ ਨੇ ਖ਼ੁਰਦ-ਬੁਰਦ ਕਰ ਦੇਣਾ ਸੀ। ਫ਼ੈਸਲੇ ਤਕ ਫੜੇ ਮਾਲ ਨੇ ਥਾਣੇ ਕਚਹਿਰੀ ਦੇ ਮਾਲਖ਼ਾਨੇ ਵਿਚ ਰੁਲਦੇ ਰਹਿਣਾ ਸੀ। ਕਪੜੇ

ਲੀੜੇ ਨੇ ਗਲ ਸੜ ਜਾਣਾ ਸੀ। ਸੋਨੇ ਨੇ ਸੌ ਹੱਥਾਂ ਥਾਈਂ ਲੰਘਦੇ-ਲੰਘਦੇ ਪਿੱਤਲ ਵਿਚ ਬਦਲ ਜਾਣਾ ਸੀ।

ਅਸਲ ਬੰਦੇ ਫੜੇ ਜਾਣ ਤਾਂ ਵੀ ਰਾਮ ਨਾਥ ਹੋਰਾਂ ਦੇ ਕਾਲਜੇ ਠੰਡ ਨਹੀਂ ਸੀ ਪੈਣੀ। ਉਹ ਭਾੜੇ ਦੇ ਟੱਟੂ ਸਨ। ਉਨ੍ਹਾਂ ਦੇ ਅਸਲ ਦੋਸ਼ੀ ਪੰਕਜ ਅਤੇ ਨੀਰਜ ਸਨ। ਉਨ੍ਹਾਂ ਵੱਲ ਪੁਲਿਸ ਝਾਕ ਨਹੀਂ ਸੀ ਰਹੀ।

ਬਿਹਾਰ ਜਾਣ ਦੇ ਨਫ਼ੇ ਨੁਕਸਾਨ ਦੇ ਨਾਲ-ਨਾਲ ਰਾਮ ਨਾਥ ਪੁਲਿਸ ਕੋਲੋਂ ਖਹਿੜਾ ਛੁਡਾਉਣ ਦੇ ਢੰਗ ਤਰੀਕੇ ਵੀ ਸੋਚ ਰਿਹਾ ਸੀ।

"ਕਿਹੜੀ ਗੱਡੀ ਠੀਕ ਰਹੂ?"

"ਉੱਧਰ ਮਾਰੂਤੀ ਥੋੜ੍ਹਾ ਚੱਲੂ। ਟਾਟਾ ਸੂਮੋ ਲਿਜਾਣੀ ਪਏਗੀ। ਨਾਲੇ ਗੱਡੀ ਮਜ਼ਬੂਤ ਹੈ। ਨਾਲੇ ਡੀਜ਼ਲ ਤੇ ਹੋਣ ਕਾਰਨ ਖਰਚਾ ਘੱਟ ਪਊ।"

ਡਿਪਟੀ ਟਾਟਾ ਸੂਮੋ ਦੇ ਫ਼ਾਇਦੇ ਸਮਝਾਉਣ ਲੱਗਾ।

ਮਨ ਹੀ ਮਨ ਰਾਮ ਨਾਥ ਟਾਟਾ ਸੂਮੋ ਦੇ ਖਰਚੇ ਦਾ ਅੰਦਾਜ਼ਾ ਲਾਉਣ ਲੱਗਾ।

ਸੂਮੋ ਵਾਲੇ ਨੇ ਜੇ ਇਕ ਹਜ਼ਾਰ ਰੁਪਿਆ ਦਿਹਾੜੀ ਦਾ ਲਿਆ ਤਾਂ ਸੱਤ ਅੱਠ ਦਿਹਾੜੀਆਂ ਦਾ ਸੱਤ ਅੱਠ ਹਜ਼ਾਰ ਬਣ ਜਾਣਾ ਸੀ। ਚਾਰ ਪੰਜ ਹਜ਼ਾਰ ਦਾ ਤੇਲ ਫ਼ੁਕਨਾ ਸੀ। ਪੁਲਿਸ ਵਾਲਿਆਂ ਦੀ ਟਹਿਲ ਸੇਵਾ ਅਲੱਗ। ਖ਼ਰਚਾ ਵੀਹ ਹਜ਼ਾਰ ਤਕ ਪੁੱਜਦਾ ਨਜ਼ਰ ਆਉਂਦਾ ਸੀ।

"ਮੈਂ ਸ਼ਾਮ ਨੂੰ ਆਉਨਾ ਤੁਹਾਡੇ ਦਫ਼ਤਰ। ਰਾਏ ਕਰਕੇ ਦੱਸਦਾਂ।" ਆਖਦੇ ਰਾਮ ਨਾਥ ਨੇ ਵਿਦਾਅ ਹੋਣ ਦੀ ਨੀਅਤ ਨਾਲ ਡਿਪਟੀ ਨਾਲ ਹੱਥ ਮਿਲਾਇਆ।

"ਵਕੀਲ ਸਾਹਿਬ ਬਹੁਤਾ ਸੋਚਣ ਦੀ ਲੋੜ ਨਹੀਂ। ਬੰਦੇ ਅਤੇ ਗੱਡੀ ਦੋਹਾਂ ਦਾ ਇੰਤਜ਼ਾਮ ਕਰੋ। ਪਸੰਜਰ ਗੱਡੀ ਵਿਚ ਜਾ ਕੇ ਮੁਲਜ਼ਮ ਨਹੀਂ ਫੜੇ ਜਾਣੇ।"

ਵਕੀਲ ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਰਾਮ ਨਾਥ ਦੀ ਚਲਾਕੀ 'ਤੇ ਖਿਝੇ ਡਿਪਟੀ ਨੇ ਗੱਲ ਸਪੱਸ਼ਟ ਕੀਤੀ।

ਪੁਲਿਸ ਵੱਲੋਂ ਵੇਦ ਪਰਿਵਾਰ ਲਈ ਖੜ੍ਹੀ ਕੀਤੀ ਇਹ ਨਵੀਂ ਸਮੱਸਿਆ ਸੀ। ਬਿਹਾਰ ਭੇਜਣ ਲਈ ਉਨ੍ਹਾਂ ਕੋਲ ਬੰਦਾ ਕਿਥੇ ਸੀ? ਬੰਦਾ ਤਾਂ ਉਨ੍ਹਾਂ ਕੋਲ ਰਾਮ ਨਾਥ ਦੀ ਥਾਂ ਹਸਪਤਾਲ ਵਿਚ ਖੜ੍ਹਾ ਕਰਨ ਲਈ ਨਹੀਂ ਸੀ। ਪੰਜਾਂ ਦਿਨਾਂ ਤੋਂ ਉਹ ਸ਼ਹਿਰ ਗੇੜਾ ਮਾਰਨ ਲਈ ਤਰਸ ਰਿਹਾ ਸੀ।

ਪੈਸਾ ਉਨ੍ਹਾਂ ਨੂੰ ਇਲਾਜ ਲਈ ਥੋੜ੍ਹਾ ਪੈ ਰਿਹਾ ਸੀ। ਹਸਪਤਾਲ ਦੇ ਕੈਸ਼ੀਅਰ ਦਾ ਮੂੰਹ ਹਰ ਸਮੇਂ ਦੈਂਤ ਵਾਂਗ ਖੁੱਲ੍ਹਾ ਰਹਿੰਦਾ ਸੀ। ਨੇਹਾ ਦੇ ਖ਼ਾਤਿਆਂ ਵਿਚਲਾ ਸਾਰਾ ਪੈਸਾ ਇਸ ਦੈਂਤ ਨੇ ਨਿਗਲ ਲਿਆ ਸੀ। ਉਹ ਸੂਮੋ ਗੱਡੀ ਭੇਜ ਕੇ ਪੁਲਿਸ ਦੇ ਮਨੋਰੰਜਨ ਦਾ ਪ੍ਰਬੰਧ ਕਰਨ ਦੀ ਸਥਿਤੀ ਵਿਚ ਨਹੀਂ ਸੀ।

ਰਾਮ ਨਾਥ ਨੇ ਵਿਚਕਾਰਲਾ ਰਾਹ ਅਪਣਾਇਆ।

ਨਾ ਉਹ ਬੰਦਾ ਭੇਜੇਗਾ, ਨਾ ਸੂਮੋ। ਉਹ ਪੁਲਿਸ ਨੂੰ ਥੋੜ੍ਹਾ ਬਹੁਤ ਖ਼ਰਚਾ ਦੇਵੇਗਾ। ਇਹੋ ਪੁਲਿਸ ਭਾਲ ਰਹੀ ਸੀ।

ਜਦੋਂ ਰਾਮ ਨਾਥ ਸ਼ਾਮ ਦੇ ਵਾਅਦੇ ਤੇ ਪੂਰਾ ਨਾ ਉੱਤਰਿਆ ਤਾਂ ਰਾਤ ਨੂੰ ਡਿਪਟੀ ਦਾ ਰੀਡਰ ਹਸਪਤਾਲ ਆ ਧਮਕਿਆ।

ਰਾਮ ਨਾਥ ਨੇ ਦੋ ਹਜ਼ਾਰ ਰੁਪਏ ਰੀਡਰ ਦੇ ਹੱਥ 'ਤੇ ਰੱਖ ਦਿੱਤੇ।



ਇੰਨੀ ਥੋੜ੍ਹੀ ਰਕਮ ਦੇਖ ਕੇ ਰੀਡਰ ਅੱਗ-ਬਗੂਲਾ ਹੋ ਗਿਆ। ਮੋੜ ਕੇ ਪੈਸੇ ਉਸ ਨੇ ਰਾਮ ਨਾਥ ਦੀ ਜੇਬ ਵਿਚ ਪਾ ਦਿੱਤੇ।

ਵਾਪਸ ਮੁੜਨ ਤੋਂ ਪਹਿਲਾਂ ਰੀਡਰ ਨੇ ਡਿਪਟੀ ਨਾਲ ਫ਼ੋਨ 'ਤੇ ਗੱਲ ਕੀਤੀ।

ਡਿਪਟੀ ਨੇ ਰੀਡਰ ਨੂੰ ਸਮਝਾਇਆ। ਅਫ਼ਸਰ ਦਾ ਹੁਕਮ ਸੀ। ਪੁਲਿਸ ਪਾਰਟੀ ਨੂੰ ਬਿਹਾਰ ਜਾਣਾ ਹੀ ਪੈਣਾ ਸੀ। ਜੋ ਮਿਲਦਾ ਹੈ, ਉਹ ਲੈ ਲਏ।

ਪੈਸੇ ਰੀਡਰ ਵਾਪਸ ਕਰ ਚੁੱਕਾ ਸੀ। ਹੁਣ ਵਾਪਸ ਕਿਹੜੇ ਮੂੰਹ ਮੰਗੇ?

ਡਿਪਟੀ ਨੇ ਇਹ ਮਸਲਾ ਸੁਲਝਾਇਆ।

ਰਾਮ ਨਾਥ ਨਾਲ ਫ਼ੋਨ 'ਤੇ ਗੱਲ ਕੀਤੀ। ਰੀਡਰ ਦੀ ਬੇਵਕੂਫ਼ੀ 'ਤੇ ਰੀਡਰ ਨੂੰ ਝਾੜਾਂ ਪਾਈਆਂ।

ਡਿਪਟੀ ਰਾਮ ਨਾਥ ਦੀ ਮਜਬੂਰੀ ਸਮਝ ਰਿਹਾ ਸੀ। ਰਾਮ ਨਾਥ ਪੁਲਿਸ ਦੀ ਮਜਬੂਰੀ ਸਮਝੇ।

ਉਹ ਜੋ ਖੁਸ਼ ਹੋ ਕੇ ਦੇਣਾ ਚਾਹੁੰਦਾ ਹੈ, ਦੇਵੇ। ਪੁਲਿਸ ਨੂੰ ਖਿੜੇ-ਮੱਥੇ ਮਨਜ਼ੂਰ ਸੀ।

## -44-

ਡਿਪਟੀ ਪਿਛੋਂ ਲੱਥਾ ਤਾਂ ਤਫ਼ਤੀਸ਼ੀ ਅਫ਼ਸਰ ਦੇ ਸੁਨੇਹੇ ਆਉਣ ਲੱਗੇ।

ਠੇਕੇਦਾਰ ਅਤੇ ਪੰਡਿਤ ਨੂੰ ਗ੍ਰਿਫ਼ਤਾਰ ਹੋਇਆਂ ਵੀਹ ਬਾਈ ਦਿਨ ਹੋ ਗਏ ਸਨ। ਹਾਲੇ ਤਕ ਤਫ਼ਤੀਸ਼ੀ ਅਫ਼ਸਰ ਨੇ ਗਵਾਹਾਂ ਕੋਲੋਂ ਮੁਲਜ਼ਮਾਂ ਦੀ ਸ਼ਨਾਖ਼ਤ ਨਹੀਂ ਸੀ ਕਰਵਾਈ। ਕਾਨੂੰਨ ਮੁਤਾਬਕ ਇਹ ਸ਼ਨਾਖ਼ਤ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੇ ਫੌਰੀ ਬਾਅਦ ਹੋਣੀ ਚਾਹੀਦੀ ਸੀ। ਹੋ ਰਹੀ ਦੇਰੀ ਕਾਰਨ ਕੇਸ ਕਮਜ਼ੋਰ ਹੋ ਰਿਹਾ ਸੀ। ਇਸ ਕਮਜ਼ੋਰੀ ਲਈ ਤਫ਼ਤੀਸ਼ੀ ਅਫ਼ਸਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਸੀ। ਕਪਤਾਨ ਵੱਲੋਂ ਉਸਨੂੰ ਤਿੰਨ ਕਾਰਨ ਦੱਸੋ ਨੋਟਿਸ ਜਾਰੀ ਹੋ ਚੁੱਕੇ ਸਨ। ਤਫ਼ਤੀਸ਼ੀ ਅਫ਼ਸਰ ਮੁਫ਼ਤ ਵਿਚ ਆਪਣਾ ਰਿਕਾਰਡ ਖ਼ਰਾਬ ਕਰਾਉਣ ਲਈ ਤਿਆਰ ਨਹੀਂ ਸੀ।

ਤਫ਼ਤੀਸ਼ੀ ਅਫ਼ਸਰ ਆਖ ਰਿਹਾ ਸੀ। ਨੇਹਾ ਹੁਣ ਚੰਗੀ ਭਲੀ ਸੀ। ਉਹ ਪੁਲਿਸ ਨਾਲ ਜੇਲ੍ਹ ਵਿਚ ਜਾ ਕੇ ਸ਼ਨਾਖ਼ਤ ਪਰੇਡ ਵਿਚ ਹਿੱਸਾ ਲਏ। ਦਸ ਪੰਦਰਾਂ ਬੰਦਿਆਂ ਵਿਚ ਰਲੇ ਖੜ੍ਹੇ ਪੰਡਿਤ ਅਤੇ ਠੇਕੇਦਾਰ ਨੂੰ ਪਹਿਚਾਣੇ। ਫੇਰ ਦੱਸੇ ਪੁਲਿਸ ਵੱਲੋਂ ਫੜੇ ਦੋਸ਼ੀ ਸਹੀ ਸਨ ਜਾਂ ਗਲਤ। ਜੇ ਉਹ ਅਸਲ ਮੁਲਜ਼ਮ ਸਨ ਤਾਂ ਉਨ੍ਹਾਂ ਵਿਚੋਂ ਕਮਲ ਦਾ ਕਤਲ ਕਿਸ ਨੇ ਕੀਤਾ ਸੀ? ਵੇਦ ਦੇ ਸੱਟਾਂ ਕਿਸ ਨੇ ਮਾਰੀਆਂ ਸਨ? ਨੀਲਮ ਦਾ ਸਿਰ ਕਿਸ ਨੇ ਪਾੜਿਆ ਸੀ?

ਕਾਨੂੰਨੀ ਨਜ਼ਰੀਏ ਤੋਂ ਤਫ਼ਤੀਸ਼ੀ ਅਤੇ ਉਸਦੇ ਅਫ਼ਸਰ ਦਰੁਸਤ ਸਨ। ਸ਼ਨਾਖ਼ਤ ਪਰੇਡ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਸੀ। ਪਰ ਸ਼ਨਾਖ਼ਤ ਪਰੇਡ ਵਿਚ ਹਿੱਸਾ ਲੈਣ ਤੋਂ ਟਲਣ ਦੀ ਰਾਮ ਨਾਥ ਦੀ ਆਪਣੀ ਮਜਬੂਰੀ ਸੀ। ਨੇਹਾ ਦੇ ਅੱਲੇ ਜ਼ਖ਼ਮਾਂ ਨੂੰ ਉਹ ਨਮਕ ਵਾਲੇ ਚਾਕੂ ਨਾਲ ਖਰੋਚਣਾ ਨਹੀਂ ਸੀ ਚਾਹੁੰਦਾ।

ਨੇਹਾ ਦੇਖਣ ਨੂੰ ਚੰਗੀ ਭਲੀ ਲੱਗਦੀ ਸੀ, ਪਰ ਹਾਲੇ ਉਸਦਾ ਅੰਦਰ ਬੁਝਿਆ ਹੋਇਆ ਸੀ। ਰਾਮ ਨਾਥ ਉਸਨੂੰ ਕਈ ਵਾਰ ਕੋਠੀ ਗੇੜਾ ਮਾਰ ਆਉਣ ਲਈ ਆਖ ਚੁੱਕਾ ਸੀ। ਕੋਠੀ ਦੀ ਸਫ਼ਾਈ ਹੋ ਚੁੱਕੀ ਸੀ। ਪਾਠ ਪੂਜਾ ਹੋ ਚੁੱਕੀ ਸੀ। ਸਮਾਨ ਥਾਂ ਸਿਰ ਟਿਕਾ ਦਿੱਤਾ

ਗਿਆ ਸੀ। ਕਦੋਂ ਤਕ ਹਸਪਤਾਲ ਬੈਠੇ ਰਹਿਣਾ ਸੀ। ਮਨ ਤਕੜਾ ਕਰਕੇ ਇਕ ਦਿਨ ਕੋਠੀ ਜਾਣਾ ਹੀ ਪੈਣਾ ਸੀ।

ਕੋਠੀ ਦਾ ਜ਼ਿਕਰ ਛਿੜਦੇ ਹੀ ਨੇਹਾ ਧੁਰ ਅੰਦਰ ਤਕ ਹਿਲ ਜਾਂਦੀ ਸੀ। ਪਰਲ-ਪਰਲ ਉਸਦੀਆਂ ਅੱਖਾਂ ਵਿਚੋਂ ਹੰਝੂ ਵਹਿਣ ਲੱਗਦੇ ਸਨ।

ਦਸਾਂ ਦਿਨਾਂ ਤੋਂ ਉਹ ਹਸਪਤਾਲ ਦੀ ਸਰਾਂ ਵਿਚ ਲਏ ਕਮਰੇ ਵਿਚ ਕਾਂ ਖਾਧੇ ਕੁੱਤੇ ਵਾਂਗ ਪਈ ਸੀ। ਕਦੇ-ਕਦੇ ਪਲਵੀ ਜਾਂ ਉਸਦੀ ਮੰਮੀ ਉਸਨੂੰ ਆਪਣੇ ਘਰ ਲੈ ਜਾਂਦੀ ਸੀ। ਕੁਝ ਦੇਰ ਲਈ ਮਨ ਬਹਿਲ ਜਾਂਦਾ ਸੀ। ਹਸਪਤਾਲ ਆ ਕੇ ਮੁੜ ਉਹੋ ਬਾਹਾਂ ਉਹੋ ਕੁਹਾੜਾ ਹੋ ਜਾਂਦਾ ਸੀ। ਗੁੰਮ-ਸੁੰਮ ਉਹ ਬਿਟਰ-ਬਿਟਰ ਕੰਧਾਂ ਵੱਲ ਤੱਕਦੀ ਰਹਿੰਦੀ ਸੀ।

ਜਿਹੜੀ ਕੁੜੀ ਆਪਣੇ ਘਰ ਵੱਲ ਮੂੰਹ ਕਰਨ ਤੋਂ ਡਰਦੀ ਸੀ, ਉਸ ਕੁੜੀ ਨੂੰ ਕਾਤਲਾਂ ਅਤੇ ਬਲਾਤਕਾਰੀਆਂ ਅੱਗੇ ਕਿਸ ਤਰ੍ਹਾਂ ਖੜ੍ਹਾ ਕੀਤਾ ਜਾ ਸਕਦਾ ਸੀ? ਭੱਠ ਪਏ ਕਾਨੂੰਨ ਅਤੇ ਇਨਸਾਫ਼। ਕਾਨੂੰਨ ਦਾ ਢਿੱਡ ਭਰਨ ਲਈ ਉਹ ਅੱਲ੍ਹੜ ਕੁੜੀ ਦੇ ਜਜ਼ਬਾਤਾਂ ਦਾ ਘਾਣ ਨਹੀਂ ਸੀ ਕਰਵਾ ਸਕਦਾ।

ਸੋਚ-ਵਿਚਾਰ ਕੇ ਰਾਮ ਨਾਥ ਨੇ ਤਫ਼ਤੀਸ਼ੀ ਅਫ਼ਸਰ ਨੂੰ ਗਲੋਂ ਲਾਹ ਦਿੱਤਾ। ਹਾਲੇ ਨੇਹਾ ਸ਼ਨਾਖ਼ਤ ਪਰੇਡ ਵਿਚ ਹਿੱਸਾ ਲੈਣ ਦੇ ਯੋਗ ਨਹੀਂ ਸੀ।

ਕੋਈ ਸਾਧਾਰਨ ਆਦਮੀ ਸ਼ਨਾਖ਼ਤ ਪਰੇਡ ਵਿਚ ਹਿੱਸਾ ਲੈਣ ਤੋਂ ਨਾਂਹ ਕਰਦਾ ਤਾਂ ਤਫ਼ਤੀਸ਼ੀ ਅਫ਼ਸਰ ਨੂੰ ਕਾਰਨ ਸਮਝ ਪੈ ਸਕਦਾ ਸੀ। ਇਕ ਫੌਜਦਾਰੀ ਵਕੀਲ ਸ਼ਨਾਖ਼ਤ ਪਰੇਡ ਵਿਚ ਹਿੱਸਾ ਲੈਣ ਤੋਂ ਨਾਂਹ ਕਰਕੇ ਕੇਸ ਨੂੰ ਕਮਜ਼ੋਰ ਕਰੇ, ਇਹ ਉਸਦੀ ਸਮਝੋਂ ਬਾਹਰ ਸੀ।

"ਮੈਂ ਮਿਸਲ ਵਿਚ ਨੋਟ ਦੇਣ ਲੱਗਾ ਹਾਂ। ਚਸ਼ਮਦੀਦ ਗਵਾਹ ਮੁਲਜ਼ਮਾਂ ਨੂੰ ਸ਼ਨਾਖ਼ਤ ਕਰਨ ਤੋਂ ਮੁਨਕਰ ਹੈ। ਇਸਦਾ ਕੀ ਨਤੀਜਾ ਨਿਕਲੇਗਾ ਤੁਹਾਨੂੰ ਪਤਾ ਹੈ? ਫੇਰ ਮੈਨੂੰ ਉਲਾਂਭਾ ਨਾ ਦੇਣਾ।"

ਖਿਝੇ ਤਫ਼ਤੀਸ਼ੀ ਨੇ ਮਨ ਦੀ ਭੜਾਸ ਕੱਢੀ।

"ਸ਼ਨਾਖ਼ਤ ਪਰੇਡ ਨਾਲ ਕਿਹੜਾ ਦੋਸ਼ੀਆਂ ਨੂੰ ਸਜ਼ਾ ਹੋ ਜਾਣੀ ਹੈ? ਕੇਸ ਖ਼ਾਮੀਆਂ ਨਾਲ ਭਰਿਆ ਪਿਆ ਹੈ। ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ? ਮੈਂ ਮਾਸੂਮ ਕੁੜੀ ਨੂੰ ਬਲਦੀ ਅੱਗ ਵਿਚ ਨਹੀਂ ਸੁੱਟ ਸਕਦਾ।"

ਉਸੇ ਅੰਦਾਜ਼ ਵਿਚ ਰਾਮ ਨਾਥ ਨੇ ਆਪਣੇ ਮਨ ਦੀ ਭੜਾਸ ਕੱਢੀ।

ਚਿੜੇ ਹੋਏ ਤਫ਼ਤੀਸ਼ੀ ਨੇ ਮੂੰਹ ਸੁਜਾ ਲਿਆ। ਮੁੜ ਕਦੇ ਉਸਨੇ ਰਾਮ ਨਾਥ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕੀਤੀ।

## -45-

ਪ੍ਰਤਾਪ ਸਿੰਘ ਦੇ ਇਸ਼ਾਰੇ 'ਤੇ ਕੰਮ ਪਲਕ ਝਪਕਦਿਆਂ ਹੋਣ ਲੱਗੇ।

ਹਾਈ ਕੋਰਟ ਵੱਲੋਂ ਦੋਹਾਂ ਭਰਾਵਾਂ ਦੀ ਗ੍ਰਿਫ਼ਤਾਰੀ ਉਪਰ ਪੰਦਰਾਂ ਦਿਨਾਂ ਲਈ ਰੋਕ ਲਗਾ ਦਿੱਤੀ ਗਈ।

ਪੰਕਜ ਹੋਰਾਂ ਦੀ ਦਰਖ਼ਾਸਤ ਉਪਰ ਪੁਲਿਸ ਮੁਖੀ ਨੇ ਆਪਣਾ ਕਲਮੀ ਹੁਕਮ ਜਾਰੀ ਕੀਤਾ। ਆਈ.ਜੀ. ਕਰਾਈਮ ਨੂੰ ਖ਼ੁਦ ਪੜਤਾਲ ਕਰਨ ਦਾ ਹੁਕਮ ਦਿੱਤਾ।



ਪ੍ਰਤਾਪ ਸਿੰਘ ਨੇ ਪੰਕਜ ਨੂੰ ਆਈ.ਜੀ. ਕੋਲ ਬਿਠਾ ਕੇ ਮੂੰਹ 'ਤੇ ਗੱਲ ਕਰਾਈ। ਲੈਣ-ਦੇਣ ਪੰਕਜ ਦੇ ਹੱਥੀਂ ਹੋਇਆ।

ਆਈ.ਜੀ. ਨੇ ਹਿੱਕ ਠੋਕ ਕੇ ਭਰੋਸਾ ਦਿੱਤਾ। ਜਿੰਨੀ ਤਫ਼ਤੀਸ਼ ਹੋਣੀ ਸੀ, ਹੋ ਗਈ। ਅੱਗੋਂ ਤੋਂ ਤਫ਼ਤੀਸ਼ ਠੱਪ। ਹੁਣ ਜੋ ਤਫ਼ਤੀਸ਼ ਹੋਏਗੀ, ਉਹ ਪੰਕਜ ਹੋਰਾਂ ਦੇ ਹੱਕ ਵਿਚ ਹੋਏਗੀ। ਹਾਈ ਕੋਰਟ ਦੀ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਨੂੰ ਬੇਕਸੂਰ ਘੋਸ਼ਿਤ ਕਰ ਦਿੱਤਾ ਜਾਏਗਾ। ਇਸੇ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਦੀ ਕੱਚੀ ਜ਼ਮਾਨਤ, ਪੱਕੀ ਹੋ ਜਾਏਗੀ।

ਆਈ.ਜੀ. ਨੇ ਪੁਲਿਸ ਮੁਖੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਸਲ ਜ਼ਿਲ੍ਹਾ ਪੁਲਿਸ ਕੋਲੋਂ ਆਪਣੇ ਦਫ਼ਤਰ ਮੰਗਵਾ ਲਈ।

ਪੜਤਾਲ ਦੇ ਪਹਿਲੇ ਦਿਨ, ਹੁਣ ਤਕ ਹੋਈ ਤਫ਼ਤੀਸ਼ ਵਿਚ ਸ਼ਾਮਲ ਹੋਏ ਗਵਾਹਾਂ ਨੂੰ ਦੁਬਾਰਾ ਬੁਲਾਇਆ ਗਿਆ। ਆਈ.ਜੀ. ਨੇ ਖ਼ੁਦ ਉਨ੍ਹਾਂ ਤੋਂ ਉਨ੍ਹਾਂ ਵੱਲੋਂ ਅੱਖੀਂ ਦੇਖੀ ਘਟਨਾ ਬਾਰੇ ਪੁੱਛ-ਗਿੱਛ ਕੀਤੀ।

ਦੂਜੇ ਦਿਨ ਤਫ਼ਤੀਸ਼ੀ, ਮੁਨਸ਼ੀ ਅਤੇ ਮੁੱਖ ਅਫ਼ਸਰ ਨੂੰ ਬੁਲਾਇਆ ਗਿਆ। ਫੜੇ ਗਏ ਮਾਲ-ਮੁਕੱਦਮੇ ਦੀ ਘੋਖ ਹੋਈ।

ਅਗਲੇ ਹਫ਼ਤੇ ਮੁਲਜ਼ਮਾਂ ਵੱਲੋਂ ਆਪਣੀ ਸਫ਼ਾਈ ਵਿਚ ਪੇਸ਼ ਕੀਤੇ ਜਾਣ ਵਾਲੇ ਗਵਾਹਾਂ ਦੇ ਬਿਆਨ ਕਲਮ-ਬੰਦ ਕਰਨ ਦਾ ਪ੍ਰੋਗਰਾਮ ਰੱਖਿਆ ਗਿਆ।

ਵਿਚਕਾਰਲੇ ਦਿਨਾਂ ਵਿਚ ਆਈ.ਜੀ. ਸਾਹਿਬ ਨੇ ਮੌਕਾ ਦੇਖਣ ਦਾ ਐਲਾਨ ਕੀਤਾ। ਉਸਦਾ ਮਕਸਦ ਮਾਇਆ ਨਗਰ ਜਾ ਕੇ ਮੁਦਈ ਧਿਰ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਮੂਡ ਦਾ ਜਾਇਜ਼ਾ ਲੈਣਾ ਸੀ। ਉਸਨੇ ਛੋਟੀ ਜਿਹੀ ਪ੍ਰੈੱਸ-ਕਾਨਫ਼ਰੰਸ ਬੁਲਾ ਕੇ ਮੁਲਜ਼ਮਾਂ ਦੇ ਬੇ-ਕਸੂਰ ਹੋਣ ਦਾ ਇਸ਼ਾਰਾ ਕਰਨਾ ਸੀ। ਅਗਲੇ ਦਿਨਾਂ ਵਿਚ ਲੋਕਾਂ ਵੱਲੋਂ ਇਸ ਬਿਆਨ ਉੱਪਰ ਕੀ ਪ੍ਰਤੀਕਰਮ ਹੁੰਦਾ ਹੈ? ਇਸਦਾ ਉਸਨੇ ਜਾਇਜ਼ਾ ਲੈਣਾ ਸੀ। ਪ੍ਰਤੀਕਰਮ ਅਨੁਸਾਰ ਅਗਲੀ ਕਾਰਵਾਈ ਹੋਣੀ ਸੀ।

ਪਰ ਗ੍ਰਿਫ਼ਤਾਰੀ 'ਤੇ ਲੱਗੀ ਪਾਬੰਦੀ ਅਤੇ ਆਈ.ਜੀ. ਵੱਲੋਂ ਆਰੰਭੀ ਪੜਤਾਲ ਦਾ ਸਵਾਦ ਜਲਦੀ ਹੀ ਕਿਰਕਰਾ ਹੋਣ ਲੱਗਾ। ਪੁਲਿਸ ਕਪਤਾਨ ਅਤੇ ਡੀ.ਆਈ.ਜੀ. ਦੇ ਉਲਾਂਭੇ ਆਉਣ ਲੱਗੇ। ਇੰਨੀ ਜਲਦੀ ਪੜਤਾਲ ਕਰਵਾ ਕੇ ਉਹ ਤੱਤਾ ਲੱਕ ਰਹੇ ਸਨ। ਉਨ੍ਹਾਂ ਦੇ ਨਾਲ-ਨਾਲ ਉਨ੍ਹਾਂ ਅਫ਼ਸਰਾਂ ਦਾ ਵੀ ਨੁਕਸਾਨ ਹੋਣਾ ਸੀ, ਜਿਨ੍ਹਾਂ ਨੇ ਉਨ੍ਹਾਂ ਦੀ ਮਦਦ ਕੀਤੀ ਸੀ। ਮੱਠੀ ਪਈ ਅੱਗ ਮੁੜ ਭੜਕ ਸਕਦੀ ਸੀ।

ਅਫ਼ਸਰਾਂ ਦੇ ਤੌਖ਼ਲਿਆਂ ਬਾਰੇ ਪੰਕਜ ਨੇ ਪ੍ਰਤਾਪ ਸਿੰਘ ਨਾਲ ਗੱਲ ਕੀਤੀ।

"ਤੁਸੀਂ ਚੁੱਪ ਕਰਕੇ ਬੈਠੇ ਰਹੋ। ਆਈ.ਜੀ. ਦੀ ਰਿਪੋਰਟ ਆ ਲੈਣ ਦਿਓ। ਮੈਂ ਆਪੇ ਪੁਲਿਸ ਮੁਖੀ ਤੋਂ ਸਹਿਮਤੀ ਲੈ ਦੇਵਾਂਗਾ। ਰਿਪੋਰਟ ਹਾਈ ਕੋਰਟ ਵਿਚ ਪੇਸ਼ ਕਰਵਾ ਕੇ ਹਾਈ ਕੋਰਟ ਦੀ ਮੋਹਰ ਲਗਵਾ ਦੇਵਾਂਗਾ। ਫੇਰ ਕੋਈ ਕੀ ਕਰੂ?"

ਪ੍ਰਤਾਪ ਸਿੰਘ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ।

ਪ੍ਰਤਾਪ ਸਿੰਘ ਦੀ ਸਲਾਹ ਦੇ ਉਲਟ ਉਹ ਨਹੀਂ ਸਨ ਚੱਲ ਸਕਦੇ। ਹੁਣ ਤਕ ਪ੍ਰਤਾਪ ਸਿੰਘ ਨੇ ਜੋ ਆਖਿਆ ਸੀ, ਕਰ ਦਿਖਾਇਆ ਸੀ। ਉਸਦੀ ਪਹੁੰਚ ਦੀ ਕੋਈ ਸੀਮਾ ਨਹੀਂ ਸੀ। ਪੁਲਿਸ ਮੁਖੀ ਅਤੇ ਆਈ.ਜੀ. ਨਾਲ ਉਹ ਇਉਂ ਗੱਲਾਂ ਕਰਦਾ ਸੀ, ਜਿਵੇਂ ਉਹ ਕਲਰਕ ਹੋਣ। ਜੋ ਉਹ ਕਰੇਗਾ, ਠੀਕ ਕਰੇਗਾ। ਇਹ ਸੋਚ ਕੇ ਉਨ੍ਹਾਂ ਨੇ ਮਨ ਕਰੜਾ

ਕਰ ਲਿਆ।

ਜਲਦੀ ਹੀ ਆਈ.ਜੀ. ਦੇ ਤੇਵਰ ਢਿੱਲੇ ਪੈਣ ਲੱਗੇ।

ਪਹਿਲਾਂ ਉਸਨੇ ਤਿੰਨ ਦਿਨਾਂ ਲਈ ਦੌਰਾ ਅੱਗੇ ਪਾਇਆ। ਫੇਰ ਦੌਰਾ ਰੱਦ ਕਰ ਦਿੱਤਾ। ਸਫ਼ਾਈ ਦੇ ਗਵਾਹਾਂ ਦੇ ਬਿਆਨ ਅਣਮਿਥੇ ਸਮੇਂ ਲਈ ਅੱਗੇ ਪਾ ਦਿੱਤੇ ਗਏ।

ਹਫ਼ਤੇ ਬਾਅਦ ਮਿਸਲ ਥਾਣੇ ਵਾਪਸ ਆ ਗਈ। ਬਹਾਨਾ ਇਹ ਸੀ ਕਿ ਮੁਕਾਮੀ ਪੁਲਿਸ ਦੀ ਤਫ਼ਤੀਸ਼ ਵਿਚ ਵਿਘਨ ਪੈ ਰਿਹਾ ਸੀ। ਹਾਲੇ ਕੁਝ ਦੋਸ਼ੀ ਫੜਨੇ ਬਾਕੀ ਸਨ। ਮਾਲ ਬਰਾਮਦ ਕਰਨ ਵਾਲਾ ਰਹਿੰਦਾ ਸੀ। ਫੜੇ ਜਾ ਚੁੱਕੇ ਮੁਲਜ਼ਮਾਂ ਦੇ ਰਿਮਾਂਡ ਵਿਚ ਵਾਧਾ ਕਰਾਉਣਾ ਸੀ। ਬਹੁਤੀ ਦੇਰ ਮਿਸਲ ਚੰਡੀਗੜ੍ਹ ਨਹੀਂ ਸੀ ਰੱਖੀ ਜਾ ਸਕਦੀ।

ਥਾਣੇ ਮਿਸਲ ਮੁੜ ਆਉਣ ਨਾਲ ਪੰਕਜ ਹੋਰਾਂ ਦਾ ਮੱਥਾ ਠਣਕਿਆ। ਜ਼ਰੂਰ ਦਾਲ ਵਿਚ ਕੁਝ ਕਾਲਾ ਸੀ।

ਸੱਚ ਜਾਨਣ ਲਈ ਪੰਕਜ ਨੇ ਆਈ.ਜੀ. ਨਾਲ ਰਾਬਤਾ ਕਾਇਮ ਕੀਤਾ। ਆਈ. ਜੀ. ਨੇ ਉਨ੍ਹਾਂ ਨੂੰ ਝਿੜਕਿਆ ਤਾਂ ਨਹੀਂ ਪਰ ਪਹਿਲਾਂ ਵਾਲੀ ਅਪਣੱਤ ਵੀ ਨਾ ਦਿਖਾਈ।

ਘਬਰਾਏ ਪੰਕਜ ਨੇ ਪ੍ਰਤਾਪ ਸਿੰਘ ਨਾਲ ਸੰਪਰਕ ਕੀਤਾ। ਰਕਮ ਚੋਖੀ ਖਰਚ ਹੋ ਚੁੱਕੀ ਸੀ। ਪਰ ਕੰਮ ਸਿਰੇ ਚੜ੍ਹਦਾ ਨਜ਼ਰ ਨਹੀਂ ਸੀ ਆ ਰਿਹਾ। ਘੱਟੋ-ਘੱਟ ਉਨ੍ਹਾਂ ਨੂੰ ਪਤਾ ਤਾਂ ਲੱਗੇ, ਹੁਣ ਆਈ.ਜੀ. ਨੂੰ ਕਿਹੜਾ ਸੱਪ ਸੁੰਘ ਗਿਆ।

ਪ੍ਰਤਾਪ ਸਿੰਘ ਨੇ ਆਈ.ਜੀ. ਨਾਲ ਗੱਲ ਕੀਤੀ। ਕਿਥੇ ਅੜਚਨ ਆ ਰਹੀ ਸੀ? ਪ੍ਰਤਾਪ ਸਿੰਘ ਤੋਂ ਕਿਸੇ ਨੂੰ ਫ਼ੋਨ ਕਰਾਉਣ ਦੀ ਲੋੜ ਸੀ, ਉਹ ਕਰਨ ਨੂੰ ਤਿਆਰ ਸੀ।

ਆਈ.ਜੀ. ਨੇ ਜਦੋਂ ਆਪਣੇ ਦੜ ਵੱਟਨ ਦਾ ਭੇਤ ਖੋਲ੍ਹਣਾ ਸ਼ੁਰੂ ਕੀਤਾ ਤਾਂ ਪ੍ਰਤਾਪ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ।

ਆਈ.ਜੀ. ਨੂੰ ਮੁੱਖ-ਮੰਤਰੀ ਵੱਲੋਂ ਝਾੜਾਂ ਪਈਆਂ ਸਨ। ਕਿਸੇ ਘਰ ਦੇ ਭੇਤੀ ਨੇ ਲੰਕਾ ਨੂੰ ਅੱਗ ਲਾਈ ਸੀ। ਮੁੱਖ-ਮੰਤਰੀ ਨੂੰ ਕਪਤਾਨ, ਡੀ.ਆਈ.ਜੀ. ਤੋਂ ਲੈ ਕੇ ਆਈ.ਜੀ. ਤਕ ਨੂੰ ਪੁੱਜੀਆਂ ਰਕਮਾਂ ਦੀ ਸੂਹ ਮਿਲ ਚੁੱਕੀ ਸੀ। ਮੁੱਖ-ਮੰਤਰੀ ਨੇ ਧਮਕੀ ਦਿੱਤੀ ਸੀ, ਜੇ ਸੱਚ ਨਾ ਨਤਾਰਿਆ ਗਿਆ ਤਾਂ ਤਫ਼ਤੀਸ਼ ਸੀ.ਬੀ.ਆਈ. ਨੂੰ ਦੇ ਦਿੱਤੀ ਜਾਏਗੀ। ਪੁਲਿਸ ਅਤੇ ਮੁਲਜ਼ਮਾਂ ਦੀ ਮਿਲੀ-ਭੁਗਤ ਦੀ ਘੋਖ ਵੀ ਸੀ.ਬੀ.ਆਈ. ਕਰੇਗੀ।

"ਕਿਧਰੇ ਮੇਰਾ ਜ਼ਿਕਰ ਤਾਂ ਨਹੀਂ ਆਇਆ?"

ਪ੍ਰਤਾਪ ਸਿੰਘ ਨੂੰ ਆਪਣਾ ਪਾਲਾ ਖਾਣ ਲੱਗਾ। ਜੇ ਆਈ.ਜੀ. ਤਕ ਪੁੱਜੀ ਰਿਸ਼ਵਤ ਉਜਾਗਰ ਹੋਈ ਸੀ ਤਾਂ ਰਿਸ਼ਵਤ ਦਿਵਾਉਣ ਵਾਲੇ ਦਾ ਨਾਂ ਵੀ ਉਜਾਗਰ ਹੋਇਆ ਹੋਏਗਾ।

"ਨਹੀਂ, ਮੇਰਾ ਖਿਆਲ ਹੈ ਤੁਹਾਡੇ ਵਿਚ ਆਉਣ ਬਾਰੇ ਕਿਸੇ ਨੂੰ ਪਤਾ ਨਹੀਂ। ਅੱਗੋਂ ਤੋਂ ਤੁਹਾਨੂੰ ਬਚ ਕੇ ਰਹਿਣਾ ਚਾਹੀਦਾ ਹੈ।"

ਆਈ.ਜੀ. ਦੇ ਵਿਸ਼ਵਾਸ ਦਿਵਾਉਣ 'ਤੇ ਪ੍ਰਤਾਪ ਸਿੰਘ ਨੂੰ ਕੁਝ ਰਾਹਤ ਮਹਿਸੂਸ ਹੋਈ।

ਪੂਰੀ ਤਸੱਲੀ ਕਰਨ ਲਈ ਉਹ ਹੋਰ ਡੂੰਘਾਈ ਵਿਚ ਜਾਣ ਲੱਗਾ।

"ਫ਼ੋਨ ਤੁਹਾਨੂੰ ਮੁੱਖ-ਮੰਤਰੀ ਨੇ ਕੀਤਾ ਸੀ ਜਾਂ ਕਿਸੇ ਸਕੱਤਰ ਨੇ?"

"ਪਹਿਲਾਂ ਸੀ.ਐਮ. ਖ਼ੁਦ ਗੱਲ ਕਰਨਾ ਚਾਹੁੰਦੇ ਸਨ। ਜਦੋਂ ਮੈਂ ਫ਼ੋਨ 'ਤੇ ਆਇਆ, ਉਹ ਮੀਟਿੰਗ 'ਤੇ ਚਲੇ ਗਏ। ਮੇਰੀ ਗੱਲ ਪ੍ਰਿੰਸੀਪਲ ਸੈਕਟਰੀ ਨਾਲ ਹੋਈ ਸੀ। ਉਹ ਮੇਰਾ ਯਾਰ ਹੈ। ਅਸੀਂ ਦੋ ਵਾਰ ਇਕੱਠੇ ਰਹੇ ਹਾਂ। ਇਕ ਵਾਰ ਮੈਂ ਪਟਿਆਲੇ ਕਪਤਾਨ ਸੀ ਅਤੇ



ਉਹ ਏ.ਡੀ.ਸੀ.। ਦੂਜੀ ਵਾਰ ਮੈਂ ਫ਼ਿਰੋਜ਼ਪੁਰ ਡੀ.ਆਈ.ਜੀ. ਸੀ ਅਤੇ ਉਹ ਡਿਪਟੀ ਕਮਿਸ਼ਨਰ।"

"ਹੋ ਸਕਦਾ ਹੈ ਪ੍ਰਿੰਸੀਪਲ ਸੈਕਟਰੀ ਨੇ ਆਪਣੇ ਕੋਲੋਂ ਦਬਕਾ ਮਾਰ ਦਿੱਤਾ ਹੋਵੇ? ਅਸਾਮੀ ਦੇ ਮੋਟੀ ਹੋਣ ਦੀ ਭਿਣਕ ਕਿਸੇ ਪਾਸਿਉਂ ਉਸਦੇ ਕੰਨ ਵਿਚ ਪੈ ਗਈ ਹੋਵੇ? ਉਹ ਵੀ ਵਗਦੀ ਗੰਗਾ ਵਿਚ ਹੱਥ ਧੋਣਾ ਚਾਹੁੰਦਾ ਹੋਵੇ।"

"ਨਹੀਂ! ਉਹ ਮੇਰੇ ਨਾਲ ਇੰਝ ਨਹੀਂ ਕਰ ਸਕਦਾ। ਆਪਾਂ ਉਸੇ ਦੇ ਸਹਾਰੇ ਇਸ ਪੋਸਟ ਤੇ ਬੈਠੇ ਹਾਂ। ਬਥੇਰੀ ਵਾਰ ਲੋਕਾਂ ਨੇ ਇਸ ਪੋਸਟ 'ਤੇ ਲੱਗਣ ਦੀ ਕੋਸ਼ਿਸ਼ ਕੀਤੀ ਹੈ। ਹਰ ਵਾਰ ਉਹ ਬਚਾਉਂਦਾ ਰਿਹਾ ਹੈ। ਕੋਈ ਝਾਕ ਹੁੰਦੀ, ਉਹ ਸਿੱਧਾ ਆਖ ਦਿੰਦਾ। ਕੋਈ ਗੜਬੜ ਜ਼ਰੂਰ ਹੈ।"

"ਫੇਰ, ਹੁਣ ਕੀ ਕਰ ਰਹੇ ਹੋ?"

"ਕਰਨਾ ਕੀ ਹੈ! ਚੁੱਪ ਬੈਠੇ ਹਾਂ। ਚੰਗੀ ਥਾਂ 'ਤੇ ਲੱਗੇ ਹਾਂ। ਛੋਟਾ ਜਿਹਾ ਸੂਬਾ ਹੈ। ਮੇਰੇ ਵਰਗੇ ਅਠਾਰਾਂ ਆਈ.ਜੀ. ਨੇ। ਤਿੰਨ ਚਾਰ ਨੂੰ ਛੱਡ ਕੇ ਬਾਕੀ ਸਭ ਖੁੱਡੇ ਲਾਈਨ ਲੱਗੇ ਹੋਏ ਹਨ। ਹਰ ਕੋਈ ਫੀਲਡ ਵਿਚ ਆਉਣਾ ਚਾਹੁੰਦਾ ਹੈ। ਮੌਕਾ ਭਾਲਦੇ ਰਹਿੰਦੇ ਹਨ, ਕਦੋਂ ਕੋਈ ਗ਼ਲਤੀ ਕਰੇ ਅਤੇ ਉਹ ਉਸਦੀ ਕੁਰਸੀ ਹਥਿਆਏ। ਭਰਾਵਾ ਮੈਂ ਕੋਈ ਜੋਖ਼ਮ ਨਹੀਂ ਉਠਾਉਣਾ। ਜਾਣ-ਬੁਝ ਕੇ ਗ਼ਲਤੀ ਨਹੀਂ ਕਰਨੀ। ਜੇ ਉਹ ਤੇਰੇ ਮਿੱਤਰ ਹਨ, ਆਪਾਂ ਰਕਮ ਵਾਪਸ ਕਰ ਦਿੰਦੇ ਹਾਂ। ਮੈਂ ਮੁੱਖ-ਮੰਤਰੀ ਨੂੰ ਨਰਾਜ਼ ਨਹੀਂ ਕਰ ਸਕਦਾ।"

"ਇਡੀ ਘਬਰਾਹਟ ਵਾਲੀ ਕਿਹੜੀ ਗੱਲ ਹੈ। ਰਕਮ ਵਾਪਸ ਕਿਉਂ ਕਰਨੀ ਹੈ? ਆਪਣੇ ਕਿਹੜਾ ਉਹ ਸਾਲੇ ਲਗਦੇ ਹਨ। ਵਿਉਪਾਰੀ ਹਨ। ਚੀਜ਼ ਖਰੀਦ ਰਹੇ ਹਨ। ਲੋੜ ਪਈ ਤਾਂ ਆਏ ਹਨ। ਮੈਂ ਆਪੇ ਉਨ੍ਹਾਂ ਨੂੰ ਚੁੱਪ ਕਰਵਾ ਦੇਵਾਂਗਾ। ਕੋਈ ਰਿਸਕ ਲੈਣ ਦੀ ਜ਼ਰੂਰਤ ਨਹੀਂ।"

"ਮੇਰੀ ਤੁਹਾਨੂੰ ਇਕ ਨਿਜੀ ਰਾਏ ਹੈ। ਤੁਸੀਂ ਇਸ ਕੰਮ ਵਿਚੋਂ ਆਪਣਾ ਹੱਥ ਖਿੱਚ ਲਵੋ। ਬਹੁਤਾ ਜੱਗਰ ਹੋ ਕੇ ਕੰਮ ਨਾ ਕਰੋ। ਸਾਡੀ ਧੂਹ ਘੜੀਸ ਇਸੇ ਤਰ੍ਹਾਂ ਹੁੰਦੀ ਰਹਿੰਦੀ ਹੈ। ਤੁਹਾਡਾ ਜ਼ਿਆਦਾ ਨੁਕਸਾਨ ਹੋ ਜਾਣਾ ਹੈ। ਹਾਈ ਕੋਰਟ ਜਾਣ ਵਾਲੇ ਹੋ।"

ਆਈ.ਜੀ. ਦੇ ਇਸ ਸੁਝਾਅ 'ਤੇ ਪ੍ਰਤਾਪ ਸਿੰਘ ਨੂੰ ਲੱਗਾ, ਜਿਵੇਂ ਉਸਦਾ ਨਾਂ ਸ਼ਿਕਾਇਤ ਵਿਚ ਬੋਲ ਰਿਹਾ ਸੀ। ਆਈ.ਜੀ. ਜਾਣ-ਬੁਝ ਕੇ ਪ੍ਰਤਾਪ ਸਿੰਘ ਤੋਂ ਲੁਕਾ ਰਿਹਾ ਸੀ।

"ਕਿਧਰੇ ਖੁਫ਼ੀਆ ਵਿਭਾਗ ਨੇ ਤਾਂ ਮੁੱਖ-ਮੰਤਰੀ ਦੇ ਕੰਨ ਨਹੀਂ ਭਰੇ? ਉਸ ਬਰਾਂਚ ਤੋਂ ਚੈੱਕ ਕਰਨਾ ਸੀ?"

ਪ੍ਰਤਾਪ ਸਿੰਘ ਬਿਨਾਂ ਕਮਜ਼ੋਰੀ ਦਿਖਾਏ ਤੈਅ ਤਕ ਜਾਣਾ ਚਾਹੁੰਦਾ ਸੀ।

"ਉਹ ਸਭ ਮੈਂ ਦੇਖ ਚੁੱਕਾ ਹਾਂ। ਚੁਗਲੀ ਸਾਡੀ ਕਿਸੇ ਬਰਾਂਚ ਵੱਲੋਂ ਨਹੀਂ ਹੋਈ। ਇਤਲਾਹ ਨਿਜੀ ਸੋਮੇ ਤੋਂ ਮਿਲੀ ਹੈ।"

"ਚਲੋ ਮੈਂ ਕੱਢਦਾ ਹਾਂ ਖੁਰਾ। ਤੁਸੀਂ ਧਿਆਨ ਰੱਖਣਾ। ਮੇਰਾ ਕਿਧਰੇ ਨਾਂ ਆਉਂਦਾ ਨਜ਼ਰ ਆਵੇ, ਮੈਨੂੰ ਦੱਸ ਦੇਣਾ। ਮੈਂ ਰੋਕ ਕਰਾਂਗਾ... ਮੈਂ ਪਾਰਟੀ ਨੂੰ ਸਮਝਾ ਦਿੰਦਾ ਹਾਂ। ਉਹ ਮੁੱਖ-ਮੰਤਰੀ ਨੂੰ ਸ਼ਾਂਤ ਕਰੇ।"

ਦੋਹਾਂ ਮਿੱਤਰਾਂ ਨੇ ਇਕ ਦੂਜੇ ਦੇ ਬਚਾਅ ਦਾ ਭਰੋਸਾ ਦਿਵਾਇਆ।

ਪ੍ਰਤਾਪ ਸਿੰਘ ਨੇ ਆਈ.ਜੀ. ਕੋਲੋਂ ਜੋ ਸਾਫ਼-ਸਾਫ਼ ਸੁਣਿਆ ਸੀ, ਉਸਨੂੰ ਇਸ਼ਾਰਿਆਂ

ਦੀ ਪਾਨ ਚੜ੍ਹਾ ਕੇ ਪੰਕਜ ਨੂੰ ਸੁਣਾ ਦਿੱਤਾ।

"ਕਿਸੇ ਭੇਤੀ ਨੇ ਭੇਤ ਬਾਹਰ ਕੱਢ ਦਿੱਤਾ ਹੈ। ਹੁਣ ਸਿਆਸੀ ਪਹੁੰਚ ਦੀ ਜ਼ਰੂਰਤ ਹੈ। ਸੈਂਟਰ ਵਿਚੋਂ ਫ਼ੋਨ ਖੜਕ ਰਹੇ ਹਨ। ਮੁੱਖ-ਮੰਤਰੀ ਉਪਰ ਸਿਆਸੀ ਦਬਾਅ ਪੈ ਰਿਹਾ ਹੈ। ਉਹ ਆਈ.ਜੀ. ਉਪਰ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰਨ ਦਾ ਦਬਾਅ ਪਾ ਰਿਹਾ ਹੈ। ਆਈ.ਜੀ. ਪਾਣੀ ਨੂੰ ਦੁੱਧ ਕਿਸ ਤਰ੍ਹਾਂ ਬਣਾ ਦੇਵੇ। ਆਪਣੀ ਲਿਹਾਜ਼ ਕਾਰਨ ਉਸਨੇ ਮਾਮਲਾ ਲਟਕਾ ਦਿੱਤਾ ਹੈ। ਤੁਸੀਂ ਮੁੱਖ-ਮੰਤਰੀ ਨੂੰ ਠੰਡਾ ਕਰੋ। ਉਹ ਦੋਬਾਰਾ ਮਿਸਲ ਮੰਗਵਾ ਕੇ ਆਪਣਾ ਕੰਮ ਕਰ ਦੇਵੇਗਾ।"

ਆਈ.ਜੀ. ਦੀ ਮਜਬੂਰੀ ਦੱਸ ਕੇ ਪ੍ਰਤਾਪ ਸਿੰਘ ਉਨ੍ਹਾਂ ਨੂੰ ਆਪਣੇ ਬਾਰੇ ਚੌਕਸ ਕਰਨ ਲੱਗਾ :

"ਦੋਹੇਂ ਧਿਰਾਂ ਇਕੋ ਪਰਿਵਾਰ ਦੀਆਂ ਮੈਂਬਰ ਹਨ। ਰਿਸ਼ਤੇਦਾਰ ਅਤੇ ਭਾਈਚਾਰਾ ਸਾਂਝਾ ਹੈ। ਆਈ.ਜੀ. ਦਾ ਅਨੁਮਾਨ ਹੈ ਕਿ ਤੁਹਾਡਾ ਹਮਦਰਦ ਬਣਿਆ ਫਿਰਦਾ ਕੋਈ ਬੰਦਾ ਦੂਜੀ ਧਿਰ ਨੂੰ ਸੂਹ ਦੇ ਰਿਹਾ ਹੈ। ਜਿਹੜੀ ਗੱਲ ਤੇਰੇ ਅਤੇ ਮੇਰੇ ਵਿਚਕਾਰ ਹੋਈ ਉਹ ਮੁੱਖ-ਮੰਤਰੀ ਤਕ ਕਿਸ ਤਰ੍ਹਾਂ ਪੁੱਜ ਗਈ? ਇਸ ਗੱਲ ਨੂੰ ਗਹਿਰਾਈ ਨਾਲ ਸੋਚੋ। ਕਿਧਰੇ ਮੇਰੀ ਪੱਗ ਨੂੰ ਹੱਥ ਨਾ ਪੈ ਜਾਏ। ਅੱਗੋਂ ਤੋਂ ਮੇਰੇ ਨਾਲ ਘੱਟੋ-ਘੱਟ ਸੰਪਰਕ ਕਰੋ। ਫ਼ੋਨ ਬਿਲਕੁਲ ਨਾ ਕਰੋ। ਪਤਾ ਨਹੀਂ ਕਦੋਂ ਕੋਈ ਗੱਲ-ਬਾਤ ਟੇਪ ਕਰ ਲਏ। ਕੋਈ ਲੋੜ ਪਏ, ਵਾਸੂਦੇਵਾ ਨਾਲ ਫ਼ੋਨ ਕਰ ਲੈਣਾ। ਉਹ ਆਪੇ ਮੇਰੇ ਨਾਲ ਸੰਪਰਕ ਕਰ ਲਏਗਾ। ਮੇਰਾ ਨਾਂ ਵਿਚ ਆ ਗਿਆ, ਥੋੜੇ ਹਾਈ ਕੋਰਟ ਦੇ ਸਾਰੇ ਕੰਮ ਵਿਚ ਰਹਿ ਜਾਣਗੇ।... ਘਰ ਦਾ ਭੇਤੀ ਲੱਭੋ। ਸਭ ਮਸਲੇ ਹੱਲ ਹੋ ਜਾਣਗੇ।"

"ਸਰ ਤੁਹਾਡੀ ਬਹੁਤ ਪਹੁੰਚ ਹੈ। ਕੋਈ ਮੁੱਖ-ਮੰਤਰੀ ਦਾ ਠੋਸ ਬੰਦਾ ਲੱਭ ਦਿਓ।"

ਪੰਕਜ ਪ੍ਰਤਾਪ ਸਿੰਘ ਦੀ ਭਰਪੂਰ ਵਾਕਫ਼ੀਅਤ ਦਾ ਫ਼ਾਇਦਾ ਉਠਾਉਣਾ ਚਾਹੁੰਦਾ ਸੀ।

"ਮੇਰੀ ਜਾਣ-ਪਹਿਚਾਣ ਅਫ਼ਸਰਾਂ ਨਾਲ ਹੈ। ਉਨ੍ਹਾਂ ਕੋਲੋਂ ਜੋ ਮਰਜ਼ੀ ਕਰਵਾ ਲਵਾਂ। ਅਫ਼ਸਰ ਧੁਰ ਤਕ ਪੁੱਗਦੇ ਹਨ। ਸਿਆਸੀ ਬੰਦਿਆਂ ਦਾ ਕੋਈ ਭਰੋਸਾ ਨਹੀਂ। ਅੱਜ ਇਕ ਦੀ ਝੋਲੀ, ਕੱਲ੍ਹ ਨੂੰ ਦੂਜੇ ਦੀ। ਦੋਹਾਂ ਧਿਰਾਂ ਤੋਂ ਪੈਸੇ ਲੈ ਲੈਂਦੇ ਹਨ। ਆਪਣੇ 'ਤੇ ਬਣਦੀ ਨਜ਼ਰ ਆਵੇ, ਪਾਣੀ ਅਫ਼ਸਰਾਂ ਵੱਲ ਰੋੜ੍ਹ ਦਿੰਦੇ ਹਨ। ਜਦੋਂ ਇਹ ਗੱਦੀਉਂ ਲਹਿੰਦੇ ਹਨ, ਸੌ ਸੌ ਸਕੈਂਡਲਾਂ ਵਿਚ ਫਸਦੇ ਹਨ। ਸਿਆਸੀ ਲੋਕ ਆਪਸ ਵਿਚ ਇਕ-ਮਿੱਕ ਹੋ ਜਾਂਦੇ ਹਨ। ਅਫ਼ਸਰ ਮੁਕੱਦਮੇ ਭੁਗਤਦੇ ਮਰ ਜਾਂਦੇ ਹਨ। ਤੁਹਾਡਾ ਮਸਲਾ ਟੇਢਾ ਹੈ। ਸਿਆਸੀ ਬੰਦਿਆਂ ਤੋਂ ਕੰਮ ਸਿਆਸੀ ਬੰਦਿਆਂ ਰਾਹੀਂ ਲਓ। ਕੋਈ ਮੇਰਾ ਦਾਅ ਲੱਗਿਆ, ਮੈਂ ਤੁਹਾਨੂੰ ਫ਼ੋਨ ਕਰਕੇ ਦੱਸ ਦਿਆਂਗਾ।"

ਪ੍ਰਤਾਪ ਸਿੰਘ ਪੰਕਜ ਹੋਰਾਂ ਦੀ ਪਹੁੰਚ ਮੁੱਖ ਮੰਤਰੀ ਤਕ ਕਰਵਾ ਸਕਦਾ ਸੀ, ਪਰ ਹੋਈ ਸ਼ਿਕਾਇਤ ਤੋਂ ਘਬਰਾ ਰਿਹਾ ਸੀ। ਆਪਣੇ ਮਨ ਅੰਦਰ ਉਹ ਸੁੱਖਾਂ ਸੁੱਖ ਰਿਹਾ ਸੀ। ਇਸ ਵਾਰ ਬੇ-ਦਾਗ਼ ਉਹ ਇਸ ਸਿਆਪੇ ਵਿਚੋਂ ਨਿਕਲ ਜਾਵੇ। ਅੱਗੋਂ ਤੋਂ ਉਹ ਤਰੱਕੀ ਹੋਣ ਤਕ ਕਿਸੇ ਗਿੱਲੇ ਗੋਹੇ ਉਪਰ ਪੈਰ ਨਹੀਂ ਰੱਖੇਗਾ। ਨਵੀਂ ਮੁਸੀਬਤ ਗਲ ਪਾਉਣ ਦਾ ਸਵਾਲ ਹੀ ਨਹੀਂ ਸੀ।

ਪੰਕਜ ਹੁਣ ਉਸ ਲਈ ਵੈਸੇ ਵੀ ਅੰਬ ਦੀ ਚੂਸੀ ਗਿਟਕ ਵਾਂਗ ਸੀ। ਪ੍ਰਤਾਪ ਸਿੰਘ ਆਪਣੀ ਪੱਗ ਬਚਾ ਕੇ ਉਸਦੀ ਜਿੰਨੀ ਮਦਦ ਕਰ ਸਕਦਾ ਸੀ, ਕਰ ਚੁੱਕਾ ਸੀ। ਚੰਗੇ



ਪੈਸੇ ਹੱਥ ਲੱਗ ਚੁੱਕੇ ਸਨ। ਅਫ਼ਸਰਾਂ ਨਾਲ ਲੈਣ-ਦੇਣ ਕਰਾਉਣ ਦਾ ਇਹੋ ਫ਼ਾਇਦਾ ਸੀ। ਜੋ ਦਿੱਤਾ, ਫੜ ਕੇ ਰੱਖ ਲਿਆ। ਕੋਈ ਪੁੱਛ ਪੜਤਾਲ ਨਹੀਂ, ਕਿੰਨਾ ਲਿਆ, ਕਿਸ ਰਾਹੀਂ ਲਿਆ। ਕੰਮ ਹੋਇਆ, ਸਭ ਹਜ਼ਮ।

ਪ੍ਰਤਾਪ ਸਿੰਘ ਦੀ ਹਾਈ ਕੋਰਟ ਤਕ ਪਹੁੰਚ ਸੀ ਜਾਂ ਪੁਲਿਸ ਤੱਕ। ਉਹ ਦੋਹੀਂ ਥਾਈਂ ਹੱਥ-ਪੈਰ ਮਾਰ ਚੁੱਕਾ ਸੀ। ਹੋਰ ਕਿਧਰੇ ਵਿਚੋਲਗੀ ਦੀ ਗੁੰਜਾਇਸ਼ ਨਹੀਂ ਸੀ।

ਕਿਧਰੇ ਹੋਵੇ ਵੀ ਉਸਨੇ ਤਾਂ ਵੀ ਨਹੀਂ ਸੀ ਕਰਨੀ। ਲਾਲਚ ਬੁਰੀ ਬਲਾ ਹੈ।

ਇਹੋ ਸੋਚ ਕੇ ਪ੍ਰਤਾਪ ਸਿੰਘ ਨੇ ਪੰਕਜ ਹੋਰਾਂ ਨਾਲ ਆਖ਼ਰੀ ਵਾਰ ਹੱਥ ਮਿਲਾਇਆ।

## -46-

ਮੁੱਖ-ਮੰਤਰੀ ਤਕ ਪਹੁੰਚ ਕਰਨੀ ਔਖੀ ਨਹੀਂ ਸੀ। ਸਮੱਸਿਆ ਸੀ, ਘਰ ਦੇ ਭੇਤ ਬਾਹਰ ਜਾਣ ਦੀ। ਲੰਕਾ ਢਾਹੁਣ ਵਾਲੇ ਭਵੀਸ਼ਣ ਦੀ।

ਇਹ ਸਮੱਸਿਆ ਨਵੀਂ ਨਹੀਂ ਸੀ। ਪਹਿਲੇ ਦਿਨ ਤੋਂ ਪੇਸ਼ ਆ ਰਹੀ ਸੀ। ਪਹਿਲਾਂ ਮੇਲੂ ਰਾਹੀਂ ਕਪਤਾਨ ਨਾਲ ਹੋਏ ਸੰਪਰਕ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ। ਹੁਣ ਆਈ.ਜੀ. ਨਾਲ ਪੱਕੀ ਖਿਚੜੀ ਜ਼ਾਹਰ ਹੋ ਗਈ। ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਉਨ੍ਹਾਂ ਦਾ ਖ਼ਰਚਾ ਵੀ ਕਰੋੜਾਂ ਤਕ ਪੁੱਜ ਜਾਣਾ ਸੀ ਅਤੇ ਉਨ੍ਹਾਂ ਨੂੰ ਕੈਦ ਵੀ ਕੱਟਣੀ ਪੈਣੀ ਸੀ।

ਸਭ ਤੋਂ ਪਹਿਲਾਂ ਘਰ ਦੇ ਭੇਤੀ ਦਾ ਖੁਰਾ ਖੋਜਣਾ ਜ਼ਰੂਰੀ ਸੀ।

ਪੰਕਜ ਨਾ ਕਿਸੇ ਸਾਂਝੇ ਦੋਸਤ ਦੀ ਮਦਦ ਲੈ ਰਿਹਾ ਸੀ, ਨਾ ਕਿਸੇ ਸਾਂਝੇ ਰਿਸ਼ਤੇਦਾਰ ਦੀ। ਸਾਰੀ ਕਾਰਵਾਈ ਦੌਰਾਨ ਉਸ ਨਾਲ ਅਜੇ ਰਿਹਾ ਸੀ ਜਾਂ ਵਿਨੇ। ਉਹ ਉਸਦੇ ਆਪਣੇ ਦੋਸਤ ਸਨ। ਵੇਦ ਜਾਂ ਕਮਲ ਦਾ ਉਹ ਪਹਿਲਾਂ ਨਾਂ ਤਕ ਨਹੀਂ ਸਨ ਜਾਣਦੇ। ਸਤੀਸ਼ ਉਸਦਾ ਸਕਾ ਸਾਲਾ ਸੀ। ਉਸਨੂੰ ਜੀਜਾ ਪਿਆਰਾ ਸੀ ਜਾਂ ਜੀਜੇ ਦੇ ਦੁਸ਼ਮਣ।

ਪੰਕਜ ਦੇ ਸਭ ਸਮਰਥਕ ਵਿਉਪਾਰੀ ਸਨ। ਵਿਉਪਾਰ ਵਿਚ ਕਰੋੜਾਂ ਦੇ ਕਾਰੋਬਾਰ ਦੋ ਨੰਬਰ ਵਿਚ ਹੁੰਦੇ ਹਨ। ਕਾਮਯਾਬ ਵਿਉਪਾਰੀ ਉਹੋ ਹੈ, ਜੋ ਕਰੋੜਾਂ ਦੀ ਕਾਂਪ ਤਾਂ ਝੱਲ ਜਾਵੇ, ਪਰ ਭੇਤ ਬਾਹਰ ਨਾ ਕੱਢੇ।

ਸ਼ੱਕ ਦੀ ਦੂਸਰੀ ਸੂਈ ਸਿੰਗਲੇ ਵੱਲ ਮੁੜਦੀ ਸੀ।

ਸਿੰਗਲਾ ਪੰਕਜ ਦੇ ਪਰਿਵਾਰਕ ਘੇਰੇ ਵਿਚੋਂ ਨਹੀਂ ਸੀ। ਨਾ ਉਹ ਘਾਟੇ-ਵਾਧੇ ਹਜ਼ਮ ਕਰਨ ਵਾਲਾ ਵਿਉਪਾਰੀ ਸੀ।

ਪਰ ਉਹ ਵਕੀਲ ਸੀ। ਵਕੀਲਾਂ ਨੂੰ ਆਪਣੇ ਸਾਇਲਾਂ ਦੇ ਹਰ ਚੰਗੇ ਮਾੜੇ ਕੰਮ ਦਾ ਪਤਾ ਹੁੰਦਾ ਹੈ। ਵਕੀਲ ਨੂੰ ਸਾਇਲ ਦੇ ਸਾਰੇ ਭੇਤ ਆਪਣੀ ਹਿੱਕ ਵਿਚ ਦਫ਼ਨ ਰੱਖਣੇ ਪੈਂਦੇ ਹਨ। ਇਕ ਵਕੀਲ ਦਾ ਹਾਜ਼ਮਾ ਵੀ ਕਮਜ਼ੋਰ ਨਹੀਂ ਹੋ ਸਕਦਾ।

ਫੇਰ ਗੱਲ ਨਿਕਲੀ ਕਿਥੋਂ?

ਸਮੱਸਿਆ ਸਦਾ ਸਦਾ ਲਈ ਹੱਲ ਹੋਣੀ ਚਾਹੀਦੀ ਸੀ। ਜੇ ਸਿੰਗਲੇ 'ਤੇ ਸ਼ੱਕ ਸੀ ਤਾਂ ਦੂਰ ਕਰ ਲੈਣਾ ਚਾਹੀਦਾ ਸੀ। ਵਕੀਲ ਨਾਲ ਉਨ੍ਹਾਂ ਨੂੰ ਹਰ ਪੜਾਅ 'ਤੇ ਰਾਏ ਮਸ਼ਵਰਾ ਕਰਨਾ ਪੈਣਾ ਸੀ। ਵਕੀਲ ਕੋਲੋਂ ਭੇਤ ਛੁਪਾ ਕੇ ਮੁਕੱਦਮਾ ਨਹੀਂ ਜਿੱਤਿਆ ਜਾ ਸਕਦਾ।

ਜੇ ਕਸੂਰਵਾਰ ਹੋਇਆ ਆਪੇ ਪੈਰਵਾਈ ਛੱਡ ਜਾਏਗਾ। ਅਣਗਹਿਲੀ ਕਰਦਾ ਹੋਇਆ ਅੱਗੋਂ ਤੋਂ ਸਾਵਧਾਨ ਹੋ ਜਾਏਗਾ। ਬੇ-ਕਸੂਰ ਹੋਇਆ ਸਪੱਸ਼ਟੀਕਰਨ ਦੇਵੇਗਾ।

"ਨਾ ਕਾਨੂੰਨ ਵਕੀਲ ਨੂੰ ਆਪਣੇ ਸਾਇਲ ਦੇ ਭੇਤ ਬਾਹਰ ਕੱਢਣ ਦੀ ਇਜਾਜ਼ਤ ਦਿੰਦਾ ਹੈ, ਨਾ ਇਖ਼ਲਾਕ। ਵਿਰੋਧੀ ਧਿਰ ਨਾਲ ਸਾਜ਼-ਬਾਜ਼ ਕਰਨ ਦੀ ਜੁਅਰਤ ਉਹੋ ਵਕੀਲ ਕਰ ਸਕਦਾ ਹੈ ਜਿਸਨੇ ਵਕਾਲਤ ਨੂੰ ਤਲਾਕ ਦੇਣਾ ਹੋਵੇ। ਵਕੀਲ ਦੇ ਹੋਰ ਸਭ ਕਸੂਰ ਮੁਆਫ਼ ਹੋ ਸਕਦੇ ਹਨ, ਪਰ ਵਿਰੋਧੀ ਧਿਰ ਨਾਲ ਮਿਲਣ ਵਾਲਾ ਕਾਲਾ ਟਿੱਕਾ ਹਮੇਸ਼ਾ ਉਸਦੇ ਮੱਥੇ 'ਤੇ ਚਮਕਦਾ ਰਹਿੰਦਾ ਹੈ। ਮੈਂ ਹਾਲੇ ਬਹੁਤ ਮੰਜ਼ਲਾਂ ਤੈਅ ਕਰਨੀਆਂ ਹਨ।"

ਇਸ ਜਵਾਬ ਦੇ ਨਾਲ-ਨਾਲ ਸਿੰਗਲੇ ਨੇ ਇਕ ਸੁਝਾਅ ਵੀ ਦਿੱਤਾ।

"ਡਰਾਈਵਰਾਂ ਤੋਂ ਸਾਵਧਾਨ ਰਹੋ। ਰਸਤਿਆਂ ਵਿਚ ਉਹ ਸਾਰੀ ਗੱਲਬਾਤ ਸੁਣਦੇ ਰਹਿੰਦੇ ਹਨ। ਨਸ਼ੇ ਵਿਚ ਟੁਨ ਹੋ ਕੇ ਸਭ ਕੁਝ ਬਕ ਦਿੰਦੇ ਹਨ। ਮੈਂ ਕਈ ਵਾਰ ਅਜਿਹੇ ਭੇਤ ਡਰਾਈਵਰਾਂ ਕੋਲੋਂ ਕੱਢੇ ਹਨ।"

ਸਿੰਗਲੇ ਨੇ ਇਕ ਵਾਰ ਫੇਰ ਉਨ੍ਹਾਂ ਦਾ ਮਨ ਮੋਹ ਲਿਆ। ਉਸਦਾ ਸ਼ੱਕ ਕਾਫੀ ਹੱਦ ਤਕ ਠੀਕ ਜਾਪਦਾ ਸੀ।

ਪੰਕਜ ਹੋਰਾਂ ਨੇ ਮਤਾ ਪਕਾਇਆ। ਅੱਗੇ ਤੋਂ ਜਦੋਂ ਉਹ ਮੁਕੱਦਮੇ ਦੇ ਸਬੰਧ ਵਿਚ ਬਾਹਰ ਜਾਣਗੇ ਤਾਂ ਗੱਡੀ ਖ਼ੁਦ ਚਲਾਉਣਗੇ।

ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ।

## -47-

ਬਲਾ ਡਰਾਈਵਰ ਗਲ ਪਾ ਕੇ ਸਿੰਗਲੇ ਨੇ ਆਪਣੀ ਧੌਂੜੀ ਜ਼ਰੂਰ ਬਚਾ ਲਈ ਪਰ ਇਸ ਵਾਰ ਭਾਂਬੜ ਸਿੰਗਲੇ ਦੀ ਲਾਈ ਤੀਲੀ ਕਾਰਨ ਨਿਕਲਿਆ ਸੀ। ਇਹ ਦੂਸਰੀ ਗੱਲ ਸੀ ਕਿ ਅੱਗ ਉਸਨੇ ਜਾਣ ਬੁੱਝ ਕੇ ਨਹੀਂ ਸੀ ਲਾਈ।

ਵਿਹਲੇ ਚਾਰ ਵਕੀਲ ਜਦੋਂ ਇਕੱਠੇ ਹੁੰਦੇ ਹਨ ਤਾਂ ਉਨ੍ਹਾਂ ਦੀ ਗੱਲਬਾਤ ਦਾ ਵਿਸ਼ਾ ਨਵੇਂ ਮੁਕੱਦਮਿਆਂ ਨਾਲ ਸਬੰਧਤ ਹੁੰਦਾ ਹੈ। ਕਿਸ ਕੇਸ ਵਿਚ ਕਿਸ ਵਕੀਲ ਨੇ ਕਿੰਨੀ ਠੱਗੀ ਮਾਰੀ? ਕਿਸ ਵਕੀਲ ਨੇ ਕਿਸ ਜੱਜ ਦੇ ਨਾਂ 'ਤੇ ਕਿੰਨੇ ਪੈਸੇ ਖਾਧੇ? ਕਿਸ ਜੱਜ ਨੇ ਕਿਸ ਪਾਰਟੀ ਤੋਂ, ਕਿਸ ਰਾਹੀਂ, ਕਿੰਨੇ ਪੈਸੇ ਲਏ? ਪੁਲਿਸ ਨੇ ਕਿਸ ਦੇ ਆਖੇ ਜ਼ਿਮਨੀਆਂ ਬਦਲੀਆਂ? ਗਵਾਹੀ ਮੁੱਕਰਣ ਦੇ ਕਿੰਨੇ ਪੈਸੇ ਲਏ।

ਇਹੋ ਜਿਹੀ ਇਕ ਗੱਪ-ਸ਼ੱਪ ਦੇ ਦੌਰਾਨ ਪੁਲਿਸ ਕਪਤਾਨ ਦੀ ਈਮਾਨਦਾਰੀ ਦਾ ਕਿੱਸਾ ਛਿੜ ਪਿਆ। ਪੁਲਿਸ ਪੱਖੀ ਇਕ ਵਕੀਲ ਪੁਲਿਸ ਕਪਤਾਨ ਦੀ ਈਮਾਨਦਾਰੀ ਦੇ ਸੋਹਲੇ ਗਾਉਣ ਲੱਗਾ। ਦੂਜਾ ਵਕੀਲ ਕਪਤਾਨ ਵੱਲੋਂ ਮੁੱਖ-ਮੰਤਰੀ ਪਰਿਵਾਰ ਨੂੰ ਜਾਂਦੀ ਮੰਥਲੀ ਦਾ ਵੇਰਵਾ ਦੇਣ ਲੱਗਾ। ਤੀਜਾ ਵਕੀਲ ਕਪਤਾਨ ਵੱਲੋਂ ਮੁਕੱਦਮੇ ਦਰਜ ਕਰਨ ਅਤੇ ਦਰਜ ਮੁਕੱਦਮਿਆਂ ਨੂੰ ਕੈਂਸਲ ਕਰਨ ਲਈ ਵਸੂਲੀ ਜਾਂਦੀ ਰਕਮ ਦੇ ਸਬੂਤ ਦੇਣ ਲੱਗਾ।

ਕਪਤਾਨ ਪੱਖੀ ਵਕੀਲ ਦੀ ਦਲੀਲ ਨੂੰ ਕਾਟ ਦੇਣ ਲਈ ਸਿੰਗਲੇ ਨੇ ਠੋਸ ਸਬੂਤ ਵਜੋਂ ਇਸ ਮੁਕੱਦਮੇ ਦੇ ਤੱਥ ਪੇਸ਼ ਕਰ ਦਿੱਤੇ।

ਕਪਤਾਨ ਪੱਖੀ ਵਕੀਲ ਕੰਨ ਝਾੜ ਕੇ ਤੁਰ ਗਿਆ।

ਪਰ ਬਘੇਲ ਸਿੰਘ ਪੱਖੀ ਇਕ ਵਕੀਲ ਨੇ ਇਹ ਗੱਲ ਆਪਣੇ ਕੰਨ ਵਿਚ ਪਾ ਲਈ।



ਵਕੀਲ ਅਤੇ ਵਿਧਾਇਕ ਕਈ ਦਿਨਾਂ ਤੋਂ ਕਿਸੇ ਠੋਸ ਸਬੂਤ ਦੀ ਤਲਾਸ਼ ਵਿਚ ਸਨ। ਵਿਧਾਇਕ ਦੀ ਕਪਤਾਨ ਵਿਰੁਧ ਸ਼ਿਕਾਇਤ ਦੀ ਸੁਣਵਾਈ ਨਹੀਂ ਸੀ ਹੋ ਰਹੀ। ਮੁੱਖ-ਮੰਤਰੀ ਵੱਲੋਂ ਠੋਸ ਸਬੂਤ ਦੀ ਮੰਗ ਕੀਤੀ ਜਾ ਰਹੀ ਸੀ। ਹੁਣ ਕਪਤਾਨ ਅੜਿੱਕੇ ਆਇਆ ਸੀ।

ਵਕੀਲ ਤੁਰੰਤ ਵਿਧਾਇਕ ਦੀ ਕੋਠੀ ਜਾ ਵੱਜਾ। ਕਪਤਾਨ ਤੋਂ ਬਦਲਾ ਲੈਣ ਦਾ ਇਹ ਵਧੀਆ ਮੌਕਾ ਸੀ।

ਵਕੀਲ ਦਾ ਇਕ ਰਿਸ਼ਤੇਦਾਰ ਪੁਲਿਸ ਨੇ ਇਕ ਝੂਠੇ ਕੇਸ ਵਿਚ ਫ਼ਸਾ ਰੱਖਿਆ ਸੀ। ਉਸਦੇ ਰਿਸ਼ਤੇਦਾਰ ਦਾ ਇਹ ਕਸੂਰ ਸੀ ਕਿ ਉਸਨੇ ਬੈਅ-ਨਾਮੇ ਉਪਰ ਗਵਾਹੀ ਪਾਈ ਸੀ। ਗਵਾਹੀ ਉਸਨੇ ਠੀਕ ਪਾਈ ਸੀ। ਪਲਾਟ ਵੇਚਣ ਵਾਲਾ ਉਸਦਾ ਦੋਸਤ ਸੀ। ਉਸਨੇ ਆਪਣੇ ਦੋਸਤ ਦੀ ਸ਼ਨਾਖ਼ਤ ਕੀਤੀ ਸੀ। ਦੋਸਤ ਕੋਲ ਮਾਲਕ ਵੱਲੋਂ ਉਸਦੇ ਹੱਕ ਵਿਚ ਦਿੱਤਾ ਮੁਖ਼ਤਿਆਰ-ਨਾਮਾ ਸੀ। ਉਸ ਮੁਖਤਿਆਰ-ਨਾਮੇ ਦੀ ਨਕਲ ਸਬੂਤ ਵਜੋਂ ਬੈਅ-ਨਾਮੇ ਨਾਲ ਲਾਈ ਗਈ ਸੀ। ਪਿਛੋਂ ਪਤਾ ਲੱਗਾ ਉਹ ਮੁਖ਼ਤਿਆਰ-ਨਾਮਾ ਜਾਅਲੀ ਸੀ। ਇਸ ਵਿਚ ਗਵਾਹ ਦਾ ਕੀ ਕਸੂਰ ਸੀ। ਨਾ ਕਾਨੂੰਨੀ ਤੌਰ 'ਤੇ ਉਹ ਮੁਲਜ਼ਮ ਬਣਦਾ ਸੀ। ਨਾ ਅਸਲ ਵਿਚ ਉਸਨੂੰ ਇਸ ਜਾਅਲ-ਸਾਜ਼ੀ ਬਾਰੇ ਪਤਾ ਸੀ। ਵਕੀਲ ਵਿਧਾਇਕ 'ਤੇ ਜ਼ੋਰ ਪਾ ਰਿਹਾ ਸੀ। ਉਹ ਕਪਤਾਨ ਨੂੰ ਆਖ ਕੇ ਉਸਦੇ ਰਿਸ਼ਤੇਦਾਰ ਨੂੰ ਬੇ-ਕਸੂਰ ਕਰਾਰ ਦਿਵਾਏ। ਵਿਧਾਇਕ ਕਈ ਵਾਰ ਸਿਫ਼ਾਰਸ਼ ਕਰ ਚੁੱਕਾ ਸੀ ਪਰ ਕਪਤਾਨ ਟਾਲਮਟੋਲ ਕਰ ਰਿਹਾ ਸੀ।

ਵਕੀਲ ਨੂੰ ਕਪਤਾਨ 'ਤੇ ਵੱਧ ਗੁੱਸਾ ਇਸ ਲਈ ਸੀ ਕਿ ਪੁਲਿਸ ਬੈਅ-ਨਾਮੇ ਦੇ ਦੂਜੇ ਗਵਾਹ ਨੂੰ ਬੇ-ਕਸੂਰ ਕਰਾਰ ਦੇਈ ਬੈਠੀ ਸੀ। ਮੁਖਤਿਆਰ-ਨਾਮੇ ਦੇ ਗਵਾਹਾਂ ਨੂੰ ਪੁਲਿਸ ਨੇ ਬੁਲਾਇਆ ਤਕ ਨਹੀਂ ਸੀ। ਹਾਲਾਂਕਿ ਗ਼ਲਤ ਬੰਦੇ ਨੂੰ ਤਸਦੀਕ ਕਰਕੇ ਜਾਅਲੀ ਮੁਖਤਿਆਰ-ਨਾਮਾ ਤਿਆਰ ਕਰਾਉਣ ਵਿਚ ਉਨ੍ਹਾਂ ਦਾ ਹੱਥ ਸੀ।

ਵਕੀਲ ਨੂੰ ਬਘੇਲ ਸਿੰਘ 'ਤੇ ਗੁੱਸਾ ਸੀ। ਉਹ ਪੂਰਾ ਜ਼ੋਰ ਨਹੀਂ ਸੀ ਲਾਉਂਦਾ। ਵਿਧਾਇਕ ਨੂੰ ਕਪਤਾਨ 'ਤੇ ਗੁੱਸਾ ਸੀ। ਉਹ ਉਸਦਾ ਜਾਇਜ਼ ਕੰਮ ਵੀ ਨਹੀਂ ਕਰਦਾ।

ਕਪਤਾਨ ਨਾਲ ਕਿੜ ਕੱਢਣ ਦਾ ਇਹ ਵਧੀਆ ਮੌਕਾ ਸੀ।

ਵੈਸੇ ਵੀ ਇਹ ਪਾਰਟੀ ਮੋਟੀ ਸੀ। ਅਫ਼ਸਰ ਝੋਲੀਆਂ ਭਰ ਰਹੇ ਸਨ। ਉਹ ਟੰਗ ਅੜਾਉਣਗੇ ਤਾਂ ਭੇਲੀ ਵਿਚੋਂ ਕੋਈ ਰੋੜੀ ਉਨ੍ਹਾਂ ਦੇ ਹੱਥ ਵੀ ਲਗ ਸਕਦੀ ਸੀ।

ਬਹਾਨਾ ਲੱਭਦੇ ਹੀ ਵਿਧਾਇਕ ਅਤੇ ਵਕੀਲ ਚੰਡੀਗੜ੍ਹ ਦੇ ਰਾਹ ਪੈ ਗਏ। ਜਾਂਦੇ ਹੋਏ ਉਨ੍ਹਾਂ ਖ਼ਬਰਾਂ ਦੀਆਂ ਕਾਤਰਾਂ ਵੀ ਨਾਲ ਲੈ ਲਈਆਂ ਜਿਨ੍ਹਾਂ ਵਿਚ ਸਰਕਾਰੀ ਵਕੀਲ ਅਤੇ ਥਾਣੇਦਾਰ ਦੇ ਮੁਲਜ਼ਮ ਧਿਰ ਨਾਲ ਸਾਜ਼-ਬਾਜ਼ ਹੋਣ ਦੀਆਂ ਖ਼ਬਰਾਂ ਛਪੀਆਂ ਸਨ।

ਮੁੱਖ-ਮੰਤਰੀ ਕੁਝ ਮਿੰਟ ਪਹਿਲਾਂ ਕੋਠੀਉਂ ਨਿਕਲ ਚੁੱਕਾ ਸੀ। ਉਹ ਉਸਨੂੰ ਮਿਲਣੋ ਰਹਿ ਗਏ।

ਮੁੱਖ-ਮੰਤਰੀ ਦਾ ਸਿਆਸੀ ਸਕੱਤਰ ਵਿਧਾਇਕ ਦਾ ਯਾਰ ਸੀ। ਵਿਧਾਇਕ ਨੇ ਸਕੱਤਰ ਨੂੰ ਸਾਰੀ ਕਹਾਣੀ ਸਮਝਾਈ। ਕਪਤਾਨ ਦੇ ਮੋਟੀ ਰਕਮ ਲੈਣ ਬਾਰੇ ਖ਼ਬਰ ਪੱਕੀ ਸੀ। 'ਡੀ.ਆਈ.ਜੀ. ਨੇ ਦਸ ਲੱਖ ਲਿਆ ਹੈ' ਇਹ ਚਰਚਾ ਆਮ ਸੀ। ਸਕੱਤਰ ਨੇ ਜੇ ਥੋੜ੍ਹਾ ਜਿਹਾ ਝਟਕਾ ਦੇ ਦਿੱਤਾ, ਪਾਰਟੀ ਨੇ ਚੰਗੀ ਰਕਮ ਦੇ ਦੇਣੀ ਸੀ।

ਸਕੱਤਰ ਨੇ ਬਘੇਲ ਸਿੰਘ ਦੇ ਸਾਹਮਣੇ ਹੀ ਕਪਤਾਨ ਤੋਂ ਕੇਸ ਦੀ ਤਾਜ਼ਾ ਸਥਿਤੀ

ਬਾਰੇ ਪੁੱਛ ਲਿਆ। ਨਾਲ ਹੁੰਦੀ ਚਰਚਾ ਬਾਰੇ ਸੁਣਾ ਦਿੱਤਾ।

ਕਪਤਾਨ ਨੇ ਦੱਸਿਆ ਮਿਸਲ ਆਈ.ਜੀ. ਕਰਾਈਮ ਕੋਲ ਆਈ ਹੋਈ ਸੀ। ਇਹ ਵੀ ਪਤਾ ਲੱਗਾ ਦੋਸ਼ੀਆਂ ਨੇ ਆਪਣੇ ਬੇ-ਕਸੂਰ ਹੋਣ ਬਾਰੇ ਦਰਖ਼ਾਸਤ ਦਿੱਤੀ ਸੀ। ਆਈ.ਜੀ. ਉਸੇ ਦੀ ਪੜਤਾਲ ਕਰ ਰਿਹਾ ਸੀ।

ਆਈ.ਜੀ. ਕੋਲ ਆਈ ਮਿਸਲ ਦਾ ਮਤਲਬ ਸੀ ਦੋਸ਼ੀਆਂ ਦਾ ਬੇ-ਕਸੂਰ ਸਾਬਤ ਹੋਣਾ। ਸਕੱਤਰ ਨੂੰ ਆਈ.ਜੀ. ਦੀਆਂ ਸਾਰੀਆਂ ਕਾਰਵਾਈਆਂ ਦਾ ਪਤਾ ਸੀ। ਉਹ ਨੋਟਾਂ ਦੇ ਬੋਰੇ ਭਰ ਰਿਹਾ ਸੀ। ਪਹਿਲਾਂ ਉਹ ਕਦੇ ਸਕੱਤਰ ਦੇ ਲੋਟ ਨਹੀਂ ਸੀ ਆਇਆ। ਹੁਣ ਦਬਕਾ ਮਾਰਿਆ ਜਾ ਸਕਦਾ ਸੀ।

ਸਿਆਸੀ ਸਕੱਤਰ ਦੀ ਪ੍ਰਿੰਸੀਪਲ ਸੈਕਟਰੀ ਨਾਲ ਇਕੋ ਗੱਲ ਸੀ। ਆਈ.ਜੀ. ਦਾ ਰੈਂਕ ਵੱਡਾ ਸੀ। ਉਸਨੂੰ ਦਬਕਾ ਪ੍ਰਿੰਸੀਪਲ ਸੈਕਟਰੀ ਤੋਂ ਮਰਵਾਇਆ ਗਿਆ। ਦੋ ਲੱਖ ਲਈ ਰਿਸ਼ਵਤ ਦੀ ਕਹਾਣੀ ਕੋਲੋਂ ਘੜੀ ਗਈ।

ਆਈ.ਜੀ. ਕਿਧਰੇ ਸਿੱਧਾ ਮੁੱਖ-ਮੰਤਰੀ ਨੂੰ ਸਪੱਸ਼ਟੀਕਰਨ ਨਾ ਦੇਣ ਲੱਗ ਜਾਏ ਇਸ ਲਈ ਪ੍ਰਿੰਸੀਪਲ ਸੈਕਟਰੀ ਨੇ ਬਘੇਲ ਸਿੰਘ ਦੀ ਸ਼ਿਕਾਇਤ ਮੁੱਖ-ਮੰਤਰੀ ਦੇ ਕੰਨੀਂ ਕੱਢ ਦਿੱਤੀ।

ਬਘੇਲ ਸਿੰਘ ਪਾਰਟੀ ਦੇ ਨਰਾਜ਼ ਧੜੇ ਨਾਲ ਸਬੰਧ ਰੱਖਦਾ ਸੀ। ਇਹ ਧੜਾ ਦਿਨੋ-ਦਿਨ ਭਾਰੂ ਹੁੰਦਾ ਜਾ ਰਿਹਾ ਸੀ। ਧੜੇ ਵਿਚ ਸੰਨ੍ਹ ਲਾਉਣੀ ਜ਼ਰੂਰੀ ਸੀ।

ਵਿਧਾਇਕ ਨੂੰ ਖ਼ੁਸ਼ ਕਰਨ ਲਈ ਮੁੱਖ-ਮੰਤਰੀ ਨੇ ਤੁਰੰਤ ਕਾਰਵਾਈ ਕਰਨ ਦਾ ਹੁਕਮ ਝਾੜ ਦਿੱਤਾ। ਪ੍ਰਿੰਸੀਪਲ ਸੈਕਟਰੀ ਨੂੰ ਸਥਿਤੀ ’ਤੇ ਨਜ਼ਰ ਰੱਖਣ ਅਤੇ ਸਵੇਰੇ ਸ਼ਾਮ ਮੁੱਖ-ਮੰਤਰੀ ਨੂੰ ਸੂਚਿਤ ਕਰਨ ਦੀ ਹਦਾਇਤ ਕਰ ਦਿੱਤੀ।

ਉਨ੍ਹਾਂ ਦੇ ਘੁੱਗੀ ਸੂਤ ਆ ਗਈ। ਆਈ.ਜੀ. ਮੋਕ ਮਾਰ ਗਿਆ।

ਸੀ.ਐਮ. ਹਾਊਸ ਆ ਕੇ ਨਾਲੇ ਸਕੱਤਰਾਂ ਕੋਲ ਹਾਜ਼ਰੀ ਲਗਵਾਈ, ਨਾਲੇ ਮਿੰਨਤ ਤਰਲਾ ਕੀਤਾ। ਅੱਗੋਂ ਤੋਂ ਅੱਧ ਬੋਲ ਕੰਮ ਕਰਨ ਦਾ ਵਾਅਦਾ ਕੀਤਾ।

ਸਿੰਗਲੇ ਦੀ ਇਕ ਫੜ ਕੇ ਰਾਈ ਦਾ ਪਹਾੜ ਬਣਾ ਦਿੱਤਾ।

ਕੇਸ ਪੁਲਿਸ ਦੇ ਹੱਥੋਂ ਨਿਕਲ ਕੇ ਮੁੱਖ ਮੰਤਰੀ ਦੀ ਕੋਠੀ ਪਹੁੰਚ ਗਿਆ।

## -48-

ਪੰਕਜ ਦੇ ਡੈਡੀ ਠੀਕ ਆਖਿਆ ਕਰਦੇ ਸਨ : "ਅਫ਼ਸਰ ਅਤੇ ਨੇਤਾ ਚੰਗੇ ਸਮਿਆਂ ਵਿਚ ਸਾਥ ਦਿੰਦੇ ਹਨ। ਕਦੇ ਭੀੜ ਪੈ ਜਾਵੇ ਤਾਂ ਪੂਛ ਦਬਾ ਕੇ ਭੱਜ ਜਾਂਦੇ ਹਨ।"

ਪੰਕਜ ਹੋਰਾਂ ਨਾਲ ਇਸੇ ਤਰ੍ਹਾਂ ਹੋ ਰਿਹਾ ਸੀ। ਜਿੰਨ੍ਹਾਂ ਅਫ਼ਸਰਾਂ ਦੇ ਉਨ੍ਹਾਂ ਘਰ ਭਰੇ ਸਨ, ਦਿਲ ਖੋਲ੍ਹ ਕੇ ਤੋਹਫ਼ੇ ਦਿੱਤੇ ਸਨ, ਉਹ ਉਨ੍ਹਾਂ ਨੂੰ ਪਛਾਨਣ ਤੋਂ ਮੁਨਕਰ ਹੋ ਰਹੇ ਸਨ। ਜਿਨ੍ਹਾਂ ਨੇਤਾਵਾਂ ਨੂੰ ਉਨ੍ਹਾਂ ਦਿਲ ਖੋਲ੍ਹ ਕੇ ਚੰਦੇ ਦਿੱਤੇ ਸਨ, ਵੇਲੇ-ਕੁਵੇਲੇ ਜਿਨ੍ਹਾਂ ਦੇ ਨਾਲ ਖਲੋਤੇ ਸਨ, ਉਹ ਹੁਣ ਉਨ੍ਹਾਂ ਦੇ ਫ਼ੋਨ ਸੁਣਨ ਨੂੰ ਤਿਆਰ ਨਹੀਂ ਸਨ।

ਮੁੱਖ-ਮੰਤਰੀ ਤਕ ਪਹੁੰਚ ਕਿਸ ਰਾਹੀਂ ਕੀਤੀ ਜਾਵੇ? ਇਹ ਸੋਚਣ ਲਈ ਰਿਸ਼ਤੇਦਾਰ ਇਕੱਠੇ ਹੋਏ ਬੈਠੇ ਸਨ। ਐਮ.ਪੀ. ਸਾਹਿਬ ਪਿੱਠ ਦਿਖਾ ਚੁੱਕੇ ਸਨ। ਡਰਦਾ ਵੀਹ ਦਿਨਾਂ ਤੋਂ ਉਹ ਮਾਇਆ ਨਗਰ ਨਹੀਂ ਸੀ ਵੜਿਆ। ਮਾਇਆ ਨਗਰ ਵਿਚੋਂ ਤਿੰਨ ਵਿਧਾਇਕ



ਚੁਣੇ ਗਏ ਸਨ। ਦੋ ਵਿਰੋਧੀ ਧਿਰ ਦੇ ਸਨ। ਜਿਹੜਾ ਸੱਤਾਧਾਰੀ ਧਿਰ ਦਾ ਸੀ ਉਸ ਬਾਰੇ ਚਰਚਾ ਸੀ ਕਿ ਮੁੱਖ-ਮੰਤਰੀ ਉਸ ਦੀ ਸੁਣਦਾ ਨਹੀਂ। ਉਹ ਪਾਰਟੀ ਦੇ ਨਰਾਜ਼ ਧੜੇ ਨਾਲ ਜੁੜਿਆ ਹੋਇਆ ਸੀ।

ਪੰਕਜ ਦੇ ਇਕ ਸਾਲੇ ਦੇ ਸਾਂਢੂ ਦਾ ਬਾਪ ਮੁੱਖ-ਮੰਤਰੀ ਦੇ ਇਲਾਕੇ ਵਿਚ ਕਾਫ਼ੀ ਅਸਰ ਰਸੂਖ਼ ਰੱਖਦਾ ਸੀ। ਉਸਦਾ ਜੱਦੀ ਕੰਮ ਆੜ੍ਹਤ ਦਾ ਸੀ। ਦੋ ਸ਼ੈਲਰ ਅਤੇ ਤਿੰਨ ਭੱਠੇ ਵੀ ਸਨ। ਹੱਥ ਪਹਿਲੇ ਦਿਨੋਂ ਖੁਲ੍ਹਾ ਸੀ। ਸਮਾਜ-ਸੇਵਕ ਅਖਵਾਉਣ ਦਾ ਉਸਨੂੰ ਸ਼ੌਕ ਸੀ। ਇਲਾਕੇ ਵਿਚ ਅੱਖਾਂ ਦਾ ਕੈਂਪ ਲੱਗਾ ਹੋਵੇ, ਗਰੀਬ ਕੁੜੀਆਂ ਦੇ ਵਿਆਹ ਹੁੰਦੇ ਹੋਣ, ਉਹ ਦਿਲ ਖੋਲ੍ਹ ਕੇ ਦਾਨ ਦਿੰਦਾ ਸੀ। ਉਸਦੇ ਦਾਨ ਨੂੰ ਮੁੱਖ ਰੱਖਦਿਆਂ ਲਗਭਗ ਹਰ ਸੰਸਥਾ ਨੇ ਉਸ ਨੂੰ ਕੋਈ ਨਾ ਕੋਈ ਅਹੁਦਾ ਦਿੱਤਾ ਹੋਇਆ ਸੀ। ਸਿਆਸਤ ਵਿਚ ਉਸਨੂੰ ਕੋਈ ਦਿਲਚਸਪੀ ਨਹੀਂ ਸੀ। ਪਰ ਜੇ ਕੋਈ ਸਿਆਸੀ ਪਾਰਟੀ ਕਿਸੇ ਰੈਲੀ ਜਾਂ ਜਲੂਸ ਲਈ ਟਰੱਕ ਜਾਂ ਲੇਬਰ ਮੰਗਣ ਆ ਜਾਂਦੀ ਤਾਂ ਉਹ ਕਿਸੇ ਨੂੰ ਜਵਾਬ ਨਹੀਂ ਸੀ ਦਿੰਦਾ। ਅਕਾਲੀ, ਕਾਂਗਰਸੀ ਸਭ ਉਸ ਲਈ ਬਰਾਬਰ ਸਨ।

ਉਸਦੀ ਇਸੇ ਸੇਵਾ ਕਾਰਨ ਉਸਦੀ ਇਲਾਕੇ ਦੇ ਹਰ ਸਿਰਕੱਢ ਨੇਤਾ ਨਾਲ ਜਾਣ-ਪਹਿਚਾਣ ਸੀ। ਕਦੇ-ਕਦੇ ਉਹ ਆਪਣੇ ਸ਼ੈਲਰ ’ਤੇ ਕੋਈ ਛੋਟਾ-ਮੋਟਾ ਸਮਾਗਮ ਰੱਖ ਕੇ ਸਿਆਸੀ ਨੇਤਾਵਾਂ ਨੂੰ ਬੁਲਾਉਣ ਦਾ ਸ਼ੌਕ ਪੂਰਾ ਕਰ ਲੈਂਦਾ ਸੀ।

ਉਸਦੀ ਕਬੀਲਦਾਰੀ ਠੀਕ ਚੱਲ ਰਹੀ ਸੀ। ਆਪਣੇ ਨਿਜੀ ਕੰਮਾਂ ਲਈ ਉਸਨੂੰ ਸਿਆਸੀ ਬੰਦਿਆਂ ਪਿੱਛੇ ਭੱਜਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਕਿਸੇ ਸਾਂਝੇ ਕੰਮ ਲਈ ਜੇ ਉਹ ਕਿਸੇ ਮੰਤਰੀ ਕੋਲ ਜਾਂਦਾ ਤਾਂ ਕਦੇ ਖਾਲੀ ਹੱਥ ਨਹੀਂ ਸੀ ਮੁੜਦਾ।

ਇਹ ਮੁੱਖ-ਮੰਤਰੀ ਪਹਿਲਾਂ ਚੌਧਰੀ ਦੇ ਪਿੰਡ ਦਾ ਸਰਪੰਚ ਰਿਹਾ ਸੀ। ਜਦੋਂ ਇਹ ਵਿਧਾਇਕ ਬਣਿਆ ਚੌਧਰੀ ਨੇ ਉਸ ਕੋਲ ਆਉਣ-ਜਾਣ ਬਣਾਈ ਰੱਖਿਆ। ਮੰਤਰੀ ਬਣ ਕੇ ਉਹ ਚੌਧਰੀ ਦੀਆਂ ਵਿਆਹ-ਸ਼ਾਦੀਆਂ ’ਤੇ ਆਉਂਦਾ ਰਿਹਾ। ਮੁੱਖ-ਮੰਤਰੀ ਬਣ ਕੇ ਵੀ ਉਸਨੇ ਚੌਧਰੀ ਦੀ ਪਛਾਣ ਨਹੀਂ ਸੀ ਭੁੱਲੀ। ਭਰੇ ਇਕੱਠ ਵਿਚੋਂ ਉਹ ਚੌਧਰੀ ਨੂੰ ਨਾਂ ਲੈ ਕੇ ਬੁਲਾਉਂਦਾ ਸੀ ਅਤੇ ਸਭ ਤੋਂ ਪਹਿਲਾਂ ਉਸਦਾ ਕੰਮ ਕਰਦਾ ਸੀ।

ਸਤੀਸ਼ ਦਾ ਮੱਤ ਸੀ ਚੌਧਰੀ ਦੀ ਮਦਦ ਲੈਣੀ ਚਾਹੀਦੀ ਸੀ।

ਮਾਲਵੇ ਦੀ ਹਿੱਕ ’ਤੇ ਵੱਸਿਆ ਚੌਧਰੀ ਦਾ ਇਲਾਕਾ ਮਾਇਆ ਨਗਰ ਦੀ ਜ਼ਿਲਤ ਤੋਂ ਬਚਿਆ ਹੋਇਆ ਸੀ। ਉਥੋਂ ਦੇ ਲੋਕ ਹਾਲੇ ਵੀ ਸਿੱਧੇ-ਸਾਦੇ ਸਨ ਅਤੇ ਹਰ ਕੰਮ ਵਿਚੋਂ ਸਿਆਸੀ ਲਾਹਾ ਨਹੀਂ ਸਨ ਲੈਂਦੇ।

ਕੰਮ ਹੋਵੇ ਜਾਂ ਨਾ, ਪਰ ਚੌਧਰੀ ਦੇ ਜਾਣ ਨਾਲ ਇਹ ਪਤਾ ਜ਼ਰੂਰ ਲੱਗ ਜਾਏਗਾ ਕਿ ਮੁੱਖ-ਮੰਤਰੀ ਦੀ ਮੁਦਈ ਧਿਰ ਵਿਚ ਕਿੰਨੀ ਕੁ ਦਿਲਚਸਪੀ ਸੀ। ਉਸ ਨੂੰ ਚੁੱਪ ਕਰਾਉਣ ਲਈ ਕਿਸ ਪੱਧਰ ਦਾ ਰਸੂਖ਼ ਅਤੇ ਕਿੰਨੀ ਕੁ ਰਕਮ ਚਾਹੀਦੀ ਸੀ।

ਰਿਸ਼ਤੇਦਾਰਾਂ ਨੂੰ ਉਸਦੀ ਮਦਦ ਦੀ ਲੋੜ ਹੈ! ਇਹ ਸੁਣਕੇ ਚੌਧਰੀ ਫੁਲ ਕੇ ਕੁੱਪਾ ਹੋ ਗਿਆ। ਉਸਨੇ ਪੈਰ ਜੁੱਤੀ ਨਾ ਪਾਈ। ਝੱਟ ਮਾਇਆ ਨਗਰ ਵੱਲ ਦੌੜ ਪਿਆ।

ਮੁੱਖ-ਮੰਤਰੀ ਦੇ ਅਮਲੇ ਫੈਲੇ ਕੋਲ ਚੌਧਰੀ ਦਾ ਨਾਂ ਉਸਦੇ ਖ਼ਾਸ ਬੰਦਿਆਂ ਵਿਚ ਦਰਜ ਸੀ। ਥੋੜ੍ਹੀ ਜਿਹੀ ਉਪਚਾਰਕਤਾ ਤੋਂ ਬਾਅਦ ਉਸਨੂੰ ਮੁੱਖ-ਮੰਤਰੀ ਦੇ ਦਰਬਾਰ ਵਿਚ ਭੇਜ ਦਿੱਤਾ ਗਿਆ।

ਮੰਤਰੀਆਂ ਅਤੇ ਵਿਧਾਇਕਾਂ ਨੂੰ ਫ਼ਾਰਗ ਕਰਕੇ ਮੁੱਖ-ਮੰਤਰੀ ਨੇ ਚੌਧਰੀ ਤੋਂ ਉਸਦੇ

ਆਉਣ ਦਾ ਕਾਰਨ ਪੁੱਛਿਆ।

ਮੁੱਖ-ਮੰਤਰੀ ਦਾ ਹੈਲੀਕਾਪਟਰ ਪੁੱਜ ਚੁੱਕਾ ਸੀ। ਉਹ ਉਡਣ ਲਈ ਤਿਆਰ ਸੀ। ਚੌਧਰੀ ਗਾਗਰ ਵਿਚ ਸਾਗਰ ਭਰ ਕੇ ਆਪਣੀ ਗੱਲ ਆਖ ਦੇਵੇ।

ਚੌਧਰੀ ਨੇ ਜਦੋਂ ਪੰਕਜ ਹੋਰਾਂ ਦੇ ਬੇ-ਕਸੂਰ ਹੋਣ ਦੀ ਗੱਲ ਆਖੀ ਤਾਂ ਮੁੱਖ-ਮੰਤਰੀ ਦਾ ਚਿਹਰਾ ਗੁੱਸੇ ਨਾਲ ਸੂਹਾ ਹੋ ਗਿਆ। ਪਰ ਉਹ ਆਪਣਾ ਗੁੱਸਾ ਵਿਚੇ ਪੀ ਗਿਆ। ਕੋਈ ਹੋਰ ਵਰਕਰ ਹੁੰਦਾ, ਮੁੱਖ-ਮੰਤਰੀ ਭਰੀ ਮਹਿਫ਼ਲ ਵਿਚ ਉਸਦੀ ਬੇਇੱਜ਼ਤੀ ਕਰਕੇ ਆਪਣੇ ਇਨਸਾਫ਼-ਪਸੰਦ ਮੁੱਖ ਮੰਤਰੀ ਹੋਣ ਦਾ ਸਬੂਤ ਦਿੰਦਾ। ਪਰ ਚੌਧਰੀ ਭੋਲਾ ਪੰਛੀ ਸੀ। ਮਾਇਆ ਨਗਰ ਦੇ ਕੁਬੇਰ ਉਸਨੂੰ ਵਰਗਲਾ ਕੇ ਲੈ ਆਏ ਸਨ।

ਮੁੱਖ-ਮੰਤਰੀ ਨੇ ਆਪਣੇ ਸਿਆਸੀ ਸਕੱਤਰ ਨੂੰ ਇਸ਼ਾਰਾ ਕੀਤਾ, ਉਹ ਚੌਧਰੀ ਨੂੰ ਨਾਲ ਦੇ ਕਮਰੇ ਵਿਚ ਲੈ ਜਾਏ। ਗੱਲ ਇਕਾਂਤ ਵਿਚ ਕਰਨ ਵਾਲੀ ਸੀ।

ਇਕ ਦੋ ਹੋਰ ਫਰਿਆਦਾਂ ਸੁਣਕੇ ਮੁੱਖ-ਮੰਤਰੀ ਨੇ ਬਾਕੀ ਫਰਿਆਦੀਆਂ ਨੂੰ ਸਕੱਤਰਾਂ ਦੇ ਲੜ ਲਾ ਦਿੱਤਾ। ਆਪ ਚੌਧਰੀ ਨੂੰ ਨਾਲ ਲੈ ਕੇ ਆਪਣੇ ਨਿਜੀ ਕਮਰੇ ਵਿਚ ਚਲਾ ਗਿਆ।

"ਚੌਧਰੀ ਸਾਹਿਬ ਤੁਸੀਂ ਆਏ ਹੋ, ਧੰਨਭਾਗ! ਪਰ ਤੁਹਾਡੇ ਰਿਸ਼ਤੇਦਾਰਾਂ ਨੇ ਕੰਮ ਬਹੁਤ ਮਾੜਾ ਕੀਤਾ ਹੈ। ਸਾਰੇ ਤੱਥਾਂ ਦੀ ਮੈਂ ਖ਼ੁਦ ਤਹਿਕੀਕਾਤ ਕਰਾਈ ਹੈ। ਦੂਜਾ ਜੁਰਮ ਇਹ ਕੀਤੈ ਕਿ ਅਫ਼ਸਰਾਂ ਨੂੰ ਵੱਡੀਆਂ ਰਕਮਾਂ ਦੇ ਕੇ ਖ਼ਰੀਦ ਲਿਆ। ਆਪਣੀ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਜੇ ਮੁੰਡੇ ਨਾਲ ਆਏ ਨੇ ਤਾਂ ਬੇਸ਼ੱਕ ਮੇਰੇ ਸਾਹਮਣੇ ਬੁਲਾ ਕੇ ਪੁੱਛ ਲਓ। ਜੇ ਕੇਸ ਝੂਠਾ ਹੋਇਆ, ਮੈਂ ਹੁਣੇ ਉਨ੍ਹਾਂ ਨੂੰ ਬਰੀ ਕਰ ਦੇਊਂਗਾ।"

"ਜੇ ਇਹ ਗੱਲ ਹੈ ਤਾਂ ਮੈਨੂੰ ਮੁਆਫ਼ੀ ਦਿਓ। ਮੈਨੂੰ ਕਹਿੰਦੇ ਅਸੀਂ ਬੇਕਸੂਰ ਹਾਂ। ਮੈਂ ਤਾਂ ਆ ਗਿਆ। ਜੇ ਉਹ ਕਸੂਰਵਾਰ ਨੇ ਬੇਸ਼ੱਕ ਫਾਹੇ ਲਾ ਦਿਓ। ਫੇਰ ਮੇਰੀ ਕੋਈ ਸਿਫਾਰਸ਼ ਨਹੀਂ।"

ਚੌਧਰੀ ਇਸ ਤਰ੍ਹਾਂ ਸਪੱਸ਼ਟੀਕਰਣ ਦੇਣ ਲੱਗਾ, ਜਿਵੇਂ ਉਹ ਖ਼ੁਦ ਮੁਲਜ਼ਮ ਹੋਵੇ।

"ਮੁਆਫ਼ੀ ਵਾਲੀ ਕਿਹੜੀ ਗੱਲ ਹੈ। ਤੁਸੀਂ ਆਏ ਹੋ ਤਾਂ ਖ਼ਾਲੀ ਹੱਥ ਥੋੜ੍ਹਾ ਮੋੜਾਂਗੇ। ਕੁਛ ਕਰਾਂਗੇ। ਮੇਰੀ ਮੀਟਿੰਗ ਦਾ ਟਾਇਮ ਹੋ ਗਿਆ ਹੈ। ਮੈਂ ਜਾਣੈ। ਤੁਸੀਂ ਮੇਰੇ ਸਿਆਸੀ ਸਕੱਤਰ ਨੂੰ ਮਿਲ ਲਉ। ਉਹ ਥੋਨੂੰ ਸਿੱਧੇ ਰਾਹ ਪਾ ਦੇਵੇਗਾ। ਮੈਂ ਉਸਨੂੰ ਆਖ ਦਿੰਨੈ। ਮੇਰੇ ਵੱਲੋਂ ਜਿਥੇ ਆਖੋਗੇ, ਫ਼ੋਨ ਕਰ ਦੇਵੇਗਾ।"

ਚੌਧਰੀ ਦੀ ਬਾਂਹ ਸਿਆਸੀ ਸਕੱਤਰ ਦੇ ਹੱਥ ਫੜਾ ਕੇ ਮੁੱਖ-ਮੰਤਰੀ ਜਹਾਜ਼ ਚੜ੍ਹ ਗਿਆ।

ਮੁੱਖ-ਮੰਤਰੀ ਦੇ ਬਾਹਰ ਜਾਂਦਿਆਂ ਹੀ ਸਾਰੀ ਭੀੜ ਖਿੰਡ ਗਈ। ਵਿਹਲਾ ਹੋਇਆ ਸਿਆਸੀ ਸਕੱਤਰ ਚੌਧਰੀ ਨੂੰ ਆਪਣੇ ਦਫ਼ਤਰ ਲੈ ਗਿਆ। ਸਿਆਸੀ ਸਕੱਤਰ ਨੂੰ ਮੁਕੱਦਮੇ ਦੇ ਤੱਥਾਂ ਦਾ ਮੁੱਖ-ਮੰਤਰੀ ਨਾਲੋਂ ਵੱਧ ਪਤਾ ਸੀ। ਉਹ ਇਕ-ਇਕ ਘਟਨਾ ਦਾ ਵੇਰਵਾ ਦੇਣ ਲੱਗਾ।

"ਮੈਂ ਨੁਕਸ ਸੁਣਨ ਨਹੀਂ ਆਇਆ। ਇਹ ਦੱਸ ਸਾਡਾ ਖਹਿੜਾ ਕਿਸ ਤਰ੍ਹਾਂ ਛੁੱਟੂ।"

ਸਿਆਸੀ ਸਕੱਤਰ ਉਨ੍ਹਾਂ ਦੇ ਇਲਾਕੇ ਦਾ ਸੀ। ਚੌਧਰੀ ਦਾ ਵਾਕਿਫ਼ ਸੀ। ਇਸ ਲਈ ਬਿਨਾਂ ਭੂਮਿਕਾ ਬੰਨ੍ਹੇ ਉਹ ਸਿਆਸੀ ਸਕੱਤਰ ਤੋਂ ਹੱਲ ਪੁੱਛਣ ਲੱਗਾ।

"ਤੁਹਾਡਾ ਕੰਮ ਹੋਏਗਾ। ਮੁੱਖ-ਮੰਤਰੀ ਜੀ ਇਸ਼ਾਰਾ ਕਰ ਗਏ ਹਨ। ਪਰ ਆਪਾਂ ਨੂੰ ਢੰਗ ਨਾਲ ਚਲਣਾ ਪਏਗਾ। ਪਾਰਟੀ ਨੇ ਨਵੀਂ ਨੀਤੀ ਘੜੀ ਹੈ। ਸਾਰੇ ਕੰਮ ਇਲਾਕੇ ਦੇ



ਵਿਧਾਇਕ ਰਾਹੀਂ ਸਿਫਾਰਸ਼ ਹੋ ਕੇ ਆਉਣ। ਚੋਣਾਂ ਸਿਰ 'ਤੇ ਹਨ। ਵਿਧਾਇਕ ਸ਼ਿਕਾਇਤ ਕਰਦੇ ਹਨ, ਅਫ਼ਸਰ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ। ਉਹ ਲੋਕਾਂ ਨਾਲੋਂ ਟੁੱਟ ਰਹੇ ਸਨ। ਉਨ੍ਹਾਂ ਦਾ ਗਿਲਾ ਸੀ, ਜੇ ਇਲੈਕਸ਼ਨ ਹਾਰ ਗਏ, ਫੇਰ ਨਾ ਆਖਣਾ ਸਰਕਾਰ ਡਿੱਗ ਗਈ। ਤੁਸੀਂ ਬਘੇਲ ਸਿੰਘ ਨੂੰ ਮਿਲ ਲਓ। ਮੈਂ ਫ਼ੋਨ ਕਰ ਦਿੰਦਾ ਹਾਂ। ਉਹ ਆਪੇ ਵਿਗੜੀ ਸੰਭਾਲ ਲਏਗਾ। ਸਭ ਅਫ਼ਸਰਾਂ ਨੂੰ ਤਾੜ ਦੇਵੇਗਾ।"

ਸਿਆਸੀ ਸਕੱਤਰ ਨੇ ਵਿਧਾਇਕ ਨੂੰ ਫ਼ੋਨ ਕੀਤਾ। ਚੌਧਰੀ ਸਾਹਿਬ ਦੇ ਆਉਣ ਦੀ ਸੂਚਨਾ ਦਿੱਤੀ। ਜੋ ਕੰਮ ਉਹ ਲੈ ਕੇ ਆ ਰਹੇ ਹਨ, ਉਹ ਮੁੱਖ-ਮੰਤਰੀ ਸਾਹਿਬ ਦਾ ਹੈ। ਜਿਵੇਂ ਉਹ ਆਖਣ, ਉਹ ਕਰ ਦੇਵੇ।

ਗੇਟ ਤਕ ਛੱਡਣ ਆਏ ਚੌਧਰੀ ਨੂੰ ਸਕੱਤਰ ਨੇ ਇਕ ਹਦਾਇਤ ਕੀਤੀ:

"ਮੁੰਡੇ ਨਵੇਂ ਨਵੇਂ ਫਸੇ ਹਨ। ਗ਼ਲਤ ਬੰਦਿਆਂ ਹੱਥ ਚੜ੍ਹੇ ਫਿਰਦੇ ਹਨ। ਆਖੋ ਹੁਣ ਹੱਥ ਘੁਟ ਲੈਣ। ਜਿਥੇ ਲੋੜ ਪਈ ਆਪੇ ਐਮ.ਐਲ.ਏ. ਸਾਹਿਬ ਦੱਸ ਦੇਣਗੇ।"

ਸੋਚੀ ਸਮਝੀ ਯੋਜਨਾ ਤਹਿਤ ਸਿਆਸੀ ਸਕੱਤਰ ਨੇ ਚੌਧਰੀ ਨੂੰ ਬਘੇਲ ਸਿੰਘ ਦੀ ਝੋਲੀ ਪਾ ਦਿੱਤਾ।

ਵਾਪਸ ਆਉਂਦੇ ਚੌਧਰੀ ਨੂੰ ਸਮਝ ਨਹੀਂ ਸੀ ਆ ਰਹੀ। ਉਸਦਾ ਕੰਮ ਹੋਇਆ ਹੈ ਜਾਂ ਉਸਨੂੰ ਜਵਾਬ ਮਿਲਿਆ ਹੈ।

## -49-

ਚੌਧਰੀ ਨੇ ਜੋ ਰਿਪੋਰਟ ਲਿਆ ਕੇ ਦਿੱਤੀ, ਉਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਇਸ ਸਾਰੇ ਫ਼ਸਾਦ ਦੀ ਜੜ੍ਹ ਬਘੇਲ ਸਿੰਘ ਸੀ।

ਕੁਝ ਦਿਨਾਂ ਤੋਂ ਉਸਦੀਆਂ ਹਰਕਤਾਂ ਸ਼ੱਕੀ ਹੋ ਗਈਆਂ ਸਨ।

ਵਾਰਦਾਤ ਦੇ ਦਸ ਦਿਨਾਂ ਬਾਅਦ ਉਸਨੂੰ ਦੁਖੀ ਪਰਿਵਾਰ ਨਾਲ ਹਮਦਰਦੀ ਜਾਗੀ ਸੀ। ਉਹ ਦੋਹਾਂ ਜ਼ਖ਼ਮੀਆਂ ਦੀ ਹਸਪਤਾਲ ਜਾ ਕੇ ਖ਼ਬਰ ਲੈ ਕੇ ਆਇਆ ਸੀ। ਉਹ ਕਮਲ ਦੇ ਭੋਗ ਵਿਚ ਸ਼ਾਮਲ ਹੋਇਆ ਸੀ। ਪੱਤਰਕਾਰਾਂ ਨੂੰ ਬੁਲਾ ਬੁਲਾ ਉਹ ਭੜਕੀਲੇ ਭਾਸ਼ਣ ਦੇ ਰਿਹਾ ਸੀ। ਪੁਲਿਸ ਦੀ ਨਲਾਇਕੀ ਨੂੰ ਕੋਸ ਰਿਹਾ ਸੀ। ਕਪਤਾਨ ਨੂੰ ਉਹ ਤਾੜ ਰਿਹਾ ਸੀ। ਆਖ ਰਿਹਾ ਸੀ, ਜੇ ਅਸਲ ਮੁਲਜ਼ਮ ਸਾਹਮਣੇ ਨਾ ਲਿਆਂਦੇ ਗਏ ਤਾਂ ਮੁੱਖ-ਮੰਤਰੀ ਤੇ ਜ਼ੋਰ ਪਾ ਕੇ ਉਹ ਤਫ਼ਤੀਸ਼ ਸੀ.ਬੀ.ਆਈ. ਦੇ ਹਵਾਲੇ ਕਰਵਾ ਦੇਵੇਗਾ। ਥਾਂ-ਥਾਂ ਉਹ ਪੁਲਿਸ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰ ਰਿਹਾ ਸੀ।

ਲੋਕਾਂ ਵਿਚ ਆਮ ਚਰਚਾ ਸੀ। ਬਘੇਲ ਸਿੰਘ ਮੁੱਖ-ਮੰਤਰੀ ਦੇ ਸਮਰਥਕ ਵਿਧਾਇਕਾਂ ਵਿਚੋਂ ਇਕ ਨਹੀਂ ਸੀ। ਉਹ ਜਥੇਦਾਰ ਦੇ ਧੜੇ ਵਿਚ ਗਿਣਿਆ ਜਾਂਦਾ ਸੀ। ਇਸ ਲਈ ਉਸਦੀ ਚੜ੍ਹਤ ਮੁੱਖ-ਮੰਤਰੀ ਨੂੰ ਪਸੰਦ ਨਹੀਂ ਸੀ। ਅੰਦਰਖ਼ਾਤੇ ਮੁੱਖ-ਮੰਤਰੀ ਨੇ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਸਨ। ਉਸ ਨੂੰ ਮੂੰਹ ਨਾ ਲਾਇਆ ਜਾਵੇ।

ਹੁਣ ਮੁੱਖ-ਮੰਤਰੀ ਨੂੰ ਉਸ ਨਾਲ ਪਤਾ ਨਹੀਂ ਕੀ ਹੇਜ ਜਾਗ ਪਿਆ ਸੀ। ਇਸ ਕੇਸ ਦੀ ਸਾਰੀ ਵਾਗਡੋਰ ਉਸ ਨੇ ਬਘੇਲ ਸਿੰਘ ਨੂੰ ਸੰਭਾਲ ਦਿੱਤੀ ਲੱਗਦੀ ਸੀ।

ਪੁਲਿਸ ਕਪਤਾਨ ਮੁੱਖ-ਮੰਤਰੀ ਦਾ ਖਾਸ ਬੰਦਾ ਸੀ। ਲੋਕਾਂ ਵਿਚ ਆਮ ਚਰਚਾ ਸੀ। ਉਹ ਕਾਕਾ ਜੀ ਦਾ ਜਮਾਤੀ ਸੀ। ਇਸ ਰਿਸ਼ਤੇ ਤੋਂ ਇਲਾਵਾ ਉਹ ਮੈਡਮ ਕੋਲ ਵੀ ਹਾਜ਼ਰੀ

ਭਰਦਾ ਸੀ। ਬਘੇਲ ਸਿੰਘ ਇਨ੍ਹੀ ਦਿਨੀਂ ਉਸੇ ਕਪਤਾਨ ਦੀ ਭੌਂਡੀ ਪਿੱਟ ਰਿਹਾ ਸੀ। ਮੁੱਖ-ਮੰਤਰੀ ਖ਼ਾਮੋਸ਼ ਸੀ। ਇਹ ਕੀ ਸਿਆਸਤ ਸੀ ਪੰਕਜ ਹੋਰਾਂ ਦੇ ਸਮਝ ਨਹੀਂ ਸੀ ਆ ਰਹੀ।

ਹੁਣ ਮੁੱਖ-ਮੰਤਰੀ ਦੇ ਸਕੱਤਰ ਨੇ ਹੁਕਮ ਝਾੜਿਆ ਸੀ। ਉਸੇ ਵਿਧਾਇਕ ਨੂੰ ਮਿਲਣ ਲਈ ਆਖਿਆ ਸੀ, ਜਿਸਦੀ ਮੁੱਖ-ਮੰਤਰੀ ਸ਼ਕਲ ਦੇਖਣ ਨੂੰ ਤਿਆਰ ਨਹੀਂ ਸੀ।

ਬਘੇਲ ਸਿੰਘ ਨੂੰ ਚੁੱਪ ਕਰਾਉਣਾ ਉਨ੍ਹਾਂ ਦੇ ਖੱਬੇ ਹੱਥ ਦੀ ਖੇਡ ਸੀ। ਉਹ ਉਨ੍ਹਾਂ ਦਾ ਆਪਣਾ ਵਾਕਿਫ਼ ਸੀ। ਵੀਹ ਵਾਰ ਉਨ੍ਹਾਂ ਦੇ ਦਫ਼ਤਰ ਆਇਆ ਸੀ। ਫੰਡ ਲੈ ਕੇ ਗਿਆ ਸੀ। ਇੱਟ ਚੁੱਕਣ 'ਤੇ ਉਸਦੀ ਸਿਫਾਰਸ਼ ਲੱਭ ਪੈਣੀ ਸੀ।

ਪਰ ਉਨ੍ਹਾਂ ਦੀਆਂ ਇਹ ਕਿਆਸ-ਅਰਾਈਆਂ ਗ਼ਲਤ ਸਾਬਤ ਹੋਈਆਂ। ਵਿਧਾਇਕ ਸਾਨ੍ਹ ਵਾਂਗ ਭੂਸਰਿਆ ਬੈਠਾ ਸੀ। ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ।

ਉਸਦਾ ਆਕੜਨਾ ਜਾਇਜ਼ ਸੀ। ਉਸਨੂੰ ਆਪਣੀ ਸਿਆਸੀ ਸਥਿਤੀ ਦਾ ਗਿਆਨ ਸੀ। ਉਹ ਆਪਣੇ ਸਿਆਸੀ-ਗੁਰੂ ਨਾਲ ਵਫ਼ਾਦਾਰ ਸੀ। ਗੁਰੂ ਮੁੱਖ-ਮੰਤਰੀ ਨਾਲ ਸਿੰਗ ਅੜਾਈ ਖੜ੍ਹਾ ਸੀ। ਕਿਸੇ ਵੀ ਸਮੇਂ ਪਾਰਟੀ ਦੋ ਧੜਿਆਂ ਵਿਚ ਵੰਡੀ ਜਾ ਸਕਦੀ ਸੀ। ਮੁੱਖ-ਮੰਤਰੀ ਨੇ ਵਿਰੋਧੀ ਧੜੇ ਦੇ ਵਿਧਾਇਕਾਂ ਦੇ ਖੰਭ ਕੁਤਰ ਰੱਖੇ ਸਨ। ਬਘੇਲ ਸਿੰਘ ਦੀ ਵੁੱਕਤ ਸਿਫ਼ਰ ਹੋਈ ਪਈ ਸੀ। ਉਹ ਲੋਕਾਂ ਨਾਲੋਂ ਟੁੱਟ ਰਿਹਾ ਸੀ। ਲੋਕ ਮੁੱਖ-ਮੰਤਰੀ ਪੱਖੀ ਨੇਤਾਵਾਂ ਨਾਲ ਜੁੜ ਰਹੇ ਸਨ।

ਬਘੇਲ ਸਿੰਘ ਦਾ ਸਿਆਸੀ ਭਵਿੱਖ ਖ਼ਤਰੇ ਵਿਚ ਸੀ। ਜੇ ਪਾਰਟੀ ਦੋ-ਫਾੜ ਨਾ ਹੋਈ ਤਾਂ ਮੁੱਖ-ਮੰਤਰੀ ਨੇ ਉਸਦਾ ਟਿਕਟ ਵਾਲਾ ਪੱਤਾ ਕੱਟ ਦੇਣਾ ਸੀ। ਜੇ ਪਾਰਟੀ ਬਚੀ ਰਹੀ ਅਤੇ ਉਸਨੂੰ ਟਿਕਟ ਮਿਲ ਗਿਆ ਫੇਰ ਵੀ ਉਸਦੇ ਜਿੱਤਣ ਦੀ ਕੋਈ ਸੰਭਾਵਨਾ ਨਹੀਂ ਸੀ। ਅਸੁਰੱਖਿਅਤ ਮਹਿਸੂਸ ਕਰਦਾ ਬਘੇਲ ਸਿੰਘ ਅਸਰ-ਰਸੂਖ਼ ਦੀ ਥਾਂ ਪੈਸਾ ਬਣਾਉਣ ਵੱਲ ਧਿਆਨ ਦੇ ਰਿਹਾ ਸੀ। ਦੋਹਾਂ ਸਥਿਤੀਆਂ ਵਿਚ ਪੈਸੇ ਦੀ ਜ਼ਰੂਰਤ ਸੀ। ਜੇ ਟਿਕਟ ਮਿਲ ਗਿਆ ਤਾਂ ਅਸਰ-ਰਸੂਖ਼ ਦੀ ਘਾਟ ਕਾਰਨ ਪੈਸਾ ਪਾਣੀ ਵਾਂਗ ਵਹਾਉਣਾ ਪੈਣਾ ਸੀ। ਟਿਕਟ ਨਾ ਮਿਲਿਆ ਤਾਂ ਅਗਲੇ ਪੰਜ ਸਾਲ ਆਰਾਮ ਨਾਲ ਕੱਢਣ ਲਈ ਪੈਸਾ ਚਾਹੀਦਾ ਸੀ। ਫੇਰ ਪਤਾ ਨਹੀਂ ਕਦੇ ਹਕੂਮਤ ਵਿਚ ਆਉਣ ਦਾ ਮੌਕਾ ਮਿਲੇ ਜਾਂ ਨਾ।

ਇਹੋ ਜਿਹੀ ਸੋਚ ਤਹਿਤ ਬਘੇਲ ਸਿੰਘ ਨੇ ਇਹ ਤਕੜੀ ਮੱਛੀ ਆਪਣੇ ਜਾਲ ਵਿਚ ਫਸਾਈ ਸੀ।

ਜਦੋਂ ਤੋਂ ਇਸ ਕੇਸ ਦੀ ਗਿੱਦੜ-ਸਿੰਗੀ ਬਘੇਲ ਸਿੰਘ ਦੇ ਹੱਥ ਆਈ ਸੀ, ਉਸਦੇ ਦਿਨ ਫਿਰਨ ਲੱਗੇ ਸਨ।

ਬਘੇਲ ਸਿੰਘ ਵੱਲੋਂ ਵਿੱਢੀ ਲੜਾਈ ਦਾ ਸਭ ਤੋਂ ਵੱਧ ਖ਼ਤਰਾ ਕਪਤਾਨ ਨੇ ਮੰਨਿਆ ਸੀ। ਉਸਨੇ ਝੱਟ ਉਸਦੇ ਲਟਕਦੇ ਸਾਰੇ ਕੰਮ ਸਿਰੇ ਚਾੜ੍ਹ ਦਿੱਤੇ। ਵਕੀਲ ਦੇ ਰਿਸ਼ਤੇਦਾਰ ਨੂੰ ਬੇਕਸੂਰ ਬਣਾ ਦਿੱਤਾ। ਉਸਦੇ ਹਲਕੇ ਵਿਚ ਉਸਦੀ ਮਰਜ਼ੀ ਦਾ ਮੁੱਖ ਅਫ਼ਸਰ ਲਾ ਦਿੱਤਾ।

ਡੀ.ਆਈ.ਜੀ. ਨਾਲ ਬਘੇਲ ਸਿੰਘ ਨੇ ਸਿੱਧਾ ਪੰਗਾ ਨਹੀਂ ਸੀ ਲਿਆ। ਪਰ ਡੀ.ਆਈ.ਜੀ. ਆਪਣੀ ਕਮਜ਼ੋਰੀ ਭਾਂਪ ਰਿਹਾ ਸੀ। ਉਹ ਬਘੇਲ ਸਿੰਘ ਨੂੰ ਅਦਬ ਨਾਲ ਕੁਰਸੀ ਦੇਣ ਲੱਗਾ ਸੀ।

ਮੁੱਖ-ਮੰਤਰੀ ਦੀ ਕੋਠੀ ਰਿਸ਼ਤੇ ਸੁਧਰਨੇ ਸ਼ੁਰੂ ਹੋ ਗਏ। ਪ੍ਰਿੰਸੀਪਲ ਸੈਕਟਰੀ ਅਤੇ ਸਿਆਸੀ ਸਕੱਤਰ ਉਸ ਦੇ ਕੰਮਾਂ ਨੂੰ ਤਰਜੀਹ ਦੇਣ ਲਗੇ। ਦੋਹਾਂ ਅਫ਼ਸਰਾਂ ਨਾਲ ਉਸਨੇ



ਬੁੱਕਲ-ਸਾਂਝ ਕਰ ਲਈ। ਛੋਟੇ ਮੋਟੇ ਕੰਮ ਸਕੱਤਰ ਆਪਣੇ ਦਸਤਖ਼ਤਾਂ ਨਾਲ ਕਰਾ ਦਿੰਦੇ। ਬਘੇਲ ਸਿੰਘ ਨੇ ਉਨ੍ਹਾਂ ਦੇ ਘਰੀਂ ਤੋਹਫ਼ੇ ਭੇਜਣੇ ਸ਼ੁਰੂ ਕਰ ਦਿੱਤੇ। ਸਾਂਝ ਪਰਿਵਾਰਕ ਬਣਾ ਲਈ।

ਇਸ ਅਸਾਮੀ ਕੋਲੋਂ ਸਭ ਨੂੰ ਚੰਗੀ ਰਕਮ ਮਿਲਣ ਦੀ ਆਸ ਸੀ। ਇਹੋ ਆਸ ਉਨ੍ਹਾਂ ਦੇ ਨਵੇਂ ਰਿਸ਼ਤੇ ਦੀ ਜੜ੍ਹ ਸੀ।

ਬਘੇਲ ਸਿੰਘ ਦੂਰ ਦੀ ਸੋਚ ਰਿਹਾ ਸੀ। ਇਸ ਪਾਰਟੀ ਰਾਹੀਂ ਉਹ ਮੁੱਖ-ਮੰਤਰੀ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਬਸ ਥੋੜ੍ਹੀ ਜਿਹੀ ਸਖ਼ਤੀ ਅਤੇ ਥੋੜ੍ਹੇ ਸਬਰ ਦੀ ਜ਼ਰੂਰਤ ਸੀ।

ਏਸੇ ਨੀਤੀ ਤਹਿਤ ਉਹ ਪੰਕਜ ਦੀਆਂ ਸਿਫਾਰਸ਼ਾਂ ਠੁਕਰਾ ਰਿਹਾ ਸੀ।

ਕਈ ਦਿਨ ਦੀ ਭੱਜ-ਨੱਠ ਅਤੇ ਮਿੰਨਤ ਤਰਲੇ ਬਾਅਦ ਮਸਾਂ ਬਘੇਲ ਸਿੰਘ ਨੇ ਉਨ੍ਹਾਂ ਨੂੰ ਮੁਲਾਕਾਤ ਦਾ ਸਮਾਂ ਦਿੱਤਾ।

ਪਹਿਲੀ ਮੁਲਾਕਾਤ ਵਿਚ ਬਹੁਤ ਸਾਰੇ ਗਿਲੇ-ਸ਼ਿਕਵੇ ਵਿਚਾਰੇ ਗਏ। ਦੋਹਾਂ ਧਿਰਾਂ ਵੱਲੋਂ ਉਨ੍ਹਾਂ ਸ਼ਿਕਵਿਆਂ ਨੂੰ ਦੂਰ ਕਰਨ ਦਾ ਭਰੋਸਾ ਦਿੱਤਾ ਗਿਆ।

ਤੀਜੀ ਮੁਲਾਕਾਤ ਵਿਚ ਅਸਲ ਮੁੱਦਾ ਵਿਚਾਰਿਆ ਗਿਆ।

"ਚੋਣਾਂ ਸਿਰ 'ਤੇ ਹੈ। ਅਜਿਹੀ ਖ਼ੌਫ਼ਨਾਕ ਵਾਰਦਾਤ ਕਾਰਨ ਮੁੱਖ-ਮੰਤਰੀ ਦੀ ਇਸ ਸ਼ਹਿਰ ਤੋਂ ਲੈ ਕੇ ਵਿਦੇਸ਼ਾਂ ਤਕ ਭੰਡੀ ਹੋਈ ਪਈ ਹੈ। ਉਪਰੋਂ ਪੁਲਿਸ ਨੇ ਮੂੰਹ ਕਾਲਾ ਕਰ ਲਿਆ। ਉਹ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹੇ। ਮੁੜ ਇਸ ਸ਼ਹਿਰ ਵਿਚ ਪੈਰ ਨਹੀਂ ਪਾਇਆ। ਸਾਰੇ ਪ੍ਰੋਗਰਾਮ ਕੈਂਸਲ ਕਰ ਦਿੱਤੇ। ਕਹਿੰਦੇ ਉਸ ਸਮੇਂ ਆਵਾਂਗਾ, ਜਦੋਂ ਅਸਲ ਮੁਲਜ਼ਮ ਫੜੇ ਗਏ। ਤੁਹਾਨੂੰ ਪਤਾ ਹੀ ਹੈ। ਅਸਲ ਮੁਲਜ਼ਮ ਉਹ ਕਿਨ੍ਹਾਂ ਨੂੰ ਕਹਿੰਦੇ ਹਨ।"

"ਮੁਲਜ਼ਮ ਕੌਣ ਹਨ, ਇਹ ਗੱਲ ਛੱਡੋ। ਇਹ ਦੱਸੋ ਖਹਿੜਾ ਕਿੰਨੇ ਵਿਚ ਛੁੱਟਦਾ ਹੈ। ਕਿੰਨਾ ਪਾਰਟੀ ਫੰਡ ਸਾਡੇ ਜ਼ਿੰਮੇ ਲੱਗੇਗਾ?"

ਅਜੇ ਨੂੰ ਬਘੇਲ ਸਿੰਘ ਦੀਆਂ ਮੋਮੋ-ਠਗਣੀਆਂ ਗੱਲਾਂ 'ਤੇ ਚਿੜ ਚੜ੍ਹ ਰਹੀ ਸੀ। ਮੂੰਹੋਂ ਕੁਝ ਹੋਰ ਨਾ ਨਿਕਲ ਜਾਏ, ਇਸ ਲਈ ਉਹ ਸਿੱਧਾ ਅਸਲ ਮੁੱਦੇ ਉਪਰ ਆ ਗਿਆ।

"ਪਾਰਟੀ ਫੰਡ ਦੇਣਾ ਪਊ! ਕਿੰਨਾ ਦੇਣਾ ਪਊ, ਇਹ ਪ੍ਰਧਾਨ ਜੀ ਦੱਸਣਗੇ!"

ਫੰਡ ਤੈਅ ਕਰਨ ਲਈ ਅਗਲੀ ਮੁਲਾਕਾਤ ਅਗਲੇ ਦਿਨ ਰੱਖੀ ਗਈ।

"ਕਿੰਨਾ ਫੰਡ ਲਿਆ ਜਾਵੇ ?" ਇਸ ਮੁੱਦੇ ਉਪਰ ਵਿਧਾਇਕ ਅਤੇ ਸਕੱਤਰਾਂ ਵਿਚਕਾਰ ਮੱਤਭੇਦ ਸੀ।

ਵਿਧਾਇਕ ਨੂੰ ਪੰਕਜ ਹੋਰਾਂ ਦੀ ਮਾਇਕ ਹਾਲਤ ਦਾ ਪਤਾ ਸੀ। ਉਹ ਇਕ ਕਰੋੜ ਫੰਡ ਵਜੋਂ ਲੈਣਾ ਚਾਹੁੰਦਾ ਸੀ। ਇਹ ਰਕਮ ਉਨ੍ਹਾਂ ਨੇ ਅਰਾਮ ਨਾਲ ਦੇ ਦੇਣੀ ਸੀ। ਉਨ੍ਹਾਂ ਦੇ ਸਾਰੇ ਰਿਸ਼ਤੇਦਾਰ ਕਰੋੜਪਤੀ ਸਨ। ਦਸ-ਦਸ ਲੱਖ ਪਾਇਆ ਤਾਂ ਕਰੋੜ ਬਣ ਜਾਣਾ ਸੀ। ਫੇਰ ਉਹ ਕਾਤਲ ਸਨ। ਜੇਲ੍ਹ ਨਜ਼ਰ ਆ ਰਹੀ ਸੀ। ਵੀਹ ਪੱਚੀ ਲੱਖ ਉਹ ਪਹਿਲਾਂ ਖਰਚ ਚੁੱਕੇ ਸਨ, ਪਰ ਪਰਨਾਲਾ ਉੱਥੇ ਦਾ ਉੱਥੇ ਸੀ। ਇਹ ਪਾਰਟੀ ਫੰਡ ਦੇ ਕੇ ਉਨ੍ਹਾਂ ਦੇ ਹੱਥ ਥੋਕ ਦਾ ਸੌਦਾ ਲੱਗ ਰਿਹਾ ਸੀ। ਮੁੱਖ-ਮੰਤਰੀ ਦੇ ਇਕੋ ਝਟਕੇ ਨਾਲ ਬਾਕੀ ਜੋਕਾਂ ਨੇ ਝੜ ਜਾਣਾ ਸੀ।

ਸੈਕਟਰੀ ਨੂੰ ਇਹ ਰਕਮ ਬਹੁਤ ਵੱਡੀ ਲੱਗ ਰਹੀ ਸੀ। ਲੋਕ ਕਰੋੜਾਂ ਵਿਚ ਫੰਡ ਦਿੰਦੇ ਸਨ, ਪਰ ਉਦੋਂ, ਜਦੋਂ ਉਨ੍ਹਾਂ ਕਈ ਕਰੋੜ ਪਾਰਟੀ ਕਾਰਨ ਕਮਾਇਆ ਹੁੰਦਾ ਸੀ। ਟੈਕਸ

ਚੋਰੀ ਕਰਕੇ ਜਾਂ ਕੋਟਾ ਲਗਵਾ ਕੇ। ਇਥੇ ਮਸਲਾ ਦੂਸਰਾ ਸੀ। ਅੱਜ ਇਨ੍ਹਾਂ ਨੇ ਰਕਮ ਦੇ ਦੇਣੀ ਸੀ। ਚੋਣਾਂ ਸਮੇਂ ਦੂਜੀ ਧਿਰ ਨੂੰ ਦੱਸ ਕੇ ਚੋਣ-ਮੁੱਦਾ ਬਣਾ ਦੇਣਾ ਸੀ। ਵੀਹ ਲੱਖ ਕਾਫ਼ੀ ਸੀ। ਪ੍ਰਿੰਸੀਪਲ ਸੈਕਟਰੀ ਦਾ ਇਹ ਮੱਤ ਸੀ।

ਵੀਹ ਲੱਖ ਲੈ ਕੇ ਕੀ ਗੰਜੀ ਨਹਾਏਗੀ ਅਤੇ ਕੀ ਨਿਚੋੜੇਗੀ? ਉਨ੍ਹਾਂ ਦੇ ਆਪਣੇ ਪੱਲੇ ਲੱਖ-ਲੱਖ ਤੋਂ ਵੱਧ ਨਹੀਂ ਪੈਣਾ।

ਆਖ਼ਰ ਫ਼ੈਸਲਾ ਕਾਕਾ ਜੀ ’ਤੇ ਛੱਡ ਦਿੱਤਾ ਗਿਆ। ਉਹ ਕੇਂਦਰ ਵਿਚ ਸਨਅਤ-ਮੰਤਰੀ ਰਹੇ ਸਨ। ਉਸ ਸਮੇਂ ਉਨ੍ਹਾਂ ਨੂੰ ਮਾਇਆ ਨਗਰ ਦੇ ਗਹਿਰੇ ਸਮੁੰਦਰ ਵਿਚ ਛੁਪੇ ਪਏ ਅਣਮੋਲ ਹੀਰਿਆਂ ਦਾ ਗਿਆਨ ਹੋਇਆ ਸੀ। ਮਾਇਆ ਨਗਰ ਦੀਆਂ ਅੱਧੀਆਂ ਪਾਰਟੀਆਂ ਹੁਣ ਉਨ੍ਹਾਂ ਨੂੰ ਨਿਜੀ ਤੌਰ ’ਤੇ ਜਾਣਦੀਆਂ ਸਨ। ਉਹ ਜੋ ਤੈਅ ਕਰਨਗੇ ਸਭ ਨੂੰ ਮਨਜ਼ੂਰ ਹੋਏਗਾ।

ਸਾਰੇ ਹਲਾਤ ਸੁਣ ਕੇ ਕਾਕਾ ਜੀ ਨੇ ਬਘੇਲ ਸਿੰਘ ਨਾਲ ਸਹਿਮਤੀ ਪ੍ਰਗਟਾਈ। ਮਾਇਆ ਨਗਰ ਦੇ ਇਕ ਪਲਾਟ ਦੀ ਕੀਮਤ ਕਈ ਵਾਰ ਇਕ ਕਰੋੜ ਰੁਪਏ ਬਣ ਜਾਂਦੀ ਸੀ। ਇਥੋਂ ਦੀਆਂ ਕਈ ਪਾਰਟੀਆਂ ਕਰੋੜਾਂ ਰੁਪਏ ਇਨਕਮ ਟੈਕਸ ਦਿੰਦੀਆਂ ਸਨ। ਇਹ ਮੁਲਜ਼ਮ ਕਈ ਫਰਮਾਂ ਦੇ ਮਾਲਕ ਸਨ। ਕਈ ਕਲੋਨੀਆਂ ਉਸਾਰ ਚੁੱਕੇ ਸਨ। ਕਿਸੇ ਨੁੱਕਰੇ ਪਿਆ ਪਲਾਟ ਵੇਚ ਕੇ ਇਨ੍ਹਾਂ ਨੇ ਇੰਨੀ ਰਕਮ ਚੁਕਾ ਦੇਣੀ ਸੀ। ਵੱਟਾ ਰੱਖ ਕੇ ਦੇਖੋ, ਝੱਲ ਗਏ ਠੀਕ। ਨਹੀਂ ਤਾਂ ਨਿਹੰਗਾਂ ਵਾਲੀਆਂ ਰਿਆਇਤਾਂ ਦੇ ਦਿੱਤੀਆਂ ਜਾਣਗੀਆਂ।

ਬਘੇਲ ਸਿੰਘ ਨੇ ਪਾਰਟੀ ਵੱਲੋਂ ਲਿਆ ਗਿਆ ਫੈਸਲਾ ਪੰਕਜ ਹੋਰਾਂ ਨੂੰ ਸੁਣਾ ਦਿੱਤਾ।

ਸੋਚਣ ਅਤੇ ਪੈਸੇ ਦਾ ਪ੍ਰਬੰਧ ਕਰਨ ਲਈ ਦੋ ਦਿਨ ਦਾ ਸਮਾਂ ਦਿੱਤਾ ਗਿਆ।

ਇਕ ਕਰੋੜ ਦੀ ਮੰਗ ਪੰਕਜ ਹੋਰਾਂ ਉਪਰ ਪਹਾੜ ਵਾਂਗ ਡਿੱਗੀ। ਪੰਦਰਾਂ ਦਿਨਾਂ ਤੋਂ ਉਹ ਇਸ ਮੁਸੀਬਤ ਵਿਚ ਫਸੇ ਹੋਏ ਸਨ। ਸਾਰਾ ਕਾਰੋਬਾਰ ਠੱਪ ਸੀ। ਕੰਮ ਮੁਲਾਜ਼ਮਾਂ ਦੇ ਸਿਰ ’ਤੇ ਚੱਲ ਰਿਹਾ ਸੀ। ਪਤਾ ਨਹੀਂ ਘਾਟਾ ਪੈ ਰਿਹਾ ਸੀ ਜਾਂ ਵਾਧਾ ਹੋ ਰਿਹਾ ਸੀ। ਵੀਹ ਲੱਖ ਉਹ ਹੁਣ ਤਕ ਦੇ ਚੁੱਕੇ ਸਨ। ਅੱਜ ਤਕ ਉਨ੍ਹਾਂ ਪੈਸਾ ਖ਼ੁਸ਼ੀ-ਖ਼ੁਸ਼ੀ ਦਿੱਤਾ ਸੀ। ਲੱਗਦਾ ਸੀ, ਬੱਸ ਇਹ ਆਖ਼ਰੀ ਪੜਾਅ ਸੀ। ਇੱਧਰ ਉੱਧਰ ਅਤੇ ਬੈਂਕਾਂ ਵਿਚ ਪਈ ਰਕਮ ਖ਼ਤਮ ਹੋ ਚੁੱਕੀ ਸੀ। ਅੱਗੋਂ ਤੋਂ ਭੁਗਤਣ ਲਈ ਪੈਸਾ ਕਿਸੇ ਕੋਲੋਂ ਫੜਨਾ ਪੈਣਾ ਸੀ। ਉਪਰੋਂ ਮਾਰ ਇਹ ਕਿ ਹੁਣ ਤਕ ਖਰਚਿਆ ਪੈਸਾ ਗੁੜ ਤੋਂ ਗੋਬਰ ਬਣ ਚੁੱਕਾ ਸੀ।

ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਮੁੜ ਵਿਚਾਰਾਂ ਹੋਣ ਲੱਗੀਆਂ।

ਕੁਝ ਸਿਆਣੇ ਬੰਦਿਆਂ ਨੇ ਰਾਏ ਦਿੱਤੀ:

“ਮੁਸੀਬਤ ਆਈ ਹੈ ਤਾਂ ਨੁਕਸਾਨ ਕਰਕੇ ਹੀ ਜਾਏਗੀ। ਪੈਸੇ ਦੇ ਕੇ ਖਹਿੜਾ ਛੁਡਾ ਲਓ। ਰੱਬ ਨੇ ਬਥੇਰਾ ਕੁਝ ਦਿੱਤਾ ਹੈ। ਪੈਸਾ ਇਹੋ ਜਿਹੀਆਂ ਮੁਸੀਬਤਾਂ ਨੂੰ ਨਜਿੱਠਣ ਲਈ ਹੁੰਦਾ ਹੈ। ਮਹੀਨੇ, ਦੋ ਮਹੀਨੇ ਲਈ ਅੰਦਰ ਰਹਿਣਾ ਪੈ ਗਿਆ ਤਾਂ ਕਾਰੋਬਾਰ ਠੱਪ ਹੋ ਜਾਏਗਾ। ਮਿੱਲਾਂ ਨੂੰ ਜਿੰਦੇ ਲਗ ਜਾਣਗੇ। ਕੰਮ ਦੋਹਾਂ ਦੇ ਹੱਥ ਹੈ। ਦੋਹੇਂ ਕੇਸ ਵਿਚ ਫਸੇ ਬੈਠੇ ਹੋ। ਜੇਲ੍ਹ ਜਾਣਾ ਪਿਆ ਤਾਂ ਸਾਰਾ ਸਰਕਲ ਟੁੱਟ ਜਾਏਗਾ। ਗੁਡਵਿਲ ਖ਼ਤਮ ਹੋ ਜਾਏਗੀ। ਕਈ ਵਾਰ ਟੁੱਟੇ ਸਰਕਲ ਫਰਮਾਂ ਨੂੰ ਦੀਵਾਲੀਏ ਬਣਾ ਦਿੰਦੇ ਹਨ। ਖਹਿੜਾ ਛੁਡਾ ਲੈਣ ਵਿਚ ਹੀ ਬਿਹਤਰੀ ਹੈ।”

ਗਰਮ ਧੜਾ ਇਸ ਰਾਏ ਨਾਲ ਸਹਿਮਤ ਨਹੀਂ ਸੀ। ਉਨ੍ਹਾਂ ਦਾ ਮੱਤ ਸੀ ਕਿ ਇਹ ਕੋਈ ਗਰੰਟੀ ਨਹੀਂ ਕਿ ਇਥੇ ਪੈਸੇ ਦੇਣ ਨਾਲ ਜਾਨ ਸਦਾ ਲਈ ਛੁੱਟ ਜਾਏਗੀ। ਕਿਸੇ



ਹੋਰ ਸੱਪ ਨੇ ਫ਼ਨ ਚੁੱਕ ਲੈਣਾ ਸੀ। ਹਾਲੇ ਕੇਂਦਰ ਸਰਕਾਰ ਪਈ ਸੀ, ਅਦਾਲਤਾਂ ਪਈਆਂ ਸਨ।

ਚੋਣਾਂ ਹੋਣ ਵਾਲੀਆਂ ਸਨ। ਸਰਕਾਰ ਬਦਲ ਜਾਣੀ ਸੀ। ਨਵੇਂ ਮੁੱਖ-ਮੰਤਰੀ ਨੇ ਕਹਿਣਾ ਸੀ, ਹੁਣ ਮੇਰੇ ਦਰਬਾਰ ਵਿਚ ਪੇਸ਼ ਹੋਵੋ। ਖ਼ਤਰਾ ਸਹੇ ਨਾਲੋਂ ਵੱਧ ਪਹੇ ਦਾ ਸੀ।

ਕਈਆਂ ਨੂੰ ਮੰਗੀ ਗਈ ਰਕਮ ਉਪਰ ਇਤਰਾਜ਼ ਸੀ। ਉਨ੍ਹਾਂ ਨੂੰ ਲੱਗਦਾ ਸੀ ਬਘੇਲ ਸਿੰਘ ਨੇ ਆਪੇ ਰਕਮ ਤੈਅ ਕਰ ਲਈ ਸੀ। ਜੇ ਇਹ ਰਕਮ ਮੁੱਖ-ਮੰਤਰੀ ਮੰਗ ਰਿਹਾ ਸੀ, ਫੇਰ ਉਸ ਨਾਲ ਸਿੱਧੀ ਗੱਲ ਕਰਨੀ ਚਾਹੀਦੀ ਸੀ। ਉਸਦੇ ਬਥੇਰੇ ਵਿਚੋਲੇ ਮਾਇਆ ਨਗਰ ਵਿਚ ਬੈਠੇ ਸਨ। ਕਿਸੇ ਹੋਰ ਰਾਹੀਂ ਗੱਲ ਕਰਕੇ ਜਾਇਜ਼ ਰਕਮ ਦੇ ਦੇਣੀ ਚਾਹੀਦੀ ਸੀ।

ਕੇਂਦਰ ਤਕ ਪਹੁੰਚ ਕੀਤੀ ਜਾਵੇ। ਕੋਈ ਕੇਂਦਰੀ ਮੰਤਰੀ ਫੜ ਲਿਆ ਜਾਵੇ। ਕਿਸੇ ਨਾ ਕਿਸੇ ਢੰਗ ਨਾਲ ਬਘੇਲ ਸਿੰਘ ਤੋਂ ਖਹਿੜਾ ਛੁਡਾਇਆ ਜਾਵੇ।

ਜੋ ਵੀ ਕਰਨਾ ਸੀ, ਦੋ ਤਿੰਨ ਦਿਨਾਂ ਦੇ ਅੰਦਰ-ਅੰਦਰ ਹੋ ਜਾਣਾ ਚਾਹੀਦਾ ਸੀ। ਹਾਈ ਕੋਰਟ ਦੀ ਤਾਰੀਖ਼ ਨੇੜੇ ਆ ਰਹੀ ਸੀ। ਉਸ ਤੋਂ ਪਹਿਲਾਂ-ਪਹਿਲਾਂ ਆਈ.ਜੀ. ਦੀ ਰਿਪੋਰਟ ਤਿਆਰ ਹੋਣੀ ਚਾਹੀਦੀ ਸੀ। ਇੰਝ ਨਾ ਹੋਇਆ ਤਾਂ ਗ੍ਰਿਫ਼ਤਾਰੀ ’ਤੇ ਲੱਗੀ ਪਾਬੰਦੀ ਵਾਲਾ ਹੁਕਮ ਰੱਦ ਹੋ ਜਾਣਾ ਸੀ ਅਤੇ ਗ੍ਰਿਫ਼ਤਾਰੀ ਵਾਲੀ ਤਲਵਾਰ ਮੁੜ ਸਿਰ ’ਤੇ ਆ ਲਟਕਣੀ ਸੀ।

ਸਭ ਨੂੰ ਪਤਾ ਸੀ ਮਾਇਆ ਨਗਰ ਵਿਚ ਕਈ ਅਜਿਹੇ ਪਰਿਵਾਰ ਸਨ, ਜਿਨ੍ਹਾਂ ਦੀ ਮੁੱਖ-ਮੰਤਰੀ ਦੇ ਬੈਡ-ਰੂਮ ਤਕ ਪਹੁੰਚ ਸੀ। ਜਦੋਂ ਕਦੇ ਮੁੱਖ-ਮੰਤਰੀ ਮਾਇਆ ਨਗਰ ਆਉਂਦਾ ਸੀ, ਉਨ੍ਹਾਂ ਵਿਚੋਂ ਕਿਸੇ ਇਕ ਦੇ ਘਰ ਠਹਿਰਦਾ ਸੀ। ਕਿਸੇ ਅਜਿਹੇ ਘਰਾਣੇ ਦੀ ਮਦਦ ਲਈ ਜਾਣੀ ਚਾਹੀਦੀ ਸੀ।

ਅਜੇ ਮਾਇਆ ਨਗਰ ਦੇ ‘ਚੈਂਬਰ ਆਫ਼ ਕਾਮਰਸ’ ਦਾ ਸਰਗਰਮ ਮੈਂਬਰ ਸੀ। ਚੈਂਬਰ ਦੇ ਪ੍ਰਧਾਨ ਦੀ ਮੁੱਖ-ਮੰਤਰੀ ਨਾਲ ਸਿੱਧੀ ਗੱਲ ਸੀ। ਹੁਕਮਰਾਨ ਪਾਰਟੀ ਨੂੰ ਜਦੋਂ ਵੀ ਕਦੇ ਪੈਸੇ ਦੀ ਜ਼ਰੂਰਤ ਪੈਂਦੀ ਸੀ, ਸੁਨੇਹਾ ਸਿੱਧਾ ਪ੍ਰਧਾਨ ਕੋਲ ਪੁੱਜਦਾ ਸੀ। ਪ੍ਰਧਾਨ ਆਪਣੇ ਮੈਂਬਰਾਂ ਨੂੰ ਬੁਲਾਉਂਦਾ ਸੀ। ਵਿਤ ਅਨੁਸਾਰ ਭਾਰ ਪਾਉਂਦਾ ਸੀ। ਰਕਮ ਮੁੱਖ-ਮੰਤਰੀ ਦੀ ਕੋਠੀ ਪੁੱਜ ਜਾਂਦੀ ਸੀ ਅਤੇ ਕਿਸੇ ਦੇ ਕੰਨ ’ਤੇ ਜੂੰ ਤਕ ਨਹੀਂ ਸੀ ਸਰਕਦੀ।

ਬਦਲੇ ਵਿਚ, ਅੱਧ ਬੋਲ ਪ੍ਰਧਾਨ ਦੇ ਕੰਮ ਹੁੰਦੇ ਸਨ।

ਪ੍ਰਧਾਨ ਨਾਲ ਗੱਲ ਹੋਈ। ਉਸਨੇ ਚੁਟਕੀ ਵਿਚ ਕੰਮ ਕਰਾਉਣ ਦਾ ਭਰੋਸਾ ਦਿਵਾ ਕੇ ਝੱਟ ਮੁੱਖ-ਮੰਤਰੀ ਨਾਲ ਫ਼ੋਨ ਮਿਲਾ ਲਿਆ।

“ਪ੍ਰਧਾਨ ਜੀ ਇਹ ਕੋਈ ਲਾਈਸੈਂਸ, ਕੋਟੇ ਵਾਲਾ ਮਾਮਲਾ ਨਹੀਂ ਹੈ। ਕਤਲ ਵਰਗਾ ਸੰਗੀਨ ਮਾਮਲਾ ਹੈ।”

ਇਹ ਪਹਿਲੀ ਵਾਰੀ ਸੀ, ਜਦੋਂ ਮੁੱਖ-ਮੰਤਰੀ ਪ੍ਰਧਾਨ ਨਾਲ ਰੁੱਖਾ ਬੋਲਿਆ ਸੀ। ਪ੍ਰਧਾਨ ਦੇ ਚਿਹਰੇ ’ਤੇ ਇਕ ਰੰਗ ਉਤਰਣ ਅਤੇ ਦੂਜਾ ਚੜ੍ਹਨ ਲੱਗਾ।

“ਮੈਨੂੰ ਟਾਇਮ ਦਿਓ। ਮੈਂ ਚੰਡੀਗੜ੍ਹ ਆ ਕੇ ਗੱਲ ਕਰਨੀ ਹੈ।”

“ਇਸ ਲਾਅ ਐਂਡ ਆਰਡਰ ਵਾਲੇ ਮਸਲੇ ’ਤੇ ਕੋਈ ਗੱਲ ਨਹੀਂ ਹੋ ਸਕਦੀ। ਵੈਸੇ ਹਰ ਸਮੇਂ ਤੁਹਾਡੇ ਲਈ ਦਰਵਾਜ਼ੇ ਖੁਲ੍ਹੇ ਨੇ।”

ਪ੍ਰਧਾਨ ਨੇ ਉਹੋ ਕੋਰਾ ਜਵਾਬ ਅਜੇ ਨੂੰ ਸੁਣਾ ਦਿੱਤਾ। ਮਾਮਲਾ ਗੰਭੀਰ ਹੋਣ ਕਾਰਨ ਮੁੱਖ-ਮੰਤਰੀ ਦੇ ਵਸੋਂ ਬਾਹਰ ਸੀ।

ਧਾਲੀਵਾਲ ਟਿੰਬਰ ਸਟੋਰ ਵਾਲੇ ਨਾਲ ਗੱਲ ਤੋਰੀ। ਉਸਨੇ ਪਹਿਲਾਂ ਹੀ ਸਿਰ ਮਾਰ ਦਿੱਤਾ। ਉਹ ਮੁੱਖ-ਮੰਤਰੀ ਨਾਲ ਆਪਣੇ ਸੰਬੰਧਾਂ ਦਾ ਫ਼ਾਇਦਾ ਚੰਗੇ ਕੰਮਾਂ ਲਈ ਉਠਾਉਂਦਾ ਸੀ। ਕਤਲ, ਡਾਕਿਆਂ ਵਰਗੇ ਇਖ਼ਲਾਕ ਤੋਂ ਗਿਰੇ ਕੰਮਾਂ ਲਈ ਨਹੀਂ।

ਸਭ ਪਾਸਿਉਂ ਮਿਲ ਰਹੇ ਕੋਰੇ ਜਵਾਬ ਤੋਂ ਲਗਦਾ ਸੀ ਬਘੇਲ ਸਿੰਘ ਨੇ ਮੁੱਖ-ਮੰਤਰੀ ਦੇ ਸਿਰ ਵਿਚ ਕੋਈ ਟੂਣਾ ਝਾੜ ਦਿੱਤਾ ਸੀ। ਮੁੱਖ-ਮੰਤਰੀ ਉਸੇ ਜਾਦੂ ਦੇ ਅਸਰ ਹੇਠ ਬੋਲ ਰਿਹਾ ਸੀ।

ਉਹ ਇਕ ਕਰੋੜ ਦੇਣ ਨੂੰ ਤਿਆਰ ਹੋਣ ਲੱਗੇ। ਪਰ ਇਕ ਤੌਖ਼ਲਾ ਉਨ੍ਹਾਂ ਨੂੰ ਡਰਾਉਣ ਲੱਗਾ। ਇਕ ਕਰੋੜ ਦਿੰਦਿਆਂ ਹੀ ਕਿਸੇ ਪਾਸਿਉਂ ਪੰਜ ਕਰੋੜ ਦੀ ਮੰਗ ਆ ਖੜ੍ਹੀ ਹੋਈ, ਫੇਰ ਕੀ ਕਰਨਗੇ?

ਅਗਲੇ ਖ਼ਤਰੇ ਨੂੰ ਮੱਦੇ-ਨਜ਼ਰ ਰੱਖਦੇ ਹੋਏ ਯਾਰਾਂ ਦੋਸਤਾਂ ਨੇ ਸਲਾਹ ਬਣਾਈ। ਗੱਲ ਵੀਹ ਲੱਖ ਤੋਂ ਸ਼ੁਰੂ ਕੀਤੀ ਜਾਵੇ। ਔਖੇ ਸੌਖੇ ਹੋ ਕੇ ਪੰਕਜ ਤੀਹ ਦੇ ਸਕਦਾ ਸੀ। ਸਾਲਿਆਂ ਜੀਜਿਆਂ ਦੀ ਸਹਾਇਤਾ ਨਾਲ ਚਾਲੀ ਤਕ ਪੁੱਜਿਆ ਜਾ ਸਕਦਾ ਸੀ। ਹੱਦ ਪੰਜਾਹ ਲੱਖ ਸੀ।

ਬਘੇਲ ਸਿੰਘ ਦਸ ਲੱਖ ਤੋਂ ਵੱਧ ਰਿਆਇਤ ਕਰਨ ਨੂੰ ਤਿਆਰ ਨਹੀਂ ਸੀ। ਉਹ ਪੰਕਜ ਹੋਰਾਂ ਦੇ ਹੰਝੂਆਂ ਨੂੰ ਮਗਰਮੱਛ ਵਾਲੇ ਹੰਝੂ ਦੱਸ ਰਿਹਾ ਸੀ। ਉਨ੍ਹਾਂ ਨੇ ਕੀ ਭਾਣਾ ਵਰਤਾਇਆ ਸੀ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ। ਭਾਣਾ ਵਰਤਾਉਣ ਤੋਂ ਪਹਿਲਾਂ ਨਤੀਜਿਆਂ ਬਾਰੇ ਸੋਚਣਾ ਚਾਹੀਦਾ ਸੀ।

ਬਘੇਲ ਸਿੰਘ ਦੇ ਹੱਥ ਵੱਸ ਕੁਝ ਨਹੀਂ ਸੀ। ਰਕਮ ਹਾਈ ਕਮਾਂਡ ਨੇ ਤੈਅ ਕੀਤੀ ਸੀ। ਉਹ ਜੋ ਰਿਆਇਤ ਦੇ ਰਿਹਾ ਸੀ। ਉਹ ਬਿਨਾਂ ਹਾਈ ਕਮਾਂਡ ਤੋਂ ਪੁੱਛੇ ਦੇ ਰਿਹਾ ਸੀ। ਹੋ ਸਕਦਾ ਸੀ, ਇਸ ਬਦਲੇ ਉਸਨੂੰ ਝਾੜਾਂ ਖਾਣੀਆਂ ਪੈਣ।

ਉਹ ਪੰਕਜ ਹੋਰਾਂ ਨੂੰ ਸਲਾਹ ਦੇ ਰਿਹਾ ਸੀ। ਉਹ ਮਾਇਆ ਨਾਲ ਕੁਝ ਜ਼ਿਆਦਾ ਹੀ ਮੋਹ ਦਿਖਾ ਰਹੇ ਸਨ। ਉਨ੍ਹਾਂ ਦੀ ਕਿਸੇ ਇਕ ਫਰਮ ਦੇ ਇਕ ਸਾਲ ਦੇ ਮੁਨਾਫ਼ੇ ਨਾਲ ਉਨ੍ਹਾਂ ਦਾ ਖਹਿੜਾ ਛੁੱਟਣ ਲੱਗਾ ਸੀ।

ਬਘੇਲ ਸਿੰਘ ਟੱਸ ਤੋਂ ਮੱਸ ਨਹੀਂ ਸੀ ਹੋ ਰਿਹਾ। ਉਸਨੂੰ ਖ਼ਬਰਾਂ ਮਿਲ ਰਹੀਆਂ ਸਨ। ਮੁੱਖ-ਮੰਤਰੀ ਹਰ ਸਿਫਾਰਸ਼ੀ ਨੂੰ ਕੋਰਾ ਜਵਾਬ ਦੇ ਰਿਹਾ ਸੀ।

ਮੁੱਖ-ਮੰਤਰੀ ਵੱਲੋਂ ਬਘੇਲ ਸਿੰਘ ਨੂੰ ਪੂਰੇ ਅਖ਼ਤਿਆਰ ਸਨ। ਉਹ ਜਿਥੇ ਚਾਹੇ, ਸੌਦਾ ਤੋੜ ਸਕਦਾ ਸੀ।

ਬਘੇਲ ਸਿੰਘ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਖੁੱਲ੍ਹ ਕੇ ਕਰ ਰਿਹਾ ਸੀ।

"ਲਗਾ ਲਓ ਪੁੱਤਰੋ ਜ਼ੋਰ! ਪਾਣੀ ਅਖ਼ੀਰ ਪੁਲਾਂ ਹੇਠ ਦੀ ਲੰਘਣਾ ਹੈ।" ਮਨ ਹੀ ਮਨ ਉਹ ਪੰਕਜ ਹੋਰਾਂ 'ਤੇ ਮੁਸਕਰਾ ਰਿਹਾ ਸੀ।

ਸੋਚ ਸੋਚ ਪੰਕਜ ਹੋਰੇ ਪਾਗ਼ਲ ਹੋ ਗਏ। ਮਸਲਾ ਕਿਸੇ ਬੰਨੇ ਨਹੀਂ ਸੀ ਲੱਗ ਰਿਹਾ।

ਉਧਰੋਂ ਹਾਈ ਕੋਰਟ ਦੀ ਪੇਸ਼ੀ ਨੇੜੇ ਆ ਰਹੀ ਸੀ। ਵਕੀਲ ਦਾ ਸੁਨੇਹੇ 'ਤੇ ਸੁਨੇਹਾ ਆ ਰਿਹਾ ਸੀ। ਉਹ ਐਡਵੋਕੇਟ ਜਨਰਲ ਨਾਲ ਗੱਲ ਕਰਨੀ ਚਾਹੁੰਦਾ ਸੀ।

ਕਿਸੇ ਫੈਸਲੇ 'ਤੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੇ ਵਾਸੁਦੇਵਾ ਨਾਲ ਰਾਏ ਕਰਨੀ ਠੀਕ ਸਮਝੀ। ਜੇ ਉਂਝ ਹੀ ਪੇਸ਼ਗੀ ਜ਼ਮਾਨਤ ਮਨਜ਼ੂਰ ਹੁੰਦੀ ਦਿਸੇ, ਫੇਰ ਇੰਨੀ ਰਕਮ ਉਤਾਰਣ ਦੀ ਕੀ ਜ਼ਰੂਰਤ ਸੀ।



ਪਾਰਟੀ ਫੰਡ ਦਾ ਰੇਟ ਸੁਣਕੇ ਵਾਸੁਦੇਵਾ ਹੱਕਾ-ਬੱਕਾ ਰਹਿ ਗਿਆ।

"ਆਪਾਂ ਇਥੇ ਸਭ ਨੂੰ ਪੈਸੇ ਦੇਈ ਬੈਠੇ ਹਾਂ। ਸੌ ਫੀਸਦੀ ਆਪਣੀ ਜ਼ਮਾਨਤ ਮਨਜ਼ੂਰ ਹੋ ਜਾਏਗੀ। ਪੇਸ਼ਗੀ ਜ਼ਮਾਨਤ ਹੋਣ ਨਾਲ ਪੁਲਿਸ ਅਤੇ ਜੇਲ੍ਹ ਵਾਲੀ ਖੱਜਲ-ਖੁਆਰੀ ਤੋਂ ਬਚਾਅ ਹੋ ਜਾਵੇਗਾ। ਮੁਕੱਦਮਾ ਚੱਲਦੇ-ਚੱਲਦੇ ਕਈ ਸਾਲ ਲੰਘ ਜਾਣੇ ਹਨ। ਕਈ ਸਰਕਾਰਾਂ ਬਦਲ ਜਾਣਗੀਆਂ। ਪੰਜ ਦਸ ਲੱਖ ਦੀ ਗੱਲ ਹੁੰਦੀ ਤਾਂ ਮੈਂ ਹਾਂ ਕਰ ਦਿੰਦਾ। ਇਡੀ ਰਕਮ ਦੇਣ ਦੀ ਮੈਂ ਸਲਾਹ ਨਹੀਂ ਦੇ ਸਕਦਾ।"

"ਪਰ ਜੇ ਜ਼ਮਾਨਤ ਨਾ ਹੋਈ ਫੇਰ?"

"ਕਿਸ ਤਰ੍ਹਾਂ ਨਹੀਂ ਹੋਏਗੀ ? ਪੈਸੇ ਨਹੀਂ ਦਿੱਤੇ। ਜੱਜ ਆਪਣੇ ਨਾਲ, ਸਰਕਾਰੀ ਵਕੀਲ ਆਪਣੇ ਨਾਲ। ਪੁਲਿਸ ਆਪਣੀ ਮੁੱਠੀ ਵਿਚ। ਜ਼ਮਾਨਤ ਨੂੰ ਰੋਕੂ ਕੌਣ!"

"ਬੁਰੇ ਦੇ ਘਰ ਤਕ ਸੋਚ ਲੈਣਾ ਚਾਹੀਦਾ ਹੈ। ਜੇ ਨਾ ਹੋਈ ਫੇਰ ?"

"ਨਾ ਹੋਈ ਸੁਪਰੀਮ ਕੋਰਟ ਜਾਵਾਂਗੇ। ਉਥੇ ਆਪਣੀ ਇਥੋਂ ਨਾਲੋਂ ਵੱਧ ਚਲਦੀ ਹੈ। ਉਹ ਅਦਾਲਤ ਮੁੱਖ-ਮੰਤਰੀਆਂ ਨੂੰ ਅੰਦਰ ਦੇ ਦਿੰਦੀ ਹੈ। ਪ੍ਰਧਾਨ ਮੰਤਰੀ ਤਕ ਨੂੰ ਸੁੱਕਨੇ ਪਾ ਦਿੰਦੀ ਹੈ।"

"ਤੁਸੀਂ ਆਖ਼ਰੀ ਫੈਸਲਾ ਕਰੋ। ਸਾਨੂੰ ਕੁਝ ਨਹੀਂ ਸੁੱਝ ਰਿਹਾ। ਜੋ ਆਖੋਗੇ, ਉਹੋ ਕਰਾਂਗੇ।"

"ਮੇਰੀ ਰਾਏ ਸਪੱਸ਼ਟ ਹੈ। ਪਹਾੜ ਥੱਲੇ ਆਉਣ ਦੀ ਲੋੜ ਨਹੀਂ। ਸਹਿੰਦਾ-ਸਹਿੰਦਾ ਦੇਣ ਵਿਚ ਕੋਈ ਹਰਜ ਨਹੀਂ। ਜ਼ਮਾਨਤ ਦੇ ਹੁਕਮ ਤਕ ਦੇਖ ਲਓ। ਲੋੜ ਪਈ ਫੇਰ ਸੋਚ ਲਵਾਂਗੇ।"

"ਅੰਕਲ ਪ੍ਰਤਾਪ ਸਿੰਘ ਮਿਲ ਸਕਦੇ ਹਨ?"

"ਉਹ ਬਾਹਰ ਹਨ। ਫ਼ਿਕਰ ਨਾ ਕਰੋ। ਉਨ੍ਹਾਂ ਵੀ ਇਹੋ ਰਾਏ ਦੇਣੀ ਹੈ।"

ਵਾਸੁਦੇਵਾ ਦੀਆਂ ਗੱਲਾਂ ਨਾਲ ਉਨ੍ਹਾਂ ਦਾ ਮਨ ਟਿਕ ਗਿਆ। ਉਨ੍ਹਾਂ ਫੈਸਲਾ ਕਰ ਲਿਆ। ਹਾਈ ਕੋਰਟ ਦੇ ਫੈਸਲੇ ਤਕ ਬਘੇਲ ਸਿੰਘ ਨੂੰ ਟਰਕਾਈ ਜਾਣਗੇ।

## -50-

ਪਿਛਲੇ ਇਕ ਹਫ਼ਤੇ ਤੋਂ ਕਿਸੇ ਨੇ ਵੀ ਹਸਪਤਾਲ ਗੇੜਾ ਨਹੀਂ ਸੀ ਮਾਰਿਆ। ਮਰੀਜ਼ਾਂ ਦੀ ਦੇਖ-ਭਾਲ ਲਈ ਰਾਮ ਨਾਥ ਸੀ, ਸੰਗੀਤਾ ਸੀ ਜਾਂ ਨੇਹਾ।

ਵਾਰਦਾਤ ਹੋਈ ਨੂੰ ਇਕ ਮਹੀਨਾ ਹੋਣ ਵਾਲਾ ਸੀ। ਦੁੱਖਾਂ ਭਰੇ ਦਿਨਾਂ ਦਾ ਇਕ ਇਕ ਪਲ ਕਈ-ਕਈ ਯੁਗਾਂ ਜਿਡਾ ਲੰਮਾ ਸੀ। ਫੇਰ ਵੀ ਰਾਮ ਨਾਥ ਨੂੰ ਪਤਾ ਨਹੀਂ ਸੀ ਲੱਗਾ, ਕਦੋਂ ਦਿਨ ਚੜ੍ਹਦਾ ਅਤੇ ਕਦੋਂ ਛਿਪਦਾ ਸੀ।

ਰਾਮ ਨਾਥ ਆਪਣੇ ਆਪ ਨੂੰ ਆਲਸੀ ਸੁਭਾਅ ਦਾ ਮੰਨਦਾ ਸੀ। ਸਵੇਰੇ ਲੇਟ ਉੱਠਣਾ, ਹੌਲੀ-ਹੌਲੀ ਨਹਾਉਣਾ ਧੋਣਾ। ਕੰਮ 'ਤੇ ਲੇਟ ਜਾਣਾ। ਕਦੇ ਸ਼ਹਿਰੋਂ ਬਾਹਰ ਜਾਣਾ ਪੈ ਜਾਏ ਤਾਂ ਉਸਨੂੰ ਪਿੱਸੂ ਪੈ ਜਾਂਦੇ ਸਨ। ਜਿੰਨਾ ਚਿਰ ਟਲ ਸਕਦਾ ਸੀ, ਉਹ ਘਰੋਂ ਬਾਹਰ ਜਾਣ ਤੋਂ ਟਲਦਾ ਸੀ। ਦੂਸਰੀ ਥਾਂ ਨਾ ਉਸਨੂੰ ਨੀਂਦ ਆਉਂਦੀ ਸੀ, ਨਾ ਖਾਣ-ਪੀਣ ਠੀਕ ਬੈਠਦਾ ਸੀ। ਸਵੇਰੇ ਉੱਠਦਿਆਂ ਉਸਨੂੰ ਕਬਜ਼ ਹੋ ਜਾਂਦੀ ਸੀ। ਹਫ਼ਤਾ ਦਵਾਈ ਖਾ ਕੇ ਮਸਾਂ ਪੇਟ ਥਾਂ ਸਿਰ ਆਉਂਦਾ ਸੀ।

ਪਿਛਲੇ ਇਕ ਮਹੀਨੇ ਵਿਚ ਸਭ ਕੁਝ ਉਸਦੇ ਸੁਭਾਅ ਦੇ ਉਲਟ ਹੋਇਆ ਸੀ। ਉਹ ਦਿਨ ਰਾਤ ਭੰਬੀਰੀ ਵਾਂਗ ਘੁੰਮ ਰਿਹਾ ਸੀ। ਇਕ ਪਲ ਉਹ ਹਸਪਤਾਲ ਹੁੰਦਾ, ਦੂਜੇ ਥਾਣੇ, ਤੀਜੇ ਕਚਹਿਰੀ ਅਤੇ ਚੌਥੇ ਕੋਠੀ। ਨਾ ਖਾਣ ਦਾ ਖ਼ਿਆਲ ਸੀ ਨਾ ਸੌਣ ਦਾ। ਜਦੋਂ ਜੋ ਮਿਲਿਆ, ਅੰਦਰ ਸੁੱਟ ਲਿਆ, ਜਿਥੇ ਮੌਕਾ ਮਿਲਿਆ, ਅੱਖ ਲਾ ਲਈ।

ਦੋ ਚਾਰ ਰਾਤਾਂ ਨੂੰ ਛੱਡ ਕੇ ਰਾਮ ਨਾਥ ਦੀਆਂ ਬਾਕੀ ਰਾਤਾਂ ਹਸਪਤਾਲ ਵਿਚ ਬੀਤੀਆਂ ਸਨ। ਦੋਵੇਂ ਮਰੀਜ਼ ਜਨਰਲ ਵਾਰਡ ਵਿਚ ਸਨ। ਮਰੀਜ਼ਾਂ ਦੇ ਵਾਰਿਸਾਂ ਨੂੰ ਮਰੀਜ਼ਾਂ ਕੋਲ ਸੌਣ ਦੀ ਇਨ੍ਹਾਂ ਵਾਰਡਾਂ ਵਿਚ ਕੋਈ ਸਹੂਲਤ ਨਹੀਂ ਸੀ। ਹਰ ਮਰੀਜ਼ ਦੇ ਬਿਸਤਰੇ ਕੋਲ ਇਕ ਢਾਈ ਕੁ ਫੁੱਟ ਲੰਬਾ ਅਤੇ ਪੌਣਾ ਕੁ ਫੁੱਟ ਚੌੜਾ ਬੈਂਚ ਪਿਆ ਸੀ। ਦਿਨੇ ਇਹ ਬੈਂਚ ਹਾਲ-ਚਾਲ ਪੁੱਛਣ ਆਏ ਰਿਸ਼ਤੇਦਾਰਾਂ ਦੇ ਕੰਮ ਆਉਂਦਾ ਸੀ ਅਤੇ ਰਾਤ ਨੂੰ ਰਾਮ ਨਾਥ ਦੇ ਢੂਹੀ ਸਿੱਧੀ ਕਰਨ ਦੇ।

ਕਦੇ ਕੋਈ ਰਿਸ਼ਤੇਦਾਰ ਰਾਤ ਕਟਾਉਣ ਆ ਜਾਂਦਾ ਤਾਂ ਰਾਮ ਨਾਥ ਹਸਪਤਾਲ ਦੇ ਲਾਂਘਿਆਂ ਵਿਚ ਸੁੱਤੇ ਮਰੀਜ਼ਾਂ ਦੇ ਵਾਰਿਸਾਂ ਕੋਲ ਆਪਣੀ ਦਰੀ ਵਿਛਾ ਲੈਂਦਾ। ਹਸਪਤਾਲ ਦੀਆਂ ਜਗਦੀਆਂ ਬੱਤੀਆਂ, ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਿਸਾਂ ਦਾ ਸ਼ੋਰ ਪਹਿਲਾਂ ਪਹਿਲ ਉਸ ਨੂੰ ਤੰਗ ਕਰਦਾ ਸੀ। ਸਾਰੀ-ਸਾਰੀ ਰਾਤ ਉਸਨੂੰ ਨੀਂਦ ਨਹੀਂ ਸੀ ਆਉਂਦੀ। ਭੁਲ-ਭੁਲੇਖੇ ਕਦੇ ਅੱਖ ਲੱਗ ਜਾਂਦੀ ਤਾਂ ਕੋਈ ਨਾ ਕੋਈ ਨਰਸ ਉਸਨੂੰ ਆ ਝੰਜੋੜਦੀ। ਕਦੇ ਵੇਦ ਨੇ ਪਾਸਾ ਦਿਵਾਉਣਾ ਹੁੰਦਾ ਅਤੇ ਕਦੇ ਗਿੱਲੇ ਕਪੜਿਆਂ ਨੂੰ ਬਦਲਣਾ ਹੁੰਦਾ। ਇਕ ਵਾਰ ਕੱਚੀ ਨੀਂਦੋ ਉੱਠਣ ਬਾਅਦ ਉਸਨੂੰ ਕਦੇ ਨੀਂਦ ਨਹੀਂ ਸੀ ਆਉਂਦੀ। ਉੱਸਲ-ਵੱਟੇ ਲੈਂਦਾ ਉਹ ਪੰਕਜ ਅਤੇ ਨੀਰਜ ਉਪਰ ਕੁੜ੍ਹਦਾ ਰਹਿੰਦਾ। ਉਨ੍ਹਾਂ ਨੂੰ ਅੰਦਰ ਕਰਾਉਣ ਦੀਆਂ ਯੋਜਨਾਵਾਂ ਘੜਦਾ ਰਹਿੰਦਾ।

ਰਾਮ ਨਾਥ ਨੇ ਕਿਸੇ ਥਾਂ ਪੜ੍ਹਿਆ ਸੀ। ਮਨੁੱਖ ਅੰਦਰ ਅਥਾਹ ਸ਼ਕਤੀਆਂ ਦਾ ਸੋਮਾ ਹੈ। ਲੋੜ ਪੈਣ 'ਤੇ ਇਹ ਸ਼ਕਤੀਆਂ ਆਪਣੇ ਆਪ ਜਾਗ ਪੈਂਦੀਆਂ ਹਨ। ਜਾਗੀਆਂ ਸ਼ਕਤੀਆਂ ਮਨੁੱਖ ਤੋਂ ਅਜੀਬੋ-ਗਰੀਬ ਕਾਰਨਾਮੇ ਕਰਵਾ ਦਿੰਦੀਆਂ ਹਨ।

ਇਹ ਕਥਨ ਰਾਮ ਨਾਥ ਉਪਰ ਸੱਚ ਸਾਬਤ ਹੋ ਰਿਹਾ ਸੀ। ਇਸ ਇਕ ਮਹੀਨੇ ਵਿਚ ਨਾ ਉਸਨੂੰ ਬੁਖ਼ਾਰ ਚੜ੍ਹਿਆ ਸੀ, ਨਾ ਕਬਜ਼ ਹੋਈ ਸੀ। ਨਾ ਪੌੜੀਆਂ ਚੜ੍ਹਦੇ ਉਸ ਦਾ ਸਾਹ ਚੜ੍ਹਿਆ ਸੀ ਅਤੇ ਨਾ ਗੋਡਿਆਂ ਵਿਚ ਦਰਦ ਹੋਇਆ ਸੀ। ਉਹ ਟਟ੍ਹੀਰੀ ਵਾਂਗ ਭੱਜਦਾ ਫਿਰਦਾ ਸੀ।

ਪਰ ਭਰਾਵਾਂ ਦੇ ਸਾਥ ਛੱਡ ਜਾਣ ਕਾਰਨ ਉਸ ਅੰਦਰਲੀਆਂ ਗੈਬੀ-ਸ਼ਕਤੀਆਂ ਜਿਵੇਂ ਮੁੜ ਸੌਂ ਗਈਆਂ ਸਨ। ਹੁਣ ਇਕੱਲੇ ਬੈਠੇ ਰਾਮ ਨਾਥ ਦਾ ਦਿਲ ਘਬਰਾਉਣ ਲੱਗਦਾ ਸੀ। ਆਪਣੇ ਚੌਪਟ ਹੋ ਰਹੇ ਧੰਦੇ ਦਾ ਫ਼ਿਕਰ ਉਸਨੂੰ ਵੱਢ-ਵੱਢ ਖਾ ਰਿਹਾ ਸੀ। ਵਕਾਲਤ ਵਿਚ ਸਥਾਪਤ ਹੋਣ ਲਈ ਰਾਮ ਨਾਥ ਨੇ ਦਸ ਸਾਲ ਸਖ਼ਤ ਮਿਹਨਤ ਕੀਤੀ ਸੀ। ਪਟਵਾਰੀਆਂ, ਸਰਪੰਚਾਂ, ਕਾਮਰੇਡਾਂ ਅਤੇ ਸਿਆਸੀ ਨੇਤਾਵਾਂ ਦੀ ਮੁੱਠੀ ਚਾਪੀ ਕਰਕੇ ਉਸਨੇ ਮਸਾਂ ਰੋਟੀ ਖਾਣ ਜੋਗਾ ਕੰਮ ਗੇੜ੍ਹਿਆ ਸੀ। ਮੁੜ ਲੀਹ 'ਤੇ ਪੈਣ ਲਈ ਪਤਾ ਨਹੀਂ ਉਸਨੂੰ ਕਿੰਨੇ ਸਾਲ ਲਗਣੇ ਸਨ।

ਰਾਮ ਨਾਥ ਅਤੇ ਸੰਗੀਤਾ ਨੇ ਮਿਲ ਕੇ ਮਸਾਂ ਬੱਚਿਆਂ ਦੇ ਭਵਿੱਖ ਦਾ ਮੂੰਹ-ਮੱਥਾ ਸੰਵਾਰਿਆ ਸੀ। ਉਸਦਾ ਬੇਟਾ ਬੀ.ਏ. ਦੇ ਆਖ਼ਰੀ ਸਾਲ ਵਿਚ ਸੀ। ਜੇ ਨੰਬਰ ਘੱਟ ਰਹਿ ਗਏ, ਉਸਨੂੰ ਪੰਜਾਬ ਦੇ ਕਿਸੇ ਲਾਅ ਕਾਲਜ ਵਿਚ ਦਾਖ਼ਲਾ ਨਹੀਂ ਸੀ ਮਿਲਣਾ। ਪੰਜਾਬ



ਤੋਂ ਬਾਹਰ ਜਾ ਕੇ ਨਾਲੇ ਪੜ੍ਹਾਈ ਖ਼ਰਾਬ ਹੋਣੀ ਸੀ ਨਾਲੇ ਖਰਚਾ ਦੁੱਗਣਾ ਹੋਣਾ ਸੀ। ਉਸ ਤੋਂ ਛੋਟੀ ਬੇਟੀ ਐਮ.ਬੀ.ਬੀ.ਐਸ. ਵਿਚ ਦਾਖ਼ਲ ਹੋਣ ਦੀ ਆਸ ਲਾਈ ਬੈਠੀ ਸੀ। ਕਾਲਜ ਦੀ ਪੜ੍ਹਾਈ ਦੇ ਨਾਲ-ਨਾਲ ਉਸਨੂੰ ਕੰਪੀਟੀਸ਼ਨ ਦੀ ਤਿਆਰੀ ਲਈ ਕਈ-ਕਈ ਥਾਈਂ ਟਿਊਸ਼ਨ ਪੜ੍ਹਨ ਜਾਣਾ ਪੈਂਦਾ ਸੀ। ਸਭ ਤੋਂ ਛੋਟੀ ਬੇਟੀ ਦਸਵੀਂ ਕਲਾਸ ਵਿਚ ਸੀ। ਉਸਦਾ ਭਵਿੱਖ ਵੀ ਇਸ ਜਮਾਤ ਵਿਚੋਂ ਪ੍ਰਾਪਤ ਕੀਤੇ ਨੰਬਰਾਂ ਤੇ ਨਿਰਭਰ ਕਰਦਾ ਸੀ। ਉਨ੍ਹਾਂ ਦੇ ਮਾਇਆ ਨਗਰ ਰਹਿਣ ਕਾਰਨ ਤਿੰਨਾਂ ਬੱਚਿਆਂ ਦਾ ਭਵਿੱਖ ਧੁੰਦਲਾ ਹੁੰਦਾ ਜਾ ਰਿਹਾ ਸੀ।

ਜੇ ਕਿਧਰੇ ਸੰਗੀਤਾ ਦੀ ਬਦਲੀ ਕਿਸੇ ਦੂਰ-ਦੁਰਾਡੇ ਪਿੰਡ ਦੀ ਹੋ ਗਈ, ਉਨ੍ਹਾਂ ਦੇ ਘਰ ਦੀ ਸਾਰੀ ਵਿਵਸਥਾ ਉੱਥਲ-ਪੁੱਥਲ ਹੋ ਜਾਣੀ ਸੀ।

ਇਕੱਲਾ ਬੈਠਾ ਰਾਮ ਨਾਥ ਜਲਦੀ ਤੋਂ ਜਲਦੀ ਆਪਣੇ ਸ਼ਹਿਰ ਮੁੜ ਜਾਣ ਲਈ ਕਾਹਲਾ ਪੈਣ ਲੱਗਦਾ ਸੀ।

ਕੁਝ ਦਿਨਾਂ ਤੋਂ ਦੋਹਾਂ ਮਰੀਜ਼ਾਂ ਦੀ ਸਥਿਤੀ ਸਥਿਰ ਬਣੀ ਹੋਈ ਸੀ। ਜੇ ਕੁਝ ਦਿਨ ਕੋਈ ਗੜਬੜ ਨਾ ਹੋਈ ਤਾਂ ਉਨ੍ਹਾਂ ਨੂੰ ਛੁੱਟੀ ਹੋ ਸਕਦੀ ਸੀ।

ਆਸ ਦੀ ਇਹ ਕਿਰਨ ਰਾਮ ਨਾਥ ਦੇ ਬੁਝੇ ਮਨ ਨੂੰ ਕੁਝ ਰੁਸ਼ਨਾ ਰਹੀ ਸੀ।

ਪਰ ਨੀਲਮ ਦੇ ਵਾਰਡ ਵਿਚ ਪਏ ਮਰੀਜ਼ਾਂ ਦੇ ਵਾਰਿਸ ਰਾਮ ਨਾਥ ਤੋਂ ਉਲਟ ਸੋਚ ਰਹੇ ਸਨ।

ਨੀਲਮ ਦੇ ਦੌਰੇ ਬੰਦ ਸਨ, ਪਰ ਬੇਹੋਸ਼ੀ ਕਾਇਮ ਸੀ। ਜਿਸ ਤਰ੍ਹਾਂ ਦੀ ਉਸਦੀ ਹਾਲਤ ਪੰਦਰਾਂ ਦਿਨ ਪਹਿਲਾਂ ਸੀ, ਉਸੇ ਤਰ੍ਹਾਂ ਦੀ ਅੱਜ ਸੀ। ਨੀਲਮ ਨੇ ਜਿੰਨਾ ਠੀਕ ਹੋਣਾ ਸੀ, ਹੋ ਚੁੱਕੀ ਸੀ। ਹਸਪਤਾਲ ਰੱਖਣ ਦਾ ਕੋਈ ਫ਼ਾਇਦਾ ਨਹੀਂ ਸੀ। ਅੱਠ ਘੰਟਿਆਂ ਬਾਅਦ ਉਸਦੀ ਗੁਲੂਕੋਜ਼ ਵਾਲੀ ਬੋਤਲ ਬਦਲੀ ਜਾਂਦੀ ਸੀ। ਨਰਸਾਂ ਦਿਨ ਵਿਚ ਤਿੰਨ ਵਾਰ ਉਸ ਨੂੰ ਦਵਾਈ ਦਿੰਦੀਆਂ ਸਨ। ਇਹ ਕੰਮ ਕਿਸੇ ਨਰਸ ਨੂੰ ਘਰ ਬੁਲਾ ਕੇ ਕਰਵਾਇਆ ਜਾ ਸਕਦਾ ਸੀ।

ਇਸ ਤਰ੍ਹਾਂ ਦੇ ਕਈ ਮਰੀਜ਼ ਸਾਲ-ਸਾਲ ਤੋਂ ਇਸ ਵਾਰਡ ਵਿਚ ਪਏ ਸਨ। ਡਾਕਟਰਾਂ ਨੇ ਉਨਾ ਚਿਰ ਉਸ ਨੂੰ ਛੁੱਟੀ ਨਹੀਂ ਦੇਣੀ, ਜਿੰਨਾ ਚਿਰ ਉਨ੍ਹਾਂ ਨੇ ਮੰਗਣੀ ਨਹੀਂ। ਪ੍ਰਾਈਵੇਟ ਹਸਪਤਾਲ ਸੀ। ਫੀਸਾਂ ਵਿਚੋਂ ਡਾਕਟਰਾਂ ਨਰਸਾਂ ਨੂੰ ਹਿੱਸਾ ਮਿਲਦਾ ਸੀ। ਕੋਈ ਆਪਣੇ ਰੁਜ਼ਗਾਰ ਵਿਚ ਲੱਤ ਕਿਉਂ ਮਾਰੇਗਾ?

ਇਹੋ ਸਲਾਹ ਵੇਦ ਦੇ ਹਮਦਰਦਾਂ ਦੀ ਸੀ। ਉਸਦੇ ਜੁਬਾੜੇ ਵਾਲੀ ਤਾਰ ਖੁਲ੍ਹ ਗਈ ਸੀ। ਦਰਦ ਘਟ ਗਿਆ ਸੀ। ਉਹ ਬੋਲਣ-ਚਾਲਣ ਲੱਗ ਪਿਆ ਸੀ। ਤਰਲ ਪਦਾਰਥ ਅੰਦਰ ਜਾਣ ਲੱਗਾ ਸੀ। ਪਲੱਸਤਰ ਛੇ ਹਫ਼ਤੇ ਬਾਅਦ ਖੁਲ੍ਹਣਾ ਸੀ। ਲੋੜ ਪਈ ਦੋਬਾਰਾ ਲੱਗ ਜਾਣਾ ਸੀ। ਪਿਛਲੇ ਦਸ ਬਾਰਾਂ ਦਿਨਾਂ ਵਿਚ ਡਾਕਟਰਾਂ ਨੇ ਦਸੋ ਕੀ ਕੀਤਾ ਸੀ? ਡਾਕਟਰ ਦਿਨ ਵਿਚ ਇਕ ਵਾਰ ਆਉਂਦਾ ਸੀ। ਹਾਲ-ਚਾਲ ਪੁੱਛ ਕੇ ਮੁੜ ਜਾਂਦਾ ਸੀ।

"ਕਿਉਂ ਹਸਪਤਾਲ ਵਿਚ ਵਰਾਨ ਹੁੰਦੇ ਹੋ? ਘਰ ਜਾਓ। ਕੰਮ ਸੰਭਾਲੋ। ਪੰਦਰਾਂ ਦਿਨਾਂ ਬਾਅਦ ਐਕਸਰੇ ਕਰਵਾ ਕੇ ਦਿਖਾ ਜਾਇਆ ਕਰੋ।"

ਰਾਮ ਨਾਥ ਨੂੰ ਲੋਕਾਂ ਦੀ ਰਾਏ ਠੀਕ ਲੱਗੀ। ਡਾਕਟਰ ਉਨ੍ਹਾਂ ਨੂੰ ਉੱਲੂ ਬਣਾ ਰਹੇ ਸਨ। ਮਰੀਜ਼ ਛੁੱਟੀ ਦੇ ਕਾਬਲ ਸਨ।

ਛੁੱਟੀ ਰਾਮ ਨਾਥ ਦੀ ਲੋੜ ਵੀ ਸੀ।

ਡਾਕਟਰਾਂ ਨਾਲ ਗੱਲ ਕੀਤੀ। ਉਹ ਆਪਣੀ ਸਲਾਹ ਦੇਣ ਲੱਗੇ।

ਨੀਲਮ ਦੀ ਹਾਲਤ ਵਿਚ ਤੇਜ਼ੀ ਨਾਲ ਸੁਧਾਰ ਹੋ ਰਿਹਾ ਸੀ। ਡਾਕਟਰਾਂ ਨੂੰ ਆਸ ਸੀ ਦੋ ਚਾਰ ਦਿਨਾਂ ਦੇ ਅੰਦਰ-ਅੰਦਰ ਉਹ ਇਸ਼ਾਰੇ ਸਮਝਣ ਲੱਗੇਗੀ। ਚਮਚਾ ਬੁਲ੍ਹਾਂ 'ਤੇ ਲਾਉਣ ਨਾਲ ਮੂੰਹ ਖੋਲ੍ਹਣ ਲੱਗੇਗੀ। ਇੰਨਾ ਕੁ ਸੁਧਾਰ ਹੁੰਦਿਆਂ ਹੀ ਛੁੱਟੀ ਕਰ ਦਿੱਤੀ ਜਾਵੇਗੀ।

ਹੁਣ ਛੁੱਟੀ ਕੀਤੀ ਗਈ ਤਾਂ ਸੁਧਰੀ ਹਾਲਤ ਵਿਗੜ ਸਕਦੀ ਸੀ। ਇਕ ਵਾਰ ਹੋਈ ਅਣਗਹਿਲੀ ਨੀਲਮ ਦੇ ਦਿਮਾਗ਼ ਨੂੰ ਹਮੇਸ਼ਾ ਲਈ ਸੁੰਨ ਕਰ ਸਕਦੀ ਸੀ। ਡਾਕਟਰ ਖ਼ੁਦ ਛੁੱਟੀ ਨਹੀਂ ਦੇ ਸਕਦੇ। ਉਨ੍ਹਾਂ ਦੀ ਸਲਾਹ ਦੇ ਉਲਟ ਮਰੀਜ਼ ਨੂੰ ਲਿਜਾਇਆ ਜਾ ਸਕਦਾ ਸੀ।

ਇਹੋ ਸਲਾਹ ਵੇਦ ਦੇ ਡਾਕਟਰ ਦੀ ਸੀ।

ਮਰੀਜ਼ ਦੀ ਉਮਰ ਜ਼ਿਆਦਾ ਸੀ। ਹੱਡੀ ਬਣਨ ਵਿਚ ਦੇਰ ਲੱਗ ਰਹੀ ਸੀ। ਹੱਡੀ ਕੱਚੀ ਸੀ, ਜੋੜ ਅੱਲੇ ਸਨ। ਘਰ ਜਾ ਕੇ ਦੇਖ ਭਾਲ ਵਿਚ ਜੇ ਅਣਗਹਿਲੀ ਹੋਈ ਤਾਂ ਜ਼ਖ਼ਮਾਂ ਵਿਚ ਪਸ ਪੈ ਸਕਦੀ ਸੀ। ਪਲੇਟਾਂ ਖਿਸਕ ਸਕਦੀਆਂ ਸਨ। ਹੱਡੀਆਂ ਗ਼ਲਤ ਥਾਂ ਜੁੜ ਸਕਦੀਆਂ ਸਨ। ਮਰੀਜ਼ ਵਾਰ-ਵਾਰ ਅਪਰੇਸ਼ਨ ਕਰਾਉਣ ਦੀ ਸਥਿਤੀ ਵਿਚ ਨਹੀਂ ਸੀ। ਛੇ ਹਫ਼ਤੇ ਬਾਅਦ ਸਕੈਨ ਕਰਕੇ ਇਕ-ਇਕ ਹੱਡੀ ਦਾ ਜਾਇਜ਼ਾ ਲਿਆ ਜਾਣਾ ਸੀ। ਹੁਣ ਤਕ ਸਭ ਅੱਛਾ ਸੀ। ਇਸੇ ਤਰ੍ਹਾਂ ਚਲਦਾ ਰਿਹਾ ਤਾਂ ਛੇ ਹਫ਼ਤੇ ਬਾਅਦ ਛੁੱਟੀ ਹੋ ਜਾਣੀ ਸੀ।

ਘਰ ਤਕ ਜਾਂਦਿਆਂ, ਮੰਜਾ ਬਦਲਦਿਆਂ, ਉੱਠਦਿਆਂ ਬੈਠਦਿਆਂ, ਹੱਡੀਆਂ ਨੂੰ ਖ਼ਤਰਾ ਹੀ ਖ਼ਤਰਾ ਸੀ।

ਡਾਕਟਰਾਂ ਦੀ ਰਾਏ ਨੇ ਰਾਮ ਨਾਥ ਦੀਆਂ ਘਰ ਜਾਣ ਦੀਆਂ ਯੋਜਨਾਵਾਂ ਮਿੱਟੀ ਵਿਚ ਮਿਲਾ ਦਿੱਤੀਆਂ।

ਉਹ ਮਨ ਮਸੋਸ ਕੇ ਬੈਠ ਗਿਆ।

"ਕਿਉਂ ਕਾਹਲ ਕਰਦੇ ਹੋ? ਜਿੱਥੇ ਇੰਨੇ ਦਿਨ ਕੱਟੇ ਗਏ, ਉਥੇ ਦੋ ਚਾਰ ਦਿਨ ਹੋਰ ਸਹੀ। ਪਿਛੋਂ ਪਛਤਾਵਾਂਗੇ। ਧੀਅ-ਭੈਣ ਦਾ ਕੰਮ ਹੈ।"

ਸੰਗੀਤਾ ਨੇ ਰਾਮ ਨਾਥ ਦਾ ਹੌਸਲਾ ਵਧਾਉਣ ਦਾ ਯਤਨ ਕੀਤਾ।

"ਹੋਰ ਆਪਾਂ ਕਰ ਵੀ ਕੀ ਸਕਦੇ ਹਾਂ?"

ਰਾਮ ਨਾਥ ਹਉਕਾ ਭਰਨ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਦਾ।

ਇਹੋ ਉਸਨੇ ਕੀਤਾ।

## -51-

ਸ਼ਤਰੰਜ ਦੇ ਖਿਲਾੜੀਆਂ ਵਾਂਗ ਦੋਹਾਂ ਧਿਰਾਂ ਨੇ ਆਪਣੀਆਂ-ਆਪਣੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਇਕ ਪਾਸੇ ਵਿਉਪਾਰਕ ਚਾਲਾਂ ਸਨ, ਦੂਜੇ ਪਾਸੇ ਸਿਆਸੀ ਹੱਥ-ਕੰਡੇ।

ਪੰਕਜ ਹੋਰੇ ਬਘੇਲ ਸਿੰਘ ਨਾਲ ਚੱਲ ਰਹੀ ਗੱਲ ਲਟਕਾਉਣ ਲਗੇ। ਆਪਣੀ ਜਾਣੇ ਉਹ ਪੇਸ਼ਗੀ ਜ਼ਮਾਨਤ ਦੇ ਸਾਰੇ ਇੰਤਜ਼ਾਮ ਕਰ ਆਏ ਸਨ। ਸਰਕਾਰੀ ਵਕੀਲ ਨੇ ਉਨ੍ਹਾਂ



ਦੀ ਪਿੱਠ ਥਾਪੜੀ ਸੀ। ਵਾਸੂਦੇਵਾ ਆਪਣੀ ਹਿੱਕ ਥਾਪੜ ਰਿਹਾ ਸੀ। ਪੇਸ਼ਗੀ ਜ਼ਮਾਨਤ ਮਨਜ਼ੂਰ ਹੋਣ ਵਿਚ ਕੋਈ ਕਸਰ ਬਾਕੀ ਨਹੀਂ ਸੀ।

ਇਕ ਵਾਰ ਜ਼ਮਾਨਤ ਮਨਜ਼ੂਰ ਹੋ ਗਈ ਫੇਰ ਬਘੇਲ ਸਿੰਘ ਦੇ ਰੇਟ ਠਰੇ ਪਾਰੇ ਵਾਂਗ ਹੇਠਾਂ ਡਿੱਗਣ ਲੱਗਣੇ ਸਨ।

ਬਘੇਲ ਸਿੰਘ ਸਿਆਸੀ ਘਾਗ ਸੀ। ਉਹ ਪੰਕਜ ਦੇ ਇਸ਼ਾਰਿਆਂ ਨੂੰ ਭਾਂਪ ਗਿਆ। ਆਪਣੀ ਅੜੀ ਪੁਗਾਉਣ ਲਈ ਹਾਈ ਕੋਰਟ ਕੋਲੋਂ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਰੱਦ ਕਰਾਉਣੀ ਜ਼ਰੂਰੀ ਸੀ।

ਅੰਦਰਖਾਤੇ ਬਘੇਲ ਸਿੰਘ ਦਰਖ਼ਾਸਤ ਰੱਦ ਕਰਾਉਣ ਦੇ ਇੰਤਜ਼ਾਮ ਕਰਨ ਲੱਗਾ।

ਸਭ ਤੋਂ ਪਹਿਲਾਂ ਉਸਨੇ ਵਿਰੋਧੀ ਧਿਰ ਦੇ ਵਿਧਾਇਕ ਨਾਲ ਗੱਲ ਕੀਤੀ। ਬਘੇਲ ਸਿੰਘ ਹੁਕਮਰਾਨ ਪਾਰਟੀ ਦਾ ਵਿਧਾਇਕ ਸੀ। ਉਹ ਸਰਕਾਰ ਵਿਰੁਧ ਨਹੀਂ ਸੀ ਚੱਲ ਸਕਦਾ। ਵਿਰੋਧੀ ਧਿਰ ਦਾ ਵਿਧਾਇਕ ਇਕ ਪ੍ਰੈੱਸ ਕਾਨਫਰੰਸ ਬੁਲਾ ਕੇ ਸਰਕਾਰ ਤੇ ਤਾਬੜਤੋੜ ਹਮਲਾ ਕਰੇ। ਪੁਲਿਸ ਅਤੇ ਮੁਲਜ਼ਮਾਂ ਦੀ ਮਿਲੀ-ਭੁਗਤ ਦੇ ਕਿੱਸੇ ਨੰਗੇ ਕਰੇ। ਅਸਲ ਮੁਲਜ਼ਮਾਂ ਨੂੰ ਫੜਨ ਅਤੇ ਕਟਹਿਰੇ ਵਿਚ ਖੜ੍ਹੇ ਕਰਨ ਦੀ ਮੰਗ ਰੱਖੇ। ਮੰਗ ਨਾ ਮੰਨੇ ਜਾਣ ਦੀ ਸੂਰਤ ਵਿਚ ਲੋਕ ਹਿੱਤ ਪਟੀਸ਼ਨ ਰਾਹੀਂ ਮੁਕੱਦਮੇ ਦੀ ਤਫ਼ਤੀਸ਼ ਨੂੰ ਸੀ.ਬੀ.ਆਈ. ਹਵਾਲੇ ਕਰਨ, ਧਰਨੇ ਮਾਰਨ ਅਤੇ ਮਰਨ ਵਰਤ ਦੀ ਧਮਕੀ ਦੇਵੇ। ਪ੍ਰੈੱਸ ਕਾਨਫਰੰਸ ਨੂੰ ਜ਼ੋਰਦਾਰ ਅਤੇ ਸਨਸਨੀਖੇਜ਼ ਬਣਾਉਣ ਲਈ ਬਘੇਲ ਸਿੰਘ ਨੇ ਵਿਧਾਇਕ ਨੂੰ ਕੁਝ ਅਜਿਹੇ ਸਬੂਤ ਦਿੱਤੇ, ਜਿਨ੍ਹਾਂ ਨਾਲ ਪੁਲਿਸ ਦੇ ਪੋਲ ਖੁਲ੍ਹਦੇ ਸਨ। ਵਿਧਾਇਕ ਨੂੰ ਨਾ ਧਰਨਾ ਮਾਰਨ ਦੀ ਜ਼ਰੂਰਤ ਪੈਣੀ ਸੀ, ਨਾ ਹੜਤਾਲ ਕਰਨ ਦੀ। ਮੁੱਖ-ਮੰਤਰੀ ਰਾਹੀਂ ਬਾਕੀ ਮਸਲਾ ਉਸਨੇ ਆਪੇ ਨਜਿੱਠ ਲੈਣਾ ਸੀ।

ਖ਼ਬਰਾਂ ਵਿਚ ਰਹਿਣਾ ਸਿਆਸੀ ਬੰਦਿਆਂ ਦੀ ਮਜਬੂਰੀ ਸੀ। ਅੰਨ੍ਹਾ ਕੀ ਭਾਲੇ, ਦੋ ਅੱਖਾਂ! ਭਾਈਚਾਰੇ ਨੂੰ ਖੁਸ਼ ਕਰਨ ਲਈ ਵਿਧਾਇਕ ਝੱਟ ਪ੍ਰੈੱਸ-ਕਾਨਫਰੰਸ ਬਲਾਉਣ ਲਈ ਮੰਨ ਗਿਆ।

ਪੱਤਰਕਾਰ ਭਰਿੰਡਾਂ ਵਾਂਗ ਇਕੱਠੇ ਹੋ ਗਏ। ਸੁਰਖ਼ੀਆਂ ਲੱਭਣਾ ਉਨ੍ਹਾਂ ਦੀ ਮਜਬੂਰੀ ਸੀ।

ਅਗਲੇ ਦਿਨ ਸਣੇ ਫ਼ੋਟੋ ਖ਼ਬਰਾਂ ਛਪ ਗਈਆਂ।

ਕੁਝ ਦਿਨਾਂ ਤੋਂ ਠੰਡਾ ਪਿਆ ਮਸਲਾ ਫੇਰ ਭਖ ਗਿਆ।

ਬਘੇਲ ਸਿੰਘ ਨੇ ਮੁੱਖ-ਮੰਤਰੀ ਦੇ ਦਫ਼ਤਰ ਫ਼ੋਨ ਖੜਕਾਏ।

"ਵਿਰੋਧੀ ਧਿਰ ਦੀਆਂ ਧਮਕੀਆਂ ਦਾ ਲਾਹਾ ਲਿਆ ਜਾਵੇ। ਪੁਲਿਸ ਕਪਤਾਨ ਦੀ ਖਿਚਾਈ ਕਰਕੇ ਮਿਸਲ ਦੀਆਂ ਖ਼ਾਮੀਆਂ ਦੂਰ ਕਰਾਈਆਂ ਜਾਣ। ਹਾਈ ਕੋਰਟ ਵਿਚੋਂ ਦਰਖ਼ਾਸਤ ਰੱਦ ਕਰਾਉਣ ਦੀ ਉਸਦੀ ਨਿਜੀ ਜ਼ਿੰਮੇਵਾਰੀ ਲਾਈ ਜਾਵੇ।"

ਇੰਝ ਹੀ ਹੋਇਆ।

ਉਹ ਹੌਲਦਾਰ ਇਕ ਵਾਰ ਫੇਰ ਮੁਅੱਤਲ ਕੀਤਾ ਗਿਆ, ਜਿਹੜਾ ਕਚਹਿਰੀ ਜਾਣ ਦੀ ਥਾਂ ਮੇਲੂ ਦੀ ਡੇਅਰੀ ਵਿਚ ਜਾ ਕੇ ਸ਼ਰਾਬੀ ਹੋ ਗਿਆ ਸੀ। ਉਸਨੂੰ ਚਾਰ ਦਿਨਾਂ ਬਾਅਦ ਕਿਉਂ ਬਹਾਲ ਕੀਤਾ ਗਿਆ? ਇਹ ਸਪਸ਼ਟੀਕਰਨ ਕਪਤਾਨ ਤੋਂ ਮੰਗਿਆ ਗਿਆ।

ਇੰਨੇ ਕੁ ਝਟਕੇ ਨਾਲ ਪੁਲਿਸ ਹਰਕਤ ਵਿਚ ਆ ਗਈ। ਮਿਸਲ ਮੁਕੰਮਲ ਕਰਾਉਣ ਲਈ ਕਪਤਾਨ ਦਿਲਚਸਪੀ ਲੈਣ ਲੱਗਾ।

ਪਹਿਲਾਂ ਆਪਣੇ ਰੀਡਰ ਰਾਹੀਂ ਉਸ ਨੇ ਮਿਸਲ ਜ਼ਿਲ੍ਹਾ ਅਟਾਰਨੀ ਕੋਲ ਭੇਜੀ। ਉਹ ਮਿਸਲ ਨੂੰ ਘੋਖੇ, ਖ਼ਾਮੀਆਂ ਦੂਰ ਕਰਾਏ।

ਜ਼ਿਲ੍ਹਾ ਅਟਾਰਨੀ ਨੇ ਇਸੇ ਤਰ੍ਹਾਂ ਕੀਤਾ। ਪੰਕਜ ਹੋਰਾਂ ਵਿਰੁੱਧ ਜੋ ਕੁਝ ਮਿਸਲ 'ਤੇ ਲਿਆਂਦਾ ਜਾ ਸਕਦਾ ਸੀ, ਲਿਆਂਦਾ। ਝੂਠੇ ਸੱਚੇ ਗਵਾਹ ਖੜ੍ਹੇ ਕਰਕੇ ਉਨ੍ਹਾਂ ਦੇ ਬਿਆਨ ਲਿਖੇ। ਕਿਸੇ ਨੂੰ ਸਾਜ਼ਸ਼ ਘੜਦੇ ਅਤੇ ਕਿਸੇ ਨੂੰ ਪੰਕਜ ਨੂੰ ਠੇਕੇਦਾਰ ਨੂੰ ਪੈਸੇ ਦਿੰਦੇ ਦਿਖਾਇਆ।

ਮਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਜ਼ਿਲ੍ਹਾ ਅਟਾਰਨੀ ਨੇ ਮਰੇ ਸੱਪ ਨੂੰ ਆਪਣੇ ਗਲੋਂ ਲਾਹੁਣਾ ਠੀਕ ਸਮਝਿਆ। ਮਿਸਲ ਮੁਕੰਮਲ ਕਰਵਾ ਕੇ ਉਸਨੇ ਕਪਤਾਨ ਨੂੰ ਮਸ਼ਵਰਾ ਦਿੱਤਾ। ਬਹਿਸ ਕਿਸੇ ਐਡਵੋਕੇਟ ਜਨਰਲ ਨੇ ਕਰਨੀ ਸੀ। ਉਸਦੀ ਤਸੱਲੀ ਹੋਣੀ ਜ਼ਰੂਰੀ ਸੀ।

"ਹੁਣ ਮਿਸਲ ਐਡਵੋਕੇਟ ਜਨਰਲ ਕੋਲ ਲੈ ਜਾਵੋ। ਬਾਕੀ ਦੀ ਕਸਰ ਉਸ ਤੋਂ ਪੁੱਛ ਕੇ ਦੂਰ ਕਰੋ। ਮਿਸਲ ਦੇ ਨਾਲ ਕਿਸੇ ਜ਼ਿੰਮੇਵਾਰ ਅਫ਼ਸਰ ਨੂੰ ਭੇਜੋ। ਤੁਰੰਤ ਪੈਰ ਕੁਝ ਨਹੀਂ ਹੋਣਾ।"

ਕਪਤਾਨ ਨੂੰ ਜ਼ਿਲ੍ਹਾ ਅਟਾਰਨੀ ਦਾ ਇਹ ਮਸ਼ਵਰਾ ਬਹੁਤ ਕੀਮਤੀ ਲੱਗਾ। ਝੱਟ ਇਸ 'ਤੇ ਅਮਲ ਹੋਇਆ।

ਐਡਵੋਕੇਟ ਜਨਰਲ ਨਾਲ ਗੱਲ ਕਰਨਾ ਰੀਡਰ ਦੇ ਵੱਸ ਵਿਚ ਨਹੀਂ ਸੀ। ਇਕ ਐਸ.ਪੀ. ਦੀ ਡਿਊਟੀ ਲਾਈ ਗਈ। ਵਿਚਾਰ-ਵਟਾਂਦਰਾ ਐਸ.ਪੀ. ਕਰੇਗਾ। ਇਕ ਜ਼ਿਲ੍ਹਾ ਅਟਾਰਨੀ ਕਪਤਾਨ ਦੇ ਦਫ਼ਤਰ ਤਾਇਨਾਤ ਸੀ। ਉਸਨੂੰ ਬੇਨਤੀ ਕੀਤੀ ਗਈ। ਉਹ ਵੀ ਨਾਲ ਚਲਿਆ ਜਾਵੇ। ਜ਼ਰੂਰੀ ਨੁਕਤੇ ਸਮਝਾਵੇ। ਵਾਪਸ ਆ ਕੇ ਨੁਕਸ ਦੂਰ ਕਰਵਾਵੇ। ਨਾਲ ਗਏ ਅਫ਼ਸਰ ਏ.ਜੀ. ਦੇ ਕੰਨੀਂ ਕੱਢ ਆਉਣ। ਮੁੱਖ-ਮੰਤਰੀ ਇਸ ਦਰਖ਼ਾਸਤ ਨੂੰ ਰੱਦ ਕਰਾਉਣ ਵਿਚ ਦਿਲਚਸਪੀ ਰੱਖਦੇ ਸਨ। ਇਹ ਨਾ ਹੋਵੇ ਐਡਵੋਕੇਟ ਜਨਰਲ ਪਹਿਲਾਂ ਕਿਤੇ ਅੱਟੀ-ਸੱਟੀ ਲਾ ਲਏ। ਉਸਨੂੰ ਸਾਵਧਾਨ ਕਰ ਆਉਣ।

ਪੁਲਿਸ ਨੂੰ ਕੰਮ ਲਾ ਕੇ ਬਘੇਲ ਸਿੰਘ ਐਡਵੋਕੇਟ ਜਨਰਲ ਦੇ ਦੁਆਲੇ ਹੋ ਗਿਆ।

ਮੁੱਖ-ਮੰਤਰੀ ਵੱਲੋਂ ਐਡਵੋਕੇਟ ਜਨਰਲ ਨੂੰ ਹਦਾਇਤ ਜਾਰੀ ਕਰਵਾਈ ਗਈ।

ਐਡਵੋਕੇਟ ਜਨਰਲ ਬੈਂਚ ਵਿਚ ਬੈਠੇ ਜੱਜਾਂ ਨਾਲ ਨਿਜੀ ਸੰਪਰਕ ਕਾਇਮ ਕਰਨ। ਬੈਂਚ ਦਾ ਸੀਨੀਅਰ ਜੱਜ ਇਸੇ ਸਰਕਾਰ ਦਾ ਲਾਇਆ ਹੋਇਆ ਸੀ। ਉਸਨੂੰ ਬੇਨਤੀ ਕੀਤੀ ਜਾਵੇ। ਸਰਕਾਰ ਦਾ ਵੱਕਾਰ ਦਾਅ ਉੱਪਰ ਸੀ। ਜੱਜ ਨੇ ਇਹ ਵੱਕਾਰ ਬਹਾਲ ਕਰਨਾ ਸੀ। ਜੇ ਜੱਜ ਅਹਿਸਾਨ-ਫਰਾਮੋਸ਼ੀ ਕਰਦਾ ਨਜ਼ਰ ਆਵੇ ਤਾਂ ਐਡਵੋਕੇਟ ਜਨਰਲ ਖੁਫ਼ੀਆ ਵਿਭਾਗ ਵੱਲੋਂ ਮਿਲੀ ਸੂਚਨਾ ਦਾ ਜ਼ਿਕਰ ਕਰ ਦੇਵੇ। ਖੁਫ਼ੀਆ ਵਿਭਾਗ ਕੋਲ ਇਹ ਸਬੂਤ ਨਹੀਂ ਸਨ ਕਿ ਕਿਸ ਰਾਹੀਂ ਕਿੰਨੀ ਰਕਮ ਗਈ ਸੀ, ਪਰ ਸੂਚਨਾ ਪੱਕੀ ਸੀ ਕਿ ਕੋਠੀ ਰਕਮ ਪੁੱਜ ਚੁੱਕੀ ਸੀ। ਸਰਕਾਰ ਦੇ ਨਾਲ ਨਾਲ ਜੱਜ ਨੂੰ ਆਪਣੀ ਇੱਜ਼ਤ ਦਾ ਖ਼ਿਆਲ ਰੱਖਣਾ ਚਾਹੀਦਾ ਸੀ।

ਰਹਿੰਦੀ ਖੂੰਹਦੀ ਕਸਰ ਪੁਲਿਸ ਮੁਖੀ ਨੇ ਕੱਢਣੀ ਸੀ।

ਉਸਨੇ ਪੇਸ਼ੀ ਤੋਂ ਇਕ ਦਿਨ ਪਹਿਲਾਂ ਵੱਡੀ ਪ੍ਰੈੱਸ ਕਾਨਫਰੰਸ ਕਰਕੇ ਪ੍ਰੈੱਸ ਦੇ ਨਾਂ ਲਿਖਤੀ ਨੋਟ ਜਾਰੀ ਕਰਨਾ ਸੀ। ਬਾਕੀ ਰਹਿੰਦੇ ਤਿੰਨਾਂ ਮੁਲਜ਼ਮਾਂ ਦੀ ਬਿਹਾਰੋਂ ਗ੍ਰਿਫ਼ਤਾਰੀ ਦੀ ਖ਼ਬਰ ਨਸ਼ਰ ਕਰਨੀ ਸੀ। ਨਾਲ ਉਨ੍ਹਾਂ ਵੱਲੋਂ ਦਿੱਤੇ ਇਕਬਾਲੀਆ ਬਿਆਨਾਂ ਦੀਆਂ



ਟੇਪਾਂ ਪੱਤਰਕਾਰਾਂ ਨੂੰ ਸੁਣਾਉਣੀਆਂ ਸਨ। ਇਨ੍ਹਾਂ ਬਿਆਨਾਂ ਵਿਚ ਦੋਸ਼ੀਆਂ ਵੱਲੋਂ ਸਾਰੀ ਜ਼ਿੰਮੇਵਾਰੀ ਪੰਕਜ ਹੋਰਾਂ ਸਿਰ ਮੜ੍ਹਨੀ ਸੀ।

ਪੰਕਜ ਹੋਰਾਂ ਦੇ ਕੁਝ ਹੀ ਸਾਲਾਂ ਵਿਚ ਕਰੋੜਾਂ ਦੀ ਜਾਇਦਾਦ ਇਕੱਠੀ ਕਰਨ ਦਾ ਕੱਚਾ ਚਿੱਠਾ ਖੋਲ੍ਹਿਆ ਜਾਣਾ ਸੀ। ਇਸ ਜਾਇਦਾਦ ਦੇ ਇਕੱਠੇ ਹੋਣ ਦਾ ਕਾਰਨ ਉਨ੍ਹਾਂ ਦਾ ਅੰਡਰ-ਵਰਲਡ ਨਾਲ ਸੰਬੰਧ ਹੋਣਾ ਦੱਸਿਆ ਜਾਣਾ ਸੀ। ਇਸ ਜਾਇਦਾਦ ਦੀ ਪੜਤਾਲ ਲਈ ਕਮਿਸ਼ਨ ਦੇ ਗਠਨ ਦੀ ਤਜਵੀਜ਼ ਦਾ ਜ਼ਿਕਰ ਹੋਣਾ ਸੀ।

ਪੁਲਿਸ ਮੁਖੀ ਦਾ ਇਹ ਬਿਆਨ ਅੰਗਰੇਜ਼ੀ ਅਖ਼ਬਾਰਾਂ ਦੇ ਪਹਿਲੇ ਪੰਨੇ 'ਤੇ ਛਪਣਾ ਸੀ। ਜੱਜ ਅੰਗਰੇਜ਼ੀ ਭਾਸ਼ਾ ਦੇ ਅਖ਼ਬਾਰ ਪੜ੍ਹਦੇ ਸਨ। ਸਵੇਰੇ ਉਨ੍ਹਾਂ ਦੀ ਪਹਿਲੀ ਨਜ਼ਰ ਇਸੇ ਖ਼ਬਰ 'ਤੇ ਪੈਣੀ ਸੀ। ਇਸ ਖ਼ਬਰ ਨੇ ਜੱਜਾਂ ਦੇ ਮਨਾਂ ਨੂੰ ਬਦਲ ਦੇਣਾ ਸੀ।

ਬਘੇਲ ਸਿੰਘ ਹੋਰ ਅੱਗੇ ਦੀ ਸੋਚੀ ਬੈਠਾ ਸੀ।

ਉਹ ਪੰਕਜ ਹੋਰਾਂ ਨੂੰ ਸੁਪਰੀਮ ਕੋਰਟ ਤਕ ਨਹੀਂ ਸੀ ਜਾਣ ਦੇਣਾ ਚਾਹੁੰਦਾ। ਦਰਖ਼ਾਸਤ ਦੇ ਖਾਰਜ ਹੁੰਦਿਆਂ ਹੀ ਪੁਲਿਸ ਨੇ ਉਨ੍ਹਾਂ ਨੂੰ ਦਬੋਚ ਲੈਣਾ ਸੀ।

ਪੁਲਿਸ ਮੁਖੀ ਦੀ ਹਦਾਇਤ ਉਪਰ ਇਕ ਵਿਸ਼ੇਸ਼ ਪੁਲਿਸ ਪਾਰਟੀ ਤਿਆਰ ਕੀਤੀ ਗਈ। ਇਸ ਪਾਰਟੀ ਨੂੰ ਮੋਬਾਈਲ ਫ਼ੋਨ, ਕਾਰਾਂ ਅਤੇ ਹਰ ਆਧੁਨਿਕ ਸਹੂਲਤ ਦਿੱਤੀ ਗਈ। ਦੋ ਦਿਨ ਪਹਿਲਾਂ ਹੀ ਇਹ ਪਾਰਟੀ ਪੰਕਜ ਅਤੇ ਨੀਰਜ ਦਾ ਪਰਛਾਵੇਂ ਵਾਂਗ ਪਿੱਛਾ ਕਰਨ ਲਗੀ।

ਪੁਲਿਸ ਮੁਖੀ ਦੀ ਇਸ ਪਾਰਟੀ ਨੂੰ ਹਦਾਇਤ ਸੀ। ਦਰਖ਼ਾਸਤ ਖਾਰਜ਼ ਹੁੰਦੇ ਹੀ ਇਸ ਪਾਰਟੀ ਨੂੰ ਸੂਚਿਤ ਕੀਤਾ ਜਾਏਗਾ। ਮੁਲਜ਼ਮ ਚਾਹੇ ਕਿਸੇ ਅਫ਼ਸਰ ਦੇ ਘਰ ਛੁਪੇ ਹੋਣ, ਚਾਹੇ ਕਿਸੇ ਸਿਆਸੀ ਨੇਤਾ ਦੇ, ਬਿਨਾਂ ਕਿਸੇ ਦੀ ਪਰਵਾਹ ਕੀਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਏਗਾ। ਗ੍ਰਿਫ਼ਤਾਰੀ ਸਮੇਂ ਹਥੋ-ਪਾਈ ਜਾਂ ਖਿਚ-ਧੂਹ ਕਰਨੀ ਪਈ ਤਾਂ ਕੀਤੀ ਜਾ ਸਕਦੀ ਸੀ।

ਵਿਉਪਾਰਕ ਚਾਲਾਂ ਸਿਆਸੀ ਚਾਲਾਂ ਅੱਗੇ ਮਾਤ ਖਾ ਗਈਆਂ।

ਪੰਕਜ ਹੋਰਾਂ ਨੂੰ ਇੰਝ ਗ੍ਰਿਫ਼ਤਾਰ ਕਰਨ ਦੀ ਯੋਜਨਾ ਬਣ ਰਹੀ ਸੀ, ਇਸਦਾ ਖ਼ਿਆਲ ਪੰਕਜ ਹੋਰਾਂ ਨੂੰ ਕੀ ਆਉਣਾ ਸੀ, ਤੇਜ਼-ਤਰਾਰ ਵਾਸੂਦੇਵਾ ਨੂੰ ਵੀ ਨਹੀਂ ਸੀ ਆਇਆ।

ਵਾਸੂਦੇਵਾ ਨੂੰ ਦਰਖ਼ਾਸਤ ਮਨਜ਼ੂਰ ਹੋਣ ਦੀ ਸੌ ਫੀਸਦੀ ਆਸ ਸੀ। ਖ਼ੁਦਾ ਨਾ ਖਾਸਤਾ ਜੇ ਦਰਖ਼ਾਸਤ ਨਾ-ਮਨਜ਼ੂਰ ਹੋ ਗਈ ਤਾਂ ਉਸਨੇ ਝੱਟ ਪੱਟ ਦਰਖ਼ਾਸਤ ਸੁਪਰੀਮ ਕੋਰਟ ਲਾਉਣ ਦਾ ਇੰਤਜ਼ਾਮ ਕਰ ਰੱਖਿਆ ਸੀ। ਉਥੋਂ ਦੇ ਵਕੀਲਾਂ ਵੱਲੋਂ ਮਸੌਦਾ ਤਿਆਰ ਸੀ। ਪੰਕਜ ਦੇ ਦਿੱਲੀ ਪੁੱਜਦਿਆਂ ਹੀ ਉਸਦੇ ਦਸਤਖ਼ਤ ਹੋ ਜਾਣੇ ਸਨ ਅਤੇ ਦਰਖ਼ਾਸਤ ਦਾਇਰ ਹੋ ਜਾਣੀ ਸੀ।

ਦਰਖ਼ਾਸਤ 'ਤੇ ਬਹਿਸ ਸਵੇਰੇ ਹੋਈ ਸੀ। ਫੈਸਲਾ ਬਾਅਦ ਦੁਪਹਿਰ ਹੋਣਾ ਸੀ।

ਪਹਿਲਾਂ ਵਾਸੂਦੇਵਾ ਨੂੰ ਦਰਖ਼ਾਸਤ ਖਾਰਜ਼ ਹੋਣ ਦੀ ਖ਼ਬਰ ਮਿਲੀ। ਅਗਲੇ ਹੀ ਪਲ ਪੰਕਜ ਦੇ ਗ੍ਰਿਫ਼ਤਾਰ ਹੋਣ ਦੀ। ਪੁਲਿਸ ਨੇ ਉਸਨੂੰ ਦਿੱਲੀ ਦੇ ਰਾਹ ਵਿਚ ਦਬੋਚ ਲਿਆ ਸੀ।

ਵਾਸੂਦੇਵਾ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸਨੂੰ ਆਪਣੇ ਆਪ 'ਤੇ ਇੰਨਾ ਭਰੋਸਾ ਨਹੀਂ ਸੀ ਕਰਨਾ ਚਾਹੀਦਾ। ਉਸਨੂੰ ਮੁਲਜ਼ਮਾਂ ਨੂੰ ਸ਼ਰੇ-ਆਮ ਘੁੰਮਣ

ਨਹੀਂ ਸੀ ਦੇਣਾ ਚਾਹੀਦਾ। ਲੁਕ ਛਿਪ ਕੇ ਦਿੱਲੀ ਜਾਣ ਦਾ ਮਸ਼ਵਰਾ ਦੇਣਾ ਚਾਹੀਦਾ ਸੀ।

ਪਰ ਹੁਣ ਚਿੜੀਆਂ ਦੇ ਖੇਤ ਚੁੱਗ ਜਾਣ ਬਾਅਦ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ ਸੀ।

## -52-

ਨੀਰਜ ਨੂੰ ਪੁਲਿਸ ਇੱਲ ਵਾਂਗ ਝਪਟ ਕੇ ਲੈ ਜਾਏਗੀ, ਇਹ ਕਿਸੇ ਦੇ ਚਿਤ ਚੇਤੇ ਨਹੀਂ ਸੀ।

ਵਿਨੇ ਦੀ ਫੈਕਟਰੀ ਤੋਂ ਫ਼ੋਨ ਆਇਆ ਸੀ। ਪੁਲਿਸ ਦੋ ਜਿਪਸੀਆਂ ਵਿਚ ਆਈ ਸੀ। ਨੀਰਜ ਨੂੰ ਧੱਕੇ ਨਾਲ ਇਕ ਕਾਲੇ ਸ਼ੀਸ਼ਿਆਂ ਵਾਲੀ ਕਾਰ ਵਿਚ ਸੁੱਟ ਕੇ ਲੈ ਗਈ ਸੀ। ਫੈਕਟਰੀ ਦੇ ਮੈਨੇਜ਼ਰ ਨੇ ਬਹੁਤ ਮਿੰਨਤ ਕੀਤੀ। ਦੱਸਿਆ ਜਾਵੇ ਪੁਲਿਸ ਕਿਸ ਸਟਾਫ਼ ਦੀ ਸੀ। ਪਰ ਪੁਲਿਸ ਨੇ ਕੋਈ ਉੱਘ-ਸੁੱਘ ਨਹੀਂ ਸੀ ਦਿੱਤੀ।

ਨੀਰਜ ਦੀ ਪਤਨੀ ਨੇ ਝੱਟ ਚਾਰੇ ਪਾਸੇ ਫ਼ੋਨ ਖੜਕਾ ਦਿੱਤੇ। ਸਾਰੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨੂੰ ਕੋਠੀ ਪਹੁੰਚਣ ਦੀ ਬੇਨਤੀ ਕੀਤੀ।

ਪੰਕਜ ਦੀ ਪਤਨੀ ਨੇ ਮੋਬਾਇਲ ਰਾਹੀਂ ਪੰਕਜ ਨਾਲ ਸੰਪਰਕ ਕੀਤਾ। ਘੰਟੀ ਵੱਜੀ ਪਰ ਫ਼ੋਨ ਨਹੀਂ ਚੱਲਿਆ। ਦੂਜੀ ਵਾਰ ਫ਼ੋਨ ਮਿਲਾਇਆ। ਟੇਪ ਵੱਜਣ ਲੱਗੀ। "ਫ਼ੋਨ ਬੰਦ ਹੈ।"

ਨੀਲੂ ਦਾ ਦਿਲ ਧੜਕਨ ਲੱਗਾ। ਪੰਕਜ ਦੇ ਫ਼ੋਨ ਉਪਰ ਘਰ ਦਾ ਫ਼ੋਨ ਨੰਬਰ ਆ ਚੁੱਕਾ ਸੀ। ਉਸ ਨੂੰ ਪਤਾ ਲਗ ਚੁੱਕਾ ਸੀ ਫ਼ੋਨ ਘਰੋਂ ਆਇਆ ਸੀ। ਫੇਰ ਉਸਨੇ ਫ਼ੋਨ ਸੁਣਨ ਦੀ ਥਾਂ ਬੰਦ ਕਿਉਂ ਕਰ ਦਿੱਤਾ? ਲਗਦਾ ਸੀ ਉਹ ਕਿਸੇ ਸੰਕਟ ਵਿਚ ਸੀ।

ਕਿਧਰੇ ਉਸਨੂੰ ਵੀ ਗ੍ਰਿਫ਼ਤਾਰ ਨਾ ਕਰ ਲਿਆ ਹੋਵੇ? ਨੀਲੂ ਦੇ ਅੰਦਰੋਂ ਅਵਾਜ਼ ਆਈ।

ਸ਼ੱਕ ਦੂਰ ਕਰਨ ਲਈ ਨੀਲੂ ਨੇ ਪੰਕਜ ਨਾਲ ਗਏ ਦੋਸਤਾਂ ਦੇ ਫ਼ੋਨ ਮਿਲਾਏ। ਸਭ ਫ਼ੋਨ ਇਕੋ ਰੱਟ ਲਾ ਰਹੇ ਸਨ। ਫ਼ੋਨ ਰੇਂਜ ਤੋਂ ਬਾਹਰ ਸਨ।

ਸਾਰੇ ਜਣੇ ਗਏ ਤਾਂ ਕਿੱਥੇ? ਨੀਲੂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

ਸੁਨੇਹਾ ਮਿਲਦੇ ਹੀ ਦੋਸਤ ਮਿੱਤਰ ਕੋਠੀ ਪੁੱਜਣ ਲਗੇ। ਕੋਠੀ ਅੱਗੇ ਗੱਡੀਆਂ ਦੀ ਭੀੜ ਜੁੜ ਗਈ। ਆ ਰਹੇ ਹਮਾਇਤੀਆਂ ਦੇ ਹੱਥਾਂ ਵਿਚ ਆਪਣੇ-ਆਪਣੇ ਫ਼ੋਨ ਸਨ। ਹਰ ਕੋਈ ਆਪਣੇ-ਆਪਣੇ ਵਾਕਿਫ਼ ਨਾਲ ਸੰਪਰਕ ਕਾਇਮ ਕਰਕੇ ਸਥਿਤੀ ਤੋਂ ਜਾਣੂ ਹੋਣ ਦੀ ਕੋਸ਼ਿਸ਼ ਕਰਨ ਲੱਗਾ।

'ਧੀਰ ਕੰਸਟਰਕਸ਼ਨ ਕੰਪਨੀ' ਦਾ ਮਾਲਕ ਦੇਵਰਾਜ ਧੀਰ ਡੀ.ਆਈ.ਜੀ. ਦਾ ਲੰਗੋਟੀਆ ਯਾਰ ਸੀ। ਉਹ ਨੇ ਆਉਂਦਿਆਂ ਹੀ ਉਸਦੀ ਕੋਠੀ ਫ਼ੋਨ ਕੀਤਾ। ਜਵਾਬ ਮਿਲਿਆ ਸਾਹਿਬ ਸ਼ਹਿਰੋਂ ਬਾਹਰ ਸਨ। ਧੀਰ ਨੇ ਰੀਡਰ ਨਾਲ ਗੱਲ ਕੀਤੀ। ਨੀਰਜ ਨੂੰ ਕਿਸ ਪੁਲਿਸ ਨੇ ਫੜਿਆ ਸੀ? ਹੁਣ ਉਹ ਕਿਥੇ ਸੀ? ਉਸਨੇ ਸਵਾਲਾਂ ਦੀ ਝੜੀ ਲਾਈ।

ਰੀਡਰ ਨੂੰ ਪਤਾ ਸੀ ਧੀਰ ਅਤੇ ਡੀ.ਆਈ.ਜੀ. ਪੱਗ-ਵੱਟ ਭਰਾ ਸਨ। ਸਾਹਿਬ ਨੇ ਕਦੇ ਧੀਰ ਨੂੰ ਕਿਸੇ ਕੰਮੋਂ ਨਾਂਹ ਨਹੀਂ ਸੀ ਕੀਤੀ। ਉਸ ਵੱਲੋਂ ਰੀਡਰ ਨੂੰ ਹਦਾਇਤ ਸੀ। ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ ਧੀਰ ਨੂੰ ਕਦੇ ਲੋੜ ਪਏ ਤਾਂ ਸਾਹਿਬ ਦਾ ਨਾਂ ਲੈ ਕੇ ਉਸਦਾ



ਕੰਮ ਕਰਵਾ ਦਿੱਤਾ ਜਾਵੇ।

ਰੀਡਰ ਨੇ ਸਹੁੰ ਖਾਧੀ। ਉਸ ਨੂੰ ਕੁਝ ਪਤਾ ਨਹੀਂ ਸੀ। ਉਨ੍ਹਾਂ ਦੇ ਦਫ਼ਤਰ ਵੱਲੋਂ ਨੀਰਜ ਨੂੰ ਫੜਨ ਦੀ ਕੋਈ ਹਦਾਇਤ ਜਾਰੀ ਨਹੀਂ ਸੀ ਹੋਈ। ਨਾ ਉਸਦੀ ਗ੍ਰਿਫ਼ਤਾਰੀ ਸੰਬੰਧੀ ਡੀ.ਆਈ.ਜੀ. ਦਫ਼ਤਰ ਨੂੰ ਕਿਸੇ ਪਾਸਿਉਂ ਸੂਚਨਾ ਮਿਲੀ ਸੀ।

ਡਾਕਟਰ ਚਾਵਲਾ ਨੇ ਪੁਲਿਸ ਕਪਤਾਨ ਨੂੰ ਫ਼ੋਨ ਕੀਤਾ। ਉਹ ਕਪਤਾਨ ਦਾ ਦੋਸਤ ਵੀ ਸੀ ਅਤੇ ਫੈਮਲੀ ਡਾਕਟਰ ਵੀ। ਕਪਤਾਨ ਦੇ ਸਾਰੇ ਰੋਗਾਂ ਦਾ ਉਸ ਨੂੰ ਪਤਾ ਸੀ। ਉਹ ਹਮ-ਰਾਜ਼ ਸਨ। ਇਕ ਦੂਜੇ ਦੀਆਂ ਕਮਜ਼ੋਰੀਆਂ ਨੂੰ ਜਾਣਦੇ ਸਨ। ਚਾਵਲਾ ਕਪਤਾਨ ਦੇ ਉਨ੍ਹਾਂ ਮਿੱਤਰਾਂ ਵਿਚੋਂ ਇਕ ਸੀ ਜਿਸਨੂੰ ਕਪਤਾਨ ਦੇ ਗੁਪਤ ਮੋਬਾਈਲ ਫ਼ੋਨ ਨੰਬਰ ਦਾ ਪਤਾ ਸੀ। ਕਪਤਾਨ ਦਾ ਇਹ ਫ਼ੋਨ ਬੈੱਡ-ਰੂਮ ਵਿਚ ਵੀ ਖੁਲ੍ਹਾ ਰਹਿੰਦਾ ਸੀ ਅਤੇ ਬਾਥ-ਰੂਮ ਵਿਚ ਵੀ।

ਅੱਜ ਪਹਿਲੀ ਵਾਰ ਸੀ, ਜਦੋਂ ਇਹ ਫ਼ੋਨ ਵੀ ਬੰਦ ਪਏ ਹੋਣ ਦਾ ਸੰਕੇਤ ਦੇ ਰਿਹਾ ਸੀ।

ਇਹ ਸ਼ੁਭ ਸ਼ਗਨ ਨਹੀਂ ਸੀ। ਅਫ਼ਸਰਾਂ ਦਾ ਇਸ ਤਰ੍ਹਾਂ ਟਲਨਾ ਖ਼ਤਰੇ ਦਾ ਸੂਚਕ ਸੀ। ਮਤਲਬ ਸਾਫ਼ ਸੀ। ਕੇਸ ਉਨ੍ਹਾਂ ਦੇ ਹੱਥੋਂ ਨਿਕਲ ਚੁੱਕਾ ਸੀ। ਉਹ ਮਦਦ ਕਰਨ ਤੋਂ ਅਸਮਰੱਥ ਸਨ। ਡਰਦੇ ਮੂੰਹ ਲਕੋ ਰਹੇ ਸਨ।

ਹਮਾਇਤੀਆਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ। ਹਰ ਪੰਜ ਮਿੰਟਾਂ ਵਿਚ ਦਸ ਹਮਾਇਤੀ ਕੋਠੀ ਪੁੱਜਣ ਲਗੇ। ਬਾਹਰਲੇ ਰਿਸ਼ਤੇਦਾਰਾਂ ਦੇ ਵਾਪਸੀ ਫ਼ੋਨ ਆਉਣ ਲੱਗੇ। ਕੋਈ ਮਾਇਆ ਨਗਰ ਵੱਲ ਚੱਲ ਪਿਆ ਸੀ ਅਤੇ ਕੋਈ ਬਾਹਰ ਪੁੱਜ ਗਿਆ ਸੀ।

ਨੀਰਜ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣ ਕੇ ਸਿੰਗਲਾ ਵੀ ਕੋਠੀ ਆ ਗਿਆ। ਉਸਦੇ ਸਾਇਲਾਂ ਨੂੰ ਉਸਦੀ ਸਹਾਇਤਾ ਦੀ ਜ਼ਰੂਰਤ ਪੈ ਸਕਦੀ ਸੀ।

"ਇਹ ਕੀ ਹੋਇਐ?" ਸਿੰਗਲੇ ਦੇ ਕੋਠੀ ਵੜਦਿਆਂ ਹੀ ਹਮਾਇਤੀਆਂ ਦਾ ਝੁਰਮਟ ਕਾਨੂੰਨੀ ਸਥਿਤੀ ਜਾਨਣ ਲਈ ਉਸ ਦੁਆਲੇ ਜੁੜ ਗਿਆ।

"ਮੇਰਾ ਖਿਆਲ ਹੈ ਹਾਈ ਕੋਰਟੋਂ ਆਪਣੀ ਦਰਖ਼ਾਸਤ ਰੱਦ ਹੋ ਗਈ। ਪੁਲਿਸ ਨੇ ਫੌਰੀ ਕਾਰਵਾਈ ਕਰਕੇ ਨੀਰਜ ਨੂੰ ਫੜ ਲਿਆ।"

"ਪੱਕਾ ਪਤਾ ਕਿਸ ਤਰ੍ਹਾਂ ਲੱਗੇ?"

"ਆਪਣੇ ਵਕੀਲ ਨੂੰ ਚੰਡੀਗੜ੍ਹ ਫ਼ੋਨ ਕਰੋ।"

ਘਰ ਦੇ ਕਿਸੇ ਮੈਂਬਰ ਨੂੰ ਨਾ ਵਕੀਲ ਦੇ ਨਾਂ ਦਾ ਪਤਾ ਸੀ, ਨਾ ਫ਼ੋਨ ਨੰਬਰ ਦਾ। ਉਹ ਬਾਹਰ ਕੀ ਕਰਦੇ ਸਨ ਇਸਦਾ ਜ਼ਿਕਰ ਕਦੇ ਘਰ ਨਹੀਂ ਸਨ ਕਰਦੇ। ਵਕੀਲ ਦਾ ਨਾਂ ਅਤੇ ਫ਼ੋਨ ਨੰਬਰ ਕਿਥੋਂ ਪਤਾ ਕੀਤਾ ਜਾਏ?

ਸਿੰਗਲੇ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਨ੍ਹਾਂ ਦਾ ਵਕੀਲ ਵਾਸੂਦੇਵਾ ਸੀ। ਵਕੀਲ ਕਰਨ ਜਾਂਦੇ ਸਮੇਂ ਉਹ ਉਨ੍ਹਾਂ ਦੇ ਨਾਲ ਗਿਆ ਸੀ। ਵਾਸੂਦੇਵਾ ਦਾ ਕਾਰਡ ਸਿੰਗਲੇ ਦੀ ਜੇਬ ਵਿਚ ਸੀ।

ਸਿੰਗਲੇ ਨੇ ਵਾਸੂਦੇਵਾ ਨੂੰ ਫ਼ੋਨ ਕੀਤਾ।

ਸਿੰਗਲੇ ਦਾ ਅੰਦਾਜ਼ਾ ਠੀਕ ਨਿਕਲਿਆ। ਜ਼ਮਾਨਤ ਦੀ ਅਰਜ਼ੀ ਖਾਰਜ਼ ਹੋ ਚੁੱਕੀ ਸੀ। ਅਪੀਲ ਕਰਨ ਪੰਕਜ ਦਿੱਲੀ ਜਾ ਰਿਹਾ ਸੀ। ਪੁਲਿਸ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਰਸਤੇ ਵਿਚ ਸਣੇ ਦੋਸਤ ਉਸਨੂੰ ਦਬੋਚ ਲਿਆ ਗਿਆ ਸੀ। ਵਾਸੂਦੇਵਾ ਨੂੰ ਪੰਕਜ

ਦੇ ਇਕ ਦੋਸਤ ਦਾ ਫ਼ੋਨ ਆਇਆ ਸੀ। ਇਸ ਤੋਂ ਪਹਿਲਾਂ ਕਿ ਵਾਸੂਦੇਵਾ ਪੂਰੀ ਸੂਚਨਾ ਪ੍ਰਾਪਤ ਕਰਦਾ ਦੋਸਤ ਦਾ ਫ਼ੋਨ ਕੱਟ ਗਿਆ। ਪਿਛੋਂ ਨਾ ਉਧਰੋਂ ਫ਼ੋਨ ਆਇਆ, ਨਾ ਵਾਸੂਦੇਵਾ ਦਾ ਫ਼ੋਨ ਮਿਲਿਆ। ਵਾਸੂਦੇਵਾ ਦਾ ਵਿਚਾਰ ਸੀ ਪੁਲਿਸ ਨੇ ਉਨ੍ਹਾਂ ਦੇ ਫ਼ੋਨ ਫੜ ਲਏ ਸਨ।

"ਹੁਣ ਕਿਥੇ ਹੋ ਸਕਦਾ ਹੈ ਪੰਕਜ?" ਡਾਕਟਰ ਚਾਵਲਾ ਨੇ ਕਾਨੂੰਨੀ ਨਜ਼ਰੀਏ ਤੋਂ ਸਿੰਗਲੇ ਨੂੰ ਪੁੱਛਿਆ।

"ਦੋ ਸਥਿਤੀਆਂ ਹੋ ਸਕਦੀਆਂ ਹਨ। ਪਹਿਲੀ ਇਹ ਕਿ ਪੰਕਜ ਨੂੰ ਜਿਸ ਮੈਜਿਸਟਰੇਟ ਦੀ ਹੱਦ ਵਿਚ ਫੜਿਆ ਗਿਆ ਹੈ, ਉਸ ਅੱਗੇ ਪੇਸ਼ ਕਰਨ। ਰਾਹਦਾਰੀ ਹਿਰਾਸਤ ਹਾਸਲ ਕਰਨ। ਪਰ ਇੰਝ ਪੁਲਿਸ ਨੇ ਕਰਨਾ ਨਹੀਂ। ਹੋ ਸਕਦਾ ਹੈ, ਉਨ੍ਹਾਂ ਨੇ ਪੰਕਜ ਨੂੰ ਇਕ ਦੋ ਦਿਨ ਠਹਿਰ ਕੇ ਪੇਸ਼ ਕਰਨਾ ਹੋਵੇ। ਪੇਸ਼ ਕਰਨ ਤੋਂ ਪਹਿਲਾਂ ਕਿਸੇ ਉੱਚ ਅਧਿਕਾਰੀ ਅੱਗੇ ਪੇਸ਼ ਕਰਨਾ ਹੋਵੇ। ਵੈਸੇ ਨੱਬੇ ਫ਼ੀਸਦੀ ਇਹ ਸੰਭਾਵਨਾ ਹੈ ਕਿ ਉਸ ਨੂੰ ਮਾਇਆ ਨਗਰ ਲਿਆਂਦਾ ਜਾਏਗਾ। ਮਿਸਲ ਦਾ ਘਰ ਪੂਰਾ ਕਰਕੇ ਦੋਹਾਂ ਭਰਾਵਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।"

ਇਸ ਦੌਰਾਨ ਪੰਕਜ ਦਾ ਸਹੁਰਾ ਲਾਲਾ ਪਰਮਾ ਨੰਦ ਸਮੇਤ ਆਪਣੇ ਸਾਥੀਆਂ ਦੇ ਨਾਲ ਕੋਠੀ ਪੁੱਜ ਪਿਆ। ਉਹ ਨੋਟਾਂ ਨਾਲ ਭਰੇ ਦੋ ਅਟੈਚੀ ਕੇਸ ਨਾਲ ਲਿਆਇਆ ਸੀ। ਆਉਂਦਿਆਂ ਹੀ ਸਭ ਤੋਂ ਪਹਿਲਾਂ ਉਸ ਨੇ ਉਹ ਅਟੈਚੀ ਕੇਸ ਆਪਣੀ ਧੀ ਦੇ ਹਵਾਲੇ ਕੀਤੇ :

"ਫ਼ਿਕਰ ਨਾ ਕਰ ਧੀਏ। ਮੈਂ ਪੈਸਾ ਪਾਣੀ ਵਾਂਗ ਬਹਾ ਦਿਆਂਗਾ। ਸਰਕਾਰ ਹਿਲਾ ਦਿਆਂਗਾ। ਦੇਖੀਂ ਆਥਣ ਨੂੰ ਪ੍ਰਾਹੁਣੇ ਘਰ ਆ ਜਾਣਗੇ।"

ਸਭ ਤੋਂ ਪਹਿਲਾਂ ਲਾਲਾ ਜੀ ਨੇ ਅੱਖਾਂ ਭਰੀ ਖੜ੍ਹੀ ਆਪਣੀ ਧੀ ਨੂੰ ਹਿੱਕ ਨਾਲ ਲਾ ਕੇ ਸੰਭਾਲਿਆ। ਫੇਰ ਨੀਲੂ ਦਾ ਸਿਰ ਪਲੋਸਿਆ।

ਲਾਲਾ ਜੀ ਦਾ ਸਾਂਢੂ ਹੁਣੇ-ਹੁਣੇ ਸੈਸ਼ਨ ਜੱਜ ਰਿਟਾਇਰ ਹੋਇਆ ਸੀ। ਉਹ ਚੰਡੀਗੜ੍ਹ ਰਹਿੰਦਾ ਸੀ। ਉਸਨੂੰ ਫ਼ੋਨ ਖੜਕਾ ਦਿੱਤਾ ਗਿਆ ਸੀ। ਉਹ ਪੁੱਜਣ ਵਾਲਾ ਸੀ। ਉਸਦੇ ਆਉਂਦੇ ਹੀ ਕਾਨੂੰਨੀ ਕਾਰਵਾਈ ਸ਼ੁਰੂ ਹੋ ਜਾਣੀ ਸੀ।

ਨੀਰਜ ਦੇ ਸਹੁਰੇ ਅੰਬਾਲੇ ਸਨ। ਸਹੁਰਾ ਸਰਦਾਰੀ ਲਾਲ ਇਨਕਮ ਟੈਕਸ ਕਮਿਸ਼ਨਰ ਸੀ। ਉਸਦੀ ਪੋਸਟਿੰਗ ਕਲਕੱਤੇ ਸੀ। ਉਸ ਨਾਲ ਸੰਪਰਕ ਹੋ ਚੁੱਕਾ ਸੀ। ਉਹ ਹਵਾਈ-ਕੰਪਨੀਆਂ ਨਾਲ ਸੰਪਰਕ ਕਰ ਰਿਹਾ ਸੀ। ਸੀਟ ਮਿਲਦੇ ਹੀ ਉਸਨੇ ਮਾਇਆ ਨਗਰ ਲਈ ਉੱਡ ਪੈਣਾ ਸੀ।

ਮਾਇਆ ਨਗਰ ਦਾ ਇਨਕਮ-ਟੈਕਸ ਕਮਿਸ਼ਨਰ ਮਹਿਤਾ ਉਸਦਾ ਬੈਚ-ਮੇਟ ਸੀ। ਸਰਦਾਰੀ ਲਾਲ ਨੇ ਉਸਨੂੰ ਫ਼ੋਨ ਕਰ ਦਿੱਤਾ ਸੀ। ਮਹਿਤੇ ਨੇ ਆਪਣੇ ਤੌਰ 'ਤੇ ਯਤਨ ਆਰੰਭ ਕਰ ਦਿੱਤੇ ਸਨ। ਪੁਲਿਸ ਵਾਂਗ ਇਨਕਮ ਟੈਕਸ ਵਾਲਿਆਂ ਤੋਂ ਸਾਰੀ ਦੁਨੀਆਂ ਡਰਦੀ ਸੀ। ਉਸਨੂੰ ਜਲਦੀ ਹੀ ਕੋਈ ਸੁਰਾਗ਼ ਮਿਲਣ ਦੀ ਸੰਭਾਵਨਾ ਸੀ।

ਸ਼ਾਮ ਤੱਕ ਰਿਸ਼ਤੇਦਾਰ ਤਾਂ ਦਿੱਲੀ ਦੱਖਣ ਤੋਂ ਪੁੱਜ ਗਏ, ਪਰ ਭਰਾਵਾਂ ਦੀ ਉੱਘ-ਸੁੱਘ ਨਾ ਨਿਕਲੀ। ਮੰਤਰੀ, ਪੁਲਿਸ-ਮੁੱਖੀ, ਕਪਤਾਨ, ਡਾਕਟਰ। ਜਿਥੇ ਜਿਸਦਾ ਹੱਥ ਪੈਂਦਾ ਸੀ, ਪਾ ਕੇ ਦੇਖ ਲਿਆ। ਪਰ ਕਿਧਰੋਂ ਕੋਈ ਹੁੰਗਾਰਾ ਨਹੀਂ ਸੀ ਮਿਲਿਆ।

ਜਦੋਂ ਘੁੰਡੀ ਖੁਲ੍ਹਣ 'ਤੇ ਆਈ ਤਾਂ ਇਕ ਮਾਮੂਲੀ ਵਿਅਕਤੀ ਕੋਲੋਂ ਖੁਲ੍ਹ ਗਈ।



ਸਿੰਗਲੇ ਦਾ ਮੁਨਸ਼ੀ ਕਿਸੇ ਕੰਮ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਗਿਆ ਸੀ। ਰੀਡਰ ਤੋਂ ਪਤਾ ਲੱਗਾ, ਸਾਹਿਬ ਨੀਲੋਂ ਰੈਸਟ-ਹਾਊਸ ਵਿਚ ਬੈਠਾ ਮਿਸਲ ਤਿਆਰ ਕਰਵਾ ਰਿਹਾ ਸੀ। ਕਿਹੜੀ ਮਿਸਲ? ਇਸ ਬਾਰੇ ਰੀਡਰ ਨੇ ਆਪ ਹੀ ਦੱਸ ਦਿੱਤਾ।

ਪੰਕਜ ਅਤੇ ਨੀਰਜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੁਲਿਸ ਰਿਮਾਂਡ ਹਾਸਲ ਕਰਨ ਲਈ ਦਰਖ਼ਾਸਤ ਤਿਆਰ ਕੀਤੀ ਜਾ ਰਹੀ ਸੀ। ਕੋਈ ਕਾਨੂੰਨੀ ਕਮੀ ਨਾ ਰਹਿ ਜਾਏ, ਇਸ ਲਈ ਕਪਤਾਨ ਜ਼ਿਲ੍ਹਾ ਅਟਾਰਨੀ ਨੂੰ ਨਾਲ ਲਈ ਬੈਠਾ ਸੀ।

ਕੋਠੀ ਵਿਚ ਸੈਂਕੜੇ ਬੰਦਿਆਂ ਦਾ ਇਕੱਠ ਹੋ ਚੁੱਕਾ ਸੀ। ਕਾਵਾਂ-ਰੌਲੀ ਪਈ ਹੋਈ ਸੀ। ਹਰ ਕੋਈ ਆਪਣੀ ਸਲਾਹ ਦੇ ਰਿਹਾ ਸੀ। ਹਰ ਕੋਈ ਆਪਣਾ ਰੋਹਬ ਪਾ ਰਿਹਾ ਸੀ। ਕੋਈ ਅਫ਼ਸਰੀ ਦਾ ਅਤੇ ਕੋਈ ਪੈਸੇ ਦਾ।

ਸਿੰਗਲਾ ਮਿਲੀ ਸੂਚਨਾ ਸਾਂਝੀ ਕਰੇ ਤਾਂ ਕਿਸ ਨਾਲ?

ਇੰਨੇ ਵਿਚ ਗੱਲ ਫੈਲ ਗਈ। ਸੈਸ਼ਨ ਜੱਜ ਸਾਹਿਬ ਆ ਗਏ। ਸਾਰਾ ਹਜੂਮ ਉਨ੍ਹਾਂ ਦੁਆਲੇ ਹੋ ਗਿਆ। ਤਰ੍ਹਾਂ ਤਰ੍ਹਾਂ ਦੇ ਸਵਾਲ ਹੋਣ ਲੱਗੇ।

ਕਿਸ਼ੋਰੀ ਲਾਲ ਨੂੰ ਜਿਉਂ ਹੀ ਥੋੜ੍ਹੀ ਜਿਹੀ ਵਿਹਲ ਮਿਲੀ, ਸਿੰਗਲੇ ਨੇ ਝੱਟ ਉਸ ਨਾਲ ਰਾਬਤਾ ਕਾਇਮ ਕੀਤਾ। ਆਪਣੀ ਜਾਣ-ਪਹਿਚਾਣ ਕਰਵਾ ਕੇ ਮਿਲੀ ਸੂਚਨਾ ਦਾ ਆਦਾਨ-ਪ੍ਰਦਾਨ ਕੀਤਾ।

"ਮਿਸਲ ਤਿਆਰ ਹੋ ਰਹੀ ਹੈ" ਇਹ ਖ਼ਬਰ ਸੁਣਕੇ ਕਿਸ਼ੋਰੀ ਲਾਲ ਨੂੰ ਰਾਹਤ ਮਹਿਸੂਸ ਹੋਈ। ਮਤਲਬ ਸਾਫ਼ ਸੀ। ਦੇਰ ਸਵੇਰ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ।

ਗੰਭੀਰ ਵਿਚਾਰ-ਵਟਾਂਦਰੇ ਲਈ ਕਿਸ਼ੋਰੀ ਲਾਲ, ਸਿੰਗਲੇ ਅਤੇ ਪਰਮਾਨੰਦ ਨੂੰ ਇਕ ਪਾਸੇ ਲੈ ਗਿਆ।

"ਹਨੇਰਾ ਹੋਣ ਵਾਲਾ ਹੈ। ਤੁਹਾਡਾ ਕੀ ਵਿਚਾਰ ਹੈ। ਪੁਲਿਸ ਹੁਣ ਉਨ੍ਹਾਂ ਨੂੰ ਮੈਜਿਸਟਰੇਟ ਅੱਗੇ ਪੇਸ਼ ਕਰੇਗੀ?"

ਕਿਸ਼ੋਰੀ ਲਾਲ ਪੈਂਤੀ ਸਾਲ ਇਹੋ ਕੰਮ ਕਰਦਾ ਰਿਹਾ ਸੀ। ਉਸਨੂੰ ਸਿੰਗਲੇ ਨਾਲੋਂ ਕਈ ਗੁਣਾ ਵੱਧ ਤਜਰਬਾ ਸੀ। ਪਰ ਆਪਣੇ ਕੇਸ ਬਾਰੇ ਉਸ ਤੋਂ ਸਹੀ ਅੰਦਾਜ਼ਾ ਨਹੀਂ ਸੀ ਲੱਗ ਰਿਹਾ।

"ਸੰਭਵ ਕੁਝ ਵੀ ਹੈ। ਪਰ ਅਜਿਹਾ ਹੋਣਾ ਨਹੀਂ ਚਾਹੀਦਾ। ਅੱਜ ਉਹ ਗ੍ਰਿਫ਼ਤਾਰੀ ਪਾਉਣਗੇ। ਕੱਲ੍ਹ ਨੂੰ ਪੇਸ਼ ਕਰਨਗੇ। ਮੈਨੂੰ ਇੰਝ ਜਾਪਦਾ ਹੈ। ਨਾ ਕਿਸੇ ਮੈਜਿਸਟਰੇਟ ਨੇ ਰਾਤ ਨੂੰ ਕੋਈ ਕਾਰਵਾਈ ਕਰਨੀ ਹੈ। ਤੁਹਾਨੂੰ ਅਰੋੜੇ ਮੈਜਿਸਟਰੇਟ ਵਾਲਾ ਕਿੱਸਾ ਪਤਾ ਹੀ ਹੋਣੈ।"

ਸਿੰਗਲਾ ਇਹ ਸਿੱਟਾ ਅਰੋੜਾ ਮੈਜਿਸਟਰੇਟ ਨਾਲ ਵਾਪਰੀ ਘਟਨਾ ਦੇ ਆਧਾਰ 'ਤੇ ਕੱਢ ਰਿਹਾ ਸੀ।

ਅਰੋੜੇ ਮੈਜਿਸਟਰੇਟ ਨੇ ਪੰਕਜ ਵਰਗੇ ਇਕ ਅਮੀਰਜ਼ਾਦੇ ਦੀ ਜ਼ਮਾਨਤ ਰਾਤ ਦੇ ਬਾਰਾਂ ਵਜੇ ਮਨਜ਼ੂਰ ਕਰ ਲਈ ਸੀ। ਦੂਜੀ ਧਿਰ ਨੇ ਉਸਦੀ ਸ਼ਿਕਾਇਤ ਕਰ ਦਿੱਤੀ। ਰਾਤ ਨੂੰ ਕਚਹਿਰੀ ਲਾਉਣ ਦੀ ਆਫ਼ਤ ਕਿਉਂ ਆਈ ਸੀ, ਇਸ ਦੇ ਸਬੂਤ ਦੇ ਦਿੱਤੇ। ਜੱਜ ਨੂੰ ਆਪਣਾ ਪੱਖ ਪੂਰਣ ਲਈ ਕੋਈ ਰਾਹ ਨਾ ਲੱਭਾ। ਨੌਕਰੀਉਂ ਛੁੱਟੀ ਹੋ ਗਈ।

"ਮਤਲਬ ਸਵੇਰੇ ਪੇਸ਼ ਕਰਨਗੇ।" ਕਿਸ਼ੋਰੀ ਲਾਲ ਨੇ ਅੰਦਾਜ਼ਾ ਲਾਇਆ।

ਇਸ ਵਿਚ ਪੰਕਜ ਹੋਰਾਂ ਦੀ ਬਿਹਤਰੀ ਸੀ।

ਕਿਸ਼ੋਰੀ ਲਾਲ ਹੋਰਾਂ ਨੇ ਬਹੁਤ ਇੰਤਜ਼ਾਮ ਕਰਨੇ ਸਨ। ਇਨ੍ਹਾਂ ਕੰਮਾਂ ਲਈ ਉਨ੍ਹਾਂ ਨੂੰ ਖੁਲ੍ਹਾ ਸਮਾਂ ਮਿਲ ਜਾਣਾ ਸੀ।

ਸਭ ਤੋਂ ਪਹਿਲਾਂ ਉਨ੍ਹਾਂ ਨੇ ਮੈਜਿਸਟਰੇਟ ਤਕ ਪਹੁੰਚ ਕਰਨੀ ਸੀ। ਦੋਸ਼ੀਆਂ ਦਾ ਪੁਲਿਸ ਰਿਮਾਂਡ ਨਾ ਦਿੱਤਾ ਜਾਵੇ। ਸਰਕਾਰੀ ਵਕੀਲ ਨੂੰ ਮਿਲਣਾ ਸੀ। ਉਹ ਆਪਣੀ ਸੁਰ ਮੱਧਮ ਰੱਖੇ। ਡਾਕਟਰਾਂ ਨਾਲ ਸੰਪਰਕ ਕਰਨਾ ਸੀ। ਪੁਲਿਸ ਰਿਮਾਂਡ ਮਿਲ ਗਿਆ ਤਾਂ ਮੁਲਜ਼ਮਾਂ ਨੂੰ ਬਿਮਾਰ ਘੋਸ਼ਿਤ ਕਰਕੇ ਹਸਪਤਾਲ ਦਾਖ਼ਲ ਕਰ ਲੈਣ। ਜੇਲ੍ਹ ਸੁਪਰਡੈਂਟ ਨੂੰ ਮਿਲਣਾ ਸੀ। ਉਸ ਤੋਂ ਬੀ-ਕਲਾਸ ਲੈਣੀ ਸੀ। ਜੇਲ੍ਹ ਦੇ ਡਾਕਟਰ ਦਾ ਕੋਈ ਲਿਹਾਜੀ ਲੱਭਣਾ ਸੀ। ਜੇਲ੍ਹ ਦੇ ਹਸਪਤਾਲ ਵਿਚ ਬੈੱਡ ਖਾਲੀ ਰਖਵਾਉਣੇ ਸਨ। ਬਹੁਤ ਫਰੰਟਾਂ 'ਤੇ ਕੰਮ ਕਰਨਾ ਸੀ।

ਕਿਸ਼ੋਰੀ ਲਾਲ ਹੋਰਾਂ ਦਾ ਵਿਚਾਰ-ਵਟਾਂਦਰਾ ਚੱਲ ਹੀ ਰਿਹਾ ਸੀ ਕਿ ਮਹਿਤਾ ਸਾਹਿਬ ਦਾ ਫ਼ੋਨ ਆ ਗਿਆ। ਉਸਦਾ ਕਪਤਾਨ ਨਾਲ ਸੰਪਰਕ ਹੋ ਚੁੱਕਾ ਸੀ। ਮੁੰਡੇ ਠੀਕ ਸਨ। ਕਿਸੇ ਨੇ ਕਿਸੇ ਨੂੰ ਕੁਝ ਨਹੀਂ ਸੀ ਆਖਿਆ। ਚੰਡੀਗੜ੍ਹੋਂ ਆਈ ਇਕ ਵਿਸ਼ੇਸ਼ ਪੁਲਿਸ ਪਾਰਟੀ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮ ਮੁਕਾਮੀ ਪੁਲਿਸ ਦੇ ਹਵਾਲੇ ਕਰਕੇ ਉਹ ਪਾਰਟੀ ਜਾ ਚੁੱਕੀ ਸੀ। ਪੁੱਛ-ਗਿੱਛ ਅਤੇ ਲਿਖਾ-ਪੜ੍ਹੀ ਲਗਭਗ ਮੁਕੰਮਲ ਸੀ। ਘੰਟੇ ਕੁ ਬਾਅਦ ਉਨ੍ਹਾਂ ਨੂੰ ਸੀ.ਆਈ.ਏ. ਸਟਾਫ਼ ਲੈ ਆਂਦਾ ਜਾਏਗਾ।

ਕਪਤਾਨ ਨੇ ਮਹਿਤੇ ਨੂੰ ਭਰੋਸਾ ਦਿਵਾਇਆ ਸੀ। ਮੁੰਡਿਆਂ ਨੂੰ ਰਾਤ ਨੂੰ ਰੈਸਟ-ਹਾਊਸ ਵਿਚ ਰੱਖਿਆ ਜਾਏਗਾ। ਕੋਈ ਤਕਲੀਫ਼ ਨਹੀਂ ਹੋਣ ਦਿੱਤੀ ਜਾਏਗੀ।

ਅਦਾਲਤ ਵਿਚ ਉਨ੍ਹਾਂ ਨੂੰ ਕੱਲ੍ਹ ਪੇਸ਼ ਕੀਤਾ ਜਾਏਗਾ।

ਇਹ ਖ਼ਬਰ ਸੁਣ ਕੇ ਸਭ ਦੇ ਸਾਹ ਵਿਚ ਸਾਹ ਆਇਆ।

## -53-

ਬਘੇਲ ਸਿੰਘ ਆਪਣੀ ਕੋਠੀ ਬੈਠਾ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਿਹਾ ਸੀ।

ਪੰਕਜ ਹੋਰਾ ਦੇ ਸੈਂਕੜੇ ਹਮਾਇਤੀ ਮਾਇਆ ਨਗਰ ਪੁੱਜ ਚੁੱਕੇ ਸਨ। ਉਨ੍ਹਾਂ ਵਿਚੋਂ ਕੁਝ ਸਿਆਸੀ ਬੰਦੇ ਸਨ, ਕੁਝ ਅਫ਼ਸਰ ਅਤੇ ਕੁਝ ਧਨਾਢ। ਹਰ ਕੋਈ ਆਪਣਾ ਰਸੂਖ਼ ਪੂਰੀ ਤਹਿ-ਦਿਲੀ ਨਾਲ ਵਰਤ ਰਿਹਾ ਸੀ।

ਬਘੇਲ ਸਿੰਘ ਨੂੰ ਸੂਚਨਾ ਮਿਲੀ। ਇਕ ਆਈ.ਏ.ਐਸ. ਅਧਿਕਾਰੀ ਨੇ ਹੋਮ ਸੈਕਟਰੀ ਕੋਲੋਂ ਜ਼ਿਲ੍ਹਾ ਅਟਾਰਨੀ ਨੂੰ ਫ਼ੋਨ ਕਰਵਾਇਆ ਸੀ। ਜ਼ਿਲ੍ਹਾ ਅਟਾਰਨੀ ਨੇ ਸਿਫਾਰਸ਼ ਦਾ ਪੂਰਾ ਮੁੱਲ ਪਾਇਆ ਸੀ। ਉਸਨੇ ਉਸ ਇਲਾਕਾ ਮੈਜਿਸਟਰੇਟ ਦੇ ਪੇਸ਼ ਹੋਣ ਵਾਲੇ ਸਰਕਾਰੀ ਵਕੀਲ ਨੂੰ ਆਪਣੀ ਕੋਠੀ ਬੁਲਾ ਕੇ ਸਖ਼ਤ ਤਾੜਨਾ ਕੀਤੀ ਸੀ।

"ਬਹਿਸ ਇਸ ਢੰਗ ਨਾਲ ਹੋਵੇ ਕਿ ਜੱਜ ਨੂੰ ਲੱਗੇ ਕਿ ਤਫ਼ਤੀਸ਼ ਮੁਕੰਮਲ ਹੈ। ਮੁਲਜ਼ਮਾਂ ਦਾ ਪੁਲਿਸ ਹਿਰਾਸਤ ਵਿਚ ਜਾਣਾ ਫਜ਼ੂਲ ਹੈ।"

ਇਕ ਰਿਟਾਇਰ ਸੈਸ਼ਨ ਜੱਜ ਅਤੇ ਦੋ ਮੈਜਿਸਟਰੇਟ ਵਿਨੇ ਦੇ ਸਾਲੇ ਦੇ ਕਾਰਖ਼ਾਨੇ ਬੈਠੇ ਸਨ। ਰਾਤੀਂ ਉਹ ਤਿੰਨੇ ਮਾਇਆ ਨਗਰ ਦੇ ਮੈਜਿਸਟਰੇਟ ਨੂੰ ਕਲੱਬ ਵਿਚ ਮਿਲਣਗੇ। ਸ਼ੁਗਲ ਮੇਲੇ ਦੇ ਨਾਲ-ਨਾਲ ਸਿਫਾਰਸ਼ ਹੋਏਗੀ। ਦੋਸ਼ੀਆਂ ਦਾ ਪੁਲਿਸ ਰਿਮਾਂਡ ਨਹੀਂ ਦੇਣਾ। ਇਹ ਜ਼ੋਰ ਪਾਇਆ ਜਾਏਗਾ।



ਸਿਹਤ ਵਿਭਾਗ ਦੇ ਡਾਇਰੈਕਟਰ ਵੱਲੋਂ ਸਿਵਲ ਸਰਜਨ ਨੂੰ ਫ਼ੋਨ ਆ ਚੁੱਕਾ ਸੀ। ਡਾਕਟਰੀ ਮੁਲਾਹਜੇ ਸਮੇਂ ਉਹ ਆਪਣੇ ਦਫ਼ਤਰ ਮੌਜੂਦ ਰਹੇ। ਮੁਆਇਨੇ ਬਾਅਦ ਦੋਹਾਂ ਦੋਸ਼ੀਆਂ ਨੂੰ ਕਿਸੇ ਗੰਭੀਰ ਬਿਮਾਰੀ ਦਾ ਸ਼ਿਕਾਰ ਐਲਾਨ ਕੇ ਉਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਸਿਫਾਰਸ਼ ਕੀਤੀ ਜਾਵੇ। ਖ਼ਤਰਨਾਕ ਸਥਿਤੀ ਦੱਸ ਕੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰ ਲਿਆ ਜਾਵੇ।

ਸਿਵਲ ਹਸਪਤਾਲ ਦੇ ਦਿਲ ਦੇ ਰੋਗਾਂ ਦਾ ਮਾਹਿਰ ਡਾਕਟਰ ਮਹਿਰਾ, ਡਾਕਟਰ ਚਾਵਲਾ ਦਾ ਦੋਸਤ ਸੀ। ਡਾ. ਮਹਿਰੇ ਨੇ ਡਾ. ਚਾਵਲੇ ਨੂੰ ਸੌ ਫੀਸਦੀ ਕੰਮ ਹੋਣ ਦਾ ਯਕੀਨ ਦਿਵਾਇਆ ਸੀ। ਅਜਿਹਾ ਕੰਮ ਉਹ ਕੰਨਟੀਨ ਦੇ ਠੇਕੇਦਾਰ ਦੇ ਆਖੇ ਕਰ ਦਿੰਦੇ ਸਨ। ਉਹ ਤੇ ਸ਼ਹਿਰ ਦਾ ਨਾਮੀ ਡਾਕਟਰ ਸੀ।

ਬਘੇਲ ਸਿੰਘ ਦੀ ਸੂਚਨਾ ਅਨੁਸਾਰ ਇਕ ਸਿਫਾਰਸ਼ੀ ਜੇਲ੍ਹ ਦਾ ਚੱਕਰ ਵੀ ਲਾ ਆਇਆ ਸੀ। ਕਿਸੇ ਕਾਰਨ ਸਿਵਲ ਹਸਪਤਾਲ ਵਿਚ ਦਾਖ਼ਲ ਹੋਣ ਦੀ ਯੋਜਨਾ ਸਿਰੇ ਨਾ ਚੜ੍ਹੇ ਤਾਂ ਮੁੰਡਿਆਂ ਨੂੰ ਜੇਲ੍ਹ ਵਿਚਲੇ ਹਸਪਤਾਲ ਵਿਚ ਦਾਖ਼ਲ ਕਰਾਉਣਾ ਸੀ। ਡਾਕਟਰ ਨੇ ਪਹਿਲਾਂ ਪਏ ਮਰੀਜ਼ਾਂ ਨੂੰ ਛੁੱਟੀ ਕਰਕੇ ਦੋ ਬੈੱਡ ਖਾਲੀ ਕਰਵਾ ਲਏ ਸਨ। ਮੁੰਡਿਆਂ ਦੇ ਸਵਾਗਤ ਲਈ ਉਹ ਤਿਆਰ ਸੀ।

ਬਘੇਲ ਸਿੰਘ ਨੂੰ ਸੂਹੀਆਂ ਨੇ ਇਹ ਵੀ ਦੱਸਿਆ ਕਿ ਸਿਫਾਰਸ਼ਾਂ ਫੋਕੀਆਂ ਨਹੀਂ ਸਨ ਹੋ ਰਹੀਆਂ। ਰੁਤਬੇ ਮੁਤਾਬਕ ਬੰਦ ਲਿਫਾਫ਼ੇ ਅਤੇ ਤੋਹਫ਼ੇ ਵੀ ਪੁੱਜ ਰਹੇ ਸਨ।

ਸਭ ਤੋਂ ਭੈੜੀ ਖ਼ਬਰ ਇਹ ਸੀ ਕਿ ਮੁਲਜ਼ਮਾਂ ਨਾਲ ਸ਼ਾਹੀ-ਮਹਿਮਾਨਾਂ ਵਾਲਾ ਸਲੂਕ ਹੋ ਰਿਹਾ ਸੀ। ਸੰਗੀਨ ਜੁਰਮ ਕਰਨ ਵਾਲੇ ਦੋਸ਼ੀਆਂ ਨੂੰ ਹਵਾਲਾਤ ਦੀ ਥਾਂ ਰੈਸਟ-ਹਾਊਸ ਵਿਚ ਠਹਿਰਾਇਆ ਗਿਆ ਸੀ। ਅਫ਼ਸਰਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਖਾਣਾ ਖਵਾਇਆ ਸੀ ਅਤੇ ਪੈਣ ਲਈ ਗੱਦਿਆਂ ਵਾਲੇ ਬਿਸਤਰੇ ਦਿੱਤੇ ਸਨ।

ਜੇ ਪੰਕਜ ਹੋਰਾਂ ਨੂੰ ਇਸੇ ਤਰ੍ਹਾਂ ਸਹੂਲਤਾਂ ਮਿਲਦੀਆਂ ਰਹੀਆਂ ਅਤੇ ਸਭ ਕੁਝ ਉਨ੍ਹਾਂ ਦੀ ਯੋਜਨਾ ਅਨੁਸਾਰ ਹੋ ਗਿਆ, ਫੇਰ ਬਘੇਲ ਸਿੰਘ ਨੂੰ ਪੌਂਡ ਕਿਥੋਂ ਮਿਲਣੇ ਸਨ।

ਉਸਨੂੰ ਚੱਕੀ ਪੁੱਠੀ ਘੁੰਮਾਉਣੀ ਚਾਹੀਦੀ ਸੀ।

ਪੰਕਜ ਹੋਰਾਂ ਦੀ ਖਿਚਾਈ ਪਿੱਛੇ ਬਘੇਲ ਸਿੰਘ ਦਾ ਹੱਥ ਸੀ, ਇਹ ਹੁਣ ਕੋਈ ਲੁਕੀ-ਛਿਪੀ ਗੱਲ ਨਹੀਂ ਸੀ। ਮੁੱਖ-ਮੰਤਰੀ ਦੀ ਕੋਠੀਉਂ ਕਪਤਾਨ ਨੂੰ ਕਈ ਵਾਰ ਫ਼ੋਨ ਆ ਚੁੱਕਾ ਸੀ। ਬਘੇਲ ਸਿੰਘ ਜੋ ਚਾਹੇ, ਉਸਨੂੰ ਮੁੱਖ-ਮੰਤਰੀ ਦਾ ਹੁਕਮ ਸਮਝ ਕੇ ਪੂਰਾ ਕੀਤਾ ਜਾਵੇ। ਪਿਛਲੀ ਵਾਰ ਸਿਆਸੀ ਸਕੱਤਰ ਕਪਤਾਨ ਨੂੰ ਭੱਜ ਕੇ ਪਿਆ ਸੀ :

"ਵਾਰ-ਵਾਰ ਫ਼ੋਨ ਕਰਨ ਦੀ ਨੌਬਤ ਕਿਉਂ ਆ ਰਹੀ ਹੈ? ਹੁਣ ਕੋਤਾਹੀ ਹੋਈ ਤਾਂ ਫ਼ੋਨ ਦੀ ਥਾਂ ਬਦਲੀ ਦਾ ਹੁਕਮ ਆਏਗਾ।"

ਨਵੀਆਂ ਮਿਲੀਆਂ ਤਾਕਤਾਂ ਤਹਿਤ ਉਹ ਕਪਤਾਨ ਨਾਲ ਰੋਹਬ ਨਾਲ ਗੱਲ ਕਰ ਸਕਦਾ ਸੀ। ਸਭ ਤੋਂ ਪਹਿਲਾਂ ਉਸੇ ਦੀ ਖਿਚਾਈ ਹੋਣੀ ਚਾਹੀਦੀ ਸੀ।

ਅੱਧਾ ਘੰਟਾ ਬਘੇਲ ਸਿੰਘ ਫ਼ੋਨ ਘੁੰਮਾਉਂਦਾ ਰਿਹਾ। ਕਪਤਾਨ ਕਿਥੇ ਹੈ? ਕੋਈ ਪਤਾ ਨਾ ਲੱਗਾ। ਹਰ ਥਾਂ ਤੋਂ ਇਕੋ ਉਤਰ ਮਿਲਦਾ ਰਿਹਾ। ਸਾਹਿਬ ਖ਼ਾਸ ਕੰਮ ਵਿਚ ਰੁਝੇ ਹੋਏ ਸਨ।

ਅੱਕ ਥੱਕ ਕੇ ਬਘੇਲ ਸਿੰਘ ਨੂੰ ਸੀ.ਐਮ. ਹਾਊਸ ਦਾ ਸਹਾਰਾ ਲੈਣਾ ਪਿਆ। ਕਪਤਾਨ ਨੂੰ ਕਹੋ ਬਘੇਲ ਸਿੰਘ ਨਾਲ ਗੱਲ ਕਰੇ।

ਸੀ.ਐਮ. ਹਾਊਸ ਦੇ ਹੁਕਮਾਂ ਦੀ ਪਾਲਨਾ ਹੋਈ। ਝੱਟ ਕਪਤਾਨ ਦਾ ਫ਼ੋਨ ਆ ਗਿਆ।

ਪਹਿਲਾਂ ਬਘੇਲ ਸਿੰਘ ਨੇ ਕਪਤਾਨ ਦੀ ਲਾਹ-ਪਾ ਕੀਤੀ।

"ਕੋਈ ਮਾੜੀ ਘਟਨਾ ਵਾਪਰ ਜਾਵੇ ਤਾਂ ਲੋਕ ਤੁਹਾਡੇ ਨਾਲ ਕਿਥੇ ਸੰਪਰਕ ਕਰਨ? ਤੁਸੀਂ ਲੁਕ ਕੇ ਦਾਰੂ ਪੀਣ ਬੈਠ ਜਾਂਦੇ ਹੋ! ਮੁਲਜ਼ਮ ਹਿੱਕਾਂ ਤਾਣ ਕੇ ਵਾਰਦਾਤਾਂ ਕਰਦੇ ਫਿਰਦੇ ਹਨ।"

ਸੌਰੀ ਆਖ ਕੇ ਕਪਤਾਨ ਨੇ ਸਪਸ਼ਟੀਕਰਣ ਦਿੱਤਾ। ਉਹ ਪੰਕਜ ਹੋਰਾਂ ਦੀ ਮਿਸਲ ਤਿਆਰ ਕਰਵਾ ਰਿਹਾ ਸੀ। ਸਿਫਾਰਸ਼ਾਂ ਆ ਰਹੀਆਂ ਸਨ। ਇਸ ਲਈ ਉਸਦਾ ਫ਼ੋਨ ਬੰਦ ਸੀ।

ਬਘੇਲ ਸਿੰਘ ਜਿਸ ਨੁਕਤੇ 'ਤੇ ਗੱਲ ਕਰਨਾ ਚਾਹੁੰਦਾ ਸੀ, ਉਹ ਉਸਨੇ ਆਪ ਛੋਹ ਲਿਆ। ਬਘੇਲ ਸਿੰਘ ਦੀ ਸਮੱਸਿਆ ਆਸਾਨ ਹੋ ਗਈ।

"ਸਿਫ਼ਾਰਸ਼ਾਂ ਤੁਸੀਂ ਮੰਨ ਵੀ ਲਈਆਂ। ਰੈਸਟ-ਹਾਊਸ ਵਿਚ ਬੈਠ ਕੇ ਉਨ੍ਹਾਂ ਨਾਲ ਵਿਸਕੀ ਪੀ ਰਹੇ ਹੋ। ਉਨ੍ਹਾਂ ਨਾਲ ਆਮ ਦੋਸ਼ੀਆਂ ਵਾਲਾ ਵਿਵਹਾਰ ਕਿਉਂ ਨਹੀਂ ਕਰਦੇ? ਕਿਉਂ ਉਨ੍ਹਾਂ ਨੂੰ ਥਾਣੇ ਦੇ ਹਵਾਲਾਤ ਵਿਚ ਬੰਦ ਨਹੀਂ ਕਰਦੇ? ਕਾਨੂੰਨ ਸਭ ਲਈ ਬਰਾਬਰ ਹੈ। ਇਹ ਸਿਆਸੀ ਕੈਦੀ ਵੀ ਨਹੀਂ। ਕਤਲ, ਡਕੈਤੀ ਦੇ ਮੁਲਜ਼ਮ ਨੇ। ਇਨ੍ਹਾਂ ਨੂੰ ਹਵਾਲਾਤ ਦੀ ਹਵਾ ਲੱਗੀ ਤਾਂ ਚਾਰ ਹੋਰ ਅਮੀਰਾਂ ਨੂੰ ਕੰਨ ਹੋਣਗੇ। ਨਹੀਂ ਉਲਟਾ ਸਿਗਨਲ ਜਾਏਗਾ। ਸਾਡੀ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਅਮੀਰਾਂ ਦੀ ਹਾਮੀ ਹੋਣ ਦਾ ਧੱਬਾ ਲੱਗ ਰਿਹਾ ਹੈ। ਉਨ੍ਹਾਂ ਨੂੰ ਥਾਂ ਸਿਰ ਕਰੋ।"

"ਲਿਖਾ-ਪੜ੍ਹੀ ਹੋ ਰਹੀ ਸੀ। ਪੁੱਛ-ਗਿੱਛ ਹੋ ਰਹੀ ਸੀ। ਕੁਝ ਸਕਿਉਰਟੀ ਪੱਖੋਂ ਉਨ੍ਹਾਂ ਨੂੰ ਰੈਸਟ-ਹਾਊਸ ਰੱਖਿਆ ਸੀ। ਸਵੇਰ ਹੁੰਦਿਆਂ ਹੀ ਹਵਾਲਾਤ ਵਿਚ ਤੁੰਨ ਦਿਆਂਗੇ।"

"ਸਕਿਉਰਟੀ ਨੂੰ ਖ਼ਤਰਾ ਖੜ੍ਹਾ ਕਰਨ ਵਾਲੇ ਉਹ ਕਿਹੜਾ ਪੰਜਵੜ ਗਰੁਪ ਦੇ ਅਤਿਵਾਦੀ ਨੇ ਬਈ ਥਾਣੇ 'ਤੇ ਹਮਲਾ ਕਰਵਾ ਦੇਣਗੇ। ਸਕਿਉਰਟੀ ਨੂੰ ਕੋਈ ਖ਼ਤਰਾ ਨਹੀਂ। ਸਵੇਰ ਦੇ ਸੂਰਜ ਦੇ ਦਰਸ਼ਨ ਉਨ੍ਹਾਂ ਨੂੰ ਹਵਾਲਾਤ ਵਿਚ ਹੋਣੇ ਚਾਹੀਦੇ ਹਨ।"

"ਇਸੇ ਤਰ੍ਹਾਂ ਹੋਏਗਾ।"

"ਇਕ ਗੱਲ ਹੋਰ। ਕੱਲ੍ਹ ਨੂੰ ਉਨ੍ਹਾਂ ਨੂੰ ਜਹਾਜ਼ਾਂ ਵਰਗੀਆਂ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਵਿਚ ਬਿਠਾ ਕੇ ਕਚਹਿਰੀ ਨਾ ਲੈ ਕੇ ਜਾਣਾ। ਤੋਰ ਕੇ ਤਾਂ ਭਾਵੇਂ ਨਾ ਲਿਆਉਣਾ ਪਰ ਸਰਕਾਰੀ ਗੱਡੀਆਂ ਵਿਚ ਜ਼ਰੂਰ ਲਿਆਉਣਾ। ਹੱਥਕੜੀ ਲਾ ਕੇ। ਲੋਕਾਂ ਨੂੰ ਅਮੀਰ-ਜ਼ਾਦਿਆਂ ਦੀਆਂ ਕਰਤੂਤਾਂ ਦਾ ਪਤਾ ਤਾਂ ਲਗੇ। ਪੁਲਿਸ ਰਿਮਾਂਡ ਪੂਰਾ ਲੈਣਾ। ਮੈਨੂੰ ਪਤਾ ਲੱਗਿਆ ਹੈ ਉਹ ਸਰਕਾਰੀ ਵਕੀਲਾਂ ਅਤੇ ਜੱਜਾਂ ਨੂੰ ਮਿਲਦੇ ਫਿਰਦੇ ਹਨ। ਤੁਸੀਂ ਕਿਸੇ ਦੀ ਪਰਵਾਹ ਨਹੀਂ ਕਰਨੀ। ਉਨ੍ਹਾਂ ਅਫ਼ਸਰਾਂ ਨੂੰ ਮੈਂ ਆਪੇ ਦੇਖ ਲਵਾਂਗਾ।"

ਬਾਕੀ ਅਫ਼ਸਰਾਂ ਨੂੰ ਕਿਸ ਤਰ੍ਹਾਂ ਨੱਥ ਪਾਈ ਜਾਏ? ਕਪਤਾਨ ਤੋਂ ਭਰੋਸਾ ਲੈ ਕੇ ਬਘੇਲ ਸਿੰਘ ਇਹ ਸੋਚਣ ਲੱਗਾ।

## -54-

ਮੁਕੱਦਮੇਬਾਜ਼ੀ ਵਿਚ ਮੈਜਿਸਟਰੇਟ, ਜ਼ਿਲ੍ਹਾ ਅਟਾਰਨੀ ਜਾਂ ਸਿਵਲ ਸਰਜਨ ਵਰਗੇ ਅਫ਼ਸਰਾਂ ਦੀ ਜ਼ਰੂਰਤ ਪੈਂਦੀ ਹੈ, ਇਹ ਬਘੇਲ ਸਿੰਘ ਨੇ ਕਦੇ ਸੋਚਿਆ ਵੀ ਨਹੀਂ ਸੀ।



ਇਨ੍ਹਾਂ ਵਿਚੋਂ ਕਿਸੇ ਵੀ ਅਫ਼ਸਰ ਨਾਲ ਉਸਦੀ ਜਾਣ-ਪਹਿਚਾਣ ਨਹੀਂ ਸੀ।

ਅਸਲ ਵਿਚ ਉਸਨੂੰ ਅਫ਼ਸਰਾਂ ਨਾਲ ਜਾਣ-ਪਹਿਚਾਣ ਬਣਾਉਣ ਦਾ ਮੌਕਾ ਹੀ ਨਹੀਂ ਸੀ ਮਿਲਿਆ।

ਉਹ ਪਹਿਲੀ ਵਾਰ ਵਿਧਾਇਕ ਬਣਿਆ ਸੀ। ਟਿਕਟ ਉਸਨੂੰ ਜਥੇਦਾਰ ਦੇ ਕੋਟੇ ਵਿਚੋਂ ਮਿਲੀ ਸੀ। ਜਥੇਦਾਰ ਦੀ ਸਿਫ਼ਾਰਸ਼ 'ਤੇ ਪੰਜ ਵਿਧਾਇਕ ਮੰਤਰੀ ਬਣੇ ਸਨ। ਉਨ੍ਹਾਂ ਵਿਚੋਂ ਤਿੰਨ ਨਵੇਂ ਸਨ।

ਬਘੇਲ ਸਿੰਘ ਨੂੰ ਨਵੀਂ ਮਿਲੀ ਤਾਕਤ ਦਾ ਨਸ਼ਾ ਸੀ। ਪਹਿਲੇ ਸਾਲ ਉਹ ਹਵਾ ਵਿਚ ਉੱਡਦਾ ਰਿਹਾ। ਉਸਦਾ ਸਾਰਾ ਜ਼ੋਰ ਥਾਣੇ, ਤਹਿਸੀਲੋਂ ਕੰਮ ਕਰਾਉਣ 'ਤੇ ਲੱਗਾ ਰਿਹਾ। ਇਸ ਤੋਂ ਉਪਰ ਵੀ ਅਫ਼ਸਰ ਹਨ। ਜਦੋਂ ਉਸਨੂੰ ਅਹਿਸਾਸ ਹੋਣ ਲੱਗਾ, ਜਥੇਦਾਰ ਦਾ ਮੁੱਖ-ਮੰਤਰੀ ਨਾਲ ਮੂੰਹ ਮੋਟਾ ਹੋ ਗਿਆ।

ਮੁੱਖ-ਮੰਤਰੀ ਦੇ ਇਸ਼ਾਰੇ 'ਤੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਪਤਾਨ ਨੇ ਤਾਂ ਮੂੰਹ ਦੂਜੇ ਪਾਸੇ ਕਰਨਾ ਹੀ ਸੀ, ਤਹਿਸੀਲਦਾਰ ਤਕ ਸਲਾਮ ਕਰਨੋਂ ਹਟ ਗਏ ਸਨ। ਮਾਇਆ ਨਗਰ ਦੇ ਲੋਕ ਦੂਰ-ਅੰਦੇਸ਼ ਹਨ। ਝੱਟ ਮੌਕਾ ਤਾੜ ਗਏ। ਬਘੇਲ ਸਿੰਘ ਦੀ ਕੋਠੀ ਕਾਂ ਪੈਣ ਲਗੇ। ਮਹੀਨੇ ਵਿਚ ਮਸਾਂ ਪੰਜ ਸੱਤ ਦਰਖ਼ਾਸਤਾਂ ਸਿਫਾਰਸ਼ ਲਈ ਆਉਂਦੀਆਂ ਸਨ। ਬੇਸ਼ਰਮੀ ਧਾਰ ਕੇ ਉਹ ਤੁਰਿਆ ਫਿਰਦਾ ਸੀ, ਪਰ ਹੱਜ ਕੋਈ ਨਹੀਂ ਸੀ।

ਅਜਿਹੇ ਹਲਾਤਾਂ ਵਿਚ ਅਫ਼ਸਰਾਂ ਨਾਲ ਬਣੇ ਤਾਂ ਕਿਸ ਤਰ੍ਹਾਂ? ਕੰਮ ਨਾ ਕਰਨ 'ਤੇ ਕਿਸੇ ਅਫ਼ਸਰ ਨੂੰ ਦਬਕਾਇਆ ਜਾਏ ਤਾਂ ਕਿਸ ਕਿੱਲੇ ਦੇ ਜ਼ੋਰ 'ਤੇ ?

ਆਹ ਬਟੇਰਾ ਪਤਾ ਨਹੀਂ ਕਿਥੋਂ ਪੈਰ ਹੇਠ ਆ ਗਿਆ। ਇਸ ਬਟੇਰੇ ਕਾਰਨ ਮੁੱਖ ਮੰਤਰੀ ਉਸ ਉਪਰ ਮਿਹਰਬਾਨ ਹੋ ਗਿਆ ਸੀ। ਕੇਂਦਰ ਤਕ ਦੀਆਂ ਸਿਫਾਰਸ਼ਾਂ ਠੁਕਰਾ ਕੇ ਉਹ ਉਸ ਨਾਲ ਚਟਾਨ ਵਾਂਗ ਅੜਿਆ ਖੜ੍ਹਾ ਸੀ। ਕਦੇ-ਕਦੇ ਬਘੇਲ ਸਿੰਘ ਨੂੰ ਮੁੱਖ-ਮੰਤਰੀ ਦੀ ਨੀਅਤ 'ਤੇ ਸ਼ੱਕ ਹੁੰਦਾ ਸੀ। ਕਿਧਰੇ ਉਹ ਬਘੇਲ ਸਿੰਘ ਨੂੰ ਮਾਇਆ ਜਾਲ ਵਿਚ ਤੇ ਨਹੀਂ ਸੀ ਫਸਾ ਰਿਹਾ? ਕਿਧਰੇ ਉਸ ਦੇ ਸਿਆਸੀ ਭਵਿਖ ਨੂੰ ਤਬਾਹ ਕਰਨ ਦੇ ਮਨਸੂਬੇ ਤੇ ਨਹੀਂ ਸੀ ਘੜ ਰਿਹਾ? ਪਰ ਹੁਣ ਉਸਦੀ ਲੜਾਈ ਜਿਸ ਮੋੜ ਉਪਰ ਪੁੱਜ ਚੁੱਕੀ ਸੀ ਉਥੋਂ ਪਿੱਛੇ ਨਹੀਂ ਸੀ ਹਟਿਆ ਜਾ ਸਕਦਾ। ਜੋ ਹੋਏਗਾ, ਦੇਖਿਆ ਜਾਏਗਾ, ਸੋਚ ਕੇ ਉਹ ਅੱਗੇ ਤੋਂ ਅੱਗੇ ਕਦਮ ਪੁੱਟਦਾ ਜਾ ਰਿਹਾ ਸੀ।

ਅਮੀਰਜ਼ਾਦਿਆਂ ਦੇ ਖੰਭ ਕੁਤਰਣਾ ਇੰਨਾ ਆਸਾਨ ਨਹੀਂ ਸੀ, ਜਿੰਨਾ ਬਘੇਲ ਸਿੰਘ ਸਮਝ ਰਿਹਾ ਸੀ।

ਪੰਕਜ ਦੇ ਸਮਰਥਕ ਸਾਰੇ ਮਾਇਆ ਨਗਰ ਵਿਚ ਜਾਲ ਵਾਂਗ ਫੈਲ ਗਏ ਸਨ। ਹਰ ਅਫ਼ਸਰ ਤਕ ਪਹੁੰਚ ਕਰ ਗਏ ਸਨ। ਪਰ ਬਘੇਲ ਸਿੰਘ ਇਨ੍ਹਾਂ ਵਿਚੋਂ ਕਿਸੇ ਵੀ ਅਫ਼ਸਰ ਨਾਲ ਸਿੱਧੀ ਗੱਲ ਨਹੀਂ ਸੀ ਕਰ ਸਕਦਾ। ਉਹ ਉਸਦਾ ਆਖਾ ਮੰਨਣ ਜਾਂ ਨਾ ਮੰਨਣ, ਕੋਈ ਗਰੰਟੀ ਨਹੀਂ ਸੀ।

ਉਨ੍ਹਾਂ ਦੇ ਕੰਨ ਮੁੱਖ-ਮੰਤਰੀ ਕੋਲੋਂ ਹੀ ਖਿਚਵਾਏ ਜਾ ਸਕਦੇ ਸਨ।

ਬਘੇਲ ਸਿੰਘ ਨੇ ਥਾਣਿਉਂ ਪਤਾ ਕੀਤਾ। ਪਤਾ ਲੱਗਾ ਮੁਲਜ਼ਮ ਬਾਅਦ ਦੁਪਹਿਰ ਅਦਾਲਤ ਵਿਚ ਪੇਸ਼ ਕੀਤੇ ਜਾਣੇ ਸਨ।

ਦੁਪਿਹਰ ਹੋਣ ਤਕ ਬਹੁਤ ਸਮਾਂ ਸੀ। ਚੰਡੀਗੜ੍ਹ ਉਸਨੇ ਡੇਢ ਘੰਟੇ ਵਿਚ ਪੁੱਜ ਜਾਣਾ ਸੀ। ਸਾਰੇ ਕੰਮ ਕਰਵਾ ਕੇ ਮੁਲਜ਼ਮਾਂ ਦੇ ਪੇਸ਼ ਹੋਣ ਤਕ ਉਸਨੇ ਵਾਪਸ ਆ ਜਾਣਾ ਸੀ।

ਸਿਆਸੀ ਸਕੱਤਰ ਨੂੰ ਦਫ਼ਤਰ ਪੁੱਜਦਿਆਂ ਹੀ ਬਘੇਲ ਸਿੰਘ ਨੇ ਦਬੋਚ ਲਿਆ।

"ਜੇ ਮੁਲਜ਼ਮਾਂ ਦੀ ਸਕੀਮ ਸਿਰੇ ਚੜ੍ਹ ਗਈ ਤਾਂ ਮੇਰੀ ਇੱਜ਼ਤ ਮਿੱਟੀ ਵਿਚ ਮਿਲ ਜਾਏਗੀ। ਨਾ ਸਾਨੂੰ ਦੁਆਨੀ ਮਿਲੇਗੀ। ਮੁਲਜ਼ਮਾਂ ਦਾ ਇਕ ਦੋ ਦਿਨ ਹਵਾਲਾਤ ਵਿਚ ਸੜਨਾ ਜ਼ਰੂਰੀ ਹੈ।"

ਬਘੇਲ ਸਿੰਘ ਨੇ ਸਿਆਸੀ ਸਕੱਤਰ ਨੂੰ ਸਮਝਾਇਆ।

ਬਘੇਲ ਸਿੰਘ ਜਿਸ-ਜਿਸ ਅਫ਼ਸਰ ਦਾ ਨਾਂ ਲੈਂਦਾ ਗਿਆ, ਸਿਆਸੀ ਸਕੱਤਰ ਉਸੇ ਨੂੰ ਫ਼ੋਨ ਕਰਦਾ ਗਿਆ।

ਅੱਗੋਂ ਹੁੰਗਾਰਾ ਠੀਕ ਮਿਲਣ ਲਗਾ।

ਸਿਵਲ ਸਰਜਨ ਧੜੱਲੇਦਾਰ ਅਫ਼ਸਰ ਸੀ। ਉਹ ਮੁੱਖ-ਮੰਤਰੀ ਦੇ ਇਲਾਕੇ ਦਾ ਸੀ। ਮੁੱਖ-ਮੰਤਰੀ ਦੀ ਕਲਮ ਨਾਲ ਉਹ ਮਾਇਆ ਨਗਰ ਲੱਗਾ ਸੀ। ਸਿਆਸੀ ਸਕੱਤਰ ਨਾਲ ਵੀ ਉਸਦੇ ਨਿਜੀ ਸਬੰਧ ਸਨ।

ਸਿਵਲ ਸਰਜਨ ਉਪਰ ਜੋ ਦਬਾਅ ਪਿਆ ਸੀ, ਉਸਦਾ ਉਸਨੇ ਖੁਲਾਸਾ ਕੀਤਾ:

"ਪਹਿਲਾਂ ਸਾਡੇ ਡਾਇਰੈਕਟਰ ਦਾ ਫ਼ੋਨ ਆਇਆ ਸੀ। ਫੇਰ ਸਿਹਤ ਮੰਤਰੀ ਦਾ ਆ ਗਿਆ। ਸਿਫਾਰਸ਼ ਚਾਲੂ ਨਹੀਂ ਸੀ। ਮੰਤਰੀ ਜੀ ਨੇ ਖ਼ੁਦ ਗੱਲ ਕੀਤੀ ਸੀ ਅਤੇ ਹੁਕਮ ਦਿੱਤਾ ਸੀ। ਦੋਸ਼ੀ ਉਨ੍ਹਾਂ ਦੇ ਰਿਸ਼ਤੇਦਾਰ ਸਨ। ਹਰ ਹੀਲੇ ਉਨ੍ਹਾਂ ਦੀ ਮਦਦ ਹੋਣੀ ਚਾਹੀਦੀ ਸੀ। ਹੁਣ ਤੁਸੀਂ ਆਪਣੀ ਸਿਫਾਰਸ਼ ਬਾਰੇ ਦੱਸੋ। ਜੇ ਹੁਕਮ ਮੁੱਖ-ਮੰਤਰੀ ਵੱਲੋਂ ਹੈ, ਫੇਰ ਮੈਨੂੰ ਮੰਤਰੀ ਦੀ ਕੋਈ ਪਰਵਾਹ ਨਹੀਂ। ਜੇ ਕੰਮ ਤੁਹਾਡਾ ਹੈ ਫੇਰ ਉਸ ਨਜ਼ਰੀਏ ਤੋਂ ਸੋਚੀਏ।"

"ਮੈਂ ਆਪਣੇ ਤੌਰ 'ਤੇ ਕੁਝ ਨਹੀਂ ਆਖ ਰਿਹਾ। ਮੁੱਖ-ਮੰਤਰੀ ਸਾਹਿਬ ਦਾ ਹੁਕਮ ਸੁਣਾ ਰਿਹਾ ਹਾਂ। ਕੁਝ ਦੇਰ ਇੰਤਜ਼ਾਰ ਕਰੋ। ਮੈਂ ਮੁੱਖ-ਮੰਤਰੀ ਸਾਹਿਬ ਤੋਂ ਸਿਹਤ ਮੰਤਰੀ ਨੂੰ ਫ਼ੋਨ ਕਰਾਉਂਦਾ ਹਾਂ। ਤੁਹਾਨੂੰ ਸਿਹਤ ਮੰਤਰੀ ਦਾ ਫ਼ੋਨ ਆਏਗਾ। ਉਹ ਆਖੇਗਾ ਕਾਰਵਾਈ ਸੱਚ ਦੇ ਆਧਾਰ 'ਤੇ ਹੋਵੇ। ਕਿਸੇ ਧਿਰ ਦਾ ਪੱਖ ਨਾ ਪੂਰਿਆ ਜਾਵੇ। ਫੇਰ ਠੀਕ ਹੈ?"

"ਫੇਰ ਗੋਲੀ ਕਿਸਦੀ ਅਤੇ ਗਹਿਣੇ ਕਿਸਦੇ? ਮੈਂ ਬਿਮਾਰ ਮੁਲਜ਼ਮਾਂ ਨੂੰ ਘੋੜੇ ਚੜ੍ਹੇ ਦਿਖਾ ਦੇਵਾਂਗਾ।"

ਸਿਵਲ ਸਰਜਨ ਵੱਲੋਂ ਬੇਫ਼ਿਕਰ ਹੋ ਕੇ ਉਹ ਜ਼ਿਲ੍ਹਾ ਅਟਾਰਨੀ ਨੂੰ ਫ਼ੋਨ ਘੁਮਾਉਣ ਲੱਗੇ।

ਜ਼ਿਲ੍ਹਾ ਅਟਾਰਨੀ ਵਿਚ ਸਿਵਲ ਸਰਜਨ ਵਾਲੀ ਜੁਅਰਤ ਨਹੀਂ ਸੀ। ਉਸਨੂੰ ਫ਼ੋਨ ਹੋਮ ਸੈਕਟਰੀ ਦਾ ਆਇਆ ਸੀ। ਜ਼ਿਲ੍ਹਾ ਅਟਾਰਨੀ ਉਸਦਾ ਮਤਹਿਤ ਸੀ। ਸਿਫਾਰਸ਼ ਠੋਕਵੀਂ ਸੀ। ਉਸ ਨੇ ਆਖਿਆ ਸੀ ਮੁਲਜ਼ਮਾਂ ਦੀ ਪੁਲਿਸ ਹਿਰਾਸਤ ਦਾ ਮਤਲਬ ਹੋਮ ਸੈਕਟਰੀ ਦੀ ਪੁਲਿਸ ਹਿਰਾਸਤ ਸੀ। ਕੰਮ ਕਰਵਾ ਕੇ ਹੋਮ ਸੈਕਟਰੀ ਨੂੰ ਉਸਨੇ ਰਿਪੋਰਟ ਕਰਨੀ ਸੀ।

ਮੁੱਖ-ਮੰਤਰੀ ਦੇ ਸਿਆਸੀ ਸਕੱਤਰ ਦਾ ਫ਼ੋਨ ਸੁਣ ਕੇ ਜ਼ਿਲ੍ਹਾ ਅਟਾਰਨੀ ਦੀ ਜਾਨ ਦੋ ਪੁੜਾਂ ਵਿਚਕਾਰ ਫਸ ਗਈ। ਇਕ ਪਾਸੇ ਹੋਮ ਸੈਕਟਰੀ। ਜੇ ਉਸਦਾ ਕੰਮ ਨਾ ਹੋਇਆ, ਉਸਨੇ ਜ਼ਿਲ੍ਹਾ ਅਟਾਰਨੀ ਨੂੰ ਗੁਰਦਾਸਪੁਰ ਭੇਜ ਦੇਣਾ ਸੀ। ਮਸਾਂ-ਮਸਾਂ ਉਹ ਮਾਇਆ ਨਗਰ ਆਇਆ ਸੀ। ਇਥੇ ਨੋਟਾਂ ਦੀ ਬਾਰਸ਼ ਹੁੰਦੀ ਸੀ। ਉਥੇ ਖੁਸ਼ਕੀ ਹੀ ਖੁਸ਼ਕੀ ਸੀ।

ਦੂਜੇ ਪਾਸੇ ਖ਼ੁਦ ਮੁੱਖ-ਮੰਤਰੀ ਸੀ। ਹੋਮ ਸੈਕਟਰੀ ਦੇ ਵੀ ਉਪਰ ਦੀ। ਸਿਫਾਰਸ਼ ਇਥੋਂ ਵੀ ਠੋਕਵੀਂ ਹੋ ਰਹੀ ਸੀ। ਮੁੱਖ-ਮੰਤਰੀ ਦਾ ਅਹੁਦਾ ਤਾਂ ਵੱਡਾ ਸੀ ਹੀ ਇਧਰੋਂ ਸਿਫਾਰਸ਼ ਵੀ ਮੁਦਈ ਧਿਰ ਦੀ ਹੋ ਰਹੀ ਸੀ। ਮੁਦਈ ਧਿਰ ਦਾ ਪੱਖ ਪੂਰਨਾ ਉਸਦੀ ਡਿਊਟੀ ਸੀ।



ਇਕ ਵਾਰ ਜ਼ਿਲ੍ਹਾ ਅਟਾਰਨੀ ਦੇ ਮਨ ਵਿਚ ਆਇਆ, ਉਹ ਸਿਆਸੀ ਸਕੱਤਰ ਕੋਲ ਸਾਰੀ ਸਥਿਤੀ ਸਪੱਸ਼ਟ ਕਰ ਦੇਵੇ।

ਮੁੱਖ-ਮੰਤਰੀ ਨੇ ਜੇ ਹੋਮ ਸੈਕਟਰੀ ਨੂੰ ਤਾੜ ਦਿੱਤਾ? ਹੋਮ ਸੈਕਟਰੀ ਨੇ ਵੱਧ ਗੁੱਸੇ ਹੋਣਾ ਸੀ। ਆਖਣਾ ਸੀ ਕੰਮ ਕਰਦਾ ਜਾਂ ਨਾ, ਪਰ ਮੁੱਖ-ਮੰਤਰੀ ਕੋਲ ਉਸਦੀ ਸ਼ਿਕਾਇਤ ਤਾਂ ਨਾ ਕਰਦਾ।

ਇਹ ਸੋਚ ਕੇ ਉਹ ਦੜ ਵੱਟ ਗਿਆ।

ਹੁਕਮਾਂ ਦੀ ਤਾਮੀਲ ਕਰਨ ਦਾ ਵਾਅਦਾ ਹੀ ਉਚਿਤ ਹੱਲ ਸੀ। ਇਹੋ ਉਸਨੇ ਕੀਤਾ।

"ਹਰ ਹਾਲ ਵਿਚ ਦੋਸ਼ੀਆਂ ਦਾ ਰਿਮਾਂਡ ਮਿਲੇਗਾ। ਮੈਂ ਹੁਣੇ ਸੈਸ਼ਨ ਜੱਜ ਸਾਹਿਬ ਨੂੰ ਮਿਲਦਾ ਹਾਂ। ਉਨ੍ਹਾਂ ਤੋਂ ਮੈਜਿਸਟਰੇਟ ਨੂੰ ਅਖਵਾਉਂਦਾ ਹਾਂ।"

ਇੰਨਾ ਕੁ ਹੋਮ ਵਰਕ ਕਰਕੇ ਬਘੇਲ ਸਿੰਘ ਨਤੀਜਿਆਂ ਦੀ ਉਡੀਕ ਕਰਨ ਲੱਗਾ।

## -55-

ਜ਼ਿਲ੍ਹਾ ਅਟਾਰਨੀ ਸੋਚਾਂ ਵਿਚ ਪਿਆ ਹੋਇਆ ਸੀ। ਉਹ ਕਿਸ ਮੋਰੀ ਨਿਕਲੇ? ਉਸਨੂੰ ਸਮਝ ਨਹੀਂ ਸੀ ਆ ਰਹੀ।

ਮੁਲਜ਼ਮ ਧਿਰ ਹਰ ਸਬੰਧਤ ਅਫ਼ਸਰ ਤਕ ਪਹੁੰਚ ਕਰ ਚੁੱਕੀ ਸੀ। ਪਹੁੰਚ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ ਸੀ। ਉਸੇ ਅਫ਼ਸਰ ਕੋਲੋਂ ਅਖਵਾਇਆ ਗਿਆ ਸੀ, ਜਿਸਦੇ ਹੱਥ ਵਿਚ ਉਸਦੀ ਨਬਜ਼ ਸੀ। ਜੱਜਾਂ ਨੂੰ ਕਿਸੇ ਮੰਤਰੀ ਜਾਂ ਸੈਕਟਰੀ ਦੀ ਪਰਵਾਹ ਨਹੀਂ ਸੀ। ਉਨ੍ਹਾਂ ਨੇ ਉਹੋ ਕਰਨਾ ਸੀ ਜਿਹੜਾ ਉਨ੍ਹਾਂ ਦੇ ਅਫ਼ਸਰਾਂ ਨੇ ਆਖਣਾ ਸੀ। ਕਿਸੇ ਨੇ ਕਿਸੇ ਜੱਜ ਦੀ ਝੇਪ ਵਿਚ ਆ ਕੇ ਜੇ ਪੁਲਿਸ ਰਿਮਾਂਡ ਦੀ ਮੰਗ ਠੁਕਰਾ ਦਿੱਤੀ ਤਾਂ ਜ਼ਿਲ੍ਹਾ ਅਟਾਰਨੀ ਨੂੰ ਲੈਣੇ ਦੇ ਦੇਣੇ ਪੈ ਜਾਣੇ ਸਨ।

"ਇਸ ਅਫ਼ਸਰ ਦਾ ਨਿਆਂ-ਪਾਲਿਕਾ ਨਾਲ ਰਾਬਤਾ ਨਹੀਂ ਹੈ" ਇਹ ਦੋਸ਼ ਲਗਾ ਕੇ ਉਸਦੀ ਇਥੋਂ ਛੁੱਟੀ ਹੋ ਜਾਣੀ ਸੀ।

ਸੋਚਦੇ-ਸੋਚਦੇ ਉਸਨੂੰ ਇਕ ਰਾਹ ਲੱਭਾ। ਉਸਨੂੰ ਸੈਸ਼ਨ ਜੱਜ ਕੋਲ ਜਾ ਕੇ ਮਨ ਦੀ ਭੜਾਸ ਕੱਢਣੀ ਚਾਹੀਦੀ ਸੀ। ਇੰਝ ਸੱਪ ਵੀ ਮਰ ਜਾਣਾ ਸੀ ਅਤੇ ਲਾਠੀ ਵੀ ਬਚ ਰਹਿਣੀ ਸੀ। ਉਹ ਸਹੁੰ ਖਾ ਕੇ ਆਖਣ ਜੋਗਾ ਹੋ ਜਾਣਾ ਸੀ। ਉਸਨੇ ਸੈਸ਼ਨ ਜੱਜ ਤਕ ਪਹੁੰਚ ਕੀਤੀ ਸੀ। ਮੁਲਜ਼ਮ ਉਸ ਤੋਂ ਉਪਰ ਦੀ ਸਿਫਾਰਸ਼ ਕਰਵਾ ਗਏ ਤਾਂ ਉਹ ਕੀ ਕਰੇ।

ਫੇਰ ਉਹ ਡਰਿਆ। ਮੁਲਜ਼ਮ ਧਿਰ ਨੇ ਸੈਸ਼ਨ ਜੱਜ ਤਕ ਵੀ ਪਹੁੰਚ ਕੀਤੀ ਸੀ। ਜ਼ਿਲ੍ਹਾ ਅਟਾਰਨੀ ਵਾਂਗ ਸੈਸ਼ਨ ਜੱਜ ਵੀ ਕੜਿਕੀ ਵਿਚ ਫਸਿਆ ਹੋਏਗਾ। ਆਪਣੀ ਜਾਨ ਛੁਡਾਉਣ ਲਈ ਜੇ ਕਿਧਰੇ ਉਸਨੇ ਮੁਲਜ਼ਮ ਧਿਰ ਕੋਲ ਜ਼ਿਲ੍ਹਾ ਅਟਾਰਨੀ ਦੇ ਆਉਣ ਬਾਰੇ ਜ਼ਿਕਰ ਕਰ ਦਿੱਤਾ ਤਾਂ ਮੁਲਜ਼ਮਾਂ ਨੇ ਜੁੱਤੀ ਲਾਹ ਲੈਣੀ ਸੀ। ਨਾਲੇ ਪੈਸੇ ਲੈ ਲਏ, ਨਾਲੇ ਉਲਟ ਸਿਫਾਰਸ਼ਾਂ ਕਰ ਰਿਹਾ ਸੀ।

"ਸੈਸ਼ਨ ਜੱਜ ਵੱਡਾ ਅਫ਼ਸਰ ਹੈ। ਉਹ ਇੰਨਾ ਕੱਚਾ ਨਹੀਂ ਕਿ ਅਫ਼ਸਰਾਂ ਦੀਆਂ ਚੁਗਲੀਆਂ ਕਰਦਾ ਫਿਰੇ।"

ਮਨ ਨੂੰ ਸਮਝਾ ਕੇ ਜ਼ਿਲ੍ਹਾ ਅਟਾਰਨੀ ਸੈਸ਼ਨ ਜੱਜ ਦੀ ਕੋਠੀ ਜਾ ਵੜਿਆ।

ਸੈਸ਼ਨ ਜੱਜ ਵੀ ਇਸੇ ਦੁਬਿਧਾ ਵਿਚ ਸੀ। ਉਸਨੂੰ ਹੁਣ ਤਕ ਹਾਈ ਕੋਰਟ ਦੇ ਦੋ

ਜੱਜਾਂ ਦੇ ਫ਼ੋਨ ਆ ਚੁੱਕੇ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਉਨ੍ਹਾਂ ਵਿਚੋਂ ਇਕ ਉਹ ਜੱਜ ਸੀ ਜਿਸ ਨੇ ਖ਼ੁਦ ਉਨ੍ਹਾਂ ਦੀ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਰੱਦ ਕੀਤੀ ਸੀ। ਜਦੋਂ ਉਹ ਹਾਥੀ ਜਿਡੀ ਕੁਰਸੀ 'ਤੇ ਬੈਠ ਕੇ ਮੁਲਜ਼ਮਾਂ ਦੀ ਮਦਦ ਨਹੀਂ ਸੀ ਕਰ ਸਕਿਆ ਤਾਂ ਕੀੜੀਆਂ ਤੋਂ ਕੀ ਆਸ ਕਰ ਰਿਹਾ ਸੀ?

ਇਲਾਕਾ ਮੈਜਿਸਟਰੇਟ ਹੁਣੇ-ਹੁਣੇ ਆਪਣਾ ਦੁਖੜਾ ਰੋ ਕੇ ਗਿਆ ਸੀ। ਉਹ ਨਵਾਂ ਭਰਤੀ ਹੋਇਆ ਸੀ। ਉਸਨੂੰ ਲਾਲਚ ਵੀ ਦਿੱਤਾ ਜਾ ਰਿਹਾ ਸੀ ਅਤੇ ਮਲਵੀਂ ਜਿਹੀ ਜੀਭ ਨਾਲ ਧਮਕੀ ਵੀ। ਉਹ ਸੈਸ਼ਨ ਜੱਜ ਤੋਂ ਅਗਵਾਈ ਲੈਣ ਆਇਆ ਸੀ।

ਸੈਸ਼ਨ ਜੱਜ ਖ਼ੁਦ ਡੋਲਿਆ ਬੈਠਾ ਸੀ। ਉਹ ਜ਼ਿਲ੍ਹਾ ਅਟਾਰਨੀ ਦਾ ਹੌਸਲਾ ਕਿਸ ਤਰ੍ਹਾਂ ਵਧਾਏ?

ਸੋਚ ਸੋਚ ਕੇ ਸੈਸ਼ਨ ਜੱਜ ਨੇ ਜ਼ਿਲ੍ਹਾ ਅਟਾਰਨੀ ਨੂੰ ਸਲਾਹ ਦਿੱਤੀ।

"ਤੁਸੀਂ ਖ਼ੁਦ ਮਿਸਲ ਦੀ ਘੋਖ ਪੜਤਾਲ ਕਰੋ। ਕਮੀ ਪੇਸ਼ੀ ਨਜ਼ਰ ਆਉਂਦੀ ਹੋਵੇ, ਉਹ ਦੂਰ ਕਰਾਓ। ਪੁਲਿਸ ਰਿਮਾਂਡ ਦੀ ਦਰਖ਼ਾਸਤ ਆਪ ਲਿਖਵਾਓ। ਪੁਲਿਸ ਰਿਮਾਂਡ ਦਾ ਠੋਸ ਆਧਾਰ ਤਿਆਰ ਕਰਾਓ। ਖ਼ੁਦ ਬਹਿਸ ਕਰੋ। ਕੁਝ ਯਤਨ ਮੈਂ ਕਰਾਂਗਾ। ਆਪਾਂ ਸਾਰੇ ਇਸ ਮੁਸੀਬਤ ਵਿਚੋਂ ਨਿਕਲਣ ਦਾ ਯਤਨ ਕਰਾਂਗੇ।"

ਸੈਸ਼ਨ ਜੱਜ ਦੀਆਂ ਬਾਕੀ ਗੱਲਾਂ ਠੀਕ ਸਨ। ਖ਼ੁਦ ਬਹਿਸ ਕਰਨ ਦੇ ਸੁਝਾਅ ਨੇ ਉਸਨੂੰ ਕੜਿਕੀ ਵਿਚ ਫਸਾ ਦਿੱਤਾ। ਇਸ ਤਰ੍ਹਾਂ ਕਰਨ ਨਾਲ ਜ਼ਿਲ੍ਹਾ ਅਟਾਰਲੀ ਨੂੰ ਹਰ ਹਾਲ ਵਿਚ ਮਾਰ ਪੈਣੀ ਸੀ। ਪੁਲਿਸ ਰਿਮਾਂਡ ਮਿਲਿਆ ਹੋਮ ਸੈਕਟਰੀ ਨੇ ਨਰਾਜ਼ ਹੋਣਾ ਸੀ। ਅੱਡੀਆਂ ਚੁਕ-ਚੁਕ ਬਹਿਸ ਕਰਨ ਦੀ ਕੀ ਜ਼ਰੂਰਤ ਸੀ?

ਪੁਲਿਸ ਰਿਮਾਂਡ ਨਾ ਮਿਲਿਆ ਤਾਂ ਬਘੇਲ ਸਿੰਘ ਨੇ ਦੁਆਲੇ ਹੋ ਜਾਣਾ ਸੀ।

ਉਹ ਖ਼ੁਦ ਬਹਿਸ ਕਰਨ ਦਾ ਜੋਖ਼ਮ ਨਹੀਂ ਉਠਾਏਗਾ। ਸੰਬੰਧਤ ਸਰਕਾਰੀ ਵਕੀਲ ਨੂੰ ਹੀ ਕਚਹਿਰੀ ਭੇਜੇਗਾ। ਕੋਈ ਨੀਮ ਖੀਮ ਹੋਈ ਤਾਂ ਉਸੇ ਨੂੰ ਬਲੀ ਦਾ ਬੱਕਰਾ ਬਣਾਏਗਾ।

ਸੈਸ਼ਨ ਜੱਜ ਕੋਲ ਸਿਫ਼ਾਰਸ਼ ਕਰਨ ਦਾ ਆਪਣਾ ਫਰਜ਼ ਨਿਭਾਅ ਕੇ ਜ਼ਿਲ੍ਹਾ ਅਟਾਰਨੀ ਆਪਣੇ ਦਫ਼ਤਰ ਆ ਬੈਠਾ।

ਉਹ ਆਉਣ ਵਾਲੇ ਭੈੜੇ ਸਮੇਂ ਲਈ ਆਪਣੇ ਆਪ ਨੂੰ ਤਿਆਰ ਕਰਨ ਲੱਗਾ।

## -56-

ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਬਘੇਲ ਸਿੰਘ ਦੀ ਮਿਹਨਤ ਦੇ ਨਤੀਜੇ ਆਉਣ ਲਗੇ।

ਮੂੰਹ-ਹਨੇਰੇ ਪੁਲਿਸ ਨੇ ਦੋਹਾਂ ਭਰਾਵਾਂ ਨੂੰ ਰੈਸਟ-ਹਾਊਸ ਵਿਚੋਂ ਲਿਆ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ।

ਹਵਾਲਾਤ ਦਾ ਸਵਾਦ ਚੰਗੀ ਤਰ੍ਹਾਂ ਚਖਾਉਣ ਲਈ ਪੰਜ ਛੇ ਮੰਗਤਿਆਂ ਅਤੇ ਦੋ ਤਿੰਨ ਚੋਰਾਂ ਨੂੰ ਉਨ੍ਹਾਂ ਨਾਲ ਡੱਕ ਦਿੱਤਾ।

ਹਵਾਲਾਤੀਆਂ ਦੇ ਮੈਲੇ ਕਪੜਿਆਂ ਅਤੇ ਸਰੀਰਾਂ ਵਿਚੋਂ ਬੂ ਆ ਰਹੀ ਸੀ। ਇੰਝ ਜਾਪਦਾ ਸੀ ਜਿਵੇਂ ਕਾਂ ਖਾਧਾ ਕੋਈ ਕੁੱਤਾ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ ਹੋਵੇ। ਮੰਗਤੇ ਵਾਰ-ਵਾਰ ਜ਼ਰਦਾ ਲਾ ਰਹੇ ਸਨ ਅਤੇ ਹਵਾਲਾਤ ਦੇ ਅੰਦਰ ਹੀ ਥੁੱਕ ਰਹੇ ਸਨ।



ਓਕ ਨਾਲ ਪੀਣ ਕਾਰਨ ਘੜੇ ਦਾ ਪਾਣੀ ਥਾਂ-ਥਾਂ ਡੁੱਲ੍ਹਿਆ ਪਿਆ ਸੀ। ਉਸ ਡੁਲ੍ਹੇ ਪਾਣੀ ਉਪਰ ਬੈਠੀਆਂ ਮੱਖੀਆਂ ਨੇ ਮਾਹੌਲ ਹੋਰ ਘਿਣਾਉਣਾ ਬਣਾ ਦਿੱਤਾ ਸੀ।

ਹਵਾਲਾਤ ਦਾ ਇਕ ਦਰਵਾਜ਼ਾ ਥਾਣੇ ਦੇ ਮੁੱਖ ਦਰਵਾਜ਼ੇ ਵੱਲ ਖੁਲ੍ਹਦਾ ਸੀ। ਥਾਣੇ ਅੰਦਰ ਜਾਂਦੇ ਹਰ ਵਿਅਕਤੀ ਦੀ ਨਜ਼ਰ ਹਵਾਲਾਤੀਆਂ ਉਪਰ ਪੈਂਦੀ ਸੀ। ਹਵਾਲਾਤੀਆਂ ਨੂੰ ਮੂੰਹ ਲੁਕਾਉਣ ਤਕ ਦੀ ਸਹੂਲਤ ਨਹੀਂ ਸੀ। ਕੋਈ ਕਿੰਨਾ ਕੁ ਚਿਰ ਮੂੰਹ 'ਤੇ ਹੱਥ ਰੱਖੀ ਆਪਣੀ ਸ਼ਨਾਖ਼ਤ ਛੁਪਾਈ ਰੱਖੇ!

ਦੋਵੇਂ ਭਰਾ ਤਰਲੇ ਲੈ ਰਹੇ ਸਨ। ਉਨ੍ਹਾਂ ਨੂੰ ਹਵਾਲਾਤ ਵਿਚੋਂ ਕੱਢਿਆ ਜਾਵੇ। ਉਨ੍ਹਾਂ ਨੂੰ ਘਰ ਫ਼ੋਨ ਕਰਨ ਦਿੱਤਾ ਜਾਵੇ।

ਕੋਈ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਥਾਣੇ ਵਿਚ ਦੋ ਪੁਲਿਸ ਮੁਲਾਜ਼ਮ ਹਾਜ਼ਰ ਸਨ। ਇਕ ਸੀ ਰਾਤ ਦਾ ਮੁਨਸ਼ੀ ਅਤੇ ਦੂਸਰਾ ਸੀ ਸੰਤਰੀ। ਹਵਾਲਾਤ ਦੀ ਚਾਬੀ ਦੋਹਾਂ ਵਿਚੋਂ ਕਿਸੇ ਕੋਲ ਨਹੀਂ ਸੀ। ਉਹ ਦੋਸ਼ੀਆਂ ਦੀ ਕੋਈ ਮਦਦ ਨਹੀਂ ਸਨ ਕਰ ਸਕਦੇ।

ਸੰਤਰੀ ਨੂੰ ਚਾਹ ਫੜਾਉਣ ਆਏ ਨੌਕਰ ਨੂੰ ਸੇਠਾਂ 'ਤੇ ਰਹਿਮ ਆ ਗਿਆ। ਚੁੱਪਕੇ ਜਿਹੇ ਉਸਨੇ ਉਨ੍ਹਾਂ ਤੋਂ ਫ਼ੋਨ ਨੰਬਰ ਲਿਆ ਅਤੇ ਦੁਕਾਨ 'ਤੇ ਆ ਕੇ ਉਨ੍ਹਾਂ ਦੇ ਘਰ ਫ਼ੋਨ ਖੜਕਾ ਦਿੱਤਾ।

ਖ਼ਬਰ ਸੁਣਦਿਆਂ ਹੀ ਗੁੱਸੇ ਵਿਚ ਭੜਕੇ ਉਨ੍ਹਾਂ ਦੇ ਹਮਾਇਤੀ ਥਾਣੇ ਵੱਲ ਦੌੜ ਪਏ।

ਰਾਤੀਂ ਰਿਸ਼ਤੇਦਾਰ ਸਭ ਤਰ੍ਹਾਂ ਦੇ ਇੰਤਜ਼ਾਮ ਕਰਕੇ ਆਏ ਸਨ। ਹੁਣ ਪੁਲਿਸ ਨੂੰ ਕਿਹੜੀ ਮਾਰ ਪੈ ਗਈ ਸੀ ?

ਸੰਤਰੀ ਨੂੰ ਅਫ਼ਸਰਾਂ ਦੀ ਸਖ਼ਤ ਹਦਾਇਤ ਸੀ। ਬਿਨਾਂ ਮੁੱਖ ਅਫ਼ਸਰ ਦੀ ਇਜਾਜ਼ਤ ਦੇ ਕਿਸੇ ਨੂੰ ਥਾਣੇ ਅੰਦਰ ਨਾ ਜਾਣ ਦਿੱਤਾ ਜਾਵੇ।

ਕੁਝ ਦੇਰ ਸੰਤਰੀ ਆਪਣੀ ਡਿਊਟੀ ਈਮਾਨਦਾਰੀ ਨਾਲ ਨਿਭਾਉਂਦਾ ਰਿਹਾ। ਹਰ ਆਏ ਮੁਲਾਕਾਤੀ ਨੂੰ ਨਿਮਰਤਾ ਸਹਿਤ ਥਾਣੇ ਦੇ ਬਾਹਰ ਇੰਤਜ਼ਾਰ ਕਰਨ ਦੀ ਬੇਨਤੀ ਕਰਦਾ ਰਿਹਾ।

ਹੌਲੀ-ਹੌਲੀ ਸਥਿਤੀ ਸੰਤਰੀ ਦੇ ਵਸੋਂ ਬਾਹਰ ਹੋਣ ਲੱਗੀ। ਜਿਸ ਰੁਤਬੇ ਦੇ ਲੋਕ ਮੁਲਜ਼ਮਾਂ ਨੂੰ ਮਿਲਣ ਆ ਰਹੇ ਸਨ, ਉਨ੍ਹਾਂ ਨੂੰ ਬਹੁਤੀ ਦੇਰ ਰੋਕਣਾ ਸੰਤਰੀ ਦੇ ਵੱਸ ਵਿਚ ਨਹੀਂ ਸੀ।

ਸੰਤਰੀ ਨੂੰ ਦੋਹੀਂ ਪਾਸੀਂ ਖ਼ਤਰਾ ਮਹਿਸੂਸ ਹੋਣ ਲੱਗਾ। ਜੇ ਕਿਸੇ ਸਾਬਕਾ ਜੱਜ ਜਾਂ ਚੇਅਰਮੈਨ ਨੂੰ ਉਸਨੇ ਥਾਣੇ ਨਾ ਵੜਨ ਦਿੱਤਾ ਤਾਂ ਉਸ ਨੇ ਸੰਤਰੀ ਨੂੰ ਮੁਅੱਤਲ ਕਰਵਾ ਦੇਣਾ ਸੀ। ਜੇ ਅੰਦਰ ਜਾਣ ਦਿੱਤਾ ਤਾਂ ਅਫ਼ਸਰਾਂ ਨੇ ਉਸਦੀ ਪੇਟੀ ਲਾਹ ਲੈਣੀ ਸੀ।

ਅਫ਼ਸਰਾਂ ਨੂੰ ਉਹ ਕਈ ਵਾਰ ਸੂਚਿਤ ਕਰ ਚੁੱਕਾ ਸੀ, "ਹਾਲਾਤ ਕਾਬੂ ਕਰੋ।" "ਬਸ ਆਏ" ਆਖ ਕੇ ਅਫ਼ਸਰ ਜਾਨ ਛੁਡਾਉਂਦੇ ਆ ਰਹੇ ਸਨ।

ਮਨ ਕਰੜਾ ਕਰਕੇ ਸੰਤਰੀ ਨੇ ਕੰਟਰੋਲ ਰੂਮ ਨੂੰ ਫ਼ੋਨ ਕੀਤਾ। "ਥਾਣੇ ਦੇ ਬਾਹਰ ਵੱਡੀ ਭੀੜ ਜਮ੍ਹਾਂ ਹੋ ਗਈ ਹੈ। ਥਾਣੇ ਉਪਰ ਹਮਲਾ ਹੋਣ ਦਾ ਖ਼ਤਰਾ ਹੈ। ਮੈਂ ਇਕੱਲਾ ਹਾਲਾਤ ਕਾਬੂ ਨਹੀਂ ਕਰ ਸਕਦਾ। ਹੋਰ ਫੋਰਸ ਭੇਜੋ।"

ਕੰਟਰੋਲ ਰੂਮ ਨੇ ਝੱਟ ਵਾਇਰਲੈਸਾਂ ਖੜਕਾ ਦਿੱਤੀਆਂ।

ਝੱਟ ਮੁੱਖ ਅਫ਼ਸਰ ਥਾਣੇ ਆ ਬੈਠਾ। ਗੇਟ ਉੱਪਰ ਸੁਰੱਖਿਆ ਵਧਾ ਦਿੱਤੀ ਗਈ। ਚਾਰ ਬੰਦੂਕਾਂ ਵਾਲੇ ਸੰਤਰੀ ਥਾਣੇ ਦੇ ਬਾਹਰ ਗਸ਼ਤ ਕਰਨ ਲੱਗੇ।

ਮੁੱਖ ਅਫ਼ਸਰ ਹਮਾਇਤੀਆਂ ਨੂੰ ਟਾਲਦਾ ਰਿਹਾ। ਕਾਨੂੰਨ ਸਭ ਲਈ ਬਰਾਬਰ ਸੀ। ਉਹ ਦੋਸ਼ੀਆਂ ਨੂੰ ਹਵਾਲਾਤ ਵਿਚੋਂ ਬਾਹਰ ਨਹੀਂ ਸੀ ਕੱਢ ਸਕਦਾ।

ਉਸਨੇ ਇਕ ਰਿਆਇਤ ਕੀਤੀ। ਵਕੀਲ ਨੂੰ ਦੋਸ਼ੀਆਂ ਨਾਲ ਮਿਲਾ ਦਿੱਤਾ।

ਸਿੰਗਲੇ ਕੋਲ ਮੁਲਜ਼ਮਾਂ ਨਾਲ ਕਰਨ ਲਈ ਕੋਈ ਗੱਲ ਨਹੀਂ ਸੀ। ਉਹ ਕੁਝ ਘੰਟਿਆਂ ਲਈ ਸਬਰ ਕਰਨ ਦੀ ਸਲਾਹ ਦੇ ਕੇ ਬਾਹਰ ਆ ਗਿਆ।

ਬਾਹਰਲਿਆਂ ਨੂੰ ਦੱਸਣ ਲਈ ਸਿੰਗਲੇ ਕੋਲ ਬਹੁਤਾ ਕੁਝ ਨਹੀਂ ਸੀ।

"ਹਾਲੇ ਮੁੰਡੇ ਠੀਕ ਹਨ। ਕੁਝ ਘਬਰਾਹਟ ਜ਼ਰੂਰ ਹੈ। ਜੇ ਉਹ ਕਿਵੇਂ ਨਾ ਕਿਵੇਂ ਹਵਾਲਾਤ ਵਿਚੋਂ ਬਾਹਰ ਆ ਜਾਣ, ਫੇਰ ਕੋਈ ਦਿੱਕਤ ਨਹੀਂ।"

ਉਪਰੋਂ ਕਿਸੇ ਅਫ਼ਸਰ ਨੇ ਮੁੱਖ ਅਫ਼ਸਰ ਨੂੰ ਤਾੜਿਆ :

"ਮੁਲਾਕਾਤੀਆਂ ਨੂੰ ਕਿਉਂ ਰੋਕਿਆ ਜਾ ਰਿਹਾ ਹੈ? ਇਕ ਇਕ ਕਰਕੇ ਮਿਲਣ ਦਿੱਤਾ ਜਾਵੇ।"

ਆਸ ਦੇ ਉਲਟ ਹਮਾਇਤੀਆਂ ਨੂੰ ਮਿਲ ਕੇ ਨੀਰਜ ਹੋਰਾਂ ਨੂੰ ਰਾਹਤ ਘੱਟ ਅਤੇ ਘਬਰਾਹਟ ਵੱਧ ਮਹਿਸੂਸ ਹੋਣ ਲੱਗੀ।

ਉਨ੍ਹਾਂ ਦੇ ਚਿਹਰੇ ਮੁਰਝਾ ਗਏ। ਉਬਾਸੀਆਂ ਆਉਣ ਲੱਗੀਆਂ। ਉਨ੍ਹਾਂ ਦੇ ਗਲੇ ਸੁੱਕ ਰਹੇ ਸਨ। ਦਿਲ ਜ਼ੋਰ-ਜ਼ੋਰ ਦੀ ਧੜਕ ਰਹੇ ਸਨ। ਲੱਤਾਂ ਬਾਹਾਂ ਦਰਦ ਕਰ ਰਹੀਆਂ ਸਨ। ਦੋ ਕੁ ਵਾਰ ਸੁੱਕੇ ਵੱਤ ਆ ਚੁੱਕੇ ਸਨ। ਪੰਕਜ ਦਾ ਸਿਰ ਫਟ ਰਿਹਾ ਸੀ। ਨੀਰਜ ਦਾ ਪਿੰਡਾ ਭਖ ਰਿਹਾ ਸੀ।

ਉਹ ਮੂੰਹੋਂ ਕੁਝ ਨਹੀਂ ਸਨ ਬੋਲ ਰਹੇ।

ਪਰ ਉਨ੍ਹਾਂ ਦੀਆਂ ਅੱਖਾਂ ਲੇਲ੍ਹੜੀਆਂ ਕੱਢ-ਕੱਢ ਆਖ ਰਹੀਆਂ ਸਨ :

"ਸਾਨੂੰ ਹਰ ਕੀਮਤ 'ਤੇ ਇਥੋਂ ਕੱਢੋ!"

## -57-

ਤਪਦੇ ਰੇਗਸਥਾਨ ਵਿਚ ਪਹਿਲੀ ਵਾਰ ਠੰਡੀ ਹਵਾ ਦਾ ਬੁੱਲਾ ਆਇਆ ਸੀ।

ਮਾਤਾ ਜੀ ਨੇ ਆਪਣੇ ਹੱਥੀਂ ਸਹਿਯੋਗ ਸੰਸਥਾ ਵਿਚ ਨੇਹਾ ਦੀ ਪਹਿਲੀ ਥਾਂ ਬਹਾਲ ਕੀਤੀ ਸੀ।

ਯੁਵਾ ਸ਼ਕਤੀ ਨੇ ਸੰਸਥਾ ਦੇ ਪ੍ਰਬੰਧਕਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਵਾਇਆ ਸੀ। ਮਜਬੂਰਨ ਪ੍ਰਬੰਧਕਾਂ ਨੂੰ ਮਾਮਲਾ ਅਮਰੀਕਾ ਬੈਠੇ ਮਾਤਾ ਜੀ ਦੇ ਧਿਆਨ ਵਿਚ ਲਿਆਉਣਾ ਪਿਆ ਸੀ। ਮਾਤਾ ਜੀ ਨੇ ਪ੍ਰਬੰਧਕਾਂ ਨੂੰ ਝਾੜਾਂ ਪਾਈਆਂ ਸਨ। ਮਾਤਾ ਜੀ ਦੇ ਆਦੇਸ਼ ਤੇ ਸੰਚਾਲਕ ਨੂੰ ਹਸਪਤਾਲ ਆ ਕੇ ਨੇਹਾ ਤੋਂ ਮੁਆਫ਼ੀ ਮੰਗਣੀ ਪਈ ਸੀ।

ਪਿਛਲੀ ਬੈਠਕ ਵਿਚ ਨੇਹਾ ਅਤੇ ਉਸਦੇ ਪਰਿਵਾਰ ਲਈ ਸਮੂਹਿਕ ਪ੍ਰਾਰਥਨਾ ਹੋਈ ਸੀ।

ਅਗਲੀ ਸਮੂਹਿਕ ਬੈਠਕ ਵਿਚ ਸ਼ਾਮਲ ਹੋਣ ਲਈ ਨੇਹਾ ਨੂੰ ਮਾਤਾ ਜੀ ਵੱਲੋਂ ਬੁਲਾਵਾ ਆਇਆ ਸੀ। ਸਾਰੇ ਸਹਿਯੋਗੀਆਂ ਦੇ ਸਾਹਮਣੇ ਮਾਤਾ ਜੀ ਨੇ ਨੇਹਾ ਨਾਲ ਫ਼ੋਨ 'ਤੇ ਗੱਲ ਕਰਨੀ ਸੀ ਅਤੇ ਉਸਨੂੰ ਅਸ਼ੀਰਵਾਦ ਦੇਣਾ ਸੀ।

ਮਾਤਾ ਜੀ ਕਿਸੇ ਸਹਿਯੋਗੀ ਨਾਲ ਫ਼ੋਨ 'ਤੇ ਗੱਲ ਕਰਨ, ਇਹ ਸੰਸਥਾ ਦੇ ਇਤਿਹਾਸ



ਵਿਚ ਪਹਿਲੀ ਵਾਰ ਹੋਣਾ ਸੀ। ਇਸ ਅਨੂਠੇ ਪ੍ਰਸ਼ਾਦ ਨੇ ਨੇਹਾ ਨੂੰ ਫੁੱਲ ਵਾਂਗ ਟਹਿਕਾ ਦਿੱਤਾ। ਨੇਹਾ ਦੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਗਏ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸਦੀ ਕੁੰਡਲਣੀ ਮਾਂ ਦਾ ਮੁੜ ਉਥਾਨ ਹੋਣ ਲੱਗਾ ਸੀ। ਪਹਿਲਾਂ ਵਾਲੀ ਅਧਿਆਤਮ ਸ਼ਕਤੀ ਮੁੜ ਉਸ ਅੰਦਰ ਪਰਵਾਹਿਤ ਹੋਣ ਲੱਗੀ ਸੀ।

ਮਾਤਾ ਜੀ ਨੇ ਨੇਹਾ ਨੂੰ ਫ਼ੋਨ 'ਤੇ ਉਪਦੇਸ਼ ਦਿੱਤਾ। ਉਹ ਰੱਬ ਦੀ ਰਜ਼ਾ ਵਿਚ ਰਹੇ। ਵਿਧੀ ਦਾ ਲਿਖਿਆ ਅਵਤਾਰ ਖ਼ੁਦ ਨਹੀਂ ਟਾਲਦੇ। ਇਹ ਭਾਣਾ ਇੰਝ ਹੀ ਵਰਤਣਾ ਸੀ। ਨੇਹਾ ਕਮਲ ਲਈ ਹੰਝੂ ਨਾ ਵਹਾਏ। ਉਹ ਮਾਤਾ ਜੀ ਦੇ ਚਰਨਾਂ ਵਿਚ ਸੁਰੱਖਿਅਤ ਸੀ। ਨੇਹਾ ਧਿਆਨ ਵਿਚ ਮਨ ਲਗਾਏ। ਮਾਤਾ ਪਿਤਾ ਦੀ ਸੇਵਾ ਕਰੇ। ਭਵਿੱਖ ਵਿਚ ਸਭ ਠੀਕ ਹੋਣ ਵਾਲਾ ਸੀ।

ਨਵੇਂ ਜੋਸ਼ ਨਾਲ ਭਰੀ ਨੇਹਾ ਆਸ਼ਰਮ ਵਿਚੋਂ ਸਿੱਧੀ ਆਪਣੀ ਕੋਠੀ ਗਈ। ਆਪਣੇ ਪੂਜਾ ਸਥਾਨ ਨੂੰ ਉਸਨੇ ਆਪਣੇ ਹੱਥੀਂ ਸਾਫ਼ ਕੀਤਾ। ਮਾਤਾ ਜੀ ਦੀ ਫ਼ੋਟੋ 'ਤੇ ਪਈ ਧੂੜ ਨੂੰ ਝਾੜਿਆ।

ਅਗਲੇ ਦਿਨ ਮਾਤਾ ਜੀ ਦੇ ਬੋਲ ਸੱਚੇ ਸਿੱਧ ਹੋਣੇ ਸ਼ੁਰੂ ਹੋ ਗਏ।

ਹਾਈ ਕੋਰਟ ਨੇ ਪੰਕਜ ਅਤੇ ਨੀਰਜ ਦੀ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਰੱਦ ਕਰ ਦਿੱਤੀ।

ਹੁਣ ਉਹ ਥਾਣੇ ਦੀ ਹਵਾਲਾਤ ਵਿਚ ਸੜ ਰਹੇ ਸਨ।

## -58-

ਆਮ ਤੌਰ 'ਤੇ ਮੁਲਜ਼ਮਾਂ ਨੂੰ ਬਾਰਾਂ ਸਾਢੇ ਬਾਰਾਂ ਵਜੇ ਹਵਾਲਾਤੋਂ ਕੱਢ ਲਿਆ ਜਾਂਦਾ ਸੀ। ਪਰ ਜਦੋਂ ਨੀਰਜ ਹੋਰਾਂ ਨੂੰ ਢਾਈ ਵਜੇ ਤਕ ਹਵਾਲਾਤੋਂ ਬਾਹਰ ਨਾ ਕੱਢਿਆ ਗਿਆ ਤਾਂ ਬਾਹਰ ਖੜ੍ਹੇ ਸਮਰਥਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਹ ਦੇਰੀ ਆਉਣ ਵਾਲੇ ਭੈੜੇ ਸਮੇਂ ਦੀ ਸੂਚਕ ਸੀ।

ਰਾਤੀਂ ਨੀਰਜ ਹੋਰਾਂ ਦੇ ਸਮਰਥਕਾਂ ਨੂੰ ਕਪਤਾਨ ਨੇ ਭਰੋਸਾ ਦਿਵਾਇਆ ਸੀ। ਮੁਲਜ਼ਮਾਂ ਨੂੰ ਬਾਇੱਜ਼ਤ ਕਚਹਿਰੀ ਲਿਜਾਇਆ ਜਾਏਗਾ।

ਢਾਈ ਵਜੇ ਮੁਲਾਜ਼ਮਾਂ ਨੂੰ ਥਾਣਿਉਂ ਬਾਹਰ ਆਉਂਦੇ ਦੇਖ ਕੇ ਕੁਝ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਥਾਣੇ ਦੇ ਗੇਟ ਅੱਗੇ ਲੱਗਣ ਦਾ ਯਤਨ ਕਰਨ ਲੱਗੀਆਂ। ਉਨ੍ਹਾਂ ਦੀ ਡਿਊਟੀ ਪੰਕਜ ਹੋਰਾਂ ਨੂੰ ਕਚਹਿਰੀ ਲਿਜਾਣ ਦੀ ਲੱਗੀ ਸੀ।

ਪਰ ਇਕ ਵੀ ਗੱਡੀ ਨੂੰ ਗੇਟ ਅੱਗੇ ਰੁਕਣ ਦੀ ਇਜਾਜ਼ਤ ਨਾ ਮਿਲੀ। ਕਾਰਾਂ ਦੀ ਥਾਂ ਸਰਕਾਰੀ ਫੋਰ ਵੀਲਰ ਲਿਆਂਦਾ ਗਿਆ। ਮੁਦਈ ਧਿਰ ਜ਼ੋਰ ਪਾ ਰਹੀ ਸੀ। ਮੁਲਜ਼ਮਾਂ ਨੂੰ ਤੋਰ ਕੇ ਕਚਹਿਰੀ ਲਿਜਾਇਆ ਜਾਵੇ। ਪਰ ਪੁਲਿਸ ਨਿਰਪੱਖ ਸੀ। ਨਾ ਉਨ੍ਹਾਂ ਨੂੰ ਤੋਰ ਕੇ ਕਚਹਿਰੀ ਲਿਜਾਇਆ ਜਾਏਗਾ ਨਾ ਕਾਰਾਂ ਵਿੱਚ। ਸਾਧਾਰਨ ਮੁਲਜ਼ਮਾਂ ਵਾਂਗ ਉਹ ਸਰਕਾਰੀ ਗੱਡੀ ਵਿਚ ਕਚਹਿਰੀ ਜਾਣਗੇ।

ਕਮਾਨੋਂ ਨਿਕਲੇ ਤੀਰ ਵਾਂਗ ਮਿੰਟੀ ਸਕਿੰਟੀ ਮੁਲਜ਼ਮਾਂ ਵਾਲੀ ਗੱਡੀ ਅੱਖੋਂ ਓਹਲੇ ਹੋ ਗਈ।

ਥਾਣੇ ਤੋਂ ਕਚਹਿਰੀ ਦਾ ਰਸਤਾ ਦੋ ਕਿਲੋਮੀਟਰ ਤੋਂ ਵੱਧ ਨਹੀਂ ਸੀ। ਰਸਤੇ ਵਿਚ

ਨਾ ਕੋਈ ਬੱਤੀਆਂ ਵਾਲਾ ਚੌਕ ਸੀ, ਨਾ ਭੀੜ-ਭੜੱਕਾ। ਗੱਡੀ ਨੂੰ ਥਾਣਿਉਂ ਨਿਕਲਿਆਂ ਘੰਟਾ ਹੋ ਗਿਆ ਸੀ। ਗੱਡੀ ਰੁਕੀ ਤਾਂ ਕਿਥੇ?

ਕਚਹਿਰੀ ਦੇ ਬਾਹਰ ਖੜ੍ਹੇ ਸਮਰਥਕਾਂ ਨੂੰ ਚਿੰਤਾ ਹੋਣ ਲੱਗੀ।

ਕੁੱਟ-ਮਾਰ ਕਰਕੇ ਪੁੱਛ-ਗਿੱਛ ਕਰਨ ਲਈ ਪੁਲਿਸ ਕਿਤੇ ਉਨ੍ਹਾਂ ਨੂੰ ਸਟਾਫ਼ ਤਾਂ ਨਹੀਂ ਲੈ ਗਈ? ਹੈਰਾਨ ਪ੍ਰੇਸ਼ਾਨ ਹੋਏ ਦੋਸਤ ਬੁਰੇ ਦੇ ਘਰ ਤਕ ਸੋਚਣ ਲੱਗੇ।

ਹਾਲੇ ਪਹਿਲੀ ਪਹੇਲੀ ਹੱਲ ਨਹੀਂ ਸੀ ਹੋਈ। ਸਿੰਗਲੇ ਨੇ ਨਵੀਂ ਮੁਸੀਬਤ ਦਾ ਬਿਗਲ ਵਜਾ ਦਿੱਤਾ।

ਇਲਾਕਾ ਮੈਜਿਸਟਰੇਟ ਅੱਧੇ ਦਿਨ ਦੀ ਛੁੱਟੀ ਚਲਾ ਗਿਆ ਸੀ। ਡਿਊਟੀ ਮੈਜਿਸਟਰੇਟ ਸਵੇਰ ਤੋਂ ਛੁੱਟੀ 'ਤੇ ਸੀ। ਸੈਸ਼ਨ ਜੱਜ ਕਿਸੇ ਮੈਜਿਸਟਰੇਟ ਨੂੰ ਡਿਊਟੀ ਮੈਜਿਸਟਰੇਟ ਨਿਯੁਕਤ ਕਰੇਗਾ। ਫੇਰ ਦੋਸ਼ੀਆਂ ਨੂੰ ਅਦਾਲਤ ਲਿਆਂਦਾ ਜਾਏਗਾ।

ਮੁਲਜ਼ਮਾਂ ਦੀ ਮਿਹਨਤ 'ਤੇ ਪਾਣੀ ਫਿਰ ਗਿਆ ਸੀ। ਉਨ੍ਹਾਂ ਨੇ ਦੋਹਾਂ ਮੈਜਿਸਟਰੇਟਾਂ ਤਕ ਪਹੁੰਚ ਕੀਤੀ ਸੀ। ਦੋਹੇਂ ਮੈਜਿਸਟਰੇਟ ਪਿੱਠ ਦਿਖਾ ਦੇਣਗੇ, ਇਹ ਕਿਸੇ ਦੇ ਚਿਤ-ਚੇਤੇ ਨਹੀਂ ਸੀ।

ਪਤਾ ਨਹੀਂ ਕਿਸ ਮੈਜਿਸਟਰੇਟ ਦੀ ਡਿਊਟੀ ਲੱਗੇ? ਪਤਾ ਨਹੀਂ ਕਿਸ ਸਰਕਾਰੀ ਵਕੀਲ ਨਾਲ ਮੱਥਾ ਲਗੇ? ਝੱਟ-ਪੱਟ ਉਨ੍ਹਾਂ ਤੱਕ ਪਹੁੰਚ ਕਿਸ ਤਰ੍ਹਾਂ ਹੋਏਗੀ? ਸਿੰਗਲੇ ਨੂੰ ਇਹੋ ਚਿੰਤਾ ਸਤਾ ਰਹੀ ਸੀ।

ਲੱਗਦਾ ਸੀ ਇਹ ਡਰਾਮਾ ਕਿਸੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਹੋ ਰਿਹਾ ਸੀ। ਨਵੇਂ ਡਿਊਟੀ ਮੈਜਿਸਟਰੇਟ ਦਾ ਨਾਂ ਜਾਣ-ਬੁਝ ਕੇ ਗੁਪਤ ਰੱਖਿਆ ਜਾ ਰਿਹਾ ਸੀ। ਧਿਰਾਂ ਨੂੰ ਨਵੇਂ ਮੈਜਿਸਟਰੇਟ ਦਾ ਨਾਂ ਉਦੋਂ ਹੀ ਪਤਾ ਲੱਗਣਾ ਸੀ, ਜਦੋਂ ਦੋਸ਼ੀ ਕਚਹਿਰੀ ਜਾ ਖੜੇ।

ਸੈਸ਼ਨ ਜੱਜ ਵੱਲੋਂ ਕੀਤੀ ਜਾ ਰਹੀ ਦੇਰੀ ਦਾ ਪੁਲਿਸ ਨੇ ਫ਼ਾਇਦਾ ਉਠਾ ਲਿਆ।

ਸੁਪਰੀਮ ਕੋਰਟ ਦੀਆਂ ਨਵੀਆਂ ਹਦਾਇਤਾਂ ਆਈਆਂ ਸਨ। ਗ੍ਰਿਫ਼ਤਾਰੀ ਦੇ ਫੌਰਨ ਬਾਅਦ ਦੋਸ਼ੀਆਂ ਦਾ ਡਾਕਟਰੀ ਮੁਲਾਹਜ਼ਾ ਕਰਵਾਇਆ ਜਾਵੇ। ਇਨ੍ਹਾਂ ਹਦਾਇਤਾਂ ਦੀ ਪਾਲਣਾ ਲਈ ਦੋਸ਼ੀਆਂ ਨੂੰ ਸਰਕਾਰੀ ਹਸਪਤਾਲ ਲਿਜਾਇਆ ਗਿਆ। ਸਿਵਲ ਸਰਜਨ ਦੀ ਦੇਖ-ਰੇਖ ਵਿਚ ਡਾਕਟਰਾਂ ਦਾ ਬੋਰਡ ਬਣਾਇਆ ਗਿਆ। ਦੋਸ਼ੀਆਂ ਦੀ ਹਰ ਪੱਖੋਂ ਜਾਂਚ ਹੋਈ। ਡਾਕਟਰਾਂ ਨੇ ਇਕ ਸੁਰ ਹੋ ਕੇ ਸਰਟੀਫਿਕੇਟ ਜਾਰੀ ਕੀਤਾ। ਦੋਵੇਂ ਦੋਸ਼ੀ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਰਿਸ਼ਟ ਪੁਸ਼ਟ ਸਨ। ਉਨ੍ਹਾਂ ਦੇ ਸਰੀਰਾਂ ਉਪਰ ਕਿਸੇ ਸੱਟ ਦਾ ਕੋਈ ਨਿਸ਼ਾਨ ਨਹੀਂ ਸੀ।

ਹੁਣ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਨ ਵਿਚ ਕੋਈ ਦਿੱਕਤ ਨਹੀਂ ਸੀ।

ਦੋਸ਼ੀਆਂ ਦੇ ਕਚਹਿਰੀ ਪੁੱਜਦਿਆਂ ਹੀ ਸੈਸ਼ਨ ਜੱਜ ਨੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟਾਂ ਨੂੰ ਡਿਊਟੀ ਮੈਜਿਸਟਰੇਟ ਨਿਯੁਕਤ ਕਰ ਦਿੱਤਾ। ਉਹ ਮੈਜਿਸਟਰੇਟ ਵਿਚੋਂ ਸਭ ਤੋਂ ਸੀਨੀਅਰ ਸੀ ਅਤੇ ਇਹ ਮਾਮਲਾ ਸੀਨੀਅਰ ਮੈਜਿਸਟਰੇਟ ਦੇ ਵਿਚਾਰਨ ਵਾਲਾ ਸੀ।

ਦੋਹਾਂ ਧਿਰਾਂ ਵੱਲੋਂ ਘੰਟਾ ਘੰਟਾ ਬਹਿਸ ਹੋਈ। ਮੈਜਿਸਟਰੇਟ ਕੰਨਾਂ ਵਿਚ ਤੇਲ ਪਾਈ ਬਹਿਸ ਸੁਣਦਾ ਰਿਹਾ।

ਫੇਰ ਵਾਰੀ ਮੈਜਿਸਟਰੇਟ ਦੀ ਆਈ:

"ਬਹੁਤ ਤਫ਼ਤੀਸ਼ ਹੋਣੀ ਬਾਕੀ ਹੈ। ਸਾਜ਼ਿਸ਼ ਦੀ ਤੈਅ ਤਕ ਜਾਣ ਲਈ ਪੁਲਿਸ



ਨੂੰ ਖੁਲ੍ਹਾ ਸਮਾਂ ਚਾਹੀਦਾ ਹੈ। ਪੁਲਿਸ ਸੱਤ ਦਿਨਾਂ ਤਕ ਉਨ੍ਹਾਂ ਕੋਲੋਂ ਪੁੱਛ-ਗਿੱਛ ਕਰ ਸਕਦੀ ਹੈ।"

ਦੋਸ਼ੀਆਂ ਦਾ ਮੈਡੀਕਲ ਪੁਲਿਸ ਪਹਿਲਾਂ ਹੀ ਕਰਵਾ ਚੁੱਕੀ ਸੀ। ਡਾਕਟਰੀ ਰਿਪੋਰਟ ਅਨੁਸਾਰ ਉਹ ਚੜ੍ਹਦੀ ਕਲਾ ਵਿਚ ਸਨ। ਨਵੇਂ ਮੈਡੀਕਲ ਦੀ ਕੋਈ ਜ਼ਰੂਰਤ ਨਹੀਂ ਸੀ।

ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਡਾਕਟਰੀ ਮੁਆਇਨੇ ਦੀ ਦਰਖ਼ਾਸਤ ਖਾਰਜ ਕੀਤੀ ਗਈ।

## -59-

ਸੱਤ ਦਿਨਾਂ ਦੇ ਪੁਲਿਸ ਰਿਮਾਂਡ ਦਾ ਮਤਲਬ ਸੀ, ਪੂਰੇ ਸੱਤ ਦਿਨ ਹਵਾਲਾਤ ਨਾਂ ਦੇ ਇਸ ਨਰਕ ਵਿਚ ਰਹਿਣਾ।

ਹਵਾਲਾਤ ਵਿਚਲੇ ਸੱਤ ਘੰਟੇ ਉਨ੍ਹਾਂ ਨੂੰ ਸੱਤ ਯੁੱਗਾਂ ਜਿਡੇ ਲੱਗੇ ਸਨ। ਉਸ ਸਮੇਂ ਉਨ੍ਹਾਂ ਦੇ ਮਨਾਂ ਵਿਚ ਆਸ ਦੀ ਜੋਤ ਜੱਗਦੀ ਸੀ। ਬਾਹਰ ਬੈਠੇ ਉਨ੍ਹਾਂ ਦੇ ਰਿਸ਼ਤੇਦਾਰ ਕਿਸੇ ਵੀ ਸਮੇਂ ਉਨ੍ਹਾਂ ਨੂੰ ਆਜ਼ਾਦ ਕਰਵਾ ਸਕਦੇ ਸਨ। ਨੱਕ ਬੰਦ ਕਰਕੇ, ਸਾਹ ਘੁੱਟ ਕੇ ਉਨ੍ਹਾਂ ਪੀੜ ਸਹਿ ਲਈ ਸੀ। ਹੁਣ ਇਸ ਹਵਾਲਾਤ ਵਿਚ ਉਨ੍ਹਾਂ ਤੋਂ ਸੱਤ ਮਿੰਟ ਨਹੀਂ ਸਨ ਕੱਟੇ ਜਾ ਸਕਦੇ।

ਅਦਾਲਤੋਂ ਬਾਹਰ ਨਿਕਲਦੇ ਹੀ ਦੋਹਾਂ ਭਰਾਵਾਂ ਦੇ ਸਬਰ ਦੇ ਕੜ ਪਾਟ ਗਏ। ਯਾਰਾਂ ਦੋਸਤਾਂ ਨੂੰ ਉਹ ਬਨਾਉਟੀ ਮੁਸਕਰਾਹਟ ਹੋਠਾਂ 'ਤੇ ਲਿਆ ਕੇ ਮਿਲਦੇ ਰਹੇ। ਪਰ ਜਦੋਂ ਸਹੁਰੇ ਅੱਗੇ ਹੋਏ, ਉਹ ਉਨ੍ਹਾਂ ਦੇ ਗਲ ਲਗ ਕੇ ਭੁਬਾਂ ਮਾਰ ਕੇ ਰੋ ਪਏ।

ਪਰਮਾ ਨੰਦ ਅਤੇ ਸਰਦਾਰੀ ਲਾਲ ਨੂੰ ਆਪਣੇ ਆਪ ਨੂੰ ਸੰਭਾਲਦਿਆਂ ਕੁਝ ਪਲ ਲੱਗ ਗਏ। ਉਨ੍ਹਾਂ ਨੇ ਆਪਣੇ ਮਨ ਪੱਥਰ ਵਾਂਗ ਕਰੜੇ ਕੀਤੇ। ਜੇ ਉਹ ਹਿੰਮਤ ਹਾਰ ਗਏ ਤਾਂ ਪ੍ਰਾਹੁਣਿਆਂ ਦੀ ਧੀਰ ਕੌਣ ਬੰਨ੍ਹਾਏਗਾ?

ਇਸ ਤੋਂ ਪਹਿਲਾਂ ਕਿ ਫੋਟੋ-ਗ੍ਰਾਫ਼ਰ ਰੋਂਦੇ ਮੁਲਜ਼ਮਾਂ ਦੀਆਂ ਫੋਟੋਆਂ ਖਿੱਚਦੇ, ਕਮਿਸ਼ਨਰ ਨੇ ਦੋਹਾਂ ਦੇ ਚਿਹਰੇ, ਇਸੇ ਮਕਸਦ ਲਈ ਲਿਆਂਦੇ ਤੋਲੀਏ ਨਾਲ ਢੱਕ ਦਿੱਤੇ।

ਦੂਸਰੇ ਪਾਸਿਉਂ ਦੋਸ਼ੀਆਂ ਨੂੰ ਫਾਹੇ ਲਾਉਣ ਦੇ ਨਾਅਰੇ ਗੂੰਜਣ ਲੱਗੇ।

ਸਥਿਤੀ ਵਿਗੜਦੀ ਦੇਖ ਕੇ ਪੁਲਿਸ ਨੇ ਮੁਲਜ਼ਮਾਂ ਨੂੰ ਹਮਾਇਤੀਆਂ ਵਿਚੋਂ ਕੱਢਿਆ ਅਤੇ ਜਿਪਸੀ ਵਿਚ ਬਿਠਾ ਕੇ ਤਿੱਤਰ ਹੋ ਗਈ।

ਕਮਿਸ਼ਨਰ ਨੂੰ ਸਮਝ ਨਹੀਂ ਸੀ ਆ ਰਹੀ। ਕਿਸੇ ਵੀ ਅਫ਼ਸਰ ਨੇ ਉਨ੍ਹਾਂ ਦੀ ਸਿਫਾਰਸ਼ ਕਿਉਂ ਨਹੀਂ ਸੀ ਮੰਨੀ?

ਵੇਦ ਹੋਰਾਂ ਵਿਚ ਇੰਨਾ ਦਮ ਨਹੀਂ ਸੀ। ਵੇਦ ਹਸਪਤਾਲ ਪਿਆ ਸੀ। ਰਾਮ ਨਾਥ ਬਾਹਰਲਾ ਬੰਦਾ ਸੀ। ਮਾਇਆ ਨਗਰ ਵਿਚੋਂ ਉਹ ਇੰਨਾ ਸਮਰਥਨ ਨਹੀਂ ਸੀ ਜੁਟਾ ਸਕਦਾ। ਇਸ ਕਾਰਵਾਈ ਪਿਛੇ ਕੋਈ ਤੀਸਰੀ ਧਿਰ ਕੰਮ ਕਰ ਰਹੀ ਸੀ। ਇਸ ਤੀਸਰੀ ਧਿਰ ਨੂੰ ਜਾਣੇ ਬਿਨਾਂ ਮਸਲਾ ਹੱਲ ਨਹੀਂ ਸੀ ਹੋ ਸਕਦਾ।

ਕਮਿਸ਼ਨਰ ਅੱਜ ਹੀ ਮਾਇਆ ਨਗਰ ਆਇਆ ਸੀ। ਪਰਮਾ ਨੰਦ ਕੱਲ੍ਹ ਦਾ ਇਥੇ ਬੈਠਾ ਸੀ। ਉਸ ਨੂੰ ਹਲਾਤਾਂ ਦੀ ਵਧੇਰੇ ਜਾਣਕਾਰੀ ਹੋਣੀ ਚਾਹੀਦੀ ਸੀ।

ਪਰਮਾ ਨੰਦ ਨੂੰ ਲੈ ਕੇ ਕਮਿਸ਼ਨਰ ਅਨੈਕਸੀ ਵਿਚ ਜਾ ਬੈਠਾ।

ਪਰਮਾ ਨੰਦ ਦੀ ਸਥਿਤੀ ਕਮਿਸ਼ਨਰ ਵਾਲੀ ਹੀ ਸੀ। ਸਾਰੀ ਉਮਰ ਵਿਚ ਉਸਨੂੰ ਇੰਨੀ ਨਮੋਸ਼ੀ ਪਹਿਲਾਂ ਕਦੇ ਨਹੀਂ ਸੀ ਹੋਈ।

ਦੋਹਾਂ ਰਿਸ਼ਤੇਦਾਰਾਂ ਦੀ ਇਕ ਨੁਕਤੇ 'ਤੇ ਰਾਏ ਸਾਂਝੀ ਸੀ। ਇਸ ਸਾਜ਼ਿਸ਼ ਪਿੱਛੇ ਕੋਈ ਵੱਡੀ ਤਾਕਤ ਕੰਮ ਕਰ ਰਹੀ ਸੀ। ਇਹ ਤਾਕਤ ਕਿਸੇ ਵਿਰੋਧੀ ਵਿਉਪਾਰੀ ਦੀ ਹੋ ਸਕਦੀ ਸੀ ਜਾਂ ਪੈਸੇ ਬਟੋਰਨ ਵਾਲੇ ਕਿਸੇ ਬਲੈਕ-ਮੇਲਰ ਦੀ। ਕੋਈ ਵਿਉਪਾਰੀ ਛੋਟੀ-ਮੋਟੀ ਰੰਜਸ਼ ਕੱਢਣ ਲਈ ਇੱਡਾ ਵੱਡਾ ਹੰਗਾਮਾ ਖੜ੍ਹਾ ਨਹੀਂ ਕਰ ਸਕਦਾ। ਇਹ ਚਾਲ ਕਿਸੇ ਬਲੈਕ-ਮੇਲਰ ਦੀ ਸੀ।

"ਇਹ ਬਲੈਕ-ਮੇਲਰ ਕੌਣ ਸੀ?"

ਕੁਝ ਦੇਰ ਦੋਵੇਂ ਰਿਸ਼ਤੇਦਾਰ ਸੋਚ ਦੇ ਘੋੜੇ ਦੁੜਾਉਂਦੇ ਰਹੇ। ਜਦੋਂ ਕੁਝ ਹੱਥ ਨਾ ਲੱਗਾ, ਉਹ ਸਿਰ ਸੁੱਟ ਕੇ ਬੈਠ ਗਏ।

"ਸਿਰ ਸੁੱਟਣ ਵਾਲੀ ਕਿਹੜੀ ਗੱਲ ਹੈ? ਚੱਲ ਕੇ ਪ੍ਰਾਹੁਣਿਆਂ ਨੂੰ ਪੁੱਛ ਲੈਂਦੇ ਹਾਂ। ਉਨ੍ਹਾਂ ਨੂੰ ਸਭ ਪਤਾ ਹੋਏਗਾ।"

ਮਸਲਾ ਸੁਲਝਾਉਣ ਲਈ ਉਹ ਥਾਣੇ ਨੂੰ ਤੁਰ ਪਏ।

ਬਘੇਲ ਸਿੰਘ ਵਾਲੀ ਕਹਾਣੀ ਤੋਂ ਬਿਨਾਂ ਪੰਕਜ ਹੋਰਾਂ ਨੂੰ ਕੁਝ ਪਤਾ ਨਹੀਂ ਸੀ। ਹੋਰ ਕਿਸੇ ਨਾਲ ਨਾ ਉਨ੍ਹਾਂ ਦੀ ਕੋਈ ਨਰਾਜ਼ਗੀ ਸੀ, ਨਾ ਕਦੇ ਕਿਸੇ ਨੇ ਉਨ੍ਹਾਂ ਨੂੰ ਕੋਈ ਧਮਕੀ ਦਿੱਤੀ ਸੀ।

"ਇਹ ਅੱਗ ਬਘੇਲ ਸਿੰਘ ਦੀ ਲਾਈ ਹੋਈ ਹੈ।"

ਕਹਾਣੀ ਸੁਣਦਿਆਂ ਹੀ ਕਮਿਸ਼ਨਰ ਨੇ ਪਹੇਲੀ ਸੁਲਝਾ ਲਈ।

ਇਕ ਕਰੋੜ ਦਾ ਮਾਮਲਾ ਸੀ। ਇਹ ਕਿਸ ਤਰ੍ਹਾਂ ਯਕੀਨੀ ਬਣਾਇਆ ਜਾਏ ਕਿ ਬਘੇਲ ਸਿੰਘ ਦੇ ਚੁੱਪ ਹੁੰਦਿਆਂ ਹੀ ਅੱਗ ਮੱਠੀ ਪੈ ਜਾਏਗੀ।

"ਆਪਾਂ ਆਪਣੇ ਸਿਫਾਰਸ਼ੀਆਂ ਕੋਲ ਚੱਲਦੇ ਹਾਂ। ਕੋਈ ਤਾਂ ਦੱਸੇਗਾ ਕਿਸ ਨੇ ਉਸਦੇ ਹੱਥ ਬੰਨ੍ਹੇ ਹਨ?"

ਪਰਮਾ ਨੰਦ ਦੇ ਮੋਟੇ ਦਿਮਾਗ ਨੇ ਬਰੀਕ ਗੱਲ ਕੀਤੀ।

ਸਭ ਸਿਫਾਰਸ਼ੀਆਂ ਨੇ ਇਕੋ ਨਾਂ ਲਿਆ। ਮੁੱਖ-ਮੰਤਰੀ।

ਮੁੱਖ-ਮੰਤਰੀ! ਪਰ ਉਸਨੂੰ ਉਂਗਲ ਕੌਣ ਲਾ ਰਿਹਾ ਸੀ?

ਇਸ ਸਵਾਲ ਦਾ ਜਵਾਬ ਕਪਤਾਨ ਨੇ ਦਿੱਤਾ।

"ਬਘੇਲ ਸਿੰਘ ਨੂੰ ਨੱਥ ਪਾਓ। ਬਾਕੀ ਆਪੇ ਗੱਠੇ ਜਾਣਗੇ।"

ਕਪਤਾਨ ਨੇ ਇਕ ਹੋਰ ਮਦਦ ਕੀਤੀ। ਬਘੇਲ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਤੈਅ ਕਰਵਾ ਦਿੱਤੀ।

ਦੋਹਾਂ ਸਮਧੀਆਂ ਨੂੰ ਇਸ ਆਈ ਮੁਸੀਬਤ ਦੀ ਖ਼ਬਰ ਅਚਾਨਕ ਮਿਲੀ ਸੀ। ਭੱਜੇ ਆਉਂਦੇ ਉਹ ਘਰ ਵਿਚ ਜਿੰਨੀ ਨਕਦੀ ਪਈ ਸੀ, ਚੁੱਕ ਲਿਆਏ ਸਨ। ਫੇਰ ਵੀ ਕਮਿਸ਼ਨਰ ਦੇ ਬਰੀਫ਼ ਕੇਸ ਵਿਚ ਦਸ ਲੱਖ ਸੀ ਅਤੇ ਪਰਮਾ ਨੰਦ ਕੋਲ ਪੰਦਰਾਂ।

ਗੱਲ-ਬਾਤ ਸ਼ੁਰੂ ਕਰਨ ਲਈ ਇੰਨੀ ਰਕਮ ਕਾਫ਼ੀ ਸੀ। ਲੋੜ ਪੈਣ 'ਤੇ ਉਹ ਘੰਟੇ ਦੇ ਅੰਦਰ-ਅੰਦਰ ਕਈ ਕਰੋੜ ਇਕੱਠਾ ਕਰ ਸਕਦੇ ਸਨ।

ਦੋਹਾਂ ਰਿਸ਼ਤੇਦਾਰਾਂ ਨੇ ਹੱਥ ਮਿਲਾਏ, ਆਪਣੀਆਂ ਧੀਆਂ ਦੇ ਸੁਹਾਗਾਂ ਲਈ ਉਹ ਇਕੱਲਾ-ਇਕੱਲਾ ਇਕ ਕਰੋੜ ਖ਼ਰਚ ਸਕਦਾ ਸੀ। ਉਹ ਇਕ ਅਤੇ ਇਕ ਗਿਆਰਾਂ ਹੋ



ਗਏ ਸਨ। ਉਹ ਪੈਸਾ ਪਾਣੀ ਵਾਂਗ ਵਹਾ ਸਕਦੇ ਸਨ।

ਬਘੇਲ ਸਿੰਘ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਕਿਸ਼ੋਰੀ ਲਾਲ ਨੂੰ ਨਾਲ ਲਿਆ ਗਿਆ। ਮਾਮਲਾ ਕਾਨੂੰਨੀ ਸੀ। ਉਨ੍ਹਾਂ ਦੀ ਸਲਾਹ ਦੀ ਜ਼ਰੂਰਤ ਪੈ ਸਕਦੀ ਸੀ।

ਸੈਸ਼ਨ ਜੱਜ ਦੀ ਰਾਏ ਅਨੁਸਾਰ ਕਾਨੂੰਨੀ ਕਾਰਵਾਈ ਨੇ ਕਈ ਪੜਾਵਾਂ ਥਾਈਂ ਲੰਘਣਾ ਸੀ। ਕੰਮ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਲੈਣਾ ਚਾਹੀਦਾ ਸੀ। ਤੀਹ ਲੱਖ ਦੀ ਪਹਿਲੀ ਕਿਸ਼ਤ ਅੱਜ ਦਿੱਤੀ ਜਾ ਸਕਦੀ ਸੀ। ਇਸ ਕਿਸ਼ਤ ਦੇ ਇਵਜ ਵਿਚ ਬਘੇਲ ਸਿੰਘ ਨੇ ਕੱਸੀਆਂ ਵਾਗਾਂ ਢਿੱਲੀਆਂ ਕਰਨੀਆਂ ਸਨ। ਨਤੀਜੇ ਵਜੋਂ ਮੁੰਡਿਆਂ ਨੂੰ ਡਾਕਟਰਾਂ ਦੀ ਸਲਾਹ 'ਤੇ ਹਵਾਲਾਤੋਂ ਕੱਢ ਕੇ ਹਸਪਤਾਲ ਪਹੁੰਚਾਇਆ ਜਾਣਾ ਸੀ।

ਦੂਸਰਾ ਪੜਾਅ ਦੋਹਾਂ ਭਰਾਵਾਂ ਨੂੰ ਉੱਚ-ਪੱਧਰੀ ਪੜਤਾਲ ਬਾਅਦ ਬੇ-ਕਸੂਰ ਸਾਬਤ ਹੋਣ 'ਤੇ ਪੂਰਾ ਹੋਣਾ ਸੀ। ਦੋਸ਼ੀਆਂ ਦੇ ਬੇ-ਕਸੂਰ ਹੋਣ ਦੀ ਰਿਪੋਰਟ ਅਦਾਲਤ ਪੁੱਜਦਿਆਂ ਹੀ ਦੂਜੀ ਕਿਸ਼ਤ ਦਾ ਭੁਗਤਾਣ ਹੋਣਾ ਚਾਹੀਦਾ ਸੀ।

ਤੀਜੀ ਕਿਸ਼ਤ ਬਾਕੀ ਦੋਸ਼ੀਆਂ ਦੇ ਬਰੀ ਹੋਣ 'ਤੇ ਬਣਦੀ ਸੀ। ਉਨਾ ਚਿਰ ਸਜ਼ਾ ਹੋਣ ਦੀ ਤਲਵਾਰ ਸਦਾ ਉਨ੍ਹਾਂ ਦੇ ਸਿਰ 'ਤੇ ਲਟਕਦੀ ਰਹਿਣੀ ਸੀ।

ਪਹਿਲੀਆਂ ਦੋ ਸ਼ਰਤਾਂ ਬਘੇਲ ਸਿੰਘ ਨੂੰ ਮਨਜ਼ੂਰ ਸਨ। ਤੀਜੀ ਉਪਰ ਸਖਤ ਇਤਰਾਜ਼ ਸੀ।

ਉਨ੍ਹਾਂ ਦੀ ਸਰਕਾਰ ਦੇ ਗਿਣਵੇਂ ਮਹੀਨੇ ਬਾਕੀ ਸਨ। ਚੋਣਾਂ ਬਾਅਦ ਪਤਾ ਨਹੀਂ ਕਿਸ ਪਾਰਟੀ ਦੀ ਸਰਕਾਰ ਬਨਣੀ ਸੀ। ਸਰਕਾਰ ਬਦਲਣ ਬਾਅਦ ਕਿਸੇ ਨੇ ਵਾਅਦੇ ਨਹੀਂ ਨਿਭਾਉਣੇ, ਇਹ ਸਭ ਨੂੰ ਪਤਾ ਸੀ। ਅਜਿਹੇ ਮੁਕੱਦਮੇ ਸਾਲਾਂ-ਬੱਧੀ ਚਲਦੇ ਹਨ। ਮੁੱਖ-ਮੰਤਰੀ ਇੰਨੀ ਲੰਬੀ ਉਡੀਕ ਨਹੀਂ ਸੀ ਕਰ ਸਕਦਾ।

ਸ਼ਰਤਾਂ ਵਿਚ ਥੋੜ੍ਹੀ ਬਹੁਤ ਰੱਦੋ-ਬਦਲ ਹੋਈ।

ਪਹਿਲੀ ਕਿਸ਼ਤ ਤੀਹ ਦੀ ਥਾਂ ਚਾਲੀ ਦੀ ਹੋਣੀ ਸੀ।

ਦੂਜੀ ਕਿਸ਼ਤ ਦੋਸ਼ੀਆਂ ਦੀ ਸ਼ਰਤ ਮੁਤਾਬਕ ਉਨ੍ਹਾਂ ਦੇ ਬੇ-ਕਸੂਰ ਸਾਬਤ ਹੁੰਦਿਆਂ ਲਈ ਜਾਣੀ ਸੀ।

ਵੈਸੇ ਮੁੱਖ-ਮੰਤਰੀ ਦਾ ਕੰਮ ਇਥੇ ਖ਼ਤਮ ਹੋ ਜਾਂਦਾ ਸੀ। ਅਦਾਲਤੀ ਕਾਰਵਾਈ ਦੋਸ਼ੀਆਂ ਨੇ ਆਪ ਦੇਖਣੀ ਸੀ, ਪਰ ਕੋਈ ਸਰਕਾਰੀ ਵਕੀਲ ਜਾਂ ਕੋਈ ਪੁਲਿਸ ਅਫ਼ਸਰ ਅੜਿੱਕਾ ਨਾ ਲਾਵੇ ਇਸ ਲਈ ਤੀਜੀ ਕਿਸ਼ਤ ਦਾ ਭੁਗਤਾਣ ਦੋਸ਼ੀਆਂ ਦੇ ਬਾਹਰ ਆਉਣ ਤਕ ਰੋਕਿਆ ਗਿਆ।

ਮਰਦੇ ਕੀ ਨਾ ਕਰਦੇ! ਕਮਿਸ਼ਨਰ ਨੇ ਸਭ ਸ਼ਰਤਾਂ ਮਨਜ਼ੂਰ ਕਰ ਲਈਆਂ।

ਉਨ੍ਹਾਂ ਦੇ ਜਵਾਈ ਬਾਹਰ ਆਉਣੇ ਚਾਹੀਦੇ ਸਨ। ਉਹ ਹਰ ਕੀਮਤ ਚੁਕਾਉਣ ਲਈ ਤਿਆਰ ਸਨ।

## -60-

ਬਘੇਲ ਸਿੰਘ ਚਾਲੀ ਲੱਖ ਦੀ ਪਹਿਲੀ ਕਿਸ਼ਤ ਲੈ ਕੇ ਚੰਡੀਗੜ੍ਹ ਲਈ ਰਵਾਨਾ ਹੋ ਗਿਆ।

ਉਸਦਾ ਇਸ ਤਰ੍ਹਾਂ ਦਾ ਮੁੱਖ-ਮੰਤਰੀ ਨਾਲ ਪਹਿਲਾ ਰਿਸ਼ਤਾ ਸੀ। ਇਸ ਰਿਸ਼ਤੇ ਵਿਚੋਂ

ਉਸ ਨੂੰ ਅਜੀਬ ਜਿਹੀ ਖ਼ੁਸ਼ਬੂ ਆਉਂਦੀ ਮਹਿਸੂਸ ਹੋ ਰਹੀ ਸੀ।

ਛੋਟੇ-ਮੋਟੇ ਕੰਮਾਂ ਵਾਲੀਆਂ ਕੁਝ ਦਰਖ਼ਾਸਤਾਂ ਉਸਨੇ ਨਾਲ ਲੈ ਲਈਆਂ। ਇਕ ਦੋ ਮੁਲਾਜ਼ਮਾਂ ਦੀਆਂ ਬਦਲੀਆਂ ਸਨ। ਕੁਝ ਕਰਜ਼ੇ ਮਨਜ਼ੂਰ ਕਰਵਾ ਕੇ ਦੇਣੇ ਸਨ। ਕੁਝ ਸਾਂਝੇ ਕੰਮਾਂ ਲਈ ਗਰਾਂਟਾਂ ਲੈਣੀਆਂ ਸਨ।

ਬਘੇਲ ਸਿੰਘ ਨੇ ਸੋਚਿਆ ਸੀ ਕਿ ਤ੍ਰਿਪਤ ਹੋਏ ਮੁੱਖ-ਮੰਤਰੀ ਨੇ ਇਨ੍ਹਾਂ ਦਰਖ਼ਾਸਤਾਂ 'ਤੇ ਝਰੀਟਾਂ ਮਾਰ ਦੇਣੀਆਂ ਸਨ। ਇੰਨੇ ਵਿਚ ਬਘੇਲ ਸਿੰਘ ਦਾ ਮਹੀਨੇ ਦਾ ਖ਼ਰਚਾ ਨਿਕਲ ਜਾਣਾ ਸੀ।

ਸਿਆਸੀ ਸਕੱਤਰ ਉਸਦਾ ਬੇ-ਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ।

ਬਘੇਲ ਸਿੰਘ ਨੂੰ ਸਿੱਧਾ ਮੁੱਖ-ਮੰਤਰੀ ਦੇ ਨਿੱਜੀ ਡਰਾਇੰਗ-ਰੂਮ ਵਿਚ ਲਿਜਾਇਆ ਗਿਆ।

ਬਘੇਲ ਸਿੰਘ ਨੂੰ ਬਹੁਤਾ ਇੰਤਜ਼ਾਰ ਵੀ ਨਾ ਕਰਨਾ ਪਿਆ। ਸਾਰੇ ਕੰਮ ਵਿਚੇ ਛੱਡ ਕੇ ਮੁੱਖ-ਮੰਤਰੀ ਬਘੇਲ ਸਿੰਘ ਕੋਲ ਆ ਬੈਠਾ।

"ਕਿਸ ਤਰ੍ਹਾਂ ਰਿਹਾ ਫੇਰ?" ਮੁੱਖ-ਮੰਤਰੀ ਨੂੰ ਇਸ ਮੁਲਾਕਾਤ ਦੇ ਮਕਸਦ ਦਾ ਪਤਾ ਸੀ। ਜਿੱਤ ਦੇ ਅਹਿਸਾਸ ਨਾਲ ਭਰੇ ਮੁੱਖ-ਮੰਤਰੀ ਨੇ ਕੁਰਸੀ 'ਤੇ ਬੈਠਦਿਆਂ ਹੀ ਆਪਣੀ ਸਿਆਸੀ ਤਾਕਤ ਦਾ ਅਹਿਸਾਸ ਕਰਾਇਆ।

"ਤੁਸੀਂ ਕਮਾਲ ਕਰ ਦਿੱਤਾ। ਮੇਰੀ ਬੱਲੇ ਬੱਲੇ ਹੋ ਗਈ।"

ਝੁਕ ਕੇ ਗੋਡੀਂ ਹੱਥ ਲਾਉਂਦੇ ਬਘੇਲ ਸਿੰਘ ਨੇ ਇਲਾਕੇ ਵਿਚ ਆਪਣੀ ਪਈ ਪੈਂਠ ਕਾਰਨ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

"ਬਹੁਤ ਸਿਫਾਰਸ਼ਾਂ ਆਈਆਂ। ਕੇਂਦਰ ਤਕ ਹਿੱਲਿਆ ਪਿਆ ਸੀ। ਮੈਂ ਕਿਸੇ ਦੀ ਪਰਵਾਹ ਨਹੀਂ ਕੀਤੀ। ਸੋਚਿਆ ਮੁੰਡਾ ਐਵੇਂ ਰੁੱਸਿਆ ਫਿਰਦਾ ਹੈ। ਪਹਿਲੀ ਵਾਰ ਕੰਮ ਕਿਹੈ। ਮੁੰਡੇ ਦੀ ਇੱਜ਼ਤ ਬਣਾ ਕੇ ਛੱਡੂੰ।"

"ਸੱਚਮੁੱਚ ਤੁਸੀਂ ਮੇਰਾ ਮਾਣ ਵਧਾਇਐ। ਆਹ ਲਓ ਪਹਿਲੀ ਕਿਸ਼ਤ।"

ਬਘੇਲ ਸਿੰਘ ਨੇ ਨੋਟਾਂ ਵਾਲਾ ਬਰੀਫ਼-ਕੇਸ ਮੁੱਖ-ਮੰਤਰੀ ਵੱਲ ਵਧਾਉਂਦੇ ਹੋਏ ਆਖਿਆ।

ਇਹ ਪਹਿਲੀ ਵਾਰ ਸੀ ਜਦੋਂ ਬਰੀਫ਼-ਕੇਸ ਮੁੱਖ-ਮੰਤਰੀ ਤਕ ਆਇਆ ਸੀ। ਪਹਿਲਾਂ ਬਰੀਫ਼-ਕੇਸ ਸਕੱਤਰ ਕੋਲ ਜਮ੍ਹਾਂ ਹੁੰਦੇ ਸਨ। ਉਹ ਆਪਣੀ ਤਸੱਲੀ ਕਰਕੇ, ਪਹੁੰਚੀ ਰਕਮ ਦੀ ਸੂਚਨਾ ਫ਼ੋਨ ਉੱਪਰ ਮੁੱਖ-ਮੰਤਰੀ ਨੂੰ ਦੇ ਦਿੰਦਾ ਸੀ।

ਇਸ ਬਰੀਫ਼-ਕੇਸ ਨੂੰ ਜਾਣ-ਬੁੱਝ ਕੇ ਅੰਦਰ ਬੁਲਾਇਆ ਗਿਆ ਸੀ। ਇਸ ਪਿੱਛੇ ਇਕ ਰਾਜ਼ ਸੀ।

"ਇਸ ਵਿਚ ਕੀ ਹੈ?"

"ਚਾਲੀ ਲੱਖ ਹੈ।"

"ਮੈਂ ਕੀ ਕਰਨੇ ਨੇ? ਰੱਖ ਆਪਣੇ ਕੋਲ। ਦੇਖ ਆਪਣੇ ਬਾਪੂ ਦੀਆਂ ਮਿਹਰਾਂ।"

ਨਵੀਂ ਪੀੜ੍ਹੀ ਮੁੱਖ-ਮੰਤਰੀ ਨੂੰ ਬਾਪੂ ਆਖ ਕੇ ਬੁਲਾਉਂਦੀ ਸੀ। ਇਕ ਸੁਹਿਰਦ ਬਾਪ ਵਾਲੇ ਫਰਜ਼ ਨਿਭਾਉਂਦਿਆਂ ਮੁੱਖ ਮੰਤਰੀ ਨੇ ਬਘੇਲ ਸਿੰਘ ਦੀ ਪਿੱਠ ਥਾਪੜ ਕੇ ਬਰੀਫ਼ ਕੇਸ ਉਸ ਵੱਲ ਖਿਸਕਾ ਦਿੱਤਾ।

"ਮੈਂ ਅਗਲੀ ਕਿਸ਼ਤ ਲੈ ਲਵਾਂਗਾ। ਇਹ ਤੁਹਾਡੀ ਅਮਾਨਤ ਹੈ।"



"ਨਹੀਂ ਬਈ ਨਹੀਂ। ਸਭ ਕਿਸ਼ਤਾਂ ਤੇਰੀਆਂ ਹਨ। ਕੋਈ ਹੋਰ ਹੁਕਮ ਹੈ ਤਾਂ ਦੱਸ?"

ਮੁੱਖ-ਮੰਤਰੀ ਬਘੇਲ ਸਿੰਘ ਨੂੰ ਖੁਲ੍ਹਾ ਗੱਫ਼ਾ ਲਵਾਉਣਾ ਚਾਹੁੰਦਾ ਸੀ।

ਹੈਰਾਨੀ ਅਤੇ ਸ਼ਰਧਾ ਕਾਰਨ ਗੱਦਗੱਦ ਹੋਏ ਬਘੇਲ ਸਿੰਘ ਨੂੰ ਸੁੱਝ ਨਹੀਂ ਸੀ ਰਿਹਾ, ਉਹ ਮੁੱਖ ਮੰਤਰੀ ਦਾ ਧੰਨਵਾਦ ਕਿਸ ਤਰ੍ਹਾਂ ਕਰੇ।

ਫੇਰ ਮੁੱਖ-ਮੰਤਰੀ ਨੇ ਆਪਣੇ ਸਿਆਸੀ ਸਕੱਤਰ ਨੂੰ ਬੁਲਾਇਆ। ਬਰੀਫ਼-ਕੇਸ ਨੂੰ ਬਘੇਲ ਸਿੰਘ ਦੀ ਗੱਡੀ ਵਿਚ ਰੱਖ ਕੇ ਆਉਣ ਦਾ ਹੁਕਮ ਸੁਣਾਇਆ।

"ਉਸ ਆਪਣੇ ਜਥੇਦਾਰ ਦਾ ਖਹਿੜਾ ਛੱਡ। ਉਸ ਪਿੱਛੇ ਲਗ ਕੇ ਤੈਨੂੰ ਕੁਝ ਨਹੀਂ ਮਿਲਣਾ। ਇਧਰ ਰਹੇਂਗਾ ਤਾਂ ਅਜਿਹੇ ਗੱਫ਼ੇ ਹਰ ਰੋਜ਼ ਮਿਲਣਗੇ।"

ਵੱਖ ਹੋਣ ਤੋਂ ਪਹਿਲਾਂ ਖਚਰੀ ਹਾਸੀ ਹੱਸ ਕੇ ਮੁੱਖ-ਮੰਤਰੀ ਨੇ ਇਸ ਮਿਹਰਬਾਨੀ ਦਾ ਕਾਰਨ ਬਘੇਲ ਸਿੰਘ ਨੂੰ ਸਮਝਾਇਆ।

"ਮੇਰੀ ਭੁੱਲ ਬਖ਼ਸ਼ੋ। ਅੱਜ ਤੋਂ ਮੈਂ ਤੁਹਾਡੇ ਨਾਲ।"

ਬਘੇਲ ਸਿੰਘ ਇਕ ਵਾਰ ਫੇਰ ਮੁੱਖ-ਮੰਤਰੀ ਦੇ ਗੋਡਿਆਂ ਵੱਲ ਝੁਕਿਆ।

ਮੁੱਖ-ਮੰਤਰੀ ਨੇ ਉਸਨੂੰ ਰਸਤੇ ਵਿਚ ਬੋਚ ਲਿਆ।

ਪੈਰੀਂ ਪਵਾਉਣ ਦੀ ਥਾਂ ਉਸ ਨੂੰ ਹਿੱਕ ਨਾਲ ਲਾ ਲਿਆ।

ਮੁੱਖ-ਮੰਤਰੀ ਦੀ ਇਸ ਜੱਫ਼ੀ ਨੇ ਬਘੇਲ ਸਿੰਘ ਨੂੰ ਪੂਰੀ ਤਰ੍ਹਾਂ ਜਕੜ ਲਿਆ।

ਹੁਣ ਉਹ ਕਿਧਰੇ ਹੋਰ ਜਾਣ ਜੋਗਾ ਨਹੀਂ ਸੀ।

# ਭਾਗ ਦੂਜਾ

**"Law is the**
**slave of the Rich..."**

***ਅੰਗਰੇਜ਼ੀ ਕਹਾਵਤ***



## -61-

ਬਹੁਤੇ ਅਖ਼ਬਾਰਾਂ ਦੇ ਸਥਾਨਕ ਐਡੀਸ਼ਨਾਂ ਦੀ ਵੱਡੀ ਸੁਰਖੀ ਨੀਰਜ ਹੋਰਾਂ ਬਾਰੇ ਸੀ।

ਪੁਲਿਸ ਦੀਆਂ ਜ਼ਿਆਦਤੀਆਂ ਕਾਰਨ ਦੋਸ਼ੀਆਂ ਦਾ ਬਲੱਡ-ਪ੍ਰੈਸ਼ਰ ਬਹੁਤ ਵਧ ਗਿਆ ਸੀ। ਪੰਕਜ ਨੇ ਆਪਣੀ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਸੀ। ਪੁਲਿਸ ਨੂੰ ਉਨ੍ਹਾਂ ਨੂੰ ਅੱਧੀ ਰਾਤ ਸਿਵਲ ਹਸਪਤਾਲ ਲੈ ਕੇ ਜਾਣਾ ਪਿਆ ਸੀ। ਡਾਕਟਰਾਂ ਨੇ ਉਨ੍ਹਾਂ ਦੀ ਹਾਲਤ ਚਿੰਤਾਜਨਕ ਦੱਸੀ ਸੀ। ਦੋਵੇਂ ਭਰਾ ਐਮਰਜੈਂਸੀ ਵਾਰਡ ਵਿਚ ਪਏ ਜ਼ਿੰਦਗੀ ਅਤੇ ਮੌਤ ਵਿਚਕਾਰ ਲੜਾਈ ਲੜ ਰਹੇ ਸਨ।

ਖ਼ਬਰ ਪੜ੍ਹਦਿਆਂ ਹੀ ਰਾਮ ਨਾਥ ਦੇ ਹੱਥ ਕੰਬਣ ਲੱਗੇ। ਡਾਕਟਰਾਂ 'ਤੇ ਗੁੱਸਾ ਆਇਆ। ਅਖ਼ਬਾਰਾਂ ਨਾਲ ਗਿਲਾ ਹੋਇਆ। ਇਹ ਸਭ ਝੂਠ ਸੀ।

ਅਮੀਰਜ਼ਾਦਿਆਂ ਦੇ ਦਿਲ ਕਮਜ਼ੋਰ ਹੁੰਦੇ ਹਨ, ਇਹ ਦੁਨੀਆਂ ਜਾਣਦੀ ਸੀ। ਮੁਸੀਬਤ ਪੈਣ 'ਤੇ ਬਲੱਡ-ਪ੍ਰੈਸ਼ਰ ਦਾ ਚੜ੍ਹਨਾ ਸੱਚ ਹੋ ਸਕਦਾ ਸੀ। ਪਰ ਜ਼ਿੰਦਗੀ ਅਤੇ ਮੌਤ ਵਿਚਕਾਰ ਹੋ ਰਹੀ ਲੜਾਈ ਦੀ ਖ਼ਬਰ ਸੌ ਫੀਸਦੀ ਗਲਤ ਸੀ। ਦੋਸ਼ੀਆਂ ਨੇ ਇਹ ਬਹਾਨਾ ਹਵਾਲਾਤ ਦੀਆਂ ਤਕਲੀਫ਼ਾਂ ਤੋਂ ਬਚਣ ਲਈ ਘੜਿਆ ਸੀ। ਦੋਸ਼ੀ ਕਾਨੂੰਨ ਦੀ ਖੁਲ੍ਹਦਿਲੀ ਦਾ ਨਜਾਇਜ਼ ਫ਼ਾਇਦਾ ਉਠਾਉਣ ਦਾ ਯਤਨ ਕਰ ਰਹੇ ਸਨ। ਪੈਸੇ ਦੇ ਜ਼ੋਰ ਨਾਲ ਭੈੜੇ ਸਮਿਆਂ ਨੂੰ ਸੁਖਾਵੇਂ ਦਿਨਾਂ ਵਿਚ ਬਦਲਣ ਦਾ ਯਤਨ ਕੀਤਾ ਜਾ ਰਿਹਾ ਸੀ।

ਸੱਚ ਕੀ ਹੈ? ਖੋਜ ਕਿਸ ਵਸੀਲੇ ਰਾਹੀਂ ਕੱਢੀ ਜਾਵੇ? ਰਾਮ ਨਾਥ ਸੋਚਾਂ ਦੇ ਘੋੜੇ ਦੁੜਾਉਣ ਲੱਗਾ।

ਰਾਮ ਨਾਥ ਆਪਣੇ ਸ਼ਹਿਰ ਹੁੰਦਾ ਤਾਂ ਇਕ ਫ਼ੋਨ ਕਰਨ 'ਤੇ ਉਸਨੂੰ ਸੂਚਨਾ ਮਿਲ ਜਾਣੀ ਸੀ। ਮਾਇਆ ਨਗਰ ਵਿਚ ਉਹ ਪ੍ਰਦੇਸੀ ਸੀ। ਇਥੋਂ ਦੇ ਡਾਕਟਰਾਂ ਨੇ ਉਸਦੇ ਪੱਲੇ ਕੁਝ ਨਹੀਂ ਸੀ ਪਾਉਣਾ।

ਹਾਈ ਬਲੱਡ-ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ ਮਾਇਆ ਨਗਰ ਵਿਚ ਆਮ ਸੀ। ਇਥੋਂ ਦੇ ਲੋਕਾਂ ਕੋਲ ਧਨ ਤਾਂ ਸੀ ਪਰ ਸਕੂਨ ਨਹੀਂ ਸੀ। ਛੋਟੀ ਜਿਹੀ ਮੁਸੀਬਤ ਪੈਣ 'ਤੇ ਇਨ੍ਹਾਂ ਦੇ ਬਲੱਡ-ਪ੍ਰੈਸ਼ਰ ਸਤਵੇਂ ਅਸਮਾਨ ਜਾ ਚੜ੍ਹਦੇ ਸਨ। ਦਿਲ ਫੇਲ੍ਹ ਹੋਣ ਲਗਦੇ ਸਨ। ਮਾਇਆ ਨਗਰ ਦੀ ਪੁਲਿਸ ਸੇਠਾਂ ਨੂੰ ਫੜਨ ਤੋਂ ਬਹੁਤ ਡਰਦੀ ਸੀ। ਪੁਲਿਸ ਨੂੰ ਕੋਠੀ ਅੱਗੇ ਖੜ੍ਹੀ ਦੇਖ ਕੇ ਉਨ੍ਹਾਂ ਨੂੰ ਗਸ਼ਾਂ ਪੈ ਜਾਂਦੀਆਂ ਹਨ। ਜਿੰਨਾ ਚਿਰ ਸੇਠ ਪੁਲਿਸ ਹਿਰਾਸਤ ਵਿਚ ਰਹਿੰਦੇ ਸਨ, ਪੁਲਿਸ ਦੀ ਜਾਨ ਮੁੱਠੀ ਵਿਚ ਆਈ ਰਹਿੰਦੀ ਸੀ। ਪਤਾ ਨਹੀਂ ਕਦੋਂ ਦੋਸ਼ੀ ਰੱਬ ਨੂੰ ਪਿਆਰਾ ਹੋ ਜਾਏ ਅਤੇ ਕਦੋਂ ਪੁਲਿਸ ਉਪਰ ਦੋਸ਼ੀ ਨੂੰ ਕੁੱਟ ਕੇ ਮਾਰ ਦੇਣ ਦਾ ਮੁਕੱਦਮਾ ਦਰਜ ਹੋ ਜਾਏ। ਆਪਣੀ ਧੌਣ ਬਚਾਉਣ ਲਈ ਪੁਲਿਸ ਪੈਰ-ਪੈਰ 'ਤੇ ਅਦਾਲਤ ਨੂੰ ਦੋਸ਼ੀਆਂ ਦੀ ਸਿਹਤ ਬਾਰੇ ਸੂਚਨਾ ਦਿੰਦੀ ਸੀ।

ਰਾਮ ਨਾਥ ਨੂੰ ਸਹੀ ਸੂਚਨਾ ਅਦਾਲਤੋਂ ਮਿਲ ਸਕਦੀ ਸੀ। ਉਹ ਅਦਾਲਤ ਦੇ ਖੁੱਲ੍ਹਣ ਦਾ ਇੰਤਜ਼ਾਰ ਕਰਨ ਲੱਗਾ।

ਸਰਕਾਰੀ ਵਕੀਲ ਨੂੰ ਸਾਰੀ ਹਾਲਤ ਦਾ ਪਤਾ ਸੀ। ਡਾਕਟਰਾਂ ਨੇ ਉਹੋ ਬਿਮਾਰੀਆਂ ਫੜੀਆਂ ਸਨ ਜਿਹੜੀਆਂ ਖ਼ਬਰਾਂ ਵਿਚ ਦਰਜ ਸਨ। ਡਾਕਟਰਾਂ ਨੇ ਅਦਾਲਤ ਨੂੰ ਬੇਨਤੀ

ਕੀਤੀ ਸੀ। ਦੋਹਾਂ ਦੋਸ਼ੀਆਂ ਦੀ ਜਾਂਚ ਦਿਲ ਦੇ ਮਾਹਿਰ ਡਾਕਟਰਾਂ ਕੋਲੋਂ ਹੋਣੀ ਚਾਹੀਦੀ ਸੀ। ਸਿਵਲ ਹਸਪਤਾਲ ਵਿਚ ਆਧੁਨਿਕ ਸਹੂਲਤਾਂ ਮੌਜੂਦ ਨਹੀਂ ਸਨ। ਦੋਸ਼ੀਆਂ ਨੂੰ ਪੀ.ਜੀ.ਆਈ. ਚੰਡੀਗੜ੍ਹ ਭੇਜਿਆ ਜਾਣਾ ਚਾਹੀਦਾ ਸੀ।

ਦੋਸ਼ੀਆਂ ਦੇ ਵਕੀਲਾਂ ਵੱਲੋਂ ਦਰਖ਼ਾਸਤ ਆ ਗਈ। ਉਨ੍ਹਾਂ ਨੇ ਦੋਸ਼ੀਆਂ ਨੂੰ ਪੀ.ਜੀ.ਆਈ. ਭੇਜਣ ਉਪਰ ਇਤਰਾਜ਼ ਕੀਤਾ ਸੀ। ਉਹ ਸਰਕਾਰੀ ਹਸਪਤਾਲ ਸੀ। ਉਥੇ ਸਿਫਾਰਸ਼ੀਆਂ ਦਾ ਇਲਾਜ ਹੁੰਦਾ ਸੀ। ਆਮ ਵਿਅਕਤੀ ਨੂੰ ਉਥੇ ਕੋਈ ਨਹੀਂ ਪੁੱਛਦਾ। ਉਨ੍ਹਾਂ ਦੇ ਸਾਇਲਾਂ ਦਾ ਦਿੱਲੀ ਦੇ ਅਸਕਾਰਟ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ। ਉਨ੍ਹਾਂ ਨੂੰ ਦਿੱਲੀ ਭੇਜਿਆ ਜਾਣਾ ਚਾਹੀਦਾ ਸੀ। ਸਰਕਾਰੀ ਖਰਚੇ ਦੀ ਉਨ੍ਹਾਂ ਨੂੰ ਜ਼ਰੂਰਤ ਨਹੀਂ ਸੀ। ਉਹ ਆਪਣੇ ਖ਼ਰਚੇ 'ਤੇ ਇਲਾਜ ਕਰਾਉਣ ਲਈ ਤਿਆਰ ਸਨ।

ਰਾਮ ਨਾਥ ਨੂੰ ਚਾਲ ਸਮਝ ਆ ਗਈ। ਇਹ ਡਰਾਮਾ ਜੇਲ੍ਹ ਦੀਆਂ ਰੋਟੀਆਂ ਤੋਂ ਬਚਣ ਲਈ ਰਚਿਆ ਗਿਆ ਸੀ।

ਮੁਦਈ ਧਿਰ ਨੂੰ ਦੋਸ਼ੀਆਂ ਦੀ ਦਰਖ਼ਾਸਤ ਦਾ ਵਿਰੋਧ ਕਰਨਾ ਚਾਹੀਦਾ ਸੀ। ਇਹ ਸੋਚ ਕੇ ਰਾਮ ਨਾਥ ਟਾਈਪਿਸਟ ਕੋਲ ਗਿਆ। ਝੱਟਪੱਟ ਉਸਨੇ ਦੋਸ਼ੀਆਂ ਦੀ ਦਰਖ਼ਾਸਤ ਦਾ ਜਵਾਬ ਤਿਆਰ ਕਰਵਾਇਆ। ਜੇਲ੍ਹ ਦੀ ਥਾਂ ਹਸਪਤਾਲ ਦੇ ਏਅਰ ਕੰਡੀਸ਼ਨ ਕਮਰਿਆਂ ਵਿਚ ਆਰਾਮ ਕਰਨ ਦੀ ਦੋਸ਼ੀਆਂ ਦੀ ਇਹ ਨਵੀਂ ਚਾਲ ਸੀ। ਹਾਲੇ ਕੱਲ੍ਹ ਇਨ੍ਹਾਂ ਹੀ ਡਾਕਟਰਾਂ ਨੇ ਉਨ੍ਹਾਂ ਦਾ ਮੁਆਇਨਾ ਕੀਤਾ ਸੀ ਅਤੇ ਉਨ੍ਹਾਂ ਨੂੰ ਰਿਸ਼ਟ-ਪੁਸ਼ਟ ਦੱਸਿਆ ਸੀ। ਦਿਲ ਦੀ ਬਿਮਾਰੀ ਰਾਤੋ-ਰਾਤ ਹੋਣ ਵਾਲੀ ਨਹੀਂ ਸੀ। ਰਾਮ ਨਾਥ ਨੇ ਅਦਾਲਤ ਨੂੰ ਸੁਝਾਅ ਦਿੱਤਾ। ਅਦਾਲਤ ਆਪਣੀ ਦੇਖ-ਰੇਖ ਹੇਠ ਮਾਹਿਰ ਡਾਕਟਰਾਂ ਦਾ ਇਕ ਬੋਰਡ ਬਣਾਏ। ਆਧੁਨਿਕ ਤਕਨੀਕ ਦੇ ਆਧਾਰ 'ਤੇ ਉਨ੍ਹਾਂ ਕੋਲੋਂ ਮੁਆਇਨਾ ਕਰਾਏ। ਉਸ ਮੁਆਇਨੇ ਦੇ ਆਧਾਰ 'ਤੇ ਫੈਸਲਾ ਹੋਵੇ।

ਇਹ ਜਵਾਬ ਸਰਕਾਰੀ ਵਕੀਲ ਵੱਲੋਂ ਦਾਇਰ ਹੋਣਾ ਸੀ। ਮੁਦਈ ਦੇ ਵਕੀਲ ਨੂੰ ਕਚਹਿਰੀ ਦੇ ਕੰਮ ਵਿਚ ਟੰਗ ਅੜਾਉਣ ਦਾ ਅਧਿਕਾਰ ਨਹੀਂ ਸੀ।

ਉਹ ਸਰਕਾਰੀ ਵਕੀਲ ਨੂੰ ਲੱਭਣ ਲੱਗਾ। ਨਾ ਅਦਾਲਤ, ਨਾ ਦਫ਼ਤਰ। ਨਾ ਕੰਟੀਨ, ਨਾ ਕਿਸੇ ਵਕੀਲ ਦੇ ਡੱਬੇ! ਉਹ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ।

ਦੋਸ਼ੀਆਂ ਦੇ ਵਕੀਲ ਅਦਾਲਤ ਵਿਚ ਖੜ੍ਹੇ ਸਨ। ਕਿਸੇ ਵੀ ਸਮੇਂ ਦਰਖ਼ਾਸਤ ਦੀ ਸੁਣਵਾਈ ਹੋ ਸਕਦੀ ਸੀ। ਰਾਮ ਨਾਥ ਨੇ ਸਰਕਾਰੀ ਵਕੀਲ ਦੇ ਆਉਣ ਤਕ ਕਾਰਵਾਈ ਰੋਕਣ ਦੇ ਇਰਾਦੇ ਨਾਲ ਦਰਖ਼ਾਸਤ ਅੜਾ ਦਿੱਤੀ।

ਇਸ ਵਾਰ ਸਫ਼ਾਈ ਧਿਰ ਦੇ ਵਕੀਲਾਂ ਦੀ ਥਾਂ ਮੈਜਿਸਟਰੇਟ ਉਸ ਨੂੰ ਭੱਜ ਕੇ ਪਿਆ। ਉਸਨੂੰ ਦਰਖ਼ਾਸਤ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

"ਜੇ ਸਰਕਾਰੀ ਵਕੀਲ ਜਾਣ ਬੁਝ ਕੇ ਖਿਸਕ ਜਾਵੇ ਤਾਂ ਮੈਂ ਕੀ ਕਰਾਂ ?" ਸਰਕਾਰੀ ਵਕੀਲ ਨੂੰ ਲੱਭ-ਲੱਭ ਥੱਕ ਜਾਣ ਕਾਰਨ ਰੋਣ-ਹੱਕਾ ਹੋਏ ਰਾਮ ਨਾਥ ਨੇ ਆਪਣੀ ਮਜਬੂਰੀ ਦੱਸੀ।

ਮੈਜਿਸਟਰੇਟ ਅਤੇ ਸਰਕਾਰੀ ਵਕੀਲ ਦੀ ਬੁੱਕਲ ਸਾਂਝੀ ਸੀ। ਮੈਜਿਸਟਰੇਟ ਨੇ ਹੁਕਮ ਮੁਦਈ ਧਿਰ ਦੇ ਵਿਰੁੱਧ ਕਰਨਾ ਸੀ। ਜੇ ਇਹ ਹੁਕਮ ਬਿਨਾਂ ਸਰਕਾਰੀ ਵਕੀਲ ਨੂੰ ਸੁਣੇ ਸੁਣਾਇਆ ਗਿਆ ਤਾਂ ਸਰਕਾਰੀ ਵਕੀਲ ਦੀ ਸ਼ਿਕਾਇਤ ਹੋਣੀ ਸੀ। ਸਰਕਾਰੀ ਵਕੀਲ ਦਾ ਬਚਾਅ ਕਰਨਾ ਮੈਜਿਸਟਰੇਟ ਦਾ ਫਰਜ਼ ਸੀ।



ਸਫ਼ਾਈ ਧਿਰ ਵੀ ਰਾਮ ਨਾਥ ਦਾ ਮੂਡ ਤਾੜ ਗਈ। ਸਰਕਾਰੀ ਵਕੀਲ ਉਨ੍ਹਾਂ ਦੇ ਬੰਦਿਆਂ ਨਾਲ ਹੀ ਸਤਲੁਜ ਕਲੱਬ ਬੀਅਰ ਪੀਣ ਗਿਆ ਸੀ। ਹੁਕਮ ਘੰਟਾ ਪਹਿਲਾਂ ਹੋਵੇ ਜਾਂ ਬਾਅਦ ਵਿਚ ਇਸ ਨਾਲ ਸਫ਼ਾਈ ਧਿਰ ਨੂੰ ਕੋਈ ਫ਼ਰਕ ਨਹੀਂ ਸੀ ਪੈਣਾ। ਸਰਕਾਰੀ ਵਕੀਲ ਦੇ ਹਿੱਤ ਦਾ ਧਿਆਨ ਰੱਖਣਾ ਉਨ੍ਹਾਂ ਦਾ ਇਖ਼ਲਾਕੀ ਫ਼ਰਜ਼ ਸੀ। ਹੁਕਮ ਉਸਦੀ ਹਾਜ਼ਰੀ ਵਿਚ ਹੋਣਾ ਚਾਹੀਦਾ ਸੀ।

"ਬਹਿਸ ਬਾਅਦ ਦੁਪਹਿਰ ਸੁਣ ਲਵਾਂਗੇ। ਤਦ ਤਕ ਤੁਸੀਂ ਸਰਕਾਰੀ ਵਕੀਲ ਨੂੰ ਲੈ ਆਓ।"

ਸਫ਼ਾਈ ਧਿਰ ਨੂੰ ਜੱਜ ਦਾ ਹੁਕਮ ਪ੍ਰਵਾਨ ਸੀ। ਬਿਨਾਂ ਕੋਈ ਉਜਰ ਕੀਤੇ ਉਹ ਬਾਹਰ ਆ ਗਈ।

ਦੋ ਘੰਟੇ ਦੀ ਖੱਜਲ-ਖੁਆਰੀ ਬਾਅਦ ਰਾਮ ਨਾਥ ਨੂੰ ਪਤਾ ਲੱਗਾ ਸਰਕਾਰੀ ਵਕੀਲ ਕਿੱਥੇ ਸੀ।

ਰੰਗ ਵਿਚ ਭੰਗ ਪਾਉਣਾ ਦਰੁਸਤ ਨਹੀਂ ਸੀ। ਉਹ ਕਲੱਬ ਦੇ ਗੇਟ ਕੋਲ ਖੜੋ ਕੇ ਉਸਦਾ ਇੰਤਜ਼ਾਰ ਕਰਨ ਲੱਗਾ।

ਸਰਕਾਰੀ ਵਕੀਲ ਮੁਲਜ਼ਮਾਂ ਦੇ ਤਾਜ਼ੇ ਖਾਧੇ ਨਮਕ ਦਾ ਮੁੱਲ ਉਤਾਰਨ ਲੱਗਾ।

"ਇਹ ਮਾਮਲਾ ਮੁਲਜ਼ਮਾਂ ਅਤੇ ਮੈਜਿਸਟਰੇਟ ਵਿਚਕਾਰ ਹੈ। ਮੁਲਜ਼ਮ ਅਦਾਲਤ ਦੀ ਹਿਰਾਸਤ 'ਚ ਹਨ। ਜੇਲ੍ਹ 'ਚ ਜਾਂ ਹਸਪਤਾਲ, ਇਸ ਨਾਲ ਸਰਕਾਰ ਨੂੰ ਕੋਈ ਮਤਲਬ ਨਹੀਂ। ਮੁਦਈ ਧਿਰ ਦੇ ਹੱਕ ਵਿਚ ਬਹਿਸ ਕਰਨਾ ਮੇਰੇ ਲਈ ਜਾਇਜ਼ ਨਹੀਂ।

"ਮੁਲਜ਼ਮ ਜੇਲ੍ਹ ਵਿਚ ਹਨ ਜਾਂ ਹਸਪਤਾਲ, ਇਸ ਨਾਲ ਸਾਨੂੰ ਫ਼ਰਕ ਪੈਂਦਾ ਹੈ। ਹਵਾਲਾਤ ਅਤੇ ਜੇਲ੍ਹ ਵਿਚ ਸਖ਼ਤੀਆਂ ਬਿਨਾਂ ਮਤਲਬ ਨਹੀਂ ਹੁੰਦੀਆਂ। ਇਨ੍ਹਾਂ ਪਿੱਛੇ ਸਿਧਾਂਤ ਕੰਮ ਕਰਦਾ ਹੈ। ਇਹ ਮੌਜੂਦਾ ਦੋਸ਼ੀ ਨੂੰ ਸਬਕ ਸਿਖਾਉਣ ਅਤੇ ਹੋਰਾਂ ਨੂੰ ਡਰਾਉਣ ਲਈ ਹੁੰਦੀਆਂ ਹਨ। ਜੇ ਦੋਸ਼ੀ ਹਸਪਤਾਲਾਂ ਵਿਚ ਪੈ ਕੇ ਮੁੜ ਆਏ ਇਸ ਨਾਲ ਦੋਸ਼ੀ ਉਤਸ਼ਾਹਤ ਹੋਣਗੇ। ਜੁਰਮਾਂ ਦੀ ਗਿਣਤੀ ਵਿਚ ਵਾਧਾ ਹੋਏਗਾ। ਮੁਦਈਆ ਦੇ ਸੀਨਿਆਂ ਤੇ ਸੱਪ ਲੜਨਗੇ।"

ਰਾਮ ਨਾਥ ਦੇ ਇਸ ਤਰਕ ਨਾਲ ਵੀ ਸਰਕਾਰੀ ਵਕੀਲ ਨੂੰ ਕੋਈ ਲਗਾਓ ਨਹੀਂ ਸੀ। ਉਹ ਸਰਕਾਰ ਦੀ ਨੁਮਾਇੰਦਗੀ ਕਰ ਰਿਹਾ ਸੀ। ਸਰਕਾਰ ਮੁਦਈ ਅਤੇ ਦੋਸ਼ੀ ਨੂੰ ਇਕੋ ਅੱਖ ਨਾਲ ਦੇਖਦੀ ਸੀ। ਜੇ ਦੋਸ਼ੀ ਬਿਮਾਰ ਸੀ ਤਾਂ ਉਸਦਾ ਇਲਾਜ ਹੋਣਾ ਚਾਹੀਦਾ ਸੀ। ਸਰਕਾਰੀ ਵਕੀਲ ਬਿਨਾਂ ਕਾਰਨ ਦਰਖ਼ਾਸਤ ਦਾ ਵਿਰੋਧ ਕਰਕੇ ਮੁਦਈ ਪੱਖੀ ਹੋਣ ਦਾ ਦੋਸ਼ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਸੀ।

ਰਾਮ ਨਾਥ ਨੂੰ ਲੱਗਾ ਘਿਉ ਸਿੱਧੀ ਉਂਗਲ ਨਾਲ ਨਿਕਲਣ ਵਾਲਾ ਨਹੀਂ ਸੀ। "ਪਲੀਜ਼ ਮੇਰੀ ਮਦਦ ਕਰੋ। ਮੈਂ ਸੇਵਾ ਕਰਨ ਨੂੰ ਤਿਆਰ ਹਾਂ।"

ਸਰਕਾਰੀ ਵਕੀਲ ਸੇਵਾ ਕਰਾਉਣ ਦੇ ਮੂਡ ਵਿਚ ਨਹੀਂ ਸੀ।

ਇਹ ਕੇਸ ਥੋੜ੍ਹਾ ਜਿਹਾ ਆਸਾਧਾਰਣ ਸੀ। ਅਖ਼ਬਾਰ ਇਸ ਉਪਰ ਨਜ਼ਰ ਰੱਖ ਰਹੇ ਸਨ। ਮੁੱਖ-ਮੰਤਰੀ ਤੱਕ, ਵੱਡੇ ਅਫ਼ਸਰਾਂ ਨੂੰ ਸੂਚਨਾ ਜਾਂਦੀ ਸੀ। ਇਕ ਸਰਕਾਰੀ ਵਕੀਲ ਪਹਿਲਾਂ ਮਾਰ ਖਾ ਚੁੱਕਾ ਸੀ।

ਪੈਸੇ ਲੈਣ ਵਿਚ ਇਕ ਹੋਰ ਖ਼ਤਰਾ ਸੀ। ਫੈਸਲਾ ਮੁਦਈ ਧਿਰ ਦੇ ਉੱਲਟ ਹੋਣ ਵਾਲਾ ਸੀ। ਫ਼ੀਸ ਦੇ ਕੇ ਵੀ ਜਦੋਂ ਕੰਮ ਨਾ ਹੋਇਆ ਤਾਂ ਮੁਦਈ ਧਿਰ ਦੇ ਜ਼ਖ਼ਮਾਂ ਤੇ ਨਮਕ

ਛਿੜਕਿਆ ਜਾਣਾ ਸੀ।

ਰਿਸ਼ਵਤ ਠੁਕਰਾ ਕੇ ਸਖ਼ਤ ਰਵੱਈਆ ਅਖ਼ਤਿਆਰ ਕਰੀ ਰੱਖਣਾ ਵੀ ਖ਼ਤਰਨਾਕ ਸੀ।

ਸੋਚ ਸਮਝ ਕੇ ਸਰਕਾਰੀ ਵਕੀਲ ਨੇ ਰੁੱਖ ਬਦਲਣਾ ਸ਼ੁਰੂ ਕੀਤਾ।

"ਮੇਰੀ ਸਥਿਤੀ ਸਮਝੋ। ਇਕ ਪਾਸੇ ਮੈਂ ਆਪਣੇ ਦਸਤਖ਼ਤੀ ਡਾਕਟਰਾਂ ਵੱਲੋਂ ਆਈ ਦਰਖ਼ਾਸਤ ਮੈਜਿਸਟਰੇਟ ਅੱਗੇ ਪੇਸ਼ ਕੀਤੀ ਹੈ। ਹੁਣ ਉਸੇ ਦਰਖ਼ਾਸਤ ਦਾ ਮੈਂ ਵਿਰੋਧ ਕਿਸ ਤਰ੍ਹਾਂ ਕਰਾਂ? ਵਿਚਕਾਰਲਾ ਰਾਹ ਲੱਭਦੇ ਹਾਂ। ਲਿਖਤੀ ਵਿਰੋਧ ਨਹੀਂ ਕਰਦੇ। ਮਰੀਜ਼ਾਂ ਨੂੰ ਮਰਜ਼ੀ ਦੇ ਮਾਹਿਰਾਂ ਕੋਲ ਭੇਜਣ ਦਾ ਸਖ਼ਤ ਵਿਰੋਧ ਕਰਦੇ ਹਾਂ।"

ਸਰਕਾਰੀ ਵਕੀਲ ਨੇ ਇੰਝ ਹੀ ਕੀਤਾ।

ਸਰਕਾਰ ਦੋਸ਼ੀਆਂ ਨੂੰ ਮੁਆਇਨੇ ਲਈ ਮਾਹਿਰ ਡਾਕਟਰਾਂ ਕੋਲ ਭੇਜਣ ਲਈ ਤਿਆਰ ਸੀ। ਪਰ ਮਾਹਿਰ ਦੋਸ਼ੀਆਂ ਦੀ ਮਰਜ਼ੀ ਦੇ ਨਹੀਂ ਹੋਣਗੇ। ਅੱਜ ਦੋਸ਼ੀ ਅਸਕਾਰਟ ਜਾਣਾ ਚਾਹੁੰਦੇ ਹਨ। ਕੱਲ੍ਹ ਅਮਰੀਕਾ ਜਾਣਾ ਚਾਹੁਣਗੇ। ਅਦਾਲਤ ਨੇ ਮੁਲਜ਼ਮਾਂ ਦੀ ਮਰਜ਼ੀ ਮੁਤਾਬਕ ਨਹੀਂ ਚੱਲਣਾ। ਸਰਕਾਰ ਕੋਲ ਮਹਿਰਾਂ ਦੀ ਕਮੀ ਨਹੀਂ ਸੀ। ਮੁਆਇਨਾ ਸਰਕਾਰੀ ਮਾਹਿਰਾਂ ਕੋਲੋਂ ਹੋਣਾ ਚਾਹੀਦਾ ਸੀ।

ਮੈਜਿਸਟਰੇਟ ਨੇ ਦੋਹਾਂ ਧਿਰਾਂ ਦੇ ਹੱਕਾਂ ਦੀ ਰਾਖੀ ਕੀਤੀ।

ਸਰਕਾਰੀ ਡਾਕਟਰਾਂ ਦੇ ਕਿਰਦਾਰ ਸ਼ੱਕੀ ਸਨ। ਕੱਲ੍ਹ ਕਹਿੰਦੇ ਸਨ ਦੋਸ਼ੀ ਠੀਕ-ਠਾਕ ਹਨ। ਅੱਜ ਕਹਿੰਦੇ ਹਨ ਸਖ਼ਤ ਬਿਮਾਰ ਹਨ। ਮਾਇਆ ਨਗਰ ਵਿਚ ਅਸਕਾਰਟ ਹਸਪਤਾਲ ਦੇ ਪੱਧਰ ਦੇ ਕਈ ਹਸਪਤਾਲ ਸਨ। ਇਨ੍ਹਾਂ ਹਸਪਤਾਲਾਂ ਦੇ ਡਾਕਟਰਾਂ ਨੂੰ ਨਾ ਸਰਕਾਰ ਦਾ ਡਰ ਸੀ, ਨਾ ਪੈਸੇ ਦਾ ਲਾਲਚ। ਉਨ੍ਹਾਂ ਦੀ ਰਿਪੋਰਟ ਤੇ ਇਤਬਾਰ ਕੀਤਾ ਜਾ ਸਕਦਾ ਸੀ।

"ਦੋਸ਼ੀਆਂ ਦਾ ਮੁਆਇਨਾ ਦਯਾਨੰਦ ਦੇ ਪੰਜ ਮਾਹਿਰ ਡਾਕਟਰਾਂ ਕੋਲੋਂ ਕਰਵਾਇਆ ਜਾਵੇ। ਫ਼ੀਸ ਮੁਲਜ਼ਮਾਂ ਵੱਲੋਂ ਭਰੀ ਜਾਵੇ।"

ਰਾਮ ਨਾਥ ਨੂੰ ਇਸ ਹੁਕਮ ਤੇ ਬਹੁਤਾ ਇਤਰਾਜ਼ ਨਹੀਂ ਸੀ।

ਦਯਾਨੰਦ ਹਸਪਤਾਲ ਦੇ ਡਾਕਟਰਾਂ ਨੇ ਸਰਕਾਰੀ ਡਾਕਟਰਾਂ ਵਾਲੇ ਕਾਰਨਾਮੇ ਕੀਤੇ ਹੋਣ, ਇਹ ਰਾਮ ਨਾਥ ਨੇ ਕਦੇ ਸੁਣਿਆ ਨਹੀਂ ਸੀ।

ਇਨਸਾਫ਼ ਦੀ ਆਸ ਨਾਲ ਉਸ ਨੇ ਸਿਰ ਝੁਕਾ ਕੇ ਫੈਸਲਾ ਸਵੀਕਾਰ ਕੀਤਾ।

## -62-

ਦਯਾਨੰਦ ਹਸਪਤਾਲ ਦੇ ਸਾਰੇ ਮਾਹਿਰਾਂ ਦੀ ਇਕੋ ਰਾਏ ਸੀ। ਦੋਵੇਂ ਦੋਸ਼ੀ ਸਖ਼ਤ ਬਿਮਾਰ ਸਨ।

ਮਰੀਜ਼ਾਂ ਲਈ ਮਿੰਟ-ਮਿੰਟ ਸਹਾਈ ਸੀ। ਉਨ੍ਹਾਂ ਨੂੰ ਮੁੜ ਸਿਵਲ ਹਸਪਤਾਲ ਜਾਂ ਕਿਧਰੇ ਹੋਰ ਲਿਜਾਣ ਵਿਚ ਬਰਬਾਦ ਹੋਇਆ ਸਮਾਂ ਜਾਨ-ਲੇਵਾ ਸਾਬਤ ਹੋ ਸਕਦਾ ਸੀ। ਡਾਕਟਰ ਆਪਣੇ ਫਰਜ਼ਾਂ ਵਿਚ ਕੁਤਾਹੀ ਨਹੀਂ ਸਨ ਕਰ ਸਕਦੇ। ਬਿਨਾਂ ਅਦਾਲਤ ਦਾ ਕੋਈ ਹੁਕਮ ਉਡੀਕੇ ਉਨ੍ਹਾਂ ਨੇ ਦੋਹਾਂ ਦੋਸ਼ੀਆਂ ਨੂੰ ਐਮਰਜੈਂਸੀ ਵਿਚ ਦਾਖ਼ਲ ਕੀਤਾ ਅਤੇ ਇਲਾਜ ਸ਼ੁਰੂ ਕਰ ਦਿੱਤਾ।



ਮਾਹਿਰ ਡਾਕਟਰਾਂ ਦੀ ਰਾਏ ਨੂੰ ਉਲੱਥਨਾ ਮੈਜਿਸਟਰੇਟ ਲਈ ਵੀ ਮੁਸ਼ਕਲ ਸੀ। ਉਸਨੇ ਡਾਕਟਰਾਂ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਹੁਕਮ ਜਾਰੀ ਕੀਤਾ :

"ਦੋਹਾਂ ਦੋਸ਼ੀਆਂ ਦੇ ਠੀਕ ਹੋਣ ਤਕ ਉਨ੍ਹਾਂ ਨੂੰ ਦਯਾਨੰਦ ਹਸਪਤਾਲ ਵਿਚ ਰੱਖਿਆ ਜਾਵੇ।"

ਰਾਮ ਨਾਥ ਨੇ ਹੁਕਮ ਮਨਜ਼ੂਰ ਕਰ ਲਿਆ। ਉਸਨੂੰ ਯਕੀਨ ਸੀ ਲੱਖਾਂ ਰੁਪਏ ਮਹੀਨਾ ਕਮਾਉਣ ਵਾਲੇ ਡਾਕਟਰਾਂ ਨੇ ਸੱਚ ਬੋਲਿਆ ਹੋਣਾ ਹੈ। ਇਕ ਦੋ ਡਾਕਟਰਾਂ ਨੂੰ ਖਰੀਦਿਆ ਜਾ ਸਕਦਾ ਸੀ। ਪੰਜਾਂ ਨੂੰ ਨਹੀਂ।

ਉਹ ਪੰਕਜ ਹੋਰਾਂ ਦੇ ਠੀਕ ਹੋਣ ਦਾ ਇੰਤਜ਼ਾਰ ਕਰਨ ਲੱਗਾ।

ਪਰ ਸੱਚ ਉਹ ਨਹੀਂ ਸੀ ਜੋ ਰਾਮ ਨਾਥ ਸੋਚ ਰਿਹਾ ਸੀ।

ਇਸ ਹਸਪਤਾਲ ਦਾ ਪ੍ਰਬੰਧ ਮਾਇਆ ਨਗਰ ਦੇ ਕੁਝ ਸਨਅਤਕਾਰਾਂ ਦੇ ਹੱਥ ਵਿਚ ਸੀ। ਸਨਅਤਕਾਰ ਇਨਕਮ ਟੈਕਸ ਕਮਿਸ਼ਨਰ ਦੀਆਂ ਕਠਪੁਤਲੀਆਂ ਸਨ। ਕਮਿਸ਼ਨਰ ਨੇ ਸਨਅਤਕਾਰਾਂ ਨੂੰ ਆਪਣੀਆਂ ਉਂਗਲਾਂ ਤੇ ਨਚਾਇਆ। ਸਨਅਤਕਾਰਾਂ ਨੇ ਡਾਕਟਰਾਂ ਨੂੰ। ਕਮਿਸ਼ਨਰ ਡਾਕਟਰਾਂ ਨੂੰ ਵੀ ਦਬਕਾ ਮਾਰ ਸਕਦਾ ਸੀ। ਪਰ ਇਹ ਦਬਕਾ ਉਸਨੇ ਉਚਿਤ ਸਮੇਂ ਲਈ ਸੰਭਾਲ ਕੇ ਰੱਖ ਲਿਆ ਸੀ।

ਸੋਚੀ-ਸਮਝੀ ਯੋਜਨਾ ਤਹਿਤ ਇਕ ਦਿਨ ਉਨ੍ਹਾਂ ਨੂੰ ਐਮਰਜੈਂਸੀ ਵਾਰਡ ਵਿਚ ਰੱਖਿਆ ਗਿਆ। ਤਿੰਨ ਦਿਨ ਆਈ.ਸੀ.ਯੂ. ਵਿਚ।

ਡਾਕਟਰਾਂ ਦੀ ਚਾਰ ਦਿਨ ਦੀ 'ਸਖ਼ਤ' ਮਿਹਨਤ ਬਾਅਦ ਉਨ੍ਹਾਂ ਦੀ ਹਾਲਤ ਕੁਝ ਸੁਧਰੀ। ਹੁਣ ਉਹ ਜਨਰਲ ਵਾਰਡ ਵਿਚ ਜਾ ਸਕਦੇ ਸਨ।

ਜਨਰਲ ਵਾਰਡ ਵਿਚ ਜਾਣਾ ਪੰਕਜ ਹੋਰਾਂ ਲਈ ਉਚਿਤ ਨਹੀਂ ਸੀ। ਇਸ ਵਾਰਡ ਵਿਚ ਹਰ ਸਮੇਂ ਤੀਹ ਤੋਂ ਲੈ ਕੇ ਚਾਲੀ ਤਕ ਮਰੀਜ਼ ਦਾਖ਼ਲ ਰਹਿੰਦੇ ਸਨ। ਇਸ ਤੋਂ ਦੁਗਣੀ ਤਿਗਣੀ ਗਿਣਤੀ ਉਨ੍ਹਾਂ ਦੇ ਵਾਰਿਸਾਂ ਦੀ ਹੁੰਦੀ ਸੀ। ਵਾਰਡ ਕਬੂਤਰਖ਼ਾਨਾ ਬਣਿਆ ਰਹਿੰਦਾ ਸੀ।

ਦੂਸਰੇ ਉਹ ਪੁਲਿਸ ਹਿਰਾਸਤ ਵਿਚ ਸਨ। ਪੁਲਿਸ ਨੇ ਉਨ੍ਹਾਂ ਦੇ ਕੋਲ ਬੈਠ ਕੇ ਉਨ੍ਹਾਂ ਉਪਰ ਨਜ਼ਰ ਰੱਖਣੀ ਸੀ। ਇਥੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਸਾਰੇ ਸ਼ਹਿਰ ਵਿਚ ਤੇਜ਼ੀ ਨਾਲ ਫੈਲਣੀ ਸੀ।

ਉਨ੍ਹਾਂ ਨੂੰ ਸਪੈਸ਼ਲ ਕਮਰਿਆਂ ਵਿਚ ਦਾਖ਼ਲ ਹੋਣਾ ਚਾਹੀਦਾ ਸੀ। ਇਹ ਕਮਰੇ ਵਾਰਡ ਦੀ ਇਕ ਨੁੱਕਰ ਵਿਚ ਸਨ। ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਿਸਾਂ ਨੇ ਆਪਣੇ-ਆਪਣੇ ਕਮਰੇ ਵਿੱਚ ਬੈਠਣਾ ਸੀ। ਨਾਲ ਦੇ ਕਮਰੇ ਵਿੱਚ ਕੌਣ ਹੈ, ਇਸਦਾ ਪਤਾ ਨਹੀਂ ਚਲਦਾ। ਉਨ੍ਹਾਂ ਦੀ ਗ੍ਰਿਫ਼ਤਾਰੀ ਗੁਪਤ ਰਹਿਣੀ ਸੀ।

ਨਾਲੇ ਸਪੈਸ਼ਲ ਕਮਰੇ ਏਅਰ ਕੰਡੀਸ਼ਨ ਸਨ। ਵਿਚੇ ਕਿਚਨ ਸੀ। ਫਰਿਜ ਅਤੇ ਟੀ.ਵੀ. ਸੀ। ਵਾਰਿਸਾਂ ਲਈ ਇਕ ਮੰਜਾ ਵਾਧੂ ਪਿਆ ਸੀ। ਪਤਾ ਲੈਣ ਆਉਣ ਵਾਲਿਆਂ ਦੇ ਬੈਠਣ ਲਈ ਕੁਰਸੀਆਂ ਸਨ। ਫ਼ੋਨ ਸੀ। ਘਰ ਵਰਗੀਆਂ ਸਭ ਸਹੂਲਤਾਂ ਇਨ੍ਹਾਂ ਕਮਰਿਆਂ ਵਿਚ ਮੌਜੂਦ ਸਨ।

ਦੋਹਾਂ ਮਰੀਜ਼ਾਂ ਦੇ ਨਾਲ ਲਗਦੇ ਦੋ ਸਪੈਸ਼ਲ ਕਮਰੇ ਅਲਾਟ ਕਰਵਾ ਲਏ।

ਪਹਿਲੇ ਦਿਨ ਥਾਣੇ ਵੱਲੋਂ ਵਰਦੀਆਂ ਵਾਲੇ ਦੋ ਸਿਪਾਹੀ ਉਨ੍ਹਾਂ ਦੀ ਨਿਗਰਾਨੀ ਲਈ ਆਏ।

ਦੋਵੇਂ ਸਿਪਾਹੀ ਬੰਦੂਕਾਂ ਨਾਲ ਲੈਸ ਸਨ। ਪੁਲਿਸ ਹਿਰਾਸਤ ਵਿਚੋਂ ਭੱਜਣ ਵਾਲੇ ਹਵਾਲਾਤੀ ਨੂੰ ਗੋਲੀ ਮਾਰਨ ਦਾ ਉਨ੍ਹਾਂ ਨੂੰ ਅਧਿਕਾਰ ਸੀ। ਇਕ ਵਾਕੀ ਟਾਕੀ ਸੈੱਟ ਉਨ੍ਹਾਂ ਕੋਲ ਸੀ। ਬਹੁਤਾ ਖ਼ਤਰਾ ਹੋਵੇ ਤਾਂ ਉਹ ਥਾਣੇ ਸੰਪਰਕ ਕਰ ਸਕਦੇ ਸਨ।

ਦੋਹਾਂ ਸਿਪਾਹੀਆਂ ਨੇ ਦੋਹਾਂ ਕਮਰਿਆਂ ਅੱਗੇ ਕੁਰਸੀਆਂ ਡਾਹ ਲਈਆਂ ਅਤੇ ਆਪਣੀ ਡਿਊਟੀ ਉਪਰ ਡਟ ਗਏ। ਹਰ ਆਏ ਗਏ ਦੀ ਪੁੱਛ ਪੜਤਾਲ ਹੋਣ ਲੱਗੀ।

ਕੋਈ ਸਾਧਾਰਨ ਕੈਦੀ ਜੇ ਸਿਵਲ ਹਸਪਤਾਲ ਦਾਖ਼ਲ ਹੁੰਦਾ ਤਾਂ ਪੁਲਿਸ ਉਸ ਉਪਰ ਪੁਲਿਸ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਦੀ। ਉਸਦੀ ਇਕ ਲੱਤ ਨੂੰ ਬੇੜੀ ਪਾਈ ਜਾਂਦੀ। ਬੇੜੀ ਦਾ ਸੰਗਲ ਮੰਜੇ ਦੀ ਬਾਹੀ ਨਾਲ ਬੰਨ੍ਹਿਆ ਜਾਂਦਾ। ਹਰ ਵਾਰ ਮੰਜੇ ਤੋਂ ਉੱਠ ਕੇ ਟੱਟੀ ਪਿਸ਼ਾਬ ਜਾਣ ਲਈ ਕੈਦੀ ਨੂੰ ਸਿਪਾਹੀ ਤੋਂ ਇਜਾਜਤ ਲੈਣੀ ਪੈਂਦੀ।

ਇਨ੍ਹਾਂ ਹਵਾਲਾਤੀਆਂ ਉਪਰ ਇਹ ਨਿਯਮ ਲਾਗੂ ਨਹੀਂ ਸੀ ਕੀਤਾ ਗਿਆ। ਵਕੀਲਾਂ ਨੇ ਸੁਪਰੀਮ ਕੋਰਟ ਦੇ ਇਕ ਫੈਸਲੇ ਦਾ ਹਵਾਲਾ ਦੇ ਕੇ ਅਦਾਲਤ ਕੋਲੋਂ ਦੋਸ਼ੀਆਂ ਨੂੰ ਹੱਥਕੜੀ ਲਾਉਣ ਉਪਰ ਪਾਬੰਦੀ ਲਗਵਾ ਦਿੱਤੀ।

ਮਨੁੱਖ ਅਧਿਕਾਰਾਂ ਲਈ ਲੜਦੀ ਇਕ ਸਮਾਜ-ਸੇਵੀ ਸੰਸਥਾ ਦਾ ਮੱਤ ਸੀ ਕਿ ਸੰਗਲ ਡੰਗਰਾਂ ਨੂੰ ਲਾਏ ਜਾਂਦੇ ਹਨ। ਸੰਗਲ ਲਾਏ ਜਾਣ ਨਾਲ ਹਵਾਲਾਤੀਆਂ ਦੇ ਸਵੈ-ਅਭਿਮਾਨ ਨੂੰ ਸੱਟ ਵੱਜਦੀ ਸੀ। ਸੁਪਰੀਮ ਕੋਰਟ ਇਸ ਤਰਕ ਨਾਲ ਸਹਿਮਤ ਹੋਈ ਸੀ ਅਤੇ ਉਸਨੇ ਦੋਸ਼ੀਆਂ ਨੂੰ ਹੱਥਕੜੀ ਲਾਉਣ 'ਤੇ ਪਾਬੰਦੀ ਲਾ ਦਿੱਤੀ ਸੀ।

ਜੇ ਹਵਾਲਾਤੀ ਨੂੰ ਹੱਥਕੜੀ ਨਹੀਂ ਲਾਈ ਜਾ ਸਕਦੀ ਤਾਂ ਬਿਮਾਰ ਦੋਸ਼ੀ ਨੂੰ ਬੇੜੀ ਕਿਸ ਤਰ੍ਹਾਂ ਪਾਈ ਜਾ ਸਕਦੀ ਸੀ? ਬੇੜੀ ਨਾਲ ਦੋਸ਼ੀ ਦੀ ਮਾਨਸਿਕਤਾ ਨੇ ਜ਼ਖਮੀ ਹੋਣਾ ਸੀ। ਬਿਮਾਰ ਮਾਨਸਿਕਤਾ ਨਾਲ ਰੋਗੀ ਦੇ ਇਲਾਜ ਵਿਚ ਵਿਘਨ ਪੈਣਾ ਸੀ।

ਬੇੜੀ ਤੋਂ ਖਹਿੜਾ ਇਸ ਤਰ੍ਹਾਂ ਛੁੱਟ ਗਿਆ। ਵਰਦੀਆਂ ਵਾਲੇ ਸਿਪਾਹੀਆਂ ਤੋਂ ਖਹਿੜਾ ਛੁਡਾਉਣਾ ਬਾਕੀ ਸੀ। ਉਨ੍ਹਾਂ ਦੇ ਕਮਰੇ ਅੱਗੇ ਪੁਲਿਸ ਖੜ੍ਹੀ ਦੇਖਕੇ ਲੋਕ ਬਿੜਕਾਂ ਲੈਣ ਲਗਦੇ ਸਨ। ਸਾਰੇ ਸ਼ਹਿਰ ਵਿਚ ਉਨ੍ਹਾਂ ਦੀ ਚਰਚਾ ਹੋ ਰਹੀ ਸੀ।

ਇਸਦਾ ਹੱਲ ਪੰਕਜ ਨੇ ਲੱਭਿਆ।

ਪੂਰਾ ਦਿਨ ਸਿਪਾਹੀਆਂ ਦੀ ਭਰਪੂਰ ਸੇਵਾ ਹੋਈ। ਖਾਣ-ਪੀਣ ਲਈ ਆਉਂਦੀ ਹਰ ਚੀਜ਼ ਉਨ੍ਹਾਂ ਕੋਲ ਪੁੱਜਦੀ ਰਹੀ। ਸ਼ਾਮ ਨੂੰ ਇਕ-ਇਕ ਵਿਸਕੀ ਦੀ ਬੋਤਲ ਉਨ੍ਹਾਂ ਦੇ ਹੱਥ ਫੜਾਈ ਗਈ। ਮੁਰਗ-ਮਸੱਲਮ ਲਈ ਪੰਜ-ਪੰਜ ਸੌ ਦਾ ਨੋਟ ਉਨ੍ਹਾਂ ਦੀ ਜੇਬ ਵਿਚ ਪਾਇਆ ਗਿਆ।

ਅਗਲੇ ਦਿਨ ਉਨ੍ਹਾਂ ਨੇ ਵਰਦੀ ਲਾਹ ਦਿੱਤੀ। ਖ਼ਾਕੀ ਪੱਗ, ਖ਼ਾਕੀ ਪੈਂਟ ਅਤੇ ਲਾਲ ਬੂਟ ਉਨ੍ਹਾਂ ਨੇ ਇਸ ਢੰਗ ਨਾਲ ਪਾਏ ਕਿ ਉਹ ਸਿਪਾਹੀ ਘੱਟ ਅਤੇ ਬਾਬੂ ਵੱਧ ਜਾਪਣ ਲੱਗੇ।

ਦੋਸ਼ੀਆਂ ਤੋਂ ਪੁੱਛਗਿਛ ਕਰਨ ਆਏ ਤਫ਼ਤੀਸ਼ੀ ਨੇ ਉਪਰੋਂ ਮਿਲੀਆਂ ਨਵੀਆਂ ਹਦਾਇਤਾਂ ਤੋਂ ਸਿਪਾਹੀਆਂ ਨੂੰ ਜਾਣੂ ਕਰਾਇਆ।



"ਬਹੁਤੀ ਦੇਰ ਕਮਰੇ ਅੱਗੇ ਜਾ ਬੈਠੇ ਰਿਹਾ ਕਰੋ। ਇਧਰ-ਉਧਰ ਘੁੰਮ ਕੇ ਆਲੇ-ਦੁਆਲੇ ਉਪਰ ਵੀ ਨਜ਼ਰ ਰੱਖਿਆ ਕਰੋ।"

ਅਫ਼ਸਰਾਂ ਦੀਆਂ ਹਦਾਇਤਾਂ ਦਾ ਸਿਪਾਹੀਆਂ ਨੇ ਸਹੀ ਮਤਲਬ ਕੱਢਿਆ।

ਇਕ ਹਸਪਤਾਲ ਰਹਿਣ ਲੱਗਾ ਅਤੇ ਦੂਜਾ ਫਰਲੋ ਮਾਰਨ ਲੱਗਾ।

ਪੁਲਿਸ ਰਿਮਾਂਡ ਖ਼ਤਮ ਹੁੰਦਿਆਂ ਹੀ ਦੋਸ਼ੀਆਂ ਉਪਰ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਪੁਲਿਸ ਹੱਥੋਂ ਨਿਕਲ ਕੇ ਜੇਲ੍ਹ ਅਧਿਕਾਰੀਆਂ ਹੱਥ ਆ ਗਈ।

ਸਿਪਾਹੀ ਥਾਣੇ ਮੁੜ ਗਏ। ਉਨ੍ਹਾਂ ਦੀ ਥਾਂ ਜੇਲ੍ਹ ਦੇ ਜਵਾਨਾਂ ਨੇ ਲੈ ਲਈ।

ਇਹ ਹੋਮ ਗਾਰਡ ਦੇ ਜਵਾਨ ਜੇਲ੍ਹ ਸੁਪਰਡੈਂਟ ਦੇ ਵਫ਼ਾਦਰ ਮੁਲਾਜ਼ਮ ਸਨ। ਇਹ ਸਰਕਾਰੀ ਡਿਊਟੀ ਘੱਟ ਅਫ਼ਸਰਾਂ ਦੀ ਸੇਵਾ ਵੱਧ ਕਰਦੇ ਸਨ। ਭਰਤੀ ਹੋਣ ਤੋਂ ਪਹਿਲਾਂ ਇਹ ਅਫ਼ਸਰਾਂ ਦੇ ਘਰਾਂ ਵਿਚ ਨੌਕਰ ਸਨ। ਇਨ੍ਹਾਂ ਦਾ ਕੰਮ ਹੁਣ ਵੀ ਪਹਿਲਾਂ ਵਾਲਾ ਸੀ। ਨਿੱਜੀ ਚਾਕਰੀ। ਨਾ ਇਨ੍ਹਾਂ ਨੂੰ ਵਰਦੀ ਪਾਉਣੀ ਆਉਂਦੀ ਸੀ, ਨਾ ਬੰਦੂਕ ਫੜਨੀ। ਪਹਿਲੇ ਹੀ ਦਿਨ ਉਹ ਮਰੀਜ਼ਾਂ ਨਾਲ ਘੁਲ-ਮਿਲ ਗਏ। ਬਾਹਰੋਂ ਅੰਦਰੋਂ ਸਮਾਨ ਲਿਆਉਣ, ਘਰੋਂ ਟਿਫ਼ਨ ਲਿਆਉਣ, ਕੱਪੜੇ ਸੁੱਕਣੇ ਪਾਉਣ ਤਕ ਉਹ ਘਰ ਦੀਆਂ ਸੁਆਣੀਆਂ ਦੀ ਮਦਦ ਕਰਨ ਲੱਗੇ। ਵੇਲੇ-ਕੁਵੇਲੇ ਚਾਹ ਬਨਾਉਣ ਅਤੇ ਆਏ ਮਹਿਮਾਨਾਂ ਨੂੰ ਵਰਤਾਉਣ ਵਿਚ ਵੀ ਸਹਾਈ ਹੋਣ ਲੱਗੇ।

ਦਿਨੋਂ-ਦਿਨ ਬਾਕੀ ਬੰਦਸ਼ਾਂ ਵੀ ਘਟਦੀਆਂ ਗਈਆਂ।

ਪਹਿਲਾਂ ਦੋਸ਼ੀਆਂ ਨੂੰ ਮੋਬਾਈਲ ਫ਼ੋਨ ਕੋਲ ਰੱਖਣ ਦੀ ਇਜਾਜਤ ਮਿਲੀ। ਉਨ੍ਹਾਂ ਦੇ ਕਮਰਿਆਂ ਵਿਚ ਫ਼ੋਨ ਤਾਂ ਸੀ ਪਰ ਉਨ੍ਹਾਂ ਦੀ ਵਰਤੋਂ ਵਿਚ ਦਿੱਕਤ ਮਹਿਸੂਸ ਹੋ ਰਹੀ ਸੀ। ਵਿਉਪਾਰ ਦੇ ਸੰਬੰਧ ਵਿੱਚ ਉਨ੍ਹਾਂ ਨੂੰ ਹਜ਼ਾਰਾਂ ਫ਼ੋਨ ਆਉਂਦੇ ਸਨ। ਹਰ ਵਿਉਪਾਰੀ ਨੂੰ ਹਸਪਤਾਲ ਦਾ ਨੰਬਰ ਨਹੀਂ ਸੀ ਦਿੱਤਾ ਜਾ ਸਕਦਾ। ਮੋਬਾਈਲ ਫ਼ੋਨ ਮਿਲਣ ਨਾਲ ਕਾਰੋਬਾਰ ਚਲਾਉਣ ਵਿਚ ਪੇਸ਼ ਆਉਂਦੀ ਦਿੱਕਤ ਦੂਰ ਹੋ ਗਈ।

ਇਕ ਕਮਰੇ ਨੂੰ ਉਨ੍ਹਾਂ ਨੇ ਦਫ਼ਤਰ ਵਿਚ ਤਬਦੀਲ ਕਰ ਲਿਆ। ਦੋਹਾਂ ਕਮਰਿਆਂ ਦੀਆਂ ਕੁਰਸੀਆਂ ਅਤੇ ਮੇਜ਼ ਇਸ ਕਮਰੇ ਵਿਚ ਕਰ ਲਏ। ਇਸ ਕਮਰੇ ਦਾ ਬੈੱਡ ਦੂਜੇ ਕਮਰੇ ਵਿਚ ਲੈ ਗਏ। ਮੈਨੇਜਰ, ਮੁਨੀਮ ਅਤੇ ਹੋਰ ਕਾਰਿੰਦੇ ਇਸ ਕਮਰੇ ਵਿਚ ਬੈਠਣ ਲੱਗੇ।

ਵਿਉਪਾਰੀ ਕਾਰੋਬਾਰ ਕਰਨ ਲਈ ਫੈਕਟਰੀ ਦੀ ਥਾਂ ਹਸਪਤਾਲ ਆਉਣ ਲੱਗੇ।

ਵਿਉਪਾਰ ਮੁੜ ਪਹਿਲਾਂ ਵਾਂਗ ਚਮਕਣ ਲੱਗਾ।

ਬੰਦਸ਼ਾਂ ਹੋਰ ਘਟੀਆਂ। ਦੋਵੇਂ ਭਰਾ ਇਕ-ਇਕ ਕਰਕੇ ਸ਼ਹਿਰ ਗੇੜਾ ਮਾਰਨ ਲਗੇ। ਲੋੜ ਪੈਣ 'ਤੇ ਫੈਕਟਰੀ ਜਾ ਆਉਂਦੇ।

ਰਾਤ ਨੂੰ ਵੀ ਬਹੁਤੀ ਸਖ਼ਤੀ ਨਹੀਂ ਸੀ ਰਹੀ। ਉਨ੍ਹਾਂ ਦੀਆਂ ਵਹੁਟੀਆਂ ਨੂੰ ਦੇਖਭਾਲ ਲਈ ਉਨ੍ਹਾਂ ਕੋਲ ਸੌਣ ਦੀ ਇਜਾਜ਼ਤ ਮਿਲ ਗਈ ਸੀ।

ਸਿੰਗਲਾ ਹਰ ਸ਼ਾਮ ਚੱਕਰ ਮਾਰ ਜਾਂਦਾ ਸੀ। ਥਾਣੇ ਕਚਹਿਰੀ ਵਿਚ ਹੋਈ ਕਾਰਵਾਈ ਦੀ ਸੂਚਨਾ ਦੇ ਜਾਂਦਾ ਸੀ।

ਮੁਦਈ ਅਤੇ ਮੁਲਜ਼ਮ ਇਕੋ ਹਸਪਤਾਲ ਵਿਚ ਦਾਖ਼ਲ ਸਨ। ਸਾਂਝੇ ਬੰਦਿਆਂ ਰਾਹੀਂ ਇਕ ਦੂਜੇ ਨੂੰ ਇਕ ਦੂਜੇ ਦੇ ਹਲਾਤਾਂ ਦੀ ਖ਼ਬਰ ਮਿਲਦੀ ਰਹਿੰਦੀ ਸੀ।

ਰਾਮ ਨਾਥ ਪੰਕਜ ਹੋਰਾਂ ਨੂੰ ਮਿਲਦੀ ਹਰ ਸਹੂਲਤ 'ਤੇ ਉਜਰ ਕਰਦਾ ਸੀ। ਪਰ ਸਿੰਗਲਾ ਸਰਕਾਰੀ ਵਕੀਲ ਨਾਲ ਰਲਕੇ ਉਸ ਦੀ ਪੇਸ਼ ਨਹੀਂ ਸੀ ਜਾਣ ਦਿੰਦਾ। ਉਸਦੀ ਹਰ

ਦਰਖ਼ਾਸਤ ਰੱਦ ਹੋ ਰਹੀ ਸੀ।

ਸਿੰਗਲੇ ਨੇ ਇਕ ਹੋਰ ਖੁਸ਼ਖ਼ਬਰੀ ਸੁਣਾਈ।

ਹਿਰਾਸਤ ਵਿਚਲੇ ਦੋਸ਼ੀਆਂ ਦੇ ਇਲਾਜ ਕਰਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਸੀ। ਜੇ ਸਰਕਾਰ ਇਲਾਜ ਆਪਣੇ ਹਸਪਤਾਲਾਂ ਵਿਚ ਕਰਾਉਂਦੀ ਹੈ ਤਾਂ ਬਿਹਤਰ। ਪਰ ਜੇ ਦੋਸ਼ੀ ਨੂੰ ਸਹੂਲਤਾਂ ਦੀ ਘਾਟ ਕਾਰਨ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਹੋਣਾ ਪੈਂਦਾ ਹੈ ਤਾਂ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਹਸਪਤਾਲ ਦਾ ਖਰਚਾ ਝੱਲੇ। ਸਰਕਾਰ ਜ਼ਿੰਮੇ ਇਹ ਡਿਊਟੀ ਲਉਣ ਵਾਲਾ ਸੁਪਰੀਮ ਕੋਰਟ ਦਾ ਇਕ ਫੈਸਲਾ ਉਸਨੇ ਲੱਭ ਲਿਆ ਸੀ।

ਸਿੰਗਲੇ ਨੇ ਖਰਚਾ ਵਸੂਲਣ ਦੀ ਦਰਖ਼ਾਸਤ ਅਦਾਲਤ ਵਿਚ ਲਾ ਦਿੱਤੀ ਸੀ। ਆਸ ਸੀ ਅਗਲੀ ਪੇਸ਼ੀ ਫੈਸਲਾ ਉਨ੍ਹਾਂ ਦੇ ਹੱਕ ਵਿਚ ਹੋ ਜਾਣਾ ਸੀ।

ਪੰਕਜ ਨੂੰ ਹੁੰਦੇ ਖਰਚੇ ਦੀ ਪਰਵਾਹ ਨਹੀਂ ਸੀ। ਉਹ ਹਸਪਤਾਲ ਖੱਜਲ-ਖੁਆਰੀ ਤੋਂ ਬਚਣ ਲਈ ਆਏ ਸਨ। ਉਨ੍ਹਾਂ ਦਾ ਇਹ ਮਕਸਦ ਪੂਰਾ ਹੋ ਰਿਹਾ ਸੀ।

ਸਿੰਗਲੇ ਦੀ ਪੈਰਵਾਈ ਤੋਂ ਖੁਸ਼ ਹੋ ਕੇ ਪੰਕਜ ਨੇ ਬਖਸ਼ੀਸ਼ ਦਿੱਤੀ :

"ਤੇਰੀ ਹਿੰਮਤ ਕਾਰਨ ਸਰਕਾਰੀ ਖ਼ਜ਼ਾਨੇ ਵਿਚੋਂ ਜੋ ਪੈਸਾ ਮਿਲੇਗਾ ਉਹ ਤੇਰਾ।"

ਉਤਸ਼ਾਹਿਤ ਹੋਇਆ ਸਿੰਗਲਾ ਹੋਰ ਤਨਦੇਹੀ ਨਾਲ ਪੈਰਵਾਈ ਕਰਨ ਲੱਗਾ।

## -64-

ਹਰ ਨਵੀਂ ਸਮੱਸਿਆ ਖੜ੍ਹੀ ਹੋਣ 'ਤੇ ਰਾਮ ਨਾਥ ਸੋਚਦਾ ਸੀ ਇਹ ਆਖ਼ਰੀ ਸਮੱਸਿਆ ਸੀ। ਇਸ ਸਮੱਸਿਆ ਨੂੰ ਸੁਲਝਾ ਕੇ ਉਹ ਸ਼ਹਿਰ ਮੁੜ ਸਕਦਾ ਸੀ। ਆਪਣੇ ਵਿਗੜੇ ਕੰਮ ਅਤੇ ਉੱਖੜੇ ਪਰਿਵਾਰ ਨੂੰ ਮੁੜ ਲੀਹ 'ਤੇ ਲਿਆ ਸਕਦਾ ਸੀ।

ਪਰ ਕੁਝ ਵੀ ਉਸਦੀ ਸੋਚ ਅਨੁਸਾਰ ਨਹੀਂ ਸੀ ਹੋ ਰਿਹਾ।

ਮੁਕੱਦਮਾ ਦਰਜ ਕਰਵਾ ਕੇ ਉਸਨੇ ਸੋਚਿਆ ਸੀ ਉਸਦੀ ਜ਼ਿੰਮੇਵਾਰੀ ਖਤਮ ਹੋ ਗਈ। ਗਵਾਹਾਂ ਦੇ ਬਿਆਨ ਲਿਖਣੇ, ਮਾਲ ਮੁਕੱਦਮਾ ਬਰਾਮਦ ਕਰਨਾ, ਦੋਸ਼ੀਆਂ ਨੂੰ ਫੜਨਾ, ਫੋਟੋ ਖਿਚਵਾਉਣਾ ਅਤੇ ਨਕਸ਼ੇ ਬਨਵਾਉਣਾ ਪੁਲਿਸ ਦੀ ਜ਼ਿੰਮੇਵਾਰੀ ਸੀ।

ਦੋ ਤਿੰਨ ਦਿਨ ਪੁਲਿਸ ਨੇ ਚੁਸਤੀ ਨਾਲ ਕੰਮ ਕੀਤਾ। ਦੋ ਦੋਸ਼ੀ ਫੜ ਲਏ। ਕੁਝ ਮਾਲ ਬਰਾਮਦ ਕਰ ਲਿਆ। ਜਿਉਂ ਹੀ ਉਂਗਲ ਪੰਕਜ ਅਤੇ ਨੀਰਜ ਵੱਲ ਉੱਠੀ ਪੁਲਿਸ ਦਾ ਪਹੀਆ ਜਾਮ ਹੋ ਗਿਆ।

ਆਥਣ ਉਗਣ ਥਾਣੇ ਜਾ ਕੇ ਰਾਮ ਨਾਥ ਨੂੰ ਸੁੱਤੀ ਪੁਲਿਸ ਨੂੰ ਜਗਾਉਣਾ ਪੈਂਦਾ ਸੀ। ਜਿੰਨੀ ਮਿਸਲ ਉਹ ਕੋਲ ਬੈਠ ਕੇ ਲਿਖਵਾ ਆਉਂਦਾ ਉਨੀ ਲਿਖੀ ਜਾਂਦੀ। ਉਸਦੇ ਥਾਣਿਉਂ ਨਿਕਲਦੇ ਹੀ ਮਿਸਲ ਠੱਪ ਹੋ ਜਾਂਦੀ।

ਕਾਨੂੰਨ ਦੀਆਂ ਮੋਰੀਆਂ ਭਰਨ ਲਈ ਪੈਰ-ਪੈਰ 'ਤੇ ਪੁਲਿਸ ਗਵਾਹ ਮੰਗ ਰਹੀ ਸੀ। ਅਸਲ ਚਸ਼ਮਦੀਦ ਗਵਾਹ ਲੱਭਣਾ ਪੁਲਿਸ ਦੀ ਜ਼ਿੰਮੇਵਾਰੀ ਸੀ। ਪੁਲਿਸ ਇਹ ਗਵਾਹ ਲੱਭ ਵੀ ਸਕਦੀ ਸੀ, ਪਰ ਉਨ੍ਹਾਂ ਤੋਂ ਮੁਦਈ ਧਿਰ ਨੂੰ ਖ਼ਤਰਾ ਸੀ। ਉਹ ਮੁਲਜ਼ਮ ਧਿਰ ਕੋਲ ਵਿਕ ਵੀ ਸਕਦੇ ਸਨ ਅਤੇ ਉਨ੍ਹਾਂ ਕੋਲੋਂ ਡਰ ਵੀ ਸਕਦੇ ਸਨ। ਪੁਲਿਸ ਨੂੰ ਅਜਿਹੇ ਗਵਾਹ ਚਾਹੀਦੇ ਸਨ ਜੋ ਇੱਟ ਵਰਗੇ ਪੱਕੇ ਹੋਣ। ਰਾਮ ਨਾਥ ਦੇ ਇਸ਼ਾਰੇ 'ਤੇ ਨੱਚਦੇ ਹੋਣ।



ਆਪਣੇ ਸ਼ਹਿਰ ਵਿਚ ਰਾਮ ਨਾਥ ਅਜਿਹੇ ਗਵਾਹਾਂ ਦਾ ਪ੍ਰਬੰਧ ਆਸਾਨੀ ਨਾਲ ਕਰ ਸਕਦਾ ਸੀ। ਇਥੇ ਗਵਾਹ ਪੈਸੇ ਵੀ ਲੈ ਰਹੇ ਸਨ ਅਤੇ ਭਰੋਸਾ ਵੀ ਨਹੀਂ ਸੀ ਕਿ ਗਵਾਹੀ ਉਨ੍ਹਾਂ ਦੇ ਹੱਕ ਵਿਚ ਦੇਣਗੇ ਵੀ ਜਾਂ ਨਹੀਂ! ਫੇਰ ਵੀ ਰਾਮ ਨਾਥ ਨੂੰ ਕੌੜਾ ਘੁੱਟ ਭਰਨਾ ਪੈ ਰਿਹਾ ਸੀ।

ਵਾਰਦਾਤ ਕਰਨ ਵਾਲੇ ਸਾਰੇ ਮੁਲਜ਼ਮ ਫੜੇ ਜਾ ਚੁੱਕੇ ਸਨ। ਆਏ ਦਿਨ ਕੋਈ ਨਾ ਕੋਈ ਮੁਲਜ਼ਮ ਸਮੱਸਿਆ ਖੜ੍ਹੀ ਕਰ ਰਿਹਾ ਸੀ। ਕਿਸੇ ਦੀ ਦਰਖ਼ਾਸਤ ਆ ਜਾਂਦੀ। ਸ਼ਨਾਖਤ ਪਰੇਡ ਦਾ ਪ੍ਰਬੰਧ ਕਰੋ। ਉਸਦੀ ਗਵਾਹਾਂ ਕੋਲੋਂ ਸ਼ਨਾਖਤ ਕਰਾਓ। ਕਦੇ ਕੋਈ ਕਹਿੰਦਾ ਉਸਦੀ ਪਤਨੀ ਬਿਮਾਰ ਹੈ। ਇਲਾਜ ਲਈ ਉਸਨੂੰ ਦਸ ਦਿਨਾਂ ਦੀ ਛੁੱਟੀ ਦੇਵੋ।

ਰਾਮ ਨਾਥ ਨੂੰ ਹਰ ਦਰਖ਼ਾਸਤ ਦਾ ਵਿਰੋਧ ਕਰਨ ਕਚਹਿਰੀ ਜਾਣਾ ਪੈਂਦਾ ਸੀ। ਉਸਦੇ ਕਚਹਿਰੀ ਜਾਏ ਬਿਨਾਂ ਪੱਤਾ ਨਹੀਂ ਸੀ ਝੁੱਲਦਾ। ਹਰ ਪੜਾਅ 'ਤੇ ਉਸਨੂੰ ਸਰਕਾਰੀ ਵਕੀਲ ਦੀ ਮੁੱਠੀ-ਚਾਪੀ ਕਰਨੀ ਪੈਂਦੀ ਸੀ ਅਤੇ ਕਾਨੂੰਨੀ ਮੁੱਦੇ ਸਮਝਾਉਣੇ ਪੈਂਦੇ ਸਨ।

ਪੰਕਜ ਹੋਰਾਂ ਦੇ ਫੜੇ ਜਾਣ ਬਾਅਦ ਉਸਨੇ ਸੋਚਿਆ ਸੀ ਹੁਣ ਉਸਦੀ ਖਲਾਸੀ ਹੋ ਜਾਣੀ ਸੀ। ਤਫ਼ਤੀਸ਼ ਮੁਕੰਮਲ ਸੀ। ਪੰਜ ਚਾਰ ਦਿਨਾਂ ਵਿਚ ਪੁਲਿਸ ਨੇ ਚਲਾਨ ਪੇਸ਼ ਕਰ ਦੇਣਾ ਸੀ। ਚਲਾਨ ਪੇਸ਼ ਹੋਣ ਬਾਅਦ ਅਦਾਲਤੀ ਕਾਰਵਾਈ ਨੇ ਹੌਲੀ-ਹੌਲੀ ਚੱਲਣਾ ਸੀ।

ਦੋਹਾਂ ਮਰੀਜ਼ਾਂ ਨੂੰ ਛੁੱਟੀ ਹੋਣ ਵਾਲੀ ਸੀ। ਉਨ੍ਹਾਂ ਦੇ ਘਰ ਪੁੱਜਦਿਆਂ ਹੀ ਰਾਮ ਨਾਥ ਦੇ ਮੋਢਿਆਂ ਤੋਂ ਭਾਰ ਲਹਿ ਜਾਣਾ ਸੀ। ਉਨ੍ਹਾਂ ਨੇ ਹੌਲੀ-ਹੌਲੀ ਠੀਕ ਹੁੰਦੇ ਰਹਿਣਾ ਸੀ।

ਪਰ ਪੰਕਜ ਹੋਰਾਂ ਦੇ ਹਸਪਤਾਲ ਪੁੱਜਦਿਆਂ ਹੀ ਰਾਮ ਨਾਥ ਦੀ ਸਿਰਦਰਦੀ ਕਈ ਗੁਣਾ ਵਧ ਗਈ।

ਇਕ ਪਾਸੇ ਅਦਾਲਤਾਂ ਦੋਸ਼ੀਆਂ ਨੂੰ ਸਹੂਲਤਾਂ ਦੇ ਗੱਫੇ ਦੇਣ ਲੱਗੀਆਂ।

ਦੂਜੇ ਪਾਸੇ ਵੇਦ ਹੋਰਾਂ ਦਾ ਪਤਾ ਲੈਣ ਆਉਣ ਵਾਲੇ ਰਿਸ਼ਤੇਦਾਰਾਂ ਦੀ ਗਿਣਤੀ ਵਧਣ ਲੱਗੀ।

ਨੀਲਮ ਹਸਪਤਾਲ ਦੀ ਪੰਜਵੀਂ ਮੰਜ਼ਿਲ ਉਪਰ ਪਈ ਸੀ। ਵੇਦ ਪਹਿਲੀ ਉੱਪਰ। ਪੰਕਜ ਹੋਰਾਂ ਦੇ ਕਮਰੇ ਤੀਸਰੀ ਮੰਜ਼ਿਲ ਉਪਰ ਸਨ। ਸਾਂਝੇ ਰਿਸ਼ਤੇਦਾਰਾਂ ਨੂੰ ਮੂੰਹ 'ਤੇ ਮਿੱਟੀ ਮਲ ਕੇ ਵੇਦ ਕੋਲੋਂ ਪਾਸਾ ਵੱਟਣਾ ਮੁਸ਼ਕਲ ਹੋ ਜਾਂਦਾ ਸੀ। ਮਜਬੂਰੀ-ਵੱਸ ਹਾਅ ਦਾ ਨਾਅਰਾ ਮਾਰਨ ਲਈ ਉਹ ਵੇਦ ਵੱਲ ਆ ਜਾਂਦੇ ਸਨ।

ਪੁੱਤਾਂ ਨੂੰ ਮਿਲਣ ਮਾਇਆ ਦੇਵੀ ਅਕਸਰ ਹਸਪਤਾਲ ਆਉਂਦੀ ਸੀ। ਪਰ ਤੀਜੀ ਮੰਜ਼ਲ ਦੀ ਥਾਂ ਉਹ ਪਹਿਲੀ ਮੰਜ਼ਲ ਉਪਰ ਵੱਧ ਸਮਾਂ ਬਿਤਾਉਂਦੀ ਸੀ। ਸੱਚੇ ਦਿਲੋਂ ਵੇਦ ਨਾਲ ਦੁੱਖ ਸਾਂਝਾ ਕਰਦੀ ਸੀ। ਕਮਲ ਨੂੰ ਯਾਦ ਕਰਕੇ ਅੱਖਾਂ ਨਮ ਕਰਦੀ ਸੀ। ਬੁੱਕਲ 'ਚ ਲੈ ਕੇ ਵਾਰ-ਵਾਰ ਨੇਹਾ ਦਾ ਸਿਰ ਪਲੋਸਦੀ ਸੀ।

ਮਾਇਆ ਦੇਵੀ ਨੂੰ ਪਤਾ ਸੀ ਇਹ ਭਾਣਾ ਪੰਕਜ ਹੋਰਾਂ ਨੇ ਵਰਤਾਇਆ ਸੀ। ਇਸ ਲਈ ਨਾ ਕਦੇ ਉਹ ਪੰਕਜ ਹੋਰਾਂ ਦਾ ਪੱਖ ਪੂਰਦੀ ਸੀ ਨਾ ਸਮਝੌਤੇ ਦੀ ਗੱਲ ਚਲਾਉਂਦੀ ਸੀ। ਭਰੇ ਮਨ ਨਾਲ ਚੁੱਪ-ਗੜੁਪ ਆਉਂਦੀ ਸੀ ਅਤੇ ਉਸੇ ਤਰ੍ਹਾਂ ਗੁੰਮ ਸੁੰਮ ਮੁੜ ਜਾਂਦੀ ਸੀ।

ਸਾਰੇ ਰਿਸ਼ਤੇਦਾਰ ਮਾਇਆ ਦੇਵੀ ਵਾਂਗ ਨਹੀਂ ਸਨ ਸੋਚਦੇ।

ਬਹੁਤੇ ਸਾਂਝੇ ਰਿਸ਼ਤੇਦਾਰਾਂ ਦਾ ਵਿਸ਼ਵਾਸ ਸੀ ਕਿ ਮੁੰਡੇ ਬੇ-ਕਸੂਰ ਸਨ। ਉਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਫਸਾਇਆ ਗਿਆ ਸੀ। ਉਨ੍ਹਾਂ ਦੀ ਦਿਲੀ ਇੱਛਾ ਸੀ ਮੁੰਡੇ ਬਾਹਰ

ਆਉਣੇ ਚਾਹੀਦੇ ਹਨ। ਕੁਝ ਸਿਆਣੇ ਲੋਕ ਆਪਣੀ ਇੱਛਾ ਆਪਣੇ ਮਨ ਵਿਚ ਹੀ ਦਬਾ ਲੈਂਦੇ ਸਨ। ਉਹ ਵੇਦ ਕੋਲ ਪੰਕਜ ਹੋਰਾਂ ਦਾ ਜ਼ਿਕਰ ਤਕ ਨਹੀਂ ਸਨ ਕਰਦੇ। ਪਰ ਉਨ੍ਹਾਂ ਲੋਕਾਂ ਦੀ ਗਿਣਤੀ ਜ਼ਿਆਦਾ ਸੀ ਜਿਨ੍ਹਾਂ ਨੂੰ ਪੰਕਜ ਹੋਰਾਂ ਦਾ ਹੇਜ ਮਾਰਦਾ ਸੀ। ਉਹ ਮਨ ਦੀ ਗੱਲ ਹੋਠਾਂ 'ਤੇ ਲੈ ਆਉਂਦੇ ਸਨ।

ਜੇ ਇਕ ਆਖਦਾ, "ਦਿਲ 'ਤੇ ਪੱਥਰ ਰੱਖ ਕੇ ਸਭ ਕੁਝ ਭੁੱਲ ਜਾ। ਵੱਡੇ ਭਰਾ ਦੇ ਜਾਇਆਂ ਨੂੰ ਨਿਆਣੇ ਸਮਝ ਕੇ ਮੁਆਫ਼ ਕਰ ਦੇ।"

ਤਾਂ ਦੂਜਾ ਆਖਦਾ : "ਲੈ ਦੇ ਕਰਕੇ ਗੱਲ ਮੁਕਾ ਲਓ। ਮੁੰਡਿਆਂ ਨੂੰ ਆਖ਼ ਕੇ ਸਾਰੇ ਕੇਸ ਵਾਪਸ ਕਰਵਾ ਦਿੰਦੇ ਹਾਂ। ਕੁਝ ਹੋਰ ਚਾਹੀਦਾ ਹੈ ਉਹ ਦਿਵਾ ਦਿੰਦੇ ਹਾਂ। ਥਾਣੇ ਕਚਹਿਰੀ ਰੁਲ ਕੇ ਲੋਕਾਂ ਦੇ ਘਰ ਕਿਉਂ ਭਰਦੇ ਹੋ? ਘਰ ਦਾ ਮਸਲਾ ਘਰ ਬੈਠ ਕੇ ਨਬੇੜੋ।"

ਮੁਲਾਕਾਤੀਆਂ ਦੇ ਅਜਿਹੇ ਸੁਝਾਅ ਵੇਦ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦੀ ਥਾਂ ਨਮਕ ਛਿੜਕ ਜਾਂਦੇ ਸਨ।

ਬੋਲਣਾ ਵੇਦ ਲਈ ਵਰਜਿਤ ਸੀ। ਅਜਿਹੀਆਂ ਗੱਲਾਂ ਸੁਣ ਕੇ ਉਸ ਦੀਆਂ ਅੱਖਾਂ ਵਿਚ ਹੰਝੂ ਉੱਮੜ ਪੈਂਦੇ ਸਨ। ਇਹ ਹੰਝੂ ਹਜ਼ਾਰਾਂ ਪ੍ਰਸ਼ਨ ਖੜ੍ਹੇ ਕਰਦੇ ਸਨ।

"ਕੀ ਜਵਾਨ ਪੁੱਤ ਦੀ ਮੌਤ ਦਾ ਕੋਈ ਮੁੱਲ ਹੁੰਦਾ ਹੈ? ਕੀ ਕੁਆਰੀ ਧੀ ਦੀ ਇੱਜ਼ਤ ਦਾ ਕੋਈ ਮੁੱਲ ਹੁੰਦਾ ਹੈ? ਪੈਸਾ ਅਤੇ ਪਲਾਟ ਮੇਰੇ ਹੁਣ ਕਿਸ ਕੰਮ?"

ਜਦੋਂ ਵੇਦ ਕੋਈ ਹੁੰਗਾਰਾ ਨਾ ਭਰਦਾ ਤਾਂ ਚੌਧਰੀ ਰਾਮ ਨਾਥ ਦੁਆਲੇ ਹੋ ਜਾਂਦੇ।

ਰਾਮ ਨਾਥ ਵੀ ਵੇਦ ਵਾਲੇ ਪ੍ਰਸ਼ਨ ਦੁਹਰਾ ਦਿੰਦਾ।

ਰਾਮ ਨਾਥ ਦੀ ਨਾਂਹ-ਨੁੱਕਰ ਚੌਧਰੀਆਂ ਨੂੰ ਰੜਕਣ ਲਗਦੀ।

"ਵੇਦ ਤਾਂ ਸ਼ਰੀਫ਼ ਹੈ। ਉਹ ਸਾਡਾ ਆਖਾ ਮੋੜਨ ਵਾਲਾ ਨਹੀਂ। ਪਰ ਇਸ ਸਾਰੇ ਪੁਆੜੇ ਦੀ ਜੜ੍ਹ ਇਹ ਵਕੀਲ ਹੈ। ਇਹ ਉਸਦਾ ਵੱਸ ਨਹੀਂ ਜਾਣ ਦਿੰਦਾ।"

ਪਹਿਲਾਂ ਚੌਧਰੀ ਉਸ ਨੂੰ ਪਿੱਠ ਪਿੱਛੇ ਕੋਸਦੇ ਸਨ। ਹੁਣ ਸਾਹਮਣੇ ਸੁਣਾਉਣ ਲਗੇ।

ਜਦੋਂ ਰਿਸ਼ਤੇਦਾਰਾਂ ਨੂੰ ਸਮਝੌਤਾ ਕਰਾਉਣ ਵਿਚ ਕਾਮਯਾਬੀ ਨਾ ਮਿਲੀ ਤਾਂ ਜ਼ਿੰਮੇਵਾਰੀ ਸਮਾਜਕ ਅਧਿਕਾਰੀਆਂ ਨੇ ਸੰਭਾਲ ਲਈ।

ਕੁਝ ਅਜਿਹੀਆਂ ਜਥੇਬੰਦੀਆਂ, ਜਿਹੜੀਆਂ ਮੁੱਢਲੇ ਦਿਨਾਂ ਵਿਚ ਧਰਨੇ ਮਾਰਨ ਅਤੇ ਜਲੂਸ ਕੱਢਣ ਵਿਚ ਮੋਹਰੀ ਸਨ, ਸਮਝੌਤੇ ਦਾ ਸੁਝਾਅ ਦੇਣ ਲੱਗੀਆਂ। ਕੁਝ ਪੱਤਰਕਾਰ ਆਪਣੇ ਅਹਿਸਾਨਾਂ ਦੀ ਯਾਦ ਕਰਾਉਣ ਲੱਗੇ। ਨੇਹਾ ਅਤੇ ਕਮਲ ਦੇ ਦੋਸਤਾਂ ਦੇ ਮਾਪੇ ਵੀ ਲੜਾਈ ਖਤਮ ਕਰਨ ਵਿਚ ਬਿਹਤਰੀ ਦੱਸਣ ਲੱਗੇ।

ਹੋਰ ਤਾਂ ਹੋਰ ਰਾਮ ਨਾਥ ਦੇ ਸਕੇ ਭਰਾ ਵੀ ਘਰ ਬੈਠੇ ਹੀ ਲੜਾਈ ਤੋਂ ਥੱਕੇ ਬੈਠੇ ਸਨ। ਮਲਵੀਂ ਜੀਭ ਨਾਲ ਉਹ ਵੀ ਖਹਿੜਾ ਛੁਡਾ ਕੇ ਘਰ ਬੈਠਣ ਦੀ ਸਲਾਹ ਦੇਣ ਲਗੇ।

ਅਸ਼ਵਨੀ ਕਹਿੰਦਾ, "ਪੰਕਜ ਹੋਰੀਂ ਅਮੀਰ ਹਨ। ਅਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।"

ਮੰਗਤ ਕਹਿੰਦਾ : "ਉਹ ਪੈਸੇ ਚੜ੍ਹਾ ਕੇ ਬਰੀ ਹੋ ਜਾਣਗੇ। ਪਿੱਛੋਂ ਮੂੰਹ ਦੀ ਖਾਣ ਨਾਲੋਂ ਹੁਣੇ ਲੈ ਦੇ ਕਰਕੇ ਪਿੱਛੇ ਹਟਣ ਵਿਚ ਬਿਹਤਰੀ ਹੈ।"

ਸਮਝੌਤੇ ਲਈ ਚਾਰੇ ਪਾਸਿਉਂ ਪੈਂਦੇ ਦਬਾਅ ਕਾਰਨ ਸਾਰਾ ਪਰਿਵਾਰ ਮਾਨਸਿਕ ਦਬਾਅ ਥੱਲੇ ਆਉਣ ਲੱਗਾ।

ਨੀਲਮ ਲਈ ਸਭ ਇਕੋ ਜਿਹਾ ਸੀ। ਵੇਦ ਆਪਣੀ ਕੁੜੱਤਣ ਮਨ ਹੀ ਮਨ ਪੀ ਲੈਂਦਾ



ਸੀ। ਪਰ ਨੇਹਾ ਦਾ ਬਚਪਨ ਉਸਨੂੰ ਵਿਆਕੁਲ ਕਰ ਰਿਹਾ ਸੀ। ਉਸਦਾ ਆਗਿਆ ਚੱਕਰ ਗੁੱਸੇ ਨਾਲ ਮੁੜ ਭਖਣ ਲਗਦਾ ਸੀ।

ਰਾਮ ਨਾਥ ਸਭ ਦੇ ਮੂੰਹੋਂ ਲਹਿੰਦਾ ਜਾ ਰਿਹਾ ਸੀ।

ਪੰਕਜ ਹੋਰਾਂ ਦੀ ਹਸਪਤਾਲ ਵਿਚ ਹਾਜ਼ਰੀ ਨੇ ਵੇਦ ਪਰਿਵਾਰ ਦਾ ਹਸਪਤਾਲ ਰਹਿਣਾ ਦੁੱਭਰ ਕਰ ਦਿੱਤਾ। ਉਨ੍ਹਾਂ ਦੇ ਸਰੀਰਾਂ ਦੇ ਜ਼ਖ਼ਮ ਤਾਂ ਅੱਲੇ ਸਨ ਹੀ, ਮਨ ਦੇ ਜ਼ਖ਼ਮ ਹੋਰ ਗਹਿਰੇ ਹੋਣ ਲੱਗੇ।

ਹਸਪਤਾਲ ਹੁਣ ਉਨ੍ਹਾਂ ਲਈ ਇਲਾਜ ਵਾਲੀ ਥਾਂ ਨਹੀਂ ਸੀ ਰਹੀ।

ਇਸ ਤੋਂ ਪਹਿਲਾਂ ਕਿ ਕੋਈ ਮੈਂਬਰ ਸਕੈਟਰੀ (ਮਨੋ-ਰੋਗੀ) ਵਾਰਡ ਵਿਚ ਦਾਖ਼ਲ ਹੋਵੇ ਉਨ੍ਹਾਂ ਨੂੰ ਹਸਪਤਾਲੋਂ ਛੁੱਟੀ ਲੈ ਕੇ ਘਰ ਚਲੇ ਜਾਣਾ ਚਾਹੀਦਾ ਸੀ।

ਡਾਕਟਰ ਛੁੱਟੀ ਦੇਣ ਦੇ ਹੱਕ ਵਿਚ ਨਹੀਂ ਸਨ। ਰਾਮ ਨਾਥ ਨੇ ਡਾਕਟਰਾਂ ਦੀ ਸਲਾਹ ਦੇ ਉਲਟ ਦੋਹਾਂ ਮਰੀਜ਼ਾਂ ਨੂੰ ਛੁੱਟੀ ਕਰਵਾ ਲਈ।

ਪੂਰੀ ਤਰ੍ਹਾਂ ਠੀਕ ਹੋਣ ਵਿਚ ਜੋ ਕਸਰ ਸੀ, ਉਹ ਪਿੱਛੋਂ ਪੂਰੀ ਹੁੰਦੀ ਰਹੇਗੀ।

ਤੂਫ਼ਾਨ ਲੰਘੇ ਸਨ। ਉਨ੍ਹਾਂ ਦਾ ਅਸਰ ਉਮਰ ਭਰ ਰਹਿਣਾ ਹੀ ਰਹਿਣਾ ਸੀ।

## -65-

ਭਾਵੇਂ ਨੀਰਜ ਹੋਰਾਂ ਨੂੰ ਹਸਪਤਾਲ ਵਿਚ ਘਰ ਵਰਗੀਆਂ ਸਹੂਲਤਾਂ ਪ੍ਰਾਪਤ ਸਨ ਫੇਰ ਵੀ ਵੀਹਾਂ ਦਿਨਾਂ ਬਾਅਦ ਉਨ੍ਹਾਂ ਦਾ ਮਨ ਕਾਹਲਾ ਪੈਣ ਲੱਗਾ। ਉਹ ਆਪਣੇ ਰਿਸ਼ਤੇਦਾਰਾਂ ਉਪਰ ਜ਼ੋਰ ਪਾਉਣ ਲੱਗੇ। ਪੁਲਿਸ ਨਾਲ ਗੱਲ ਕਰੋ। ਜੱਜ ਨੂੰ ਫ਼ੋਨ ਕਰਾਓ। ਜੋ ਕੁਝ ਕੋਈ ਮੰਗਦਾ ਹੈ ਉਸ ਨੂੰ ਦੇਵੋ। ਉਨ੍ਹਾਂ ਦੇ ਬਾਹਰ ਆਉਣ ਦਾ ਇੰਤਜ਼ਾਮ ਕਰੋ। ਨਹੀਂ ਤਾਂ ਉਹ ਸੱਚਮੁੱਚ ਬਿਮਾਰ ਹੋ ਜਾਣਗੇ।

ਵਿਸ਼ੇਸ਼ ਫ਼ੀਸ ਦੇ ਕੇ ਨੰਦ ਲਾਲ ਨੂੰ ਹਸਪਤਾਲ ਬੁਲਾਇਆ ਗਿਆ। ਉਸ ਅੱਗੇ ਵਾਸਤੇ ਪਾਏ ਗਏ। ਉਹ ਜ਼ਮਾਨਤ ਦੀ ਦਰਖ਼ਾਸਤ ਲਾਏ। ਦੁਨੀਆਂ ਭਰ ਦਾ ਕਾਨੂੰਨ ਪੇਸ਼ ਕਰਕੇ ਦਰਖ਼ਾਸਤ ਮਨਜ਼ੂਰ ਕਰਾਏ। ਸਰਕਾਰ ਵੱਲੋਂ ਹੁਣ ਰਾਹ ਪੱਧਰਾ ਸੀ। ਕਿਸੇ ਜੱਜ ਉਪਰ ਕੋਈ ਦਬਾਅ ਨਹੀਂ ਸੀ। ਹੁਣ ਜ਼ਮਾਨਤ ਮਨਜ਼ੂਰ ਹੋਣ ਵਿਚ ਕੀ ਦਿੱਕਤ ਸੀ?

ਨੰਦ ਲਾਲ ਤੱਤਾ ਲੱਕਨ ਦੇ ਹੱਕ ਵਿਚ ਨਹੀਂ ਸੀ। ਕਾਨੂੰਨ ਨੇ ਮੁਲਜ਼ਮਾਂ ਦੀ ਮਰਜ਼ੀ ਅਨੁਸਾਰ ਨਹੀਂ ਸੀ ਚੱਲਣਾ। ਆਈ.ਜੀ. ਨੇ ਪੜਤਾਲ ਸਿਰੇ ਲਾ ਲਈ ਸੀ। ਗਵਾਹਾਂ ਦੇ ਬਿਆਨ ਲਿਖੇ ਜਾ ਚੁੱਕੇ ਸਨ। ਮੌਕੇ ਦਾ ਮੁਲਾਹਜ਼ਾ ਹੋ ਚੁੱਕਾ ਸੀ। ਬਸ ਰਿਪੋਰਟ ਲਿਖਣੀ ਬਾਕੀ ਸੀ। ਨੰਦ ਲਾਲ ਚਾਹੁੰਦਾ ਸੀ, ਮੁਲਜ਼ਮਾਂ ਨੂੰ ਦਰਖ਼ਾਸਤ ਦੇਣ ਦੀ ਥਾਂ ਪੁਲਿਸ ਨੂੰ ਦੋਸ਼ੀਆਂ ਨੂੰ ਰਿਹਾਅ ਕਰਨ ਦੀ ਦਰਖ਼ਾਸਤ ਦੇਣੀ ਚਾਹੀਦੀ ਸੀ। ਉਸ ਦਰਖ਼ਾਸਤ ਦੇ ਆਧਾਰ 'ਤੇ ਦੋਸ਼ੀਆਂ ਨੂੰ ਬਾਹਰ ਆਉਣਾ ਚਾਹੀਦਾ ਸੀ।

ਖੁਦਾ ਨਾ ਖਾਸਤਾ ਜੇ ਦਰਖ਼ਾਸਤ ਸਾਧੂ ਸਿੰਘ ਵਰਗੇ ਕਿਸੇ ਸਿਰ-ਫਿਰੇ ਜੱਜ ਕੋਲ ਲੱਗ ਗਈ ਅਤੇ ਨਾ-ਮਨਜ਼ੂਰ ਹੋ ਗਈ ਤਾਂ ਉਨ੍ਹਾਂ ਦੇ ਦੋਸ਼ੀ ਹੋਣ 'ਤੇ ਅਦਾਲਤ ਦੀ ਮੋਹਰ ਲੱਗ ਜਾਣੀ ਸੀ। ਇਹ ਮੋਹਰ ਅੱਗੇ ਚੱਲ ਕੇ ਉਨ੍ਹਾਂ ਨੂੰ ਮਹਿੰਗੀ ਪੈਣੀ ਸੀ।

ਫੇਰ ਜ਼ਮਾਨਤ ਵਾਲੀ ਦਰਖ਼ਾਸਤ ਕਿਹੜਾ ਪਹਿਲੇ ਦਿਨ ਮਨਜ਼ੂਰ ਹੋ ਜਾਣੀ ਸੀ। ਦਸ ਪੰਦਰਾਂ ਦਿਨ ਇਸ ਨੇ ਖਾ ਜਾਣੇ ਸਨ। ਉਨ੍ਹਾਂ ਦਸਾਂ ਦਿਨਾਂ ਵਿਚ ਆਈ.ਜੀ. ਤੋਂ

ਰਿਪੋਰਟ ਤਿਆਰ ਕਰਵਾ ਕੇ ਪੱਕਾ ਕੰਮ ਕਰਵਾਉਣਾ ਚਾਹੀਦਾ ਸੀ।

ਨੰਦ ਲਾਲ ਦਾ ਇਕ ਹੋਰ ਮੱਤ ਸੀ। ਨੀਰਜ ਹੋਰਾਂ ਦੀ ਜ਼ਮਾਨਤ ਮਨਜ਼ੂਰ ਕਰਾਉਣ ਤੋਂ ਪਹਿਲਾਂ ਕਿਸੇ ਭਈਏ ਦੀ ਜ਼ਮਾਨਤ ਮਨਜ਼ੂਰ ਕਰਵਾ ਲੈਣੀ ਚਾਹੀਦੀ ਸੀ।

ਮੁਕੱਦਮੇ ਦੇ ਮੁੱਖ ਦੋਸ਼ੀ ਭਈਏ ਸਨ। ਉਹ ਮੁੱਖ ਦੋਸ਼ੀ ਇਸ ਲਈ ਸਨ, ਕਿਉਂਕਿ ਉਨ੍ਹਾਂ ਨੇ ਜੁਰਮ ਕਰਨ ਵਿਚ ਸਿੱਧਾ ਹਿੱਸਾ ਪਾਇਆ ਸੀ। ਉਨ੍ਹਾਂ ਕੋਲੋਂ ਲੁੱਟ ਦਾ ਸਮਾਨ ਬਰਾਮਦ ਹੋਇਆ ਸੀ। ਪੰਕਜ ਹੋਰਾਂ ਉਪਰ ਉਨ੍ਹਾਂ ਨੂੰ ਉਕਸਾ ਕੇ ਜੁਰਮ ਕਰਾਉਣ ਦਾ ਦੋਸ਼ ਸੀ। ਕਾਨੂੰਨ ਅਜਿਹੇ ਦੋਸ਼ੀਆਂ ਨੂੰ ਦੋ ਨੰਬਰ ਦੇ ਦੋਸ਼ੀ ਮੰਨਦਾ ਸੀ। ਜੇ ਮੁੱਖ ਦੋਸ਼ੀ ਦੀ ਜ਼ਮਾਨਤ ਮਨਜ਼ੂਰ ਹੋ ਜਾਵੇ, ਫੇਰ ਦੋ ਨੰਬਰ ਦੇ ਦੋਸ਼ੀ ਦੀ ਜ਼ਮਾਨਤ ਝੱਟ ਮਨਜ਼ੂਰ ਹੋ ਜਾਂਦੀ ਸੀ।

ਪੰਜਾਂ ਮੁੱਖ ਦੋਸ਼ੀਆਂ ਵਿਚੋਂ ਪੰਚਮ ਦੀ ਜ਼ਮਾਨਤ ਮਨਜ਼ੂਰ ਹੋਣ ਦੇ ਵੱਧ ਆਸਾਰ ਸਨ। ਉਹ ਆਪਣੀ ਉਮਰ ਭਾਵੇਂ ਤੇਈ ਚੌਵੀਂ ਸਾਲ ਦੱਸਦਾ ਸੀ ਪਰ ਅਣ-ਦਾੜੀਆ ਹੋਣ ਕਾਰਨ ਉਹ ਸਤਾਰਾਂ ਅਠਾਰਾਂ ਸਾਲ ਦਾ ਲਗਦਾ ਸੀ। ਉਸਦੇ ਇਸ ਸਰੀਰਕ ਗੁਣ ਦਾ ਲਾਭ ਉਠਾਇਆ ਜਾ ਸਕਦਾ ਸੀ। ਕਾਨੂੰਨ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਕਿਸ਼ੋਰ ਅਪਰਾਧੀਆਂ ਨੂੰ ਵਿਸ਼ੇਸ਼ ਰਿਆਇਤ ਦਿੰਦਾ ਸੀ। ਪਹਿਲੀ ਰਿਆਇਤ ਇਹੋ ਜ਼ਮਾਨਤ ਵਾਲੀ ਸੀ। ਅਜਿਹੇ ਅਪਰਾਧੀ ਭਾਵੇਂ ਦੁਨੀਆਂ ਭਰ ਦੇ ਸਭ ਅਪਰਾਧ ਕਰਨ ਦੇ ਦੋਸ਼ੀ ਹੋਣ, ਇਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰਨੀ ਜ਼ਰੂਰੀ ਸੀ। ਤਰਕ ਸੀ ਕਿਸ਼ੋਰ ਮਨਾਂ ਨੂੰ ਪੇਸ਼ਾਵਰ ਮੁਲਜ਼ਮਾਂ ਵਿਚ ਰੱਖ ਕੇ ਪੱਕੇ ਮੁਜਰਮ ਨਹੀਂ ਸੀ ਬਣਾਇਆ ਜਾ ਸਕਦਾ। ਦੂਜਾ ਉਸਨੂੰ ਮੁਜਰਮ ਸਾਬਤ ਹੋਣ ਉਪਰ ਵੀ ਕੈਦ ਦੀ ਸਜ਼ਾ ਨਹੀਂ ਸੁਣਾਈ ਜਾ ਸਕਦੀ। ਅਜਿਹੇ ਮੁਜਰਮ ਨੂੰ ਵੱਧੋ-ਵੱਧ ਤਿੰਨ ਸਾਲ ਲਈ ਕਿਸ਼ੋਰਾਂ ਲਈ ਬਣੇ ਸੁਧਾਰ ਘਰਾਂ ਵਿਚ ਸੁਧਰਣ ਦਾ ਮੌਕਾ ਦੇਣਾ ਪੈਣਾ ਸੀ। ਉਹ ਸੁਧਰੇ ਜਾਂ ਵਿਗੜੇ, ਬਿਨਾਂ ਇਸ ਦੀ ਜਾਂਚ ਕਰੇ ਤਿੰਨ ਸਾਲ ਬਾਅਦ ਉਸਨੂੰ ਰਿਹਾਅ ਕਰਨਾ ਪੈਂਦਾ ਸੀ।

ਪੰਚਮ ਦੀ ਜ਼ਮਾਨਤ ਮਨਜ਼ੂਰ ਹੋਣ ਦਾ ਇਕ ਆਧਾਰ ਹੋਰ ਵੀ ਸੀ। ਪੁਲਿਸ ਹਿਰਾਸਤ ਦੌਰਾਨ ਉਸਦੀ ਚੰਗੀ ਕੁਟਾਈ ਹੋਈ ਸੀ। ਉਸਦੀ ਸੱਜੀ ਲੱਤ ਟੁੱਟ ਗਈ ਸੀ। ਉਸ ਉਪਰ ਪਲੱਸਤਰ ਲੱਗਾ ਹੋਇਆ ਸੀ। ਨੰਦ ਲਾਲ ਨੂੰ ਪਤਾ ਲੱਗਾ ਸੀ ਕਿ ਠੀਕ ਇਲਾਜ ਨਾ ਹੋਣ ਕਾਰਨ ਉਸਦੇ ਟੁੱਟੇ ਹੱਡ ਵਿਚ ਪਸ ਪੈ ਗਈ ਸੀ। ਕਿਸੇ ਵੀ ਸਮੇਂ ਟੰਗ ਕੱਟੀ ਜਾ ਸਕਦੀ ਸੀ। ਜੇਲ੍ਹ ਦੇ ਡਾਕਟਰਾਂ ਦੀ ਅਣਗਹਿਲੀ ਅਤੇ ਉਸਦੀ ਟੰਗ ਨੂੰ ਬਚਾਉਣ ਦੀ ਦੁਹਾਈ ਦੇ ਕੇ ਉਸਨੂੰ ਜ਼ਮਾਨਤ ਤੇ ਰਿਹਾਅ ਕਰਵਾਇਆ ਜਾ ਸਕਦਾ ਸੀ।

ਭਈਏ ਦੀ ਉਮਰ ਲੁਕਾਉਣ ਵਿਚ ਸੌਖ ਰਹਿਣੀ ਸੀ। ਇਨ੍ਹਾਂ ਦਾ ਕੋਈ ਪਤਾ ਨਹੀਂ ਸੀ ਇਹ ਕਿਥੇ ਅਤੇ ਕਿਸਨੇ ਜੰਮੇ ਸਨ? ਜਨਮ ਸਰਟੀਫਿਕੇਟ ਮਿਲਣੋਂ ਰਹੇ। ਜਨਮ ਮਿਤੀ ਸਾਬਤ ਕਰਨ ਲਈ ਨਾ ਸਫ਼ਾਈ ਧਿਰ ਨੂੰ ਕੋਈ ਸਬੂਤ ਮਿਲਣਾ ਸੀ ਨਾ ਮੁਦਈ ਧਿਰ ਨੂੰ। ਅਜਿਹੇ ਘਚੋਲੇ ਵਿਚ ਅਦਾਲਤ ਨੂੰ ਡਾਕਟਰ ਦੀ ਸਹਾਇਤਾ ਲੈਣੀ ਪੈਣੀ ਸੀ। ਉਹ ਦੋਸ਼ੀ ਦੀਆਂ ਹੱਡੀਆਂ ਦਾ ਮੁਆਇਨਾ ਕਰਕੇ ਉਸ ਦੀ ਉਮਰ ਦਾ ਅੰਦਾਜ਼ਾ ਲਾਏਗਾ। ਇਹ ਟੈਸਟ ਪੱਕਾ ਨਹੀਂ ਸੀ। ਦੋ ਤਿੰਨ ਸਾਲ ਦਾ ਫ਼ਰਕ ਅਸਾਨੀ ਨਾਲ ਪਾਇਆ ਜਾ ਸਕਦਾ ਸੀ। ਡਾਕਟਰ ਜੇ ਉਮਰ ਸਤਾਰਾਂ ਅਤੇ ਉਨੀਂ ਦੇ ਵਿਚਕਾਰ ਲਿਖ ਦੇਵੇ ਫਿਰ ਵੀ ਫ਼ਾਇਦਾ ਮੁਲਜ਼ਮ ਨੂੰ ਹੋਣਾ ਸੀ। ਕਾਨੂੰਨ ਨੇ ਉਹ ਉਮਰ ਮੰਨਣੀ ਸੀ, ਜਿਸਦਾ ਦੋਸ਼ੀ ਨੂੰ ਫ਼ਾਇਦਾ ਹੋਣਾ ਸੀ।



ਡਾਕਟਰ ਪੰਕਜ ਹੋਰਾਂ ਦੇ ਹੱਥਾਂ ਵਿਚ ਸਨ। ਮਰਜ਼ੀ ਦੀ ਰਿਪੋਰਟ ਕਰਾਈ ਜਾ ਸਕਦੀ ਸੀ। ਮਜਬੂਰਣ ਅਦਾਲਤ ਨੂੰ ਜ਼ਮਾਨਤ ਦੇਣੀ ਪੈਣੀ ਸੀ।

ਪੰਚਮ ਉਪਰ ਡਕੈਤੀ ਦੇ ਨਾਲ-ਨਾਲ ਕਮਲ ਨੂੰ ਕਤਲ ਕਰਨ ਦਾ ਦੋਸ਼ ਵੀ ਸੀ। ਉਹ ਮੁਕੱਦਮੇ ਦਾ ਮੁੱਖ ਦੋਸ਼ੀ ਸੀ। ਉਸਦੀ ਜ਼ਮਾਨਤ ਹੁੰਦਿਆਂ ਹੀ ਬਾਕੀਆਂ ਦੀ ਜ਼ਮਾਨਤ ਦਾ ਰਾਹ ਪੱਧਰਾ ਹੋ ਜਾਣਾ ਸੀ।

ਸਿੰਗਲਾ ਸੀਨੀਅਰ ਵਕੀਲ ਦੀ ਰਾਏ ਨਾਲ ਪੂਰੀ ਤਰ੍ਹਾਂ ਸਹਿਮਤ ਸੀ।

ਹੋ ਸਕਦਾ ਸੀ ਪੰਚਮ ਦੀ ਜ਼ਮਾਨਤ ਮਨਜ਼ੂਰ ਹੋਣ ਤੋਂ ਪਹਿਲਾਂ ਹੀ ਆਈ.ਜੀ. ਦੀ ਰਿਪੋਰਟ ਆ ਜਾਵੇ ਅਤੇ ਇਸ ਰਿਪੋਰਟ ਦੇ ਆਧਾਰ ’ਤੇ ਉਨ੍ਹਾਂ ਦੀ ਫੌਰੀ ਰਿਹਾਈ ਹੋ ਜਾਵੇ।

ਫੇਰ ਵੀ ਦੂਰ ਦੀ ਸੋਚ ਕੇ ਹੁਣੇ ਤੋਂ ਹਰ ਸਥਿਤੀ ਦਾ ਮੁਕਾਬਲਾ ਕਰਨ ਦੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਸੀ। ਪਾਸਾ ਕਦੋਂ ਪਲਟ ਜਾਵੇ, ਕੋਈ ਪਤਾ ਨਹੀਂ ਲਗਦਾ? ਚਾਹ ਦੇ ਪਿਆਲੇ ਅਤੇ ਬੁਲ੍ਹਾਂ ਵਿਚ ਬਹੁਤ ਫਰਕ ਹੁੰਦਾ ਹੈ। ਇਹ ਕਹਾਵਤ ਪੰਕਜ ਹੋਰਾਂ ਉਪਰ ਕਈ ਵਾਰ ਸਹੀ ਸਿੱਧ ਹੋ ਚੁੱਕੀ ਸੀ।

ਹਾਲ ਦੀ ਘੜੀ ਇਹ ਮੰਨ ਕੇ ਚੱਲਣਾ ਚਾਹੀਦਾ ਸੀ ਕਿ ਰਿਪੋਰਟ ਉਨ੍ਹਾਂ ਦੇ ਹੱਕ ਵਿਚ ਨਹੀਂ ਹੋ ਰਹੀ। ਉਨ੍ਹਾਂ ਨੂੰ ਮੁਕੱਦਮੇ ਦੀ ਤਿਆਰੀ ਸਾਧਾਰਨ ਹਾਲਾਤਾਂ ਅਨੁਸਾਰ ਕਰਨੀ ਚਾਹੀਦੀ ਸੀ।

ਠੇਕੇਦਾਰ ਨੂੰ ਛੱਡ ਕੇ ਬਾਕੀ ਦੋਸ਼ੀਆਂ ਦਾ ਕੋਈ ਵਾਲੀ ਵਾਰਿਸ ਨਹੀਂ ਸੀ। ਨਾ ਉਨ੍ਹਾਂ ਨੇ ਆਪਣਾ ਕੋਈ ਵਕੀਲ ਕੀਤਾ ਸੀ। ਫੈਸਲੇ ਤਕ ਉਨ੍ਹਾਂ ਦੇ ਬਾਹਰ ਆਉਣ ਦੇ ਕੋਈ ਆਸਾਰ ਨਹੀਂ ਸਨ।

ਪੰਜਾਂ ਦੋਸ਼ੀਆਂ ਦਾ ਜੇਲ੍ਹ ਵਿਚ ਰਹਿਣਾ ਪੰਕਜ ਹੋਰਾਂ ਲਈ ਖ਼ਤਰੇ ਦੀ ਘੰਟੀ ਸੀ।

ਜੇ ਮੁਲਜ਼ਮ ਜੇਲ੍ਹ ਵਿਚ ਹੋਣ ਫੇਰ ਅਦਾਲਤ ਨੂੰ ਮੁਕੱਦਮਾ ਤੇਜ਼ੀ ਨਾਲ ਚਲਾਉਣਾ ਪੈਣਾ ਸੀ। ਵੱਡੀਆਂ ਅਦਾਲਤਾਂ ਨੂੰ ਦੋਸ਼ੀਆਂ ਦਾ ਜੇਲ੍ਹ ਵਿਚ ਰਹਿਣਾ ਚੁਭਦਾ ਸੀ। ਉਹ ਹੇਠਲੀਆਂ ਅਦਾਲਤਾਂ ਨੂੰ ਤਾੜਦੀਆਂ ਰਹਿੰਦੀਆਂ ਸਨ। ਮੁੱਕਦਮੇ ਦਾ ਫੈਸਲਾ ਜਲਦੀ ਕਰੋ। ਜੇ ਦੋਸ਼ੀ ਬੇਕਸੂਰ ਹੈ, ਉਸਨੂੰ ਜਲਦੀ ਬਾਹਰ ਕੱਢੋ।

ਵੈਸੇ ਵੀ ਜੇ ਕੋਈ ਸਾਧੂ ਸਿੰਘ ਵਰਗਾ ਜੱਜ ਮੁਕੱਦਮਾ ਤੇਜ਼ੀ ਨਾਲ ਚਲਾਉਣ ਲੱਗ ਪਿਆ ਤਾਂ ਉਸਨੂੰ ਠੱਲ੍ਹ ਪਾਉਣੀ ਮੁਸ਼ਕਲ ਹੋਵੇਗੀ। ਤਾਜ਼ਾ ਮੁਕੱਦਮਾ ਜੇ ਸਿਰੇ ਲੱਗ ਜਾਏ ਤਾਂ ਅਕਸਰ ਦੋਸ਼ੀਆਂ ਨੂੰ ਸਜ਼ਾ ਹੁੰਦੀ ਹੈ। ਗਵਾਹਾਂ ਦੇ ਮਨਾਂ ਵਿਚ ਗੁੱਸਾ ਹੁੰਦਾ ਹੈ ਅਤੇ ਯਾਦਦਾਸ਼ਤ ਤਾਜ਼ਾ ਹੁੰਦੀ ਹੈ। ਮਾਮਲਾ ਲਟਕਿਆ ਹੋਵੇ ਤਾਂ ਗਵਾਹਾਂ ਅਤੇ ਹਮਾਇਤੀਆਂ ਦਾ ਪੇਸ਼ੀਆਂ ਭੁਗਤ-ਭੁਗਤ, ਵਕੀਲਾਂ ਅਤੇ ਜੱਜਾਂ ਦੀਆਂ ਝਿੜਕਾਂ ਸੁਣ-ਸੁਣ ਅਤੇ ਮੁਨਸ਼ੀਆਂ ਮੁਸੱਦੀਆਂ ਦੀਆਂ ਜੇਬਾਂ ਭਰ-ਭਰ, ਹੌਂਸਲਾ ਪਸਤ ਹੋ ਜਾਂਦਾ ਹੈ। ਹੱਥ ਪੱਲੇ ਕੁਝ ਪੈਂਦਾ ਨਾ ਦੇਖ ਕੇ ਉਹ ਪੈਰਵਾਈ ਛੱਡ ਜਾਂਦੇ ਹਨ। ਜੋ ਮਿਲਿਆ, ਲਾਹੇ ਦਾ ਸੋਚ ਕੇ ਚਾਰ ਪੈਸੇ ਲੈ ਕੇ ਰਾਜ਼ੀਨਾਮਾ ਕਰ ਜਾਂਦੇ ਹਨ।

ਇਸ ਲਈ ਸਿੰਗਲਾ ਮੁਕੱਦਮਾ ਲਟਕਾਉਣ ਦਾ ਮਸਾਲਾ ਹੁਣੇ ਤੋਂ ਇਕੱਠਾ ਕਰਨ ਵਿਚ ਜੁਟ ਜਾਣਾ ਚਾਹੁੰਦਾ ਸੀ।

ਜਿੰਨੇ ਮੁਲਜ਼ਮ ਜ਼ਮਾਨਤ ਉਪਰ ਹੋਣਗੇ, ਓਨਾ ਮੁਕੱਦਮੇ ਨੂੰ ਵੱਧ ਲਟਕਾਇਆ ਜਾ ਸਕੇਗਾ।

ਪੰਕਜ ਹੋਰੇ ਤਜਰਬੇ ਕਰਕੇ ਦੇਖ ਚੁੱਕੇ ਸਨ। ਜੇ ਅਫ਼ਸਰ ਅੜ ਜਾਣ ਫੇਰ ਨਾ ਉਨ੍ਹਾਂ

ਨੂੰ ਪੈਸਾ ਖਰੀਦ ਸਕਦਾ ਹੈ ਨਾ ਸਿਫਰਸ਼ ਦਬਾਅ ਸਕਦੀ ਹੈ।

ਅਜਿਹੇ ਮੌਕੇ ਕਾਨੂੰਨੀ ਦਾਅ-ਪੇਚ ਹੀ ਕੰਮ ਆਉਂਦੇ ਹਨ।

ਦੂਜੇ ਦੋਸ਼ੀਆਂ ਦੇ ਬਾਹਰ ਆਉਣ ਦੀ ਹਾਲੇ ਕੋਈ ਸੰਭਾਵਨਾ ਨਹੀਂ ਸੀ। ਕਾਨੂੰਨੀ ਰਣਨੀਤੀ ਮੰਗ ਕਰਦੀ ਸੀ, ਘੱਟੋ-ਘੱਟ ਪੰਚਮ ਨੂੰ ਹੱਥ ਵਿਚ ਕਰ ਲੈਣਾ ਚਾਹੀਦਾ ਸੀ।

ਜ਼ਮਾਨਤ ਮਨਜ਼ੂਰ ਕਰਾਉਣ ਤੋਂ ਪਹਿਲਾਂ ਉਸ ਨਾਲ ਸ਼ਰਤਾਂ ਤੈਅ ਕੀਤੀਆਂ ਜਾਣ। ਵੱਡੀ ਸ਼ਰਤ ਇਕੋ ਸੀ। ਫੈਸਲੇ ਤਕ ਉਸਨੂੰ ਉਨ੍ਹਾਂ ਦੇ ਹੱਥ ਹੇਠ ਰਹਿਣਾ ਪੈਣਾ ਸੀ। ਲੋੜ ਪੈਣ ’ਤੇ ਉਸ ਨੂੰ ਕਦੇ ਜੇਲ੍ਹ ਦੇ ਅੰਦਰ ਅਤੇ ਕਦੇ ਬਾਹਰ ਆਉਣਾ ਪੈਣਾ ਸੀ।

ਸੋਚ ਵਿਚਾਰ ਕਰਨ ਲਈ ਪੰਚਮ ਨਾਲ ਮੁਲਾਕਾਤ ਕੀਤੀ ਗਈ। ਉਹ ਝੱਟ ਸਭ ਸ਼ਰਤਾਂ ਮੰਨ ਗਿਆ।

ਉਸਨੂੰ ਆਪਣੇ ਦੋਹੀਂ ਹੱਥੀਂ ਲੱਡੂ ਨਜ਼ਰ ਆਏ। ਉਸਨੂੰ ਕਿਸ਼ੋਰ ਮੰਨ ਲਿਆ ਗਿਆ ਤਾਂ ਉਸ ਦੀਆਂ ਪੌਂ ਬਾਰਾਂ। ਨਾ ਮੰਨਿਆ ਗਿਆ, ਫੇਰ ਵੀ ਬਾਹਰ ਆ ਕੇ ਉਸਦੀ ਟੰਗ ਬਚ ਰਹਿਣੀ ਸੀ। ਅੰਦਰ ਰਹਿ ਕੇ ਉਸਦੀ ਟੰਗ ਕਿਸੇ ਵੀ ਦਿਨ ਕੱਟੀ ਜਾ ਸਕਦੀ ਸੀ।

ਪੰਚਮ ਦੀ ਜ਼ਮਾਨਤ ਮਨਜ਼ੂਰ ਕਰਾਉਣ ਦੀਆਂ ਤਿਆਰੀਆਂ ਹੋਣ ਲੱਗੀਆਂ।

## -66-

ਇਨਸਾਫ਼ ਦੇ ਸਾਰੇ ਕਾਇਦੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਕਜ ਹੋਰਾਂ ਨੂੰ ਸਹੂਲਤਾਂ ਉਪਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਸਨ। ਰਾਮ ਨਾਥ ਵੱਲੋਂ ਉਨ੍ਹਾਂ ਸਹੂਲਤਾਂ ਨੂੰ ਨੱਥ ਪਾਉਣ ਲਈ ਦਿੱਤੀਆਂ ਜਾ ਰਹੀਆਂ ਦਰਖ਼ਾਸਤਾਂ ਬਿਨਾਂ ਕਿਸੇ ਤਰਕ ਦੇ ਰੱਦ ਕੀਤੀਆਂ ਜਾ ਰਹੀਆਂ ਸਨ।

ਪਹਿਲੀ ਦਰਖ਼ਾਸਤ ਵਿਚ ਰਾਮ ਨਾਥ ਨੇ ਦੋਸ਼ੀਆਂ ਨੂੰ ਦਿਲ ਦੇ ਮਰੀਜ਼ ਘੋਸ਼ਿਤ ਕਰਨ ਦੇ ਦਯਾਨੰਦ ਹਸਪਤਾਲ ਦੇ ਡਾਕਟਰਾਂ ਦੇ ਫੈਸਲੇ ਨੂੰ ਵੰਗਾਰਿਆ ਸੀ।

ਪਹਿਲੇ ਹੀ ਦਿਨ ਮੈਜਿਸਟਰੇਟ ਨੇ ਉਸ ਦੀ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਸੀ। ਪੰਜ ਮਾਹਿਰ ਡਾਕਟਰਾਂ ਦੀ ਰਾਏ ਉਪਰ ਸ਼ੱਕ ਕਰਨ ਦਾ ਕੋਈ ਠੋਸ ਆਧਾਰ ਨਹੀਂ ਸੀ।

ਰਾਮ ਨਾਥ ਨੇ ਇਸ ਫੈਸਲੇ ਵਿਰੁੱਧ ਸੈਸ਼ਨ ਕੋਰਟ ਵਿਚ ਅਪੀਲ ਕੀਤੀ। ਸੈਸ਼ਨ ਜੱਜ ਨੇ ਦੂਜੀ ਧਿਰ ਨੂੰ ਨੋਟਿਸ ਜਾਰੀ ਕਰ ਦਿੱਤਾ। ਮਹੀਨੇ ਦੀ ਤਾਰੀਖ਼ ਪਾ ਦਿੱਤੀ। ਮਹੀਨੇ-ਮਹੀਨੇ ਦੀਆਂ ਕਈ ਤਾਰੀਖ਼ਾਂ ਹੋਰ ਪੈਣੀਆਂ ਸਨ। ਫੈਸਲਾ ਹੋਣ ਤਕ ਉਨ੍ਹਾਂ ਨੇ ਰਿਹਾਅ ਹੋ ਜਾਣਾ ਸੀ। ਪਿਛੋਂ ਹੋਏ ਫੈਸਲੇ ਦਾ ਮੁਦਈ ਨੂੰ ਕੀ ਭਾਅ।

ਦੂਜੀ ਦਰਖ਼ਾਸਤ ਰਾਹੀਂ ਰਾਮ ਨਾਥ ਨੇ ਦੋਸ਼ੀਆਂ ਦੇ ਹਸਪਤਾਲ ਵਿਚ ਦਫ਼ਤਰ ਖੋਲ੍ਹਣ, ਮੋਬਾਈਲ ਫ਼ੋਨ ਰੱਖਣ, ਖੁਲ੍ਹੀਆਂ ਮੁਲਾਕਾਤਾਂ, ਘਰਾਂ ਵਿਚ ਚੱਕਰ ਮਾਰਨ ਅਤੇ ਪਤਨੀਆਂ ਦੇ ਦੋਸ਼ੀਆਂ ਕੋਲ ਸੌਣ ਉੱਪਰ ਇਤਰਾਜ਼ ਕੀਤਾ ਸੀ। ਮੈਜਿਸਟਰੇਟ ਨੇ ਇਨ੍ਹਾਂ ਸਹੂਲਤਾਂ ’ਤੇ ਰੋਕ ਲਾਉਣ ਦੀ ਥਾਂ ਪੁਲਿਸ ਦੇ ਉਪ ਕਪਤਾਨ ਨੂੰ ਪੜਤਾਲ ਦਾ ਹੁਕਮ ਕਰ ਦਿੱਤਾ। ਪੜਤਾਲ ਮੁਕੰਮਲ ਕਰਕੇ ਰਿਪੋਰਟ ਪੇਸ਼ ਕਰਨ ਲਈ ਉਸਨੂੰ ਇਕ ਮਹੀਨੇ ਦਾ ਸਮਾਂ ਦੇ ਦਿੱਤਾ।

ਇਸ ਫੈਸਲੇ ਦੇ ਵਿਰੁੱਧ ਰਾਮ ਨਾਥ ਦੀ ਅਪੀਲ ਕਰਨ ਦੀ ਜੁਰਅਤ ਨਾ ਪਈ। ਨਤੀਜਾ ਪਹਿਲੀ ਅਪੀਲ ਵਾਲਾ ਹੋਣਾ ਸੀ। ਇਹ ਉਸਨੂੰ ਸਾਫ਼ ਦਿਖਾਈ ਦੇ ਰਿਹਾ ਸੀ।



ਅਦਾਲਤ ਦੇ ਇਨ੍ਹਾਂ ਇਕ-ਪਾਸੜ ਫੈਸਲਿਆਂ ਕਾਰਨ ਰਾਮ ਨਾਥ ਦਾ ਖੌਲ ਰਿਹਾ ਖ਼ੂਨ ਹਾਲੇ ਠੰਡਾ ਨਹੀਂ ਸੀ ਹੋਇਆ ਕਿ ਪੰਚਮ ਨੂੰ ਕਿਸ਼ੋਰ ਅਪਰਾਧੀ ਬਣਾ ਕੇ ਜ਼ਮਾਨਤ ਲਈ ਦਿੱਤੀ ਦਰਖ਼ਾਸਤ ਨੇ ਬਲਦੀ ’ਤੇ ਤੇਲ ਪਾਉਣ ਦਾ ਕੰਮ ਕਰ ਦਿੱਤਾ।

ਪੰਚਮ ਦੇ ਦਾੜ੍ਹੀ ਮੁੱਛਾਂ ਨਹੀਂ ਸਨ, ਇਸ ਦਾ ਕਾਰਨ ਉਸਦਾ ਕਿਸ਼ੋਰ ਹੋਣਾ ਨਹੀਂ ਸੀ। ਅਸਲ ਕਾਰਨ ਇਹ ਸੀ ਕਿ ਉਹ ਨਿਪਾਲੀ ਨਸਲ ਦਾ ਲਗਦਾ ਸੀ। ਨਿਪਾਲੀਆਂ ਦੇ ਅੱਵਲ ਤਾਂ ਦਾੜ੍ਹੀ ਮੁੱਛਾਂ ਆਉਂਦੀਆਂ ਨਹੀਂ। ਜੇ ਆਉਣ ਤਾਂ ਬਹੁਤ ਦੇਰ ਨਾਲ ਆਉਂਦੀਆਂ ਹਨ। ਉਸ ਦਾ ਕੱਦ ਕਾਠ, ਰੰਗ ਅਤੇ ਮੁਹਾਂਦਰਾ ਉਸ ਨੂੰ ਨਿਪਾਲੀ ਸਿੱਧ ਕਰਦਾ ਸੀ। ਪੁਲਿਸ ਦੀ ਪੁੱਛਗਿੱਛ ਦੌਰਾਨ ਉਸ ਨੇ ਆਪਣੀ ਉਮਰ ਚੌਵੀ ਪੱਚੀ ਸਾਲ ਲਿਖਾਈ ਸੀ। ਸੀ ਵੀ ਇੰਨੀ ਹੀ।

ਹੁਣ ਪੰਚਮ ਨੇ ਆਪਣੀ ਦਰਖ਼ਾਸਤ ਦੇ ਨਾਲ-ਨਾਲ ਇਕ ਹਲਫ਼ੀਆ ਬਿਆਨ ਲਾਇਆ ਸੀ, ਜਿਸ ਵਿਚ ਉਸਨੇ ਆਪਣੀ ਉਮਰ ਸਤਾਰਾਂ ਸਾਲ ਹੋਣ ਦਾ ਦਾਅਵਾ ਕੀਤਾ ਸੀ। ਨਾਲ ਉਸ ਦੇ ਪਿੰਡ ਦੇ ਇਕ ਅਖੌਤੀ ਪ੍ਰਧਾਨ ਦਾ ਹਲਫ਼ੀਆ ਬਿਆਨ ਸੀ, ਜਿਸ ਵਿਚ ਉਸਨੇ ਉਸ ਦੀ ਉਮਰ ਸਤਾਰਾਂ ਸਾਲ ਹੋਣ ਦੀ ਤਾਈਦ ਕੀਤੀ ਸੀ।

ਪੰਚਮ ਦੀ ਜ਼ਮਾਨਤ ਦੀ ਦਰਖ਼ਾਸਤ ਦਾ ਨੋਟਿਸ ਸਰਕਾਰ ਨੂੰ ਹੋਇਆ ਸੀ।

ਸਰਕਾਰ ਨੂੰ ਮੁਦਈ ਧਿਰ ਦੀ ਸਹਾਇਤਾ ਦੀ ਲੋੜ ਮਹਿਸੂਸ ਨਹੀਂ ਸੀ ਹੋਈ। ਇਸ ਲਈ ਸਰਕਾਰੀ ਵਕੀਲ ਨੇ ਮੁਦਈ ਧਿਰ ਨੂੰ ਸੂਚਿਤ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ।

ਰਾਮ ਨਾਥ ਨੇ ਆਪਣੇ ਸੂਤਰਾਂ ਰਾਹੀਂ ਇਸ ਦਰਖ਼ਾਸਤ ਦੀ ਸੂਹ ਕੱਢੀ ਸੀ।

ਸਰਕਾਰੀ ਮਸ਼ੀਨਰੀ ਦੇ ਰਵੱਈਏ ਵਿਚ ਆਈ ਇਸ ਤਬਦੀਲੀ ਦੀ ਕਨਸੋਅ ਰਾਮ ਨਾਥ ਨੂੰ ਹੋਣ ਲੱਗੀ ਸੀ। ਇਸ਼ਕ ਮੁਸ਼ਕ ਵਾਂਗ ਮੁਲਜ਼ਮ ਧਿਰ ਦੀ ਬਘੇਲ ਸਿੰਘ ਨਾਲ ਹੋਏ ਸੌਦੇ ਦੀ ਸੂਹ ਹੌਲੀ-ਹੌਲੀ ਜੱਗਰ ਹੋਣ ਲੱਗੀ ਸੀ।

ਲੋਕਾਂ ਨੂੰ ਕਰਾਈਮ ਬਰਾਂਚ ਵੱਲੋਂ ਕੀਤੀ ਜਾ ਰਹੀ ਪੜਤਾਲ ਦੇ ਸਿੱਟੇ ਦੀ ਵੀ ਸੂਹ ਸੀ। ਛੋਟਾ-ਵੱਡਾ ਹਰ ਕੋਈ ਆਖ ਰਿਹਾ ਸੀ। ਆਈ.ਜੀ. ਉਨ੍ਹਾਂ ਨੂੰ ਬੇ-ਗੁਨਾਹ ਸਾਬਤ ਕਰ ਚੁੱਕਾ ਸੀ।

ਪਹਿਲਾਂ ਰਾਮ ਨਾਥ ਨੂੰ ਇਹ ਸਭ ਅਫ਼ਵਾਹਾਂ ਲਗਦੀਆਂ ਸਨ। ਪਰ ਹੁਣ ਜਾਮ ਹੋ ਚੁੱਕੀ ਸਰਕਾਰੀ ਮਸ਼ੀਨਰੀ ਨੂੰ ਦੇਖਕੇ ਉਸਨੂੰ ਅਫ਼ਵਾਹਾਂ ਸੱਚ ਜਾਪਣ ਲੱਗ ਪਈਆਂ ਸਨ।

ਪਹਿਲਾਂ ਰਾਮ ਨਾਥ ਨੂੰ ਵਿਸ਼ੇਸ਼ ਦੂਤ ਰਾਹੀਂ ਅਦਾਲਤ ਵਿਚ ਆਏ ਅਰਜ਼ੀ-ਪੱਤਰ ਬਾਰੇ ਸੂਚਿਤ ਕੀਤਾ ਜਾਂਦਾ ਸੀ। ਹਣ ਪੁੱਛੇ ਜਾਣ ’ਤੇ ਵੀ ਉਸ ਤੋਂ ਤੱਥ ਛੁਪਾਉਣ ਦਾ ਯਤਨ ਕੀਤਾ ਜਾਂਦਾ ਸੀ।

ਰਾਮ ਨਾਥ ਦੇ ਹੌਸਲੇ ਪਸਤ ਹੋਣ ਲੱਗੇ। ਉਸ ਨੂੰ ਯਕੀਨ ਹੋ ਗਿਆ ਸਰਕਾਰ ਕੋਲੋਂ ਹੁਣ ਉਸ ਨੂੰ ਕੋਈ ਸਹਾਇਤਾ ਮਿਲਣ ਵਾਲੀ ਨਹੀਂ।

ਰਾਮ ਨਾਥ ਨੇ ਆਪਣੇ ਮਨ ਨਾਲ ਫੈਸਲਾ ਕੀਤਾ। ਅੱਗੋਂ ਤੋਂ ਉਹ ਆਪਣੇ ਪਾਪੜ ਆਮ ਵੇਲੇਗਾ।

ਰਾਮ ਨਾਥ ਦੇ ਸ਼ਹਿਰ ਵਿਚ ਤਿੰਨ ਮੈਜਿਸਟਰੇਟ ਅਤੇ ਇਕ ਸੈਸ਼ਨ ਜੱਜ ਸੀ। ਚਾਰ ਸਰਕਾਰੀ ਵਕੀਲ ਅਤੇ ਪੰਦਰਾਂ ਕੁ ਅਹਿਲਕਾਰ ਸਨ। ਰਾਮ ਨਾਥ ਦਾ ਸਭ ਨਾਲ ਉਠਣ ਬੈਠਣ ਸੀ।

ਮਾਇਆ ਨਗਰ ਜਿਵੇਂ ਜੱਜਾਂ ਦਾ ਮੇਲਾ ਲੱਗਾ ਹੋਇਆ ਸੀ। ਇਕ ਸੈਸ਼ਨ ਜੱਜ,

ਪੰਜ ਐਡੀਸ਼ਨਲ ਸੈਸ਼ਨ ਜੱਜ, ਅਠਾਰਾਂ ਮੈਜਿਸਟਰੇਟ। ਇੰਨੇ ਹੀ ਸਰਕਾਰੀ ਵਕੀਲ। ਹਜ਼ਾਰ ਵਕੀਲ। ਸੈਂਕੜੇ ਅਹਿਲਕਾਰ। ਕਿਸੇ ਨੂੰ ਕਿਸੇ ਦੀ ਲਿਹਾਜ਼ ਨਹੀਂ ਸੀ। ਕੋਈ ਲਿਹਾਜ਼ ਕਰੇ ਤਾਂ ਕਿੰਨਿਆਂ ਕੁ ਨਾਲ? ਇਥੇ ਸਭ ਕੰਮ ਪੈਸੇ ਨਾਲ ਹੁੰਦਾ ਸੀ। ਕਿਸੇ ਨੂੰ ਕੋਈ ਸੰਗ ਸ਼ਰਮ ਨਹੀਂ ਸੀ। ਸੌਦਾ ਕੁਰਸੀ 'ਤੇ ਬੈਠੇ-ਬੈਠੇ ਹੁੰਦਾ ਸੀ। ਸ਼ਰੇਆਮ ਪੈਸੇ ਫੜਦੇ ਸਨ। ਗਿਣਕੇ ਜੇਬ ਵਿਚ ਪਾਉਂਦੇ ਸਨ। ਕੋਈ ਫਟਿਆ ਪੁਰਾਣਾ ਹੋਵੇ ਤਾਂ ਬਦਲਾਉਂਦੇ ਸਨ।

ਉਸਦੇ ਸ਼ਹਿਰ ਇੰਝ ਨਹੀਂ ਸੀ ਹੁੰਦਾ। ਇਹੋ ਵਾਰਦਾਤ ਜੇ ਉਸਦੇ ਸ਼ਹਿਰ ਹੋਈ ਹੁੰਦੀ ਤਾਂ ਇਕ ਵਕੀਲ ਦੇ ਭਾਣਜੇ ਦੇ ਕਾਤਲਾਂ ਦਾ ਕਿਸੇ ਨੇ ਵਕੀਲ ਨਹੀਂ ਸੀ ਬਨਣਾ। ਉਲਟਾ ਸਾਰੀ ਬਾਰ ਨੇ ਰਾਮ ਨਾਥ ਦੀ ਪਿੱਠ 'ਤੇ ਹੋਣਾ ਸੀ। ਸਾਰੇ ਅਹਿਲਕਾਰਾਂ ਨੇ ਰਾਮ ਨਾਥ ਦੇ ਕੰਮਾਂ ਨੂੰ ਆਪਣਾ ਕੰਮ ਸਮਝਣਾ ਸੀ। ਪੈਸਾ ਧੇਲਾ ਕਿਸੇ ਨੇ ਕੀ ਲੈਣਾ ਸੀ, ਉੱਲਟਾ ਲੋੜੀਂਦੇ ਕਾਗਜ਼ ਉਸ ਦੇ ਘਰ ਪੁੱਜਦੇ ਕਰਨੇ ਸਨ।

ਇਥੇ ਦਸਾਂ ਵਾਲਾ ਕੰਮ ਸੌ ਵਿਚ ਹੋ ਰਿਹਾ ਸੀ। ਉਹ ਵੀ ਪੂਰੀ ਭਕਾਈ ਬਾਅਦ।

ਹੁਣ ਤਕ ਰਾਮ ਨਾਥ ਨੂੰ ਪ੍ਰਾਈਵੇਟ ਵਕੀਲ ਖੜ੍ਹਾ ਕਰਨ ਦੀ ਲੋੜ ਮਹਿਸੂਸ ਨਹੀਂ ਸੀ ਹੋਈ। ਸਰਕਾਰੀ ਵਕੀਲ ਪੂਰੀ ਤਨਦੇਹੀ ਨਾਲ ਪੈਰਵਾਈ ਕਰ ਰਹੇ ਸਨ।

ਹੁਣ ਸਰਕਾਰੀ ਅਧਿਕਾਰੀਆਂ ਵੱਲੋਂ ਚੱਲੀ ਨਾ-ਮਿਲਵਰਤਨ ਲਹਿਰ ਕਾਰਨ ਉਸਨੂੰ ਪ੍ਰਾਈਵੇਟ ਵਕੀਲ ਦੀ ਲੋੜ ਮਹਿਸੂਸ ਹੋਣ ਲੱਗੀ।

ਰਾਮ ਨਾਥ ਨੂੰ ਲਾਅ ਪਾਸ ਕੀਤਿਆਂ ਛੱਬੀ ਸਾਲ ਹੋ ਗਏ ਸਨ। ਲਾਅ ਉਸਨੇ ਰਾਤ ਦੀਆਂ ਕਲਾਸਾਂ ਵਿਚ ਪੜ੍ਹਿਆ ਸੀ। ਦਿਨੇ ਉਹ ਨੌਕਰੀ ਕਰਦਾ ਸੀ। ਉਸਦੇ ਬਹੁਤੇ ਜਮਾਤੀਆਂ ਨੇ ਡਿਗਰੀਆਂ ਤਾਂ ਪਾਸ ਕਰ ਲਈਆਂ ਸਨ ਪਰ ਘਰੇਲੂ ਮਜਬੂਰੀਆਂ ਕਾਰਨ ਨੌਕਰੀਆਂ ਛੱਡਣ ਦੀ ਹਿੰਮਤ ਨਹੀਂ ਸੀ ਪਈ। ਨਤੀਜੇ ਵਜੋਂ ਉਸ ਨੂੰ ਆਪਣੇ ਨਾਲ ਪੜ੍ਹਦਾ ਇਕ ਵੀ ਮੁੰਡਾ ਮਾਇਆ ਨਗਰ ਵਿਚ ਵਕਾਲਤ ਕਰਦਾ ਨਜ਼ਰ ਨਹੀਂ ਸੀ ਆਇਆ।

ਸਵੇਰ ਦੀਆਂ ਜਮਾਤਾਂ ਵਿਚ ਪੜ੍ਹਦੇ ਮੁੰਡਿਆਂ ਲਈ ਇਹ ਵਾਧਾ ਸੀ। ਉਨ੍ਹਾਂ ਨੂੰ ਹਰ ਸ਼ਹਿਰ ਵਿਚ ਆਪਣੇ ਜਮਾਤੀ ਵਕਾਲਤ ਕਰਦੇ ਮਿਲ ਜਾਂਦੇ ਸਨ। ਕਈ ਮੈਜਿਸਟਰੇਟ ਅਤੇ ਸੈਸ਼ਨ ਜੱਜ ਤਕ ਬਣੇ ਫਿਰਦੇ ਸਨ। ਪੁਰਾਣੇ ਮਿੱਤਰ ਦੋਸਤੀ ਨਹੀਂ ਭੁੱਲਦੇ। ਭੱਜ ਕੇ ਮਿਲਦੇ ਸਨ ਅਤੇ ਦਿਲੋਂ ਕੰਮ ਕਰਦੇ ਸਨ।

ਰਾਮ ਨਾਥ ਆਪਣੇ ਸ਼ਹਿਰੋਂ ਆਪਣੇ ਸਾਥੀ ਵਕੀਲਾਂ ਕੋਲੋਂ ਮਾਇਆ ਨਗਰ ਦੇ ਵਕੀਲਾਂ ਦੇ ਨਾਂ ਚਿੱਠੀਆਂ ਲੈ ਕੇ ਆਇਆ ਸੀ।

ਉਨ੍ਹਾਂ ਚਿੱਠੀਆਂ ਦੇ ਆਧਾਰ 'ਤੇ ਰਾਮ ਨਾਥ ਨੇ ਕੁਝ ਵਕੀਲਾਂ ਨਾਲ ਸੰਪਰਕ ਕੀਤਾ। ਰਸਮੀ ਜਿਹੀ ਆਓ ਭਗਤ ਤੋਂ ਵੱਧ ਕਿਸੇ ਨੇ ਚਿੱਠੀ ਦੀ ਕਦਰ ਨਹੀਂ ਸੀ ਪਾਈ। ਕਿਸੇ ਨੇ ਰਾਮ ਨਾਥ ਦੀ ਸਹਾਇਤਾ ਲਈ ਆਪਣੇ ਜੂਨੀਅਰ ਵਕੀਲ ਦੀ ਡਿਊਟੀ ਲਾ ਦਿੱਤੀ ਅਤੇ ਕਿਸੇ ਨੇ ਸੀਨੀਅਰ ਮੁਨਸ਼ੀ ਦੀ।

ਜੇ ਥੋੜ੍ਹਾ ਜਿਹਾ ਸਾਥ ਕਿਸੇ ਨੇ ਦਿੱਤਾ ਸੀ ਉਹ ਰਾਜਕੁਮਾਰ ਸੀ।

ਰਾਜਕੁਮਾਰ ਦੋਸ਼ੀਆਂ ਵੱਲੋਂ ਕੀਤੀ ਜਾਂਦੀ ਹਰ ਅਦਾਲਤੀ ਕਾਰਵਾਈ ਉਪਰ ਨਜ਼ਰ ਰੱਖਦਾ ਸੀ। ਉਸ ਕਾਰਵਾਈ ਦੀ ਰਾਮ ਨਾਥ ਨੂੰ ਸੂਚਨਾ ਦਿੰਦਾ ਸੀ। ਰਾਮ ਨਾਥ ਉਸਦਾ ਤੋੜ ਲੱਭਦਾ ਸੀ।

ਰਾਮ ਨਾਥ ਨੂੰ ਸਰਕਾਰੀ ਵਕੀਲਾਂ ਨਾਲ ਉਹੋ ਮਿਲਾਉਂਦਾ ਸੀ। ਅਹਿਲਕਾਰਾਂ ਕੋਲੋਂ ਹੁਕਮਾਂ ਦੀਆਂ ਨਕਲਾਂ ਉਹੋ ਤਿਆਰ ਕਰਵਾਉਂਦਾ ਸੀ। ਕਿਸ ਨੂੰ ਕਿੰਨੇ ਪੈਸੇ ਦੇਣੇ ਸਨ



ਇਸ ਦਾ ਫੈਸਲਾ ਉਹੋ ਕਰਦਾ ਸੀ।

ਰਾਮ ਨਾਥ ਮਹਿਸੂਸ ਕਰ ਰਿਹਾ ਸੀ। ਜਿੱਥੋਂ ਤੱਕ ਵੱਸ ਚਲਦਾ ਸੀ ਰਾਜਕੁਮਾਰ ਉਸਦਾ ਫ਼ਾਇਦਾ ਕਰਦਾ ਸੀ।

ਡੇਢ ਮਹੀਨੇ ਦੀ ਭੱਜ-ਨੱਠ ਦੌਰਾਨ ਰਾਮ ਨਾਥ ਨੂੰ ਪਤਾ ਲਗ ਚੁੱਕਾ ਸੀ ਕਿ ਮਾਇਆ ਨਗਰ ਦੇ ਵਕੀਲਾਂ ਦੀਆਂ ਫੀਸਾਂ ਅਸਮਾਨ ਛੋਂਹਦੀਆਂ ਸਨ। ਉਸਦੇ ਸ਼ਹਿਰ ਵੱਡੇ ਤੋਂ ਵੱਡੇ ਵਕੀਲ ਦੀ ਫ਼ੀਸ ਦਸ ਹਜ਼ਾਰ ਰੁਪਏ ਸੀ। ਇਥੇ ਦਸ ਹਜ਼ਾਰ ਮੁਨਸ਼ੀਆਣਾ ਬਣ ਜਾਂਦਾ ਸੀ। ਰਾਮ ਨਾਥ ਵਰਗੇ ਵਕੀਲ ਕੋਲ ਆਉਣ ਤੋਂ ਪਹਿਲਾਂ ਸਾਇਲ ਵੀਹ ਵਕੀਲਾਂ ਦੇ ਫੱਟਿਆਂ 'ਤੇ ਗੇੜੇ ਮਾਰਦਾ ਸੀ। ਤੋੜ-ਮਰੋੜ ਕਰਕੇ ਮਸਾਂ ਦੋ ਤਿੰਨ ਹਜ਼ਾਰ ਪੱਲੇ ਪਾਉਂਦਾ ਸੀ। ਉਹ ਵੀ ਕਿਸ਼ਤਾਂ ਵਿਚ।

ਇਥੋਂ ਦਾ ਕੋਈ ਵਕੀਲ ਉੱਠ ਕੇ ਜਾਂਦੇ ਸਾਇਲ ਨੂੰ ਆਵਾਜ਼ ਨਹੀਂ ਸੀ ਮਾਰਦਾ। ਕੋਈ ਮੁਨਸ਼ੀ ਉਸਦਾ ਪਿੱਛਾ ਨਹੀਂ ਸੀ ਕਰਦਾ।

ਜੂਨੀਅਰ ਵਕੀਲ ਨਵੇਂ ਮਾਡਲਾਂ ਦੀਆਂ ਕਾਰਾਂ ਲਈ ਫਿਰਦੇ ਸਨ। ਸੀਨੀਅਰ ਵਕੀਲਾਂ ਦਾ ਕਿਆ ਕਹਿਣਾ। ਇਕ ਦੋ ਤਾਂ ਮਰਸੀਡੀਜ਼ ਲਈ ਫਿਰਦੇ ਸਨ।

ਮੁਕੱਦਮਾ ਜਿਸ ਢੰਗ ਨਾਲ ਮੋੜ ਕੱਟ ਰਿਹਾ ਸੀ ਉਸ ਤੋਂ ਰਾਮ ਨਾਥ ਨੂੰ ਕਿਸੇ ਸੀਨੀਅਰ ਵਕੀਲ ਦੀ ਸਹਾਇਤਾ ਦੀ ਲੋੜ ਮਹਿਸੂਸ ਹੋ ਰਹੀ ਸੀ। ਨੀਰਜ ਹੋਰਾਂ ਨੇ ਚੋਟੀ ਦੇ ਵਕੀਲ ਕੀਤੇ ਸਨ। ਮਾਹਿਰ ਵਕੀਲਾਂ ਦਾ ਮੁਕਾਬਲਾ ਮਾਹਿਰ ਵਕੀਲ ਹੀ ਕਰ ਸਕਦਾ ਸੀ।

ਰਾਜਕੁਮਾਰ ਦੀ ਸਹਾਇਤਾ ਨਾਲ ਉਸਨੇ ਕਿਸੇ ਸੀਨੀਅਰ ਵਕੀਲ ਨਾਲ ਰਾਬਤਾ ਕਾਇਮ ਕਰਨ ਦਾ ਮਨ ਬਣਾਇਆ।

ਰਾਜਕੁਮਾਰ ਉਸ ਨਾਲ ਸੌ ਫੀਸਦੀ ਸਹਿਮਤ ਸੀ।

ਰਾਮ ਨਾਥ ਅਤੇ ਰਾਜਕੁਮਾਰ ਰਲਕੇ ਵੀ ਸ਼ਾਰਕਾਂ ਦਾ ਮੁਕਾਬਲਾ ਨਹੀਂ ਸਨ ਕਰ ਸਕਦੇ। ਜੱਜਾਂ ਨੂੰ ਆਪ-ਹੁਦਰੇ ਹੁਕਮ ਕਰਨ ਤੋਂ ਰੋਕਣ ਲਈ ਕਾਬਲ ਵਕੀਲ ਦੀ ਜ਼ਰੂਰਤ ਸੀ।

ਸੀਨੀਅਰ ਵਕੀਲ ਕਾਨੂੰਨ ਦੇ ਮਾਹਿਰ ਤਾਂ ਸਨ ਹੀ। ਇਹ ਉਪਰ ਤੱਕ ਪਹੁੰਚ ਵੀ ਰੱਖਦੇ ਸਨ। ਇਹ ਜੱਜਾਂ ਦੀ ਚਾਪਲੂਸੀ ਵੀ ਕਰਦੇ ਸਨ ਅਤੇ ਲੋੜ ਪੈਣ 'ਤੇ ਗਲ ਵੀ ਪੈ ਜਾਂਦੇ ਸਨ। ਆਪਣੇ ਨਾਂ ਹੇਠ ਜੱਜ ਦੀ ਸ਼ਿਕਾਇਤ ਕਰਨ ਦੀ ਜੁਅਰਤ ਵੀ ਰੱਖਦੇ ਸਨ। ਜੇ ਉਨ੍ਹਾਂ ਨਾਲ ਕੋਈ ਸੀਨੀਅਰ ਵਕੀਲ ਖੜ੍ਹਾ ਹੁੰਦਾ ਤਾਂ ਮੈਜਿਸਟਰੇਟ ਦੀ ਦੋਸ਼ੀਆਂ ਨੂੰ ਮੰਤਰੀਆਂ ਵਾਲੀਆਂ ਸਹੂਲਤਾਂ ਦੇਣ ਦੀ ਜੁਅਰਤ ਨਹੀਂ ਸੀ ਪੈਣੀ।

"ਪਰ ਸੀਨੀਅਰ ਵਕੀਲਾਂ ਦੀ ਫ਼ੀਸ ਬੜੀ ਸੁਣੀਦੀ ਹੈ?"

ਰਾਮ ਨਾਥ ਨੂੰ ਆਪਣੀ ਚਾਦਰ ਦਾ ਪਤਾ ਸੀ। ਆਪਣੇ ਪੈਰ ਚਾਦਰ ਤਕ ਸੀਮਤ ਰੱਖਣ ਦੇ ਇਰਾਦੇ ਨਾਲ ਉਸਨੇ ਪੁੱਛਿਆ।

"ਹਾਂ। ਫੀਸਾਂ ਠੋਕ ਕੇ ਲੈਂਦੇ ਹਨ।"

"ਭਾਈਚਾਰੇ ਦਾ ਕੋਈ ਲਿਹਾਜ਼ ਨਹੀਂ ਕਰਦੇ?"

"ਥੋੜ੍ਹਾ ਬਹੁਤ ਕਰਨਗੇ।"

"ਕਿਸ ਕੋਲ ਚੱਲੀਏ?"

"ਨੇਮੀ ਨਾਥ ਕੋਲ ਚੱਲਦੇ ਹਾਂ। ਉਹ ਫ਼ੀਸ ਮੂੰਹ-ਮੰਗੀ ਲੈਂਦਾ ਹੈ। ਫੇਰ ਠੱਗੀ ਨਹੀਂ ਮਾਰਦਾ। ਨਾ ਸਰਕਾਰੀ ਵਕੀਲ ਦੇ ਨਾਂ 'ਤੇ ਲਵੇ ਨਾ ਜੱਜ ਦੇ ਨਾਂ 'ਤੇ। ਕਦੇ ਲੋੜ ਪਏ

ਤਾਂ ਸਿੱਧੀ ਗੱਲ ਕਰਾਉਂਦਾ ਹੈ। ਬਹੁਤਾ ਖ਼ਰਚ ਨਹੀਂ ਹੋਣ ਦਿੰਦਾ। ਮੇਰੇ ਹਿਸਾਬ ਨਾਲ ਉਹ ਠੀਕ ਰਹੂ।"

"ਕਿੰਨੇ ਕੁ ਪੈਸੇ ਲਊ?"

"ਗੱਲ ਕਰਕੇ ਦੇਖਦੇ ਹਾਂ, ਲਾਲਚੀ ਬਿਲਕੁਲ ਨਹੀਂ। ਸੱਚੀ ਗੱਲ ਮੂੰਹ 'ਤੇ ਆਖਣ ਵਾਲਾ ਹੈ। ਰਿਆਇਤ ਕਰਵਾਵਾਂਗੇ।"

"ਚੱਲ ਮਿਲਾ ਫੇਰ!"

"ਸ਼ਾਮ ਨੂੰ ਕੋਠੀ ਚੱਲਾਂਗੇ। ਮੈਂ ਟਾਇਮ ਲੈ ਕੇ ਰੱਖਾਂਗਾ।"

ਨੇਮੀ ਨਾਥ ਨੇ ਉਨ੍ਹਾਂ ਨੂੰ ਸ਼ਾਮ ਨੂੰ ਮਿਲਣਾ ਸੀ।

ਸ਼ਾਮ ਨੂੰ ਦੋਬਾਰਾ ਇਕੱਠੇ ਹੋਣ ਦਾ ਵਾਅਦਾ ਕਰਕੇ ਉਹ ਵਿਛੜ ਗਏ।

## -67-

ਮਿੱਥੇ ਸਮੇਂ 'ਤੇ ਰਾਜਕੁਮਾਰ ਖ਼ੁਦ ਰਾਮ ਨਾਥ ਕੋਲ ਪੁੱਜ ਗਿਆ। ਉਸਦੇ ਸਕੂਟਰ ਪਿੱਛੇ ਬੈਠਾ ਰਾਮ ਨਾਥ ਰਾਜਕੁਮਾਰ ਦੀ ਰਹਿਮ-ਦਿਲੀ ਦੇ ਵਾਰੇ-ਵਾਰੇ ਜਾ ਰਿਹਾ ਸੀ। ਲੋਹੇ ਦੇ ਇਸ ਸ਼ਹਿਰ ਵਿਚ ਇਨਸਾਨੀਅਤ ਹਾਲੇ ਜ਼ਿੰਦਾ ਸੀ।

ਨੇਮੀ ਨਾਥ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਸਾਇਲਾਂ ਦਾ ਛੋਟਾ ਜਿਹਾ ਇਕੱਠ ਨੇਮੀ ਨਾਥ ਦੀ ਕੋਠੀ ਦੇ ਬਾਹਰ ਬੈਠਾ ਸੀ।

ਉਨ੍ਹਾਂ ਨੂੰ ਨੇਮੀ ਨਾਥ ਨੇ ਹਾਲੇ ਮਿਲਣਾ ਸ਼ੁਰੂ ਨਹੀਂ ਸੀ ਕੀਤਾ। ਪਹਿਲ ਵਕੀਲਾਂ ਦੀ ਸੀ।

ਨੇਮੀ ਨਾਥ ਸਮੇਂ ਦਾ ਪਾਬੰਦ ਸੀ। ਇਕ-ਇਕ ਮਿੰਟ ਦੀ ਕਦਰ ਕਰਦਾ ਸੀ। ਬਿਨਾਂ ਕੋਈ ਭੂਮਿਕਾ ਬੰਨ੍ਹੇ ਉਹ ਰਾਮ ਨਥ ਨੂੰ ਸੰਬੋਧਤ ਹੋਇਆ—

"ਭਾਈ ਸਾਹਿਬ ਤੁਹਾਡੇ ਨਾਲ ਬੜਾ ਧੱਕਾ ਹੋਇਆ ਹੈ। ਮੈਂ ਤੁਹਾਡਾ ਕੇਸ ਲੜਨਾ ਚਾਹੁੰਦਾ ਹਾਂ। ਪਰ ਮੈਨੂੰ ਇਕ ਦਿੱਕਤ ਪੇਸ਼ ਆ ਰਹੀ ਹੈ। ਪਹਿਲਾਂ ਮੈਂ ਉਹ ਦਿੱਕਤ ਦੂਰ ਕਰ ਲਵਾਂ। ਆਪਣਾ ਫੈਸਲਾ ਮੈਂ ਤੁਹਾਨੂੰ ਸਵੇਰੇ ਦੱਸਾਂਗਾ। ਮੈਨੂੰ ਆਪਣਾ ਫ਼ੋਨ ਨੰਬਰ ਨੋਟ ਕਰਾਓ। ਮੈਂ ਖੁਦ ਫ਼ੋਨ ਕਰਾਂਗਾ।"

ਦਰ-ਦਰ ਦੀਆਂ ਠੋਕਰਾਂ ਖਾ ਰਹੇ ਰਾਮ ਨਾਥ ਦਾ ਕੋਈ ਸੰਪਰਕ ਨੰਬਰ ਨਹੀਂ ਸੀ। ਉਸ ਦੇ ਪੈਰ ਚੱਕਰ ਸੀ। ਕਦੇ ਉਹ ਥਾਣੇ ਹੁੰਦਾ, ਕਦੇ ਕਚਹਿਰੀ।

"ਤੁਸੀਂ ਮੈਨੂੰ ਟਾਇਮ ਦੱਸੋ। ਉਸ ਵਕਤ ਮੈਂ ਤੁਹਾਨੂੰ ਫ਼ੋਨ ਕਰਾਂਗਾ।"

ਨੇਮੀ ਨਾਥ ਨੇ ਆਪਣਾ ਵਿਜ਼ਟਿੰਗ ਕਾਰਡ ਰਾਮ ਨਾਥ ਨੂੰ ਦਿੱਤਾ। ਸਵੇਰੇ ਸੱਤ ਵਜੇ ਫ਼ੋਨ ਕਰਕੇ ਉਹ ਸਮਾਂ ਨਿਸ਼ਚਤ ਕਰ ਸਕਦਾ ਸੀ।

"ਤੁਸੀਂ ਮੈਨੂੰ ਦੱਸੋ। ਮੈਂ ਇਨ੍ਹਾਂ ਨੂੰ ਲੈ ਕੇ ਹਾਜ਼ਰ ਹੋ ਜਾਵਾਂਗਾ।" ਰਾਜਕੁਮਾਰ ਨੇ ਗੱਲ ਟੋਕੀ।

"ਨਹੀਂ ਹਾਲੇ ਮੈਂ ਕੁਝ ਨਹੀ ਦੱਸ ਸਕਦਾ। ਸਵੇਰੇ ਸੱਤ ਵਜੇ ਹੀ ਪਤਾ ਲੱਗੇਗਾ।"

ਸਵੇਰੇ ਰਾਮ ਨਾਥ ਨੇ ਜਦੋਂ ਫ਼ੋਨ ਮਿਲਾਇਆ ਨੇਮੀ ਨਾਥ ਨੇ ਉਸ ਨੂੰ ਇਕੱਲੇ ਨੂੰ ਘਰ ਬੁਲਾਇਆ।

"ਛੋਟੇ ਭਰਾ ਮੈਂ ਬੜਾ ਸਾਫ਼ ਬੰਦਾ ਹਾਂ। ਸਾਫ਼-ਸੁਥਰਾ ਕੰਮ ਕਰਦਾ ਹਾਂ। ਮੇਰੀ ਫ਼ੀਸ



ਪਚਵੰਜਾ ਹਜ਼ਾਰ ਹੈ। ਯਾਰਾਂ, ਦੋਸਤਾਂ ਅਤੇ ਵਕੀਲ ਭਰਾਵਾਂ ਦੇ ਕੇਸ ਮੈਂ ਅੱਧੀ ਫ਼ੀਸ ਵਿਚ ਕਰਦਾ ਹਾਂ। ਮੇਰੇ ਅਸੂਲ ਮੁਤਾਬਕ ਇਸ ਕੇਸ ਦੀ ਫ਼ੀਸ ਬਣਦੀ ਹੈ ਪੱਚੀ ਹਜ਼ਾਰ। ਅਸੂਲ ਤੋੜ ਕੇ ਮੈਂ ਤੁਹਾਡੇ ਕੋਲੋਂ ਪਚੰਵਜਾ ਹਜ਼ਾਰ ਲੈ ਨਹੀਂ ਸਕਦਾ। ਪੱਚੀ ਹਜ਼ਾਰ ਵਿਚੋਂ ਮੈਂ ਕੇਸ ਲਿਆਉਣ ਵਾਲੇ ਵਕੀਲ ਨੂੰ ਤੀਜਾ ਹਿੱਸਾ ਦੇ ਨਹੀਂ ਸਕਦਾ। ਰਾਜਕੁਮਾਰ ਨੂੰ ਵਿਚੋਂ ਕੱਢ ਕੇ ਸਿੱਧੀ ਗੱਲ ਕਰਨ ਦੀ ਗੁਸਤਾਖੀ ਵੀ ਮੈਂ ਨਹੀਂ ਕਰ ਸਕਦਾ। ਇਹ ਉਸ ਨਾਲ ਗਦਾਰੀ ਹੋਵੇਗੀ। ਮੈਂ ਨਵੇਂ ਵਕੀਲ ਨੂੰ ਨਰਾਜ਼ ਵੀ ਨਹੀਂ ਕਰ ਸਕਦਾ। ਇਹ ਚੰਗਾ ਕੰਮ ਦਿੰਦੇ ਹਨ। ਇਸ ਲਈ ਮੈਂ ਤੇਰਾ ਕੰਮ ਨਹੀਂ ਕਰ ਸਕਦਾ। ਮੇਰਾ ਇਕ ਤੇਰੇ ਨਾਲ ਵਾਅਦਾ ਹੈ। ਕਦੇ ਕਿਸੇ ਰਾਏ ਮਸ਼ਵਰੇ ਦੀ ਲੋੜ ਪਈ ਹਾਜ਼ਰ ਹਾਂ। ਕਦੇ ਕੋਈ ਬਹਿਸ ਕਰਵਾਉਣੀ ਹੋਈ, ਕਰਵਾ ਲੈਣਾ। ਮੁਫ਼ਤ ਕਰਾਂਗਾ। ਹੁਣ ਇਕ ਮੇਰਾ ਸੁਝਾਅ ਹੈ। ਕਿਸੇ ਵਕੀਲ ਨਾਲ ਗੱਲ ਕਰਨੀ ਹੋਈ ਤਾਂ ਸਿੱਧਾ ਜਾਈਂ। ਤੂੰ ਵਕੀਲ ਹੈਂ। ਤੈਨੂੰ ਵਕੀਲ ਨਾਲ ਗੱਲ ਕਰਨ ਵਿਚ ਝਿਜਕ ਕਾਹਦੀ? ਕਿਸੇ ਕੋਲੋਂ ਫ਼ੋਨ ਤਕ ਕਰਵਾਇਆ ਅਗਲੇ ਨੂੰ ਹਿੱਸਾ ਦੇਣਾ ਪੈ ਜਾਏਗਾ। ਮਜਬੂਰੀ-ਵੱਸ ਵਕੀਲ ਨੂੰ ਆਪਣਾ ਰੇਟ ਵਧਾਉਣਾ ਪਏਗਾ।"

ਨੇਮੀ ਨਾਥ ਦੀ ਗੱਲ ਸੁਣ ਕੇ ਰਾਮ ਨਾਥ ਦੇ ਕੰਨ ਸਾਂ-ਸਾਂ ਕਰਨ ਲੱਗੇ। ਰਾਜਕੁਮਾਰ ਨੇ ਗਊ-ਹੱਤਿਆ ਵਰਗੇ ਕੇਸ ਵਿਚ ਹਿੱਸਾ ਮੰਗਿਆ ਸੀ। ਕੰਨੀਂ ਸੁਣਕੇ ਵੀ ਉਸਦਾ ਮਨ ਇਸ ਘਟਨਾ ਨੂੰ ਸੱਚ ਮੰਨਣ ਲਈ ਤਿਆਰ ਨਹੀਂ ਸੀ।

ਨੇਮੀ ਨਾਥ ਦੀ ਕੋਠੀਉਂ ਨਿਕਲਦੇ ਰਾਮ ਨਾਥ ਦਾ ਸਿਰ ਚਕਰਾਉਣ ਲੱਗਾ। ਬਚਦਾ ਹੌਂਸਲਾ ਪਸਤ ਹੋਣ ਲੱਗਾ। ਮਾਇਆ ਨਗਰ ਵਿਚੋਂ ਉਸਨੂੰ ਇਨਸਾਫ਼ ਨਹੀਂ ਮਿਲੇਗਾ। ਉਸਦਾ ਵਹਿਮ ਯਕੀਨ ਵਿਚ ਬਦਲਣ ਲੱਗਾ।

## -68-

ਸਾਰਾ ਦਿਨ ਆਪਣੇ ਆਪ ਨਾਲ ਘੌਂਝਲ ਕੇ ਰਾਮ ਨਾਥ ਨੇ ਹੌਸਲਾ ਇਕੱਠਾ ਕੀਤਾ। ਇੰਝ ਢੇਰੀ ਢਾਹ ਕੇ ਵੀ ਨਹੀਂ ਸੀ ਬੈਠਿਆ ਜਾ ਸਕਦਾ।

ਊਧਮ ਸਿੰਘ ਦਾ ਨਾਂ ਚੋਟੀ ਦੇ ਵਕੀਲਾਂ ਵਿਚ ਆਉਂਦਾ ਸੀ। ਸ਼ਾਮ ਨੂੰ ਉਹ ਉਸਦੀ ਕੋਠੀ ਪੁੱਜ ਗਿਆ।

"ਤੁਸੀਂ ਕਚਹਿਰੀ ਵਿਚੋਂ ਮੇਰੀ ਫ਼ੀਸ ਦਾ ਰੇਟ ਸੁਣ ਲਿਆ ਹੋਏਗਾ। ਜੇ ਮੈਂ ਮੁਦਈ ਧਿਰ ਦਾ ਵਕੀਲ ਬਨਣਾ ਹੋਵੇ ਮੈਂ ਇਕ ਲੱਖ ਰੁਪਿਆ ਫ਼ੀਸ ਲੈਂਦਾ ਹਾਂ। ਇਹ ਮੇਰੀ ਨੈੱਟ ਫ਼ੀਸ ਹੈ। ਜੇ ਤੁਸੀਂ ਕਮਿਸ਼ਨ ਲੈਣਾ ਹੈ ਤਾਂ ਫ਼ੀਸ ਹੋਏਗੀ ਡੇਢ ਲੱਖ। ਪੰਜਾਹ ਤੁਹਾਡਾ ...ਇਕ ਲੱਖ ਮੇਰਾ।"

"ਸਰ ਮੇਰੀ ਭੈਣ ਦਾ ਘਰ ਤਬਾਹ ਹੋ ਗਿਆ। ਮੈਂ ਹਿੱਸਾ ਲਵਾਂਗਾ?"

ਰਾਮ ਨਾਥ ਦਾ ਸਵੇਰ ਦਾ ਮਨ ਭਰਿਆ ਹੋਇਆ ਸੀ। ਉਸਦੇ ਹੰਝੂ ਆਪ-ਮੁਹਾਰੇ ਵਹਿ ਤੁਰੇ।

ਰਾਮ ਨਾਥ ਦੇ ਇਸ ਰੁਦਣ ਅਤੇ ਸੱਚੇ ਵਹੇ ਹੰਝੂਆਂ ਉਪਰ ਊਧਮ ਸਿੰਘ ਦਾ ਮਨ ਪਸੀਜ ਗਿਆ। ਉਸ ਨੂੰ ਆਪਣੇ ਸਖ਼ਤ ਰਵੱਈਏ 'ਤੇ ਅਫ਼ਸੋਸ ਹੋਇਆ। ਕਮਿਸ਼ਨ ਦੀ ਗੱਲ ਉਸ ਨੂੰ ਸੋਚ ਸਮਝ ਕੇ ਕਰਨੀ ਚਾਹੀਦੀ ਸੀ।

ਪਰ ਊਧਮ ਸਿੰਘ ਕੀ ਕਰੇ? ਉਸ ਦਾ ਵਾਹ ਅਜਿਹੇ ਹੀ ਲੋਕਾਂ ਨਾਲ ਪੈਂਦਾ ਸੀ।

ਸਕੇ ਬਾਪ ਨੂੰ ਜੇ ਵਕੀਲ ਕਰਕੇ ਦੇਣਾ ਹੋਵੇ ਤਾਂ ਵੀ ਲੋਕ ਹਿੱਸਾ ਭਾਲਦੇ ਸਨ।

ਹਾਲੇ ਕੱਲ੍ਹ ਉਸ ਕੋਲ ਇਕ ਕੇਸ ਆਇਆ ਸੀ। ਚਾਰ ਪੁੱਤਾਂ ਦਾ ਬਾਪ ਕਤਲ ਕੇਸ ਵਿਚ ਫਸ ਗਿਆ ਸੀ। ਕੇਸ ਲਿਆਉਣ ਵਾਲਾ ਪੁੱਤ ਕਹਿਣ ਲੱਗਾ, 'ਫ਼ੀਸ ਆਪਣੀ ਪੂਰੀ ਲਵੋ।' ਚਾਰਾਂ ਭਰਾਵਾਂ ਨੇ ਬਰਾਬਰ ਹਿੱਸਾ ਪਾ ਕੇ ਫ਼ੀਸ ਦੇਣੀ ਸੀ। ਤਿੰਨ ਭਰਾਵਾਂ ਦਾ ਹਿੱਸਾ ਵਕੀਲ ਰੱਖ ਲਏ। ਕੇਸ ਲਿਆਉਣ ਵਾਲੇ ਭਰਾ ਦਾ ਹਿੱਸਾ ਕਮਿਸ਼ਨ ਵਿਚ ਸਮਝ ਲਏ। ਉਹ ਕਪੁੱਤ ਤਾਂ ਸਾਧਾਰਨ ਸ਼ਹਿਰੀ ਸੀ। ਇਹ ਵਕੀਲ ਸੀ। ਕੀ ਪਤੈ ਪਿੱਛੋਂ ਹਿੱਸਾ ਮੰਗ ਕੇ ਬੈਠ ਜਾਏ? ਮੰਗੇਗਾ ਹੀ। ਮੰਗਣ ਦੀ ਵੀ ਜ਼ਰੂਰਤ ਨਹੀਂ। ਕੇਸ ਫੜਨ ਵਾਲੇ ਵਕੀਲ ਦਾ ਫਰਜ਼ ਸੀ ਆਪਣੇ ਆਪ ਹਿੱਸਾ ਦੇਵੇ। ਕੇਸ ਲੈ ਕੇ ਆਉਣ ਵਾਲੇ ਵਕੀਲ ਨੂੰ ਕਈ ਵਾਰ ਹਿੱਸਾ ਤੈਅ ਕਰਨ ਦਾ ਮੌਕਾ ਨਹੀਂ ਮਿਲਦਾ। ਅਸਾਮੀ ਸਿਰ 'ਤੇ ਚੜ੍ਹੀ ਰਹਿੰਦੀ ਹੈ।

ਅਜਿਹੇ ਕੌੜੇ ਤਜਰਬੇ ਕਾਰਨ ਊਧਮ ਸਿੰਘ ਮੂੰਹ-ਫੱਟ ਹੋਇਆ ਸੀ। ਊਧਮ ਸਿੰਘ ਨੇ ਆਪਣੇ ਕੌੜੇ ਸ਼ਬਦਾਂ ਲਈ ਮੁਆਫ਼ੀ ਮੰਗੀ। ਰਾਮ ਨਾਥ ਦੀ ਪਿੱਠ ਥਾਪੜ ਕੇ, ਪਾਣੀ ਪਿਲਾ ਕੇ ਉਸ ਨੂੰ ਕਾਇਮ ਕੀਤਾ।

"ਮੈਂ ਇੰਝ ਕਿਉਂ ਆਖਿਆ ਹੈ ਤੈਨੂੰ ਇੱਕ ਕਿੱਸਾ ਸੁਣਾਉਂਦਾ ਹਾਂ। ਇਕ ਵਕੀਲ ਮੇਰੇ ਕੋਲ ਆਪਣੇ ਸਕੇ ਤਾਏ ਦਾ ਕੇਸ ਲੈ ਕੇ ਆਇਆ। ਮੈਂ ਸੋਚਿਆ ਤਾਏ ਦੇ ਕੇਸ ਵਿਚੋਂ ਹਿੱਸਾ ਥੋੜ੍ਹਾ ਲਏਗਾ। ਮੈਂ ਫ਼ੀਸ ਘੱਟ ਮੰਗ ਲਈ। ਉਹ ਸ਼ਾਮ ਨੂੰ ਹਿੱਸਾ ਲੈਣ ਆ ਗਿਆ। ਮੈਂ ਇਤਰਾਜ਼ ਕੀਤਾ ਤਾਂ ਉਹ ਕਹਿਣ ਲੱਗਾ ਜੇ ਘੋੜਾ ਘਾਹ ਨਾਲ ਦੋਸਤੀ ਕਰੇਗਾ ਤਾਂ ਖਾਏਗਾ ਕੀ? ਤਾਏ ਨੇ ਜੁਰਮ ਕੀਤੈ ਤਾਂ ਆਪੇ ਭੁਗਤੇਗਾ। ਮੈਂ ਉਸਦੇ ਜਵਾਬ 'ਤੇ ਬੜਾ ਖੁਸ਼ ਹੋਇਆ। ਮੈਂ ਉਸਨੂੰ ਅਸ਼ੀਰਵਾਦ ਦਿੱਤਾ। ਤੂੰ ਤਰਕ ਘੜਨ ਦਾ ਮਾਹਿਰ ਹੈਂ। ਪੁੱਤਰ ਕਾਮਯਾਬ ਵਕੀਲ ਬਣੇਂਗਾ।"

"ਸਰ! ਉਹ ਸਾਡਾ ਸਾਰਾ ਘਰ ਲੁੱਟ ਕੇ ਲੈ ਗਏ। ਭਾਣਜੇ ਦੇ ਖਾਤੇ ਵਿਚੋਂ ਸਕਸੈਸ਼ਨ ਸਰਟੀਫਿਕੇਟ ਬਿਨਾਂ ਪੈਸਾ ਨਿਕਲ ਨਹੀਂ ਰਿਹਾ। ਭੈਣ ਬੇਹੋਸ਼ ਪਈ ਹੈ। ਜੀਜੇ ਦੇ ਹੱਥਾਂ 'ਤੇ ਪਲੱਸਤਰ ਲੱਗਾ ਹੈ। ਉਨ੍ਹਾਂ ਦੇ ਖ਼ਾਤੇ ਬੇਕਾਰ ਹੋਏ ਪਏ ਹਨ। ਮੈਂ ਛੋਟੇ ਜਿਹੇ ਸ਼ਹਿਰ ਦਾ ਸਾਧਾਰਨ ਜਿਹਾ ਵਕੀਲ ਹਾਂ। ਆਪਣੀ ਪੂਰੀ ਪੂੰਜੀ ਇਲਾਜ 'ਤੇ ਲਾ ਬੈਠਾਂ। ਸੱਚ ਜਾਣਿਓ ਹੁਣ ਕਰਜ਼ਾ ਚੁੱਕਣ ਤਕ ਨੌਬਤ ਆਈ ਪਈ ਹੈ। ਮੈਂ ਇੰਨੀ ਫ਼ੀਸ ਨਹੀਂ ਦੇ ਸਕਦਾ।"

"ਮੈਂ ਤੇਰੀ ਮਜਬੂਰੀ ਸਮਝ ਰਿਹਾਂ। ਇਕ ਲੱਖ ਤੋਂ ਘੱਟ ਮੈਂ ਕਦੇ ਫ਼ੀਸ ਨਹੀਂ ਲਈ। ਤੇਰੇ ਲਈ ਅੱਧੀ ਕਰ ਦਿੰਦਾ ਹਾਂ। ਵੀਹ ਪਹਿਲਾਂ ਦੇ ਦਿਓ। ਬਾਕੀ ਹੌਲੀ-ਹੌਲੀ ਦੇ ਦੇਣਾ।"

ਇੰਨੀ ਰਿਆਇਤ ਊਧਮ ਸਿੰਘ ਨੇ ਪਹਿਲੀ ਵਾਰੀ ਕੀਤੀ ਸੀ।

ਰਾਮ ਨਾਥ ਊਧਮ ਸਿੰਘ ਨੂੰ ਵਕੀਲ ਤਾਂ ਕਰਨਾ ਚਾਹੁੰਦਾ ਸੀ ਪਰ ਇੰਨੀ ਫ਼ੀਸ ਦੇਣ ਦਾ ਫ਼ੈਸਲਾ ਉਹ ਇਕੱਲਾ ਨਹੀਂ ਸੀ ਕਰ ਸਕਦਾ। ਉਸਨੂੰ ਵੇਦ ਨਾਲ ਰਾਏ ਕਰਨੀ ਚਾਹੀਦੀ ਸੀ।

"ਤੁਹਾਡੀ ਬੜੀ ਮਿਹਰਬਾਨੀ। ਮੈਂ ਆਪਣੇ ਭਣੋਈਏ ਨਾਲ ਰਾਏ ਕਰਕੇ ਦੱਸਾਂਗਾ।"

"ਚੱਲ ਯਾਰ ਤੂੰ ਦਸ ਹਜ਼ਾਰ ਹੋਰ ਘੱਟ ਦੇ ਦੇਈਂ।"

ਪਤਾ ਨਹੀਂ ਕਿਉਂ ਅੱਜ ਊਧਮ ਸਿੰਘ ਦਾ ਦਿਲ ਕੁਝ ਜ਼ਿਆਦਾ ਹੀ ਪਸੀਜ ਗਿਆ ਸੀ।



ਅਜਿਹੀ ਦਰਦਨਾਕ ਅਤੇ ਖ਼ੌਫਨਾਕ ਘਟਨਾ ਮਾਇਆ ਨਗਰ ਵਿਚ ਪਹਿਲੀ ਵਾਰ ਘਟੀ ਸੀ। ਉਸਦਾ ਮਨ ਉਸਨੂੰ ਝੰਜੋੜ ਰਿਹਾ ਸੀ। ਉਸਨੂੰ ਮੁਦਈ ਧਿਰ ਦੀ ਮਦਦ ਕਰਨੀ ਚਾਹੀਦੀ ਸੀ। ਇਸੇ ਮਾਨਸਿਕ ਦਬਾਅ ਤਹਿਤ ਉਹ ਫ਼ੀਸ ਘਟਾਉਂਦਾ ਜਾ ਰਿਹਾ ਸੀ।

"ਬਹੁਤ-ਬਹੁਤ ਧੰਨਵਾਦ। ਮੈਂ ਕੱਲ੍ਹ ਸ਼ਾਮ ਨੂੰ ਆਵਾਂਗਾ। ਉਨਾ ਚਿਰ ਤੁਸੀਂ ਦੂਜੀ ਧਿਰ ਦੇ ਵਕੀਲ ਨਾ ਬਣਿਓ। ਮੇਰਾ ਇੰਤਜ਼ਾਰ ਕਰਿਓ।"

"ਇਹ ਵਾਅਦਾ ਪੱਕਾ। ਤੂੰ ਮੈਨੂੰ ਵਕੀਲ ਨਾ ਵੀ ਕਰੇਂ ਫੇਰ ਵੀ ਮੈਂ ਮੁਲਜ਼ਮਾਂ ਦਾ ਵਕੀਲ ਨਹੀਂ ਬਣਾਂਗਾ।"

"ਬਹੁਤ ਸ਼ੁਕਰੀਆ।"

"ਤੂੰ ਇੰਝ ਕਰ। ਵਿਕਟਮ ਵੈਲਫੇਅਰ ਸੋਸਾਇਟੀ ਵਾਲਿਆਂ ਨੂੰ ਮਿਲ। ਕੇਸ ਉਨ੍ਹਾਂ ਦੇ ਨਿਯਮਾਂ ਦੀ ਜੱਦ ਵਿਚ ਆਉਂਦਾ ਲਗਦਾ ਹੈ। ਮੈਂ ਵੀ ਉਨ੍ਹਾਂ ਦਾ ਮੈਂਬਰ ਹਾਂ। ਜੇ ਉਹ ਮੰਨ ਗਏ ਤੁਹਾਡੇ ਕਈ ਮਸਲੇ ਹੱਲ ਹੋ ਜਾਣਗੇ।"

ਰਾਮ ਨਾਥ ਦੇ ਉੱਠਣ ਤੋਂ ਪਹਿਲਾਂ ਊਧਮ ਸਿੰਘ ਨੇ ਇਹ ਮਸ਼ਵਰਾ ਦਿੱਤਾ। ਪਤਾ ਨਹੀਂ ਕਿਉਂ ਉਹ ਰਾਮ ਨਾਥ ਨੂੰ ਖਾਲੀ ਹੱਥ ਨਹੀਂ ਸੀ ਮੋੜਨਾ ਚਾਹੁੰਦਾ।

"ਬੇਹਤਰ ਜਨਾਬ।"

ਨਿਰਾਸ਼ ਹੋ ਕੇ ਮੁੜਦੇ ਰਾਮ ਨਾਥ ਨੂੰ ਦੇਖ ਕੇ ਊਧਮ ਸਿੰਘ ਦੇ ਕਾਲਜੇ ਵਿਚੋਂ ਰੁੱਗ ਜਿਹਾ ਭਰਿਆ ਜਾਣ ਲੱਗਾ।

"ਜੇ ਉਹ ਮੰਨ ਗਏ ਠੀਕ। ਨਹੀਂ ਮੇਰੇ ਕੋਲ ਆ ਜਾਈਂ। ਕੋਈ ਰਾਹ ਲੱਭਾਂਗੇ।"

ਊਧਮ ਸਿੰਘ ਦੇ ਅੰਦਰੋਂ ਕੋਈ ਅਵਾਜ਼ ਆ ਰਹੀ ਸੀ। ਉਸ ਕੋਲ ਰੱਬ ਦਾ ਦਿੱਤਾ ਸਭ ਕੁਝ ਸੀ। ਪੰਦਰਾਂ ਵੀਹ ਲੱਖ ਰੁਪਏ ਮਹੀਨੇ ਦੀ ਵਕਾਲਤ ਸੀ। ਜ਼ਮੀਨ ਨਾਲ ਜ਼ਮੀਨ ਸੀ, ਕਾਰਾਂ ਨਾਲ ਕਾਰਾਂ ਸਨ। ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਸੀ। ਫੇਰ ਉਹ ਲਾਲਚ ਕਿਉਂ ਕਰ ਰਿਹਾ ਸੀ? ਇਹ ਕੇਸ ਉਸਨੂੰ ਮੁਫ਼ਤ ਲੜਨਾ ਚਾਹੀਦਾ ਸੀ।

ਊਧਮ ਸਿੰਘ ਨੇ ਅੰਦਰੋਂ ਆਉਂਦੀ ਆਵਾਜ਼ ਦੀ ਕਦਰ ਕੀਤੀ। ਉਸਨੇ ਫੈਸਲਾ ਕੀਤਾ। ਉਹ ਮੁਕੱਦਮਾ ਮੁਫ਼ਤ ਲੜੇਗਾ।

ਪਰ ਲੱਖ ਚਾਹੁੰਦੇ ਹੋਏ ਵੀ ਉਹ ਇਹ ਫ਼ੈਸਲਾ ਰਾਮ ਨਾਥ ਨੂੰ ਨਾ ਸੁਣਾ ਸਕਿਆ।

ਸ਼ਾਇਦ ਇਸ ਲਈ ਕਿਉਂਕਿ ਉਹ ਮੁਫ਼ਤ ਕੇਸ ਲੜਨ ਦਾ ਆਦੀ ਨਹੀਂ ਸੀ।

## -69-

ਰਾਮ ਨਾਥ ਵਿਕਟਮ ਵੈਲਫੇਅਰ ਸੋਸਾਇਟੀ ਦੀਆਂ ਗਤੀਵਿਧੀਆਂ ਤੋਂ ਵਾਕਿਫ਼ ਸੀ। ਛੇ ਕੁ ਸਾਲ ਪਹਿਲਾਂ ਇਸ ਸੁਸਾਇਟੀ ਦਾ ਗਠਨ ਇਸ ਨਗਰ ਦੇ ਚਿੰਤਕ ਨੌਜਵਾਨ ਵਕੀਲ ਹਰੀਸ਼ ਰਾਏ ਨੇ ਕੀਤਾ ਸੀ।

ਤਹਿਸੀਲ ਪੱਧਰ ਤੋਂ ਲੈ ਕੇ ਹਾਈ ਕੋਰਟ ਤਕ ਇਸ ਸੋਸਾਇਟੀ ਦੀਆਂ ਇਕਾਈਆਂ ਖੁਲ੍ਹੀਆਂ ਸਨ। ਇਸ ਮਕਸਦ ਲਈ ਰਾਮ ਨਾਥ ਦੇ ਸ਼ਹਿਰ ਆਇਆ ਪ੍ਰਧਾਨ ਇਕ ਵਾਰ ਉਸਨੂੰ ਮਿਲਿਆ ਸੀ।

ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਰਹਿਣ ਦੀਆਂ ਭੁੱਖੀਆਂ ਕੁਝ ਅਖੌਤੀ ਸਮਾਜ ਸੇਵੀ ਸੰਸਥਾਵਾਂ ਆਪਣਾ ਨਾਂ ਚਮਕਾਉਣ ਲਈ ਮੁਲਜ਼ਮਾਂ ਦੇ ਮਨੁੱਖੀ-ਅਧਿਕਾਰਾਂ ਦਾ ਢੰਡੋਰਾ

ਪਿੱਟਦੀਆਂ ਰਹਿੰਦੀਆਂ ਸਨ। "ਜੇਲ੍ਹਾਂ ਨੂੰ ਅਰਾਮਦਾਇਕ ਬਣਾਓ। ਖਾਣ ਪੀਣ ਵਧੀਆ ਦਿਓ। ਨਹਾਉਣ ਲਈ ਖੁਲ੍ਹਾ ਪਾਣੀ ਅਤੇ ਤੇਲ ਸਾਬਣ ਦਿਓ। ਖੇਡਾਂ ਅਤੇ ਮਨੋਰੰਜਨ ਦਾ ਪ੍ਰਬੰਧ ਕਰੋ। ਡਾਕਟਰੀ ਸਹੂਲਤਾਂ ਦਿਓ। ਮੁੜ-ਵਸੇਬੇ ਦਾ ਇੰਤਜ਼ਾਮ ਕਰੋ। ਯੋਗਾ ਕਰਾਓ। ਧਾਰਮਿਕ ਭਾਸ਼ਣ ਕਰਾਓ। ਘਰ ਜਾਣ ਦੀ ਛੁੱਟੀ ਦਿਓ। ਗਰੀਬ ਮੁਲਜ਼ਮਾਂ ਨੂੰ ਸਰਕਾਰੀ ਖਰਚੇ 'ਤੇ ਵਕੀਲ ਕਰਕੇ ਦਿਓ। ਸਜ਼ਾ ਸੁਣਾਉਣ ਤੋਂ ਪਹਿਲਾਂ ਮਿਸਲ 'ਤੇ ਠੋਸ ਸਬੂਤਾਂ ਦਾ ਹੋਣਾ ਯਕੀਨੀ ਬਣਾਓ।"

ਸਰਕਾਰਾਂ ਅਤੇ ਅਦਾਲਤਾਂ ਇਨ੍ਹਾਂ ਸੰਸਥਾਵਾਂ ਦੇ ਦਬਾਅ ਹੇਠ ਆ ਕੇ ਮੁਲਜ਼ਮਾਂ ਨੂੰ ਰਿਆਇਤਾਂ 'ਤੇ ਰਿਆਇਤਾਂ ਦੇ ਰਹੀਆਂ ਸਨ। ਨਹਾਉਣ ਲਈ ਟਿਊਬਵੈੱਲ ਲਾ ਦਿੱਤੇ। ਮਨੋਰੰਜਨ ਲਈ ਟੀ.ਵੀ. ਲਾ ਦਿੱਤੇ। ਖੇਡਾਂ ਦਾ ਪ੍ਰਬੰਧ ਕਰ ਦਿੱਤਾ। ਕਾਨੂੰਨੀ ਸਹਾਇਤਾ ਦੇਣ ਲਈ ਵੱਖਰਾ ਫੰਡ ਬਣਾ ਦਿੱਤਾ। ਕਿਸ਼ੋਰ ਮੁਲਜ਼ਮਾਂ ਦੇ ਹੱਕ ਵਿਚ ਕਾਨੂੰਨ ਬਣ ਗਿਆ। ਔਰਤ ਮੁਲਜ਼ਮਾਂ ਨੂੰ ਭਾਰੀ ਛੋਟਾਂ ਮਿਲ ਗਈਆਂ। ਅਦਾਲਤਾਂ ਨੇ ਦੋਸ਼ੀਆਂ ਦੇ ਹੱਕ ਵਿਚ ਨਿਯਮ ਘੜਨੇ ਸ਼ੁਰੂ ਕਰ ਦਿੱਤੇ। ਜੇ ਅਦਾਲਤ ਨੂੰ ਮੁਲਜ਼ਮ ਦੇ ਦੋਸ਼ੀ ਹੋਣ 'ਤੇ ਰੱਤੀ ਭਰ ਵੀ ਸ਼ੱਕ ਪਏ ਤਾਂ ਬਾਕੀ ਸਬੂਤਾਂ ਨੂੰ ਛਿੱਕੇ ਟੰਗ ਕੇ ਉਸਨੂੰ ਬਰੀ ਕਰ ਦੇਵੋ। ਦੋਸ਼ੀਆਂ ਨੂੰ ਮੌਜਾਂ ਲਗ ਗਈਆਂ। ਸੌ ਵਿਚੋਂ ਨੱਬੇ ਬਰੀ ਹੋਣ ਲੱਗੇ।

ਮੁਲਜ਼ਮ-ਪੱਖੀ ਇਸ ਰਾਮ-ਰੌਲੇ ਵਿਚ ਮੁਲਜ਼ਮਾਂ ਹੱਥੋਂ ਮਾਰ ਖਾਈ ਬੈਠੇ ਲੋਕਾਂ ਦੀਆਂ ਆਹਾਂ ਕੋਈ ਨਹੀਂ ਸੁਣਦਾ। ਇਨ੍ਹਾਂ ਪੀੜਤਾਂ ਉਪਰ ਦੂਹਰੀ ਤੀਹਰੀ ਮਾਰ ਪੈ ਰਹੀ ਸੀ। ਪਹਿਲਾਂ ਮੁਲਜ਼ਮ ਉਨ੍ਹਾਂ ਦੇ ਮਨਾਂ ਅਤੇ ਸਰੀਰਾਂ ਨੂੰ ਜ਼ਖਮੀ ਕਰਦੇ ਸਨ, ਫੇਰ ਅਦਾਲਤਾਂ ਮੁਲਜ਼ਮਾਂ ਨੂੰ ਨਿਰਦੋਸ਼ ਆਖ ਕੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਉਚੇੜ ਦਿੰਦੀਆਂ ਸਨ।

ਹਰੀਸ਼ ਰਾਏ ਨੇ ਇਨ੍ਹਾਂ ਪੀੜਤਾਂ ਦੇ ਹੰਝੂ ਪੂੰਝਣ ਦਾ ਬੀੜਾ ਚੁੱਕਿਆ ਸੀ।

ਉਸ ਸਮੇਂ ਇਸ ਸ਼ੁਭ ਕਾਰਜ ਲਈ ਰਾਮ ਨਾਥ ਦੇ ਸ਼ਹਿਰ ਦੇ ਵਕੀਲਾਂ ਵੱਲੋਂ ਹਰੀਸ਼ ਰਾਏ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਹੋਰ ਵਕੀਲਾਂ ਦੇ ਨਾਲ-ਨਾਲ ਰਾਮ ਨਾਥ ਨੇ ਵੀ ਸੋਸਾਇਟੀ ਨੂੰ ਆਪਣੀਆਂ ਸੇਵਾਵਾਂ ਭੇਂਟ ਕੀਤੀਆਂ ਸਨ।

ਰਾਮ ਨਾਥ ਦੇ ਸ਼ਹਿਰ ਵਿਚ ਇਕਾਈ ਦਾ ਗਠਨ ਹੋਇਆ ਸੀ। ਇਕਾਈ ਨੇ ਪੂਰੇ ਇਲਾਕੇ ਵਿਚ ਆਪਣੇ ਉਦੇਸ਼ਾਂ ਦਾ ਪ੍ਰਚਾਰ ਵੀ ਕੀਤਾ ਸੀ। ਪਰ ਸੋਸਾਇਟੀ ਲੋਕਾਂ ਵਿਚ ਹਰਮਨ ਪਿਆਰੀ ਨਹੀਂ ਸੀ ਹੋ ਸਕੀ।

ਇਸ ਦਾ ਇਕ ਕਾਰਨ ਇਹ ਸੀ ਕਿ ਉਨ੍ਹਾਂ ਦੇ ਸ਼ਹਿਰ ਵਿਚ ਮਾਇਆ ਨਗਰ ਵਰਗਾ ਧੱਕਾ ਨਹੀਂ ਸੀ ਹੁੰਦਾ। ਵਾਰਦਾਤ ਹੋਣ 'ਤੇ ਪੁਲਿਸ ਝੱਟ ਮੁਕੱਦਮਾ ਦਰਜ ਕਰਦੀ ਸੀ। ਫੌਰੀ ਤੌਰ 'ਤੇ ਹਰਕਤ ਵਿਚ ਆਉਂਦੀ ਸੀ। ਪੇਸ਼ਗੀ ਜ਼ਮਾਨਤ ਸਾਲ ਵਿਚ ਮਸਾਂ ਇਕ ਦੋਸ਼ੀ ਦੀ ਮਨਜ਼ੂਰ ਹੁੰਦੀ ਸੀ। ਬਾਕੀ ਦੇ ਕੇਸਾਂ ਵਿਚ ਦੋਸ਼ੀਆਂ ਦੀ ਗ੍ਰਿਫ਼ਤਾਰੀ ਹੁੰਦੀ ਸੀ। ਪੁਲਿਸ ਸਮੇਂ ਸਿਰ ਚਲਾਨ ਤਿਆਰ ਕਰਦੀ ਸੀ। ਅਦਾਲਤਾਂ ਇਨਸਾਫ ਦਿੰਦੀਆਂ ਸਨ। ਗ੍ਰਿਫ਼ਤਾਰ ਹੋਏ ਮੁਲਜ਼ਮ ਦੀ ਜ਼ਮਾਨਤ ਨਾਨੀ ਯਾਦ ਕਰਵਾ ਕੇ ਹੁੰਦੀ ਸੀ। ਵਕੀਲਾਂ ਦੀ ਫ਼ੀਸ ਥੋੜ੍ਹੀ ਸੀ। ਮੁਦਈ ਨੂੰ ਆਪਣਾ ਵਕੀਲ ਖੜ੍ਹਾ ਕਰਨ ਵਿਚ ਬਹੁਤੀ ਔਖ ਮਹਿਸੂਸ ਨਹੀਂ ਸੀ ਹੁੰਦੀ।

ਮਾਇਆ ਨਗਰ ਵਿਚ ਸਥਿਤੀ ਉਲਟ ਸੀ। ਇਥੇ ਮੁਜਰਮ ਅਤੇ ਪੈਸੇ ਦਾ ਸਤਾਇਆ ਪੀੜਤ ਮਨੁੱਖ ਸੂਲੀ 'ਤੇ ਚੜ੍ਹਿਆ ਰਹਿੰਦਾ ਸੀ। ਇਸ ਨਗਰ ਵਿਚ ਅਜਿਹੀ ਸੰਸਥਾ ਦੀ ਬਹੁਤ ਜ਼ਰੂਰਤ ਸੀ। ਇਸ ਲਈ ਸੋਸਾਇਟੀ ਇਥੇ ਕਾਮਯਾਬੀ ਨਾਲ ਕੰਮ ਕਰ ਰਹੀ ਸੀ।



ਸੋਸਾਇਟੀ ਵੱਲੋਂ ਹੁੰਦੀ ਪੈਰਵਾਈ ਬਾਰੇ ਰਾਮ ਨਾਥ ਅਖ਼ਬਾਰਾਂ ਵਿਚ ਪੜ੍ਹਦਾ ਰਹਿੰਦਾ ਸੀ। ਕੇਸ ਸੋਸਾਇਟੀ ਦੇ ਹੱਥ ਜਾਂਦਿਆਂ ਹੀ ਪੀੜਤ ਨੂੰ ਆਪਣੇ ਦੁੱਖ ਭੁੱਲ ਜਾਂਦੇ ਸਨ।

"ਬਸ ਇਕ ਵਾਰ ਮੇਰਾ ਕੇਸ ਪ੍ਰਵਾਨ ਹੋ ਜਾਏ। ਫੇਰ ਮੇਰੇ ਮਨੋਂ ਬੋਝ ਲਹੇ।"

ਸਾਰੇ ਰਸਤੇ ਰਾਮ ਨਾਥ ਇਹੋ ਦੁਆ ਕਰਦਾ ਰਿਹਾ ਸੀ।

ਬੜੀ ਗਰਮ-ਜੋਸ਼ੀ ਨਾਲ ਰਾਮ ਨਾਥ ਦਾ ਸਵਾਗਤ ਹੋਇਆ।

ਪ੍ਰਧਾਨ ਰਾਮ ਨਾਥ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਲਈ ਤਿਆਰ ਸੀ। ਥਾਣੇ ਦੇ ਮੁੱਖ ਅਫ਼ਸਰ ਤੋਂ ਲੈ ਕੇ ਸੂਬੇ ਦੇ ਮੁੱਖ ਮੰਤਰੀ ਤਕ ਉਸਦੀ ਪਹੁੰਚ ਸੀ। ਪ੍ਰਧਾਨ ਦੀ ਗੱਲ ਧਿਆਨ ਨਾਲ ਸੁਣੀ ਜਾਂਦੀ ਸੀ। ਉਸਦੇ ਸੁਭਾਅ 'ਤੇ ਅਮਲ ਹੁੰਦਾ ਸੀ। ਰਾਮ ਨਾਥ ਜਿਥੇ ਮਰਜ਼ੀ ਉਸਨੂੰ ਲਿਜਾ ਸਕਦਾ ਸੀ।

ਰਾਮ ਨਾਥ ਨੂੰ ਸਾਰੀ ਸਰਕਾਰੀ ਮਸ਼ੀਨਰੀ 'ਤੇ ਗਿਲਾ ਸੀ। ਪੰਕਜ ਹੋਰਾਂ ਦੀ ਗ੍ਰਿਫ਼ਤਾਰੀ ਤਕ ਤਫ਼ਤੀਸ਼ ਠੀਕ ਚੱਲ ਰਹੀ ਸੀ। ਹੁਣ ਸਭ ਕੁਝ ਮੁਲਜ਼ਮਾਂ ਦੇ ਹੱਕ ਵਿਚ ਹੋ ਰਿਹਾ ਸੀ।

ਸਾਰਾ ਭਾਰ ਰਾਮ ਨਾਥ ਦੇ ਮੋਢਿਆਂ ਉਪਰ ਸੀ। ਹੁਣ ਉਹ ਮੋਢੇ ਥੱਕਦੇ ਜਾ ਰਹੇ ਸਨ। ਸੋਸਾਇਟੀ ਪੀੜਤਾਂ ਦੀ ਮਦਦ ਲਈ ਆਪਣੇ ਮੋਢੇ ਅੱਗੇ ਕਰੇ।

"ਕੇਸ ਆਪਣੇ ਹੱਥ ਲੈਣ ਦੇ ਸੋਸਾਇਟੀ ਦੇ ਕੁਝ ਨਿਯਮ ਹਨ। ਹਾਲੇ ਇਹ ਕੇਸ ਸਾਡੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ। ਸਾਰੇ ਦੋਸ਼ੀ ਫੜੇ ਜਾ ਚੁੱਕੇ ਹਨ। ਸਾਰੇ ਜੇਲ੍ਹ ਵਿਚ ਹਨ। ਦਸੋ ਪੀੜਤਾਂ ਨਾਲ ਕੀ ਧੱਕਾ ਹੋ ਰਿਹਾ ਹੈ?"

"ਛੋਟੇ ਭਰਾ! ਬਹੁਤ ਧੱਕਾ ਹੋ ਰਿਹਾ ਹੈ। ਪੰਕਜ ਅਤੇ ਨੀਰਜ ਇਕ ਦਿਨ ਲਈ ਵੀ ਜੇਲ੍ਹ ਨਹੀਂ ਗਏ। ਪਹਿਲੇ ਦਿਨ ਤੋਂ ਹਸਪਤਾਲ ਦਾਖ਼ਲ ਹੋਏ ਬੈਠੇ ਹਨ। ਹਸਪਤਾਲ ਦੇ ਪ੍ਰਾਈਵੇਟ ਕਮਰੇ ਲੈ ਕੇ ਫਾਈਵ ਸਟਾਰ ਵਾਲੀਆਂ ਸਹੂਲਤਾਂ ਪ੍ਰਾਪਤ ਕਰ ਰੱਖੀਆਂ ਹਨ। ਉਥੋਂ ਬੈਠੇ ਕਾਰੋਬਾਰ ਚਲਾ ਰਹੇ ਹਨ। ਜਦੋਂ ਦਿਲ ਕਰੇ ਘਰ ਜਾ ਆਉਂਦੇ ਹਨ। ਪਤਨੀਆਂ ਉਨ੍ਹਾਂ ਦੇ ਕਮਰਿਆਂ ਵਿਚ ਸੌਂਦੀਆਂ ਹਨ। ਇਹ ਕੋਈ ਪੁਲੀਸ ਹਿਰਾਸਤ ਹੈ?"

"ਤੁਸੀਂ ਠੀਕ ਕਹਿੰਦੇ ਹੋ। ਪਰ ਹਨ ਤਾਂ ਉਹ ਹਿਰਾਸਤ ਵਿਚ ਹੀ। ਮੇਰੀ ਰਾਏ ਅਨੁਸਾਰ ਕਾਨੂੰਨ ਠੀਕ ਰਾਹ ਤੁਰ ਰਿਹਾ ਹੈ। ਥੋੜ੍ਹੀਆਂ ਬਹੁਤ ਊਣਤਾਈਆਂ ਹਰ ਥਾਂ ਰਹਿ ਜਾਂਦੀਆਂ ਹਨ।"

ਪ੍ਰਧਾਨ ਦਾ ਇਹ ਰਵੱਈਆ ਰਾਮ ਨਾਥ ਨੂੰ ਨਾਂਹ-ਪੱਖੀ ਲੱਗਾ। ਉਸਦੀ ਹਿੰਮਤ ਦੀ ਢੇਰੀ ਢਹਿਣ ਲੱਗੀ।

ਪ੍ਰਧਾਨ ਬਰੇ ਉਸਨੇ ਬਹੁਤ ਕੁਝ ਸੁਣ ਰੱਖਿਆ ਸੀ। ਉਸਦੀ ਨਿਰਪੱਖਤਾ, ਦਲੇਰੀ ਅਤੇ ਸੱਚ 'ਤੇ ਪਹਿਰਾ ਦੇਣ ਦੀ ਆਦਤ ਹਰ ਥਾਂ ਮਸ਼ਹੂਰ ਸੀ। ਫੇਰ ਉਹ ਇਸ ਕੇਸ ਤੋਂ ਕੰਨੀ ਕਿਉਂ ਕਤਰਾ ਰਿਹਾ ਸੀ?

ਰਾਮ ਨਾਥ ਨੂੰ ਸ਼ੱਕ ਹੋਇਆ। ਪੰਕਜ ਹੋਰੀ ਬੜੇ ਸ਼ਾਤਰ ਹਨ। ਕਿਧਰੇ ਪ੍ਰਧਾਨ ਤਕ ਪਹੁੰਚ ਨਾ ਕਰ ਗਏ ਹੋਣ। ਹਰ ਮੋਰੀ ਬੰਦ ਕਰਨੀ ਉਨ੍ਹਾਂ ਨੂੰ ਆਉਂਦੀ ਸੀ।

"ਕਾਨੂੰਨ ਪਹਿਲਾਂ ਠੀਕ ਰਸਤੇ ਚੱਲਦਾ ਸੀ। ਹੁਣ ਚੱਲਣੋਂ ਹਟ ਗਿਆ ਹੈ। ਇਸੇ ਲਈ ਮੈਂ ਤੁਹਾਡੇ ਕੋਲ ਆਇਆ ਹਾਂ। ਆਈ.ਜੀ. (ਕਰਾਈਮ) ਪੰਕਜ ਅਤੇ ਨੀਰਜ ਨੂੰ ਨਿਰਦੋਸ਼ ਕਰਾਰ ਦੇ ਰਿਹਾ ਹੈ। ਜੇ ਉਹੋ ਨਿਕਲ ਗਏ, ਫੇਰ ਸਾਨੂੰ ਕਾਹਦਾ ਇਨਸਾਫ਼ ਮਿਲੂ।"

"ਜੇ ਉਹ ਮੁਕੱਦਮੇ ਵਿਚੋਂ ਨਿਕਲ ਗਏ, ਫੇਰ ਕੇਸ ਸੋਸਾਇਟੀ ਦੀ ਜੱਦ ਵਿਚ ਆ ਜਾਏਗਾ, ਫੇਰ ਅਸੀਂ ਤੁਹਾਡਾ ਕੇਸ ਲੜਾਂਗੇ।"

ਪ੍ਰਧਾਨ ਦੇ ਇਸ ਉੱਤਰ 'ਤੇ ਰਾਮ ਨਾਥ ਮਨ ਹੀ ਮਨ ਸ਼ਰਮਿੰਦਾ ਹੋਣ ਲੱਗਾ। ਉਹ ਬਿਨਾਂ ਕਾਰਨ ਪ੍ਰਧਾਨ 'ਤੇ ਸ਼ੱਕ ਕਰ ਰਿਹਾ ਸੀ। ਪ੍ਰਧਾਨ ਠੀਕ ਆਖ ਰਿਹਾ ਸੀ। ਹਾਲੇ ਉਨ੍ਹਾਂ ਨਾਲ ਧੱਕਾ ਹੋਇਆ ਨਹੀਂ ਸੀ। ਹੋਣ ਜਾ ਰਿਹਾ ਸੀ।

"ਜਦੋਂ ਤੀਰ ਕਮਾਨੋਂ ਨਿਕਲ ਗਿਆ ਫੇਰ ਕੀ ਕਰਾਂਗੇ? ਜੇ ਸੋਸਾਇਟੀ ਸਾਥ ਦੇਵੇ ਤਾਂ ਮੁਲਜ਼ਮਾਂ ਨੂੰ ਬੇਕਸੂਰ ਕਰਾਰ ਦਿੱਤੇ ਜਾਣ ਤੋਂ ਰੋਕਿਆ ਜਾ ਸਕਦਾ ਹੈ।"

"ਦੱਸੋ ਆਪਾਂ ਕਿਸ ਕਾਨੂੰਨ ਤਹਿਤ ਇਹ ਕਾਰਵਾਈ ਰੋਕਾਂਗੇ? ਅਦਾਲਤ ਤਫ਼ਤੀਸ਼ ਵਿਚ ਦਖ਼ਲ ਨਹੀਂ ਦੇ ਸਕਦੀ। ਤੁਹਾਡੀ ਨਜ਼ਰ ਵਿਚ ਕੋਈ ਨੁਕਤਾ ਹੈ ਤਾਂ ਦੱਸੋ! ਤੁਸੀਂ ਵਕੀਲ ਹੋ। ਕਾਨੂੰਨ ਜਾਣਦੇ ਹੋ।"

ਰਾਮ ਨਾਥ ਨੇ ਪ੍ਰਧਾਨ ਦੇ ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਆਪਣੇ ਦਿਮਾਗ ਨੂੰ ਕੰਪਿਊਟਰ ਵਾਂਗ ਚਲਾਇਆ। ਸਾਰੇ ਕਾਨੂੰਨ, ਨਿਯਮ ਅਤੇ ਉੱਚ ਅਦਾਲਤਾਂ ਦੇ ਫੈਸਲੇ ਘੋਖੇ। ਸੱਚਮੁੱਚ ਅਜਿਹਾ ਕੋਈ ਨੁਕਤਾ ਨਹੀਂ ਸੀ।

"ਉਨ੍ਹਾਂ ਨੂੰ ਆਪਣਾ ਜ਼ੋਰ ਲਾ ਲੈਣ ਦਿਓ। ਆਪਾਂ ਫੇਰ ਤਲਬ ਕਰਵਾ ਲਵਾਂਗੇ।"

"ਜਿਵੇਂ ਤੁਹਾਡੀ ਮਰਜ਼ੀ।"

ਰਾਮ ਨਾਥ ਕੋਲ ਸਹਿਮਤ ਹੋਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

"ਇਕ ਦੋਸ਼ੀ ਨੇ ਜ਼ਮਾਨਤ ਦੀ ਦਰਖ਼ਾਸਤ ਲਾਈ ਹੈ। ਉਸਨੂੰ ਵਕੀਲ ਪੰਕਜ ਨੇ ਕਰ ਕੇ ਦਿੱਤਾ ਹੈ। ਉਹ ਆਪਣੇ ਆਪ ਨੂੰ ਕਿਸ਼ੋਰ ਦੱਸ ਰਿਹਾ ਹੈ। ਸਰਕਾਰੀ ਵਕੀਲ ਮੇਰੇ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦਾ। ਜ਼ਮਾਨਤ ਰੋਕਣ ਵਿਚ ਮੇਰੀ ਮਦਦ ਕਰੋ।"

"ਮੈਂ ਤਿਆਰ ਹਾਂ। ਦੱਸੋ ਕੀ ਮਦਦ ਚਾਹੀਦੀ ਹੈ?"

"ਸੋਸਾਇਟੀ ਵੱਲੋਂ ਨਾ ਸਹੀ। ਨਿੱਜੀ ਰੂਪ ਵਿਚ ਸਾਡੇ ਵਕੀਲ ਬਣ ਜਾਓ।"

"ਮਨਜ਼ੂਰ ਹੈ।"

ਪ੍ਰਧਾਨ ਦੀ ਮਨਜ਼ੂਰੀ ਮਿਲਦੇ ਹੀ ਰਾਮ ਨਾਥ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਖੰਭ ਲਾ ਗਈਆਂ। ਚਿਹਰੇ 'ਤੇ ਖੁਸ਼ੀ ਟਪਕਣ ਲੱਗੀ।

"ਫ਼ੀਸ ਦੱਸੋ?" ਧੜਕਦੇ ਦਿਲ ਨਾਲ ਰਾਮ ਨਾਥ ਨੇ ਫ਼ੀਸ ਪੁੱਛੀ। ਦੋ ਵਕੀਲਾਂ ਕੋਲੋਂ ਉਹ ਫ਼ੀਸ ਦੇ ਰੇਟ ਸੁਣ ਚੁੱਕਾ ਸੀ। ਕਿਧਰੇ ਪ੍ਰਧਾਨ ਦਾ ਵੀ ਉਹੋ ਰੇਟ ਨਾ ਹੋਵੇ? ਉਹ ਘਬਰਾ ਰਿਹਾ ਸੀ।

"ਕੋਈ ਫ਼ੀਸ ਨਹੀਂ। ਤੁਹਾਡਾ ਕੰਮ ਮੇਰਾ ਕੰਮ।"

"ਨਹੀਂ ਥੋੜ੍ਹੀ ਬਹੁਤੀ ਫ਼ੀਸ ਮੈਂ ਜ਼ਰੂਰ ਦੇਵਾਂਗਾ। ਤਿਲ-ਫੁੱਲ ! ਦੱਸੋ !"

"ਦੱਸਾਂਗੇ ਜਦੋਂ ਕੰਮ ਹੋ ਗਿਆ।"

"ਫੇਰ ਵੀ ! ਪਹਿਲਾਂ ਖੋਲ੍ਹੀ ਗੱਲ ਠੀਕ ਰਹਿੰਦੀ ਹੈ।"

"ਆਪਣੇ ਸ਼ਹਿਰ ਵਿਚ ਸੋਸਾਇਟੀ ਦੀ ਇਕਾਈ ਖੋਲ੍ਹਣਾ। ਇਕ ਸਾਲ ਸਾਰਾ ਖ਼ਰਚਾ ਆਪਣੇ ਕੋਲੋਂ ਕਰਨਾ। ਇਹੋ ਮੇਰੀ ਫ਼ੀਸ ਹੈ।"

"ਇਕ ਸਾਲ ਨਹੀਂ ਮੈਂ ਸਾਰੀ ਉਮਰ ਸੋਸਾਇਟੀ ਦੀ ਸੇਵਾ ਕਰਾਂਗਾ। ਸੋਸਾਇਟੀ ਦਾ ਅਸਲ ਉਦੇਸ਼ ਮੈਨੂੰ ਹੁਣ ਸਮਝ ਆਇਆ ਹੈ। ਜਦੋਂ ਭੀੜ ਸਿਰ 'ਤੇ ਪਈ ਹੈ।"

"ਬਸ ਮੇਰੀ ਫ਼ੀਸ ਆ ਗਈ।"

ਖੜ੍ਹੇ ਹੋ ਕੇ ਪ੍ਰਧਾਨ ਨੇ ਰਾਮ ਨਾਥ ਨਾਲ ਹੱਥ ਮਿਲਾਇਆ।

ਇਹ ਹੱਥ ਦੋਸਤੀ ਲਈ ਵੀ ਮਿਲੇ ਸਨ ਅਤੇ ਸਾਂਝੇ ਉਦੇਸ਼ਾਂ ਦੀ ਪੂਰਤੀ ਲਈ ਵੀ।



## -70-

ਹਰੀਸ਼ ਰਾਏ ਦਾ ਵਕਾਲਤ-ਨਾਮਾ ਮਿਸਲ ਨਾਲ ਲਗਦਿਆਂ ਹੀ ਸੁੱਤੀ ਹੋਈ ਸਰਕਾਰ ਅੰਗੜਾਈਆਂ ਲੈਣ ਲੱਗੀ।

ਤਫ਼ਤੀਸ਼ ਕਰ ਰਹੇ ਥਾਣੇਦਾਰ ਨੇ ਮਿਸਲ ਮੁਕੰਮਲ ਕੀਤੀ। ਬਾਕੀ ਰਹਿੰਦੀਆਂ ਜ਼ਿਮਨੀਆਂ ਲਿਖ ਕੇ ਮਿਸਲ ਨਾਲ ਲਾਈਆਂ।

ਸਰਕਾਰੀ ਵਕੀਲ ਨੇ ਮਿਸਲ ਮੰਗਵਾ ਕੇ ਇਕ ਵਾਰ ਫੇਰ ਪੜ੍ਹੀ। ਰਹਿ ਗਈਆਂ ਕਮੀਆਂ ਦੂਰ ਕਰਵਾਈਆਂ।

ਪਿਛਲੀ ਪੇਸ਼ੀ ਉਪਰ ਪੰਚਮ ਦੀ ਉਮਰ ਬਾਰੇ ਹਲਕੀ ਜਿਹੀ ਬਹਿਸ ਹੋਈ ਸੀ।

ਉਹ ਬਿਹਾਰ ਦਾ ਰਹਿਣ ਵਾਲਾ ਭਈਆ ਸੀ। ਉਹ ਕੀੜੇ-ਮਕੌੜਿਆਂ ਵਾਂਗ ਜੰਮਦੇ ਅਤੇ ਮਰ ਜਾਂਦੇ ਸਨ। ਕੋਈ ਉਨ੍ਹਾਂ ਦੇ ਜਨਮ ਮਰਨ ਦਾ ਹਿਸਾਬ ਨਹੀਂ ਰੱਖਦਾ। ਪੁਲਿਸ ਨੂੰ ਉਸਦੀ ਅਸਲ ਜਨਮ ਮਿਤੀ ਦਾ ਕੋਈ ਇਲਮ ਨਹੀਂ ਸੀ।

ਪੁਲਿਸ ਨੇ ਬਿਹਾਰ ਜਾ ਕੇ ਅਸਲ ਜਨਮ-ਮਿਤੀ ਖੋਜਣ ਵਿਚ ਦਿਲਚਸਪੀ ਨਹੀਂ ਸੀ ਦਿਖਾਈ। ਸਰਕਾਰ ਵੱਲੋਂ ਇਕ ਤਰ੍ਹਾਂ ਨਾਲ ਉਸਦੇ ਹਲਫ਼ੀਆ ਬਿਆਨ ਨੂੰ ਮੰਨ ਲਿਆ ਗਿਆ ਸੀ।

ਦੋਸ਼ੀ ਦੀ ਉਮਰ ਬਾਰੇ ਹੋਣ ਵਾਲਾ ਫੈਸਲਾ ਇਕ ਅਹਿਮ ਕਾਰਵਾਈ ਸੀ। ਸਰਕਾਰੀ ਵਕੀਲ ਨੇ ਇਸ ਕਾਰਵਾਈ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ। 'ਦੇਖ ਲਓ' ਆਖਕੇ ਅਸਿੱਧੇ ਢੰਗ ਨਾਲ ਮੁਲਜ਼ਮਾਂ ਨਾਲ ਸਹਿਮਤੀ ਪ੍ਰਗਟਾਈ ਸੀ।

ਜੇ ਜੱਜ ਚਾਹੁੰਦਾ ਉਸੇ ਸਮੇਂ ਪੰਚਮ ਦੀ ਉਮਰ ਅਠਾਰਾਂ ਸਾਲ ਤੋਂ ਘੱਟ ਮੰਨ ਕੇ ਜ਼ਮਾਨਤ ਮਨਜ਼ੂਰ ਕਰ ਲੈਂਦਾ। ਪਰ ਉਸਨੇ ਸਰਕਾਰੀ ਵਕੀਲ ਦੀ ਸਹਿਮਤੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਸੀ। ਜੱਜ ਨੇ ਆਪਣਾ ਫਰਜ਼ ਸੋਚ ਸਮਝ ਕੇ ਨਿਭਾਉਣਾ ਸੀ। ਉਸਦੇ ਫੈਸਲੇ ਵਿਰੁਧ ਹਾਈ ਕੋਰਟ ਵਿਚ ਅਪੀਲ ਹੋ ਸਕਦੀ ਸੀ। ਕਾਹਲ ਵਿਚ ਕੀਤਾ ਫੈਸਲਾ ਉਸ ਲਈ ਮੁਸੀਬਤ ਖੜ੍ਹੀ ਕਰ ਸਕਦਾ ਸੀ।

ਇਸ ਲਈ ਜੱਜ ਨੇ ਆਪਣੀ ਤਸੱਲੀ ਲਈ ਮੁਲਜ਼ਮ ਦਾ ਡਾਕਟਰੀ ਮੁਆਇਨਾ ਕਰਾਉਣ ਦਾ ਹੁਕਮ ਦਿੱਤਾ ਸੀ।

ਡਾਕਟਰ ਨੇ ਉਸਦੀ ਉਮਰ ਸਤਾਰਾਂ ਤੋਂ ਉਨੀਂ ਸਾਲ ਦੇ ਵਿਚਕਾਰ ਤੱਕੀ ਅੰਕੀ ਹੀ ਸੀ।

ਅੱਜ ਉਸ ਰਿਪੋਰਟ ਦੇ ਆਧਾਰ 'ਤੇ ਬਹਿਸ ਹੋਣੀ ਸੀ।

ਸਫ਼ਾਈ ਧਿਰ ਦਾ ਵਕੀਲ ਪੂਰੀ ਤਿਆਰੀ ਕਰਕੇ ਆਇਆ ਸੀ। ਜੱਜ ਨੂੰ ਪੜ੍ਹਾਉਣ ਲਈ ਉਹ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਲੰਬੀ ਲਿਸਟ ਲੈ ਕੇ ਆਇਆ ਸੀ। ਉਨ੍ਹਾਂ ਫੈਸਲਿਆਂ ਵਿਚ ਦਰਜ ਸੀ ਕਿ ਅੱਜ ਵਰਗੀ ਦੋਚਿਤੀ ਵਾਲੀ ਸਥਿਤੀ ਵਿਚ ਜੱਜ ਦਾ ਫਰਜ਼ ਬਣਦਾ ਸੀ ਕਿ ਉਹ ਮੁਲਜ਼ਮ ਦੇ ਹੱਕ ਵਿਚ ਜਾਂਦੇ ਤੱਥ ਨੂੰ ਸੱਚ ਮੰਨੇ। ਸ਼ੱਕ ਦਾ ਫ਼ਾਇਦਾ ਮੁਲਜ਼ਮ ਨੂੰ ਦੇ ਕੇ ਉਸਨੂੰ ਕਿਸ਼ੋਰ ਘੋਸ਼ਿਤ ਕਰੇ।

ਸਰਕਾਰੀ ਵਕੀਲ ਕੋਲ ਇਸ ਕਾਨੂੰਨ ਦੀ ਕੋਈ ਕਾਟ ਨਹੀਂ ਸੀ। ਨਾ ਉਸਨੇ ਕਾਟ ਲੱਭਣ ਦੀ ਕੋਸ਼ਿਸ਼ ਕੀਤੀ ਸੀ। ਨਾ ਉਸਨੂੰ ਕਾਟ ਲੱਭਣ ਦੀ ਜ਼ਰੂਰਤ ਸੀ। ਉਸਦੇ ਅਫ਼ਸਰਾਂ ਨੇ ਉਸਨੂੰ ਚੁੱਪ ਰਹਿਣ ਦੀ ਹਦਾਇਤ ਕੀਤੀ ਸੀ।

ਸਰਕਾਰੀ ਵਕੀਲ ਨੇ ਸੋਚਿਆ ਸੀ ਪਿਛਲੀ ਵਾਰ ਵਾਂਗ 'ਦੇਖ ਲਓ' ਆਖਕੇ ਉਸ ਨੇ ਜੱਜ ਦੇ ਮੂੰਹ ਵਿਚ ਕੋਹੜ-ਕਿਰਲੀ ਪਾ ਦੇਣੀ ਹੈ। ਉਹ ਕੋਹੜੀ ਬਣੇ ਜਾਂ ਕਲੰਕੀ। ਜੱਜ ਦੀ ਮਰਜ਼ੀ।

ਹੁਣ ਹਰੀਸ਼ ਰਾਏ ਦੇ ਮੁਦਈ ਧਿਰ ਨਾਲ ਆ ਖੜ੍ਹਨ ਨਾਲ ਸਰਕਾਰੀ ਵਕੀਲ ਨੂੰ ਗੰਭੀਰ ਹੋਣਾ ਪੈ ਰਿਹਾ ਸੀ।

ਹਰੀਸ਼ ਰਾਏ ਅੱਖੜ ਸੁਭਾਅ ਦਾ ਸੀ। ਕਦੋਂ ਕਿਸ 'ਤੇ ਬਰਸ ਪਏ ਕੋਈ ਪਤਾ ਨਹੀਂ ਸੀ। ਆਮ ਕੇਸਾਂ ਵਿਚ ਸਰਕਾਰੀ ਵਕੀਲ ਮੁਦਈ ਧਿਰ ਦੇ ਵਕੀਲਾਂ ਨੂੰ ਬਹਿਸ ਨਹੀਂ ਕਰਨ ਦਿੰਦੇ। ਪਰ ਹਰੀਸ਼ ਰਾਏ ਨੂੰ ਬਹਿਸ ਕਰਨ ਤੋਂ ਕੋਈ ਨਹੀਂ ਸੀ ਰੋਕਦਾ। ਕੋਈ ਰੋਕਣ ਦੀ ਕੋਸ਼ਿਸ਼ ਕਰੇ ਤਾਂ ਜੱਜ ਉਸਨੂੰ ਬੋਲਣ ਦੀ ਇਜਾਜ਼ਤ ਦੇ ਦਿੰਦਾ ਸੀ।

ਜਦੋਂ ਛੁਪਾਏ ਜਾਣ ਵਾਲੇ ਨੁਕਤੇ ਪ੍ਰਾਈਵੇਟ ਵਕੀਲ ਨੇ ਸਾਹਮਣੇ ਲਿਆ ਦੇਣੇ ਸਨ ਤਾਂ ਸਰਕਾਰੀ ਵਕੀਲ ਆਪਣੀ ਨਲਾਇਕੀ ਦਾ ਸਬੂਤ ਕਿਉਂ ਦੇਵੇ? ਇਹੋ ਸੋਚ ਕੇ ਸਰਕਾਰੀ ਵਕੀਲ ਨੂੰ ਮੁਕੰਮਲ ਬਹਿਸ ਕਰਨੀ ਪੈ ਜਾਂਦੀ ਸੀ।

"ਤੁਸੀਂ ਬਹਿਸ ਕਰੋ ਪ੍ਰਧਾਨ ਜੀ!"

ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰਕਾਰੀ ਵਕੀਲ ਨੇ ਆਪਣੇ ਸਾਰੇ ਅਧਿਕਾਰ ਹਰੀਸ਼ ਨੂੰ ਸੌਂਪ ਦਿੱਤੇ।

ਪ੍ਰਧਾਨ ਤੋਂ ਬਹਿਸ ਕਰਵਾ ਕੇ ਸਰਕਾਰੀ ਵਕੀਲ ਇਕ ਤੀਰ ਨਾਲ ਦੋ ਸ਼ਿਕਾਰ ਫੁੰਡਨਾ ਚਾਹੁੰਦਾ ਸੀ। ਜਦੋਂ ਮੁਦਈ ਧਿਰ ਦਾ ਵਕੀਲ ਬਹਿਸ ਕਰ ਦੇਵੇ ਤਾਂ ਮੁਦਈ ਧਿਰ ਨੂੰ ਸਰਕਾਰੀ ਵਕੀਲ 'ਤੇ ਕੋਈ ਗਿਲਾ ਨਹੀਂ ਰਹਿੰਦਾ। ਜਦੋਂ ਮੁਦਈ ਧਿਰ ਦਾ ਵਕੀਲ ਬੋਲ ਜਾਵੇ ਤਾਂ ਸਰਕਾਰੀ ਵਕੀਲ ਦੇ ਬੋਲਣ ਲਈ ਕੁਝ ਨਹੀਂ ਬਚਦਾ। ਚੁੱਪ ਰਹਿਣ ਵਿਚ ਅਸਾਨੀ ਹੁੰਦੀ ਸੀ। ਇਹ ਚੁੱਪ ਮੁਲਜ਼ਮਾਂ ਦੀ ਤਸੱਲੀ ਕਰਾਉਣ ਵਿਚ ਸਹਾਈ ਹੁੰਦੀ ਸੀ। ਸਰਕਾਰੀ ਵਕੀਲ ਨੇ ਹਿੱਕ ਥਾਪੜ ਕੇ ਆਖਣਾ ਸੀ —

"ਮੈਂ ਇਕ ਅੱਖਰ ਨਹੀਂ ਬੋਲਿਆ। ਦੂਜੇ ਵਕੀਲ ਨੂੰ ਮੈਂ ਰੋਕ ਨਹੀਂ ਸਕਦਾ। ਫਿਕਰ ਨਾ ਕਰੋ। ਜੱਜ ਨੇ ਸਰਕਾਰੀ ਵਕੀਲ ਦੀ ਬਹਿਸ ਵੱਲ ਧਿਆਨ ਦੇਣਾ ਹੈ। ਪ੍ਰਾਈਵੇਟ ਵਕੀਲ ਦੀ ਬਹਿਸ ਕੌਣ ਸੁਣਦਾ ਹੈ!"

ਪ੍ਰਧਾਨ ਸਰਕਾਰੀ ਵਕੀਲ ਦੀ ਚਾਲ ਸਮਝ ਰਿਹਾ ਸੀ।

"ਤੁਸੀਂ ਆਪਣਾ ਫ਼ਰਜ਼ ਅਦਾ ਕਰੋ। ਲੋੜ ਪਈ ਤਾਂ ਮੈਂ ਆਪਣਾ ਫਰਜ਼ ਅਦਾ ਕਰਾਂਗਾ।"

ਨਹਿਲੇ 'ਤੇ ਦਹਿਲਾ ਮਾਰਦੇ ਪ੍ਰਧਾਨ ਨੇ ਸਰਕਾਰੀ ਵਕੀਲ ਨੂੰ ਭਰੀ ਮਹਿਫ਼ਲ ਵਿਚ ਨੰਗਾ ਹੋਣ ਲਈ ਵੰਗਾਰਿਆ।

ਸਰਕਾਰੀ ਵਕੀਲ ਕੜਿਕੀ ਵਿਚ ਫਸ ਗਿਆ। ਉਲਟਾ ਕਿਰਲੀ ਉਸਦੇ ਮੂੰਹ ਵਿਚ ਆ ਗਈ।

"ਭੱਠ ਪੈਣ ਮੁਲਜ਼ਮ। ਮੈਂ ਆਪਣੀ ਸ਼ਿਕਾਇਤ ਨਹੀਂ ਕਰਾਉਣੀ।" ਸੋਚ ਕੇ ਸਰਕਾਰੀ ਵਕੀਲ ਨੇ ਬਹਿਸ ਸ਼ੁਰੂ ਕੀਤੀ।

ਪੰਚਮ ਦੀ ਉਮਰ ਅਠਾਰਾਂ ਸਾਲ ਤੋਂ ਵੱਧ ਸੀ, ਇਹ ਸਾਬਤ ਕਰਨ ਲਈ ਉਸਨੇ ਪੁਲਿਸ ਮਿਸਲ ਦਾ ਸਹਾਰਾ ਲਿਆ। ਪੁੱਛਗਿੱਛ ਦੌਰਾਨ ਉਸਨੇ ਆਪਣੀ ਮਰਜ਼ੀ ਨਾਲ ਜੋ ਉਮਰ ਦੱਸੀ ਸੀ ਉਹ ਚੌਵੀ ਸਾਲ ਸੀ। ਹਵਾਲੇ ਲਈ ਉਸਨੇ ਮਿਸਲ ਪੜ੍ਹਕੇ ਸੁਣਾਈ।



ਡਾਕਟਰ ਦੀ ਰਿਪੋਰਟ ਭਰੋਸੇਯੋਗ ਨਹੀਂ ਸੀ। ਆਪਣੀ ਰਿਪੋਰਟ ਦੇ ਨਾਲ ਡਾਕਟਰ ਦੇ ਦੋਸ਼ੀ ਦੇ ਐਕਸਰੇ ਸ਼ਾਮਲ ਨਹੀਂ ਸਨ ਕੀਤੇ। ਐਕਸਰੇ ਬਿਨਾਂ ਇਹ ਕਿਸ ਤਰ੍ਹਾਂ ਮੰਨਿਆ ਜਾ ਸਕਦਾ ਸੀ ਕਿ ਉਸਦੀ ਉਮਰ ਸਤਾਰਾਂ ਤੋਂ ਉਨੀ ਵਿਚਕਾਰ ਸੀ। ਡਾਕਟਰ ਤੋਂ ਰਿਪੋਰਟ ਮੁਕੰਮਲ ਕਰਾਉਣੀ ਜ਼ਰੂਰੀ ਸੀ।

ਸਰਕਾਰੀ ਵਕੀਲ ਦੀਆਂ ਦੋਹਾਂ ਦਲੀਲਾਂ ਨਾਲ ਜੱਜ ਸਹਿਮਤ ਹੋਣ ਲੱਗਾ।

ਗਿਰਗਟ ਵਾਂਗ ਰੰਗ ਬਦਲਦੇ ਸਰਕਾਰੀ ਵਕੀਲ ਨੂੰ ਦੇਖਕੇ ਜੱਜ ਮਿਨਾ-ਮਿਨਾ ਮੁਸਕਰਾਉਣ ਵੀ ਲੱਗਾ।

"ਪ੍ਰਧਾਨ ਜੀ ਤੁਸੀਂ ਕੁਝ ਕਹਿਣਾ ਹੈ।" ਸਰਕਾਰੀ ਵਕੀਲ ਤੋਂ ਬਾਅਦ ਜੱਜ ਨੇ ਪ੍ਰਧਾਨ ਨੂੰ ਮੌਕਾ ਦਿੱਤਾ।

ਪੁਲਿਸ ਨੇ ਪੰਚਮ ਦਾ ਜੋ ਪਿਛੋਕੜ ਮਿਸਲ ਵਿਚ ਦਰਜ ਕੀਤਾ ਸੀ ਉਸ ਤੋਂ ਜਾਪਦਾ ਸੀ ਉਹ ਲੰਬੇ ਚੌੜੇ ਪਰਿਵਾਰ ਵਿਚ ਜਨਮਿਆ ਸੀ। ਉਸਦੇ ਪਰਿਵਾਰ ਦੇ ਬਹੁਤੇ ਜੀਅ ਹਾਲੇ ਬਿਹਾਰ ਰਹਿੰਦੇ ਸਨ। ਬਿਹਾਰ ਕੋਈ ਉੱਤਰੀ ਧਰੁਵ ਨਹੀਂ ਸੀ ਕਿ ਉਥੇ ਜਾਇਆ ਨਹੀਂ ਜਾ ਸਕਦਾ। ਸ਼ੱਕ ਦੂਰ ਹੋਣਾ ਚਾਹੀਦਾ ਸੀ। ਕਿਸੇ ਥਾਣੇਦਾਰ ਨੂੰ ਬਿਹਾਰ ਭੇਜ ਕੇ ਜਨਮ-ਸਰਟੀਫਿਕੇਟ ਮੰਗਵਾ ਲੈਣਾ ਚਾਹੀਦਾ ਹੈ।

ਇਹ ਦਲੀਲ ਸਭ ਤੋਂ ਉੱਤਮ ਸੀ।

ਸਫ਼ਾਈ ਧਿਰ ਕੋਲ ਇਸ ਦਲੀਲ ਉਪਰ ਕਰਨ ਲਈ ਕੋਈ ਇਤਰਾਜ਼ ਨਹੀਂ ਸੀ।

"ਕਿਉਂ ਪੀ.ਪੀ. ਸਾਹਿਬ ਤੁਹਾਡਾ ਕੀ ਵਿਚਾਰ ਹੈ? ਜੇ ਅਸਲ ਜਨਮ-ਤਾਰੀਖ ਮਿਲ ਜਾਵੇ ਫੇਰ ਆਪਾਂ ਡਾਕਟਰ ਤੋਂ ਕੀ ਲੈਣਾ ਹੈ?"

ਜੱਜ ਨੇ ਸਰਕਾਰੀ ਵਕੀਲ ਤੋਂ ਪੁੱਛਿਆ।

"ਠੀਕ ਫਰਮਾ ਰਹੇ ਹੋ ਜਨਾਬ! ਪੰਦਰਾਂ ਕੁ ਦਿਨਾਂ ਦੀ ਤਾਰੀਖ਼ ਪਾਓ। ਹੁਣੇ ਥਾਣੇਦਾਰ ਨੂੰ ਬਿਹਾਰ ਜਾਣ ਵਾਲੀ ਗੱਡੀ ਚੜ੍ਹਾ ਦਿੰਦੇ ਹਾਂ। ਉਸ ਤਾਰੀਖ਼ ਤਕ ਮੁੜ ਆਏਗਾ।"

ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਵੀਹ ਦਿਨਾਂ ਦੀ ਤਾਰੀਖ਼ ਪਾਈ ਗਈ।

ਥਾਣੇਦਾਰ ਨੂੰ ਜਨਮ-ਸਰਟੀਫਿਕੇਟ ਅਤੇ ਡਾਕਟਰਾਂ ਨੂੰ ਐਕਸਰੇ ਫਿਲਮਾਂ ਲੈ ਕੇ ਆਉਣ ਦੀ ਹਦਾਇਤ ਕੀਤੀ ਗਈ।

ਜੇ ਜਨਮ ਤਾਰੀਖ ਦੀ ਉੱਘ-ਸੁੱਘ ਨਾ ਮਿਲੀ ਤਾਂ ਡਾਕਟਰ ਦੀ ਰਿਪੋਰਟ ਦੇ ਆਧਾਰ 'ਤੇ ਫੈਸਲਾ ਲਿਆ ਜਾ ਸਕਦਾ ਸੀ।

ਜੱਜ ਦਾ ਇਹ ਵਿਚਾਰ ਸੀ।

## -71-

ਹਸਪਤਾਲੋਂ ਉਹ ਡਾਕਟਰਾਂ ਦੀ ਰਾਏ ਦੇ ਵਿਰੁਧ ਆਏ ਸਨ। ਫੇਰ ਵੀ ਘਰ ਆ ਕੇ ਉਨ੍ਹਾਂ ਨੂੰ ਰਾਹਤ ਮਹਿਸੂਸ ਹੋਣ ਲੱਗੀ।

ਘਰ ਮੁੜਦਿਆਂ ਹੀ ਨੀਲਮ ਦੀ ਹਾਲਤ ਸੁਧਰ ਗਈ। ਚਮਚੇ ਨਾਲ ਦਵਾਈ ਉਸਦੇ ਅੰਦਰ ਜਾਣ ਲੱਗੀ। ਡ੍ਰਿਪ ਉਤਰ ਗਈ। ਨੇਹਾ ਨੂੰ ਹੁਣ ਘੜੀ-ਮੁੜੀ ਡ੍ਰਿਪ ਵੱਲ ਝਾਕਣ ਦੀ ਜ਼ਰੂਰਤ ਨਹੀਂ ਸੀ। ਨੇਹਾ ਨੂੰ ਸੌਖ ਹੋ ਗਈ।

ਰਿਸ਼ਤੇਦਾਰ ਸੁਖਾਲੇ ਹੋ ਗਏ। ਹਸਪਤਾਲ ਅਤੇ ਕੋਠੀ ਵਿਚਕਾਰ ਲਗਦੇ ਚੱਕਰ ਬੰਦ

ਹੋ ਗਏ। ਹਸਪਤਾਲ ਰੋਟੀ ਪਹੁੰਚਾਉਣ ਦੀ ਜਹਿਮਤ ਖ਼ਤਮ ਹੋ ਗਈ।

ਵੇਦ ਰਾਮ ਨਾਥ ਅਤੇ ਸੰਗੀਤਾ ਨੂੰ ਘਰ ਭੇਜਣਾ ਚਾਹੁੰਦਾ ਸੀ।

ਪਰ ਕਿਸੇ ਵੀ ਤਰ੍ਹਾਂ ਇਹ ਸਮੱਸਿਆ ਹੱਲ ਨਹੀਂ ਸੀ ਹੋ ਰਹੀ।

ਗ੍ਰਿਫ਼ਤਾਰੀ ਤੋਂ ਬਾਅਦ ਸਾਰੀ ਅਦਾਲਤੀ ਮਸ਼ੀਨਰੀ ਪੰਕਜ ਹੋਰਾਂ ਦੇ ਹੱਕ ਵਿੱਚ ਭੁਗਤਣ ਲੱਗੀ ਸੀ। ਉਹ ਹਰ ਥਾਂ ਆਪਣੀ ਮਰਜ਼ੀ ਦੇ ਹੁਕਮ ਕਰਾਉਂਦੇ ਜਾ ਰਹੇ ਸਨ। ਜੇਲ੍ਹ ਜਾਣ ਦੀ ਥਾਂ ਉਹ ਹਸਪਤਾਲ ਦਾਖ਼ਲ ਹੋ ਗਏ ਸਨ। ਏਅਰ-ਕੰਡੀਸ਼ਨ ਕਮਰਿਆਂ ਵਿਚ ਬੈਠ ਕੇ ਕਾਰੋਬਾਰ ਚਲਾ ਰਹੇ ਸਨ।

ਰਾਮ ਨਾਥ ਇਨ੍ਹਾਂ ਸਹੂਲਤਾਂ ਨੂੰ ਖ਼ਤਮ ਕਰਾਉਣ ਲਈ ਜੂਝ ਰਿਹਾ ਸੀ। ਅਰਜ਼ੀ-ਪੱਤਰ ਦਿੰਦਿਆਂ ਉਸਦਾ ਸਾਰਾ ਦਿਨ ਕਚਹਿਰੀ ਲੰਘ ਜਾਂਦਾ ਸੀ।

ਕਿਸੇ ਨਾ ਕਿਸੇ ਤਰ੍ਹਾਂ ਨੇਹਾ ਦਿਨ ਕੱਟ ਲੈਂਦੀ ਸੀ। ਰਾਤ ਪੈਂਦੇ ਹੀ ਉਸਨੂੰ ਡਰ ਲੱਗਣ ਲਗਦਾ ਸੀ। ਕੋਠੀ ਦੀ ਹਰ ਨੁੱਕਰ ਵਿਚ ਉਸਨੂੰ ਕਾਲੇ-ਕਲੋਟੇ, ਦੈਤਾਂ ਵਰਗੇ ਭਈਏ ਚੀਰ ਹਰਨ ਕਰਨ ਦੀ ਤਿਆਰੀ ਕਰਦੇ ਨਜ਼ਰ ਆਉਂਦੇ ਸਨ। ਕਦੇ ਉਹ ਪ੍ਰਛਾਵੇਂ ਭਈਏ ਬਣ ਜਾਂਦੇ ਅਤੇ ਕਦੇ ਪੰਕਜ ਅਤੇ ਨੀਰਜ। ਕਦੇ ਉਹ ਕਮਲ ਦੇ ਢਿੱਡ ਵਿਚ ਛੁਰਾ ਖੋਭਣ ਲਗਦੇ। ਕਦੇ ਨੀਲਮ ਦਾ ਸਿਰ ਤੋੜਨ ਲਗਦੇ।

ਅੱਖ ਲਗਦੇ ਹੀ ਨੇਹਾ ਨੂੰ ਭਿਆਨਕ ਸੁਪਨੇ ਆਉਣ ਲਗਦੇ ਸਨ। ਉਹ ਹੜ- ਬੜਾ ਕੇ ਉੱਠ ਖੜ੍ਹਦੀ ਸੀ। ਮੁੜ ਘੰਟਾ-ਘੰਟਾ ਉਸਨੂੰ ਡਰ ਲਗਦਾ ਰਹਿੰਦਾ ਸੀ। ਮੁੜ ਉਸ ਦੀ ਅੱਖ ਨਹੀਂ ਸੀ ਲਗਦੀ।

ਉਹ ਸੰਗੀਤਾ ਨਾਲ ਜੱਫ਼ੀ ਪਾ ਕੇ ਸੌਂਦੀ ਸੀ। ਸੰਗੀਤਾ ਸਾਰੀ ਰਾਤ ਸਿਰ ਪਲੋਸ ਪਲੋਸ ਉਸਦਾ ਹੌਂਸਲਾ ਵਧਾਉਂਦੀ ਸੀ।

ਸੰਗੀਤਾ ਦੀ ਥਾਂ ਮਾਇਆ ਨਗਰ ਆਉਣ ਲਈ ਹਾਲੇ ਕੋਈ ਹੋਰ ਔਰਤ ਵਿਹਲੀ ਨਹੀਂ ਸੀ।

ਮਜਬੂਰਨ ਰਾਮ ਨਾਥ ਅਤੇ ਸੰਗੀਤਾ ਮਾਇਆ ਨਗਰ ਟਿਕੇ ਹੋਏ ਸਨ।

ਘਰ ਆਉਣ ਦੀ ਖੁਸ਼ੀ ਕੁਝ ਦਿਨਾਂ ਬਾਅਦ ਖੰਭ ਲਾ ਕੇ ਉੱਡਣ ਲੱਗੀ।

ਘਰ ਅਤੇ ਹਸਪਤਾਲ ਦੀ ਸੰਭਾਲ ਦਾ ਜ਼ਮੀਨ ਅਸਮਾਨ ਦਾ ਫ਼ਰਕ ਸੀ।

ਹਫ਼ਤਾ ਠੀਕ ਰਹਿ ਕੇ ਕਦੇ ਨੀਲਮ ਨੂੰ ਬੁਖ਼ਾਰ ਹੋਣ ਲੱਗਾ, ਕਦੇ ਇਨਫੈਕਸ਼ਨ। ਕਦੇ ਕਬਜ਼ ਹੋ ਜਾਂਦੀ, ਕਦੇ ਪਿਸ਼ਾਬ ਰੁਕ ਜਾਂਦਾ।

ਦੇਖਣ ਆਇਆ ਡਾਕਟਰ ਪੰਜ ਸੌ ਲੈ ਜਾਂਦਾ। ਟੈਸਟ ਲਈ ਖ਼ੂਨ ਲੈਣ ਆਇਆ ਕੰਪਾਊਂਡਰ ਤਿੰਨ ਸੌ ਲੈ ਜਾਂਦਾ।

ਨੀਲਮ ਸੰਭਲਦੀ ਤਾਂ ਵੇਦ ਦੀਆਂ ਰਾਡਾਂ ਖਿਸਕ ਜਾਂਦੀਆਂ। ਸਾਰੇ ਸਰੀਰ ਵਿਚ ਚੀਸਾਂ ਪੈਣ ਲਗਦੀਆਂ।

ਉਸਨੂੰ ਐਂਬੂਲੈਂਸ ਵਿਚ ਪਾ ਕੇ ਹਸਪਤਾਲ ਲਿਜਾਣਾ ਪੈਂਦਾ। ਕਦੇ ਐਕਸਰੇ ਹੁੰਦੇ, ਕਦੇ ਸਕੈਨ।

ਹਿੱਲਜੁਲ ਕਾਰਨ ਹਫ਼ਤੇ ਵਿਚ ਜੁੜਨ ਵਾਲੀ ਹੱਡੀ ਪੰਦਰਾਂ ਦਿਨਾਂ ਦੀ ਮੰਗ ਕਰਨ ਲਗਦੀ।

ਡਾਕਟਰ ਰਾਏ ਦਿੰਦੇ। ਮਰੀਜ਼ਾਂ ਨੂੰ ਹਸਪਤਾਲ ਦਾਖ਼ਲ ਕਰਵਾ ਦੇਵੋ।

ਹਸਪਤਾਲ ਉਨ੍ਹਾਂ ਦੇ ਦੁਸ਼ਮਣ ਬੈਠੇ ਸਨ। ਉਨ੍ਹਾਂ ਦੇ ਸਾਹਮਣੇ ਰਹਿਣ ਨਾਲੋਂ ਮਰਨਾ



ਚੰਗਾ ਸੀ।

ਭਲੇ ਦਿਨਾਂ ਦੀ ਆਸ ਲਾਈ ਉਹ ਔਖ-ਸੌਖ ਕੱਟ ਰਹੇ ਸਨ।

## -72-

ਪਹਿਲਾਂ ਵੇਦ ਅਤੇ ਨੀਲਮ ਨੂੰ ਇਕ ਕਮਰੇ ਵਿਚ ਪਾਇਆ ਗਿਆ ਸੀ। ਨੀਲਮ ਨੂੰ ਨਾ ਆਪਣੀ ਹੋਸ਼ ਸੀ ਨਾ ਆਲੇ-ਦੁਆਲੇ ਦੀ। ਵੇਦ ਦੇ ਹੱਥ-ਪੈਰ ਤਾਂ ਕੰਮ ਨਹੀਂ ਸੀ ਕਰਦੇ ਪਰ ਉਸ ਦਾ ਹੋਸ਼ੋ-ਹਵਾਸ ਕਾਇਮ ਸੀ। ਨੀਲਮ ਦਾ ਟੱਟੀ ਪਿਸ਼ਾਬ 'ਤੇ ਕੰਟਰੋਲ ਨਹੀਂ ਸੀ। ਵੇਦ ਉਸ 'ਤੇ ਨਜ਼ਰ ਰੱਖਦਾ ਸੀ। ਨੀਲਮ ਨੂੰ ਜਦੋਂ ਟੱਟੀ ਪਿਸ਼ਾਬ ਆਉਂਦਾ ਸੀ ਉਹ ਨੇਹਾ ਜਾਂ ਸੰਗੀਤਾ ਨੂੰ ਆਵਾਜ਼ ਮਾਰ ਦਿੰਦਾ ਸੀ। ਸਮੇਂ ਸਿਰ ਸਫ਼ਾਈ ਹੋ ਜਾਂਦੀ ਸੀ।

ਲੰਬੇ ਸਮੇਂ ਤੋਂ ਮੰਜੇ 'ਤੇ ਪਈ ਹੋਣ ਕਾਰਨ ਉਸਨੂੰ 'ਬੈੱਡ-ਸੋਰ' ਹੋ ਗਏ ਸਨ। ਡਾਕਟਰਾਂ ਦੀ ਹਦਾਇਤ ਸੀ ਉਸਨੂੰ ਗਿਲੀ ਥਾਂ ਪੈਣ ਤੋਂ ਬਚਾਇਆ ਜਾਵੇ। ਵੇਦ ਦੀ ਨਾਲ ਦੇ ਮੰਜੇ 'ਤੇ ਹਾਜ਼ਰੀ ਇਸ ਔਖਿਆਈ ਨੂੰ ਹੱਲ ਕਰ ਰਹੀ ਸੀ।

ਵੈਸੇ ਵੀ ਦਵਾਈ ਬੂਟੀ ਦੇਣ ਵਾਲਾ ਦੋਹਾਂ ਮਰੀਜ਼ਾਂ ਦੀ ਇਕੋ ਸਮੇਂ ਦੇਖ-ਭਾਲ ਕਰ ਲੈਂਦਾ ਸੀ। ਉਸਦਾ ਬਹੁਤਾ ਸਮਾਂ ਨਸ਼ਟ ਨਹੀਂ ਸੀ ਹੁੰਦਾ।

ਕੁਝ ਦਿਨਾਂ ਤੋਂ ਨੀਲਮ ਨੂੰ ਦੂਸਰੇ ਕਮਰੇ ਵਿਚ ਪਾ ਦਿੱਤਾ ਗਿਆ ਸੀ। ਪਤਾ ਨਹੀਂ ਕੋਈ ਦਵਾਈ ਰਿਐਕਸ਼ਨ ਕਰ ਗਈ ਸੀ ਜਾਂ ਦਿਮਾਗ਼ ਦੀ ਕਿਸੇ ਨਾੜ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਨੀਲਮ ਨੂੰ ਲਗੇ ਦਸਤ ਬੰਦ ਹੋਣ ਦਾ ਨਾਂ ਨਹੀਂ ਸੀ ਲੈ ਰਹੇ। ਪਿਸ਼ਾਬ ਵੀ ਤੁਪਕਾ-ਤੁਪਕਾ ਕਰਕੇ ਆ ਰਿਹਾ ਸੀ।

ਸਫ਼ਾਈ ਵਾਲਾ ਸਫ਼ਾਈ ਕਰਕੇ ਹਟਿਆ ਵੀ ਨਹੀਂ ਸੀ ਹੁੰਦਾ ਕਿ ਨੀਲਮ ਦੇ ਕੱਪੜੇ ਫੇਰ ਲਿਬੜ ਜਾਂਦੇ ਸਨ। ਉਸਦੇ ਅੰਦਰ ਪਤਾ ਨਹੀਂ ਕਿਸ ਕਿਸਮ ਦੀ ਗੰਦਗੀ ਜਮ੍ਹਾਂ ਹੋ ਗਈ ਸੀ। ਉਸਦੀ ਟੱਟੀ ਅਤੇ ਪਿਸ਼ਾਬ ਵਿਚੋਂ ਬਹੁਤ ਭੈੜੀ ਬੂ ਆਉਂਦੀ ਸੀ। ਬੂ ਸਾਰੀ ਕੋਠੀ ਵਿਚ ਫੈਲ ਜਾਂਦੀ ਸੀ। ਨੀਲਮ ਦੇ ਕਮਰੇ ਵਿਚ ਖੜ੍ਹਨਾ ਤਾਂ ਦੁਭਰ ਸੀ ਹੀ, ਨਾਲ ਦੇ ਕਮਰਿਆਂ ਵਿਚ ਬੈਠਣਾ ਵੀ ਮੁਸ਼ਕਲ ਹੋ ਜਾਂਦਾ ਸੀ।

ਇਸੇ ਦਿੱਕਤ ਕਾਰਨ ਨੀਲਮ ਨੂੰ ਦੂਸਰੇ ਕਮਰੇ ਵਿਚ ਬਦਲਿਆ ਗਿਆ ਸੀ। ਡਾਕਟਰ ਦਸਤਾਂ 'ਤੇ ਕਾਬੂ ਪਾਉਣ ਲਈ ਸਿਰਤੋੜ ਯਤਨ ਕਰ ਰਿਹਾ ਸੀ। ਹਰ ਰੋਜ਼ ਦਵਾਈ ਬਦਲੀ ਜਾ ਰਹੀ ਸੀ। ਪਰ ਕੋਈ ਵੀ ਦਵਾਈ ਅਸਰ ਨਹੀਂ ਸੀ ਕਰ ਰਹੀ।

ਨੀਲਮ ਉਪਰ ਦਵਾਈਆਂ ਦਾ ਅਸਰ ਨਹੀਂ ਸੀ ਹੋ ਰਿਹਾ। ਪਰ ਉਸਦੇ ਦਸਤਾਂ ਦਾ ਘਰ ਦੇ ਮਾਹੌਲ 'ਤੇ ਅਸਰ ਹੋ ਰਿਹਾ ਸੀ।

ਬਦਬੂ ਨੇ ਪਹਿਲਾਂ ਕਪੜੇ ਧੋਣ ਵਾਲੀ ਭਜਾਈ। ਉਸਦਾ ਕੰਮ ਸਾਧਾਰਨ ਕਪੜੇ ਧੋਣਾ ਸੀ। ਗੰਦ ਵਾਲੇ ਨਹੀਂ।

ਫੇਰ ਵਾਰੀ ਆਈ ਖਾਣਾ ਬਣਾਉਣ ਵਾਲੀ ਪੰਡਤਾਣੀ ਦੀ। ਉਸਦੀ ਸ਼ਿਕਾਇਤ ਸੀ ਕਿ ਉਸਨੂੰ ਆਪਣੇ ਕਪੜਿਆਂ ਦੇ ਨਾਲ-ਨਾਲ ਆਪਣੇ ਆਪ ਵਿਚੋਂ ਵੀ ਬੂ ਆਉਣ ਲੱਗੀ ਸੀ। ਸੌਂਦੇ ਜਾਗਦੇ, ਬਾਹਰ ਅੰਦਰ ਹਰ ਥਾਂ ਬੂ ਉਸਦਾ ਪਿੱਛਾ ਕਰਦੀ ਸੀ। ਵੇਦ ਦੀ ਕੋਠੀ ਵੱਲ ਮੂੰਹ ਕਰਦੇ ਹੀ ਉਸਨੂੰ ਉਲਟੀ ਆਉਣ ਵਰਗੀ ਹੋ ਜਾਂਦੀ ਸੀ। ਬੀਬੀ

ਦੇ ਦਸਤ ਠੀਕ ਹੁੰਦੇ ਹੀ ਉਹ ਕੰਮ 'ਤੇ ਵਾਪਸ ਮੁੜ ਆਏਗੀ। ਇਹ ਵਿਸ਼ਵਾਸ ਦਿਵਾ ਕੇ ਉਹ ਲੰਬੀ ਛੁੱਟੀ ਲੈ ਗਈ।

ਮੱਲ੍ਹਮ-ਪੱਟੀ ਕਰਨ ਆਉਂਦੇ ਕੰਪਾਊਡਰ ਨੇ ਸ਼ਰਤ ਰੱਖ ਦਿੱਤੀ। ਉਸਦੇ ਕਮਰੇ ਵਿਚ ਵੜਨ ਤੋਂ ਪਹਿਲਾਂ ਮਰੀਜ਼ ਦਾ ਬਿਸਤਰਾ, ਕਪੜੇ ਅਤੇ ਸਰੀਰ ਸਾਫ਼ ਹੋਣਾ ਚਾਹੀਦਾ ਸੀ। ਨਾ ਉਹ ਬੂ ਵਾਲੇ ਕਮਰੇ ਵਿਚ ਵੜੇਗਾ, ਨਾ ਗੰਦ ਨਾਲ ਲਿਬੜੇ ਸਰੀਰ 'ਤੇ ਪੱਟੀ ਕਰੇਗਾ।

ਜਮਾਦਾਰਨੀ ਆਪਣੀ ਵਫ਼ਾਦਾਰੀ ਨਿਭਾਅ ਜ਼ਰੂਰ ਰਹੀ ਸੀ, ਪਰ ਉਸਨੇ ਵੀ ਆਪਣੀ ਡਿਊਟੀ ਸਵੇਰੇ ਸ਼ਾਮ ਤਕ ਸੀਮਤ ਕਰ ਦਿੱਤੀ ਸੀ। ਬਾਕੀ ਸਮੇਂ ਲਈ ਦੁਗਣੀ ਤਿੱਗਣੀ ਤਨਖ਼ਾਹ ਤੇ ਕਈ ਜਮਾਦਾਰਨੀਆਂ ਦਾ ਪ੍ਰਬੰਧ ਕੀਤਾ ਗਿਆ। ਪਰ ਕਮਰੇ ਵਿਚ ਵੜਦਿਆਂ ਹੀ ਉਹਨਾਂ ਨੂੰ ਸੱਪ ਸੁੰਘ ਜਾਂਦਾ। ਬਿਨਾਂ ਦਿਹਾੜੀ ਲਿਆਂ ਉਹ ਕੰਮ ਛੱਡ ਕੇ ਭੱਜ ਜਾਂਦੀਆਂ।

ਨਤੀਜੇ ਵਜੋਂ ਬਹੁਤਾ ਸਮਾਂ ਨੀਲਮ ਗੰਦਗੀ ਵਿਚ ਪਈ ਰਹਿੰਦੀ ਸੀ।

ਕਦੇ-ਕਦੇ ਮਨ ਕਰੜਾ ਕਰਕੇ ਸੰਗੀਤਾ ਕਮਰੇ ਵਿਚ ਵੜਦੀ ਸੀ।

ਬਹੁਤੀ ਵਾਰ ਨੇਹਾ ਨੂੰ ਹਿੰਮਤ ਬਟੋਰਨੀ ਪੈਂਦੀ ਸੀ। ਮੂੰਹ ਸਿਰ ਬੰਨ੍ਹ ਕੇ ਅਤੇ ਹੱਥਾਂ 'ਤੇ ਦਸਤਾਨੇ ਚੜ੍ਹਾ ਕੇ ਨਾਲੇ ਉਹ ਹੁਬਕੀਂ-ਹੁਬਕੀਂ ਰੋਂਦੀ ਰਹਿੰਦੀ, ਨਾਲੇ ਮਾਂ ਦੀ ਸਫ਼ਾਈ ਕਰਦੀ ਰਹਿੰਦੀ।

ਹੱਡੀਆਂ ਦੀ ਮੁੱਠ ਬਣੀ ਅਤੇ ਗੰਦਗੀ ਦੇ ਢੇਰ ਵਿਚ ਪਈ ਨੀਲਮ ਨੂੰ ਦੇਖ ਕੇ ਨੇਹਾ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਕੀ ਸੱਚਮੁੱਚ ਇਹ ਉਸਦੀ ਮਾਂ ਸੀ। ਨੀਲਮ ਤਾਂ ਹਰ ਸਮੇਂ ਬਣ ਠਣ ਕੇ ਰਹਿੰਦੀ ਸੀ। ਇਤਰ ਫਰੇਲ ਲਾਉਣਾ ਉਸਦਾ ਸ਼ੌਂਕ ਸੀ।

ਨੀਲਮ ਦੀਆਂ ਮਹਿੰਗੀਆਂ-ਮਹਿੰਗੀਆਂ ਸਾੜ੍ਹੀਆਂ, ਨਵੇਂ ਫੈਸ਼ਨ ਦੇ ਸੂਟ, ਨਾਈਟੀਆਂ ਅਤੇ ਗਾਊਨ ਕਿਸੇ ਕੰਮ ਨਹੀਂ ਸਨ ਆ ਰਹੇ।

ਪਹਿਲਾਂ ਉਸ ਨੂੰ ਕਮੀਜ਼ ਸਲਵਾਰ ਪਹਿਨਾਇਆ ਜਾਂਦਾ ਸੀ। ਜਦੋਂ ਬੈਡ-ਸੋਰ ਹੋਏ ਤਾਂ ਕੁੜਤੇ ਦੀ ਥਾਂ ਬਨੈਣ ਅਤੇ ਸਲਵਾਰ ਦੀ ਥਾਂ ਕਾਟਨ ਦੇ ਅੰਦਰ-ਵੀਅਰ ਨੇ ਲੈ ਲਈ। ਮਾਇਆ ਨਗਰ ਆ ਕੇ ਵੀ ਨੀਲਮ ਨੇ ਆਪਣਾ ਪਿਛੋਕੜ ਨਹੀਂ ਸੀ ਛੱਡਿਆ। ਨਾ ਕਦੇ ਉਸਨੇ ਜੀਨ ਪਾਈ ਸੀ ਨਾ ਟੀ-ਸ਼ਰਟ। ਨੀਲਮ ਨੂੰ ਅੰਗ-ਪ੍ਰਦਰਸ਼ਨ ਤੋਂ ਚਿੜ ਸੀ। ਉਹ ਨੇਹਾ ਨੂੰ ਵੀ ਸਰਕਟ ਅਤੇ 'ਸ਼ਾਰਟ' ਪਹਿਨਣ ਤੋਂ ਰੋਕਦੀ ਸੀ। ਉਹ ਕਹਿੰਦੀ ਹੁੰਦੀ ਸੀ ਪਰਦਾ ਹੀ ਔਰਤ ਦਾ ਗਹਿਣਾ ਹੈ।

ਬਿਮਾਰੀ ਨੇ ਉਸਦੇ ਸਾਰੇ ਸ਼ੌਂਕ ਕਿੱਲੀ 'ਤੇ ਟੰਗਵਾ ਦਿੱਤੇ ਸਨ।

ਲੱਖ ਯਤਨ ਕਰਨ ਦੇ ਬਾਵਜੂਦ ਵੀ ਕਪੜੇ ਗਿੱਲੇ ਹੋ ਜਾਂਦੇ। ਗਿੱਲੇ ਕਪੜਿਆਂ ਕਾਰਨ ਪਹਿਲੇ ਬੈਡ-ਸੋਰ ਗਹਿਰੇ ਹੋ ਗਏ। ਨਵੇਂ ਬੈਡ-ਸੋਰ ਬਣਨ ਲੱਗੇ। ਤਨ 'ਤੇ ਪਾਏ ਕਪੜੇ ਬੈਡ-ਸੋਰਾਂ ਨੂੰ ਨੁਕਸਾਨ ਪਹੁੰਚਾ ਰਹੇ ਸਨ। ਡਾਕਟਰ ਨੇ ਹਦਾਇਤ ਕੀਤੀ। ਨੀਲਮ ਨੂੰ ਇਕ ਚਾਦਰ ਨਾਲ ਢੱਕ ਕੇ ਰੱਖਿਆ ਜਾਵੇ। ਕਦੇ ਚਾਦਰ ਖਿਸਕ ਜਾਂਦੀ ਤਾਂ ਉਹ ਅਲਫ਼ ਨੰਗੀ ਹੋ ਜਾਂਦੀ।

ਉਂਝ ਹੁਣ ਉਸਦੇ ਨੰਗੇ ਜਾਂ ਕੱਜੇ ਸਰੀਰ ਵਿਚ ਬਹੁਤਾ ਅੰਤਰ ਨਹੀਂ ਸੀ। ਉਸਦੇ ਸਰੀਰ ਦਾ ਮਾਸ ਲਟਕ ਗਿਆ ਸੀ। ਛਾਤੀਆਂ ਮਾਸ ਦੇ ਲੁਥੜੇ ਬਣ ਗਈਆਂ ਸਨ। ਡੌਲੇ ਅਤੇ ਪੱਟ ਪੱਟੀਆਂ ਦੇ ਨਿਸ਼ਾਨਾਂ ਕਾਰਨ ਭੱਦੇ ਹੋਏ ਪਏ ਸਨ। ਅੱਖਾਂ ਉਪਰ ਕਾਲਖ਼ ਛਾ ਗਈ ਸੀ। ਛਾਈਆਂ ਕਾਰਨ ਚਿਹਰਾ ਡੱਬਖੜੱਬਾ ਹੋ ਗਿਆ ਸੀ। ਬਿਖਰੇ ਵਾਲਾਂ ਵਾਲੀ ਇਹ ਜ਼ਿੰਦਾ ਲਾਸ਼ ਕੋਈ ਭੂਤਨੀ ਲਗਦੀ ਸੀ। ਦੇਖਣ ਵਾਲਾ ਉਸਦੇ ਨੰਗੇ ਸਰੀਰ ਵਿਚੋਂ



ਕਾਮਵਾਸਨਾ ਦੀ ਪੂਰਤੀ ਨਹੀਂ ਸੀ ਕਰ ਸਕਦਾ।

ਛੋਟੇ ਵੱਡੇ ਜੀਜਿਆਂ, ਦਿਓਰਾਂ ਜੇਠਾਂ ਅਤੇ ਮੁਸ਼ਕੀ ਆਂਢੀ-ਗੁਆਂਢੀਆਂ ਦੀ ਚਹੇਤੀ ਨੀਲਮ ਹੁਣ ਕਿਸੇ ਨੂੰ ਚੰਗੀ ਨਹੀਂ ਸੀ ਲਗਦੀ। ਉਸਦੀ ਛੋਹ ਨੂੰ ਤਰਸਨ ਵਾਲੇ, ਉਸ ਦੀ ਮੁਸਕਾਨ ਨੂੰ ਮਾਨਣ ਵਾਲੇ ਆਸ਼ਕਾਨਾ ਰਿਸ਼ਤੇਦਾਰ ਫ਼ੋਨ 'ਤੇ ਹਾਲ-ਚਾਲ ਪੁੱਛ ਕੇ ਸਾਰ ਲਿਆ ਕਰਦੇ ਸਨ ਜਾਂ ਫੇਰ ਇਕ ਵਾਰ ਕਮਰੇ ਵਿਚ ਵੜਕੇ, ਓਪਰੀ ਜਿਹੀ ਨਜ਼ਰ ਮਾਰ ਕੇ ਬਾਹਰ ਨੂੰ ਭੱਜ ਪੈਂਦੇ ਸਨ।

ਡਾਕਟਰ ਆਖ ਰਹੇ ਸਨ ਨੀਲਮ ਦੀ ਹਾਲਤ ਸੁਧਰ ਰਹੀ ਸੀ। ਪਰ ਨੇਹਾ ਨੂੰ ਕੋਈ ਸੁਧਾਰ ਨਜ਼ਰ ਨਹੀਂ ਸੀ ਆਉਂਦਾ। ਨਾ ਨੀਲਮ ਦਾ ਕਦੇ ਕੋਈ ਅੰਗ ਹਿਲਿਆ ਸੀ ਨਾ ਉਸਨੇ ਕਦੇ ਅੱਖ ਪੁੱਟੀ ਸੀ। ਨਾ ਕਦੇ ਭੁੱਖ ਜਿਤਾਈ ਸੀ ਨਾ ਪਿਆਸ ਦਾ ਇਜ਼ਹਾਰ ਕੀਤਾ ਸੀ। ਨੇਹਾ ਨੂੰ ਜਾਪਦਾ ਸੀ ਉਸਦੀ ਚੇਤਨਾ ਨੂੰ ਕੰਟਰੋਲ ਕਰਨ ਵਾਲਾ ਉਸਦੇ ਦਿਮਾਗ਼ ਦਾ ਹਿੱਸਾ ਮਰ ਚੁੱਕਾ ਸੀ। ਅਜਿਹੀਆਂ ਅਨੇਕਾਂ ਜ਼ਿੰਦਾ ਲਾਸ਼ਾਂ ਘਰਾਂ ਵਿਚ ਰੁਲਦੀਆਂ ਉਸਨੇ ਦੇਖੀਆਂ ਸਨ। ਇਹ ਦਿਮਾਗ਼ ਦੀ ਸੱਟ ਸੀ। ਠੀਕ ਹੋ ਕੇ ਵੀ ਕਿਸੇ ਅੰਗ ਦਾ ਨੁਕਸਾਨ ਕਰ ਸਕਦੀ ਸੀ। ਯਾਦਦਾਸ਼ਤ ਜਾ ਸਕਦੀ ਸੀ। ਕੋਈ ਨੁਕਸਾਨ ਹੋ ਗਿਆ ਤਾਂ ਨੀਲਮ ਦਾ ਕੀ ਬਣੇਗਾ? ਉਹ ਕਿਸ ਦੇ ਸਹਾਰੇ ਦਿਨ ਕੱਟੇਗੀ ?

ਨੀਲਮ ਦੀ ਤਰਸਯੋਗ ਹਾਲਤ ਦੇਖ ਕੇ ਕਦੇ-ਕਦੇ ਨੇਹਾ ਦੀ ਸੋਚ ਟਪਲਾ ਖਾਣ ਲਗਦੀ ਸੀ। ਇਸ ਤੋਂ ਚੰਗਾ ਸੀ ਉਹ ਸਦਾ ਲਈ ਅੱਖਾਂ ਮੀਟ ਜਾਵੇ।

ਹੁਣ ਲਗਦਾ ਸੀ ਨੀਲਮ ਸਦਾ ਲਈ ਅੱਖਾਂ ਮੀਚਣ ਦੀ ਤਿਆਰੀ ਕਰ ਰਹੀ ਸੀ। ਜੇ ਦਸਤ ਇਕ ਦੋ ਦਿਨ ਹੋਰ ਚਲਦੇ ਰਹੇ ਤਾਂ ਉਸ ਅੰਦਰੋਂ ਪਾਣੀ ਮੁੱਕ ਜਾਣਾ ਸੀ। ਪਾਣੀ ਮੁੱਕਣ ਦੇ ਨਾਲ ਹੀ ਪ੍ਰਾਣਾਂ ਦਾ ਹਿਸਾਬ-ਕਿਤਾਬ ਮੁੱਕ ਜਾਣਾ ਸੀ।

ਪਰ ਤਿਣਕਾ-ਤਿਣਕਾ ਕਰਕੇ ਮੁੱਕ ਰਹੀ ਮਾਂ ਨੂੰ ਦੇਖਦੇ ਰਹਿਣ ਤੋਂ ਸਿਵਾ ਨੇਹਾ ਕੁਝ ਕਰ ਵੀ ਤਾਂ ਨਹੀਂ ਸੀ ਸਕਦੀ।

## -73-

ਜਦੋਂ ਮਾਇਆ ਨਗਰ ਦੇ ਐਲੋਪੈਥੀ ਦੇ ਡਾਕਟਰ ਹੰਭ ਗਏ ਤਾਂ ਰਾਮ ਨਾਥ ਆਪਣੇ ਸ਼ਹਿਰ ਵੱਲ ਦੌੜਿਆ। ਹੋਮੋਪੈਥੀ ਦੇ ਡਾਕਟਰ ਮੰਗਲਾ ਦੀ ਪਹਿਲੀ ਦਵਾਈ ਨੇ ਤਾਂ ਨੀਲਮ 'ਤੇ ਅਸਰ ਨਹੀਂ ਸੀ ਕੀਤਾ। ਸ਼ਾਇਦ ਉਹ ਦਸਤਾਂ 'ਤੇ ਕਾਬੂ ਪਾ ਲਏ।

ਲੱਗੇ ਦੋਸਤਾਂ ਦਾ ਜ਼ਿਕਰ ਸੁਣ ਕੇ ਡਾਕਟਰ ਮੰਗਲਾ ਨੂੰ ਖੁਸ਼ੀ ਚੜ੍ਹ ਗਈ। ਉਸਨੇ ਰਾਮ ਨਾਥ ਨੂੰ ਮੁਬਾਰਕਾਂ ਦਿੱਤੀਆਂ। ਦਸਤ ਤਾਂ ਦਵਾਈ ਦੇ ਅਸਰ ਹੋਣ ਦੀ ਨਿਸ਼ਾਨੀ ਸੀ। ਦਵਾਈ ਨੀਲਮ ਦੇ ਅੰਦਰੋਂ ਗੰਦ ਕੱਢ ਰਹੀ ਸੀ। ਦੋ ਤਿੰਨ ਦਿਨਾਂ ਬਾਅਦ ਦਸਤਾਂ ਨੇ ਆਪੇ ਬੰਦ ਹੋ ਜਾਣਾ ਸੀ। ਫੇਰ ਨੀਲਮ ਨੇ ਠੀਕ ਹੋਣ ਲੱਗਣਾ ਸੀ।

ਇੰਝ ਹੀ ਹੋਇਆ। ਪੌਣੇ ਦੋ ਮਹੀਨੇ ਕੌਮਾ ਵਿਚ ਰਹਿ ਕੇ ਉਸਨੇ ਪਹਿਲੀ ਵਾਰ ਅੱਖ ਪੁੱਟੀ। ਫੇਰ ਲੱਤਾਂ ਬਾਹਾਂ ਹਿਲਾਉਣੀਆਂ ਸ਼ੁਰੂ ਕੀਤੀਆਂ। ਚੂੰਢੀ ਵੱਢਣ 'ਤੇ ਦਰਦ ਮਹਿਸੂਸ ਕਰਨ ਲੱਗੀ। ਨਾਂ ਲੈ ਕੇ ਹਾਕ ਮਾਰਨ 'ਤੇ ਉਸਦੇ ਚਿਹਰੇ ਦੇ ਹਾਵ-ਭਾਵ ਬਦਲਣ ਲਗਦੇ।

ਡਾਕਟਰ ਮੰਗਲਾ ਨੇ ਭਰੋਸਾ ਦਿਵਾਇਆ। ਸਿਹਤ ਵਿਚ ਹੋਰ ਸੁਧਾਰ ਹੋਏਗਾ। ਜਲਦੀ ਹੀ ਉਹ ਉਠਣ ਬੈਠਣ ਲੱਗੇਗੀ। ਗੱਲਬਾਤ ਸਮਝਣ ਅਤੇ ਸਮਝਾਉਣ ਲੱਗੇਗੀ।

ਡਾਕਟਰ ਅਤੇ ਸਾਕ-ਸੰਬੰਧੀ ਨੀਲਮ ਦੀ ਸਿਹਤ ਵਿਚ ਹੋ ਰਹੇ ਸੁਧਾਰ ’ਤੇ ਖ਼ੁਸ਼ ਸਨ। ਪਰ ਨੇਹਾ ਨੂੰ ਕੋਈ ਖ਼ੁਸ਼ੀ ਨਹੀਂ ਸੀ ਹੋ ਰਹੀ।

ਸਿਰ ਵਿਚ ਰਾਡ ਵੱਜਦਿਆਂ ਹੀ ਨੀਲਮ ਗੂੜ੍ਹੀ ਨੀਂਦ ਸੌਂ ਗਈ ਸੀ। ਉਸਨੂੰ ਕੀ ਪਤਾ ਸੀ ਉਸਦਾ ਵੱਸਦਾ-ਰੱਸਦਾ ਘਰ ਕਬਰਸਤਾਨ ਵਿਚ ਬਦਲ ਚੁੱਕਾ ਸੀ। ਉਸਨੂੰ ਕੀ ਪਤਾ ਸੀ ਉਸਦਾ ਛੇ ਫੁੱਟ ਦੋ ਇੰਚ ਲੰਬਾ, ਛੈਲ-ਛਬੀਲਾ ਪੁੱਤ ਹੁਣ ਆਪਣੇ ‘ਰੇਇਲ-ਇਨ-ਫੀਲਡ’ ਮੋਟਰ-ਸਾਈਕਲ ਉਪਰ ਬੈਠ ਕੇ ਗਲੀਆਂ ਵਿਚ ਗੇੜੇ ਨਹੀਂ ਦਿੰਦਾ। ਨਾ ਕਮਲ ਦੇ ਦੋਸਤ ਵਹੀਰਾਂ ਘੱਤ ਕੇ ਹੁਣ ਉਨ੍ਹਾਂ ਦੀ ਰਸੋਈ ਵਿਚ ਘੁਸਦੇ ਸਨ। ਨਾ ਹੁਣ ਛੱਤ ’ਤੇ ਵਰਜ਼ਸ਼ ਹੁੰਦੀ ਸੀ। ਨਾ ਕਮਲ ਦੇ ਕਮਰੇ ਵਿਚ ਸਾਰੀ ਰਾਤ ਟੇਬਲ-ਲੈਂਪ ਜਲਦਾ ਸੀ। ਹੁਣ ਨੀਲਮ ਨੂੰ ਰਾਤ ਨੂੰ ਵਾਰ-ਵਾਰ ਉੱਠ ਕੇ ਉਸਨੂੰ ਪੜ੍ਹਾਈ ਬੰਦ ਕਰਕੇ ਸੌਣ ਦੀ ਹਦਾਇਤ ਕਰਨ ਲਈ ਤੰਗ ਹੋਣ ਦੀ ਜ਼ਰੂਰਤ ਨਹੀਂ ਸੀ।

ਉਸ ਵਿਚਾਰੀ ਨੂੰ ਕੀ ਪਤਾ ਸੀ ਕਿ ਉਸਦਾ ਪਤੀ ਹੁਣ ਸਾਰਾ-ਸਾਰਾ ਦਿਨ ਘਰੋਂ ਬਾਹਰ ਰਹਿਣ ਦੀ ਸ਼ਿਕਾਇਤ ਨਹੀਂ ਸੀ ਹੋਣ ਦਿੰਦਾ। ਉਹ ਹੁਣ ਸਾਰਾ ਦਿਨ ਘਰ ਰਹਿੰਦਾ ਸੀ। ਨਾ ਹੁਣ ਉਹ ਦੋਸਤਾਂ ਵਿਚ ਬੈਠ ਕੇ ਸ਼ਰਾਬ ਪੀਂਦਾ ਸੀ, ਨਾ ਘਰ ਮੀਟ-ਮੱਛੀ ਲਿਆਉਂਦਾ ਸੀ। ਉਹ ਹੁਣ ਸਾਰਾ ਦਿਨ ਉਸਦੇ ਮੰਜੇ ਨਾਲ ਮੰਜਾ ਡਾਹੀ, ਭੀਸ਼ਮ-ਪਿਤਾਮਾ ਵਾਂਗ ਪਲੱਸਤਰ ਨਾਲ ਬੰਨ੍ਹਿਆ ਉਸਦੇ ਚਿਹਰੇ ਵੱਲ ਤੱਕਦਾ ਰਹਿੰਦਾ ਸੀ।

ਨੀਲਮ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ‘ਫੈਸ਼ਨ-ਪਿੱਟੀ’ ਅਖਵਾਉਣ ਵਾਲੀ ਉਹ ਖ਼ੁਦ ਹੁਣ ਗੰਦਗੀ ਦਾ ਢੇਰ ਬਣੀ ਪਈ ਸੀ। ਨਾ ਉਹ ਹੁਣ ਆਥਣ ਉੱਗਣ ਸੂਟ ਸਾੜ੍ਹੀਆਂ ਬਦਲਦੀ ਸੀ, ਨਾ ਘੰਟੇ-ਘੰਟੇ ਬਾਅਦ ਮੇਕ-ਅੱਪ ਕਰਦੀ ਸੀ। ਬੈਡ-ਸੋਰਾਂ ਨੇ ਉਸਦਾ ਸਰੀਰ ਕੋਹੜੀਆਂ ਵਰਗਾ ਬਣਾ ਦਿੱਤਾ ਸੀ।

ਨੀਲਮ ਬਿਮਾਰ ਸੀ। ਉਸਦੀ ਪਹਿਚਾਣ ਮਿਟਣੀ ਸੁਭਾਵਕ ਸੀ।

ਹੁਣ ਤਾਂ ਰਿਸ਼ਟ-ਪੁਸ਼ਟ ਨੇਹਾ ਦੀ ਪਹਿਚਾਣ ਮਿਟੀ ਪਈ ਸੀ। ਗੁਲਾਬ ਵਾਂਗ ਟਹਿਕਣ ਅਤੇ ਮਹਿਕਣ ਵਾਲੀ ਨੇਹਾ ਕੰਡਿਆਲੀ ਥੋਰ੍ਹ ਬਣੀ ਹੋਈ ਸੀ।

ਭੂਤਨੀ ਬਣੀ ਨੇਹਾ ਨੂੰ ਹੁਣ ਨੀਂਦੋਂ ਜਾਗੀ ਆਪਣੀ ਮਾਂ ਨੂੰ ਆਪਣੀ ਹੀ ਜਾਣ ਪਹਿਚਾਣ ਦੇਣੀ ਪੈਣੀ ਸੀ।

ਨੇਹਾ ਨਹੀਂ ਸੀ ਚਾਹੁੰਦੀ ਉਸਦੀ ਮਾਂ ਦੀ ਯਾਦਦਾਸ਼ਤ ਵਾਪਸ ਆਵੇ। ਉਹ ਚਾਹੁੰਦੀ ਸੀ ਉਹ ਦੁੱਖਾਂ ਦੀ ਵਿਆਖਿਆ ਸੁਣੇ ਬਿਨਾਂ ਹੀ ਜਹਾਨੋਂ ਤੁਰ ਜਾਵੇ।

ਇਹੋ ਜਿਹੇ ਵਿਚਾਰ ਉਸਦੇ ਮਨ ਵਿਚ ਉਸ ਸਮੇਂ ਉੱਠਦੇ ਸਨ, ਜਦੋਂ ਉਹ ਆਪਣੀ ਨਰਕ ਬਣੀ ਜ਼ਿੰਦਗੀ ਤੇ ਪਿੱਛਲ ਝਾਤ ਮਾਰਦੀ ਸੀ।

ਇੱਜ਼ਤ ਦੇ ਨਾਲ-ਨਾਲ ਸਭ ਕੁਝ ਗਵਾ ਚੁੱਕੀ ਨੇਹਾ ਨੇ ਖ਼ੁਦ ਕਈ ਵਾਰ ਮੌਤ ਚਾਹੀ ਸੀ। ਪਰ ਮੌਤ ਵੀ ਮੰਗਿਆਂ ਨਹੀਂ ਸੀ ਮਿਲ ਰਹੀ। ਹਰ ਵਾਰ ਲਾਚਾਰ ਮਾਂ ਬਾਪ ਦੀ ਹਾਲਤ ਅਤੇ ਕਮਲ ਦੇ ਕਾਤਲਾਂ ਨੂੰ ਫਾਹੇ ਲਗਵਾਉਣ ਦੀ ਪੁਕਾਰ ਉਸਦੇ ਆੜੇ ਆ ਜਾਂਦੀ ਸੀ।

ਇਹ ਜਿਊਣਾ ਵੀ ਕੋਈ ਜਿਊਣਾ ਸੀ! ਉਹ ਦਿਨ ਵਿਚ ਕਈ-ਕਈ ਵਾਰ ਮਰਦੀ ਸੀ।

ਬਲਾਤਕਾਰੀ ਨੇ ਨੇਹਾ ਦੇ ਅੰਗਾਂ ਨੂੰ ਆਰੇ ਵਾਂਗ ਚੀਰਿਆ ਸੀ। ਅੱਜ ਤਕ ਨਾ ਆਰਾ ਚੱਲਣੋਂ ਹੱਟਿਆ ਸੀ, ਨਾ ਉਨ੍ਹਾਂ ਦੀ ਬੂ ਨੇ ਉਸਦਾ ਖਹਿੜਾ ਛੱਡਿਆ ਸੀ। ਇਹ ਉਸਦੀ ਪਹਿਲੀ ਮੌਤ ਸੀ।



ਪੂਰੇ ਵੀਹ ਦਿਨ, ਫ਼ਿਲਮਾਂ ਵਿਚ ਹੁੰਦੇ ਬਲਾਤਕਾਰਾਂ ਦੇ ਸੀਨ, ਉਸ ਦੀਆਂ ਅੱਖਾਂ ਅੱਗੇ ਨੱਚਦੇ ਰਹੇ ਸਨ। ਅਜਿਹੇ ਹਾਦਸਿਆਂ ਬਾਅਦ ਫ਼ਿਲਮੀ ਨਾਇਕਾਵਾਂ ਅਕਸਰ ਮਾਂ ਬਣ ਜਾਂਦੀਆਂ ਸਨ। ਕਿਧਰੇ ਉਹ ਵੀ ਮਾਂ ਤਾਂ ਨਹੀਂ ਬਣ ਗਈ? ਇਹ ਵਿਚਾਰ ਮਨ ਵਿਚ ਆਉਂਦੇ ਹੀ ਉਸ ਦੀ ਰੂਹ ਧੁਰ ਅੰਦਰ ਤਕ ਕੰਬ ਜਾਂਦੀ ਸੀ। ਉਸ ਸਮੇਂ ਨੇਹਾ ਨੂੰ ਆਪਣੀ ਮਾਂ ਦੀ ਯਾਦ ਸਭ ਤੋਂ ਵੱਧ ਸਤਾਉਂਦੀ ਸੀ। ਜੇ ਨੀਲਮ ਠੀਕ ਹੁੰਦੀ ਨੇਹਾ ਨੂੰ ਇੰਨੀ ਚਿੰਤਾ ਨਾ ਹੁੰਦੀ। ਮਾਵਾਂ ਧੀਆਂ ਇਹੋ ਜਿਹੀਆਂ ਗੱਲਾਂ ਕਰ ਲਿਆ ਕਰਦੀਆਂ ਸਨ। ਹੁਣ ਉਹ ਦਿਲ ਦੀ ਘੁੰਡੀ ਖੋਲ੍ਹੇ ਤਾਂ ਕਿਸ ਕੋਲ? ਮਾਮੀ ਕੋਲ? ਸਹੇਲੀ ਕੋਲ? ਜਾਂ ਕਿਸੇ ਟੀਚਰ ਕੋਲ? ਸਭ ਨੇ ਮੂੰਹ ’ਤੇ ਹਮਦਰਦੀ ਜਿਤਾਉਣੀ ਸੀ। ਪਿਛੋਂ ਢੋਲ ਪਿੱਟਣਾ ਸੀ। ਸ਼ੁਕਰ ਕਰਕੇ ਨੇਹਾ ਨੇ ਉਹ ਦਿਨ ਲਿਆ, ਜਦੋਂ ਉਸਨੂੰ ਇਸ ਕਲੰਕ ਤੋਂ ਬਚ ਰਹਿਣ ਦਾ ਇਸ਼ਾਰਾ ਮਿਲਿਆ।

ਨੇਹਾ ਦਾ ਮਾਮਾ ਵਕੀਲ ਸੀ। ਪਰਚਾ ਦਰਜ ਕਰਾਉਂਦੇ ਸਮੇਂ ਉਸਨੇ ਨੇਹਾ ਨਾਲ ਹੋਏ ਬਲਾਤਕਾਰ ਦੀ ਗੱਲ ਛੁਪਾ ਲਈ ਸੀ। ਡਾਕਟਰ ਦਾ ਮੂੰਹ ਬੰਨ੍ਹ ਦਿੱਤਾ ਸੀ। ਪਰ ਲੋਕਾਂ ਨੇ ਪਤਾ ਨਹੀਂ ਕਿਥੋਂ ਸੂਹ ਕੱਢ ਲਈ ਸੀ। ਥਾਂ-ਥਾਂ ਉਸਦੀ ਚਰਚਾ ਹੋ ਰਹੀ ਸੀ। ਨੇਹਾ ਨੂੰ ਕੁਲਟਾ ਆਖਿਆ ਜਾ ਰਿਹਾ ਸੀ। ਇਹ ਉਸਦੀ ਦੂਸਰੀ ਮੌਤ ਸੀ।

ਉਮਰ ਭਰ ਸਾਥ ਨਿਭਾਉਣ ਦਾ ਵਾਅਦਾ ਕਰਨ ਵਾਲੇ ਸਾਗਰ ਨੂੰ ਵੀ ਨੇਹਾ ਦੇ ਸਰੀਰ ਵਿਚੋਂ ਭਈਏ ਦੀ ਬੂ ਆਉਣ ਲੱਗੀ ਸੀ। ਘੁੱਟ ਕੇ ਹੱਥ ਫੜਨ ਦੀ ਗੱਲ ਦੂਰ ਰਹੀ, ਉਹ ਇਕ ਵਾਰ ਅਫ਼ਸੋਸ ਪਰਗਟ ਕਰਨ ਵੀ ਨਹੀਂ ਸੀ ਆਇਆ। ਇਹ ਉਸਦੀ ਤੀਸਰੀ ਮੌਤ ਸੀ।

ਕਿੰਨੀਆਂ ਕੁ ਮੌਤਾਂ ਦੀ ਖ਼ਬਰ ਨੇਹਾ ਆਪਣੀ ਮਾਂ ਨੂੰ ਸੁਣਾਏਗੀ?

ਚੰਗਾ ਸੀ ਵਾਰ-ਵਾਰ ਮਰਨ ਨਾਲੋਂ ਉਹ ਇਕੋ ਵਾਰ ਮਰ ਜਾਵੇ।

## -74-

ਰਾਮ ਨਾਥ ਬਹੁਤ ਸਮਾਂ ਘਰੋਂ ਬਾਹਰ ਰਹਿੰਦਾ ਸੀ।

ਇਕ-ਇਕ ਕਰਕੇ ਸਾਰੇ ਨੌਕਰ ਖਿਸਕ ਗਏ ਸਨ। ਸੰਗੀਤਾ ਨੂੰ ਉਪਰਲੇ ਕੰਮਾਂ ਤੋਂ ਵਿਹਲ ਨਹੀਂ ਸੀ ਮਿਲਦੀ।

ਨੇਹਾ ਮਰੀਜ਼ਾਂ ਦੇ ਸਿਰਹਾਣੇ ਬੈਠ ਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੀ ਸੀ।

ਇਨ੍ਹੀ ਦਿਨੀਂ ਦੀਪ ਨਗਰ ਮੁਹੱਲੇ ਵਿਚ ਆਮ ਚਰਚਾ ਸੀ। ਪੰਕਜ ਅਤੇ ਨੀਰਜ ਨੇ ਆਪਣੇ ਬੇਕਸੂਰ ਹੋਣ ਬਾਰੇ ਪੁਲਿਸ ਨੂੰ ਜੋ ਦਰਖ਼ਾਸਤ ਦਿੱਤੀ ਸੀ, ਉਹ ਮਨਜ਼ੂਰ ਹੋਣ ਵਾਲੀ ਸੀ।

ਇਸ ਚਰਚਾ ਨੇ ਨੇਹਾ ਅੰਦਰ ਮਾਤਾ ਜੀ ਦੇ ਆਸ਼ੀਰਵਾਦ ਨਾਲ ਪੁੰਗਰੇ ਆਤਮ-ਵਿਸ਼ਵਾਸ ਦੇ ਬੀਜ ਨੂੰ ਮੁੜ ਸੋਕਾ ਲਾ ਦਿੱਤਾ। ਧਿਆਨ ਵਿਚ ਉਸਦਾ ਮਨ ਨਹੀਂ ਸੀ ਲਗਦਾ।

ਮਰੀਜ਼ਾਂ ਦੇ ਸਿਰਹਾਣੇ ਬੈਠੀ ਨੇਹਾ ਨੂੰ ਭੈੜੇ-ਭੈੜੇ ਖ਼ਿਆਲ ਆਉਣ ਲਗਦੇ ਸਨ।

ਕਦੇ ਉਸ ਦੀਆਂ ਅੱਖਾਂ ਅੱਗੇ ਚਚੇਰੇ ਭਰਾ ਆ ਖੜ੍ਹੋਂਦੇ। ਕਦੇ ਉਨ੍ਹਾਂ ਦੇ ਚਿਹਰੇ ਰਾਕਸ਼ਸ਼ਾਂ ਵਰਗੇ ਅਤੇ ਕਦੇ ਕਾਤਲ ਭਈਆਂ ਵਰਗੇ ਹੁੰਦੇ। ਕਦੇ ਉਹ ਉਸਨੂੰ ਬੱਚਿਆਂ

ਵਾਂਗ ਚਿੜਾਉਣ ਲਗਦੇ ਅਤੇ ਕਦੇ ਕਾਮ-ਭਰੀਆਂ ਅੱਖਾਂ ਨਾਲ ਤੱਕਣ ਲਗਦੇ।

ਕਦੇ ਜਿਉਂਦਾ-ਜਾਗਦਾ ਕਮਲ ਨਜ਼ਰ ਆਉਣ ਲਗਦਾ। ਉਹ ਨੇਹਾ ਨੂੰ ਸਮਝਾਉਣ ਲਗਦਾ। "ਬਚ ਕੇ ਰਹਿ। ਭਈਏ ਫੇਰ ਆਉਣਗੇ।"

ਕਦੇ ਘਰ ਦੀਆਂ ਕੰਧਾਂ ਉਸਨੂੰ ਡਰਾਉਣ ਲਗਦੀਆਂ। ਗੁਆਂਢੀਆਂ ਦਾ ਖੜਕਿਆ ਗੇਟ ਉਸਨੂੰ ਆਉਣ ਵਾਲੇ ਡਾਕੂਆਂ ਦੀ ਦਸਤਕ ਜਾਪਦਾ। ਰਾਤ ਦਾ ਸੰਨਾਟਾ ਉਸ ਨੂੰ ਖਾਣ ਨੂੰ ਪੈਣ ਲਗਦਾ।

ਕਦੇ ਉਸ ਨੂੰ ਲਗਦਾ ਕਮਲ ਦੇ ਨਾਲ ਹੀ ਉਸਦਾ ਵੀ ਕਤਲ ਕਰ ਦਿੱਤਾ ਗਿਆ ਸੀ। ਕਮਲ ਨੇ ਆਪਣੀ ਜਾਨ ਆਪਣੀ ਭੈਣ ਦੀ ਇੱਜ਼ਤ ਬਚਾਉਂਦੇ ਗਵਾਈ ਸੀ। ਇਸ ਲਈ ਉਸਨੂੰ ਸਵਰਗ ਨਸੀਬ ਹੋਇਆ ਸੀ। ਪਰ ਨੇਹਾ ਮਰਨ ਤੋਂ ਪਹਿਲਾਂ ਅਪਵਿੱਤਰ ਹੋ ਗਈ ਸੀ। ਇਸ ਲਈ ਸਵਰਗ ਉਸ ਲਈ ਵਰਜਿਤ ਸੀ। ਉਹ ਭੂਤ ਬਣ ਕੇ ਇਧਰ ਉਧਰ ਭਟਕ ਰਹੀ ਸੀ।

ਜਿਥੇ ਨੇਹਾ ਹੁਣ ਵਿਚਰ ਰਹੀ ਸੀ ਉਹ ਉਨ੍ਹਾਂ ਦੀ ਕੋਠੀ ਨਹੀਂ ਸੀ। ਇਹ ਤਾਂ ਕੋਈ ਭੂਤ ਬੰਗਲਾ ਸੀ। ਇਹ ਬੰਗਲਾ ਦਿਨ ਰਾਤ ਹਨੇਰੇ ਵਿਚ ਡੁੱਬਿਆ ਰਹਿੰਦਾ ਸੀ। ਇਸਦੇ ਕਮਰੇ ਬਦਬੂ ਨਾਲ ਭਰੇ ਹੋਏ ਸਨ। ਇਸ ਬੰਗਲੇ ਦੇ ਵਸਨੀਕ ਸਾਰਾ ਦਿਨ ਹਉਕੇ ਭਰਦੇ ਰਹਿੰਦੇ ਸਨ। ਇਹੋ ਭੂਤ ਬੰਗਲੇ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ।

ਮਰਨ ਤੋਂ ਪਹਿਲਾਂ ਨੇਹਾ ਜਿਸ ਕੋਠੀ ਵਿਚ ਰਹਿੰਦੀ ਸੀ ਉਹ ਤਾਂ ਸਵਰਗ ਸੀ। ਉਥੇ ਉਸਦਾ ਭਰਾ ਕਮਲ ਵੱਸਦਾ ਸੀ। ਉਸਨੂੰ ਲੰਬੇ ਕੱਦ, ਸੁਰਾਹੀ ਵਰਗੀ ਗਰਦਨ, ਗੋਰੇ ਰੰਗ ਅਤੇ ਗੱਠਵੇਂ ਸਰੀਰ ਦੀ ਦਾਤ ਮਿਲੀ ਹੋਈ ਸੀ। ਮਾਂ ਨੇ ਕਮਲ ਦਾ ਲਾਡਲਾ ਨਾਂ ਭੀਮ ਰੱਖਿਆ ਸੀ। ਆਪਣੇ ਕਮਲ ਨੂੰ ਮਹਾਂ-ਭਾਰਤ ਦਾ ਭੀਮ ਬਣਾਉਣ ਦੇ ਯਤਨ ਮਾਂ ਨੇ ਉਸਦੇ ਬਚਪਨ ਵਿਚ ਹੀ ਆਰੰਭ ਦਿੱਤੇ ਸਨ। ਬੀ.ਏ. ਕਰਦੇ ਸਮੇਂ ਨੀਲਮ ਨੇ ਮਨੋ-ਵਿਗਿਆਨ ਇਕ ਵਿਸ਼ੇ ਦੇ ਤੌਰ 'ਤੇ ਪੜ੍ਹਿਆ ਸੀ। ਇਸ ਲਈ ਕਮਲ ਦੇ ਖਿਲੌਣਿਆਂ ਅਤੇ ਕਿਤਾਬਾਂ ਦੀ ਚੋਣ ਸੋਚ ਸਮਝ ਕੇ ਹੁੰਦੀ ਸੀ। ਥੋੜ੍ਹਾ ਵੱਡਾ ਹੋਣ ਤੇ ਉਸਨੂੰ ਹੈਲਥ-ਕਲੱਬ ਦਾ ਮੈਂਬਰ ਬਣਾ ਦਿੱਤਾ ਗਿਆ ਸੀ। ਤੈਰਾਕੀ ਲਈ ਸਵਿਮਿੰਗ-ਪੂਲ ਜਾਣ ਲੱਗਾ ਸੀ। ਕਾਲਜ ਜਾਣ ਤਕ ਉਸ ਉਪਰ ਬਾਡੀ ਬਿਲਡਰ ਬਣਨ ਦਾ ਭੂਤ ਸਵਾਰ ਕਰਵਾ ਦਿੱਤਾ ਗਿਆ ਸੀ। ਇਹ ਛੈਲ-ਛਬੀਲਾ ਮੁੰਡਾ ਸਕੂਲ, ਕਾਲਜ ਅਤੇ ਫੇਰ ਯੂਨੀਵਰਸਿਟੀ ਦੇ ਨਾਲ-ਨਾਲ ਗਲੀ ਮੁਹੱਲੇ ਵਿਚ ਵੀ ਸਤਿਕਾਰਿਆ ਜਾਂਦਾ ਸੀ। ਇਸ ਭੂਤ ਬੰਗਲੇ ਵਿਚ ਕਮਲ ਦੀ ਤਸਵੀਰ ਤਕ ਨਹੀਂ ਸੀ।

ਨੇਹਾ ਦਾ ਘਰ ਸਾਰੀ ਰਾਤ ਰੰਗ-ਬਰੰਗੀਆਂ ਰੋਸ਼ਨੀਆਂ ਨਾਲ ਜਗਮਗਾਉਂਦਾ ਰਹਿੰਦਾ ਸੀ। ਗੇਟ ਤੋਂ ਲੈ ਕੇ ਪੋਰਚ, ਗੈਰਜ, ਲਾਅਨ ਅਤੇ ਲਾਬੀ ਤਕ ਦੀਆਂ ਬੱਤੀਆਂ ਰਾਤ ਨੂੰ ਤਾਂ ਜਗਦੀਆਂ ਹੀ ਸਨ, ਕਈ ਵਾਰ ਇਹ ਦਿਨੇ ਵੀ ਜਗਦੀਆਂ ਰਹਿੰਦੀਆਂ ਸਨ। ਸਾਰਾ ਦਿਨ ਉਨ੍ਹਾਂ ਦੇ ਘਰ ਸੰਗੀਤ ਵੱਜਦਾ ਸੀ। ਕਦੇ ਕਮਲ ਦੇ ਡੈੱਕ ਤੋਂ ਪੌਪ ਮਿਊਜ਼ਕ ਗੂੰਜਦਾ ਸੀ ਅਤੇ ਕਦੇ ਨੇਹਾ ਦੇ ਕਮਰੇ ਵਿਚੋਂ ਭਜਨਾਂ ਦੀਆਂ ਧੁਨਾਂ ਆਨੰਦ ਬਰਸਾਉਂਦੀਆਂ ਸਨ।

ਬਾਅਦ ਦੁਪਹਿਰ ਨੀਲਮ ਦੀ ਕਿੱਟੀ ਪਾਰਟੀ 'ਤੇ ਜੁੜੀਆਂ ਤਿਤਲੀਆਂ ਵਰਗੀਆਂ ਔਰਤਾਂ ਦੇ ਹਾਸੇ ਰੰਗ ਬੰਨ੍ਹਦੇ ਸਨ। ਸ਼ਾਮ ਨੂੰ ਕਮਲ ਦੇ ਦੋਸਤ ਘੰਟਿਆਂ-ਬੱਧੀ ਗਲੀਆਂ ਦੇ ਮੋੜਾਂ 'ਤੇ ਖੜੇ ਹਾਸੇ-ਠੱਠੇ ਕਰਦੇ ਸਨ। ਰਾਤ ਨੂੰ ਵੇਦ ਦੀ ਮਹਿਫਲ ਜੁੜਦੀ ਸੀ।



ਨੇਹਾ ਦੀਆਂ ਆਪਣੀਆਂ ਸਹੇਲੀਆਂ ਦੀ ਲੰਬੀ ਡਾਰ ਸੀ। ਸਾਰਾ ਦਿਨ ਉਹ ਸਹਿਯੋਗ ਦੇ ਚਰਚੇ ਅਤੇ ਇਸ ਨੂੰ ਵਧਾਉਣ ਫੈਲਾਉਣ ਦੇ ਆਹਰ ਲੱਗੀ ਰਹਿੰਦੀ ਸੀ। ਕਦੇ ਵਿਹਲ ਮਿਲਦੀ ਤਾਂ ਧਿਆਨ ਲਾ ਕੇ ਬੈਠ ਜਾਂਦੀ ਅਤੇ ਕੁੰਡਲਣੀ ਜਾਗਰਣ ਵਿਚ ਮਸਤ ਹੋ ਜਾਂਦੀ ਸੀ।

ਇਸ ਬੰਗਲੇ ਵਿਚ ਨਾ ਉਹ ਨੇਹਾ ਨਜ਼ਰ ਆਉਂਦੀ ਸੀ ਨਾ ਇਥੇ ਮਾਤਾ ਜੀ ਦਾ ਗੁਣਗਾਣ ਹੁੰਦਾ ਸੀ। ਇਥੇ ਸਭ ਇਕ ਦੂਜੇ ਨੂੰ ਕੋਸਦੇ ਅਤੇ ਫਿਟਕਾਰਦੇ ਸਨ।

ਨੇਹਾ ਦੇ ਘਰ ਵਿਚ ਧੀਆਂ ਭੈਣਾਂ ਦੀ ਇੱਜ਼ਤ ਸੁਰੱਖਿਅਤ ਸੀ।

ਨੇਹਾ ਨੂੰ ਉਹ ਦਿਨ ਯਾਦ ਸੀ ਜਦੋਂ ਨੇਹਾ ਦੇ ਪਿੱਛੇ ਆਉਂਦੇ ਇਕ ਮੁੰਡੇ ਨੂੰ ਕਮਲ ਨੇ ਸ਼ੱਕ ਦੇ ਆਧਾਰ ਤੇ ਹੀ ਰੋਕ ਲਿਆ ਸੀ। ਇਕੋ ਮੁੱਕੇ ਨਾਲ ਉਸਦਾ ਨੱਕ ਲਹੂ-ਲੁਹਾਨ ਹੋ ਗਿਆ ਸੀ। ਨੇਹਾ ਨੂੰ ਭੈਣ ਆਖ ਕੇ ਉਸਨੇ ਮਸਾਂ ਖਹਿੜਾ ਛੁਡਾਇਆ ਸੀ।

ਇਸ ਭੂਤ ਬੰਗਲੇ ਵਿਚੋਂ ਬਾਹਰ ਨਿਕਲਣਾ ਨੇਹਾ ਨੂੰ ਵਰਜਿਤ ਸੀ। ਮੁੰਡਿਆਂ ਖੁੰਡਿਆਂ ਨੇ ਤਾਂ ਕਟਾਕਸ਼ ਕਰਨੇ ਹੀ ਸਨ, ਹੁਣ ਰੇਹੜੀ ਛਾਬਿਆਂ ਵਾਲੇ ਵੀ ਉਸਨੂੰ ਟਿਚਰ ਕਰਨਾ ਆਪਣਾ ਹੱਕ ਸਮਝਦੇ ਸਨ।

ਚਾਰ ਦਿਨ ਪਹਿਲਾਂ ਤੀਜੀ ਕੋਠੀ ਵਿਚ ਰਹਿੰਦੇ ਪਿੰਚੂ ਨੇ ਉਸਨੂੰ ਸੜਕ 'ਤੇ ਰੋਕ ਕੇ ਹਾਲ-ਚਾਲ ਪੁੱਛਣ ਦੀ ਹਿੰਮਤ ਦਿਖਾਈ ਸੀ। ਨੇਹਾ ਦੇ ਚੁੱਪ-ਚਾਪ ਕਿਨਾਰਾ ਕਰਨ ਤੇ ਪਿੰਚੂ ਨੇ ਬੇਇਜ਼ਤੀ ਮਹਿਸੂਸ ਕੀਤੀ ਸੀ। ਬਦਲਾ ਲੈਣ ਲਈ ਉਸਨੇ ਨਿਹੋਰਾ ਮਾਰਿਆ ਸੀ —

"ਅਸੀਂ ਭਈਆਂ ਨਾਲੋਂ ਤਾਂ ਮਾੜੇ ਨਹੀਂ।"

ਇਕ ਵਾਰ ਨੇਹਾ ਦਾ ਹੱਥ ਜੁੱਤੀ ਵੱਲ ਵਧਿਆ ਸੀ। ਦਿਲ ਕੀਤਾ ਸੀ ਬੋਦੇ ਫੜ ਕੇ ਤਾੜ ਤਾੜ ਮੂੰਹ ਰੰਗ ਦੇਵੇ। ਆਪਣੇ ਲੰਬੇ ਨਹੁੰਆਂ ਨਾਲ ਉਸ ਦੀਆਂ ਅੱਖਾਂ ਨੋਚ ਲਏ।

ਪਰ ਉਸਦਾ ਖੌਲਿਆ ਖ਼ੂਨ ਅੱਖਾਂ ਵਿਚ ਰੁਕਣ ਦੀ ਥਾਂ ਦਿਮਾਗ਼ ਨੂੰ ਜਾ ਚੜ੍ਹਿਆ। ਉਹ ਪਾਗ਼ਲਾਂ ਵਾਂਗ ਸਹਿਮ ਕੇ ਪਿੱਛੇ ਹਟ ਗਈ ਸੀ। ਹੁਣ ਕਮਲ ਉਸਦੀ ਪਿੱਠ 'ਤੇ ਨਹੀਂ ਸੀ।

ਭਿੱਜੀ ਬਿੱਲੀ ਵਾਂਗ ਨੇਹਾ ਘਰ ਆ ਦੁਬਕੀ ਸੀ।

ਉਸ ਦਿਨ ਤੋਂ ਬਾਅਦ ਨੇਹਾ ਨੇ ਆਪਣੇ ਆਲੇ-ਦੁਆਲੇ ਲਛਮਣ ਰੇਖਾ ਖਿੱਚ ਲਈ। ਕੋਠੀਉਂ ਬਾਹਰ ਨਿਕਲਣ ਦਾ ਉਸਦਾ ਕੰਮ ਨਹੀਂ ਸੀ।

ਤੇ ਘਰ ਵਿਚ ਕੈਦ ਹੋਈ ਨੇਹਾ ਪਾਗਲਪਣ ਦੇ ਨੇੜੇ ਹੁੰਦੀ ਜਾ ਰਹੀ ਸੀ।

ਨੇਹਾ ਉਸ ਭੂਤ-ਬੰਗਲੇ ਤੋਂ ਖਹਿੜਾ ਛੁਡਾਉਣ ਲਈ ਤਰਲੋ-ਮੱਛੀ ਹੋ ਰਹੀ ਸੀ। ਕਦੇ ਉਹ ਵੇਦ ਅੱਗੇ ਤਰਲੇ ਕਰਦੀ ਅਤੇ ਕਦੇ ਰਾਮ ਨਾਥ ਅੱਗੇ।

"ਮਾਮਾ ਮੇਰਾ ਇਸ ਕੋਠੀ ਵਿੱਚ ਦਿਲ ਨਹੀਂ ਲਗਦਾ। ਯਾਦਾਂ ਮੇਰਾ ਪਿੱਛਾ ਕਰਦੀਆਂ ਹਨ। ਆਪਾਂ ਏਡਾ ਘਰ ਕੀ ਕਰਨਾ ਹੈ? ਦੋ ਕਮਰੇ ਮੁਕਦੇ ਨਹੀਂ। ਕਿਰਪਾ ਕਰਕੇ ਇਸ ਕੋਠੀ, ਇਸ ਕਾਲੋਨੀ ਤੋਂ ਮੇਰਾ ਖਹਿੜਾ ਛੁਡਾਓ।"

ਦੋਵੇਂ ਜੀਅ ਨੇਹਾ ਨਾਲ ਸਹਿਮਤ ਸਨ। ਮਾਹੌਲ ਬਦਲਣਾ ਚਾਹੀਦਾ ਸੀ।

ਪਰ ਹਾਲੇ ਇਸ ਤੋਂ ਗੰਭੀਰ ਸਮੱਸਿਆਵਾਂ ਹਿੱਕ ਤਾਨੀ ਖੜ੍ਹੀਆਂ ਸਨ। ਉਨ੍ਹਾਂ ਤੋਂ ਖਹਿੜਾ ਛੁੱਟੇ। ਫੇਰ ਇਹ ਘਰ ਵਿਕੇ। ਫੇਰ ਕੋਈ ਨਵਾਂ ਖਰੀਦਿਆ ਜਾਵੇ।

ਉਹ ਵਾਅਦਾ ਕਰਕੇ, ਨੇਹਾ ਨੂੰ ਟਾਲਣ ਤੋਂ ਵੱਧ ਕੁਝ ਨਹੀਂ ਸਨ ਕਰ ਸਕਦੇ।

## -75-

ਕਰੀਬ ਦੋ ਮਹੀਨੇ ਤੋਂ ਮਾਇਆ ਨਗਰ ਵਿਚ ਫਸੀ ਬੈਠੀ ਸੰਗੀਤਾ ਹੁਣ ਇਥੋਂ ਭੱਜ ਜਾਣ ਦਾ ਬਹਾਨਾ ਲੱਭ ਰਹੀ ਸੀ।

ਸਵੇਰੇ ਸ਼ਾਮ ਉਹ ਰਾਮ ਨਾਥ ਨਾਲ ਲੜਦੀ ਸੀ।

ਰਾਮ ਨਾਥ ਦੀ ਕਮਾਈ ਬੰਦ ਹੋ ਚੁੱਕੀ ਸੀ। ਦੋਬਾਰਾ ਕੰਮ ਚਲਾਉਣ ਲਈ ਸਾਲਾਂ-ਬੱਧੀ ਫੇਰ ਮਿਹਨਤ ਕਰਨੀ ਪੈਣੀ ਸੀ।

ਸੰਗੀਤਾ ਦੀ ਛੁੱਟੀ ਖ਼ਤਮ ਹੋ ਗਈ ਸੀ। ਹੁਣ ਉਹ ਬਿਨਾਂ ਤਨਖ਼ਾਹ ਵਾਲੀ ਛੁੱਟੀ 'ਤੇ ਚੱਲ ਰਹੀ ਸੀ। ਜੇ ਪ੍ਰਿੰਸੀਪਲ ਮਿਹਰਬਾਨੀ ਨਾ ਕਰਦੀ ਤਾਂ ਹੁਣ ਤਕ ਉਸਦੀ ਕਿਸੇ ਖੂੰਝੇ ਵਾਲੇ ਪਿੰਡ ਵਿਚ ਬਦਲੀ ਹੋ ਗਈ ਹੁੰਦੀ। ਸੰਗੀਤਾ ਮਨ ਲਾ ਕੇ ਬੱਚਿਆਂ ਨੂੰ ਪੜ੍ਹਾਉਂਦੀ ਸੀ। ਉਸਦਾ ਨਤੀਜਾ ਨੱਬੇ ਫ਼ੀਸਦੀ ਤੋਂ ਵੱਧ ਹੁੰਦਾ ਸੀ। ਹਿਸਾਬ ਵਰਗੇ ਮੁਸ਼ਕਲ ਮਜ਼ਮੂਨ ਵਿਚੋਂ ਵੀ ਬਹੁਤੇ ਬੱਚੇ ਪਹਿਲੇ ਦਰਜੇ ਵਿਚ ਪਾਸ ਹੁੰਦੇ ਸਨ। ਲੰਬੀ ਗੈਰ-ਹਾਜ਼ਰੀ ਦਾ ਗਿਲਾ ਲੈ ਕੇ ਆਉਂਦੇ ਬੱਚਿਆਂ ਦੇ ਮਾਪਿਆਂ ਨੂੰ ਪ੍ਰਿੰਸੀਪਲ ਮਸਾਂ ਸਮਝਾ ਕੇ ਮੋੜਦੀ ਸੀ। ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਿੰਸੀਪਲ ਦਾ ਆਖਾ ਮੰਨਦਾ ਸੀ। ਉਸਤੋਂ ਮਨਜ਼ੂਰੀ ਲੈ ਕੇ ਪ੍ਰਿੰਸੀਪਲ ਨੇ ਪੀ.ਟੀ.ਏ. ਫੰਡ ਵਿਚੋਂ ਆਰਜ਼ੀ ਤੌਰ 'ਤੇ ਹਿਸਾਬ ਮਾਸਟਰ ਰੱਖ ਦਿੱਤਾ ਸੀ। ਅਧਿਆਪਕ ਨਵਾਂ ਸੀ। ਨਾ ਬੱਚੇ ਉਸਤੇ ਖ਼ੁਸ਼ ਸਨ ਨਾ ਮਾਪੇ। ਉਸਦੀ ਥਾਂ ਕੋਈ ਪੱਕਾ ਅਧਿਆਪਕ ਕਿਸੇ ਵੀ ਸਮੇਂ ਹੁਕਮ ਕਰਵਾ ਸਕਦਾ ਸੀ।

ਘਰ ਦੇ ਆਰਥਿਕ ਉਜਾੜੇ ਨੂੰ ਬਚਾਉਣ ਲਈ ਸੰਗੀਤਾ ਦਾ ਡਿਊਟੀ 'ਤੇ ਹਾਜ਼ਰ ਹੋਣਾ ਜ਼ਰੂਰੀ ਸੀ।

ਬੱਚਿਆਂ ਦੇ ਇਮਤਿਹਾਨ ਸਿਰ 'ਤੇ ਆ ਗਏ ਸਨ। ਹਾਊਸ ਟੈਸਟ ਦੱਸਦੇ ਸਨ ਉਹ ਪੜ੍ਹਾਈ ਵਿਚ ਬਹੁਤ ਪੱਛੜ ਗਏ ਸਨ। ਉਨ੍ਹਾਂ ਨੂੰ ਮਿਹਨਤ ਕਰਾਉਣ ਲਈ ਸੰਗੀਤਾ ਦਾ ਅਪਾਣੇ ਘਰ ਰਹਿਣਾ ਜ਼ਰੂਰੀ ਸੀ।

ਸੰਗੀਤਾ ਨੂੰ ਇਕ ਹੋਰ ਗਿਲਾ ਵੀ ਸੀ। ਸਾਰੀ ਜ਼ਿੰਮੇਵਾਰੀ ਇਕੱਲੇ ਉਸਦੇ ਪਰਿਵਾਰ ਸਿਰ ਕਿਉਂ ਪਾਈ ਗਈ ਸੀ? ਹੋਰ ਰਿਸ਼ਤੇਦਾਰ ਵੀ ਸਨ। ਪ੍ਰਾਹੁਣਿਆਂ ਵਾਂਗ ਆਉਂਦੇ ਸਨ। ਅੱਧਾ ਪੌਣਾ ਘੰਟਾ ਬੈਠ ਕੇ ਮੁੜ ਜਾਂਦੇ ਸਨ। ਕੋਈ ਬਜ਼ਾਰੋਂ ਸੌਦਾ ਲੈਣ ਆਇਆ ਪਤਾ ਲੈ ਜਾਂਦਾ ਸੀ, ਕੋਈ ਕਿਸੇ ਦਫ਼ਤਰੋਂ ਕੰਮ ਕਰਾਉਣ ਆਇਆ।

ਸੰਗੀਤਾ ਰਾਮ ਨਾਥ 'ਤੇ ਜ਼ੋਰ ਪਾ ਰਹੀ ਸੀ। ਨੀਲਮ ਸਭ ਭਰਾਵਾਂ ਦੀ ਭੈਣ ਸੀ। ਰਾਮ ਨਾਥ ਵਕੀਲ ਸੀ। ਉਹ ਥਾਣੇ ਕਚਹਿਰੀ ਦਾ ਕੰਮ ਇਕੱਲਾ ਦੇਖੇ ਇਸ ਵਿਚ ਉਸਨੂੰ ਕੋਈ ਇਤਰਾਜ਼ ਨਹੀਂ ਸੀ। ਘਰ ਦੀ ਦੇਖ-ਭਾਲ ਲਈ ਰਾਮ ਨਾਥ ਦੀਆਂ ਭਰਜਾਈਆਂ ਬਰਾਬਰ ਦੀ ਡਿਊਟੀ ਦੇਣ। ਪੰਦਰਾਂ-ਪੰਦਰਾਂ ਦਿਨ ਵੰਡਣੇ ਹਨ, ਪੰਦਰਾਂ-ਪੰਦਰਾਂ ਦਿਨ ਵੰਡ ਲੈਣ। ਮਹੀਨਾ-ਮਹੀਨਾ ਵੰਡਣਾ ਹੈ, ਮਹੀਨਾ-ਮਹੀਨਾ ਵੰਡ ਲੈਣ।

ਰਾਮ ਨਾਥ ਉਸਨੂੰ ਸਮਝਾਉਂਦਾ ਆ ਰਿਹਾ ਸੀ। ਉਹ ਵੱਡੇ ਸਨ। ਉਨ੍ਹਾਂ ਦੇ ਬੱਚੇ ਆਪਣਾ ਆਪ ਸੰਭਾਲਣ ਜੋਗੇ ਸਨ। ਬਾਕੀ ਭਰਾ ਛੋਟੇ ਸਨ। ਸਰਕਾਰੀ ਮੁਲਾਜ਼ਮ ਸਨ। ਉਨ੍ਹਾਂ ਨੂੰ ਛੁੱਟੀ ਲੈਣ ਵਿਚ ਦਿੱਕਤ ਆ ਰਹੀ ਸੀ। ਉਨ੍ਹਾਂ ਦੇ ਬੱਚੇ ਛੋਟੇ ਸਨ। ਨਾ ਘਰ ਛੱਡੇ ਜਾ ਸਕਦੇ ਸਨ ਨਾ ਇਥੇ ਨਾਲ ਲਿਆਂਦੇ ਜਾ ਸਕਦੇ ਸਨ। ਨੀਲਮ ਦਾ ਘਰ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ। ਥੋੜ੍ਹਾ ਬਹੁਤ ਨੁਕਸਾਨ ਸਭ ਦਾ ਹੋਣਾ ਸੀ। ਲੱਗੀ ਅੱਗ ਦਾ



ਸੇਕ ਦੂਰ-ਦੂਰ ਤਕ ਮਾਰ ਕਰਦਾ ਹੀ ਕਰਦਾ ਹੈ।

ਸੰਗੀਤਾ ਦਾ ਗਿਲਾ ਦੂਰ ਕਰਨ ਲਈ ਰਾਮ ਨਾਥ ਨੇ ਹਫ਼ਤੇ ਵਿਚ ਤਿੰਨ ਦਿਨ ਸ਼ਹਿਰ ਜਾਣਾ ਸ਼ੁਰੂ ਕਰ ਦਿੱਤਾ। ਜੱਜਾਂ ਨੂੰ ਬੇਨਤੀ ਕਰਕੇ ਕੇਸ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਰਖਵਾ ਲਏ।

ਕਦੇ ਉਹ ਰਾਤ ਵੀ ਕੱਟ ਆਉਂਦਾ। ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰ ਆਉਂਦਾ।

ਰਾਮ ਨਾਥ ਦੂਜੇ ਭਰਾਵਾਂ 'ਤੇ ਜ਼ੋਰ ਪਾਉਣ ਲੱਗਾ। ਜੇ ਉਹ ਹਫ਼ਤਾ-ਹਫ਼ਤਾ ਵੀ ਕਟਵਾ ਦੇਣ ਰਾਮ ਨਾਥ ਦਾ ਬੋਝ ਹਲਕਾ ਹੋ ਜਾਵੇ।

ਅਸ਼ਵਨੀ ਉਪਰ ਰਾਮ ਨਾਥ ਦੀਆਂ ਗੱਲਾਂ ਦਾ ਅਸਰ ਹੋਇਆ। ਉਹ ਸ਼ਨੀਵਾਰ ਅਤੇ ਐਤਵਾਰ ਦੀਆਂ ਛੁੱਟੀਆਂ ਮਾਇਆ ਨਗਰ ਲਾਉਣ ਲਈ ਮੰਨ ਗਿਆ।

ਅਸ਼ਵਨੀ ਦੇ ਦੋ ਦਿਨ, ਅੱਧੀ-ਅੱਧੀ ਦਿਹਾੜੀ ਆਉਣ ਨਾਲ ਸੰਗੀਤਾ ਦਾ ਮਸਲਾ ਹੱਲ ਨਾ ਹੋਇਆ। ਉਹ ਆਉਂਦਾ ਸੀ, ਭੈਣ ਜਾਂ ਭਣੋਈਏ ਦੇ ਸਿਰਹਾਣੇ ਬੈਠ ਜਾਂਦਾ ਸੀ। ਇਕ ਦੋ ਵਾਰ ਦਵਾਈ ਦੇ ਦਿੰਦਾ। ਬਾਕੀ ਦਾ ਸਮਾਂ ਅਖ਼ਬਾਰ ਪੜ੍ਹਕੇ ਜਾਂ ਘੜੀ ਦੇਖ-ਦੇਖ ਬਿਤਾਉਂਦਾ। ਤਿੰਨ ਕੁ ਵਜੇ ਉਸਨੂੰ ਬੇਚੈਨੀ ਹੋ ਜਾਂਦੀ। ਚਾਰ ਕੁ ਵਜੇ ਉਹ ਵਾਪਸੀ ਵਾਲੀ ਬੱਸ ਫੜ ਲੈਂਦਾ।

ਇਕ ਦਿਨ ਅਨੀਤਾ ਨੂੰ ਨਾਲ ਲਿਆਇਆ। ਮੁੜ ਉਸ ਨੇ ਸ਼ਕਲ ਨਾ ਦਿਖਾਈ। ਸੰਗੀਤਾ ਨੂੰ ਕੋਈ ਰਸੋਈ ਤੋਂ ਖਹਿੜਾ ਛੁਡਾਉਣ ਵਾਲਾ ਚਾਹੀਦਾ ਸੀ। ਸਾਰਾ ਦਿਨ ਉਹ ਬਾਵਰਚੀਆਂ ਵਾਂਗ ਰਸੋਈ ਵਿਚ ਖੜ੍ਹੀ ਰਹਿੰਦੀ ਸੀ। ਕਦੇ ਖਿਚੜੀ, ਕਦੇ ਦਲੀਆ, ਕਦੇ ਦੁੱਧ, ਕਦੇ ਚਾਹ। ਕਦੇ ਮਰੀਜ਼ਾਂ ਲਈ ਆਹਾਰ ਕਦੇ ਆਏ ਗਿਆਂ ਲਈ ਚਾਹ ਪਾਣੀ। ਸਾਰਾ ਦਿਨ ਪਾਣੀ ਵਿਚ ਰਹਿਣ ਕਾਰਨ ਉਸਦੇ ਹੱਥ ਗਲਦੇ ਜਾ ਰਹੇ ਸਨ। ਅੱਡੀਆਂ ਫਟ ਗਈਆਂ ਸਨ। ਢੂਹੀ ਵਿਚ ਦਰਦ ਰਹਿਣ ਲੱਗਾ ਸੀ। ਉਸਦੇ ਮੰਜਾ ਮੱਲਣ ਵਿਚ ਬਹੁਤੇ ਦਿਨ ਨਹੀਂ ਸਨ।

ਜਿਸ ਦਿਨ ਤੋਂ ਸੰਗੀਤਾ ਨੂੰ ਪੰਕਜ ਹੋਰਾਂ ਦੇ ਬੇ-ਕਸੂਰ ਸਾਬਤ ਹੋਣ ਦੀ ਸੰਭਾਵਨਾ ਦਾ ਪਤਾ ਲੱਗਾ ਸੀ ਉਸ ਦਿਨ ਤੋਂ ਉਸਦਾ ਪਾਰਾ ਜ਼ਿਆਦਾ ਚੜ੍ਹਿਆ ਹੋਇਆ ਸੀ।

ਉਹ ਇਕ ਵਕੀਲ ਦੀ ਪਤਨੀ ਸੀ। ਰਾਮ ਨਾਥ ਨਾਲ ਹੁੰਦੀਆਂ ਗੱਲਾਂ ਕਾਰਨ ਉਸਨੂੰ ਕੁਝ ਕਾਨੂੰਨੀ ਨੁਕਤਿਆਂ ਦੀ ਸਮਝ ਸੀ। ਮੁਲਜ਼ਮਾਂ ਦੇ ਬੇ-ਕਸੂਰ ਸਾਬਤ ਹੋਣ ਦਾ ਮਤਲਬ ਸੀ ਮੁਦਈ ਧਿਰ 'ਤੇ ਮੁਸੀਬਤਾਂ ਦੇ ਪਹਾੜ ਦਾ ਟੁੱਟਣਾ। ਪੁਲਿਸ ਦੀ ਜ਼ਿੰਮੇਵਾਰੀ ਦੋਸ਼ੀਆਂ ਵਿਰੁਧ ਸਬੂਤ ਇਕੱਠੇ ਕਰਨ ਦੀ ਸੀ। ਜੇ ਪੁਲਿਸ ਈਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰੇ ਤਾਂ ਮੁਦਈ ਧਿਰ ਨੂੰ ਮੁਕੱਦਮਾ ਜਿੱਤਣ ਵਿਚ ਕੋਈ ਔਖ ਨਹੀਂ ਹੁੰਦੀ। ਜੇ ਪੁਲਿਸ ਦੋਸ਼ੀਆਂ ਦੇ ਹੱਕ ਵਿਚ ਸਬੂਤ ਇਕੱਠੇ ਕਰਨ ਲਗ ਜਾਏ ਤਾਂ ਮੁਦਈ ਧਿਰ ਨੂੰ ਦੂਹਰੀ ਲੜਾਈ ਲੜਨੀ ਪੈਂਦੀ ਸੀ। ਪਹਿਲੀ ਪੁਲਿਸ ਵੱਲੋਂ ਮੁਲਜ਼ਮਾਂ ਦੇ ਹੱਕ ਵਿਚ ਸਬੂਤਾਂ ਦੇ ਖੜ੍ਹੇ ਕੀਤੇ ਕਿਲ੍ਹੇ ਨੂੰ ਢਾਹੁਣ ਲਈ। ਦੂਜੀ ਨਿਹੱਥੇ ਹੋ ਕੇ ਦੋਸ਼ੀਆਂ ਵਿਰੁਧ ਸਬੂਤ ਇਕੱਠੇ ਕਰਨ ਦੀ ਲੜਾਈ।

ਵੇਦ ਪਰਿਵਾਰ ਲਈ ਇਹ ਲੜਾਈ ਹੋਰ ਵੀ ਔਖੀ ਸੀ। ਮੁਦਈ ਧਿਰ ਦਾ ਇਕ ਵੀ ਮੈਂਬਰ ਸਹੀ ਸਲਾਮਤ ਨਹੀਂ ਸੀ। ਕੋਈ ਜਾਨ ਬਚਾਉਣ ਲਈ ਬਿਮਾਰੀ ਨਾਲ ਲੜ ਰਿਹਾ ਸੀ, ਕੋਈ ਵਿਗੜੇ ਮਾਨਸਿਕ ਸੰਤੁਲਨ ਨੂੰ ਠੀਕ ਕਰਨ ਲਈ। ਪਰਾਏ ਲੋਕ ਕਦੋਂ

ਤਕ ਉਨ੍ਹਾਂ ਲਈ ਹਿੱਕ ਤਾਣ ਕੇ ਖੜ੍ਹੇ ਸਕਦੇ ਸਨ। ਹਿੱਕ ਤਾਣ ਕੇ ਖੜ੍ਹੇ ਰਿਸ਼ਤੇਦਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ ਸੀ। ਸੰਗੀਤਾ ਖ਼ੁਦ ਮੈਦਾਨ ਛੱਡ ਕੇ ਭੱਜਣ ਲਈ ਤਿਆਰ ਸੀ। ਨਾਲ ਉਹ ਰਾਮ ਨਾਥ ਨੂੰ ਭਜਾ ਕੇ ਲਿਜਾਣਾ ਚਾਹੁੰਦੀ ਸੀ। ਜਦੋਂ ਤਕ ਮੁਦਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗਾ ਹੋਣਾ ਸੀ ਉਦੋਂ ਤਕ ਮਹਾਂਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਨਾਲ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ।

ਸੰਗੀਤਾ ਵਿਤੋਂ ਵੱਧ ਆਪਣਾ ਫਰਜ਼ ਨਿਭਾਅ ਚੁੱਕੀ ਸੀ। ਆਪਣੀ ਸਿਹਤ, ਆਪਣੇ ਪਤੀ ਦਾ ਮਾਨਸਿਕ ਸੰਤੁਲਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਦਾਅ 'ਤੇ ਲਾ ਕੇ ਰਿਸ਼ਤੇਦਾਰਾਂ ਨੂੰ ਬਚਾਉਣ ਵਾਲੀ ਉਹ ਕੋਈ ਸਤਯੁਗੀ ਔਰਤ ਨਹੀਂ ਸੀ।

ਉਹ ਵਾਰ-ਵਾਰ ਰਾਮ ਨਾਥ ਉਪਰ ਜ਼ੋਰ ਪਾ ਰਹੀ ਸੀ। ਘੱਟੋ-ਘੱਟ ਉਸਨੂੰ ਸ਼ਹਿਰ ਭੇਜ ਦਿੱਤਾ ਜਾਵੇ। ਘਰ ਤਾਂ ਚੱਲਣ ਲੱਗੇ।

ਉਪਰੋਂ ਰਾਮ ਨਾਥ ਆਪਣੀ ਪਤਨੀ ਨੂੰ ਸਬਰ ਕਰਨ ਲਈ ਪ੍ਰੇਰ ਰਿਹਾ ਸੀ, ਪਰ ਅੰਦਰੋਂ ਉਹ ਸੰਗੀਤਾ ਨਾਲ ਸਹਿਮਤ ਸੀ।

ਪਹਿਲਾਂ ਉਸ ਦਾ ਖ਼ਿਆਲ ਸੀ, ਮਹੀਨੇ ਵੀਹ ਦਿਨਾਂ ਵਿਚ ਸਭ ਕੰਮ ਨਿਬੜ ਜਾਣਗੇ। ਚਲਾਨ ਪੇਸ਼ ਹੋਣ ਬਾਅਦ ਖੱਜਲ-ਖੁਆਰੀ ਘਟ ਜਾਏਗੀ। ਮਹੀਨੇ-ਮਹੀਨੇ ਦੀ ਤਾਰੀਖ਼ ਪੈਣੀ ਸੀ। ਮਹੀਨੇ ਦੋ ਮਹੀਨੇ ਬਾਅਦ ਤਾਰੀਖ਼ ਭੁਗਤਨ ਆਉਣ ਵਿਚ ਉਸਨੂੰ ਕੋਈ ਦਿੱਕਤ ਨਹੀਂ ਸੀ ਹੋਣੀ।

ਪਰ ਹੁਣ ਕਾਨੂੰਨੀ ਲੜਾਈ ਲੰਬੀ ਹੋ ਜਾਣੀ ਸੀ। ਨਾਲੇ ਗੰਭੀਰ ਵੀ। ਹਾਈ ਕੋਰਟ ਦੇ ਨਾਲ-ਨਾਲ ਸੁਪਰੀਮ ਕੋਰਟ ਦੇ ਚੱਕਰਾਂ ਦੀ ਸੰਭਾਵਨਾ ਵਧ ਜਾਣੀ ਸੀ। ਉਹ ਵਕੀਲ ਸੀ। ਵਕੀਲਾਂ ਨੇ ਉਸ ਤੋਂ ਵਾਜਿਬ ਫ਼ੀਸ ਲੈਣੀ ਸੀ। ਵੱਡੀਆਂ ਅਦਾਲਤਾਂ ਦੇ ਵਕੀਲਾਂ ਦੀਆਂ ਫ਼ੀਸਾਂ ਅਸਮਾਨ ਛੋਂਹਦੀਆਂ ਸਨ। ਵਾਜਿਬ ਫੀਸਾਂ ਨੇ ਵੀ ਉਸਨੂੰ ਦੀਵਾਲੀਆ ਬਣਾ ਦੇਣਾ ਸੀ। ਉਹ ਜਿਸ ਪੜਾਅ 'ਤੇ ਪੁੱਜ ਗਿਆ ਸੀ, ਉਥੋਂ ਨਾ ਅੱਗੇ ਵਧਿਆ ਜਾ ਸਕਦਾ ਸੀ, ਨਾ ਪਿੱਛੇ ਮੁੜਿਆ ਜਾ ਸਕਦਾ ਸੀ।

ਸੰਗੀਤਾ ਦੇ ਦਬਾਅ ਹੇਠ ਉਹ ਭਰਾਵਾਂ ਦੇ ਨਾਲ-ਨਾਲ ਭੈਣਾਂ ਨਾਲ ਵੀ ਗੱਲ ਕਰ ਚੁੱਕਾ ਸੀ। ਭੈਣਾਂ ਪਰਾਏ ਵੱਸ ਸਨ। ਫੇਰ ਵੀ ਲੋਕ ਲਾਜ ਲਈ ਹੀ ਸਹੀ ਉਹ ਕੁਝ ਹੱਥ ਵਟਾ ਗਈਆਂ ਸਨ।

ਭਰਾ ਆਪਣੀ ਮਰਜ਼ੀ ਦੇ ਮਾਲਿਕ ਸਨ। ਉਹ ਉੱਕਾ ਹੀ ਸ਼ਰਮ ਲਾਹੀ ਬੈਠੇ ਸਨ।

ਅਸ਼ਵਨੀ ਸਾਫ਼ ਸ਼ਬਦਾਂ ਵਿਚ ਜਵਾਬ ਦੇਣ ਲੱਗਾ ਸੀ, "ਆਪਾਂ ਆਪਣੀ ਕਬੀਲਦਾਰੀ ਵੀ ਚਲਾਉਣੀ ਹੈ। ਕਿੰਨਾ ਚਿਰ ਆਪਾਂ ਉਥੇ ਬੈਠੇ ਰਹਾਂਗੇ। ਆਪਣੀ ਬਣੀ ਉਨ੍ਹਾਂ ਨੇ ਆਪ ਨਬੇੜਨੀ ਹੈ।"

ਮੰਗਤ ਰਾਏ ਕਹਿੰਦਾ ਸੀ: "ਤੂੰ ਵਕੀਲ ਹੈਂ। ਥਾਣੇ ਕਚਹਿਰੀ ਦਾ ਮੈਨੂੰ ਪਤਾ ਹੈ। ਮੈਂ ਉਥੇ ਜਾ ਕੇ ਕੀ ਕਰੂੰਗਾ?"

ਰਾਮ ਨਾਥ ਭਰਾਵਾਂ ਨੂੰ ਸਲਾਹ ਦੇ ਸਕਦਾ ਸੀ। ਉਨ੍ਹਾਂ ਦੇ ਫਰਜ਼ਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾ ਸਕਦਾ ਸੀ। ਅੱਡ-ਵਿੱਡ ਭਰਾਵਾਂ ਨੂੰ ਉਹ ਮਜਬੂਰ ਨਹੀਂ ਸੀ ਕਰ ਸਕਦਾ।

ਅਜਿਹੇ ਤਰਕ ਦੇ ਦੇ ਰਾਮ ਨਾਥ ਸੰਗੀਤਾ ਨੂੰ ਕੁਝ ਦੇਰ ਹੋਰ ਸਬਰ ਕਰਨ ਲਈ ਮਨਾਉਂਦਾ ਆ ਰਿਹਾ ਸੀ। ਪਰ ਹੁਣ ਸੰਗੀਤਾ ਦੇ ਸਬਰ ਦੇ ਪਿਆਲੇ ਭਰ ਚੁੱਕੇ ਸਨ।



"ਤੁਸੀਂ ਕੋਈ ਹੱਲ ਲੱਭਣਾ ਹੈ ਤਾਂ ਲੱਭੋ। ਨਹੀਂ ਮੈਂ ਕੋਈ ਕਦਮ ਚੁੱਕਾਂਗੀ। ਫੇਰ ਬੁਰਾ ਨਾ ਮਨਾਉਣਾ।"

ਇਹ ਸੰਗੀਤਾ ਦਾ ਆਖ਼ਰੀ ਫੈਸਲਾ ਸੀ।

## -76-

ਕੁਝ ਦਿਨਾਂ ਤੋਂ ਰਾਮ ਨਾਥ ਅਤੇ ਸੰਗੀਤਾ ਵਿਚਕਾਰ ਖਿਚਾਅ ਵਧਿਆ ਹੋਇਆ ਸੀ। ਇਸ ਦੀ ਭਿਣਕ ਵੇਦ ਨੂੰ ਪੈ ਰਹੀ ਸੀ।

ਉਨ੍ਹਾਂ ਵਿਚਕਾਰ ਬੋਲਚਾਲ ਬੰਦ ਸੀ। ਇਸਦੀ ਖ਼ਬਰ ਵੇਦ ਨੂੰ ਅੱਜ ਹੀ ਮਿਲੀ ਸੀ।

ਵੇਦ ਨੇ ਦੁਨੀਆਂ ਵੇਖੀ ਸੀ। ਉਨ੍ਹਾਂ ਵਿਚਕਾਰਲੇ ਤਨਾਅ ਦੇ ਕੁਝ ਕਾਰਨ ਪ੍ਰਤੱਖ ਸਨ। ਕਰੀਬ ਦੋ ਮਹੀਨੇ ਤੋਂ ਮੀਆਂ ਬੀਵੀ ਇਥੇ ਫਸੇ ਬੈਠੇ ਸਨ। ਕਮਾਈ ਬੰਦ ਹੋ ਗਈ ਸੀ। ਖਰਚਾ ਵਿਤੋਂ ਬਾਹਰ ਸੀ। ਬੱਚੇ ਰੁਲ ਰਹੇ ਸਨ। ਸੰਗੀਤਾ ਨੌਕਰੀ-ਪੇਸ਼ਾ ਔਰਤ ਸੀ। ਉਸਨੂੰ ਆਰਾਮ ਦੀ ਜ਼ਿੰਦਗੀ ਜਿਊਣ ਦੀ ਆਦਤ ਸੀ। ਇਥੇ ਉਸਨੂੰ ਨੀਲਮ ਦੇ ਗੂੰਹ ਮੂਤ ਤੋਂ ਲੈ ਕੇ ਰਸੋਈ ਵਿਚ ਹੱਥ ਫੂਕਣ ਤਕ ਸਭ ਕੁਝ ਕਰਨਾ ਪੈਂਦਾ ਸੀ। 'ਇਕ ਦਿਨ ਹੋਰ', 'ਇਕ ਦਿਨ ਹੋਰ' ਕਰਕੇ ਦੋ ਮਹੀਨੇ ਲੰਘ ਗਏ ਸਨ। ਬਿਮਾਰੀ ਅਤੇ ਮੁਕੱਦਮਾ ਹਨੂਮਾਨ ਦੀ ਪੂਛ ਵਾਂਗ ਲੰਬੇ ਹੁੰਦੇ ਜਾ ਰਹੇ ਸਨ। ਹਾਲਾਤ ਦੇ ਜਲਦੀ ਸੁਧਰਨ ਦੇ ਕੋਈ ਆਸਾਰ ਨਹੀਂ ਸਨ।

ਨੀਲਮ ਦੇ ਦਸਤਾਂ ਨੇ ਬਲਦੀ 'ਤੇ ਫੂਸ ਪਾਇਆ ਸੀ। ਨੀਲਮ ਦੀ ਦੇਖ-ਰੇਖ ਭਾਵੇਂ ਬਹੁਤੀ ਨੇਹਾ ਕਰਦੀ ਸੀ ਪਰ ਨੇਹਾ ਨੂੰ ਦਮ ਦਿਵਾਉਣ ਲਈ ਜਦੋਂ ਰਾਮ ਨਾਥ ਸਫ਼ਾਈ ਵਿਚ ਜੁਟਦਾ ਸੀ ਤਾਂ ਸ਼ਰਮੋ-ਸ਼ਰਮੀ ਸੰਗੀਤਾ ਨੂੰ ਉਸਦੇ ਹੱਥੋਂ ਕਪੜੇ ਲੀੜੇ ਫੜਨੇ ਪੈਂਦੇ ਸਨ। ਸੰਗੀਤਾ ਨੂੰ ਰਾਮ ਨਾਥ ਕੋਲੋਂ ਕੰਮ ਕਰਾਉਂਦਿਆਂ ਦੂਹਰੀ ਸ਼ਰਮ ਆਉਂਦੀ ਸੀ। ਇਕ ਭੈਣ ਦਾ ਨੰਗੇਜ ਭਰਾ ਦੇ ਸਾਹਮਣੇ ਆਵੇ, ਇਹ ਸ਼ਰਮਨਾਕ ਗੱਲ ਸੀ। ਦੂਜਾ ਪਤਨੀ ਦੇ ਹੁੰਦਿਆਂ ਪਤੀ ਗੂੰਹ-ਮੂਤ ਵਿਚ ਹੱਥ ਮਾਰੇ, ਇਹ ਵੀ ਚੰਗੀ ਗੱਲ ਨਹੀਂ ਸੀ। ਆਦਮੀਆਂ ਨੂੰ ਗੂੰਹ-ਮੂਤ ਦੀ ਆਦਤ ਨਹੀਂ ਹੁੰਦੀ। ਔਰਤਾਂ ਬੱਚਿਆਂ ਦਾ ਪਾਲਨ-ਪੋਸ਼ਣ ਕਰਦੀਆਂ ਇਸ ਕੰਮ ਦੀਆਂ ਆਦੀ ਹੋ ਜਾਂਦੀਆਂ ਹਨ।

ਪਰ ਨੀਲਮ ਹੁਣ ਸੰਭਲ ਚੁੱਕੀ ਸੀ। ਇਸ਼ਾਰੇ ਸਮਝਣ ਅਤੇ ਪਾਸਾ ਪਰਤਣ ਲੱਗੀ ਸੀ। ਦਸਤ ਬੰਦ ਹੋਇਆਂ ਨੂੰ ਕਈ ਦਿਨ ਹੋ ਗਏ ਸਨ। ਟੱਟੀ ਪਿਸ਼ਾਬ ਆਉਣ ਤੋਂ ਪਹਿਲਾਂ ਉਸਨੂੰ ਪਤਾ ਲਗ ਜਾਂਦਾ ਸੀ। ਉਹ ਇਸ਼ਾਰਾ ਕਰਕੇ ਸਮਝਾ ਦਿੰਦੀ ਸੀ।

ਸੰਗੀਤਾ ਦੇ ਰੁੱਸਣ ਦਾ ਕੋਈ ਹੋਰ ਕਾਰਨ ਹੋਣਾ ਚਾਹੀਦਾ ਸੀ।

ਵੇਦ ਮਸਲੇ ਦੀ ਤੈਅ ਤਕ ਜਾਣਾ ਚਾਹੁੰਦਾ ਸੀ। ਉਂਝ ਉਸ ਨੂੰ ਪਤਾ ਸੀ ਕਾਰਨ ਲੱਭ ਕੇ ਵੀ ਉਹ ਮਸਲਾ ਹੱਲ ਨਹੀਂ ਕਰ ਸਕੇਗਾ।

ਵੇਦ ਖ਼ੁਦ ਚਾਹੁੰਦਾ ਸੀ ਉਹ ਆਪਣੇ ਘਰ ਜਾਣ। ਆਪਣੀ ਕਬੀਲਦਾਰੀ ਸੰਭਾਲਣ। ਪਰ ਉਨ੍ਹਾਂ ਦੇ ਜਾਣ ਨਾਲ ਵੇਦ ਹੋਰਾਂ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਸੀ ਬਚਦਾ।

ਨੀਲਮ ਦੀ ਜੋ ਹਾਲਤ ਸੀ ਉਹ ਸਭ ਨੂੰ ਪਤਾ ਸੀ। ਵੇਦ ਖ਼ੁਦ ਲਾਸ਼ ਬਣਿਆ ਪਿਆ ਸੀ। ਪਾਸਾ ਲੈਣ ਤੋਂ ਲੈ ਕੇ ਟੱਟੀ-ਪਿਸ਼ਾਬ ਤਕ ਲਈ ਉਸਨੂੰ ਦੋ ਬੰਦਿਆਂ ਦਾ ਸਹਾਰਾ ਲੈਣਾ ਪੈਂਦਾ ਸੀ। ਹੋਸ਼ ਵਿਚ ਹੋਣ ਕਾਰਨ ਉਹ ਉਪਰਲਿਆਂ ਨੂੰ ਬਹੁਤੀ ਤਕਲੀਫ਼ ਨਹੀਂ

ਸੀ ਦਿੰਦਾ। ਪਿਆਸ ਲੱਗਣ ਦੇ ਬਾਵਜੂਦ ਵੀ ਉਹ ਪਾਣੀ ਨਹੀਂ ਸੀ ਪੀਂਦਾ। ਬਹੁਤਾ ਪਾਣੀ ਪੀਏਗਾ ਤਾਂ ਵਾਰ-ਵਾਰ ਪਿਸ਼ਾਬ ਆਏਗਾ। ਭੁੱਖ ਹੋਣ ਦੇ ਬਾਵਜੂਦ ਵੀ ਉਹ ਰੱਜਵੀਂ ਰੋਟੀ ਨਹੀਂ ਸੀ ਖਾਂਦਾ। ਬਹੁਤੀ ਵਾਰ ਟੱਟੀ ਦੀ ਹਾਜਤ ਹੋਏਗੀ। ਨਾਲੇ ਖ਼ੁਦ ਤੰਗ ਹੋਏਗਾ, ਨਾਲੇ ਦੂਸਰਿਆਂ ਨੂੰ ਤੰਗ ਕਰੇਗਾ। ਉਹ ਨਿੰਮ ਦੀ ਦਾਤਣ ਦਾ ਸ਼ੌਕੀਨ ਸੀ। ਦਾਤਣ ਨਾ ਕਰਨ ਕਾਰਨ ਉਸਦਾ ਮੂੰਹ ਸਾਰਾ ਦਿਨ ਕੌੜਾ ਰਹਿੰਦਾ ਸੀ। ਡਾਕਟਰਾਂ ਨੇ ਉਸਨੂੰ ਪੋਲੀ ਦਾਤਣ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਪਰ ਦਾਤਣ ਕਰਨ ਲਈ ਉਸਨੂੰ ਬੈਠਣਾ ਪੈਣਾ ਸੀ। ਬੈਠਣ ਲਈ ਉਸਨੂੰ ਦੋ ਬੰਦਿਆਂ ਦੀ ਜ਼ਰੂਰਤ ਪੈਣੀ ਸੀ। ਕੌਣ ਦਾਤਣ ਮੂੰਹ ਵਿੱਚ ਪਾਏਗਾ? ਕੌਣ ਕੁਰਲਾ ਕਰਵਾਏਗਾ? ਦਵਾਈ ਸਮੇਂ ਸਿਰ ਮਿਲਦੀ ਰਹੇ ਇਹੋ ਬਹੁਤ ਸੀ। ਇਹੋ ਸੋਚ ਕੇ ਵੇਦ ਮੂੰਹ ਦੀ ਕੜਵਾਹਟ ਬਰਦਾਸ਼ਤ ਕਰਦਾ ਆ ਰਿਹਾ ਸੀ।

ਇਹੋ ਨਹੀਂ, ਉਸਨੇ ਕਈ ਹੋਰ ਸਮਝੌਤੇ ਵੀ ਕੀਤੇ ਸਨ। ਨੇਹਾ ਉਸ ਨੂੰ ਦੁਨੀਆਂ ਦੀ ਹਰ ਸ਼ੈਅ ਨਾਲੋਂ ਵੱਧ ਪਿਆਰੀ ਸੀ। ਕਮਲ ਨਾਲੋਂ ਵੀ ਵੱਧ। ਕਦੇ ਬਾਪ ਧੀਆਂ ਕੋਲੋਂ ਟੱਟੀ ਪਿਸ਼ਾਬ ਵਾਲੇ ਭਾਂਡੇ ਚੁਕਵਾਉਂਦਾ ਹੈ? ਰਾਮ ਨਾਥ ਜਾਂ ਸੰਗੀਤਾ ਨੂੰ ਤਕਲੀਫ਼ ਨਾ ਹੋਵੇ। ਵੇਦ ਆਪਣੇ ਦਿਲ ’ਤੇ ਪੱਥਰ ਰੱਖ ਕੇ ਨੇਹਾ ਤੋਂ ਇਹ ਕੰਮ ਵੀ ਕਰਵਾ ਰਿਹਾ ਸੀ।

ਆਤਮ-ਗਿਲਾਨੀ ਨਾਲ ਭਰੇ ਵੇਦ ਨੇ ਕਈ ਵਾਰ ਇਸ ਨਰਕ-ਭਰੀ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਲਈ ਸੋਚਿਆ ਸੀ, ਪਰ ਉਸ ਅਭਾਗੇ ਨੂੰ ਆਪਣੀ ਮਰਜ਼ੀ ਨਾਲ ਮਰਨ ਦੀ ਵੀ ਇਜਾਜ਼ਤ ਨਹੀਂ ਸੀ। ਨਾ ਖ਼ੂਹ-ਖਾਤਾ ਗੰਦਾ ਕਰਨ ਲਈ ਉਹ ਉੱਠ ਕੇ ਬਾਹਰ ਜਾ ਸਕਦਾ ਸੀ। ਨਾ ਕਿਸੇ ਕੈਮਿਸਟ ਦੀ ਦੁਕਾਨ ਤੋਂ ਜ਼ਹਿਰ ਖਰੀਦ ਸਕਦਾ ਸੀ। ਕਿਧਰੋਂ ਜ਼ਹਿਰ ਮਿਲ ਵੀ ਜਾਂਦੀ, ਕਿਸੇ ਨੇ ਇਹ ਉਸ ਦੇ ਮੂੰਹ ਵਿਚ ਨਹੀਂ ਸੀ ਪਾਉਣੀ।

ਇਕ ਦੋ ਵਾਰ ਉਸ ਨੇ ਡਾਕਟਰਾਂ ਨਰਸਾਂ ਕੋਲੋਂ ਆਨੇ-ਬਹਾਨੇ ਜ਼ਹਿਰੀਲੀਆਂ ਦਵਾਈਆਂ ਦੇ ਨਾਂ ਪੁੱਛੇ ਸਨ। ਉਸਦਾ ਇਰਾਦਾ ਭਾਂਪ ਕੇ ਉਹ ਜ਼ਹਿਰ ਦੀ ਥਾਂ ਉਸਦਾ ਹੌਸਲਾ ਵਧਾਉਣ ਲਗਦੇ ਸਨ। ਉਹ ਆਪਣੀ ਫੁੱਲ ਵਰਗੀ ਧੀ ਬਾਰੇ ਕੁਝ ਸੋਚੇ।

ਵੇਦ ਨੇ ਨੇਹਾ ਬਾਰੇ ਕਦੋਂ ਨਹੀਂ ਸੀ ਸੋਚਿਆ? ਕਮਲ ਦੀ ਕੋਈ ਫਰਮਾਇਸ਼ ਟਲ ਸਕਦੀ ਸੀ। ਨੇਹਾ ਦੇ ਹਰ ਬੋਲ ਤੇ ਵੇਦ ਨੇ ਫੁੱਲ ਚੜ੍ਹਾਏ ਸਨ।

ਨੇਹਾ ਸੀ ਹੀ ਭਾਗਾਂ ਵਾਲੀ।

ਨੇਹਾ ਦੇ ਪੈਦਾ ਹੁੰਦਿਆਂ ਹੀ ਉਹ ਮਾਇਆ ਨਗਰ ਆ ਵੱਸੇ ਸਨ। ਇਥੇ ਪੈਸਾ ਮੀਂਹ ਵਾਂਗ ਬਰਸਿਆ ਸੀ। ਛਾਪਾਂ ਛੱਲਿਆਂ ਲਈ ਤਰਸਦੀ ਨੀਲਮ ਨੇ ਹੀਰਿਆਂ ਦੇ ਕਈ ਸੈੱਟ ਖਰੀਦ ਲਏ ਸਨ। ਹਰ ਨਵੀਂ ਕਿਸਮ ਦੀ ਸਾੜ੍ਹੀ ਪਹਿਲਾਂ ਉਨ੍ਹਾਂ ਦੀ ਕੋਠੀ ਆਉਂਦੀ ਸੀ। ਬੈਂਕਾਂ ਵਿਚਲੇ ਫਿਕਸ ਡਿਪਾਜ਼ਿਟਾਂ ਅਤੇ ਵਿਕਾਸ ਪੱਤਰਾਂ ਦੀ ਗਿਣਤੀ ਦਿਨੋ-ਦਿਨ ਵਧਦੀ ਗਈ ਸੀ। ਸ਼ਹਿਰ ਦੇ ਮਸ਼ਹੂਰ ਕਲੱਬਾਂ ਦੀ ਉਨ੍ਹਾਂ ਨੂੰ ਮੈਂਬਰਸ਼ਿਪ ਮਿਲ ਗਈ। ਨੀਲਮ ਕਈ ਕਿੱਟੀ ਕਲੱਬਾਂ ਅਤੇ ਸਮਾਜ-ਸੇਵੀ ਸੰਸਥਾਵਾਂ ਦੀ ਮੈਂਬਰ ਬਣ ਗਈ।

ਵੇਦ ਨੇ ਤੰਗੀ ਤੁਰਸ਼ੀ ਦੇ ਦਿਨ ਦੇਖੇ ਸਨ। ਆਪਣੇ ਸ਼ਹਿਰ ਉਹ ਅੱਠ ਸੌ ਵਿਚ ਗੁਜ਼ਾਰਾ ਕਰਦਾ ਰਿਹਾ ਸੀ। ਬਜਟ ਬਣਾ ਕੇ ਪੈਸਾ ਖਰਚਦਾ ਸੀ। ਹੱਥ ਘੁੱਟ ਕੇ ਗੁਜ਼ਾਰਾ ਹੁੰਦਾ ਸੀ।

ਅਚਾਨਕ ਹੱਥ ਆਈ ਮਾਇਆ ’ਤੇ ਉਸਨੂੰ ਹੈਰਾਨੀ ਹੁੰਦੀ ਸੀ। ਲਗਦਾ ਸੀ ਇਹ ਕੋਈ ਸੁਪਨਾ ਸੀ। ਮਾਇਆ ਨੂੰ ਤਜੌਰੀ ਵਿਚ ਬੰਦ ਕਰਨ ਦੀ ਥਾਂ ਉਸਨੂੰ ਸੁੱਖ ਸਹੂਲਤਾਂ ਮਾਨਣ ਦਾ ਸ਼ੌਕ ਸੀ। ਆਏ ਦਿਨ ਨਵੀਂ ਚੀਜ਼ ਉਸਦੇ ਘਰ ਆਉਂਦੀ ਸੀ।



ਵੇਦ ਦੀ ਨੀਅਤ ਨੂੰ ਫਲ ਲੱਗਾ ਸੀ। ਪਤਨੀ ਸੁਚੱਜਤਾ ਨਾਲ ਘਰ ਚਲਾ ਰਹੀ ਸੀ। ਦੋਵੇਂ ਬੱਚੇ ਲਾਇਕ ਸਨ।

ਨੇਹਾ ਨਾਲ ਉਸਨੂੰ ਇਕ ਹੋਰ ਗੱਲੋਂ ਵੀ ਮੋਹ ਸੀ। ਕਨਟੀਨਾਂ ਅਤੇ ਪਿਕਨਿਕਾਂ ਵਿਚ ਮਸਤ ਰਹਿਣ ਵਾਲੀ ਅੱਲ੍ਹੜ ਉਮਰ ਉਸਨੇ ਯੋਗਾ ਅਤੇ ਆਤਮ-ਸ਼ਾਕਸ਼ਾਤ ਵਰਗੇ ਅਧਿਆਤਮਿਕ ਕੰਮਾਂ ਲੇਖੇ ਲਾ ਰੱਖੀ ਸੀ। ਉਮਰ ਦੀ ਅਭੋਲਤਾ ਕਾਰਨ ਉਸਨੇ ਸਿਖਰਾਂ ਵੀ ਜਲਦੀ ਛੋਹ ਲਈਆਂ ਸਨ।

ਨੇਹਾ ਦੇ ਨਾਲ-ਨਾਲ ਘਰ ਦਾ ਵਾਤਾਵਰਣ ਵੀ ਪਵਿੱਤਰ ਹੋਣ ਲੱਗਾ ਸੀ। ਨੇਹਾ ਦੀ ਪ੍ਰੇਰਨਾ ਵੱਸ ਵੇਦ ਨੇ ਪਹਿਲਾਂ ਮੀਟ-ਮੱਛੀ ਘਰ ਲਿਆਉਣੀ ਛੱਡੀ। ਫੇਰ ਮਾਸ ਖਾਣਾ ਛੱਡ ਦਿੱਤਾ। ਸ਼ਰਾਬ ਪੀ ਕੇ ਘਰ ਵੜਨ ਲੱਗਿਆਂ ਉਸਨੂੰ ਸ਼ਰਮ ਆਉਣ ਲੱਗੀ। ਉਸਦਾ ਧੰਦਾ ਹੀ ਅਜਿਹਾ ਸੀ। ਜਿੰਨਾ ਚਿਰ ਕਿਸੇ ਨਾਲ ਬੈਠ ਕੇ ਹਮ-ਪਿਆਲਾ ਨਾ ਹੋਇਆ ਜਾਵੇ ਓਨਾ ਚਿਰ ਦੂਜਾ ਆਪਣਾ ਰਾਜ਼ ਨਹੀਂ ਦੱਸਦਾ। ਕੰਪਨੀ-ਸੇਕ ਉਹ ਦਾਰੂ ਪੀਂਦਾ ਸੀ। ਨੇਹਾ ਦੇ ਬਿਨਾਂ ਆਖਿਆਂ ਹੀ ਉਸਨੇ ਇਸ ਬਿਮਾਰੀ ਤੇ ਕਾਬੂ ਪਾਉਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਅੱਗੇ ਸਹੁੰ ਖਾ ਕੇ ਪਹਿਲਾਂ ਉਸਨੇ ਵਾਅਦਾ ਕੀਤਾ ਉਹ ਦੋ ਪੈੱਗ ਤੋਂ ਵੱਧ ਨਹੀਂ ਪੀਵੇਗਾ। ਫੇਰ ਆਪਣੇ ਆਪ ਇਕ ਪੈੱਗ ਤੇ ਆ ਗਿਆ। ਫੇਰ ਉਹ ਸੋਫ਼ੀ ਬਣ ਗਿਆ।

ਪਹਿਲਾਂ ਉਸਨੂੰ ਲਗਦਾ ਸੀ ਸ਼ਰਾਬ ਬਿਨਾਂ ਕਾਰੋਬਾਰ ਵਿਚ ਤਰੱਕੀ ਨਹੀਂ ਕੀਤੀ ਜਾ ਸਕਦੀ। ਸ਼ਰਾਬ ਛੱਡ ਕੇ ਕਾਰੋਬਾਰ ਹੋਰ ਤਰੱਕੀ ਕਰਨ ਲੱਗਾ। ‘ਧਰਮੀ ਕਰਮੀ ਬੰਦਾ ਹੈ’ ਇਹ ਕਹਿ ਕੇ ਲੋਕ ਉਸਤੇ ਵੱਧ ਯਕੀਨ ਕਰਨ ਲੱਗੇ।

ਇਨ੍ਹਾਂ ਸਭ ਤਬਦੀਲੀਆਂ ਦਾ ਕਾਰਨ ਉਹ ਨੇਹਾ ਅਤੇ ਉਸਦੀ ਗੁਰੂ ਮਾਤਾ ਕਲਿਆਨੀ ਜੀ ਨੂੰ ਸਮਝਦਾ ਸੀ।

ਬਾਕੀ ਸਹਿਯੋਗੀਆਂ ਵਾਂਗ ਵੇਦ ਨੂੰ ਵੀ ਨੇਹਾ ਵਿਚੋਂ ਕਿਸੇ ਦੈਵੀ ਸ਼ਕਤੀ ਦੀ ਝਲਕ ਪੈਂਦੀ ਸੀ। ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਸੀ। ਉਸਦੇ ਘਰ ਇਕ ਦੇਵੀ ਨੇ ਅਵਤਾਰ ਲਿਆ ਸੀ। ਮਨ ਹੀ ਮਨ ਉਹ ਇਸ ਦੇਵੀ ਨੂੰ ਪ੍ਰਣਾਮ ਕਰਿਆ ਕਰਦਾ ਸੀ।

ਅਤੇ ਹੁਣ ਕਿਸੇ ਤਾੜਕਾਸੁਰ ਨੇ ਨੇਹਾ ਦੀਆਂ ਸਾਰੀਆਂ ਦੈਵਿਕ ਸ਼ਕਤੀਆਂ ਹਰ ਲਈਆਂ ਸਨ। ਉਸਨੂੰ ਇਕ ਸਰਾਪੀ ਜ਼ਿੰਦਗੀ ਜਿਊਣੀ ਪੈ ਰਹੀ ਸੀ।

ਦੋ ਮਹੀਨਿਆਂ ਵਿਚ ਹੀ ਨੇਹਾ ਦੇ ਚਿਹਰੇ ਦਾ ਨੂਰ ਖੰਭ ਲਾ ਗਿਆ ਸੀ। ਹੰਸੂ ਹੰਸੂ ਕਰਦਾ ਚਿਹਰਾ ਰੋਣ-ਹਾਕਾ ਹੋਇਆ ਰਹਿੰਦਾ ਸੀ। ਉਸ ਦੀਆਂ ਜੀਨਾਂ, ਪੈਂਟਾਂ ਅਤੇ ਸ਼ਰਟ ਸਭ ਅਲਮਾਰੀ ਵਿਚ ਬੰਦ ਸਨ। ਕਈ-ਕਈ ਦਿਨ ਉਹ ਸੂਟ ਨਹੀਂ ਸੀ ਬਦਲਦੀ। ਉਸਦੇ ਨਹੁੰਆਂ ਦੀ ਪਾਲਿਸ਼ ਲੱਥ ਗਈ ਸੀ। ਡਉਲੇ ਕਾਨੇ ਬਣ ਗਏ ਸਨ। ਹੱਥਾਂ ’ਤੇ ਪਲਿੱਤਣ ਛਾ ਗਈ ਸੀ।

ਨੇਹਾ ਦੇ ਕੋਲ ਬੈਠਣ ਨਾਲ ਹੁਣ ਠੰਡੀਆਂ ਹਵਾਵਾਂ ਦਾ ਅਨੁਭਵ ਨਹੀਂ ਸੀ ਹੁੰਦਾ। ਨਾ ਮਨ ਨੂੰ ਸਕੂਨ ਮਿਲਦਾ ਸੀ।

ਵੇਦ ਦਾ ਜਿਵੇਂ ਉਸ ਨਾਲੋਂ ਮੋਹ-ਭੰਗ ਹੋ ਗਿਆ ਸੀ। ਦਿਨ ਵਿਚ ਕਈ-ਕਈ ਵਾਰ ਉਹ ਉਸਨੂੰ ਖਿਝ-ਖਿਝ ਪੈਂਦਾ ਸੀ। ਛੋਟੀ ਮੋਟੀ ਗਲਤੀ ’ਤੇ ਝਾੜ ਦਿੰਦਾ ਸੀ।

“ਦਵਾਈ ਲੇਟ ਹੋ ਗਈ, ਪਾਣੀ ਬਿਸਤਰ ਉਪਰ ਡੁਲ੍ਹ ਗਿਆ, ਪਾਸਾ ਪਲਟਦਿਆਂ

ਹੱਡ ਦੁਖ ਗਏ, ਮੂੰਹ ਵਿਚ ਖਾਣਾ ਵੱਧ ਪੈ ਗਿਆ।" ਜਿਵੇਂ ਨੇਹਾ ਨੂੰ ਤਾੜਨ ਲਈ ਉਸਨੂੰ ਕਿਸੇ ਬਹਾਨੇ ਦੀ ਤਲਾਸ਼ ਰਹਿੰਦੀ ਸੀ।

ਬਿਮਾਰ ਹੋਣ ਤੋਂ ਪਹਿਲਾਂ ਜੇ ਕਦੇ ਉਹ ਨੇਹਾ ਨੂੰ ਤਾੜਦਾ ਸੀ ਤਾਂ ਪਿੱਛੋਂ ਗ਼ਲਤੀ ਦਾ ਅਹਿਸਾਸ ਕਰਕੇ ਮੁਆਫ਼ੀ ਮੰਗ ਲੈਂਦਾ ਸੀ। ਹੁਣ ਸੌ ਫ਼ੀ ਸਦੀ ਗ਼ਲਤ ਹੁੰਦਿਆਂ ਵੀ ਉਸ ਤੋਂ ਮੁਆਫ਼ੀ ਨਹੀਂ ਸੀ ਮੰਗੀ ਜਾਂਦੀ। ਪਤਾ ਸੀ ਇਹ ਗ਼ਲਤੀ ਵਾਰ-ਵਾਰ ਹੋਣੀ ਸੀ।

ਪਹਿਲਾਂ-ਪਹਿਲਾਂ ਬਾਪੂ ਦੀਆਂ ਝਿੜਕਾਂ ਨੇਹਾ ਦੀਆਂ ਅੱਖਾਂ ਵਿਚ ਹੰਝੂ ਭਰ ਦਿੰਦੀਆਂ ਸਨ। ਹੌਲੀ-ਹੌਲੀ ਜਿਵੇਂ ਉਸ ਦੀਆਂ ਅੱਖਾਂ ਵਿਚੋਂ ਹੰਝੂ ਮੁੱਕ ਗਏ। ਉਹ ਸੁੰਨ ਵੱਟਾ ਜਿਹਾ ਬਣ ਗਈ। ਕਿਸੇ ਝਿੜਕ ਦਾ ਹੁਣ ਉਸ 'ਤੇ ਕੋਈ ਅਸਰ ਨਹੀਂ ਸੀ ਹੁੰਦਾ। ਜਿਵੇਂ ਉਹ ਕੋਈ ਰੋਬੋਟ ਬਣ ਗਈ ਸੀ। ਹੁਕਮ ਦੀ ਤਾਮੀਲ ਕਰਨ ਵਾਲੀ ਮਸ਼ੀਨ।

ਗਊ ਵਰਗੀ ਧੀ ਉਪਰ ਵੇਦ ਤੋਂ ਇਸ ਲਈ ਅਤਿਆਚਾਰ ਹੋ ਰਿਹਾ ਸੀ ਤਾਂ ਜੋ ਸੰਗੀਤਾ ਅਤੇ ਰਾਮ ਨਾਥ ਨੂੰ ਕੋਈ ਤਕਲੀਫ਼ ਨਾ ਹੋਵੇ।

ਉਹ ਆਪਣੇ ਪਰਿਵਾਰ ਦਾ ਬਚਿਆ ਇਕੋ-ਇਕ ਸਹਾਰਾ ਖੋਣਾ ਨਹੀਂ ਸੀ ਚਾਹੁੰਦਾ।

ਜਦੋਂ ਤੋਂ ਪੰਕਜ ਹੋਰਾਂ ਦੇ ਜਲਦੀ ਜੇਲ੍ਹੋਂ ਬਾਹਰ ਆਉਣ ਦੀ ਅਫ਼ਵਾਹ ਫੈਲੀ ਸੀ, ਖ਼ਬਰ ਲੈਣ ਆਉਣ ਵਾਲਿਆਂ ਦੀ ਗਿਣਤੀ ਸਿਫ਼ਰ ਤੇ ਪੁੱਜ ਗਈ ਸੀ। ਵੇਦ ਦਾ ਭਾਈਚਾਰਾ ਸੋਚ ਰਿਹਾ ਸੀ, ਵੇਦ ਪਰਿਵਾਰ ਤਾਂ ਤਬਾਹ ਹੋ ਹੀ ਗਿਆ। ਚੱਲਦੇ ਪੁਰਜ਼ੇ ਪੰਕਜ ਹੋਰਾਂ ਨਾਲ ਕਿਉਂ ਵਿਗਾੜੀ ਜਾਵੇ?

ਪੰਕਜ ਹੋਰਾਂ ਦੇ ਮੁਕੱਦਮੇ ਵਿਚੋਂ ਨਿਕਲ ਜਾਣ ਨਾਲ ਮੁਕੱਦਮੇ ਨੇ ਲਟਕ ਜਾਣਾ ਸੀ। ਇਕ ਸਾਲ ਵਿਚ ਮੁੱਕਣ ਵਾਲੇ ਮੁਕੱਦਮੇ ਨੂੰ ਦਸ ਪੰਦਰਾਂ ਸਾਲ ਲੱਗ ਜਾਣੇ ਸਨ। ਨਾ ਵੇਦ ਪਰਿਵਾਰ ਨੇ ਬੇਇਨਸਾਫ਼ੀ ਨੂੰ ਬਰਦਾਸ਼ਤ ਕਰਨਾ ਸੀ, ਨਾ ਪੰਕਜ ਨੂੰ ਪੈਸੇ ਦੀ ਪਰਵਾਹ ਸੀ। ਛੋਟੇ-ਛੋਟੇ ਨੁਕਤਿਆਂ ਉਪਰ ਵਾਰ-ਵਾਰ ਅਪੀਲਾਂ ਹੋਣੀਆਂ ਸਨ। ਕਈ ਵਾਰ ਉੱਚੀਆਂ ਅਦਾਲਤਾਂ ਵਿਚ ਲਟਕਦੇ ਫੈਸਲੇ ਇਕ ਪੀੜ੍ਹੀ ਤਕ ਨਿਗਲ ਲੈਂਦੇ ਹਨ।

ਇਸ ਚਰਚੇ ਨਾਲ ਨੀਲਮ ਦੇ ਭੈਣ ਭਰਾਵਾਂ ਅਤੇ ਜੀਜਿਆਂ ਭਰਜਾਈਆਂ ਦੇ ਹੌਸਲੇ ਪਸਤ ਹੋ ਗਏ। ਕਿੰਨੀ ਕੁ ਦੇਰ ਕੋਈ ਕੰਮ ਛੱਡ ਕੇ ਇਥੇ ਬੈਠਾ ਰਹੇਗਾ? ਇਕ ਦਿਨ ਮੂੰਹ ਮੋਟਾ ਹੋਣਾ ਹੀ ਸੀ। ਕਿਉਂ ਨਾ ਪਹਿਲਾਂ ਹੀ ਪੱਲਾ ਛੁਡਾ ਲਿਆ ਜਾਵੇ।

ਰਿਸ਼ਤੇਦਾਰਾਂ ਦੇ ਨਾਲ-ਨਾਲ ਦੋਸਤ ਮਿੱਤਰ ਵੀ ਪਾਸਾ ਵੱਟਦੇ ਜਾ ਰਹੇ ਸਨ। ਕਰਿੰਦੇ ਹਾਲ-ਚਾਲ ਪੁੱਛਣ ਆਉਣੋਂ ਹਟ ਗਏ। ਕਿਧਰੇ ਬਾਬੂ ਕਿਸੇ ਕੰਮ ਨੂੰ ਨਾ ਆਖ ਦੇਵੇ। ਕੋਈ ਵਗਾਰ ਨਾ ਪਾ ਦੇਵੇ।

ਵੇਦ ਨੂੰ ਆਪਣੀ ਇਸ ਕਮਜ਼ੋਰੀ ਦਾ ਪਤਾ ਸੀ।

ਆਪਣਾ ਘਰ ਬਚਾਉਣ ਲਈ ਉਸਨੂੰ ਸੰਗੀਤਾ ਅਤੇ ਰਾਮ ਨਾਥ ਵਿਚਕਾਰ ਸੁਲ੍ਹਾ ਕਰਾਉਣੀ ਚਾਹੀਦੀ ਸੀ।

## -77-

ਮਨ ਮਟਾਵ ਦਾ ਕਾਰਨ ਲੱਭਣ ਲਈ ਵੇਦ ਨੇ ਆਨੇ-ਬਹਾਨੇ ਰਾਮ ਨਾਥ ਨੂੰ ਟੋਹਿਆ। ਰਾਮ ਨਾਥ ਨੇ ਪੱਲਾ ਨਾ ਫੜਾਇਆ।

ਕਈ ਵਾਰ ਸੰਗੀਤਾ ਕੋਲੋਂ ਵੀ ਤਕਲੀਫ਼ ਪੁੱਛੀ। ਇਕ ਦੋ ਦਿਨ ਘਰ ਲਾ ਆਉਣ



ਦਾ ਸੁਝਾਅ ਦਿੱਤਾ। ਉਹ ਰੋਣ-ਹਾਕੀ ਹੋ ਕੇ ਤੁਰ ਜਾਂਦੀ ਸੀ। ਘਰ ਜਾਣ ਦੀ ਤਜਵੀਜ਼ ਨਾ ਉਹ ਮੰਨਦੀ ਸੀ ਅਤੇ ਨਾ ਠੁਕਰਾਉਂਦੀ ਸੀ।

ਵੇਦ ਨੂੰ ਲੱਗ ਰਿਹਾ ਸੀ, ਮਾਮਲਾ ਘਰ ਵਾਪਸੀ ਨਾਲੋਂ ਵੱਧ ਗੰਭੀਰ ਸੀ।

ਨੇਹਾ ਸਾਰਾ ਦਿਨ ਸੰਗੀਤਾ ਕੋਲ ਰਹਿੰਦੀ ਸੀ। ਸ਼ਾਇਦ ਉਸਨੂੰ ਕਿਸੇ ਗੱਲ ਦਾ ਪਤਾ ਹੋਵੇ? ਸੋਚ ਕੇ ਵੇਦ ਨੇ ਮਸਲਾ ਨੇਹਾ ਨਾਲ ਸਾਂਝਾ ਕੀਤਾ।

"ਬਿਮਾਰੀ ਅਤੇ ਮੁਕੱਦਮੇ ਤੇ ਪੈਸਾ ਧੜਾਧੜ ਲੱਗ ਰਿਹਾ ਹੈ। ਸਾਰਾ ਪੈਸਾ ਮਾਮੇ ਦਾ ਖ਼ਰਚ ਹੋ ਰਿਹਾ ਹੈ। ਮੈਨੂੰ ਲਗਦਾ ਹੈ ਮਾਮਾ ਆਪਣੀ ਕੋਈ ਚੀਜ਼ ਗਹਿਣੇ ਰੱਖ ਕੇ ਕਰਜ਼ਾ ਲੈਣਾ ਚਾਹੁੰਦਾ ਹੈ। ਮਾਮੀ ਇਸਦਾ ਵਿਰੋਧ ਕਰ ਰਹੀ ਹੈ।"

ਜਿੰਨਾ ਕੁ ਨੇਹਾ ਨੂੰ ਪਤਾ ਸੀ ਉਸਨੇ ਦੱਸ ਦਿੱਤਾ।

ਵੇਦ ਪਹਿਲਾਂ ਹੀ ਇਸ ਸਮੱਸਿਆ ਤੋਂ ਜਾਣੂ ਸੀ। ਘਰ ਵਿਚ ਜੋ ਗਹਿਣਾ ਅਤੇ ਨਕਦੀ ਸੀ ਉਹ ਲੁੱਟਿਆ-ਪੁੱਟਿਆ ਗਿਆ ਸੀ। ਪਹਿਲੇ ਦਿਨ ਤੋਂ ਲੈ ਕੇ ਹੁਣ ਤਕ ਸਾਰਾ ਖ਼ਰਚ ਰਾਮ ਨਾਥ ਕੋਲੋਂ ਹੋ ਰਿਹਾ ਸੀ। ਵੇਦ ਨੇ ਕਈ ਵਾਰ ਰਾਮ ਨਾਥ ਤੋਂ ਹਿਸਾਬ-ਕਿਤਾਬ ਪੁੱਛਿਆ ਸੀ। ਉਹ ਹਰ ਵਾਰ ਟਾਲ ਜਾਇਆ ਕਰਦਾ ਸੀ।

ਘਰ ਵਿਚਲੇ ਪੈਸੇ ਦਾ ਹਿਸਾਬ-ਕਿਤਾਬ ਨੀਲਮ ਕੋਲ ਸੀ। ਲਾਕਰ ਅਤੇ ਬੈਂਕ ਖ਼ਾਤੇ ਨੀਲਮ ਅਤੇ ਕਮਲ ਦੇ ਨਾਂ ਸਨ। ਕੁਝ ਪਲਾਟਾਂ ਦੇ ਹਿੱਸੇ ਨੀਲਮ ਦੇ ਨਾਂ ਸਨ, ਕੁਝ ਕਮਲ ਦੇ। ਨੇਹਾ ਹਾਲੇ ਛੋਟੀ ਸੀ। ਨੇਹਾ ਨੂੰ ਉਸਨੇ ਕਿਸੇ ਝੰਜਟ ਵਿਚ ਨਹੀਂ ਸੀ ਪਾਇਆ। ਉਹ ਪਰਾਇਆ ਧਨ ਸੀ। ਬਿਗਾਨੇ ਪੁੱਤ ਦਾ ਕੀ ਪਤਾ ਸੀ, ਜਾਇਦਾਦ ਵਾਪਸ ਕਰਨ ਲੱਗਿਆਂ ਤਕਲੀਫ਼ ਮੰਨ ਜਾਏ? ਇਹ ਸੋਚ ਕੇ ਵੇਦ ਨੇ ਨੇਹਾ ਦੇ ਨਾਂ ਓਨਾ ਕੁ ਪੈਸਾ ਜਮ੍ਹਾਂ ਕਰਾਇਆ ਸੀ, ਜਿੰਨਾ ਪੱਕੇ ਤੌਰ 'ਤੇ ਉਸ ਕੋਲ ਰਹਿਣਾ ਸੀ। ਇਹ ਰਕਮ ਵੀ ਉਸਨੇ ਯਾਰਾਂ ਦੋਸਤਾਂ ਨੂੰ ਵਿਆਜ 'ਤੇ ਦਿੱਤੀ ਹੋਈ ਸੀ। ਧੀ ਧਿਆਣੀ ਦੀ ਰਕਮ ਵਿਚ ਵਾਧਾ ਹੋ ਰਿਹਾ ਸੀ।

ਨੇਹਾ ਕੋਲ ਜੋ ਪੈਸਾ ਸੀ ਉਹ ਬੈਂਕ ਵਿਚੋਂ ਕਢਵਾ ਕੇ ਉਹ ਰਾਮ ਨਾਥ ਦੇ ਹਵਾਲੇ ਕਰ ਚੁੱਕੀ ਸੀ। ਉਸਨੇ ਆਪਣੇ 'ਫਿਕਸ ਡਿਪਾਜ਼ਟ' ਤੁੜਵਾ ਲਏ ਸਨ। ਨੈਸ਼ਨਲ ਸੇਵਿੰਗ ਸਰਟੀਫਿਕੇਟਾਂ ਉਪਰ ਲੋਨ ਲੈ ਲਿਆ ਸੀ।

ਕਮਲ ਮਰ ਚੁੱਕਾ ਸੀ। ਉਸਦੀ ਵਾਰਿਸ ਉਸ ਦੀ ਮਾਂ ਸੀ। ਕਾਨੂੰਨੀ ਤੌਰ 'ਤੇ ਨੀਲਮ ਜ਼ਿੰਦਾ ਸੀ। ਬੈਂਕ ਵਾਲੇ ਉਸ ਨੂੰ ਜ਼ਿੰਦਾ ਮੰਨਣ ਲਈ ਤਿਆਰ ਨਹੀਂ ਸਨ। ਉਹ ਹੋਸ਼ ਵਿਚ ਨਹੀਂ ਸੀ। ਉਸਦੀ ਸਹਿਮਤੀ ਬਿਨਾਂ ਬੈਂਕ ਲਾਕਰ ਨਹੀਂ ਸਨ ਖੁਲ੍ਹ ਸਕਦੇ। ਨਾ ਬੈਂਕ ਖਾਤੇ ਵਿਚੋਂ ਪੈਸਾ ਨਿਕਲ ਸਕਦਾ ਸੀ।

ਕਮਲ ਦੇ ਨਾਂ ਜੋ ਜਾਇਦਾਦ ਸੀ, ਉਹ ਪਹਿਲਾਂ ਨੀਲਮ ਦੇ ਨਾਂ ਚੜ੍ਹਨੀ ਸੀ। ਫੇਰ ਉਹ ਵੇਚੀ ਵੱਟੀ ਜਾ ਸਕਦੀ ਸੀ। ਨੀਲਮ ਦੇ ਹੋਸ਼ ਵਿਚ ਆਉਣ ਤਕ ਜਾਇਦਾਦ ਉਸਦੇ ਨਾਂ ਚੜ੍ਹੀ ਜਾਂ ਨਾ ਚੜ੍ਹੀ ਇਕ ਬਰਾਬਰ ਸੀ। ਕਾਨੂੰਨੀ ਤੌਰ 'ਤੇ ਉਹ ਜਾਇਦਾਦ ਦਾ ਸੌਦਾ ਕਰਨ ਦੇ ਯੋਗ ਨਹੀਂ ਸੀ।

ਅਜਿਹੀਆਂ ਅੜਚਨਾਂ ਕਾਰਨ ਉਹ ਜਾਇਦਾਦ ਦੇ ਮਾਲਕ ਹੁੰਦੇ ਹੋਏ ਵੀ ਉਸਦਾ ਫ਼ਾਇਦਾ ਨਹੀਂ ਸਨ ਉਠਾ ਸਕਦੇ।

ਵੇਦ ਨੂੰ ਆਪਣੀ ਜੇਬ ਵਿਚ ਚਾਰ ਪੰਜ ਹਜ਼ਾਰ ਰੁਪਏ ਤੋਂ ਵੱਧ ਰੱਖਣ ਦੀ ਕਦੇ ਜ਼ਰੂਰਤ ਨਹੀਂ ਸੀ ਪੈਂਦੀ। ਬਾਕੀ ਸਾਰੀ ਪੂੰਜੀ ਉਸਨੇ ਕਾਰੋਬਾਰ ਵਿਚ ਲਾ ਰੱਖੀ ਸੀ।

ਦੇਸ਼ ਵਿਚ ਚਲਦੇ ਮੰਦਵਾੜੇ ਦਾ ਮਾਇਆ ਨਗਰ ਵਿਚ ਸਭ ਤੋਂ ਵੱਧ ਅਸਰ ਹੋਇਆ

ਸੀ। ਪਲਾਟਾਂ ਕੋਠੀਆਂ ਦੇ ਰੇਟ ਅਸਮਾਨੋਂ ਡਿੱਗ ਕੇ ਪਤਾਲਾਂ ਵੱਲ ਨੂੰ ਚੱਲ ਪਏ ਸਨ। ਲੋਕ ਦਿੱਤੇ ਬਿਆਨੇ ਵਿਚੇ ਛੱਡ ਕੇ ਭੱਜ ਰਹੇ ਸਨ।

ਚੰਗੇ ਦਿਨਾਂ ਵਿਚ ਵੇਦ ਨੇ ਬਹੁਤ ਕਾਰੋਬਾਰ ਕੀਤਾ ਸੀ। ਚੰਗੀ ਪੈਂਠ ਕਾਰਨ ਹਰ ਕੋਈ ਉਸ ਨਾਲ ਹਿੱਸੇਦਾਰ ਬਣਨ ਲਈ ਤਿਆਰ ਹੋ ਜਾਂਦਾ ਸੀ। ਜਾਇਦਾਦ ਖਰੀਦਣ ਅਤੇ ਵੇਚਣ ਵਾਲੇ ਉਸ ਤੇ ਇਤਬਾਰ ਕਰਦੇ ਸਨ। ਨਾ ਉਹ ਬਿਆਨਾ ਫੜਨ ਲੱਗੇ ਲਿਖਤ ਪੜ੍ਹਤ ਵਿਚ ਪੈਂਦੇ ਸਨ ਨਾ ਫੜਾਉਣ ਵੇਲੇ। ਸਾਰਾ ਹਿਸਾਬ-ਕਿਤਾਬ ਜ਼ੁਬਾਨੀ ਚੱਲਦਾ ਸੀ।

ਉਹੋ ਵਿਸ਼ਵਾਸ ਹੁਣ ਵੇਦ ਨੂੰ ਮਹਿੰਗਾ ਪੈ ਰਿਹਾ ਸੀ।

ਦੋਸਤ ਦੁਸ਼ਮਣਾਂ ਵਿਚ ਵੱਟਦੇ ਜਾ ਰਹੇ ਸਨ।

ਲੋਕ ਵੇਦ ਦੇ ਭਵਿੱਖ ਨੂੰ ਪੜ੍ਹ ਚੁੱਕੇ ਸਨ। ਉਸ ਨੂੰ ਬਿਮਾਰ ਅਤੇ ਮੁਕੱਦਮੇ ਨੇ ਘੇਰ ਲਿਆ ਸੀ। ਇਨ੍ਹਾਂ ਵਿਚੋਂ ਆਈ ਇਕ ਮੁਸੀਬਤ ਮਾਨ ਨਹੀਂ ਹੁੰਦੀ। ਉਸ ਉਪਰ ਦੋਵੇਂ ਟੁੱਟ ਪਈਆਂ ਸਨ। ਮੁਕੱਦਮਾ ਡਾਢਿਆਂ ਨਾਲ ਚੱਲ ਰਿਹਾ ਸੀ। ਬਿਮਾਰੀ ਵੀ ਖ਼ਤਰਨਾਕ ਸੀ। ਵੇਦ ਦੀ ਹਾਲਤ ਭੱਠ ਵਿਚ ਪਾਏ ਭਾਂਡੇ ਵਰਗੀ ਸੀ। ਪਤਾ ਨਹੀਂ ਸੀ ਅੰਗ ਸਹੀ ਜੁੜਨਗੇ ਜਾਂ ਨਹੀਂ। ਅਪਾਹਜ ਹੋਣ ਦੀ ਵੱਧ ਸੰਭਾਵਨਾ ਸੀ। ਜੇ ਉਹ ਠੀਕ ਹੋ ਗਿਆ, ਫੇਰ ਵੀ ਇਕ ਸਾਲ ਤੋਂ ਪਹਿਲਾਂ ਤੁਰਨ ਫਿਰਨ ਜੋਗਾ ਨਹੀਂ ਹੋਣਾ। ਜਵਾਨ ਪੁੱਤ ਗੁਆ ਚੁੱਕਾ ਸੀ। ਪੁੱਤਾਂ ਦੇ ਖ਼ੁੱਸ ਜਾਣ ਨਾਲ ਜ਼ਿੰਦਗੀ ਦੇ ਉਦੇਸ਼ ਬਦਲ ਜਾਂਦੇ ਹਨ। ਕੰਮ ਕਰਨ ਦੀ ਪ੍ਰੇਰਨਾ ਖ਼ਤਮ ਹੋ ਜਾਂਦੀ ਹੈ। ਉਲਟਾ ਬੰਦੇ ਦੀਆਂ ਪ੍ਰਵਿਰਤੀਆਂ ਢਾਹੂ ਹੋ ਜਾਂਦੀਆਂ ਹਨ। ਹੁਣ ਉਹ ਪਹਿਲੀ ਥਾਂ ਆਉਣ ਵਾਲਾ ਨਹੀਂ ਸੀ।

ਵੇਦ ਦੇ ਠੀਕ ਹੋਣ ਤਕ ਸੌਦੇ ਲਟਕਾ ਕੇ ਨਹੀਂ ਸਨ ਰੱਖੇ ਜਾ ਸਕਦੇ। ਜਾਇਦਾਦ ਦਾ ਵਿਉਪਾਰ ਸੱਟਾ-ਬਜ਼ਾਰ ਵਰਗਾ ਹੁੰਦਾ ਹੈ। ਗਾਹਕ ਤੱਤਾ ਹੁੰਦਾ ਹੈ। ਵੇਚਣ ਵਾਲਾ ਵੀ ਅਤੇ ਲੈਣ ਵਾਲਾ ਵੀ। ਦਲਾਲਾਂ ਦੀ ਹੇੜ ਗਾਹਕਾਂ ਨੂੰ ਭੁੱਖੇ ਸ਼ੇਰ ਵਾਂਗ ਹੜੱਪਣ ਲਈ ਤਿਆਰ ਖੜ੍ਹੀ ਹੁੰਦੀ ਹੈ। ਸਿਆਣਾ ਵਿਉਪਾਰੀ ਉਹੋ ਹੈ ਜੋ ਮੌਕੇ ਦਾ ਫ਼ਾਇਦਾ ਉਠਾ ਲਏ। ਹਿੱਸੇਦਾਰਾਂ ਨੂੰ ਵੇਦ ਨਾਲ ਹਿੱਸੇਦਾਰੀ ਘਾਟੇ ਵਾਲਾ ਸੌਦਾ ਸਾਬਤ ਹੋ ਰਹੀ ਸੀ।

ਜਿਹੜੇ ਮੁਨਾਫ਼ੇ ਵਿਚ ਚੱਲ ਰਹੇ ਸਨ ਉਨ੍ਹਾਂ ਨੇ ਬਿਨਾਂ ਵੇਦ ਨੂੰ ਪੁੱਛੇ ਸੌਦੇ ਕੱਟ ਦਿੱਤੇ। ਜਿਹੜੇ ਘਾਟੇ ਵਿਚ ਸਨ ਉਨ੍ਹਾਂ ਨੇ ਘਾਟਾ ਮਿੱਥ ਕੇ, ਹਿਸਾਬ ਕਿਤਾਬ ਵੇਦ ਦੇ ਘਰ ਭੇਜ ਦਿੱਤਾ। ਲੈਣ-ਦੇਣ ਫੇਰ ਹੋ ਜਾਏਗਾ।

ਬਹੁਤੇ ਕਾਹਲੇ ਹਸਪਤਾਲ ਗੇੜਾ ਮਾਰਨ ਲੱਗ ਪਏ ਸਨ। ਵੇਦ ਦੇ ਹੋਸ਼ ਵਿਚ ਆਉਂਦਿਆਂ ਹੀ ਉਹ ਵਹੀਆਂ ਖੋਲ੍ਹ ਕੇ ਬੈਠ ਗਏ ਸਨ। ਮਾਨਸਿਕ-ਤਨਾਅ, ਪ੍ਰੇਸ਼ਾਨੀ, ਭਵਿੱਖ ਪ੍ਰਤੀ ਨਿਰਾਸ਼ਤਾ ਅਤੇ ਸਰੀਰਕ ਕਸ਼ਟ ਕਾਰਨ ਵੇਦ ਜਿਊਣ ਦੀ ਆਸ ਛੱਡੀ ਬੈਠਾ ਸੀ। ਬਿਜਨਸ-ਵਿਉਪਾਰ ਦੀ ਗੱਲ ਉਸਨੂੰ ਜ਼ਹਿਰ ਵਰਗੀ ਲਗਦੀ ਸੀ। ਤਪਿਆ ਭਖਿਆ ਉਹ ਜਿਵੇਂ ਹਿੱਸੇਦਾਰ ਆਖਦੇ ਉਸੇ ਤਰ੍ਹਾਂ ਸਹਿਮਤ ਹੋ ਜਾਂਦਾ। ਬਹੁਤੇ ਹਿੱਸਿਆਂ ਵਿਚ ਉਸਨੂੰ ਘਾਟਾ ਸਹਿਣਾ ਪਿਆ ਸੀ। ਕੁਝ ਕੁ ਨਾ-ਮਾਤਰ ਮੁਨਾਫ਼ਾ ਦੇ ਕੇ ਇਮਾਨਦਾਰ ਅਤੇ ਹਮਦਰਦ ਹੋਣ ਦਾ ਦਿਖਾਵਾ ਵੀ ਕਰ ਗਏ ਸਨ।

ਉਸਦੇ ਠੀਕ ਹੋ ਕੇ ਘਰ ਮੁੜਨ ਤਕ ਉਡੀਕ ਕਰਨ ਵਾਲਿਆਂ ਵਿਚ ਬਹੁਤੀ ਗਿਣਤੀ ਉਨ੍ਹਾਂ ਮਿੱਤਰਾਂ ਦੀ ਸੀ ਜਿਨ੍ਹਾਂ ਦੇ ਹੱਥ ਵਿਚ ਲਿਖਤ-ਪੜ੍ਹਤ ਨਾ ਹੋਣ ਕਾਰਨ, ਚੁੱਪ ਕਰਨਾ ਮਜਬੂਰੀ ਸੀ। ਔਖੇ ਹੋਏ ਵੇਦ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ ਤਾਂ ਉਹ ਕਿਸ ਦੀ ਮਾਂ



ਨੂੰ ਮਾਸੀ ਆਖਣਗੇ। ਇਹ ਸੋਚ ਕੇ ਉਹ ਦੜ ਵੱਟੀ ਬੈਠੇ ਸਨ।

ਹੁਣ ਜਦੋਂ ਉਹ ਬੋਲਣ-ਚੱਲਣ ਦੇ ਕਾਬਲ ਹੋ ਗਿਆ ਸੀ ਉਹ ਪਿਆਰ ਪੁਚਕਾਰ ਕੇ ਆਪਣੀ ਲੈਣਦਾਰੀ ਮਨਾਉਣ ਆਉਂਦੇ ਸਨ। ਜਦੋਂ ਵੇਦ ਪਾਈ-ਪਾਈ ਦਾ ਹਿਸਾਬ ਚੁਕਤਾ ਕਰਨ ਦਾ ਵਚਨ ਦਿੰਦਾ ਸੀ ਤਾਂ ਉਹ ਪਹਿਲੀ ਗ਼ਲਤੀ ਨੂੰ ਦੁਹਰਾਉਣ ਤੋਂ ਗੁਰੇਜ਼ ਕਰਦੇ ਸਨ। ਬਦਲੇ ਹਾਲਾਤ ਵਿਚ ਵੇਦ ਦੀ ਜ਼ੁਬਾਨ ਦੀ ਪਹਿਲੀ ਕੀਮਤ ਨਹੀਂ ਸੀ ਰਹੀ। ਠੋਸ ਸਬੂਤ ਵਜੋਂ ਉਹ ਕਿਸੇ ਗਹਿਣੇ-ਗੱਟੇ ਜਾਂ ਲਿਖਤ-ਪੜ੍ਹਤ ਦੀ ਮੰਗ ਕਰਦੇ ਸਨ। ਬਹੁਤਾ ਨਹੀਂ ਤਾਂ ਕੋਈ ਰਿਸ਼ਤੇਦਾਰ ਜਾਮਨ ਜ਼ਰੂਰ ਬਣੇ।

ਜਿਨ੍ਹਾਂ ਨਾਲ ਲਿਖਤ-ਪੜ੍ਹਤ ਹੋਈ ਸੀ ਉਨ੍ਹਾਂ ਦੇ ਕਾਨੂੰਨੀ ਨੋਟਿਸ ਆਉਣ ਲੱਗੇ। ਅਜਿਹੇ ਬਹੁਤੇ ਨੋਟਿਸ ਉਨ੍ਹਾਂ ਗਾਹਕਾਂ ਵੱਲੋਂ ਆ ਰਹੇ ਸਨ ਜਿਨ੍ਹਾਂ ਨੂੰ ਵੇਦ ਨੇ ਬਿਆਨੇ ਫੜਾਏ ਹੋਏ ਸਨ। ਪਲਾਟਾਂ ਦੇ ਭਾਅ ਗਿਰ ਰਹੇ ਸਨ। ਨਵਾਂ ਗਾਹਕ ਲੱਭਦਾ ਨਹੀਂ ਸੀ। ਪੱਲਿਉਂ ਪੈਸੇ ਖ਼ਰਚ ਕਰਕੇ ਰਜਿਸਟਰੀ ਕਰਾਉਣ ਦੀ ਹੁਣ ਉਸਦੀ ਪਰੋਖੋ ਨਹੀਂ ਸੀ। ਉਹ ਕਹਿੰਦੇ ਸਨ ਉਹ ਮਿਆਦ ਦੇ ਅੰਦਰ ਅੰਦਰ ਰਜਿਸਟਰੀ ਕਰਾਏ, ਨਹੀਂ ਤਾਂ ਬਿਆਨੇ ਤੋਂ ਹੱਥ ਧੋਣ ਲਈ ਤਿਆਰ ਰਹੇ।

ਕਮਲ ਦੀ ਮੌਤ, ਬਿਮਾਰੀ ਅਤੇ ਰਿਸ਼ਤੇਦਾਰਾਂ ਦੀ ਬੇਰੁਖੀ ਨਾਲੋਂ ਵੱਧ ਦੁੱਖ ਵੇਦ ਨੂੰ ਇਨ੍ਹਾਂ ਨੋਟਿਸਾਂ ਦਾ ਹੁੰਦਾ ਸੀ। ਇਹ ਨੋਟਿਸ ਉਹ ਲੋਕ ਦੇ ਰਹੇ ਸਨ ਜਿਹੜੇ ਉਸੇ ਦੇ ਪੈਰੋਂ ਪੈਰਾਂ ਸਿਰ ਹੋਏ ਸਨ।

ਕੁਝ ਦਿਨਾਂ ਤੋਂ ਇਹ ਸਮੱਸਿਆ ਗੰਭੀਰ ਹੋ ਗਈ ਸੀ। ਕਿਸੇ ਨੇ ਇਹ ਅਫ਼ਵਾਹ ਫੈਲਾ ਦਿੱਤੀ ਸੀ ਕਿ ਵੇਦ ਦਾ ਦਿਵਾਲਾ ਨਿਕਲ ਰਿਹਾ ਸੀ।

ਕਾਹਲੇ ਪਏ ਲੋਕ ਘਰ ਆ ਕੇ ਧਮਕੀਆਂ ਅਤੇ ਗਾਲ੍ਹਾਂ ਦੇਣ ਲੱਗੇ। ਇਕ ਦੋ ਡਰਾਵੇ ਲਈ ਬਦਮਾਸ਼ਾਂ ਨੂੰ ਨਾਲ ਲੈ ਆਏ। ਕੁਝ ਸ਼ਰੀਫਾਂ ਨੇ ਆਪਣੇ ਹੱਕ ਬਦਮਾਸ਼ਾਂ ਨੂੰ ਵੇਚ ਦਿੱਤੇ। ਗਿੱਦੜ-ਚਿੱਠੀਆਂ ਲੈ ਲੈ ਬਦਮਾਸ਼ਾਂ ਦੇ ਕਰਿੰਦੇ ਵੇਦ ਦੀ ਕੋਠੀ ਅੱਗੇ ਚੱਕਰ ਕੱਟਣ ਲੱਗੇ।

ਵੇਦ ਆਪਣੇ ਆਪ ਨੂੰ ਗਿਰਝਾਂ ਵਿਚ ਘਿਰਿਆ ਮਹਿਸੂਸ ਕਰ ਰਿਹਾ ਸੀ। ਜਿਸ ਤਰ੍ਹਾਂ ਦੀ ਕੋਈ ਤਜਵੀਜ਼ ਲੈ ਕੇ ਆ ਰਿਹਾ ਸੀ ਵੇਦ ਉਸੇ ਨਾਲ ਸਹਿਮਤ ਹੁੰਦਾ ਜਾ ਰਿਹਾ ਸੀ। ਕਿਸੇ ਨੂੰ ਪਲਾਟ 'ਤੇ ਕਬਜ਼ਾ ਕਰਵਾ ਦਿੱਤਾ ਅਤੇ ਕਿਸੇ ਨੂੰ ਕਿਸੇ ਦੁਕਾਨ ਦੀ ਹਿੱਸੇਦਾਰੀ ਛੱਡ ਦਿੱਤੀ।

ਵੇਦ ਦਾ ਸਭ ਕੁਝ ਮੁੱਕ ਗਿਆ ਪਰ ਲੈਣਦਾਰਾਂ ਦੀ ਲਿਸਟ ਨਾ ਮੁੱਕੀ।

## -78-

ਇਸ ਸਭ ਦੇ ਬਾਵਜੂਦ ਵੀ ਵੇਦ ਨੂੰ ਪਤਾ ਸੀ ਨੀਲਮ ਦੇ ਲਾਕਰਾਂ ਵਿਚ ਬਥੇਰਾ ਸੋਨਾ ਅਤੇ ਨਕਦੀ ਪਈ ਸੀ। ਇਕੋ ਲਾਕਰ ਨੇ ਰਾਮ ਨਾਥ ਦਾ ਕਰਜ਼ਾ ਲਾਹ ਦੇਣਾ ਸੀ।

ਇਸੇ ਬੇਫ਼ਿਕਰੀ ਕਾਰਨ ਵੇਦ ਨੂੰ ਰਾਮ ਨਾਥ ਨਾਲ ਹਿਸਾਬ-ਕਿਤਾਬ ਕਰਨ ਦੀ ਕਾਹਲ ਹੋ ਰਹੀ ਸੀ।

ਨੌਬਰ ਰਾਮ ਨਾਥ ਦੇ ਘਰ ਵਿਚ ਫੁੱਟ ਪੈਣ ਤਕ ਆ ਜਾਏਗੀ ਇਸ ਬਾਰੇ ਵੇਦ ਨੂੰ ਪਹਿਲਾਂ ਸੋਚਣਾ ਚਾਹੀਦਾ ਸੀ। ਘੱਟੋ-ਘੱਟ ਇਕ ਵਾਰ ਖ਼ਰਚ ਹੋ ਰਹੀ ਰਕਮ ਦੇ ਵਾਪਸ

ਕਰ ਦੇਣ ਦਾ ਭਰੋਸਾ ਤਾਂ ਰਾਮ ਨਾਥ ਨੂੰ ਦੇ ਦੇਣਾ ਚਾਹੀਦਾ ਸੀ। ਰਾਮ ਨਾਥ ਸੋਚਦਾ ਹੋਏਗਾ ਸ਼ਾਇਦ ਵੇਦ ਰਕਮ ਵਾਪਸ ਕਰਨ ਦੇ ਰੌਂ ਵਿਚ ਨਹੀਂ ਸੀ। ਰਾਮ ਨਾਥ ਵੇਦ ਦਾ ਸਾਲਾ ਸੀ। ਸਾਲੇ ਜੀਜਿਆਂ ਤੇ ਖ਼ਰਚ ਕਰਦੇ ਆਏ ਹਨ।

ਵੇਦ ਨੂੰ ਆਪਣੀ ਗ਼ਲਤੀ ਝੱਟ ਸੁਧਾਰ ਲੈਣੀ ਚਾਹੀਦੀ ਸੀ।

ਉਸੇ ਰਾਤ ਵੇਦ ਨੇ ਰਾਮ ਨਾਥ ਨੂੰ ਕੋਲ ਬੈਠਾ ਕੇ ਹੋਏ ਖ਼ਰਚੇ ਦਾ ਹਿਸਾਬ-ਕਿਤਾਬ ਮੰਗ ਲਿਆ।

ਇਸ ਵਾਰ ਵੇਦ ਨੇ ਰਾਮ ਨਾਥ ਨੂੰ ਗੱਲ ਟਾਲਣ ਨਾ ਦਿੱਤੀ। ਰਾਮ ਨਾਥ ਦਾ ਟੱਬਰ ਉਸ ਲਈ ਰੁਲ ਰਿਹਾ ਸੀ, ਵੇਦ ਲਈ ਇਹੋ ਬਹੁਤ ਸੀ। ਹਜ਼ਾਰ ਦੋ ਹਜ਼ਾਰ ਦੀ ਕਾਪ ਝੱਲੀ ਜਾ ਸਕਦੀ ਸੀ। ਲੱਖਾਂ ਦੇ ਖ਼ਰਚੇ ਦਾ ਹਿਸਾਬ ਹੋਣਾ ਚਾਹੀਦਾ ਸੀ।

ਰਾਮ ਨਾਥ ਹੁਣ ਤਕ ਚਾਰ ਲੱਖ ਦੇ ਹੇਠ ਆ ਚੁੱਕਾ ਸੀ। ਬਹੁਤਾ ਪੈਸਾ ਬਿਮਾਰੀ ਉਪਰ ਖ਼ਰਚ ਹੋਇਆ ਸੀ। ਉਸਦੇ ਸਾਰੇ ਬਿੱਲ ਉਸ ਕੋਲ ਮੌਜੂਦ ਸਨ।

ਥਾਣੇ ਕਚਹਿਰੀ ਵਿਚ ਰਾਮ ਨਾਥ ਨੇ ਹੱਥ ਘੁੱਟ ਕੇ ਰੱਖਿਆ ਸੀ। ਫੇਰ ਵੀ ਇਕ ਲੱਖ ਦੇ ਲਗਭਗ ਖ਼ਰਚ ਹੋ ਗਿਆ ਸੀ। ਰਿਸ਼ਵਤ ਦੀ ਰਸੀਦ ਨਹੀਂ ਮਿਲਦੀ। ਰਿਸ਼ਵਤ ਦੀ ਡੀਟੇਲ ਦੇਣ ਤੋਂ ਉਹ ਡਰ ਰਿਹਾ ਸੀ। ਪਤਾ ਨਹੀਂ ਵੇਦ ਨੂੰ ਯਕੀਨ ਆਏਗਾ ਜਾਂ ਨਾ। ਉਸਦਾ ਮੂੰਹ ਕਾਲਾ ਹੋ ਸਕਦਾ ਸੀ।

ਰਾਮ ਨਾਥ ਨੂੰ ਲੱਗਾ ਸੀ ਵੇਦ ਨੂੰ ਉਸ ਅਤੇ ਸੰਗੀਤਾ ਵਿਚਕਾਰ ਚਲਦੀ ਤਲਖ਼ੀ ਦੀ ਭਿਣਕ ਪੈ ਗਈ ਸੀ। ਇਸੇ ਲਈ ਉਹ ਰਾਮ ਨਾਥ ਨੂੰ ਹਿਸਾਬ ਦੇਣ ਲਈ ਮਜਬੂਰ ਕਰ ਰਿਹਾ ਸੀ।

ਰਾਮ ਨਾਥ ਨੂੰ ਵੇਦ ਦੀ ਇਹ ਅੜੀ ਚੰਗੀ ਲੱਗ ਰਹੀ ਸੀ। ਘੱਟੋ-ਘੱਟ ਹੁਣ ਵੇਦ ਨੂੰ ਇਹ ਤਾਂ ਪਤਾ ਲੱਗ ਜਾਣਾ ਸੀ ਕਿ ਰਾਮ ਨਾਥ ਆਪਣੇ ਪੱਲਿਓਂ ਕਿੰਨੇ ਪੈਸੇ ਖ਼ਰਚ ਚੁੱਕਾ ਸੀ। ਕੁਝ ਖ਼ਰਚਾ ਬਾਕੀ ਰਿਸ਼ਤੇਦਾਰਾਂ ਨੇ ਵੀ ਕੀਤਾ ਸੀ। ਉਸਦਾ ਵੀ ਉਸਨੂੰ ਪਤਾ ਹੋਣਾ ਚਾਹੀਦਾ ਸੀ।

ਰਾਮ ਨਾਥ ਵਿਚ ਵੀ ਹੋਰ ਆਰਥਿਕ ਬੋਝ ਝੱਲਣ ਦੀ ਹਿੰਮਤ ਨਹੀਂ ਸੀ। ਹੋਰ ਪੈਸਾ ਚੁਕਾਉਣ ਲਈ ਜੇ ਕੋਈ ਚੀਜ਼ ਗਹਿਣੇ ਹੋਣੀ ਸੀ ਤਾਂ ਉਹ ਰਾਮ ਨਾਥ ਦੀ ਥਾਂ ਵੇਦ ਦੀ ਹੋਣੀ ਚਾਹੀਦੀ ਸੀ। ਵੇਦ ਨੂੰ ਬੀਸੀਆਂ ਵਾਧੇ ਘਾਟੇ ਹੋ ਰਹੇ ਸਨ। ਇਕ ਹੋਰ ਸਹੀ।

ਮਨ ਕਰੜਾ ਕਰਕੇ ਰਾਮ ਨਾਥ ਨੇ ਮੋਟਾ-ਮੋਟਾ ਹਿਸਾਬ ਗਿਣਵਾ ਦਿੱਤਾ।

ਚਾਰ ਲੱਖ ਦਾ ਹਿਸਾਬ ਸੁਣ ਕੇ ਇਕ ਵਾਰ ਵੇਦ ਦੇ ਖਾਨਿਓਂ ਗਈ। ਉਸਦਾ ਅਨੁਮਾਨ ਇਕ ਲੱਖ ਦੇ ਨੇੜੇ-ਤੇੜੇ ਸੀ।

ਕੁਝ ਦੇਰ ਸੁੰਨ ਜਿਹਾ ਰਹਿ ਕੇ ਵੇਦ ਨੇ ਆਪਣੇ ਆਪ ਨੂੰ ਸੰਭਾਲਿਆ। ਬਿੱਲ ਉਸਦੇ ਸਾਹਮਣੇ ਪਏ ਸਨ। ਕੁਝ ਗ਼ਲਤ ਨਹੀਂ ਸੀ। ਇਹ ਮੋਟਾ-ਮੋਟਾ ਹਿਸਾਬ ਸੀ। ਹੋਰ ਛੋਟੇ-ਮੋਟੇ ਹੋਏ ਖ਼ਰਚਾਂ ਦਾ ਹਿਸਾਬ ਵਿਚ ਜ਼ਿਕਰ ਨਹੀਂ ਸੀ। ਉਹ ਖ਼ਰਚਾ ਰਾਮ ਨਾਥ ਨੇ ਆਪਣੇ ਖ਼ਾਤੇ ਵਿਚ ਪਾ ਲਿਆ ਸੀ।

ਰਾਮ ਨਾਥ ਦੀ ਸੇਵਾ-ਭਾਵਨਾ ਅਤੇ ਕੁਰਬਾਨੀ ਅੱਗੇ ਵੇਦ ਦਾ ਮੱਥਾ ਝੁਕਿਆ। ਰਾਮ ਨਾਥ ਦੇ ਅਹਿਸਾਨ ਦਾ ਬਦਲਾ ਉਸਨੇ ਆਪਣੀਆਂ ਅੱਖਾਂ ਨਮ ਕਰਕੇ ਜਤਾਇਆ। ਉਹ ਰਾਮ ਨਾਥ ਨੂੰ ਹਿੱਕ ਨਾਲ ਲਾ ਕੇ ਉਸਦਾ ਧੰਨਵਾਦ ਕਰਨਾ ਚਾਹੁੰਦਾ ਸੀ। ਪਰ ਬਾਹਾਂ ਨੇ ਉਸਦਾ ਸਾਥ ਨਾ ਦਿੱਤਾ। ਉਸਨੂੰ ਬੁਲ੍ਹ ਫਰਕਾ ਕੇ ਮਨ ਦੀ ਭਾਵਨਾ ਮਨ ਵਿਚ ਦਬਾਉਣੀ



ਪਈ।

"ਤੂੰ ਫ਼ਿਕਰ ਨਾ ਕਰ ਰਾਮ ਨਾਥ! ਮੈਨੂੰ ਥੋੜ੍ਹਾ ਜਿਹਾ ਵੱਲ ਹੋ ਲੈਣ ਦੇ। ਮੈਂ ਸਾਰਾ ਇੰਤਜ਼ਾਮ ਕਰ ਦੇਵਾਂਗਾ। ਇੰਨੇ ਕੁ ਪੈਸੇ ਤਾਂ ਆਪਣੇ ਇਕੋ ਲਾਕਰ ਵਿਚੋਂ ਨਿਕਲ ਆਉਣਗੇ। ਨੀਲਮ ਕੋਲ ਚਾਰ ਲਾਕਰ ਹਨ। ਤੂੰ ਕਚਹਿਰੀ ਕੋਲੋਂ ਉਸਦੇ ਲਾਕਰ ਖੋਲ੍ਹਣ ਦੀ ਇਜਾਜ਼ਤ ਲੈ ਲੈ।"

"ਹਾਲੇ ਆਪਾਂ ਨੂੰ ਲਾਕਰ ਜੱਗਰ ਨਹੀਂ ਕਰਨੇ ਚਾਹੀਦੇ। ਕਿਸੇ ਲੈਣਦਾਰ ਨੇ ਲਾਕਰਾਂ ਦੀ ਸੂਹ ਕੱਢ ਕੇ ਸੀਲ ਕਰਵਾ ਦੇਣੇ ਨੇ। ਮੇਰੇ ਪੈਸਿਆਂ ਦਾ ਫ਼ਿਕਰ ਨਾ ਕਰੋ। ਹੌਲੀ-ਹੌਲੀ ਆ ਜਾਣਗੇ। ਪਹਿਲਾਂ ਇਸ ਤੂਫ਼ਾਨ ਨੂੰ ਲੰਘ ਜਾਣ ਦੇਈਏ।"

ਰਾਮ ਨਾਥ ਨੇ ਲਾਕਰਾਂ ਦੇ ਖੁਲ੍ਹਣ ਵਿਚ ਪੇਸ਼ ਆਉਣ ਵਾਲੀ ਔਕੜ ਦੀ ਯਾਦ ਦਿਵਾਈ।

ਵੇਦ ਵੱਲੋਂ ਮਿਲੇ ਪੈਸੇ ਮੋੜਨ ਦੇ ਭਰੋਸੇ ਨੇ ਰਾਮ ਨਾਥ ਦੇ ਮਨੋਂ ਮਣਾਂ-ਮੂੰਹੀਂ ਬੋਝ ਲਾਹ ਦਿੱਤਾ। ਹੁਣ ਤਕ ਉਹ ਸੋਚ ਰਿਹਾ ਸੀ ਉਸਦਾ ਪੈਸਾ ਅਜਾਈਂ ਜਾ ਰਿਹਾ ਸੀ।

ਹੁਣ ਰਾਮ ਨਾਥ ਦੀਆਂ ਦੋਵੇਂ ਸਮੱਸਿਆਵਾਂ ਹੱਲ ਹੋ ਗਈਆਂ। ਵੇਦ ਨੂੰ ਹੋਏ ਖ਼ਰਚ ਦਾ ਪਤਾ ਵੀ ਲਗ ਗਿਆ ਅਤੇ ਪੈਸੇ ਵਾਪਸ ਹੋਣ ਦੇ ਅਸਾਰ ਵੀ ਬਣ ਗਏ।

"ਅੱਗੋਂ ਤੋਂ ਤੂੰ ਪੈਸੇ ਦਾ ਫ਼ਿਕਰ ਨਾ ਕਰੀਂ। ਮੈਂ ਕਰਦਾਂ ਕੋਈ ਇੰਤਜ਼ਾਮ। ਹੁਣ ਤੂੰ ਜਾਹ ਅਤੇ ਸੌਂ ਜਾ।"

ਰਾਮ ਨਾਥ ਨੂੰ ਸੌਣ ਲਈ ਭੇਜ ਕੇ ਵੇਦ ਨੂੰ ਲੱਗਾ ਮੀਆਂ ਬੀਵੀ ਵਿਚਕਾਰ ਸਮਝੌਤੇ ਦਾ ਰਾਹ ਪੱਧਰਾ ਹੋਣ ਲੱਗਾ ਸੀ।

## -79-

"ਵੀਹ ਪੰਜਾਹ ਹਜ਼ਾਰ ਕਿਥੋਂ ਆਵੇ?" ਸਾਰੀ ਰਾਤ ਵੇਦ ਇਹੋ ਹੇਠ ਉਤਾਂਹ ਕਰਦਾ ਰਿਹਾ।

ਪਹਿਲਾਂ ਉਸਨੇ ਮਾਇਆ ਨਗਰ ਦੇ ਯਾਰਾਂ ਦੋਸਤਾਂ ਉਪਰ ਨਜ਼ਰ ਮਾਰੀ। ਉਸਨੂੰ ਇਕ ਵੀ ਨਾਂ ਯਾਦ ਨਾ ਆਇਆ ਜਿਸਨੇ ਲੋੜ ਪੈਣ 'ਤੇ ਪੈਸੇ ਧੇਲੇ ਦੀ ਪੇਸ਼ਕਸ਼ ਕੀਤੀ ਹੋਵੇ। ਜਿਹੜਾ ਕੋਈ ਆਇਆ ਹਿਸਾਬ ਕਰਨ ਅਤੇ ਬਕਾਇਆ ਲੈਣ ਹੀ ਆਇਆ।

ਜਦੋਂ ਆਪਣੇ ਖ਼ੂਨ ਨੇ ਭਾਣਾ ਵਰਤਾ ਦਿੱਤਾ। ਪਰਾਇਆਂ 'ਤੇ ਕਾਹਦਾ ਗਿਲਾ! ਇਹ ਮਾਇਆ ਨਗਰੀ ਸੀ। ਇਥੇ ਸਭ ਰਿਸ਼ਤੇ ਮਾਇਆ ਦੁਆਲੇ ਘੁੰਮਦੇ ਸਨ।

ਫੇਰ ਉਸਨੇ ਆਪਣੇ ਪੁਰਾਣੇ ਸ਼ਹਿਰ ਦੇ ਮਿੱਤਰਾਂ ਉਪਰ ਨਜ਼ਰ ਮਾਰੀ। ਮਿੱਤਰਾਂ ਦੇ ਨਾਂ ਸੋਚ ਸੋਚ ਕੇ ਉਸਦਾ ਮਨ ਗੁਲਾਬ ਵਾਂਗ ਖਿੜਨ ਲੱਗਾ। ਬਚਪਨ ਦੇ ਬੇਲੀਆਂ ਨੇ ਹਾਲੇ ਤਕ ਉਸਦਾ ਸਾਥ ਨਹੀਂ ਸੀ ਛੱਡਿਆ। ਭਲੇ ਦਿਨਾਂ ਵਿਚ ਕੋਈ ਆਇਆ ਜਾਂ ਨਾ ਪਰ ਭੈੜੇ ਦਿਨਾਂ ਵਿਚ ਸਭ ਦੇ ਮਨ ਵਲੂੰਦਰੇ ਗਏ। ਖ਼ਬਰ ਲੈਣ ਭੱਜੇ-ਭੱਜੇ ਹਸਪਤਾਲ ਗਏ। ਹੁਣ ਘਰ ਆਉਂਦੇ ਸਨ। ਘੰਟਾ-ਘੰਟਾ ਬੈਠ ਕੇ ਆਈ ਮੁਸੀਬਤ ਦਾ ਖਿੜੇ ਮੱਥੇ ਮੁਕਾਬਲਾ ਕਰਨ ਦੀ ਸਲਾਹ ਦਿੰਦੇ ਸਨ। ਵੇਦਾਂ ਗਰੰਥਾਂ ਵਿਚੋਂ ਉਦਾਹਰਨਾਂ ਦੇ ਕੇ ਅਟੱਲ ਸਚਾਈ ਦਾ ਅਹਿਸਾਸ ਕਰਾਉਂਦੇ ਸਨ। ਹਰ ਤਰ੍ਹਾਂ ਦੀ ਸਹਾਇਤਾ ਦਾ ਯਕੀਨ ਦਿਵਾਉਂਦੇ ਸਨ। ਕਦੇ ਕੋਈ ਖਾਲੀ ਹੱਥ ਨਹੀਂ ਸੀ ਆਇਆ। ਕੋਈ ਦੁੱਧ ਲੈ ਆਉਂਦਾ, ਕੋਈ ਕੇਲੇ

ਸੰਗਤਰੇ। ਵੇਦ ਬਥੇਰਾ ਰੋਕਦਾ ਸੀ। ਨਾ ਉਹ ਫਲ ਖਾ ਸਕਦਾ ਸੀ, ਨਾ ਖਾਣ ਨੂੰ ਮਨ ਕਰਦਾ ਸੀ। ਪਰ ਕੋਈ ਨਹੀਂ ਸੀ ਟਲਦਾ, ਇਹ ਪਿੰਡਾਂ ਦਾ ਰਿਵਾਜ ਸੀ।

ਮਾਇਆ ਨਗਰ ਵਾਸੀਆਂ ਵਾਂਗ ਨਾ ਉਹ ਛੁੱਟੀ ਵਾਲੇ ਦਿਨ ਆਉਂਦੇ ਸਨ ਨਾ ਰਾਤ-ਬਰਾਤੇ। ਪੂਰਾ ਦਿਨ ਵਿਹਲਾ ਕਰਕੇ ਆਉਂਦੇ ਸਨ। ਉਨ੍ਹਾਂ ਦਾ ਪਿਆਰ ਅਤੇ ਦਿਲ-ਟੁੰਬਣੀਆਂ ਗੱਲਾਂ ਵੇਦ ਦੇ ਜ਼ਖ਼ਮਾਂ ਨੂੰ ਕਈ-ਕਈ ਦਿਨ ਠੰਡਕ ਪਹੁੰਚਾਉਂਦੀਆਂ ਸਨ।

ਦੋਸਤਾਂ ਦਾ ਇਹ ਸਨੇਹ ਉਸਨੂੰ ਕਈ ਵਾਰ ਆਤਮ-ਗਲਿਆਨੀ ਨਾਲ ਭਰ ਦਿੰਦਾ ਸੀ। ਪਹਿਲਾਂ ਕਿਸੇ ਵਿਆਹ-ਸ਼ਾਦੀ 'ਤੇ ਆਏ ਉਹ ਵੇਦ ਨੂੰ ਮਿਲਣ ਆ ਜਾਇਆ ਕਰਦੇ ਸਨ। ਉਦੋਂ ਵੀ ਉਹ ਘੰਟਾ-ਘੰਟਾ ਬੈਠ ਕੇ ਗੱਲਾਂ ਕਰਨੀਆਂ ਚਾਹੁੰਦੇ ਸਨ। ਉਸ ਸਮੇਂ ਉਨ੍ਹਾਂ ਕੋਲ ਬੈਠੇ ਵੇਦ ਦਾ ਮਨ ਕਾਹਲਾ ਪੈਣ ਲਗਦਾ ਸੀ। ਉਹ ਚਾਹੁਣ ਲਗਦਾ ਸੀ ਦੋਸਤ ਕੰਮ ਦੀ ਗੱਲ ਕਰਨ ਅਤੇ ਤੁਰਦੇ ਹੋਣ।

ਹੁਣ ਉਹੋ ਗੱਲਾਂ ਉਸ ਨੂੰ ਘਿਓ ਦੀਆਂ ਨਾਲਾਂ ਲਗਦੀਆਂ ਸਨ। ਉਨ੍ਹਾਂ ਦਾ ਘੰਟਿਆਂ-ਬੱਧੀ ਬੈਠਣਾ ਮਿੰਟਾਂ ਸਕਿੰਟਾਂ ਵਾਂਗ ਲਗਦਾ ਸੀ।

ਉਸਦੇ ਦੋਸਤ ਅਮੀਰ ਨਹੀਂ ਸਨ। ਕੋਈ ਕਲਰਕ ਸੀ, ਕੋਈ ਛੋਟਾ ਦੁਕਾਨਦਾਰ। ਉਹ ਵੱਡੀ ਰਕਮ ਦੇ ਕੇ ਵੇਦ ਦੀ ਮਦਦ ਕਰਨ ਦੀ ਸਥਿਤੀ ਵਿਚ ਨਹੀਂ ਸਨ।

ਵੇਦ ਨੇ ਹਿਸਾਬ-ਕਿਤਾਬ ਲਾਇਆ। ਜੇ ਸਾਰੇ ਸੁਦਾਮਿਆਂ ਤੋਂ ਸਾਰੇ ਸੱਤੂ ਇਕੱਠੇ ਕਰ ਲਏ ਜਾਣ ਤਾਂ ਵੀ ਰਕਮ ਦਸ ਪੰਦਰਾਂ ਹਜ਼ਾਰ ਤੋਂ ਨਹੀਂ ਵਧਣੀ। ਕੀ ਨੰਗੀ ਨਹਾਊ ਕੀ ਨਚੋੜੂ। ਇੰਨੇ ਪੈਸਿਆਂ ਨਾਲ ਦਸ ਦਿਨ ਵੀ ਨਹੀਂ ਲੰਘਣੇ।

ਦੋਸਤਾਂ ਨੂੰ ਯਾਦ ਕਰ-ਕਰ ਉਸਨੂੰ ਆਪਣੇ ਸ਼ਹਿਰ ਦੀ ਯਾਦ ਸਤਾਉਣ ਲੱਗੀ। ਚੰਗਾ ਹੁੰਦਾ ਜੇ ਉਸਨੇ ਮਾਇਆ ਪਿੱਛੇ ਲਗ ਕੇ ਆਪਣਾ ਸ਼ਹਿਰ ਨਾ ਛੱਡਿਆ ਹੁੰਦਾ। ਉਸਦੇ ਦੋਸਤ ਬਹੁਤੇ ਪੈਸੇ ਨਹੀਂ ਕਮਾ ਸਕੇ ਨਾ ਸਹੀ। ਪਰ ਸੁੱਖ ਸ਼ਾਂਤੀ ਉਨ੍ਹਾਂ ਦੇ ਘਰ ਵੱਸਦੀ ਸੀ। ਉਨ੍ਹਾਂ ਦੇ ਨਿਸ਼ਾਨੇ ਬਹੁਤੇ ਵੱਡੇ ਨਹੀਂ ਸਨ। ਸੌ ਕੁ ਗਜ਼ ਦਾ ਮਕਾਨ, ਮਾਸਟਰੀ ਜਾਂ ਬੈਂਕ ਵਿਚ ਕਲਰਕੀ। ਇਹ ਉਨ੍ਹਾਂ ਲਈ ਗਨੀਮਤ ਸੀ। ਇਹੋ ਜਿਹੇ ਸੁਪਨੇ ਉਹ ਆਪਣੇ ਬੱਚਿਆਂ ਲਈ ਦੇਖਦੇ ਸਨ। ਵੇਦ ਨੇ ਵੱਡੇ-ਵੱਡੇ ਸੁਪਨੇ ਦੇਖ ਕੇ ਕੀ ਖੱਟਿਆ?

ਮਾਇਆ ਨਗਰ ਵਿਚ ਹੁਣ ਉਸਦਾ ਕੀ ਰਹਿ ਗਿਆ ਸੀ? ਸਾਰੇ ਸੁਪਨੇ ਮਿੱਟੀ ਦੇ ਮਹਿਲ ਵਾਂਗ ਢੇਰੀ ਹੋ ਗਏ ਸਨ। ਕਿਉਂ ਨਾ ਹੁਣ ਵੀ ਉਹ ਆਪਣੇ ਸ਼ਹਿਰ ਮੁੜ ਜਾਵੇ? ਯਾਰਾਂ ਦੋਸਤਾਂ ਵਿਚ ਰਹਿ ਕੇ ਉਸਦੇ ਦਿਨ ਕੱਟੇ ਜਾਣੇ ਸਨ। ਦੁੱਖ ਭੁੱਲ ਜਾਣੇ ਸਨ। ਮਾਇਆ ਨਗਰ ਵਿਚ ਕਿਸੇ ਨੂੰ ਫ਼ੋਨ ਕਰਨ ਤਕ ਦੀ ਵਿਹਲ ਨਹੀਂ ਸੀ। ਉਥੇ ਘਰ ਆ ਕੇ ਹਾਲ-ਚਾਲ ਪੁੱਛਣ ਦਾ ਸ਼ਿਸ਼ਟਾਚਾਰ ਹਾਲੇ ਜ਼ਿੰਦਾ ਸੀ।

ਵੇਦ ਪਿਆ-ਪਿਆ ਆਪਣੀ ਕੋਠੀ ਦ ਜਾਇਜ਼ਾ ਲੈਣ ਲੱਗਾ। ਛੇ ਬੈੱਡ-ਰੂਮ। ਦਸ ਬਾਥ-ਰੂਮ। ਛੇ-ਗੀਜਰ। ਚਾਰ ਏ.ਸੀ. ਖ਼ਰਚਾ ਹੀ ਖ਼ਰਚਾ। ਹਜ਼ਾਰ ਰੁਪਏ ਮਹੀਨਾ ਸਫ਼ਾਈ ਦਾ ਖ਼ਰਚ। ਕੋਠੀ ਵਿਚ ਰਹਿਣ ਵਾਲੇ ਰਹਿ ਗਏ ਤਿੰਨ ਟੋਟਰੂ।

ਬਦਲੇ ਹਾਲਾਤ ਵਿਚ ਵੇਦ ਨੂੰ ਦੋ ਬੈੱਡ-ਰੂਮ ਵਾਲਾ ਘਰ ਕਾਫ਼ੀ ਸੀ। ਕੋਠੀ ਦਾ ਤੀਹ ਲੱਖ ਵੱਟਿਆ ਜਾ ਸਕਦਾ ਸੀ। ਇੰਨੀ ਰਕਮ ਦੇ ਬੈਂਕ ਵਿਆਜ ਨਾਲ ਉਸਦਾ ਵਧੀਆ ਗੁਜ਼ਾਰਾ ਹੋ ਸਕਦਾ ਸੀ।

ਵੈਸੇ ਵੀ ਇਹ ਕੋਠੀ ਹੁਣ ਉਸਨੂੰ ਵੱਢ-ਵੱਢ ਖਾ ਰਹੀ ਸੀ। ਕਮਲ ਅਤੇ ਨੀਲਮ ਦੇ ਪਰਛਾਵੇਂ ਉਸਦਾ ਪਿੱਛਾ ਕਰਦੇ ਸਨ। ਉਨ੍ਹਾਂ ਦੀਆਂ ਯਾਦਾਂ ਉਸਦੇ ਜ਼ਖ਼ਮਾਂ ਨੂੰ



ਝਰੀਟਦੀਆਂ ਸਨ।

ਨੇਹਾ ਵੀ ਇਸ ਕੋਠੀ ਤੋਂ ਅੱਕ ਗਈ ਸੀ। ਉਹ ਕਈ ਵਾਰ ਇਸ ਕੋਠੀ ਤੋਂ ਖਹਿੜਾ ਛੁਡਾਉਣ ਲਈ ਆਖ ਰਹੀ ਸੀ।

ਇਕ ਹੋਰ ਤੌਖ਼ਲਾ ਉਸਨੂੰ ਖਾਣ ਲੱਗਾ। ਕਿਧਰੇ ਕੋਈ ਸਿਰ ਫਿਰਿਆ ਪੈਸੇ ਲੈਣ ਦੇ ਬਹਾਨੇ ਉਸਦੀ ਕੋਠੀ ਉਪਰ ਕਬਜ਼ਾ ਨਾ ਕਰ ਲਏ। ਕੋਈ ਕਚਹਿਰੀ ਵਿਚੋਂ ਡਿਗਰੀ ਲੈ ਕੇ ਕੁਰਕੀ ਨਾ ਕਰਵਾ ਦੇਵੇ। ਚੰਗਾ ਹੋਵੇ ਜੇ ਪੈਸੇ ਵੱਟ ਕੇ ਹੱਥ ਵਿਚ ਕਰ ਲਏ ਜਾਣ।

ਸਵੇਰੇ ਉਠਦਿਆਂ ਹੀ ਵੇਦ ਨੇ ਇਹ ਯੋਜਨਾ ਰਾਮ ਨਾਥ ਨਾਲ ਸਾਂਝੀ ਕੀਤੀ।

ਬਹਾਨਾ ਕਮਲ ਦੀਆਂ ਯਾਦਾਂ ਤੋਂ ਤੰਗ ਆਉਣ ਦਾ ਘੜਿਆ।

ਕੋਠੀ ਵੇਚਣ ਦੀ ਗੱਲ ਸੁਣਕੇ ਰਾਮ ਨਾਥ ਦੀਆਂ ਅੱਖਾਂ ਛਲਕ ਪਈਆਂ। ਵੇਦ ਪਰਿਵਾਰ ਨੇ ਬੜੀ ਰੀਝ ਨਾਲ ਇਹ ਕੋਠੀ ਬਣਾਈ ਸੀ। ਬੜੀ ਰੀਝ ਨਾਲ ਇਕ ਇਕ ਚੀਜ਼ ਇਸ ਘਰ ਵਿਚ ਸਜਾਈ ਸੀ। ਹਾਲੇ ਕੋਠੀ ਮੁਕੰਮਲ ਵੀ ਨਹੀਂ ਸੀ ਹੋਈ ਕਿ ਵੇਚਣ ਦੀ ਨੌਬਤ ਆ ਗਈ।

ਕੁਝ ਦੇਰ ਖ਼ਾਮੋਸ਼ ਰਹਿ ਕੇ ਰਾਮ ਨਾਥ ਨੇ ਆਪਣੇ ਜਜ਼ਬਾਤਾਂ 'ਤੇ ਕਾਬੂ ਪਾਇਆ।

"ਕੋਠੀ ਨੀਲਮ ਦੇ ਨਾਂ ਹੈ। ਉਸਦੇ ਦਸਤਖ਼ਤਾਂ ਬਿਨਾਂ ਨਾ ਬਿਆਨਾ ਹੋ ਸਕਦਾ ਹੈ ਨਾ ਰਜਿਸਟਰੀ।"

ਕੋਠੀ ਦੇ ਵਿਕਣ ਵਿਚ ਇਹ ਕਾਨੂੰਨੀ ਦਿੱਕਤ ਸੀ।

"ਕੋਠੀ ਵਿਚ ਤਾਜ਼ੀ-ਤਾਜ਼ੀ ਵਾਰਦਾਤ ਹੋਈ ਹੈ। ਜਵਾਨ ਮੁੰਡੇ ਦੀ ਮੌਤ ਹੋਈ ਹੈ। ਲੋਕਾਂ ਨੇ ਕੋਠੀ ਨੂੰ ਅਸ਼ੁਭ ਆਖਣਾ ਹੈ। ਕਿਸੇ ਨੇ ਆਖਣਾ ਹੈ ਕੋਠੀ ਵਿਚ ਮੁੰਡੇ ਦਾ ਭੂਤ ਫਿਰਦਾ ਹੈ।"

ਵਹਿਮ ਭਰਮ ਕੋਠੀ ਦਾ ਸਹੀ ਮੁੱਲ ਪੈਣ ਵਿਚ ਦੂਜੀ ਦਿੱਕਤ ਸੀ।

"ਕਦੇ ਪੁਲਿਸ ਜਾਂ ਸਫ਼ਾਈ ਧਿਰ ਦਾ ਵਕੀਲ ਮੌਕਾ ਦੇਖਣ ਕੋਠੀ ਆ ਸਕਦੇ ਹਨ। ਨਵੇਂ ਮਾਲਕਾਂ ਨੂੰ ਇਹ ਗੱਲ ਚੁਭਣੀ ਹੈ।"

ਇਹ ਵਿਵਹਾਰਕ ਦਿੱਕਤ ਸੀ।

ਕੋਠੀ ਦੇ ਵਿਕਣ ਵਿਚ ਦਿਕਤਾਂ ਹੀ ਦਿਕਤਾਂ ਸਨ।

ਪਹਿਲਾਂ ਵੇਦ ਅਤੇ ਰਾਮ ਨਾਥ ਆਪਣੇ-ਆਪਣੇ ਕੰਮਾਂ ਵਿਚ ਰੁੱਝੇ ਰਹਿੰਦੇ ਸਨ। ਉਨ੍ਹਾਂ ਵਿਚਕਾਰ ਖੁੱਲ੍ਹ ਕੇ ਗੱਲਾਂ ਘੱਟ ਵੱਧ ਹੀ ਹੁੰਦੀਆਂ ਸਨ।

ਹੁਣ ਰਾਮ ਨਾਥ ਦਾ ਕਾਫ਼ੀ ਸਮਾਂ ਵੇਦ ਕੋਲ ਬੈਠਿਆਂ ਬੀਤਦਾ ਸੀ। ਰਾਮ ਨਾਥ ਦੀਆਂ ਅਜਿਹੀਆਂ ਦਲੀਲਾਂ ਵੇਦ ਨੂੰ ਹੈਰਾਨ ਕਰ ਦਿੰਦੀਆਂ ਸਨ। ਸੱਚਮੁੱਚ ਵਕੀਲਾਂ ਨੂੰ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਭਰਪੂਰ ਗਿਆਨ ਹੁੰਦਾ ਹੈ। ਇਹ ਅਹਿਸਾਸ ਉਸਨੂੰ ਹੁਣ ਹੋ ਰਿਹਾ ਸੀ।

ਰਾਮ ਨਾਥ ਦੀਆਂ ਦਲੀਲਾਂ ਸੌ ਫ਼ੀਸਦੀ ਸੱਚ ਸਨ। ਹੋਰ ਕਿਸੇ ਨੂੰ ਵਹਿਮ ਹੋਵੇ ਜਾਂ ਨਾ ਪਰ ਦਲਾਲਾਂ ਨੇ ਆਪਣਾ ਕਮਿਸ਼ਨ ਵਧਾਉਣ ਲਈ ਇਹ ਵਹਿਮ ਜ਼ਰੂਰ ਲੋਕਾਂ ਦੇ ਮਨਾ ਵਿਚ ਪਾ ਦੇਣੇ ਸਨ। ਵੇਦ ਨੇ ਖ਼ੁਦ ਕਈ ਵਾਰ ਇਹੋ ਫਾਰਮੂਲਾ ਵਰਤਿਆ ਸੀ।

ਲਾਕਰ ਖੁੱਲ੍ਹ ਨਹੀਂ ਰਹੇ। ਕੋਠੀ ਵਿਕ ਨਹੀਂ ਰਹੀ। ਹੋਰ ਕੋਈ ਜਾਇਦਾਦ ਪੱਲੇ ਨਹੀਂ। ਫੇਰ ਗੁਜ਼ਾਰਾ ਕਿਸ ਤਰ੍ਹਾਂ ਹੋਏਗਾ? ਵੇਦ ਮਨ ਹੀ ਮਨ ਖੌਝਲਨ ਲਗਦਾ।

ਉਸਦਾ ਇਕ ਫ਼ੈਸਲਾ ਪੱਕਾ ਸੀ। ਉਹ ਜਿਥੋਂ ਮਰਜ਼ੀ ਇੰਤਜ਼ਾਮ ਕਰੇ ਰਾਮ ਨਾਥ ਨੂੰ

ਕੁਝ ਪੈਸੇ ਦਾ ਇੰਤਜ਼ਾਮ ਜ਼ਰੂਰ ਕਰਕੇ ਦੇਵੇਗਾ।

"ਚੱਲ ਇੰਝ ਕਰ ਆਹ ਜੋ ਵਾਧੂ ਸਮਾਨ ਹੈ ਇਹ ਵੇਚ ਦੇ। ਆਪਾਂ ਹੁਣ ਦੋ ਫਰਿਜ਼, ਚਾਰ ਏ.ਸੀ., ਦੋ ਸੋਫਾ ਸੈੱਟ ਕੀ ਕਰਨੇ ਹਨ? ਮਨ ਭਰ ਗਿਆ ਸਭ ਕਾਸੇ ਤੋਂ।"

"ਕਮਲ ਦਾ ਇਹ ਮੋਟਰ-ਸਾਈਕਲ ਵੀ ਮੈਨੂੰ ਹੁਣ ਜ਼ਹਿਰ ਵਰਗਾ ਲਗਦਾ ਹੈ। ਇਸਨੂੰ ਮੇਰੀਆਂ ਅੱਖਾਂ ਅੱਗੋਂ ਪਰ੍ਹੇ ਹਟਾ ਦੇ। ਇਸ ਨੂੰ ਵੇਚ ਦੇ। ਨਵਾਂ ਹੈ। ਚੰਗੇ ਪੈਸੇ ਵੱਟ..."

ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਵੇਦ ਦੀਆਂ ਭੁੱਬਾਂ ਨਿਕਲ ਗਈਆਂ। ਮੋਟਰ-ਸਾਈਕਲ 'ਤੇ ਬੈਠੇ ਕਮਲ ਦੀ ਤਸਵੀਰ ਉਸ ਦੀਆਂ ਅੱਖਾਂ ਅੱਗੇ ਆ ਖੜੋਤੀ। ਲੰਬਾ-ਚੌੜਾ, ਸਵਾ-ਛੇ ਫੁੱਟਾ ਜਵਾਨ ਮੋਟਰ-ਸਾਈਕਲ ਤੇ ਬੈਠਾ ਬੜਾ ਸੋਹਣਾ ਲਗਦਾ ਸੀ।

ਪਹਿਲਾਂ ਕਮਲ ਕੋਲ ਸਕੂਟਰ ਸੀ। ਉਸ ਉਪਰ ਬੈਠਾ ਉਹ ਲੰਬੂਤਰੂ ਜਿਹਾ ਲਗਦਾ ਸੀ। ਉਸ ਦੀਆਂ ਟੰਗਾਂ ਦੀ ਲੰਬਾਈ ਨੂੰ ਦੇਖ ਕੇ ਵੇਦ ਨੇ ਉਸਨੂੰ ਇਹ ਮੋਟਰ-ਸਾਈਕਲ ਲੈ ਕੇ ਦਿੱਤਾ ਸੀ।

ਉਸੇ ਮੋਟਰ-ਸਾਈਕਲ ਨੂੰ ਅੱਖਾਂ ਅੱਗੋਂ ਪਰ੍ਹੇ ਕਰਨ ਦੀ ਗੱਲ ਸੁਣਕੇ ਕਮਲ ਜਿਵੇਂ ਵੇਦ ਨਾਲ ਗੁੱਸੇ ਹੋ ਰਿਹਾ ਸੀ। ਮੋਟਰ-ਸਾਈਕਲ ਕਮਲ ਨੂੰ ਆਪਣੀ ਜਾਨ ਨਾਲੋਂ ਪਿਆਰਾ ਸੀ। ਮੋਟਰ-ਸਾਈਕਲ ਪਰ੍ਹਾਂ ਹਟਾਉਣ ਦਾ ਮਤਲਬ ਸੀ ਕਮਲ ਨੂੰ ਦਿਲ ਵਿਚੋਂ ਕੱਢਣਾ।

ਵੇਦ ਕੋਲ ਹੋਰ ਕੋਈ ਚਾਰਾ ਨਹੀਂ ਸੀ। ਪੱਥਰ-ਦਿਲ ਬਣਕੇ ਉਸਨੂੰ ਕਮਲ ਨਾਲੋਂ ਨਾਤਾ ਤੋੜਨਾ ਪੈਣਾ ਸੀ।

ਕਮਲ ਦੇ ਮੋਟਰ-ਸਾਈਕਲ ਨੂੰ ਵੇਚਣ ਦੀ ਤਜਵੀਜ਼ ਸੁਣਕੇ ਰਾਮ ਨਾਥ ਦੇ ਕਲੇਜੇ ਵਿਚ ਰੁੱਗ ਭਰਿਆ ਗਿਆ। ਉਸਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਾ। ਉਸਨੂੰ ਲੱਗਾ ਉਸਦਾ ਦਿਲ ਫੇਲ੍ਹ ਹੋਣ ਵਾਲਾ ਹੈ। ਕਮਲ ਬੜਾ ਪਿਆਰਾ ਬੱਚਾ ਸੀ। ਰਾਮ ਨਾਥ ਨੂੰ ਸਭ ਭਾਣਜੇ-ਭਾਣਜੀਆਂ ਵਿਚੋਂ ਉਸੇ ਨਾਲ ਜ਼ਿਆਦਾ ਮੋਹ ਸੀ। ਮਿੱਠਾ ਸੁਭਾਅ, ਗੱਲਬਾਤ ਕਰਨ ਦਾ ਸਲੀਕਾ। ਵੱਡਿਆਂ ਲਈ ਇਜ਼ਤ। ਸਭ ਦਾ ਮਨ ਮੋਹ ਲੈਣ ਵਾਲਾ। ਕਮਲ ਅਮਰੀਕਾ ਜਾਣ ਦੀ ਸੋਚ ਰਿਹਾ ਸੀ। ਰਾਮ ਨਾਥ ਨੇ ਉਸਦੇ ਸਹਾਰੇ ਅਮਰੀਕਾ ਦੀ ਸੈਰ ਕਰਨ ਦਾ ਸੁਪਨਾ ਲਿਆ ਸੀ।

ਹੁਣ ਉਸੇ ਬੱਚੇ ਨੂੰ ਭੁਲਾਉਣ ਦਾ ਯਤਨ ਕੀਤਾ ਜਾ ਰਿਹਾ ਸੀ। ਉਸ ਦੀਆਂ ਸੀਨੇ ਨਾਲ ਲਾ ਕੇ ਰੱਖਣ ਵਾਲੀਆਂ ਯਾਦਾਂ ਨੂੰ ਵੇਚਣ ਲਈ ਸੋਚਿਆ ਜਾ ਰਿਹਾ ਸੀ।

"ਮੈਂ ਹਾਲੇ ਜ਼ਿੰਦਾ ਹਾਂ। ਕਮਲ ਦੀ ਕਿਸੇ ਚੀਜ਼ ਦਾ ਨਾਂ ਲਿਆ ਤਾਂ ਮੈਥੋਂ ਬੁਰਾ ਕੋਈ ਨਹੀਂ।"

ਆਖਦਾ ਰਾਮ ਨਾਥ ਖ਼ੁਦ ਭੁੱਬਾਂ ਮਾਰ ਕੇ ਰੋ ਪਿਆ।

ਆਪੇ ਤੋਂ ਬਾਹਰ ਹੋਇਆ ਰਾਮ ਨਾਥ, ਵੇਦ ਦੇ ਗਲ ਲਗ ਕੇ ਮਨ ਦਾ ਭਾਰ ਹਲਕਾ ਕਰਨ ਲੱਗਾ।

ਵੇਦ ਦਾ ਰੋਣ ਹੋਰ ਉੱਚੀ ਹੋ ਗਿਆ।

ਮਹੀਨਿਆਂ ਤੋਂ ਡੱਕੇ ਹੰਝੂਆਂ ਦੇ ਦਰਿਆ ਦੋਹਾਂ ਦੀਆਂ ਅੱਖਾਂ ਵਿਚੋਂ ਵਹਿ ਤੁਰੇ।

ਜੀਜੇ ਸਾਲੇ ਨੂੰ ਉੱਚੀ-ਉੱਚੀ ਰੋਂਦਿਆਂ ਦੇਖ ਕੇ ਸੰਗੀਤਾ ਅਤੇ ਨੇਹਾ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਦੋਹਾਂ ਨੂੰ ਲੱਗਾ ਕੋਈ ਭਾਣਾ ਵਰਤ ਗਿਆ ਸੀ।

ਰੋਂਦੀਆਂ ਕੁਰਲਾਉਂਦੀਆਂ ਉਹ ਨੀਲਮ ਦੇ ਕਮਰੇ ਵੱਲ ਦੌੜੀਆਂ। ਉਸਦੀ ਨਬਜ਼



ਠੀਕ ਚੱਲ ਰਹੀ ਸੀ।

ਮੁੜ ਉਹ ਵੇਦ ਦੇ ਕਮਰੇ ਵੱਲ ਦੌੜੀਆਂ। ਜੀਜੇ ਸਾਲੇ ਨੂੰ ਗਲ ਲੱਗ ਕੇ ਹੁਬਕੀਂ ਹੁਬਕੀਂ ਰੋਂਦੇ ਦੇਖ ਕੇ ਉਨ੍ਹਾਂ ਦੀਆਂ ਵੀ ਧਾਹਾਂ ਨਿਕਲ ਗਈਆਂ।

ਪਹਿਲੀ ਵਾਰ ਸਾਰਾ ਟੱਬਰ ਇਕੱਠੇ ਬੈਠ ਕੇ ਰੋਇਆ ਸੀ।

## -80-

ਪੱਤਰੀ ਦੇਖ ਕੇ ਪੰਡਤਾਂ ਨੇ ਦੱਸਿਆ ਸੀ। ਵੇਦ ਪਰਵਾਰ ਉਪਰ ਸਾੜ੍ਹਸਤੀ ਚੱਲ ਰਹੀ ਸੀ। ਭੈੜੇ ਦਿਨ ਸੱਤ ਸਾਲ ਚਲਣੇ ਸਨ। ਢਾਈ ਮਹੀਨੇ ਜਾਨ ਮਾਲ ਹਰ ਤਰ੍ਹਾਂ ਦਾ ਨੁਕਸਾਨ ਹੋਣਾ ਸੀ। 'ਢਾਈਆ' ਬੜੀ ਕਹਿਰੀ ਅੱਖ ਨਾਲ ਪਰਿਵਾਰ ਵੱਲ ਤੱਕ ਰਿਹਾ ਸੀ। ਢਾਈ ਮਹੀਨਿਆਂ ਬਾਅਦ ਹਾਲਾਤ ਸੁਧਰਨੇ ਸ਼ੁਰੂ ਹੋਣੇ ਸਨ।

ਪੰਡਤਾਂ ਦਾ ਆਖਾ ਸੱਚ ਸਾਬਤ ਹੋਣ ਲੱਗਾ ਸੀ।

ਗਿਆਰਾਂ ਹਫ਼ਤਿਆਂ ਬਾਅਦ ਵੇਦ ਦੀਆਂ ਲੱਤਾਂ ਬਾਹਾਂ ਦਾ ਮੁੜ ਐਕਸਰੇ ਹੋਇਆ। ਡਾਕਟਰਾਂ ਨੇ ਵੇਦ ਨੂੰ ਵਧਾਈ ਦਿੱਤੀ। ਹੱਡੀਆਂ ਜੁੜ ਚੁੱਕੀਆਂ ਸਨ। ਇਕ ਦੋ ਦਿਨਾਂ ਵਿਚ ਇਕ-ਇਕ ਕਰਕੇ ਸਾਰੇ ਪਲੱਸਤਰ ਉਤਰ ਗਏ। ਕੁਝ ਦਿਨਾਂ ਦੀ ਮਾਲਸ਼ ਬਾਅਦ ਸੁਸਤ ਪਏ ਪੱਠੇ ਹਰਕਤ ਵਿਚ ਆ ਜਾਣੇ ਸਨ। ਫੇਰ ਵੇਦ ਨੂੰ 'ਵਾਕਰ' ਦੇ ਸਹਾਰੇ ਬਾਹਰ ਅੰਦਰ ਜਾਣ ਦੀ ਇਜਾਜ਼ਤ ਮਿਲ ਜਾਣੀ ਸੀ।

ਨੀਲਮ ਦੀ ਸਿਹਤ ਵਿਚ ਲਗਾਤਾਰ ਸੁਧਾਰ ਹੋ ਰਿਹਾ ਸੀ। ਸਹਾਰਾ ਦੇ ਕੇ ਬੈਠਾਉਣ ਨਾਲ ਉਹ ਕੁਝ ਦੇਰ ਬੈਠਣ ਲੱਗੀ ਸੀ। ਗੱਲਬਾਤ ਸਮਝਣ ਅਤੇ ਇਸ਼ਾਰਾ ਕਰਕੇ ਜਵਾਬ ਦੇਣ ਲੱਗੀ ਸੀ। 'ਕਮਲ' ਅਤੇ 'ਨੇਹਾ' ਵਰਗੇ ਕੁਝ ਸ਼ਬਦ ਉਹ ਬੋਲ ਲੈਂਦੀ ਸੀ। ਹੱਥਾਂ ਪੈਰਾਂ ਵਿਚ ਕੁਝ ਜਾਨ ਆ ਗਈ ਸੀ। ਕੌਲੀ ਅਤੇ ਗਲਾਸ ਉਹ ਹੱਥਾਂ ਵਿਚ ਫੜ ਸਕਦੀ ਸੀ।

ਕੱਲ੍ਹ ਉਸਨੂੰ ਸਹਾਰਾ ਦੇ ਕੇ ਤੋਰਿਆ ਗਿਆ ਸੀ। ਅੱਜ ਕੁਝ ਕਦਮ ਉਸਨੇ ਆਪ ਪੁੱਟ ਲਏ ਸਨ। ਡਾਕਟਰਾਂ ਨੇ ਭਵਿਖਬਾਣੀ ਕੀਤੀ ਸੀ। ਕੁਝ ਦਿਨਾਂ ਬਾਅਦ ਉਹ ਆਪਣਾ ਆਪ ਸੰਭਾਲਣ ਜੋਗੀ ਹੋ ਜਾਣੀ ਸੀ।

ਨੀਲਮ ਦੇ ਹਰਕਤ ਵਿਚ ਆਉਣ ਨਾਲ ਵੇਦ ਪਰਿਵਾਰ ਉਪਰ ਛਾਈਆਂ ਕਾਲੀਆਂ ਘਟਾਵਾਂ ਛੱਟਣ ਲੱਗੀਆਂ।

ਇਕ ਬੈਂਕ ਮੈਨੇਜਰ ਨੇ ਵੇਦ ਦੇ ਅਹਿਸਾਨਾਂ ਦਾ ਬਦਲਾ ਚੁਕਾਇਆ। ਨੀਲਮ ਨੂੰ ਆਪਣਾ ਬੁਰਾ ਭਲਾ ਸੋਚਣ ਦੇ ਕਾਬਲ ਘੋਸ਼ਿਤ ਕਰਕੇ ਉਸਨੇ ਨੀਲਮ ਨੂੰ ਆਪਣਾ ਲਾਕਰ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਲਾਕਰ ਵਿਚੋਂ ਤੀਹ ਤੋਲੇ ਸੋਨਾ, ਅੱਧਾ ਕਿਲੋ ਦੇ ਕਰੀਬ ਚਾਂਦੀ ਅਤੇ ਪੰਜਾਹ ਹਜ਼ਾਰ ਨਕਦ ਨਿਕਲ ਆਇਆ। ਨੀਲਮ ਨਵੇਂ ਨੋਟਾਂ ਦੀ ਸ਼ੌਕੀਨ ਸੀ। ਉਸਨੇ ਵੇਦ ਕੋਲੋਂ ਵਾਅਦਾ ਲਿਆ ਹੋਇਆ ਸੀ। ਨਵੇਂ ਨੋਟਾਂ ਦੀ ਕੋਈ ਗੁੱਟੀ ਜੇ ਵੇਦ ਕੋਲ ਆਏਗੀ ਉਹ ਨੀਲਮ ਨੂੰ ਮਿਲੇਗੀ। ਨੀਲਮ ਉਸ ਗੁੱਟੀ ਨੂੰ ਨੇਹਾ ਦੇ ਵਿਆਹ ਲਈ ਸੰਭਾਲ ਕੇ ਰੱਖੇਗੀ। ਵੇਦ ਨੇ ਆਪਣੇ ਇਸ ਵਾਅਦੇ 'ਤੇ ਹਮੇਸ਼ਾ ਫੁੱਲ ਚੜ੍ਹਾਏ ਸਨ। ਸੋਚਦਾ ਸੀ ਇਸ ਬਹਾਨੇ ਕੁੜੀ ਦੇ ਵਿਆਹ ਲਈ ਬੱਚਤ ਹੋ ਰਹੀ ਸੀ।

ਵਿਆਹ ਦੀ ਥਾਂ ਭੈੜੇ ਦਿਨਾਂ ਵਿਚ ਉਹ ਬੱਚਤ ਕੰਮ ਆਉਣ ਲੱਗੀ ਸੀ।

ਵੇਦ ਪਰਿਵਾਰ ਲਈ ਇਹ ਗਹਿਣੇ ਅਤੇ ਨਕਦੀ ਰੱਬੀ ਵਰਦਾਨ ਸੀ।

ਸੋਨਾ ਚਾਂਦੀ ਵੇਦ ਨੇ ਰਾਮ ਨਾਥ ਦੇ ਹਵਾਲੇ ਕਰ ਦਿੱਤਾ। ਇਸਨੂੰ ਵੇਚ ਕੇ ਉਹ ਆਪਣਾ ਕਰਜ਼ਾ ਲਾਹੇ।

ਬਾਕੀ ਬਚਦੇ ਪੰਜਾਹ ਹਜ਼ਾਰ ਨਾਲ ਮਹੀਨਾ ਵੀਹ ਦਿਨ ਲੰਘ ਜਾਣੇ ਸਨ। ਇੰਨੇ ਤਕ ਬਾਕੀ ਦੇ ਲਾਕਰ ਖੁੱਲ੍ਹ ਜਾਣੇ ਸਨ। ਵੇਦ ਨੂੰ ਆਸ ਸੀ ਇੰਨਾ ਕੁ ਖਜ਼ਾਨਾ ਉਨ੍ਹਾਂ ਲਾਕਰਾਂ ਵਿਚੋਂ ਵੀ ਮਿਲ ਜਾਣਾ ਸੀ। ਨੀਲਮ ਇਨਕਮ ਟੈਕਸ ਵਾਲਿਆਂ ਤੋਂ ਬਹੁਤ ਡਰਦੀ ਸੀ। ਇਸੇ ਲਈ ਉਸਨੇ ਚਾਰ ਬੈਂਕਾਂ ਵਿਚ ਲਾਕਰ ਲਏ ਸਨ। ਥੋੜ੍ਹਾ-ਥੋੜ੍ਹਾ ਸਮਾਨ ਸਭ ਵਿਚ ਰੱਖਿਆ ਸੀ।

ਲਕਸ਼ਮੀ ਦੇ ਨਾਲ ਹੀ ਘਰ ਵਿਚ ਰੌਣਕ ਮੁੜਨ ਲੱਗੀ। ਗੰਦਗੀ ਤੋਂ ਡਰ ਕੇ ਭੱਜੀਆਂ ਨੌਕਰਾਣੀਆਂ ਕੰਮ ’ਤੇ ਵਾਪਸ ਆ ਗਈਆਂ। ਨੇਹਾ ਦੇ ਮੋਢਿਆਂ ਤੋਂ ਸਫ਼ਾਈ ਅਤੇ ਸੰਗੀਤਾ ਦੇ ਸਿਰੋਂ ਰਸੋਈ ਦਾ ਭਾਰ ਲਹਿ ਗਿਆ। ਉਨ੍ਹਾਂ ਨੂੰ ਘੜੀ ਦੋ ਘੜੀ ਲਈ ਢੂਹੀ ਸਿੱਧੀ ਕਰਨ ਦਾ ਮੌਕਾ ਮਿਲਣ ਲੱਗਾ।

ਸੰਗੀਤਾ ਦੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਗਏ। ਕਦੇ ਰਾਮ ਨਾਥ ਦੋ ਰਾਤਾਂ ਸ਼ਹਿਰ ਲਾ ਆਉਂਦਾ। ਕਦੇ ਉਹ ਮਾਇਆ ਨਗਰ ਰਹਿ ਪੈਂਦਾ। ਸੰਗੀਤਾ ਬੱਚਿਆਂ ਨੂੰ ਮਿਲ ਆਉਂਦੀ। ਸਿਰ ਚੜ੍ਹਿਆ ਕਰਜ਼ਾ ਲਹਿਣ ਲੱਗਾ।

ਮਾਂ ਬਾਪ ਦੇ ਸਿਹਤਮੰਦ ਹੋਣ ਨਾਲ ਨੇਹਾ ਦਾ ਮਨ ਟਿਕਣ ਲੱਗਾ। ਮੁੜ ਉਸਨੇ ਆਪਣਾ ਪੂਜਾ ਸਥਾਨ ਝਾੜ ਝੰਬ ਲਿਆ। ਅੱਗੋਂ ਤੋਂ ਉਹ ਫੇਰ ਧਿਆਨ ਲਾਇਆ ਕਰੇਗੀ। ਮਾਤਾ ਜੀ ਨੇ ਕਿਰਪਾ ਕੀਤੀ ਸੀ। ਹੋਰ ਕਿਰਪਾ ਹੋਏਗੀ।

ਪਰ ਵੇਦ ਪਰਿਵਾਰ ਦੀਆਂ ਖੁਸ਼ੀਆਂ ਦੀ ਉਮਰ ਬਹੁਤੀ ਲੰਬੀ ਨਹੀਂ ਸੀ।

ਦੋ ਕੁ ਦਿਨਾਂ ਬਾਅਦ ਉਨ੍ਹਾਂ ਨੂੰ ਮੁਹੱਲੇ ਵਿਚ ਹੁੰਦੀ ਘੁਸਰ-ਮੁਸਰ ਦੀ ਭਿਣਕ ਪੈਣ ਲੱਗੀ। ਲੋਕਾਂ ਵਿਚ ਚਰਚਾ ਸੀ। ਪੁਲਿਸ ਨੇ ਪੰਕਜ ਹੋਰਾਂ ਨੂੰ ਬੇ-ਕਸੂਰ ਕਰਾਰ ਦੇ ਦਿੱਤਾ ਸੀ। ਉਨ੍ਹਾਂ ਦੇ ਬਾਹਰ ਆਉਣ ਦਾ ਰਾਹ ਪੱਧਰਾ ਹੋ ਗਿਆ ਸੀ।

ਪੰਕਜ ਦੇ ਇਕ ਗੁਆਂਢੀ ਨੇ ਇਸ ਅਫ਼ਵਾਹ ਦੀ ਪੁਸ਼ਟੀ ਕੀਤੀ।

ਪੁਲਿਸ ਨੇ ਖ਼ੁਦ ਉਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾਅ ਕਰਾਉਣ ਦੀ ਦਰਖ਼ਾਸਤ ਦਿੱਤੀ ਸੀ। ਜਦੋਂ ਪੁਲਿਸ ਉਨ੍ਹਾਂ ਨੂੰ ਬਾਹਰ ਲਿਆਉਣਾ ਚਾਹੁੰਦੀ ਸੀ ਤਾਂ ਜੱਜ ਉਨ੍ਹਾਂ ਨੂੰ ਜੇਲ੍ਹ ਵਿਚ ਕਿਸ ਤਰ੍ਹਾਂ ਡੱਕੀ ਰੱਖ ਸਕਦਾ ਸੀ। ਉਹ ਬਾਹਰ ਆਏ ਕਿ ਆਏ।

ਗੁਆਂਢੀ ਨੇ ਵੇਦ ਨੂੰ ਸਲਾਹ ਦਿੱਤੀ —

“ਬਿਨਾਂ ਸਜ਼ਾ ਭੁਗਤੇ ਬਾਹਰ ਆਉਣ ਨਾਲ ਮੁੰਡਿਆਂ ਦੇ ਹੌਸਲੇ ਬੁਲੰਦ ਹੋ ਜਾਣੇ ਹਨ। ਮੁੰਡੇ ਦੋਬਾਰਾ ਕਾਰਾ ਕਰ ਸਕਦੇ ਹਨ। ਮੇਰੀ ਸਲਾਹ ਹੈ ਨਬੇੜਾ ਕਰ ਲਉ।”

ਪੰਕਜ ਦੇ ਗੁਆਂਢੀ ਦੀ ਖ਼ਬਰ ਅਤੇ ਚਿਤਾਵਨੀ ਨੇ ਵੇਦ ਪਰਿਵਾਰ ਦੇ ਜ਼ਖ਼ਮਾਂ ਨੂੰ ਉਚੇੜ ਦਿੱਤਾ।

ਗੱਲ ਸੁਣਦੇ ਹੀ ਵੇਦ ਮੁੜ ਮੰਜੇ ਉਪਰ ਡਿੱਗ ਪਿਆ। ਉਸਦੇ ਜੋੜਾਂ ਵਿਚੋਂ ਸੇਕ ਨਿਕਲਣ ਲੱਗਾ। ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲੱਗੇ। ਸਾਰੀ ਘਟਨਾ ਇਕ ਵਾਰ ਫੇਰ ਵਾਪਰਦੀ ਨਜ਼ਰ ਆਉਣ ਲੱਗੀ।

ਨੀਲਮ ਨੂੰ ਜਿਵੇਂ ਸਭ ਕੁਝ ਸਮਝ ਆ ਗਿਆ ਸੀ। ਉਸ ਦੀਆਂ ਖ਼ਾਮੋਸ਼ ਅੱਖਾਂ ਵਿਚੋਂ ਗੰਗਾ-ਜਮਨਾ ਵਹਿ ਤੁਰੀ।



ਨੇਹਾ ਆਪਣੇ ਪੂਜਾ ਸਥਾਨ ਵਿਚ ਆ ਬੈਠੀ। ਮੁੜ ਮਾਤਾ ਜੀ ਨਾਲ ਗਿਲੇ-ਸ਼ਿਕਵੇ ਕਰਨ ਲੱਗੀ।

## -81-

ਹਰੀਸ਼ ਦੇ ਮੁਦਈ ਧਿਰ ਦਾ ਵਕੀਲ ਬਣ ਜਾਣ ਨਾਲ ਪੰਕਜ ਹੋਰਾਂ ਨੂੰ ਲੱਗਾ ਸੀ ਜਿਵੇਂ ਸ਼ਕਤੀਸ਼ਾਲੀ ਸ਼ਨੀ ਉਨ੍ਹਾਂ ਦੇ ਗ੍ਰਿਹਿ ਵਿਚ ਘੁਸ ਗਿਆ ਸੀ ਅਤੇ ਉਸਨੇ ਉਨ੍ਹਾਂ ਦੇ ਸੁੱਖ ਦੇਣ ਵਾਲੇ ਗ੍ਰਹਿਆਂ ਨੂੰ ਭਾਜੜਾਂ ਪਾ ਦਿੱਤੀਆਂ ਸਨ।

ਕਿਸੇ ਵੀ ਸਮੇਂ ਹਰੀਸ਼ ਤੋਂ ਡਰਦੇ ਡਾਕਟਰ ਉਨ੍ਹਾਂ ਨੂੰ ਰਿਸ਼ਟ-ਪੁਸ਼ਟ ਆਖ ਕੇ ਉਨ੍ਹਾਂ ਦੀ ਹਸਪਤਾਲੋਂ ਛੁੱਟੀ ਕਰ ਸਕਦੇ ਸਨ। ਆਪਣੀਆਂ ਕੋਠੀਆਂ ਵਿਚ ਮੁੜਨ ਦੀ ਥਾਂ ਉਨ੍ਹਾਂ ਤੋਂ ਹਸਪਤਾਲ ਦੇ ਇਹ ਕਮਰੇ ਵੀ ਛੁੱਟ ਸਕਦੇ ਸਨ।

ਹਰੀਸ਼ ਰਾਏ ਜਿਸ ਧਿਰ ਦਾ ਵਕੀਲ ਬਣਦਾ ਸੀ ਉਸਦੀ ਤਨੋਂ ਮਨੋਂ ਮਦਦ ਕਰਦਾ ਸੀ। ਘਰੋਂ ਉਹ ਰੱਜਿਆ ਪੁੱਜਿਆ ਸੀ। ਕਰੋੜਾਂ ਦੀ ਜਾਇਦਾਦ ਦਾ ਮਾਲਕ ਸੀ। ਉਸਨੂੰ ਕਿਸੇ ਕਿਸਮ ਦੀ ਕੋਈ ਭੁੱਖ ਨਹੀਂ ਸੀ।

ਸ਼ੁਕਰ ਸੀ ਹਾਲੇ ਉਹ ਨਿੱਜੀ ਰੂਪ ਵਿਚ ਮੁਦਈ ਧਿਰ ਵੱਲੋਂ ਪੇਸ਼ ਹੋਇਆ ਸੀ। ਜਦੋਂ ਉਹ ਨਿੱਜੀ ਰੂਪ ਵਿਚ ਪੇਸ਼ ਹੁੰਦਾ ਸੀ ਤਾਂ ਆਪਣੀਆਂ ਗਤੀਵਿਧੀਆਂ ਅਦਾਲਤੀ ਕਾਰਵਾਈ ਤਕ ਸੀਮਤ ਰੱਖਦਾ ਸੀ।

ਜਦੋਂ ਸੋਸਾਇਟੀ ਕੇਸ ਆਪਣੇ ਹੱਥ ਵਿਚ ਲੈ ਲੈਂਦੀ ਸੀ ਤਾਂ ਕੇਸ ਦੀ ਤੈਅ ਤਕ ਜਾਣ ਲਈ ਖ਼ੁਦ ਤਫ਼ਤੀਸ਼ ਕਰਦੀ ਸੀ। ਸੋਸਾਇਟੀ ਦੇ ਸੈਂਕੜੇ ਮੈਂਬਰ ਕੇਸ ਦੇ ਹਰ ਪਹਿਲੂ ’ਤੇ ਨਜ਼ਰ ਰੱਖਦੇ ਸਨ। ਸੋਸਾਇਟੀ ਵੱਲੋਂ ਲੜੇ ਜਾ ਰਹੇ ਮੁਕੱਦਮੇ ਵਿਚ ਕਿਸੇ ਅਫ਼ਸਰ ਨੂੰ ਮੁਲਜ਼ਮਾਂ ਦੀ ਮਦਦ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਸੀ।

ਇਸ ਤੋਂ ਪਹਿਲਾਂ ਕਿ ਸੋਸਾਇਟੀ ਮੁਕੱਦਮਾ ਆਪਣੇ ਹੱਥ ਵਿਚ ਲਏ ਅਤੇ ਆਈ.ਜੀ. ਨੂੰ ਉਨ੍ਹਾਂ ਨੂੰ ਬੇ-ਕਸੂਰ ਕਰਾਰ ਦੇਣ ਵਿਚ ਕੋਈ ਅੜਿਚਨ ਆਏ ਉਨ੍ਹਾਂ ਨੂੰ ਫੌਰੀ ਤੌਰ ’ਤੇ ਆਈ.ਜੀ. ਵੱਲੋਂ ਰਿਪੋਰਟ ਤਿਆਰ ਕਰਵਾ ਲੈਣੀ ਚਾਹੀਦੀ ਸੀ।

ਆਈ.ਜੀ. ਉਪਰ ਬਘੇਲ ਸਿੰਘ ਦੇ ਨਾਲ-ਨਾਲ ਪ੍ਰਤਾਪ ਸਿੰਘ ਅੰਕਲ ਕੋਲੋਂ ਜ਼ੋਰ ਪਵਾਉਣਾ ਚਾਹੀਦਾ ਸੀ। ਸਾਰਾ ਕੰਮ ਹੱਥੋਂ-ਹੱਥ ਕਰਵਾ ਲੈਣਾ ਚਾਹੀਦਾ ਸੀ।

ਤੁਰੰਤ ਸਰਦਾਰੀ ਲਾਲ ਨੂੰ ਮਾਇਆ ਨਗਰ ਬੁਲਾਇਆ ਗਿਆ। ਉਸ ਤੋਂ ਬਿਨਾਂ ਕੰਮ ਨੇਪਰੇ ਚੜ੍ਹਨ ਵਾਲਾ ਨਹੀਂ ਸੀ।

ਬਘੇਲ ਸਿੰਘ ਨੂੰ ਬਣਦੀ ਕਿਸ਼ਤ ਫੜਾਈ ਗਈ। ਗੱਡੀ ਵਿਚ ਬਿਠਾ ਕੇ ਉਸਨੂੰ ਚੰਡੀਗੜ੍ਹ ਲਿਜਾਇਆ ਗਿਆ। ਮੁੱਖ-ਮੰਤਰੀ ਕੋਲੋਂ ਆਈ.ਜੀ. ਨੂੰ ਫ਼ੋਨ ਕਰਵਾਇਆ ਗਿਆ।

ਫੇਰ ਪੁਲਿਸ ਕਪਤਾਨ ਉਪਰ ਜ਼ੋਰ ਪਾਇਆ ਗਿਆ। ਦੋਹਾਂ ਦੋਸ਼ੀਆਂ ਦੇ ਬੇ-ਕਸੂਰ ਹੋਣ ਦੀ ਰਿਪੋਰਟ ਉਹ ਮੈਜਿਸਟਰੇਟ ਕੋਲ ਭੇਜੇ। ਮੈਜਿਸਟਰੇਟ ਕੋਲੋਂ ਦੋਹਾਂ ਦੋਸ਼ੀਆਂ ਨੂੰ ਰਿਹਾਅ ਕਰਨ ਦਾ ਹੁਕਮ ਕਰਵਾਏ।

ਉਪਰੋਂ ਖੜਕਦੇ ਫ਼ੋਨਾਂ ਅਤੇ ਜੇਬ ਵਿਚ ਪੈਂਦੇ ਨੋਟਾਂ ਨੇ ਮਿਸਲ ਨੂੰ ਚਕਰੀ ਵਾਂਗ ਘੁੰਮਾਈ ਰੱਖਿਆ। ਚੌਵੀ ਘੰਟੇ ਦੇ ਅੰਦਰ-ਅੰਦਰ ਮਿਸਲ ਆਈ.ਜੀ. ਕੋਲੋਂ ਚੱਲ ਕੇ,

ਡੀ.ਆਈ.ਜੀ., ਪੁਲਿਸ ਕਪਤਾਨ, ਉੱਪ ਪੁਲਿਸ ਕਪਤਾਨ ਰਾਹੀਂ ਹੁੰਦੀ ਹੋਈ ਮੁੱਖ ਅਫ਼ਸਰ ਤਕ ਪੁੱਜ ਗਈ।

ਮੁੱਖ ਅਫ਼ਸਰ ਨੂੰ ਫ਼ੋਨ 'ਤੇ ਫ਼ੋਨ ਆਉਣ ਲੱਗੇ। ਉਹ ਰਿਹਾਈ ਕਰਵਾ ਕੇ ਰਿਪੋਰਟ ਕਰੇ।

ਹੁਣ ਮੁੱਖ ਅਫ਼ਸਰ ਕੀ ਕਰੇ? ਮਿਸਲ ਉਸ ਕੋਲ ਸ਼ਾਮ ਦੇ ਸੱਤ ਵਜੇ ਪੁੱਜੀ ਸੀ। ਲਿਖਾਪੜ੍ਹੀ ਕਰਨ ਨੂੰ ਘੰਟਾ ਹੋਰ ਲਗ ਗਿਆ। ਅਦਾਲਤਾਂ ਕਦੋਂ ਦੀਆਂ ਉੱਠ ਚੁੱਕੀਆਂ ਸਨ। ਜੱਜ ਅਤੇ ਸਰਕਾਰੀ ਵਕੀਲ ਘਰਾਂ ਨੂੰ ਜਾ ਚੁੱਕੇ ਸਨ। ਹੁਣ ਤਕ ਕੋਈ ਸੈਰ ਲਈ ਨਿਕਲ ਗਿਆ ਹੋਣਾ ਸੀ ਅਤੇ ਕੋਈ ਕਲੱਬ ਲਈ। ਸਭ ਨੂੰ ਇਸ ਵਕਤ ਇਕੱਠੇ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ।

ਮੁੱਖ ਅਫ਼ਸਰ ਲਈ ਦੋਸ਼ੀਆਂ ਦੀ ਰਿਹਾਈ ਫ਼ੌਰੀ ਮਸਲਾ ਹੋ ਸਕਦੀ ਸੀ। ਮੈਜਿਸਟਰੇਟ ਲਈ ਇਹ ਸਾਧਾਰਨ ਕਾਰਵਾਈ ਸੀ। ਜੁਰਮ ਸੰਗੀਨ ਸਨ। ਰਾਤੋ-ਰਾਤ ਮੁਲਜ਼ਮਾਂ ਨੂੰ ਬੇ-ਕਸੂਰ ਕਰਾਰ ਦੇ ਕੇ ਕਿਸੇ ਮੈਜਿਸਟਰੇਟ ਨੇ ਮਰਿਆ ਸੱਪ ਆਪਣੇ ਗਲ ਨਹੀਂ ਸੀ ਪਾਉਣਾ।

ਮੁੱਖ ਅਫ਼ਸਰ ਦੀ ਦਲੀਲ ਨਾਲ ਕੋਈ ਸਹਿਮਤ ਨਹੀਂ ਸੀ ਹੋ ਰਿਹਾ। ਉਲਟਾ ਅਫ਼ਸਰ ਝਈਆਂ ਲੈ ਲੈ ਪੈ ਰਹੇ ਸਨ। ਮੁੱਖ ਅਫ਼ਸਰ ਆਪਣੇ ਮੈਜਿਸਟਰੇਟ ਨੂੰ ਖ਼ੁਸ਼ ਨਹੀਂ ਰੱਖਦਾ।

ਆਪਣੇ ਗਲ ਪਈ ਬਲਾ ਟਾਲਣ ਲਈ ਅਤੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਮੁੱਖ ਅਫ਼ਸਰ ਨੇ ਡਿਸਚਾਰਜ ਰਿਪੋਰਟ ਤਿਆਰ ਕੀਤੀ, ਮੁਲਜ਼ਮਾਂ 'ਤੇ ਸਮਰਥਕਾਂ ਤੋਂ ਦੋ ਪੇਟੀਆਂ ਪੀਟਰ-ਸਕਾਟ ਵਿਸਕੀ ਦੀਆਂ ਮੰਗਵਾਈਆਂ ਅਤੇ ਗੱਡੀ ਆਫ਼ੀਸਰ ਕਾਲੋਨੀ ਵੱਲ ਤੋਰ ਲਈ।

ਅੱਧੀ ਪੇਟੀ ਉਸਨੇ ਸਰਕਾਰੀ ਵਕੀਲ ਦੀ ਕੋਠੀ ਲਾਹ ਦਿੱਤੀ।

ਵਿਸਕੀ ਅੰਦਰ ਰਖਵਾਉਂਦਾ ਸਰਕਾਰੀ ਵਕੀਲ ਡਰ ਰਿਹਾ ਸੀ। ਉਸਨੂੰ ਆਪਣੇ ਅਫ਼ਸਰਾਂ ਵੱਲੋਂ ਦੋਸ਼ੀਆਂ ਨੂੰ ਤੁਰੰਤ ਡਿਸਚਾਰਜ ਕਰਾਉਣ ਦਾ ਹੁਕਮ ਹੋਇਆ ਸੀ। ਵਿਸਕੀ ਲੈਣ ਦੀ ਖ਼ਬਰ ਜੇ ਅਫ਼ਸਰਾਂ ਤਕ ਪੁੱਜ ਗਈ ਤਾਂ ਝੱਟ ਉਸਨੂੰ ਉਨ੍ਹਾਂ ਨੇ ਦਰਿਆਉਂ ਪਾਰ ਬਦਲ ਦੇਣਾ ਸੀ।

"ਇਹ ਮੈਂ ਆਪਣੇ ਕੋਲੋਂ ਲੈ ਕੇ ਆਇਆ ਹਾਂ ਜਨਾਬ! ਮੁਲਜ਼ਮ ਆਪਣੇ ਵਰਗੇ ਛੋਟੇ ਅਫ਼ਸਰਾਂ ਨਾਲ ਕਿਥੇ ਗੱਲ ਕਰਦੇ ਨੇ। ਉਪਰ-ਉਪਰ ਭੱਜੇ ਫਿਰਦੇ ਨੇ।"

ਸਰਕਾਰੀ ਵਕੀਲ ਦਾ ਦਿਲ ਖੜ੍ਹਾਉਣ ਲਈ ਮੁੱਖ ਅਫ਼ਸਰ ਨੇ ਬਹਾਨਾ ਘੜਿਆ।

ਸਰਕਾਰੀ ਵਕੀਲ ਨੇ ਡਿਸਚਾਰਜ ਰਿਪੋਰਟ ਨਾਲ ਆਪਣੀ ਸਹਿਮਤੀ ਪ੍ਰਗਟਾਈ। ਲਿਖਾਪੜ੍ਹੀ ਮੁਕੰਮਲ ਕਰਕੇ ਉਹ ਮੈਜਿਸਟਰੇਟ ਦੀ ਕੋਠੀ ਜਾਣ ਲਈ ਮੁੱਖ ਅਫ਼ਸਰ ਦੀ ਗੱਡੀ ਵਿਚ ਬੈਠ ਗਿਆ।

ਮੈਜਿਸਟਰੇਟ ਨੂੰ ਵੀ ਸਿਫਾਰਸ਼ੀ ਫ਼ੋਨ ਆਇਆ ਸੀ। ਪਰ ਉਸ ਉਪਰ ਜਿਵੇਂ ਉਲਟਾ ਅਸਰ ਹੋਇਆ ਸੀ। ਨਾ ਉਹ ਖ਼ੁਦ ਕੋਠੀ ਹਾਜ਼ਰ ਸੀ ਨਾ ਬੱਚੇ। ਪਤਾ ਨਹੀਂ ਕਿਧਰ ਤੁਰ ਗਿਆ ਸੀ।

ਮੈਜਿਸਟਰੇਟ ਸਾਹਿਬ ਕਿਥੇ ਗਏ ਹਨ? ਕਦੋਂ ਵਾਪਸ ਆਉਣਗੇ? ਇਸਦਾ ਨਾ ਗੰਨਮੈਨ ਨੂੰ ਪਤਾ ਸੀ ਨਾ ਨੌਕਰ ਨੂੰ।

ਮੁੱਖ ਅਫ਼ਸਰ ਨੇ ਕਪਤਾਨ ਨੂੰ ਸੂਚਿਤ ਕੀਤਾ।

"ਇੰਤਜ਼ਾਰ ਕਰੋ। ਕੰਮ ਕਰਵਾ ਕੇ ਮੁੜੋ।" ਅਗੋਂ ਇਹ ਹੁਕਮ ਹੋਇਆ।



ਗਿਆਰਾਂ ਕੁ ਵਜੇ ਮੈਜਿਸਟਰੇਟ ਮੁੜਿਆ। ਉਹ ਦਾਰੂ ਨਾਲ ਰੱਜਿਆ ਹੋਇਆ ਸੀ।

ਮੈਜਿਸਟਰੇਟ ਮੁੱਖ ਅਫ਼ਸਰ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਸਰਕਾਰੀ ਵਕੀਲ ਕੀ ਆਖ ਰਿਹਾ ਹੈ? ਉਸਨੂੰ ਸਮਝ ਨਹੀਂ ਸੀ ਆ ਰਹੀ।

ਧੱਕੇ ਨਾਲ ਡਿਸਚਾਰਜ ਰਿਪੋਰਟ ਉਪਰ ਦਸਤਖ਼ਤ ਕਰਾਉਂਦੇ ਮੁੱਖ ਅਫ਼ਸਰ ਨੂੰ ਮੈਜਿਸਟਰੇਟ ਦੀ ਪਤਨੀ ਨੇ ਰੋਕ ਲਿਆ।

"ਦਰਖ਼ਾਸਤ ਮੈਨੂੰ ਫੜਾਓ। ਇਉਂ ਧੱਕਾ ਕਿਉਂ ਕਰਦੇ ਹੋ? ਤੁਸੀਂ ਸਵੇਰੇ ਆਉਣਾ। ਮੈਂ ਹੁਕਮ ਕਰਵਾ ਕੇ ਰੱਖਾਂਗੀ। ਤੁਸੀਂ ਲੈ ਜਾਣਾ। ਹੁਣ ਨਾ ਇਨ੍ਹਾਂ ਤੋਂ ਕੁਝ ਲਿਖ ਹੋਣੈ ਨਾ ਮੈਂ ਲਿਖਣ ਦੇਣੈ।"

ਦਰਖ਼ਾਸਤ ਮੁੱਖ ਅਫ਼ਸਰ ਤੋਂ ਫੜਕੇ ਉਸਨੇ ਆਪਣੇ ਪਰਸ ਵਿਚ ਪਾ ਲਈ ਅਤੇ ਸਹਾਰਾ ਦੇ ਕੇ ਮੈਜਿਸਟਰੇਟ ਨੂੰ ਕੋਠੀ ਦੇ ਅੰਦਰ ਲੈ ਗਈ।

ਵਿਸਕੀ ਵਾਲੀ ਪੇਟੀ ਅੰਦਰ ਰਖਵਾ ਕੇ ਰੋਣ-ਹੱਕੇ ਹੋਏ ਦੋਵੇਂ ਅਫ਼ਸਰਾਂ ਨੇ ਆਪਣੇ ਆਪਣੇ ਅਫ਼ਸਰਾਂ ਨੂੰ ਤਾਜ਼ਾ ਸਥਿਤੀ ਤੋਂ ਜਾਣੂ ਕਰਾਇਆ।

ਅਫ਼ਸਰਾਂ ਦੇ ਹੁਕਮ ਮੁਤਾਬਕ ਉਹ ਸਵੇਰ ਹੁੰਦਿਆਂ ਹੀ ਮੈਜਿਸਟਰੇਟ ਦੀ ਕੋਠੀ ਆ ਧਮਕੇ।

ਰਾਤ ਦਾ ਭੰਨਿਆ ਮੈਜਿਸਟਰੇਟ ਹਾਲੇ ਸੁੱਤਾ ਪਿਆ ਸੀ।

ਪੀਟਰ-ਸਕਾਟ ਦੀ ਪੇਟੀ ਨੇ ਮੈਜਿਸਟਰੇਟ ਦੀ ਪਤਨੀ 'ਤੇ ਅਸਰ ਕੀਤਾ ਹੋਇਆ ਸੀ। ਉਸਨੇ ਮਜਿਸਟਰੇਟ ਨੂੰ ਉਠਾ ਦਿੱਤਾ।

ਨੀਂਦ ਪੂਰੀ ਕਰਕੇ ਉੱਠਿਆ ਮੈਜਿਸਟਰੇਟ ਪੂਰੀ ਹੋਸ਼ ਵਿਚ ਸੀ।

"ਮੈਨੂੰ ਬੁੱਧੂ ਨਾ ਬਣਾਓ। ਥੋੜ੍ਹਾ ਬਹੁਤ ਕਾਨੂੰਨ ਮੈਨੂੰ ਆਉਂਦਾ ਹੈ। ਕਤਲ ਦੇ ਮੁਕੱਦਮੇ ਵਿਚ ਮੁਲਜ਼ਮਾਂ ਨੂੰ ਡਿਸਚਾਰਜ ਕਰਨ ਦਾ ਮੈਜਿਸਟਰੇਟ ਨੂੰ ਕੋਈ ਅਧਿਕਾਰ ਨਹੀਂ। ਤੂੰ ਸਿਆਣਾ ਸਰਕਾਰੀ ਵਕੀਲ ਹੈਂ। ਤੈਨੂੰ ਸੁਪਰੀਮ ਕੋਰਟ ਦੇ ਨਵੇਂ ਫੈਸਲੇ ਦਾ ਪਤਾ ਨਹੀਂ?"

ਰਾਤ ਨੂੰ ਧੱਕੇ ਨਾਲ ਦਸਤਖ਼ਤ ਕਰਾਉਣ ਦੀ ਗੱਲ 'ਤੇ ਖਿਝੇ ਮੈਜਿਸਟਰੇਟ ਨੇ ਪਹਿਲਾਂ ਆਪਣਾ ਗੁੱਸਾ ਲਾਹਿਆ।

"ਪਤਾ ਤਾਂ ਹੈ ਜਨਾਬ! ਸਾਡੇ ਅਫ਼ਸਰ ਵੀ ਮੰਨਣ। ਉਨ੍ਹਾਂ ਨੇ ਕੜਾਕਾ ਚਾੜ੍ਹ ਰੱਖਿਆ ਹੈ। ਜਿਵੇਂ ਮਰਜ਼ੀ ਕਰੋ। ਰਿਪੋਰਟ ਮਨਜ਼ੂਰ ਕਰਵਾ ਕੇ ਲਿਆਓ।"

ਇਕੋ ਸੁਰ ਦੋਵਾਂ ਅਫ਼ਸਰਾਂ ਨੇ ਸਪਸ਼ਟੀਕਰਨ ਦਿੱਤਾ।

"ਮੈਨੂੰ ਵੀ ਬਥੇਰੇ ਫ਼ੋਨ ਆ ਚੁੱਕੇ ਹਨ। ਪੁਲਿਸ ਕਪਤਾਨ ਦਾ ਵੀ ਅਤੇ ਜ਼ਿਲ੍ਹਾ ਅਟਾਰਨੀ ਦਾ ਵੀ। ਮੈਂ ਸਭ ਨੂੰ ਸਮਝਾ ਦਿੱਤੈ। ਹੁਣ ਤੁਸੀਂ ਆਰਾਮ ਨਾਲ ਜਾਓ। ਤੁਹਾਨੂੰ ਕੋਈ ਕੁਝ ਨਹੀਂ ਆਖੇਗਾ।"

ਮੈਜਿਸਟਰੇਟ ਨੂੰ ਤਾਜ਼ੀ ਆਈ ਪੇਟੀ ਦੀ ਝੇਪ ਸੀ। ਉਹ ਨਰਮੀ ਨਾਲ ਪੇਸ਼ ਆਉਣ ਲੱਗਾ।

"ਕੋਈ ਹੋਰ ਰਾਹ ਦੱਸੋ। ਤੁਸੀਂ ਕਾਨੂੰਨ ਪੜ੍ਹਦੇ ਰਹਿੰਦੇ ਹੋ।"

ਸਰਕਾਰੀ ਵਕੀਲ ਨੇ ਮੈਜਿਸਟਰੇਟ ਕੋਲੋਂ ਰਹਿਨੁਮਾਈ ਮੰਗੀ।

"ਰਾਹ ਸਿੱਧਾ ਹੈ। ਡਿਸਚਾਰਜ ਕਰਾਉਣ ਵਾਲਾ ਪੰਗਾ ਨਾ ਲਓ। ਸੈਸ਼ਨ ਜੱਜ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਮੁਦਈ ਧਿਰ ਨੂੰ ਬੁਲਾਉਣਾ ਪਊ। ਮੁਦਈ ਨੂੰ ਸੰਮਨ ਜਾਣ ਨਾਲ ਰੌਲਾ ਪੈ ਜਾਊ। ਕੰਮ ਲਟਕ ਜਾਊ। ਚੁੱਪ ਕਰਕੇ ਦੋਸ਼ੀਆਂ ਕੋਲੋਂ ਸੈਸ਼ਨ ਕੋਰਟ ਵਿਚ

ਜ਼ਮਾਨਤ ਦੀ ਅਰਜ਼ੀ ਲਗਵਾਓ। ਜਵਾਬ ਵਿਚ ਉਨ੍ਹਾਂ ਨੂੰ ਬੇ-ਕਸੂਰ ਮੰਨੋ। ਫੇਰ ਦਸੋ ਕਿਹੜਾ ਜੱਜ ਜ਼ਮਾਨਤ ਮਨਜ਼ੂਰ ਕਰਨ ਤੋਂ ਨਾਂਹ ਕਰ ਸਕਦਾ ਹੈ। ਇਕ ਵਾਰ ਜ਼ਮਾਨਤ ਕਰਵਾ ਕੇ ਬਾਹਰ ਆ ਜਾਣ। ਡਿਸਚਾਰਜ ਰਿਪੋਰਟ ਫੇਰ ਮਨਜ਼ੂਰ ਹੁੰਦੀ ਰਹੂ।"

ਜੱਜ ਦਾ ਮਸ਼ਵਰਾ ਦੋਹਾਂ ਦੇ ਦਿਲ ਲਗ ਗਿਆ।

ਘੜੀ ਯੋਜਨਾ ਅਨੁਸਾਰ ਸੈਸ਼ਨ ਕੋਰਟ ਵਿਚ ਜ਼ਮਾਨਤ ਦੀ ਦਰਖ਼ਾਸਤ ਲਾਈ ਗਈ। ਜ਼ਮਾਨਤ ਦਾ ਆਧਾਰ ਆਈ.ਜੀ. ਵੱਲੋਂ ਉਨ੍ਹਾਂ ਨੂੰ ਬੇ-ਕਸੂਰ ਪਾਇਆ ਜਾਣਾ ਬਣਾਇਆ ਗਿਆ।

ਬਿਨਾਂ ਕਸੂਰ ਤੋਂ ਦੋਸ਼ੀਆਂ ਨੂੰ ਜੇਲ੍ਹ ਵਿਚ ਰੱਖਣਾ ਜੁਰਮ ਸੀ।

ਸੈਸ਼ਨ ਜੱਜ ਵੱਲੋਂ ਦੁਪਹਿਰ ਤਕ ਪੁਲਿਸ ਨੂੰ ਸਥਿਤੀ ਸਪੱਸ਼ਟ ਕਰਨ ਦਾ ਹੁਕਮ ਸੁਣਾਇਆ ਗਿਆ।

ਦੁਪਿਹਰ ਬਾਅਦ ਮੁੱਖ ਅਫ਼ਸਰ ਦੇ ਨਾਲ-ਨਾਲ ਉਪ ਕਪਤਾਨ ਹਾਜ਼ਰ ਹੋਇਆ। ਗਜ਼ਟਡ ਅਫ਼ਸਰ ਨੇ ਦੋਹਾਂ ਦੋਸ਼ੀਆਂ ਦੇ ਬੇ-ਕਸੂਰ ਹੋਣ ਦੀ ਤਾਈਦ ਕੀਤੀ।

ਝੱਟ ਦਰਖ਼ਾਸਤ ਮਨਜ਼ੂਰ ਹੋ ਗਈ।

ਘੰਟੇ ਦੇ ਅੰਦਰ-ਅੰਦਰ ਦੋਵੇਂ ਦੋਸ਼ੀ ਆਪਣੇ ਘਰ ਪੁੱਜ ਗਏ।

## -82-

ਵੇਦ ਪਰਿਵਾਰ ਵੱਲੋਂ ਕੁਝ ਸੁਰਖ਼ੁਰੂ ਹੋ ਕੇ ਰਾਮ ਨਾਥ ਨੇ ਪਹਿਲਾਂ ਤਿਣਕਾ-ਤਿਣਕਾ ਹੋਇਆ ਆਪਣਾ ਘਰ ਸੰਭਾਲਿਆ। ਫੇਰ ਪਿਛੜੇ ਕੰਮ ਨੂੰ ਲੀਹਾਂ 'ਤੇ ਲਿਆਉਣ ਦਾ ਯਤਨ ਕਰਨ ਲੱਗਾ।

ਉਸ ਦੀਆਂ ਬਹੁਤ ਸਾਰੀਆਂ ਮਿਸਲਾਂ ਅਧੂਰੀਆਂ ਪਈਆਂ ਸਨ। ਆਮ ਸਮੇਂ ਵਿਚ ਮਿਸਲਾਂ ਮੁਕੰਮਲ ਨਹੀਂ ਸਨ ਹੋ ਸਕਦੀਆਂ। ਮਿੰਨਤ ਤਰਲਾ ਕਰਕੇ ਉਸਨੇ ਅਦਾਲਤ ਦੇ ਕਲਰਕ ਨੂੰ ਦੇਰ ਤਕ ਬੈਠਣ ਲਈ ਮਨਾਇਆ।

ਕਲਰਕ ਦਾਰੂ ਪੀਂਦਾ ਰਿਹਾ। ਰਾਮ ਨਾਥ ਮਿਸਲਾਂ ਦੇ ਮੁਆਇਨੇ ਕਰਦਾ ਰਿਹਾ।

ਕੰਮ ਨਬੇੜਨ ਦੇ ਲਾਲਚ ਕਾਰਨ ਉਸ ਨੂੰ ਘੜੀ ਦੇਖਣ ਦਾ ਚੇਤਾ ਨਾ ਰਿਹਾ। ਘਰ ਮੁੜਦੇ ਰਾਮ ਨਾਥ ਨੂੰ ਅੱਠ ਵੱਜ ਗਏ।

ਅੱਗੇ ਰੋਣ-ਹੱਕੇ ਹੋਏ ਬੱਚੇ ਦਰਵਾਜ਼ਾ ਮੱਲੀ ਖੜ੍ਹੇ ਸਨ। ਰਾਮ ਨਾਥ ਦੇ ਅੰਦਰ ਵੜਦੇ ਹੀ ਉਹ ਉਸ ਨਾਲ ਚੰਬੜ ਕੇ ਉੱਚੀ-ਉੱਚੀ ਰੋਣ ਲੱਗੇ।

ਰਾਮ ਨਾਥ ਦਾ ਮੱਥਾ ਠਣਕਿਆ। ਲਗਦਾ ਸੀ ਉਨ੍ਹਾਂ ਨੇ ਕੋਈ ਬੁਰੀ ਖ਼ਬਰ ਸੁਣੀ ਸੀ। ਹੁਣ ਉਹ ਖ਼ਬਰ ਰਾਮ ਨਾਥ ਦੇ ਸੁਣਨ ਦੀ ਵਾਰੀ ਸੀ।

ਝੱਟ ਹੀ ਉਸਨੇ ਆਪਣਾ ਖ਼ਿਆਲ ਦਰੁਸਤ ਕੀਤਾ। ਇਹ ਉਸਦਾ ਵਹਿਮ ਸੀ। ਪਿੱਛੇ ਵੇਦ, ਨੀਲਮ ਅਤੇ ਨੇਹਾ ਸਭ ਠੀਕ ਸਨ। ਫੌਰੀ ਤੌਰ 'ਤੇ ਕਿਸੇ ਦੀ ਸਿਹਤ ਨੂੰ ਕੋਈ ਖ਼ਤਰਾ ਨਹੀਂ ਸੀ।

"ਬੱਚਿਓ ਦੇਰ ਨਾਲ ਆਉਣ ਲਈ ਮੈਨੂੰ ਮੁਆਫ਼ ਕਰੋ। ਪਰ ਇਹ ਮੇਰੀ ਮਜਬੂਰੀ ਸੀ। ਜੇ ਮੈਂ ਫ਼ੋਨ ਕਰਨ ਦੂਰ ਨਿਕਲ ਜਾਂਦਾ ਤਾਂ ਕਲਰਕ ਅਲਮਾਰੀ ਨੂੰ ਜਿੰਦਾ ਲਾ ਕੇ ਘਰ ਨੂੰ ਨਿਕਲ ਜਾਂਦਾ। ਮੇਰਾ ਕੰਮ ਅਧੂਰਾ ਰਹਿ ਜਾਂਦਾ।"



ਰਾਮ ਨਾਥ ਨੇ ਆਪਣੀ ਗ਼ਲਤੀ ਵੀ ਮੰਨੀ ਅਤੇ ਆਪਣੀ ਮਜਬੂਰੀ ਵੀ ਦੱਸੀ।

ਰਾਮ ਨਾਥ ਨੂੰ ਲੱਗਾ ਮਾਪਿਆਂ ਦੀ ਲੰਬੀ ਗ਼ੈਰ-ਹਾਜ਼ਰੀ ਕਾਰਨ ਬੱਚਿਆਂ ਦੇ ਦਿਲ ਪਤਲੇ ਹੋ ਗਏ ਸਨ। ਉਨ੍ਹਾਂ ਨੂੰ ਰਾਈ ਵੀ ਪਹਾੜ ਨਜ਼ਰ ਆਉਣ ਲੱਗੀ ਸੀ।

ਰਾਮ ਨਾਥ ਸਮੇਂ ਸਿਰ ਘਰ ਆਉਣ ਦਾ ਆਦੀ ਸੀ। ਲੇਟ ਹੋਣਾ ਹੁੰਦਾ ਉਹ ਸਮੇਂ ਸਿਰ ਫ਼ੋਨ ਕਰ ਦਿੰਦਾ ਸੀ। ਅੱਜ ਉਸ ਤੋਂ ਗ਼ਲਤੀ ਹੋਈ ਸੀ। ਇਸੇ ਲਈ ਬੱਚੇ ਪ੍ਰੇਸ਼ਾਨ ਸਨ।

ਰਾਮ ਨਾਥ ਦੀ ਗ਼ੈਰ-ਹਾਜ਼ਰੀ ਕਾਰਨ ਬੱਚਿਆਂ ਨਾਲੋਂ ਵੱਧ ਉਨ੍ਹਾਂ ਦੀ ਮੰਮੀ ਪ੍ਰੇਸ਼ਾਨ ਸੀ। ਤਿੰਨ ਘੰਟਿਆਂ ਤੋਂ ਉਸਦੇ ਵਾਰ-ਵਾਰ ਫ਼ੋਨ ਆ ਰਹੇ ਸਨ। ਰਾਮ ਨਾਥ ਦੇ ਘਰ ਨਾ ਪੁਜਣ ਕਾਰਨ ਸੰਗੀਤਾ ਨੂੰ ਲਗਦਾ ਸੀ ਦੁਸ਼ਮਣਾਂ ਨੇ ਉਸਨੂੰ ਘਰ ਮੁੜਨ ਜੋਗਾ ਨਹੀਂ ਸੀ ਛੱਡਿਆ। ਬੱਚੇ ਮਾਂ ਦੇ ਕਹਿਣ 'ਤੇ ਥਾਂ-ਥਾਂ ਫ਼ੋਨ ਘੁਮਾ ਕੇ ਥੱਕ ਚੁੱਕੇ ਸਨ। ਉਨ੍ਹਾਂ ਦਾ ਪਾਪਾ ਕਿਸੇ ਦੇ ਘਰ ਨਹੀਂ ਸੀ। ਬੱਚਿਆਂ ਨੇ ਸ਼ਹਿਰ ਦਾ ਚੱਪਾ-ਚੱਪਾ ਛਾਣ ਦਿੱਤਾ। ਉਨ੍ਹਾਂ ਦੇ ਪਿਉ ਨੂੰ ਕਿਸੇ ਨੇ ਨਹੀਂ ਸੀ ਦੇਖਿਆ। ਹਰ ਫ਼ੋਨ ਬਾਅਦ ਸੰਗੀਤਾ ਹੋਰ ਪ੍ਰੇਸ਼ਾਨ ਹੋ ਜਾਂਦੀ ਸੀ।

ਕੁਝ ਦੇਰ ਤੋਂ ਫ਼ੋਨ ਬੰਦ ਸੀ। ਬੱਚੇ ਮੰਮੀ ਅਤੇ ਪਾਪਾ ਦੋਹਾਂ ਲਈ ਪ੍ਰੇਸ਼ਾਨ ਸਨ।

ਸੰਗੀਤਾ ਦੀ ਚਿੰਤਾ ਜਾਇਜ਼ ਸੀ। ਭੈੜੇ ਦਿਨਾਂ ਵਿਚ ਭੈੜੇ ਖ਼ਿਆਲ ਆਉਣੇ ਸੁਭਾਵਕ ਸਨ।

ਪਤਨੀ ਦੀ ਚਿੰਤਾ ਦੂਰ ਕਰਨ ਲਈ ਰਾਮ ਨਾਥ ਨੇ ਸੰਗੀਤਾ ਨੂੰ ਫ਼ੋਨ ਕੀਤਾ।

ਬੱਚਿਆਂ ਵਾਂਗ ਸੰਗੀਤਾ ਵੀ ਉੱਚੀ-ਉੱਚੀ ਰੋਣ ਲੱਗੀ।

ਸੰਗੀਤਾ ਨੇ ਜੋ ਖ਼ਬਰ ਸੁਣਾਈ ਉਹ ਸੱਚਮੁੱਚ ਸੁੰਨ ਕਰਨ ਵਾਲੀ ਸੀ।

ਪੁਲਿਸ ਨੇ ਦੋਵਾਂ ਭਰਾਵਾਂ ਨੂੰ ਬੇ-ਕਸੂਰ ਸਾਬਤ ਕਰਕੇ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਸੀ। ਅਦਾਲਤ ਨੇ ਦਰਖ਼ਾਸਤ ਮਨਜ਼ੂਰ ਕਰਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਸੀ।

ਦੋਸ਼ੀਆਂ ਦੇ ਘਰ ਵਿਆਹ ਵਰਗਾ ਜਸ਼ਨ ਚੱਲ ਰਿਹਾ ਸੀ।

ਕੋਈ ਸ਼ਰਾਬੀ ਸੰਗੀਤਾ ਨੂੰ ਵਾਰ-ਵਾਰ ਫ਼ੋਨ ਕਰ ਰਿਹਾ ਸੀ। ਉਹ ਆਖ ਰਿਹਾ ਸੀ —

"ਕਿਉਂ ਕਰਵਾ ਲਈ ਭਣੋਈਆਂ ਨੂੰ ਸਜ਼ਾ?"

ਫੇਰ ਆਖਦਾ ਸੀ —

"ਆਪਣੇ ਵਕੀਲ ਨੂੰ ਸੰਭਾਲ ਕੇ ਰੱਖੀਂ।"

ਸੰਗੀਤਾ ਡਰ ਰਹੀ ਸੀ। ਦੁਸ਼ਮਣਾਂ ਦੇ ਹੱਥ ਲੰਬੇ ਸਨ। ਕਿਧਰੇ ਉਨ੍ਹਾਂ ਦੇ ਬੰਦਿਆਂ ਨੇ ਰਾਮ ਨਾਥ ਦੇ ਸ਼ਹਿਰ ਵਿਚ ਹੀ ਕੋਈ ਭਾਣਾ ਨਾ ਵਰਤਾ ਦਿੱਤਾ ਹੋਵੇ?

ਸੰਗੀਤਾ ਨੂੰ ਹਮਦਰਦਾਂ ਰਾਹੀਂ ਸੂਹਾਂ ਮਿਲ ਰਹੀਆਂ ਸਨ। ਪੰਕਜ ਹੋਰਾਂ ਦੀਆਂ ਅੱਖਾਂ ਵਿਚ ਰਾਮ ਨਾਥ ਸਭ ਤੋਂ ਵੱਧ ਰੜਕਦਾ ਸੀ। ਰਾਮ ਨਾਥ ਜੇ ਮੁਕੱਦਮੇ ਦੀ ਪੈਰਵਾਈ ਨਾ ਕਰਦਾ ਪੁਲਿਸ ਨੂੰ ਉਨ੍ਹਾਂ ਤੇ ਸ਼ੱਕ ਨਹੀਂ ਸੀ ਹੋਣਾ। ਜੇ ਸ਼ੱਕ ਦੀ ਕੋਈ ਛੋਟੀ-ਮੋਟੀ ਬੱਦਲੀ ਉੱਠਦੀ ਵੀ ਉਨ੍ਹਾਂ ਨੇ ਪੈਸੇ ਦੇ ਸੇਕ ਨਾਲ ਉਸਨੂੰ ਖਿੰਡਾ ਦੇਣਾ ਸੀ। ਉਨ੍ਹਾਂ ਦੀ ਬਰਬਾਦੀ ਦੀ ਜੜ੍ਹ ਰਾਮ ਨਾਥ ਸੀ।

ਪੰਕਜ ਦੇ ਸਮਰਥਕਾਂ ਨੂੰ ਪੂਰਾ ਭਰੋਸਾ ਸੀ ਜੇ ਰਾਮ ਨਾਥ ਟੰਗ ਨਾ ਅੜਾਉਂਦਾ ਤਾਂ ਹੁਣ ਤਕ ਵੇਦ ਨੇ ਕਦੋਂ ਦਾ ਸਮਝੌਤੇ ਲਈ ਮੰਨ ਜਾਣਾ ਸੀ।

ਪੰਕਜ ਦੇ ਦੋਸਤ ਰਾਮ ਨਾਥ ਨੂੰ ਸਿੱਧੇ ਸੁਨੇਹੇ ਭੇਜ ਰਹੇ ਸਨ। ਪੰਕਜ ਨੂੰ ਹੋਰ ਨੁਕਸਾਨ ਹੋਇਆ ਤਾਂ ਰਾਮ ਨਾਥ ਨੂੰ ਸਬਕ ਸਿਖਾਇਆ ਜਾ ਸਕਦਾ ਸੀ।

ਸੰਗੀਤਾ ਡਰ ਰਹੀ ਸੀ ਜੇਲ੍ਹੋਂ ਛੁੱਟ ਕੇ ਦੁਸ਼ਮਨਾਂ ਦੇ ਹੌਸਲੇ ਬੁਲੰਦ ਹੋ ਗਏ ਸਨ। ਉਹ ਕੋਈ ਵੀ ਕਾਰਾ ਕਰ ਸਕਦੇ ਸਨ।

ਸੰਗੀਤਾ ਦੀਆਂ ਗੱਲਾਂ ਸੁਣ ਕੇ ਇਕ ਵਾਰ ਰਾਮ ਨਾਥ ਧੁਰ ਅੰਦਰ ਤਕ ਕੰਬ ਗਿਆ। ਉਸਨੂੰ ਆਪਣੀ ਮੌਤ ਸਾਹਮਣੇ ਦਿਖਾਈ ਦੇਣ ਲੱਗੀ। ਪਹਿਲਾਂ ਭਾੜੇ ਦੇ ਟੱਟੂਆਂ ਰਾਹੀਂ ਵੇਦ ਪਰਿਵਾਰ ਉਪਰ ਹਮਲਾ ਹੋ ਚੁੱਕਾ ਸੀ। ਸਾਰਾ ਦਸ ਲੱਖ ਦਾ ਮਾਮਲਾ ਸੀ। ਰਾਮ ਨਾਥ ਉਨ੍ਹਾਂ ਲਈ ਮਹਿੰਗਾ ਸਾਬਤ ਹੋ ਰਿਹਾ ਸੀ। ਰਾਮ ਨਾਥ ਨੂੰ ਪਰ੍ਹੇ ਹਟਾਉਣ ਲਈ ਉਹ ਉਸਨੂੰ ਕਿਸੇ ਬੱਸ ਜਾਂ ਟਰੱਕ ਹੇਠ ਦੇ ਕੇ ਕੁਚਲ ਸਕਦੇ ਸਨ।

ਪੰਕਜ ਦੇ ਵਕੀਲਾਂ ਨੇ ਪੰਕਜ ਨੂੰ ਸਮਝਾਇਆ ਹੋਏਗਾ। ਇਹ ਨਾ ਸਮਝੋ ਤੁਸੀਂ ਪੱਕੇ ਬਰੀ ਹੋ ਗਏ। ਹਾਲੇ ਤਲਵਾਰ ਸਿਰ ’ਤੇ ਲਟਕਦੀ ਸੀ। ਅਦਾਲਤ ਉਨ੍ਹਾਂ ਨੂੰ ਤਲਬ ਕਰਕੇ ਉਨ੍ਹਾਂ ’ਤੇ ਮੁਕੱਦਮਾ ਚਲਾ ਸਕਦੀ ਸੀ। ਸਬੂਤ ਜੇ ਮਿਸਲ ’ਤੇ ਆ ਗਏ ਤਾਂ ਸਜ਼ਾ ਵੀ ਹੋ ਸਕਦੀ ਸੀ। ਜੇ ਪੂਰੀ ਤਰ੍ਹਾਂ ਸੁਰਖ਼ਰੂ ਹੋਣਾ ਹੈ ਤਾਂ ਇਕ ਹੂਲਾ ਹੋਰ ਫ਼ੱਕੋ। ਮਿਸਲ ’ਤੇ ਸਬੂਤ ਲਿਆਉਣ ਵਾਲੇ ਦਾ ਖੁਰਾ ਮਿਟਾ ਦੇਵੋ।

ਰਾਮ ਨਾਥ ਖ਼ੁਦ ਆਪਣੇ ਸਾਇਲਾਂ ਨੂੰ ਕਈ ਵਾਰ ਅਜਿਹੀ ਰਾਏ ਦੇ ਚੁੱਕਾ ਸੀ। ਮੁਦਈ ਨਾਲੋਂ ਪੈਰਵਾਈ ਕਰਨ ਵਾਲਾ ਵੱਧ ਖ਼ਤਰਨਾਕ ਹੁੰਦਾ ਹੈ। ਪੈਰਵਾਈ ਕਰਨ ਵਾਲੇ ਨੂੰ ਦੋਸ਼ੀ ਬਣਾ ਕੇ ਪਰਚੇ ਵਿਚ ਉਲਝਾ ਦੇਵੋ। ਆਪਣਾ ਖਹਿੜਾ ਛੁਡਾਉਂਦਾ-ਛੁਡਾਉਂਦਾ ਉਹ ਆਪੇ ਮੁਦਈ ਨੂੰ ਭੁੱਲ ਜਾਏਗਾ।

ਇਹ ਫਾਰਮੂਲਾ ਰਾਮ ਨਾਥ ਉਪਰ ਵੀ ਵਰਤਿਆ ਜਾ ਸਕਦਾ ਸੀ।

ਰਾਮ ਨਾਥ ਨੂੰ ਪਹਿਲੀ ਵਾਰ ਆਪਣੀ ਜਾਨ ਨੂੰ ਖ਼ਤਰਾ ਮਹਿਸੂਸ ਹੋਇਆ। ਜੇ ਬੰਦੇ ਇੰਨੇ ਖ਼ਤਰਨਾਕ ਕੇਸ ਅਤੇ ਇੰਨੇ ਠੋਸ ਸਬੂਤਾਂ ਦੇ ਹੁੰਦੇ ਹੋਏ ਆਪਣੇ ਆਪ ਨੂੰ ਬੇ-ਕਸੂਰ ਸਾਬਤ ਕਰਵਾ ਸਕਦੇ ਹਨ ਤਾਂ ਉਹ ਰਾਮ ਨਾਥ ਵਰਗਾ ਜ਼ਹਿਰੀਲਾ ਕੰਡਾ ਕੱਢਣ ਲਈ ਕੁਝ ਵੀ ਕਰ ਸਕਦੇ ਸਨ।

ਰਾਮ ਨਾਥ ਅੱਗੇ ਸੰਗੀਤਾ ਪਹਿਲਾਂ ਵੀ ਕਈ ਵਾਰ ਵਾਸਤੇ ਪਾ ਚੁੱਕੀ ਸੀ। ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਉਹ ਲੜਾਈ ਵਿਚੋਂ ਇਕ ਪਾਸੇ ਹਟ ਜਾਵੇ। ਹੋਰ ਕਿਹੜਾ ਰਿਸ਼ਤੇਦਾਰ ਨਹੀਂ। ਹੋਰ ਕੋਈ ਦੁਸ਼ਮਨਾਂ ਦੀ ਅੱਖ ਵਿਚ ਨਹੀਂ ਸੀ ਰੜਕਦਾ। ਰਾਮ ਨਾਥ ਨੂੰ ਕੀ ਚੱਟੀ ਪਈ ਸੀ?

ਹੋਰਾਂ ਨੇ ਮੂੰਹ ’ਤੇ ਮਿੱਟੀ ਮਲ ਲਈ ਤਾਂ ਮਲ ਲੈਣ। ਰਾਮ ਨਾਥ ਆਪਣੀ ਜ਼ਮੀਰ ਨਹੀਂ ਸੀ ਵੇਚ ਸਕਦਾ। ਸਮਝੌਤਾ ਕਰਨਾ ਹੈ ਜਾਂ ਨਹੀਂ। ਇਸ ਦਾ ਫੈਸਲਾ ਵੇਦ ਅਤੇ ਨੀਲਮ ਨੇ ਕਰਨਾ ਸੀ। ਹਾਲੇ ਬਿਮਾਰੀ ਅਤੇ ਦੁੱਖ ਨੇ ਉਨ੍ਹਾਂ ਦੀ ਮੱਤ ਮਾਰੀ ਹੋਈ ਸੀ। ਉਹ ਆਜ਼ਾਦ ਮਰਜ਼ੀ ਨਾਲ ਗੱਲ ਕਰਨ ਦੇ ਯੋਗ ਨਹੀਂ ਸਨ। ਜਦੋਂ ਉਹ ਇਸ ਯੋਗ ਹੋ ਗਏ ਰਾਮ ਨਾਥ ਪਾਸੇ ਹਟ ਜਾਏਗਾ। ਓਨਾ ਚਿਰ ਉਹ ਆਪਣਾ ਫਰਜ਼ ਨਿਭਾਉਂਦਾ ਰਹੇਗਾ।

ਰਾਮ ਨਾਥ ਨੂੰ ਪਤਾ ਸੀ ਦੁਸ਼ਮਨਾਂ ਦਾ ਪੱਲੜਾ ਭਾਰੀ ਸੀ। ਉਨ੍ਹਾਂ ਨੇ ਸੋਨੇ ਦੇ ਵੱਟੇ ਪਾ ਪਾ ਸੂਈ ਆਪਣੇ ਵੱਲ ਝੋਕ ਲਈ ਸੀ। ਪਰ ਰਾਮ ਨਾਥ ਸੱਚ ਹੱਕ ਦੀ ਲੜਾਈ ਲੜ ਰਿਹਾ ਸੀ। ਉਹ ਕਾਇਰਾਂ ਵਾਂਗ ਪਿੱਛੇ ਹੱਟ ਕੇ ਦੋਸ਼ੀਆਂ ਨੂੰ ਬਰੀ ਹੋਣ ਵਿਚ ਸਹਾਈ ਨਹੀਂ ਸੀ ਹੋ ਸਕਦਾ। ਕੱਲ੍ਹ ਨੂੰ ਰਾਮ ਨਾਥ ਜਾਂ ਉਸਦੀ ਭੈਣ ਨੂੰ ਪਛਤਾਵਾ ਤੇ ਨਹੀਂ ਹੋਏਗਾ



ਕਿ ਉਹ ਆਪਣੇ ਮਾਸੂਮ ਬੱਚੇ ਦੇ ਕਤਲ ਜਾਂ ਅਨਭੋਲ ਬੇਟੀ ਦੀ ਲੜਾਈ ਨਹੀਂ ਲੜੇ। ਰਾਮ ਨਾਥ ਨੇ ਦੂਜਿਆਂ ਦੀ ਇਜ਼ਤ ਰੋਲਣ ਵਾਲੇ ਪੰਕਜ ਹੋਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਨ੍ਹਾਂ ਨੂੰ ਹਵਾਲਾਤ ਦੀ ਹਵਾ ਖਵਾ ਦਿੱਤੀ ਸੀ। ਰਾਮ ਨਾਥ ਮਨ ਦੀ ਤਸੱਲੀ ਲਈ ਲੜ ਰਿਹਾ ਸੀ। ਲੜ ਕੇ ਹਾਰਨਾ ਹਾਰ ਨਹੀਂ ਸੀ। ਇਨਸਾਫ਼ ਲਈ ਲੜਦਾ ਜੇ ਉਹ ਮਰ ਜਾਵੇ ਇਸਦੀ ਉਸਨੂੰ ਪਰਵਾਹ ਨਹੀਂ ਸੀ।

ਰਾਮ ਨਾਥ ਨੇ ਆਪਣਾ ਮਨ ਸੰਗੀਤਾ ਅੱਗੇ ਖੋਲ੍ਹ ਕੇ ਰੱਖ ਦਿੱਤਾ। ਉਸਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ। ਅੱਗੇ ਤੋਂ ਉਹ ਉਸਦੇ ਰਾਹ ਦਾ ਰੋੜਾ ਨਾ ਬਣੇ। ਉਹ ਪਿੱਛੇ ਹਟਣ ਵਾਲਾ ਨਹੀਂ ਸੀ।

ਸੰਗੀਤਾ ਨੇ ਫੇਰ ਉਸਨੂੰ ਤਾੜਿਆ। ਉਹ ਇਕੱਲਾ ਨਾ ਆਵੇ। ਆਪਣੀ ਬੰਦੂਕ ਨਾਲ ਲਿਆਵੇ। ਦੋ ਤਿੰਨ ਦੋਸਤ ਨਾਲ ਲੈ ਆਵੇ। ਭੂਤਰੇ ਗੁੰਡਿਆਂ ਦਾ ਕੋਈ ਭਰੋਸਾ ਨਹੀਂ ਸੀ। ਰਾਤ ਨੂੰ ਨੀਲਮ ਦੇ ਘਰ ’ਤੇ ਹਮਲਾ ਕਰ ਦੇਣ।

ਸੰਗੀਤਾ ਦੀ ਇਹ ਤਜਵੀਜ਼ ਰਾਮ ਨਾਥ ਨੇ ਸਿਰ ਮੱਥੇ ਮੰਨ ਲਈ। ਉਸਨੇ ਆਪਣੀ ਬੰਦੂਕ ਕੱਢੀ। ਰੌਂਦ ਭਰੇ। ਨਾਲੇ ਦੋਸਤਾਂ ਨੂੰ ਫ਼ੋਨ ਕੀਤੇ। ਆਪਣਾ-ਆਪਣਾ ਅਸਲਾ ਲੈ ਕੇ ਆ ਜਾਓ!

## -83-

ਰਸਤੇ ਵਿਚ ਦੋਸਤ ਹਰ ਪਹਿਲੂ ਨੂੰ ਵਿਚਾਰਣ ਲੱਗੇ।

ਪੰਕਜ ਹੋਰਾਂ ਤੋਂ ਬਹੁਤਾ ਡਰਨ ਦੀ ਜ਼ਰੂਰਤ ਨਹੀਂ ਸੀ। ਉਹ ਪੇਸ਼ਾਵਰ ਮੁਲਜ਼ਮ ਨਹੀਂ ਸਨ। ਪਹਿਲਾਂ ਹੀ ਉਨ੍ਹਾਂ ਦੀ ਘੀਸੀ ਹੋ ਚੁੱਕੀ ਸੀ। ਮਸਾਂ ਉਹ ਬਾਹਰ ਆਏ ਸਨ। ਦੋਬਾਰਾ ਪੰਗਾ ਲੈਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਗੇ। ਉਨ੍ਹਾਂ ਦੇ ਰਿਸ਼ਤੇਦਾਰ ਅਮੀਰ ਜ਼ਰੂਰ ਸਨ। ਪਰ ਉਹ ਉਨ੍ਹਾਂ ਨੂੰ ਦੋਬਾਰਾ ਅਜਿਹੇ ਸੰਗੀਨ ਜੁਰਮ ਵਿਚ ਫਸਣ ਦੀ ਸਲਾਹ ਨਹੀਂ ਦੇਣਗੇ।

ਹੁਣ ਵੇਦ ਪਰਿਵਾਰ ਦਾ ਮਾਇਆ ਨਗਰ ਵਿਚ ਰਹਿਣਾ ਠੀਕ ਨਹੀਂ ਸੀ। ਮੁਕੱਦਮਾ ਲਟਕ ਗਿਆ ਸੀ। ਪਹਿਲਾਂ ਨੀਰਜ ਹੋਰਾਂ ਨੂੰ ਤਲਬ ਕਰਾਉਣ ਦੀ ਕਾਰਵਾਈ ਹੋਣੀ ਸੀ। ਪੰਕਜ ਹੋਰਾਂ ਨੇ ਹਰ ਹੀਲੇ ਕਟਹਿਰੇ ਵਿਚ ਖੜੋਨੋਂ ਬਚਣਾ ਸੀ। ਅਪੀਲਾਂ ਉਪਰ ਤਕ ਹੋਣੀਆਂ ਸਨ।

ਮਾਇਆ ਨਗਰ ਵਿਚ ਚਲਦੀ ਦਾ ਨਾਂ ਗੱਡੀ ਸੀ। ਹਫ਼ਤਾ-ਹਫ਼ਤਾ ਗੁਆਂਢੀ ਉਨ੍ਹਾਂ ਦੇ ਘਰ ਪੈਰ ਨਹੀਂ ਸਨ ਪਾਉਂਦੇ। ਇਥੇ ਇਕੱਲੇ ਬੈਠੇ ਪਰਿਵਾਰ ਨੇ ਪਾਗ਼ਲ ਹੋ ਜਾਣਾ ਸੀ।

ਕਿਉਂ ਨਾ ਵੇਦ ਪਰਿਵਾਰ ਨੂੰ ਸ਼ਹਿਰ ਲੈ ਆਂਦਾ ਜਾਵੇ? ਦੋਹਾਂ ਪਰਿਵਾਰਾਂ ਵਿਚ ਤਨਾਅ ਖੜ੍ਹਾ ਨਾ ਹੋਵੇ, ਇਸ ਲਈ ਮਕਾਨ ਵੱਖਰਾ ਲੈ ਲਿਆ ਜਾਵੇ।

ਵੇਦ ਅਤੇ ਨੇਹਾ ਪਹਿਲਾਂ ਹੀ ਮਾਇਆ ਨਗਰ ਤੋਂ ਉਪਰਾਮ ਹੋਏ ਬੈਠੇ ਸਨ। ਇਹ ਤਜਵੀਜ਼ ਉਨ੍ਹਾਂ ਨੂੰ ਬਹੁਤ ਰਾਸ ਆਏਗੀ।

ਪਰ ਵੇਦ ਰਾਮ ਨਾਥ ਦੇ ਸ਼ਹਿਰ ਦੀ ਥਾਂ ਆਪਣੀ ਮਾਤ-ਭੂਮੀ ਜਾਣਾ ਚਾਹੁੰਦਾ ਸੀ। ਉੱਥੇ ਪੁਰਾਣਾ ਘਰ ਵੀ ਸੀ ਅਤੇ ਯਾਰ ਦੋਸਤ ਵੀ। ਉਥੇ ਸਮੇਂ ਨੂੰ ਧੱਕੇ ਆਸਾਨੀ ਨਾਲ ਦਿੱਤੇ ਜਾ ਸਕਦੇ ਸਨ।

ਵੇਦ ਦਾ ਆਪਣੇ ਸ਼ਹਿਰ ਰਹਿਣਾ ਇੰਨਾ ਸੁਖਾਲਾ ਨਹੀਂ ਸੀ। ਸਾਰੇ ਜੀਆਂ ਨੂੰ ਡਾਕਟਰੀ ਸਹਾਇਤਾ ਦੀ ਜ਼ਰੂਰਤ ਸੀ। ਨੇਹਾ ਨੂੰ ਆਪਣੇ ਹਾਣ ਦਾ ਸਾਥ ਚਾਹੀਦਾ ਸੀ।

ਵੇਦ ਦੇ ਸ਼ਹਿਰ ਵਿਚ ਹੁਣ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਯਾਰਾਂ ਦੋਸਤਾਂ ਦਾ ਮਹੀਨੇ ਵੀਹ ਦਿਨ ਬਾਅਦ ਹਸਪਤਾਲ ਜਾਂ ਘਰ ਗੇੜਾ ਮਾਰ ਜਾਣਾ ਹੋਰ ਗੱਲ ਸੀ। ਹਰ ਰੋਜ਼ ਮੋਢਿਆਂ 'ਤੇ ਚੁੱਕ ਕੇ ਹਸਪਤਾਲ ਲਿਜਾਣਾ ਹੋਰ ਗੱਲ।

ਸਿਰ 'ਤੇ ਮੁਕੱਦਮਾ ਖੜ੍ਹਾ ਸੀ। ਆਪਣਿਆਂ ਤੋਂ ਖ਼ਤਰਾ ਸੀ।

ਵੇਦ ਦੀ ਫੈਸਲੇ ਕਰਨ ਦੀ ਸ਼ਕਤੀ ਜਿਵੇਂ ਨਸ਼ਟ ਹੋ ਚੁੱਕੀ ਸੀ। ਰਾਮ ਨਾਥ ਜੋ ਸੋਚ ਰਿਹਾ ਸੀ ਉਹ ਠੀਕ ਹੋਏਗਾ। ਸੋਚਦੇ ਅਤੇ ਇਹ ਆਖਦੇ ਵੇਦ ਨੇ ਹਾਂ ਕਰ ਦਿੱਤੀ।

"ਬਸ ਮਾਇਆ ਨਗਰ ਤੋਂ ਖਹਿੜਾ ਛੁਡਾ ਦਿਓ। ਫੇਰ ਭਾਵੇਂ ਨਰਕ ਵਿਚ ਸੁੱਟ ਦਿਓ।"

ਰਾਤ ਨੂੰ ਉਨ੍ਹਾਂ ਨੇ ਚੁਣਵਾਂ-ਚੁਣਵਾਂ ਸਮਾਨ ਬੰਨ੍ਹਿਆ।

ਸਵੇਰ ਨੂੰ ਮਾਇਆ ਨਗਰ ਨੂੰ ਮੱਥਾ ਟੇਕ ਦਿੱਤਾ।



# ਭਾਗ ਤੀਜਾ

ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਸੱਚ ਨੂੰ ਕੋਈ ਫਰਕ ਨਹੀਂ ਪੈਂਦਾ,
ਇਨ੍ਹਾਂ ਦੁਖਦੇ ਅੰਗਾਂ 'ਤੇ ਸੱਚ ਨੇ ਇਕ ਜੂਨ ਭੋਗੀ ਹੈ।

(ਪਾਸ਼)

ਥਾਣੇ ਵੱਲੋਂ ਰਾਮ ਨਾਥ ਨੂੰ ਸੁਨੇਹੇ 'ਤੇ ਸੁਨੇਹਾ ਆ ਰਿਹਾ ਸੀ।

ਪਹਿਲੇ ਦੋਸ਼ੀ ਨੂੰ ਗ੍ਰਿਫ਼ਤਾਰ ਹੋਇਆਂ ਨੱਬੇ ਦਿਨ ਹੋਣ ਵਾਲੇ ਸਨ। ਨੱਬੇ ਦਿਨ ਪੂਰੇ ਹੁੰਦਿਆਂ ਹੀ ਉਸਦੀ ਜ਼ਮਾਨਤ ਹੋ ਜਾਣੀ ਸੀ। ਮੁਦਈ ਧਿਰ ਦਾ ਕੋਈ ਨੁਮਾਇੰਦਾ ਮਾਇਆ ਨਗਰ ਆਵੇ। ਤਫ਼ਤੀਸ਼ੀ ਅਤੇ ਸਰਕਾਰੀ ਵਕੀਲ ਨੂੰ ਮਿਲ ਕੇ ਮੁਕੱਦਮੇ ਦੀਆਂ ਕਮੀਆਂ ਪੇਸ਼ੀਆਂ ਦੂਰ ਕਰਵਾਵੇ।

ਪਹਿਲਾ ਸੁਨੇਹਾ ਫ਼ੋਨ 'ਤੇ ਆਇਆ ਸੀ।

ਰਾਮ ਨਾਥ ਘੇਸਲ ਵੱਟ ਗਿਆ।

ਚਲਾਨ ਪਾਸ ਕਰਾਉਣ ਦਾ ਮਤਲਬ ਸੀ ਸਰਕਾਰੀ ਵਕੀਲਾਂ ਦੀਆਂ ਜੇਬਾਂ ਭਰਨਾ। ਪੁਲਿਸ ਮੁੱਖ ਦੋਸ਼ੀਆਂ ਨੂੰ ਮੁਕੱਦਮੇ ਵਿਚੋਂ ਕੱਢ ਚੁੱਕੀ ਸੀ। ਇਸ ਕਾਰਨ ਉਸਦੇ ਮਨ ਵਿਚ ਗੁੱਸਾ ਸੀ। ਬਾਕੀ ਦੋਸ਼ੀਆਂ ਵਿਰੁਧ ਜਿੰਨੇ ਕੁ ਸਬੂਤ ਮਿਸਲ 'ਤੇ ਆ ਸਕਦੇ ਸਨ ਆ ਚੁੱਕੇ ਸਨ। ਸਰਕਾਰੀ ਵਕੀਲਾਂ ਕੋਲੋਂ ਟੋਟਣੀ ਗੰਜੀ ਕਰਵਾ ਕੇ ਰਾਮ ਨਾਥ ਨੂੰ ਕੁਝ ਪੱਲੇ ਪੈਂਦਾ ਨਜ਼ਰ ਨਹੀਂ ਸੀ ਆ ਰਿਹਾ।

ਰਾਮ ਨਾਥ ਦਾ ਘੇਸਲ ਵੱਟਣ ਦਾ ਇਕ ਕਾਰਨ ਹੋਰ ਵੀ ਸੀ। ਨੱਬੇ ਦਿਨਾਂ ਦੇ ਅੰਦਰ-ਅੰਦਰ ਪੁਲਿਸ ਨੂੰ ਚਲਾਨ ਪੇਸ਼ ਕਰਨਾ ਹੀ ਪੈਣਾ ਸੀ। ਅਣਗਹਿਲੀ ਦੀ ਸੂਰਤ ਵਿਚ ਸੰਬੰਧਤ ਪੁਲਿਸ ਅਫ਼ਸਰ ਦੀ ਜਵਾਬ-ਤਲਬੀ ਹੋਣੀ ਸੀ। ਆਪਣੀ ਖੱਜਲ-ਖੁਆਰੀ ਤੋਂ ਬਚਣ ਲਈ ਥਾਣੇਦਾਰ ਮੁਦਈ ਧਿਰ ਕੋਲੋਂ ਸਰਕਾਰੀ ਵਕੀਲ ਦੀ ਸੇਵਾ ਕਰਾਉਣੀ ਚਾਹੁੰਦਾ ਸੀ। ਥਾਣੇਦਾਰ ਆਪਣੀ ਬਣੀ ਆਪ ਨਬੇੜੇ। ਰਾਮ ਨਾਥ ਨੂੰ ਕੀ?

ਦੂਜੀ ਵਾਰ ਸੁਨੇਹਾ ਸਿਪਾਹੀ ਹੱਥ ਆਇਆ। ਪਹਿਲਾ ਮੁੱਖ ਅਫ਼ਸਰ ਬਦਲ ਚੁੱਕਾ ਸੀ। ਜਾਣ ਬੁਝ ਕੇ ਉਹ ਮੁਕੱਦਮੇ ਵਿਚ ਬਹੁਤ ਕਮੀਆਂ ਛੱਡ ਗਿਆ ਸੀ। ਸਮੇਂ ਸਿਰ ਖ਼ਾਮੀਆਂ ਦੂਰ ਨਾ ਹੋਈਆਂ ਤਾਂ ਦੋਸ਼ੀਆਂ ਨੇ ਬਰੀ ਹੋ ਜਾਣਾ ਸੀ। ਸਮਾਂ ਹੱਥੋਂ ਨਿਕਲ ਜਾਣ 'ਤੇ ਮੁੱਖ ਅਫ਼ਸਰ ਨੂੰ ਦੋਸ਼ ਨਾ ਦਿੱਤਾ ਜਾਵੇ।

ਸਹੀ ਚਲਾਨ ਪੇਸ਼ ਕਰਨਾ ਪੁਲਿਸ ਦੀ ਜ਼ਿੰਮੇਵਾਰੀ ਸੀ। ਰਹਿ ਗਈਆਂ ਕਮੀਆਂ ਨੂੰ ਫੜਨਾ ਸਰਕਾਰੀ ਵਕੀਲ ਦਾ ਫਰਜ਼ ਸੀ। ਸਰਕਾਰੀ ਵਕੀਲ ਇਸ ਫਰਜ਼ ਨੂੰ ਨਿਭਾਉਣ ਦੇ ਪੈਸੇ ਲੈਂਦਾ ਸੀ। ਰਾਮ ਨਾਥ ਜਦੋਂ ਕਿਸੇ ਮੁਦਈ ਧਿਰ ਦੀ ਪੈਰਵਾਈ ਲਈ ਵਕੀਲ ਨਿਯੁਕਤ ਹੁੰਦਾ ਸੀ ਤਾਂ ਉਹ ਆਪਣੇ ਸਾਇਲ ਨੂੰ ਸਰਕਾਰੀ ਵਕੀਲ ਨੂੰ ਮਿਲਣ ਦੀ ਸਲਾਹ ਦਿੰਦਾ ਸੀ। ਆਪਣੀ ਫ਼ੀਸ ਲੈ ਕੇ ਸਰਕਾਰੀ ਵਕੀਲ ਮਿਸਲ ਰਾਮ ਨਾਥ ਦੇ ਅੱਗੇ ਰੱਖ ਦਿੰਦਾ ਸੀ। ਰਾਮ ਨਾਥ ਮਿਸਲ ਨੂੰ ਘੋਖਦਾ ਸੀ। ਜੋ ਜੋ ਖ਼ਾਮੀਆਂ ਰਾਮ ਨਾਥ ਫੜਦਾ ਸੀ ਸਰਕਾਰੀ ਵਕੀਲ ਉਨ੍ਹਾਂ ਨੂੰ ਪੂਰਾ ਕਰਵਾ ਦਿੰਦਾ ਸੀ। ਸਾਇਲ ਦੇ ਖ਼ਰਚੇ ਪੈਸੇ ਅਜਾਈਂ ਨਹੀਂ ਸਨ ਜਾਂਦੇ। ਬਹੁਤ ਸਾਰੀਆਂ ਕਮੀਆਂ ਦੂਰ ਹੋਣ ਨਾਲ ਮੁਕੱਦਮੇ ਦਾ ਮੂੰਹ-ਮੁਹਾਂਦਰਾ ਬਣ ਜਾਂਦਾ ਸੀ।

ਦੂਸਰਿਆਂ ਨੂੰ ਸਲਾਹ ਦੇਣ ਵਾਲਾ ਇਕ ਵਕੀਲ ਖ਼ੁਦ ਸਰਕਾਰੀ ਵਕੀਲ ਨੂੰ ਮਿਲਣ ਤੋਂ ਕਤਰਾ ਰਿਹਾ ਸੀ।

ਸੁਨੇਹਾ ਲੈ ਕੇ ਆਉਣ ਵਾਲੇ ਸਿਪਾਹੀ ਤੋਂ ਰਾਮ ਨਾਥ ਨੇ ਹੋਣ ਵਾਲੇ ਖ਼ਰਚੇ ਦਾ ਜਾਇਜ਼ਾ ਲਿਆ ਸੀ। ਉਸਨੇ ਮੈਜਿਸਟਰੇਟ ਦੇ ਸਰਕਾਰੀ ਵਕੀਲ ਲਈ ਦੋ ਹਜ਼ਾਰ, ਐਡੀਸ਼ਨ



ਸੈਸ਼ਨ ਜੱਜ ਦੇ ਸਰਕਾਰੀ ਵਕੀਲ ਲਈ ਤਿੰਨ ਹਜ਼ਾਰ ਅਤੇ ਜ਼ਿਲ੍ਹਾ ਅਟਾਰਨੀ ਲਈ ਪੰਜ ਹਜ਼ਾਰ ਮੰਗਿਆ ਸੀ। ਦੋ ਤਿੰਨ ਹਜ਼ਾਰ ਹੋਰ ਲੱਗਣਾ ਸੀ।

ਦਸ ਪੰਦਰਾਂ ਹਜ਼ਾਰ ਦੇ ਇਸ ਖ਼ਰਚੇ ਤੋਂ ਡਰਦਾ ਰਾਮ ਨਾਥ ਮਾਇਆ ਨਗਰ ਵੱਲ ਮੂੰਹ ਨਹੀਂ ਸੀ ਕਰ ਸਕਦਾ। ਉਸਦੇ ਆਪਣੇ ਸ਼ਹਿਰ ਇਸ ਕੰਮ 'ਤੇ ਦੋ ਹਜ਼ਾਰ ਤੋਂ ਵੱਧ ਖ਼ਰਚਾ ਨਹੀਂ ਸੀ ਹੋਣਾ। ਤਿੰਨ ਸੌ ਛੋਟੇ ਸਰਕਾਰੀ ਵਕੀਲ ਦਾ, ਪੰਜ ਸੌ ਅਡੀਸ਼ਨਲ ਦੇ ਸਰਕਾਰੀ ਵਕੀਲ ਦਾ ਅਤੇ ਇਕ ਹਜ਼ਾਰ ਜ਼ਿਲ੍ਹਾ ਅਟਾਰਨੀ ਦਾ।

ਰਾਮ ਨਾਥ ਇੰਨੀ ਰਕਮ ਖ਼ਰਚ ਕਰਨ ਦੀ ਨਾ ਸਥਿਤੀ ਵਿਚ ਸੀ ਅਤੇ ਨਾ ਮੂਡ ਵਿਚ। ਮਾਇਆ ਨਗਰ ਜਾਣ ਦੀ ਥਾਂ ਉਸਨੇ ਹਰੀਸ਼ ਰਾਏ ਦੇ ਮੁਨਸ਼ੀ ਦੀ ਡਿਊਟੀ ਲਗਾ ਦਿੱਤੀ। ਮੁਨਸ਼ੀ ਅਦਾਲਤ ਦੇ ਅਹਿਲਕਾਰਾਂ ਨਾਲ ਸੰਪਰਕ ਰੱਖੇ। ਨੱਬੇ ਦਿਨ ਪੂਰੇ ਹੋਣ 'ਤੇ ਜੇ ਚਲਾਨ ਪੇਸ਼ ਨਾ ਕੀਤਾ ਗਿਆ ਤਾਂ ਰਾਮ ਨਾਥ ਨੂੰ ਸੂਚਿਤ ਕਰੇ।

ਮੁਨਸ਼ੀ ਹਰ ਸ਼ਾਮ ਰਾਮ ਨਾਥ ਨੂੰ ਸੂਚਿਤ ਕਰਦਾ ਸੀ। ਚਲਾਨ ਪਾਸ ਤਕ ਨਹੀਂ ਸੀ ਕਰਵਾਇਆ ਗਿਆ। ਪੇਸ਼ ਕਰਨਾ ਦੂਰ ਦੀ ਗੱਲ ਸੀ।

ਫੇਰ ਮੁਨਸ਼ੀ ਨੇ ਸੂਚਨਾ ਦਿੱਤੀ। ਨੱਬੇ ਦਿਨ ਲੰਘਦਿਆਂ ਹੀ ਦੋਸ਼ੀਆਂ ਨੇ ਜ਼ਮਾਨਤਾਂ ਮਨਜ਼ੂਰ ਕਰਾਉਣ ਲਈ ਦਰਖ਼ਾਸਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਠੇਕੇਦਾਰ ਨੂੰ ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਉਸਦਾ ਸੱਤ ਦਿਨਾਂ ਦਾ ਪੁਲਿਸ ਰਿਮਾਂਡ ਲਿਆ ਸੀ। ਉਹ ਜੇਲ੍ਹ ਸੱਤ ਦਿਨਾਂ ਬਾਅਦ ਗਿਆ ਸੀ। ਨੱਬੇ ਦਿਨਾਂ ਦੀ ਗਿਣਤੀ ਜੇਲ੍ਹ ਜਾਣ ਵਾਲੇ ਦਿਨ ਤੋਂ ਹੋਣੀ ਸੀ। ਇਸ ਲਈ ਉਸਦੀ ਦਰਖ਼ਾਸਤ ਉਪਰ ਛੇ ਦਿਨਾਂ ਦੀ ਤਾਰੀਖ਼ ਪਾਈ ਗਈ ਸੀ।

ਪੰਡਤ ਨੂੰ ਫੜਿਆ ਪਿੱਛੋਂ ਗਿਆ ਸੀ ਪਰ ਜੇਲ੍ਹ ਪਹਿਲਾਂ ਭੇਜ ਦਿੱਤਾ ਗਿਆ ਸੀ। ਬਾਕੀ ਦੇ ਤਿੰਨ ਦੋਸ਼ੀਆਂ ਨਾਲ ਉਸਨੇ ਸੰਪਰਕ ਕੀਤਾ ਸੀ। ਉਹ ਆਪਣੇ ਸਾਥੀ ਦੋਸ਼ੀਆਂ ਦੇ ਜੋ ਪਤੇ ਠਿਕਾਣੇ ਦੱਸ ਰਿਹਾ ਸੀ ਉਥੋਂ ਉਹ ਫੜੇ ਨਹੀਂ ਸਨ ਜਾ ਰਹੇ। ਸੱਚ ਉਗਲਾਉਣ ਲਈ ਪੁਲਿਸ ਉਸ ਉਪਰ ਜ਼ਿਆਦਾ ਤਸ਼ੱਦਦ ਕਰ ਬੈਠੀ ਸੀ। ਪਈ ਮਾਰ ਕਾਰਨ ਉਹ ਮਰਨ ਕਿਨਾਰੇ ਹੋ ਗਿਆ ਸੀ। ਡਰਦੇ ਮੈਜਿਸਟਰੇਟ ਨੇ ਉਸਦਾ ਹੋਰ ਪੁਲਿਸ ਰਿਮਾਂਡ ਨਹੀਂ ਸੀ ਦਿੱਤਾ। ਉਸਨੂੰ ਸਿੱਧਾ ਜੇਲ੍ਹ ਭੇਜ ਦਿੱਤਾ ਗਿਆ ਸੀ।

ਉਸਦੀ ਜੇਲ੍ਹ ਹਿਰਾਸਤ ਦੇ ਨੱਬੇ ਦਿਨ ਪੂਰੇ ਹੁੰਦਿਆਂ ਹੀ ਉਸਦੀ ਜ਼ਮਾਨਤ ਹੋ ਗਈ।

ਵੇਦ ਪਰਿਵਾਰ ਨਾਲ ਪੁਲਿਸ ਦਾ ਇਹ ਦੂਸਰਾ ਧੱਕਾ ਸੀ।

ਪਹਿਲਾ ਧੱਕਾ ਉਸ ਸਮੇਂ ਹੋਇਆ ਸੀ ਜਦੋਂ ਬਿਨਾਂ ਮੁਦਈ ਧਿਰ ਨੂੰ ਸੁਣਿਆਂ ਦੋ ਮੁੱਖ-ਦੋਸ਼ੀਆਂ ਨੂੰ ਬੇ-ਕਸੂਰ ਆਖ ਦਿੱਤਾ ਗਿਆ ਸੀ।

ਮਿਥੀ ਮਿਆਦ ਅੰਦਰ ਚਲਾਨ ਪੇਸ਼ ਨਾ ਕਰਕੇ ਪੁਲਿਸ ਹੁਣ ਦੋਸ਼ੀਆਂ ਦੀ ਜ਼ਮਾਨਤ ਲਈ ਰਾਹ ਪੱਧਰਾ ਕਰ ਰਹੀ ਸੀ। ਪੰਕਜ ਹੋਰੇ ਪੈਸੇ ਵਾਲੇ ਸਨ, ਜ਼ੋਰ ਵਾਲੇ ਸਨ। ਉਹ ਸਿੱਧੇ ਤੌਰ 'ਤੇ ਜੁਰਮ ਕਰਨ ਵਿਚ ਸ਼ਾਮਲ ਨਹੀਂ ਸਨ। ਉਨ੍ਹਾਂ ਨਾਲ ਪੁਲਿਸ ਦੀ ਹਮਦਰਦੀ ਸਮਝ ਆਉਂਦੀ ਸੀ। ਇਨ੍ਹਾਂ ਜਰਾਇਮ-ਪੇਸ਼ਾ ਲੋਕਾਂ ਨਾਲ ਪੁਲਿਸ ਨਰਮੀ ਨਾਲ ਕਿਉਂ ਪੇਸ਼ ਆ ਰਹੀ ਸੀ? ਇਸਦੀ ਰਾਮ ਨਾਥ ਨੂੰ ਸਮਝ ਨਹੀਂ ਸੀ ਆਈ।

ਰਾਮ ਨਾਥ ਨੂੰ ਆਪਣੀ ਅਣਗਹਿਲੀ ਉਪਰ ਅਫ਼ਸੋਸ ਹੋਇਆ। ਜਦੋਂ ਉੱਖਲੀ ਵਿਚ ਸਿਰ ਆ ਚੁੱਕਾ ਸੀ ਤਾਂ ਸੱਟਾਂ ਤੋਂ ਨਹੀਂ ਸੀ ਡਰਨਾ ਚਾਹੀਦਾ। ਉਸ ਨੂੰ ਸਰਕਾਰੀ ਵਕੀਲਾਂ ਦਾ ਮੂੰਹ ਭਰਨਾ ਚਾਹੀਦਾ ਸੀ।

ਡੱਲ੍ਹੇ ਬੇਰਾਂ ਦਾ ਹਾਲੇ ਕੁਝ ਨਹੀਂ ਸੀ ਵਿਗੜਿਆ।

ਉਹ ਝੱਟ ਮਾਇਆ ਨਗਰ ਵਾਲੀ ਬੱਸ ਚੜ੍ਹ ਗਿਆ।

ਭਰਿਆ ਪੀਤਾ ਸਭ ਤੋਂ ਪਹਿਲਾਂ ਉਹ ਪ੍ਰਧਾਨ ਨੂੰ ਮਿਲਿਆ।

ਪੁਲਿਸ ਦੇ ਧੱਕੇ ਵਿਚ ਹੁਣ ਕੋਈ ਕਸਰ ਬਾਕੀ ਨਹੀਂ ਸੀ। ਦੋ ਦੋਸ਼ੀ ਮੁਕੱਦਮੇ ਵਿਚੋਂ ਕੱਢ ਦਿੱਤੇ ਗਏ ਸਨ। ਬਾਕੀਆਂ ਦੀ ਜ਼ਮਾਨਤ ਕਰਵਾਈ ਜਾ ਰਹੀ ਸੀ। ਬਾਹਰ ਆ ਕੇ ਉਨ੍ਹਾਂ ਨੇ ਫਰਾਰ ਹੋ ਜਾਣਾ ਸੀ। ਮੁਕੱਦਮਾ ਖੁਰਦ-ਬੁਰਦ ਹੋ ਜਾਣਾ ਸੀ।

ਸੋਸਾਇਟੀ ਵੱਲੋਂ ਪਹਿਲਾਂ ਹੀ ਫੈਸਲਾ ਲਿਆ ਜਾ ਚੁੱਕਿਆ ਸੀ। ਇਸ ਮੁਕੱਦਮੇ ਦੇ ਪੀੜਤਾਂ ਨੂੰ ਹੋਰ ਪੀੜਤ ਨਹੀਂ ਹੋਣ ਦਿੱਤਾ ਜਾਏਗਾ।

ਸੋਸਾਇਟੀ ਵੱਲੋਂ ਪੈਰਵਾਈ ਮਨਜ਼ੂਰ ਕਰ ਲੈਣ ਨਾਲ ਰਾਮ ਨਾਥ ਦੇ ਮਨੋਂ ਬੋਝ ਲਹਿ ਗਿਆ।

"ਹੁਣ ਇਨਸਾਫ਼ ਮਿਲੇਗਾ।" ਉਸਦੇ ਅੰਦਰੋਂ ਅਵਾਜ਼ ਆਉਣ ਲੱਗੀ।

ਅਗਲੀ ਸਾਰੀ ਕਾਰਵਾਈ ਸੋਸਾਇਟੀ ਨੇ ਕਰਨੀ ਸੀ। ਪੁਲਿਸ ਨੂੰ ਸਹੀ ਅਤੇ ਸਮੇਂ ਸਿਰ ਚਲਾਨ ਪੇਸ਼ ਕਰਨ ਲਈ ਸੋਸਾਇਟੀ ਨੇ ਮਜਬੂਰ ਕਰਨਾ ਸੀ। ਇਹ ਦਬਾਅ ਅਦਾਲਤ ਰਾਹੀਂ ਪਾਇਆ ਜਾਵੇ, ਪ੍ਰੈੱਸ ਰਾਹੀਂ ਜਾਂ ਕਿਸੇ ਹੋਰ ਤਰੀਕੇ, ਇਸ ਦਾ ਫੈਸਲਾ ਪ੍ਰਧਾਨ ਨੇ ਕਰਨਾ ਸੀ।

ਇਸ ਦਾ ਮਤਲਬ ਰਾਮ ਨਾਥ ਦਾ ਬੇ-ਫ਼ਿਕਰ ਹੋ ਕੇ ਘਰ ਬੈਠ ਜਾਣਾ ਨਹੀਂ ਸੀ। ਉਸਨੂੰ ਆਪਣੇ ਵੱਲੋਂ ਯਤਨ ਕਰਦੇ ਰਹਿਣਾ ਚਾਹੀਦਾ ਸੀ।

ਘਰੋਂ ਉਹ ਸਰਕਾਰੀ ਵਕੀਲਾਂ ਨੂੰ ਮਿਲਣ ਦਾ ਮਨ ਬਣਾ ਕੇ ਆਇਆ ਸੀ।

ਰਾਮ ਨਾਥ ਨੇ ਸਿਵਲ ਲਾਈਨ ਥਾਣੇ ਨਾਲ ਸੰਬੰਧਤ ਸਰਕਾਰੀ ਵਕੀਲਾਂ ਬਾਰੇ ਜਿਸ ਨਾਲ ਵੀ ਗੱਲ ਕੀਤੀ ਸਭ ਨੇ ਇਕੋ ਰਾਏ ਦਿੱਤੀ। ਮੈਜਿਸਟਰੇਟ ਦਾ ਸਰਕਾਰੀ ਵਕੀਲ ਪਤਾ ਨਹੀਂ ਕਿਸ ਸਕੂਲ ਦਾ ਪੜ੍ਹਿਆ ਸੀ। ਉਸਨੂੰ ਕਾਨੂੰਨ ਦਾ 'ੳ ਅ' ਨਹੀਂ ਸੀ ਆਉਂਦਾ। ਇਹੋ ਜਿਹੇ ਪੇਚੀਦਾ ਕੇਸ ਦੀਆਂ ਘੁੰਡੀਆਂ ਫੜਨ ਦੀ ਉਸਦੀ ਸਮਰੱਥਾ ਨਹੀਂ ਸੀ। ਉਹ ਜੀ ਹਜ਼ੂਰੀ ਅਤੇ ਸ਼ਰਾਬ ਪੀਣ ਪਿਆਉਣ ਦਾ ਮਾਹਿਰ ਸੀ। ਆਪਣੀ ਇਸੇ ਕਾਬਲੀਅਤ ਦੇ ਆਧਾਰ 'ਤੇ ਉਹ ਮਾਇਆ ਨਗਰ ਟਿਕਿਆ ਹੋਇਆ ਸੀ। ਉਸਨੇ ਨਾ ਮੁਕੱਦਮੇ ਦਾ ਕੁਝ ਸੰਵਾਰਨਾ ਸੀ ਨਾ ਵਿਗਾੜਨਾ ਸੀ। ਉਸ ਉਪਰ ਪੈਸੇ ਖਰਚਣ ਦਾ ਕੋਈ ਲਾਭ ਨਹੀਂ ਸੀ।

ਜ਼ਿਲ੍ਹਾ ਅਟਾਰਨੀ ਉਸਦਾ ਦੂਸਰਾ ਪਾਸਾ ਸੀ। ਉਹ ਆਪਣੇ ਕੰਮ ਦਾ ਜਾਣੂ ਸੀ। ਪਰ ਉਸਨੂੰ ਆਪਣੇ ਇਲਮ 'ਤੇ ਹੰਕਾਰ ਸੀ। ਉਹ ਮੁੱਖ-ਮੰਤਰੀ ਦੇ ਪਰਿਵਾਰ ਅਤੇ ਆਪਣੇ ਮਹਿਕਮੇ ਦੇ ਮੰਤਰੀ ਦਾ ਆਪਣੇ ਆਪ ਨੂੰ ਚਹੇਤਾ ਆਖਦਾ ਸੀ। ਵਿਆਹ-ਸ਼ਾਦੀਆਂ ਅਤੇ ਜ਼ਿਮਨੀ ਚੋਣਾਂ ਉਪਰ ਉਨ੍ਹਾਂ ਨੂੰ ਬਰੀਫ਼ ਕੇਸ ਭੇਜਣਾ ਉਹ ਆਪਣਾ ਫਰਜ਼ ਸਮਝਦਾ ਸੀ। ਮੰਤਰੀ ਦੇ ਆਪਣੇ ਕੀਲੇ ਕਾਰਨ ਉਹ ਭੂਤਰਿਆ ਰਹਿੰਦਾ ਸੀ। ਲੋਕਾਂ ਤੋਂ ਅੜ ਕੇ ਪੈਸੇ ਲੈਂਦਾ ਸੀ। ਮਾੜੇ ਤੋਂ ਮਾੜੇ ਕੰਮ ਦੀ ਉਸਦੀ ਫ਼ੀਸ ਪੰਜਾਹ ਹਜ਼ਾਰ ਤੋਂ ਸ਼ੁਰੂ ਹੁੰਦੀ ਸੀ। ਇਸ ਕੇਸ ਵਿਚ ਉਹ ਮੁਲਜ਼ਮਾਂ ਦੀ ਖੁਲ੍ਹ ਕੇ ਮਦਦ ਕਰ ਰਿਹਾ ਸੀ। ਫ਼ੀਸ ਉਹ ਮੁਦਈਆਂ ਤੋਂ ਲਏਗਾ। ਮਦਦ ਫੇਰ ਵੀ ਮੁਲਜ਼ਮਾਂ ਦੀ ਕਰੇਗਾ। ਘੱਟ ਫ਼ੀਸ ਮਿਲਣ ਕਾਰਨ ਮੂੰਹ ਵੀ ਸੁਜਾ ਕੇ ਰੱਖੇਗਾ। ਇਸ ਕੋਲੋਂ ਵੀ ਛਿੱਲ ਲੁਹਾਉਣ ਦਾ ਕੋਈ ਫ਼ਾਇਦਾ ਨਹੀਂ ਸੀ।

ਰਾਮ ਨਾਥ ਦੀ ਕਿਸਮਤ ਚੰਗੀ ਸੀ। ਸਿਵਲ ਲਾਈਨ ਥਾਣੇ ਦਾ ਉੱਪ ਜ਼ਿਲ੍ਹਾ



ਅਟਾਰਨੀ ਭਲਾਮਾਨਸ ਸੀ। ਉਹ ਹਰ ਪੱਖੋਂ ਠੀਕ ਸੀ। ਕੰਮ ਦਾ ਮਾਹਿਰ ਸੀ। ਡੱਕਾ ਹਮੇਸ਼ਾ ਮੁਦਈ ਧਿਰ ਵੱਲ ਸੁੱਟਦਾ ਸੀ।

ਉਸਨੂੰ ਮਿਲਣ ਨਾਲ ਸਾਰੇ ਮਸਲੇ ਹੱਲ ਹੋ ਜਾਣੇ ਸਨ। ਛੋਟੇ ਸਰਕਾਰੀ ਵਕੀਲ ਕੋਲੋਂ ਰਹੀਆਂ ਖ਼ਾਮੀਆਂ ਉਸਨੇ ਫੜ ਲੈਣੀਆਂ ਸਨ। ਉਸ ਵੱਲੋਂ ਫੜੀਆਂ ਖ਼ਾਮੀਆਂ ਜ਼ਿਲ੍ਹਾ ਅਟਾਰਨੀ ਰੱਦ ਨਹੀਂ ਕਰ ਸਕਦਾ। ਇਕ ਤੀਰ ਨਾਲ ਕਈ ਸ਼ਿਕਾਰ ਫੁੰਡੇ ਜਾਣੇ ਸਨ।

ਲੋਕਾਂ ਦੀ ਰਾਏ ਮੰਨ ਕੇ ਰਾਮ ਨਾਥ ਨੇ ਧਰਮ ਸਿੰਘ ਨਾਲ ਸੰਪਰਕ ਕੀਤਾ।

ਮੱਲੋ-ਮੱਲ੍ਹੀ ਦੋ ਹਜ਼ਾਰ ਰੁਪਏ ਉਸਦੀ ਜੇਬ ਵਿਚ ਪਾਉਣ ਦਾ ਯਤਨ ਕੀਤਾ।

ਧਰਮ ਸਿੰਘ ਨੇ ਪੈਸੇ ਫੜਨ ਤੋਂ ਪਹਿਲਾਂ ਆਪਣੀ ਸਥਿਤੀ ਸਪੱਸ਼ਟ ਕੀਤੀ।

"ਮੈਂ ਇਕ ਗੱਲ ਪਹਿਲਾਂ ਦੱਸ ਦਿਆਂ। ਸਾਡਾ ਜ਼ਿਲ੍ਹਾ ਅਟਾਰਨੀ ਬੜਾ ਮਾੜਾ ਹੈ। ਕੰਮ ਨਾਲੋਂ ਉਸਨੂੰ ਪੈਸਾ ਪਿਆਰਾ ਹੈ। ਜਦੋਂ ਚਾਰ ਪੈਸੇ ਮਿਲ ਜਾਣ ਚਲਾਨ ਸਿੱਧਾ ਪਾਸ ਕਰ ਦਿੰਦਾ ਹੈ। ਮੇਰੇ ਵਰਗੇ ਨੂੰ ਵਿਚੋਂ ਕੱਢ ਦਿੰਦਾ ਹੈ। ਏ.ਪੀ.ਪੀ. ਉਸ ਤੋਂ ਡਰਦੇ ਹਨ। ਥਾਣੇਦਾਰ ਜਾਂ ਅਸਾਮੀ ਨੂੰ ਨਾਲ ਲੈ ਕੇ ਉਸ ਕੋਲ ਪੁੱਜ ਜਾਂਦੇ ਹਨ। ਸੌਦਾ ਤੈਅ ਕਰਕੇ ਉਹ ਝੱਟ ਘੁੱਗੀ ਮਾਰ ਦਿੰਦਾ ਹੈ। ਇਸ ਲਈ ਜ਼ਰੂਰੀ ਨਹੀਂ ਕਿ ਚਲਾਨ ਮੇਰੇ ਕੋਲ ਆਏ। ਪੈਸੇ ਹਾਲੇ ਆਪਣੇ ਕੋਲ ਰੱਖੋ। ਕੰਮ ਕਰਕੇ ਲੈ ਲਵਾਂਗਾ।"

"ਠੇਕੇਦਾਰ ਦੇ ਰਿਹਾਅ ਹੋਣ ਵਿਚ ਪੰਜ ਦਿਨ ਰਹਿੰਦੇ ਹਨ। ਮੇਰਾ ਖ਼ਿਆਲ ਹੈ ਪੁਲਿਸ ਨੇ ਹਾਲੇ ਕੁਝ ਨਹੀਂ ਕੀਤਾ ਹੋਣਾ। ਜੋ ਗਵਾਹ ਚਾਹੀਦੇ ਹਨ ਉਹ ਖੜੇ ਕਰਵਾਓ। ਆਪਾਂ ਨੇ ਪੰਕਜ ਹੋਰਾਂ ਨੂੰ ਤਲਬ ਕਰਨਾ ਹੈ। ਉਹ ਤਾਂ ਹੀ ਤਲਬ ਹੋਣਗੇ ਜੇ ਸਫ਼ਾ ਮਿਸਲ 'ਤੇ ਕੁਝ ਹੋਏਗਾ।"

"ਮੇਰੇ ਵੱਲੋਂ ਬੇਫ਼ਿਕਰ ਰਹੋ। ਜਦੋਂ ਮਿਸਲ ਮੇਰੇ ਕੋਲ ਆਈ ਮੈਂ ਫ਼ੋਨ ਕਰ ਦਿਆਂਗਾ। ਪ੍ਰਧਾਨ ਜੀ ਨੂੰ ਬੁਲਾ ਲਵਾਂਗਾ। ਅਸੀਂ ਮਿਲਕੇ ਦੇਖ ਲਵਾਂਗੇ ਕੀ ਕੁਝ ਕਰਨਾ ਬਾਕੀ ਹੈ।"

ਵਾਪਸ ਮੁੜਦੇ ਰਾਮ ਨਾਥ ਨੂੰ ਧਰਮ ਸਿੰਘ ਨੇ ਇਕ ਵਾਰ ਫੇਰ ਪੈਸੇ ਮੋੜਨ ਦਾ ਯਤਨ ਕੀਤਾ—

"ਤੁਸੀਂ ਵਕੀਲ ਭਰਾ ਹੋ। ਕੇਸ ਦੇ ਮੁਦਈ ਹੋ। ਤੁਹਾਡੀ ਮਦਦ ਕਰਨਾ ਮੇਰਾ ਹਰ ਪੱਖੋਂ ਫਰਜ਼ ਹੈ।"

"ਨਹੀਂ ਰੱਖੋ! ਤੁਸੀਂ ਕਿਹੜਾ ਮੰਗੇ ਹਨ। ਮੈਂ ਖ਼ੁਸ਼ੀ ਨਾਲ ਦਿੱਤੇ ਹਨ। ਬਸ ਮਿਸਲ ਚੰਗੀ ਤਰ੍ਹਾਂ ਬੰਨ੍ਹ ਦਿਓ।"

ਰਾਮ ਨਾਥ ਸਰਕਾਰੀ ਵਕੀਲ ਅੱਗੇ ਇਉਂ ਗਿੜ-ਗੜਾਇਆ ਜਿਵੇਂ ਉਹ ਕੋਈ ਅਣਪੜ੍ਹ ਗੰਵਾਰ ਹੋਵੇ।

## -85-

ਪਹਿਲੇ ਮੁੱਖ-ਅਫ਼ਸਰ ਨੂੰ ਮੁੱਖ-ਮੰਤਰੀ ਦੀ ਸੁਰੱਖਿਆ ਲਈ ਬਣੀ ਵਿਸ਼ੇਸ਼ ਬਟਾਲੀਅਨ ਵਿਚ ਬਦਲ ਦਿੱਤਾ ਗਿਆ ਸੀ। ਉਸ ਦੀ ਥਾਂ ਬੰਤ ਸਿੰਘ ਨੂੰ ਥਾਣੇ ਦਾ ਮੁੱਖ-ਅਫ਼ਸਰ ਲਾਇਆ ਗਿਆ ਸੀ।

ਬੰਤ ਸਿੰਘ ਨੂੰ ਚਾਰਜ ਵਿਚ ਮਿਲੀਆਂ ਮਿਸਲਾਂ ਵਿਚੋਂ ਕਮਲ ਕਤਲ ਕੇਸ ਸਭ ਤੋਂ ਅਹਿਮ ਸੀ। ਇਸ ਕੇਸ ਬਾਰੇ ਅਫ਼ਸਰਾਂ ਵੱਲੋਂ ਵਾਰ-ਵਾਰ ਪੁੱਛ ਪੜਤਾਲ ਹੁੰਦੀ ਸੀ। ਸਿਆਣਾ

ਅਫ਼ਸਰ ਉਹੋ ਹੁੰਦਾ ਹੈ ਜਿਹੜਾ ਅਜਿਹੇ ਕੇਸਾਂ ਦੇ ਤੱਥ ਜ਼ੁਬਾਨੀ ਯਾਦ ਕਰ ਲਏ। ਉੱਪਰੋਂ ਕਿੰਤੂ ਪ੍ਰੰਤੂ ਹੁੰਦਿਆਂ ਹੀ ਘੜਿਆ ਘੜਾਇਆ ਜਵਾਬ ਸੁਣਾ ਦੇਵੇ। ਉਸਤਾਦਾਂ ਵੱਲੋਂ ਸਿਖਾਏ ਗਏ ਇਸ ਗੁਰ ਦੀ ਪਾਲਣਾ ਕਰਦੇ ਹੋਏ ਬੰਤ ਸਿੰਘ ਨੇ ਜਦੋਂ ਮੁਕੱਦਮੇ ਦੇ ਤੱਥਾਂ ਦੀ ਛਾਣ-ਬੀਣ ਕੀਤੀ ਤਾਂ ਉਸਦੇ ਖ਼ਾਨਿਉਂ ਗਈ। ਨੱਬੇ ਦਿਨਾਂ ਦੇ ਅੰਦਰ ਚਲਾਨ ਪੇਸ਼ ਨਾ ਹੋਣ ਕਾਰਨ ਇਕ ਦੋਸ਼ੀ ਦੀ ਜ਼ਮਾਨਤ ਹੋ ਚੁੱਕੀ ਸੀ। ਦੂਜਿਆਂ ਦੀ ਦੋ ਚਾਰ ਦਿਨਾਂ ਵਿਚ ਹੋ ਜਾਣੀ ਸੀ। ਇਸ ਅਣਗਹਿਲੀ ਦੀ ਜ਼ਿੰਮੇਵਾਰੀ ਮੌਜੂਦਾ ਮੁੱਖ-ਅਫ਼ਸਰ ਦੀ ਠਹਿਰਾਈ ਜਾਣੀ ਸੀ।

ਬੰਤ ਸਿੰਘ ਨੂੰ ਚਾਰਜ ਸੰਭਾਲਿਆਂ ਤਿੰਨ ਦਿਨ ਹੋ ਗਏ ਸਨ। ਉਹ ਆਪਣੇ ਰੀਡਰ ’ਤੇ ਹੈਰਾਨ ਸੀ। ਰੀਡਰ ਨੇ ਹਾਲੇ ਤਕ ਇਹ ਨੁਕਤਾ ਉਸਦੇ ਧਿਆਨ ਵਿਚ ਨਹੀਂ ਸੀ ਲਿਆਂਦਾ।

ਮੁਨਸ਼ੀ ਵੀ ਖ਼ਾਮੋਸ਼ ਸੀ। ਉਸਦੇ ਗੋਸ਼ਵਾਰੇ ਨੂੰ ਚੀਕ ਚੀਕ ਕੇ ਦੱਸਣਾ ਚਾਹੀਦਾ ਸੀ ਕਿ ਚਲਾਨ ਲੇਟ ਹੋ ਰਿਹਾ ਸੀ।

ਇਸ ਮੁਕੱਦਮੇ ਦੀ ਤਫ਼ਤੀਸ਼ ਮੁੱਖ-ਅਫ਼ਸਰ ਦੇ ਹੱਥ ਵਿਚ ਸੀ। ਹਰ ਲਿਖਤ-ਪੜ੍ਹਤ ਉਪਰ ਉਸਦੇ ਦਸਤਖ਼ਤ ਹੁੰਦੇ ਸਨ। ਲਿਖਤ-ਪੜ੍ਹਤ ਰੀਡਰ ਕਰਦਾ ਸੀ। ਮੁੱਖ-ਅਫ਼ਸਰ ਕੇਵਲ ਦਸਤਖ਼ਤ ਕਰਦਾ ਸੀ। ਬੰਤ ਸਿੰਘ ਨੇ ਕੁਝ ਦਿਨਾਂ ਲਈ ਪਹਿਲੇ ਮੁੱਖ-ਅਫ਼ਸਰ ਦੇ ਰੀਡਰ ਨੂੰ ਆਪਣੇ ਨਾਲ ਲਾ ਲਿਆ ਸੀ। ਬੰਤ ਸਿੰਘ ਨੂੰ ਪਤਾ ਸੀ ਕਿ ਉਹ ਲਿਖਤ-ਪੜ੍ਹਤ ਦਾ ਮਾਹਿਰ ਸੀ। ਰੀਡਰ ਦੀ ਇਸੇ ਮੁਹਾਰਤ ਕਾਰਨ ਪਹਿਲਾ ਮੁੱਖ-ਅਫ਼ਸਰ ਉਸ ਨੂੰ ਆਪਣੇ ਨਾਲ ਰੱਖਦਾ ਸੀ। ਜਿਥੇ ਬਦਲ ਕੇ ਜਾਂਦਾ ਸੀ ਨਾਲ ਹੀ ਰੀਡਰ ਨੂੰ ਬਦਲਵਾ ਕੇ ਲੈ ਜਾਂਦਾ ਸੀ। ਪਹਿਲਾ ਮੁੱਖ-ਅਫ਼ਸਰ ਚੰਗੀ ਡਾਂਗ ਫੇਰਦਾ ਸੀ। ਪੈਸਾ ਚੰਗਾ ਬਟੋਰਦਾ ਸੀ। ਉਸਨੇ ਮੁਖਬਰਾਂ ਦਾ ਜਾਲ ਸਾਰੇ ਮਾਇਆ ਨਗਰ ਵਿਚ ਵਿਛਾਇਆ ਹੋਇਆ ਸੀ। ਦਿੱਲੀ ਦੱਖਣ ਵਿਚ ਜਾ ਛੁਪੇ ਮੁਲਜ਼ਮ ਦੀ ਸੂਹ ਕੱਢ ਲੈਂਦਾ ਸੀ। ਪਰ ਉਹ ਲਿਖਤ-ਪੜ੍ਹਤ ਵਿਚ ਅਨਾੜੀ ਸੀ। ਸ਼ਹਾਦਤ ਦੇਣ ਗਏ ਨੂੰ ਜੱਜ ਅਤੇ ਸਰਕਾਰੀ ਵਕੀਲ ਝੱਈਆਂ ਲੈ ਲੈ ਪੈਂਦੇ ਸਨ। ਲਿਖਾ-ਪੜ੍ਹੀ ਦੇ ਝੰਜਟ ਤੋਂ ਬਚਣ ਲਈ ਉਹ ਇਸ ਹਵਾਲਦਾਰ ਨੂੰ ਹਮੇਸ਼ਾ ਆਪਣੇ ਨਾਲ ਰੱਖਦਾ ਸੀ।

ਹੁਣ ਮੁੱਖ-ਅਫ਼ਸਰ ਦਾ ਤਬਾਦਲਾ ਮੁੱਖ-ਮੰਤਰੀ ਦੀ ਸੁਰੱਖਿਆ ਲਈ ਬਣੀ ਬਟਾਲੀਅਨ ਵਿਚ ਹੋਇਆ ਸੀ। ਉਥੇ ਕਿਸੇ ਅਫ਼ਸਰ ਨੂੰ ਸਹਾਇਕ ਰੱਖਣ ਦੀ ਇਜਾਜ਼ਤ ਨਹੀਂ ਸੀ। ਇਸ ਲਈ ਉਸਦਾ ਰੀਡਰ ਪਿੱਛੇ ਰਹਿ ਗਿਆ ਸੀ।

ਪਿੱਛੇ ਰਹਿਣ ਵਿਚ ਇਕ ਫ਼ਾਇਦਾ ਸੀ। ਅਧੂਰੀਆਂ ਮਿਸਲਾਂ ਰੀਡਰ ਨੇ ਪੂਰੀਆਂ ਕਰ ਲੈਣੀਆਂ ਸਨ। ਪਾਜ ਢੱਕੇ ਰਹਿ ਜਾਣੇ ਸਨ।

ਬੰਤ ਸਿੰਘ ਵੀ ਉਸ ਤੋਂ ਮਿਸਲਾਂ ਮੁਕੰਮਲ ਕਰਵਾ ਰਿਹਾ ਸੀ। ਨਵੇਂ ਰੀਡਰ ਤੋਂ ਇਕ ਦਮ ਕੰਮ ਕਾਬੂ ਨਹੀਂ ਸੀ ਹੋਣਾ।

ਬੰਤ ਸਿੰਘ ਨੂੰ ਰੀਡਰ ਦੀ ਇਸ ਅਣਗਹਿਲੀ ’ਤੇ ਗੁੱਸਾ ਆਇਆ। ਉਸਨੂੰ ਲੱਗਾ ਰੀਡਰ ਉਸਨੂੰ ਬੇਵਕੂਫ਼ ਬਣਾ ਰਿਹਾ ਸੀ। ਉਹ ਜਾਣ ਬੁਝ ਕੇ ਬੰਤ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਬੰਤ ਸਿੰਘ ਨੇ ਸੁਣ ਰੱਖਿਆ ਸੀ ਪਹਿਲੇ ਦੋ ਮੁੱਖ-ਅਫ਼ਸਰਾਂ ਨੇ ਇਸ ਕੇਸ ਵਿਚ ਰੱਜਵਾਂ ਪੈਸਾ ਲਿਆ ਸੀ। ਰੀਡਰ ਨੂੰ ਮੁਲਜ਼ਮਾਂ ਨਾਲ ਰਿਆਇਤ ਮਨਜ਼ੂਰ ਸੀ। ਉਹ ਪਹਿਲੇ ਮੁੱਖ-ਅਫ਼ਸਰ ਨਾਲ ਵਫ਼ਾਦਾਰੀ ਨਿਭਾਅ ਰਿਹਾ ਸੀ।



ਬੰਤ ਸਿੰਘ ਪਹਿਲੇ ਮੁੱਖ-ਅਫ਼ਸਰ ਵਾਂਗ ਰੀਡਰ ’ਤੇ ਨਿਰਭਰ ਰਹਿਣ ਵਾਲਾ ਨਹੀਂ ਸੀ। ਇਹ ਜਤਾਉਣ ਲਈ ਉਸਨੇ ਰੀਡਰ ਨੂੰ ਭਰੀ ਮਹਿਫ਼ਲ ਵਿਚ ਬੁਲਾ ਕੇ ਉਸਦੀ ਲਾਹ-ਪਾਹ ਕੀਤੀ।

ਅੱਗੋਂ ਰੀਡਰ ਵੀ ਘੱਟ ਨਹੀਂ ਸੀ। ਉਸਨੇ ਨਹਿਲੇ ’ਤੇ ਦਹਿਲਾ ਟਿਕਾ ਦਿੱਤਾ :

“ਜਨਾਬ ਮੈਂ ਦੋ ਵਾਰ ਮੁਦਈਆ ਨੂੰ ਸੁਨੇਹਾ ਭੇਜ ਚੁੱਕਾ ਹਾਂ ਕਿ ਆ ਕੇ ਚਲਾਨ ਪਾਸ ਕਰਵਾ ਲਓ। ਇਕ ਵਾਰ ਮੈਂ ਫ਼ੋਨ ਕੀਤਾ। ਇਕ ਵਾਰ ਸਿਪਾਹੀ ਭੇਜਿਆ। ਜੇ ਕੋਈ ਨਹੀਂ ਆਇਆ ਤਾਂ ਮੈਂ ਕੀ ਕਰਾਂ? ਤਿੰਨ ਸਰਕਾਰੀ ਵਕੀਲਾਂ ਨੇ ਚਲਾਨ ਚੈਕ ਕਰਨਾ ਹੈ। ਜ਼ਿਲ੍ਹਾ ਅਟਾਰਨੀ ਸ. ਸੰਤੋਖ ਸਿੰਘ ਦੇ ਸੁਭਾਅ ਦਾ ਥੋਨੂੰ ਪਤਾ ਹੈ। ਜੇ ਮਰਜ਼ੀ ਦੀ ਫ਼ੀਸ ਨਾ ਮਿਲੇ ਤਾਂ ਉਸਦਾ ਬਲੱਡ-ਪ੍ਰੈਸ਼ਰ ਚੜ੍ਹ ਜਾਂਦਾ ਹੈ। ਨਾਲੇ ਗਾਲ੍ਹਾਂ ਕੱਢਦਾ ਹੈ ਨਾਲੇ ਕਪਤਾਨ ਨੂੰ ਚਿੱਠੀ ਲਿਖਣ ਦੀ ਧਮਕੀ ਦਿੰਦਾ ਹੈ। ਚੱਕਰ ਮੁਫ਼ਤ ਦੇ। ਮੁਦਈ ਧਿਰ ਦੀ ਪੈਰਵਾਈ ਇਕ ਵਕੀਲ ਕਰ ਰਿਹਾ ਹੈ। ਵਕੀਲ ਸਰਕਾਰੀ ਵਕੀਲਾਂ ਨੂੰ ਉੱਨੀ ਦੇਵੇ, ਇੱਕੀ ਦੇਵੇ, ਸਾਨੂੰ ਕੀ। ਇਹੋ ਸੋਚ ਕੇ ਮੈਂ ਸੁਨੇਹਾ ਭੇਜਿਆ ਸੀ।”

ਰੀਡਰ ਦਾ ਖ਼ਿਆਲ ਸੀ ਉਸਦੀ ਇਸ ਹੁਸ਼ਿਆਰੀ ’ਤੇ ਮੁੱਖ-ਅਫ਼ਸਰ ਉਸਦੀ ਤਾਰੀਫ਼ ਕਰੇਗਾ। ਪਰ ਪਾਸਾ ਪੁੱਠਾ ਪੈ ਗਿਆ :

“ਮੇਰਿਆ ਖਸਮਾ! ਇਹ ਦੱਸ ਬਈ ਮੁਦਈ ਕਿਸ ਗੱਲ ਦੇ ਪੈਸੇ ਦੇਵੇ। ਉਨ੍ਹਾਂ ਦੇ ਅਸਲ ਮੁਲਜ਼ਮ, ਜਿਹੜੇ ਲੜਾਈ ਦੀ ਜੜ੍ਹ ਸਨ, ਉਹ ਅਸੀਂ ਬੇ-ਕਸੂਰ ਕਰ ਦਿੱਤੇ। ਮੁਦਈ ਉਨ੍ਹਾਂ ਬੇ-ਕਸੂਰ ਬਣੇ ਰਹਿਣ ਦੀ ਫ਼ੀਸ ਦੇਵੇ? ਫ਼ੀਸ ਬੇ-ਕਸੂਰ ਕਰਾਰ ਦਿੱਤੇ ਮੁਲਜ਼ਮਾਂ ਤੋਂ ਦਿਵਾਉਂਦੀ ਸੀ। ਤੂੰ ਕਿਹੜੀ ਗੱਲੋਂ ਸਿਆਣਾ ਬਣਿਆ ਫਿਰਦਾ ਹੈਂ? ਮੈਨੂੰ ਸਮਝ ਨਹੀਂ ਆਉਂਦੀ।”

“ਮੁਲਜ਼ਮਾਂ ਨੂੰ ਬੁਲਾ ਕੇ ਮਰਨਾ ਹੈ ਜਨਾਬ! ਅਫ਼ਸਰਾਂ ਦਾ ਹੁਕਮ ਹੈ ਉਨ੍ਹਾਂ ਵੱਲ ਕਿਸੇ ਨੇ ਝਾਕਣਾ ਨਹੀਂ। ਉਨ੍ਹਾਂ ਦੇ ਘਰ ਦੇ ਕੋਲ ਦੀ ਜੇ ਲੰਘ ਜਾਈਏ ਉਹ ਝੱਟ ਅਫ਼ਸਰਾਂ ਨੂੰ ਫ਼ੋਨ ਕਰ ਦਿੰਦੇ ਹਨ। ਮੇਰੇ ਵਰਗਿਆਂ ਦੀ ਏਹੀ ਤੇਹੀ ਫਿਰ ਜਾਂਦੀ ਹੈ। ਚਲਾਨ ਤਾਂ ਮੈਂ ਘੰਟੇ ਵਿਚ ਪਾਸ ਕਰਵਾ ਲਿਆਊਂ। ਤੁਸੀਂ ਰਸਤਾ ਦੱਸੋ।”

“ਜੇ ਇਹ ਗੱਲ ਸੀ ਫੇਰ ਵੀ ਮੈਨੂੰ ਦੱਸਣਾ ਸੀ। ਮੈਂ ਅਫ਼ਸਰਾਂ ਨਾਲ ਗੱਲ ਕਰਦਾ। ਉਹ ਪੰਕਜ ਨਾਲ ਗੱਲ ਕਰਦੇ। ਜਾਂ ਜ਼ਿਲ੍ਹਾ ਅਟਾਰਨੀ ਨਾਲ ਗੱਲ ਕਰਦੇ। ਅਫ਼ਸਰਾਂ ਨੇ ਉਨ੍ਹਾਂ ਨੂੰ ਕੱਢਿਆ ਹੈ ਉਹ ਆਪੇ ਚਲਾਨ ਪਾਸ ਕਰਵਾਉਂਦੇ। ਇਸ ਵਾਰੀ ਮੈਂ ਤੈਨੂੰ ਛੱਡ ਦਿੱਤਾ। ਫੇਰ ਕੁਤਾਹੀ ਕੀਤੀ ਤਾਂ ਰਪਟ ਪਾ ਕੇ ਲਾਇਨ ਹਾਜ਼ਰ ਕਰ ਦੇਊਂ!”

“ਬੇਹਤਰ ਜਨਾਬ!” ਆਖ ਕੇ ਰੀਡਰ ਨੇ ਖਹਿੜਾ ਛੁਡਾਇਆ।

“ਤੂੰ ਮੁਲਜ਼ਮਾਂ ਨੂੰ ਸੁਨੇਹਾ ਭੇਜ! ਮੈਂ ਆਪਣੇ ਅਫ਼ਸਰਾਂ ਨਾਲ ਗੱਲ ਕਰ ਲਵਾਂਗਾ। ਉਨ੍ਹਾਂ ਨੂੰ ਸਮਝਾ ਦੇਵਾਂਗਾ। ਹਾਥੀ ਲੰਘ ਗਿਆ। ਹੁਣ ਪੂਛ ਪਿੱਛੇ ਹੱਥ ਕਿਉਂ ਖਿਚਦੇ ਹੋ? ਉਹ ਨਾ ਮੰਨੇ ਤਾਂ ਕੋਈ ਹੋਰ ਹੂਲਾ ਫੱਕਾਂਗੇ। ਆਪਾਂ ਆਪਣੀ ਪੜਤਾਲ ਸ਼ੁਰੂ ਨਹੀਂ ਕਰਾਉਣੀ।”

ਮੁਲਜ਼ਮਾਂ ਨੇ ਬੇ-ਕਸੂਰ ਸਾਬਤ ਹੋਣ ਲਈ ਖੁਲ੍ਹ ਕੇ ਪੈਸਾ ਖਰਚਿਆ ਸੀ। ਇਸ ਦੀ ਸੂਹ ਥਾਣੇ ਦੇ ਮੁਲਾਜ਼ਮਾਂ ਨੇ ਬੰਤ ਸਿੰਘ ਨੂੰ ਦਿੱਤੀ ਸੀ। ਬੰਤ ਸਿੰਘ ਪਹਿਲੇ ਅਫ਼ਸਰਾਂ ’ਤੇ ਜਲ ਰਿਹਾ ਸੀ। ਨੋਟ ਉਹ ਬਣਾ ਗਏ। ਵਗਾਰ ਬੰਤ ਸਿੰਘ ਦੇ ਗਲ ਪਾ ਗਏ। ਮਨ ਹੀ ਮਨ ਬੰਤ ਸਿੰਘ ਨੇ ਫੈਸਲਾ ਕੀਤਾ। ਜੋ ਹੋਣਾ ਹੈ ਹੋਵੇ। ਉਹ ਆਪਣੀ ਜੇਬ ਵਿਚੋਂ ਪੈਸੇ ਖਰਚ ਕੇ ਚਲਾਨ ਪਾਸ ਨਹੀਂ ਕਰਾਏਗਾ।

ਰੀਡਰ ਦੇ ਦਖ਼ਲ ਦੇਣ ਤੇ ਪੰਕਜ ਅਤੇ ਬੰਤ ਸਿੰਘ ਵਿਚਕਾਰ ਗੁਪਤ ਥਾਂ ਮੀਟਿੰਗ ਹੋਈ।

ਮੀਟਿੰਗ ਵਿਚ ਕੁਝ ਸ਼ਰਤਾਂ ਤੈਅ ਹੋਈਆਂ।

ਮੁਲਜ਼ਮਾਂ ਵੱਲੋਂ ਮੁੱਖ ਅਫ਼ਸਰ ਨੂੰ ਤੀਹ ਹਜ਼ਾਰ ਰੁਪਿਆ ਦਿੱਤਾ ਗਿਆ। ਸ਼ਰਤ ਸੀ ਚਲਾਨ ਨੂੰ ਦਸ ਦਿਨਾਂ ਲਈ ਅਦਾਲਤ ਜਾਣੋਂ ਰੋਕਿਆ ਜਾਵੇ। ਇੰਨੇ ਵਿਚ ਠੇਕੇਦਾਰ ਦੀ ਜ਼ਮਾਨਤ ਹੋ ਜਾਣੀ ਸੀ। ਉਸਦੇ ਬਾਹਰ ਆਉਣ ਨਾਲ ਮੁਕੱਦਮੇ ਦੀ ਸਮਾਇਤ ਪੰਕਜ ਦੀ ਮਰਜ਼ੀ ਅਨੁਸਾਰ ਹੋਣੀ ਸੀ।

ਮੁੱਖ ਅਫ਼ਸਰ ਦੀ ਵੀ ਇਕ ਸ਼ਰਤ ਸੀ। ਇਹ ਕੰਮ ਉਸਦੇ ਇਕੱਲੇ ਦੇ ਵੱਸ ਦਾ ਨਹੀਂ ਸੀ। ਦੇਰ ਕਰਨ ਲਈ ਅਫ਼ਸਰਾਂ ਦੀ ਸਹਿਮਤੀ ਜ਼ਰੂਰੀ ਸੀ। ਇਹ ਪੰਕਜ ਦੀ ਜ਼ਿੰਮੇਵਾਰੀ ਸੀ।

ਪੰਕਜ ਦੀ ਇਕ ਹੋਰ ਸ਼ਰਤ ਸੀ। ਪਹਿਲੇ ਮੁੱਖ ਅਫ਼ਸਰਾਂ ਨੇ ਮਿਸਲ 'ਤੇ ਬਹੁਤੇ ਸਬੂਤ ਨਹੀਂ ਸਨ ਲਿਆਂਦੇ। ਮਿਸਲ ਕੋਰੀ ਸੀ ਅਤੇ ਕੋਰੀ ਰਹਿਣੀ ਚਾਹੀਦੀ ਸੀ।

ਬੰਤ ਸਿੰਘ ਨੂੰ ਇਹ ਮਨਜ਼ੂਰ ਸੀ। ਮੀਨ ਮੇਖ ਸਰਕਾਰੀ ਵਕੀਲਾਂ ਨੇ ਕਰਨੀ ਸੀ। ਉਹ ਚੁਪ ਕਰ ਜਾਣ ਤਾਂ ਮੁੱਖ ਅਫ਼ਸਰ ਦੀ ਸਬੂਤ ਇਕੱਠੇ ਕਰਨ ਦੀ ਜਿਹਮਤ ਟਲਣੀ ਸੀ। ਸਰਕਾਰੀ ਵਕੀਲਾਂ ਦੀ ਕਲਮ ਨੂੰ ਠੱਲ੍ਹ ਪਾਉਣ ਲਈ ਮੁੱਖ ਅਫ਼ਸਰ ਨੂੰ ਪੰਕਜ ਦੀ ਸਹਾਇਤਾ ਦੀ ਜ਼ਰੂਰਤ ਸੀ।

ਪੰਕਜ ਚਾਹੇ ਤਾਂ ਸਰਕਾਰੀ ਵਕੀਲਾਂ ਨਾਲ ਸਿੱਧੀ ਗੱਲ ਕਰ ਲਏ। ਪਰ ਇਸ ਤਰ੍ਹਾਂ ਉਨ੍ਹਾਂ ਦਾ ਖਰਚ ਵੱਧ ਹੋਣਾ ਸੀ। ਪੁਲਿਸ ਰਾਹੀਂ ਪੈਸੇ ਘੱਟ ਲਗਣੇ ਸਨ। ਇਹ ਪੰਕਜ ਲਈ ਬੰਤ ਸਿੰਘ ਦਾ ਸੁਝਾਅ ਸੀ।

ਪੰਕਜ ਖਰਚ ਕਰਨ ਲਈ ਤਿਆਰ ਸੀ। ਜਦੋਂ ਕੋਠੇ ਤੋਂ ਡਿੱਗ ਪਈ ਤਾਂ ਨੱਤੀਆਂ ਪਵਾਉਣ ਤੋਂ ਸੀਅ ਵੱਟਣ ਦਾ ਕੀ ਮਤਲਬ! ਨੱਤੀਆਂ ਵੀ ਪੈਣ ਦਿਓ!

ਇਸ ਸੌਦੇ ਤਹਿਤ ਕਪਤਾਨ ਨੇ ਮਿਸਲ ਆਪਣੇ ਦਫ਼ਤਰ ਬੁਲਾ ਲਈ। ਕਾਰਨ ਸੀ ਕਪਤਾਨ ਵੱਲੋਂ ਮਿਸਲ-ਮੁਆਇਨਾ। ਚਲਾਨ ਤਿਆਰ ਹੋਣ ਵਾਲਾ ਸੀ। ਤਫ਼ਤੀਸ਼ 'ਤੇ ਨਜ਼ਰ ਮਾਰਨਾ ਉਸਦਾ ਫਰਜ਼ ਸੀ।

ਬੰਤ ਸਿੰਘ ਸੱਤਾਂ ਪੱਤਣਾਂ ਦਾ ਤਾਰੂ ਸੀ। ਪੁਲਿਸ ਕਪਤਾਨ ਦੇ ਇਸ ਹੁਕਮ ਦੀ ਰੋਜ਼ਨਾਮਚੇ ਵਿਚ ਰਪਟ ਦਰਜ ਕੀਤੀ। ਰਪਟ ਦੀ ਨਕਲ ਤਿਆਰ ਕਰਕੇ ਬੋਝੇ ਪਾ ਲਈ।

ਹੁਣ ਚਲਾਨ ਪੇਸ਼ ਹੋਣ ਵਿਚ ਦੇਰੀ ਦੀ ਜ਼ਿੰਮੇਵਾਰੀ ਕਪਤਾਨ ਦੀ ਸੀ।

ਹੱਥਾਂ 'ਤੇ ਹੱਥ ਰੱਖ ਕੇ ਬੰਤ ਸਿੰਘ ਅਗਲੀ ਕਾਰਵਾਈ ਦਾ ਇੰਤਜ਼ਾਰ ਕਰਨ ਲੱਗਾ।

## -86-

ਬੰਤ ਸਿੰਘ ਦੇ ਸੁਖ ਦੇ ਦਿਨ ਬਹੁਤ ਥੋੜ੍ਹੇ ਨਿਕਲੇ।

ਪਹਿਲੇ ਦੋਸ਼ੀ ਦੀ ਜ਼ਮਾਨਤ ਮਨਜ਼ੂਰ ਹੁੰਦੇ ਹੀ ਮੁੱਖ ਅਫ਼ਸਰ ਦੀ ਪੱਗ ਨੂੰ ਹੱਥ ਪੈਣ ਲੱਗਾ।

ਮੁਦਈ ਵੱਲੋਂ ਚੀਫ਼ ਜਸਟਿਸ ਤੋਂ ਲੈ ਕੇ ਪ੍ਰਧਾਨ ਮੰਤਰੀ ਤਕ ਨੂੰ ਇਸ ਬੇ-ਇਨਸਾਫ਼ੀ ਵਿਰੁਧ ਤਾਰਾਂ ਦਿੱਤੀਆਂ ਗਈਆਂ। ਰਾਮ ਨਾਥ ਦੇ ਸ਼ਹਿਰੋਂ ਇਕ ਛੋਟੀ ਜਿਹੀ ਖ਼ਬਰ ਹਿੰਦੀ ਅਤੇ ਪੰਜਾਬੀ ਦੇ ਅਖ਼ਬਾਰਾਂ ਵਿਚ ਛਪੀ।



ਇਸ ਛੋਟੇ ਜਿਹੇ ਵਾਵਰੋਲੇ ਦੀ ਕਿਸੇ ਨੇ ਪਰਵਾਹ ਨਾ ਕੀਤੀ। ਪੜਤਾਲ ਲਈ ਇਨ੍ਹਾਂ ਤਾਰਾਂ ਨੇ ਘੁੰਮ ਘੁਮਾ ਕੇ ਕਪਤਾਨ ਕੋਲ ਆ ਜਾਣਾ ਸੀ। ਸਾਰੀ ਕਾਰਵਾਈ ਕਪਤਾਨ ਦੇ ਹੁਕਮਾਂ ਨਾਲ ਹੋ ਰਹੀ ਸੀ। ਰਸਮੀ ਪੜਤਾਲ ਹੋ ਕੇ ਸ਼ਿਕਾਇਤ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਜਾਣਾ ਸੀ।

ਖ਼ਤਰੇ ਦੀ ਘੰਟੀ ਉਸ ਸਮੇਂ ਵੱਜੀ ਜਦੋਂ ਹਰੀਸ਼ ਰਾਏ ਦਾ ਬਿਆਨ ਅੰਗਰੇਜ਼ੀ ਅਖ਼ਬਾਰਾਂ ਨੇ ਵੱਡੀਆਂ ਸੁਰਖ਼ੀਆਂ ਵਿਚ ਛਾਪਿਆ। ਪ੍ਰਧਾਨ ਨੇ ਪੰਕਜ ਹੋਰਾਂ ਵਿਰੁਧ ਮਿਸਲ 'ਤੇ ਠੋਸ ਸਬੂਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਬੇ-ਕਸੂਰ ਕਰਾਰ ਦੇਣ ਅਤੇ ਮਿਆਦ ਤਹਿਤ ਚਲਾਨ ਪੇਸ਼ ਨਾ ਕਰਕੇ ਸੰਗੀਨ ਜੁਰਮਾਂ ਦੇ ਦੋਸ਼ੀਆਂ ਦੀ ਜ਼ਮਾਨਤ ਕਰਾਉਣ ਵਿਚ ਪੁਲਿਸ ਦੀ ਮਿਲੀ-ਭੁਗਤ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ। ਕੇਸ ਦੀ ਪੜਤਾਲ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ। ਨਾਲ ਹੀ ਉਸਨੇ ਇਸ ਧੱਕੇ ਕਾਰਨ ਕੇਸ ਦੀ ਪੈਰਵਾਈ ਸੋਸਾਇਟੀ ਵੱਲੋਂ ਕੀਤੇ ਜਾਣ ਦਾ ਐਲਾਨ ਕੀਤਾ।

ਪ੍ਰਧਾਨ ਦੇ ਇਸ ਬਿਆਨ ਨੇ ਪੰਕਜ ਹੋਰਾਂ ਦੇ ਨਾਲ-ਨਾਲ ਮਿਸਲ ਨਾਲ ਦੂਰੋਂ ਨੇੜਿਉਂ ਜੁੜੇ ਹਰ ਅਫ਼ਸਰ ਨੂੰ ਫਿਕਰ ਵਿਚ ਪਾ ਦਿੱਤਾ।

ਪੰਕਜ ਹੋਰਾਂ ਨੂੰ ਆਪਣੀਆਂ ਜ਼ਮਾਨਤਾਂ ਰੱਦ ਹੁੰਦੀਆਂ ਨਜ਼ਰ ਆਈਆਂ। ਉਨ੍ਹਾਂ ਦੇ ਵਕੀਲਾਂ ਨੇ ਸਲਾਹ ਦਿੱਤੀ। ਠੇਕੇਦਾਰ ਪਏ ਢੱਠੇ ਖੂਹ ਵਿਚ। ਆਪਣੀ ਜਾਨ ਬਚਾਓ।

ਸੋਸਾਇਟੀ ਦਾ ਸਾਰੇ ਪੰਜਾਬ ਵਿਚ ਦਬਦਬਾ ਸੀ। ਤਹਿਸੀਲ ਪੱਧਰ ਤੋਂ ਲੈ ਕੇ ਹਾਈ ਕੋਰਟ ਤਕ ਇਸ ਦੀਆਂ ਇਕਾਈਆਂ ਸਨ। ਸੋਸਾਇਟੀ ਦੀਆਂ ਦਲੀਲਾਂ ਨੂੰ ਅਦਾਲਤ ਧਿਆਨ ਨਾਲ ਸੁਣਦੀ ਸੀ। ਸਭ ਨੂੰ ਪਤਾ ਸੀ ਪੰਕਜ ਹੋਰੇ ਕਿਸ ਤਰ੍ਹਾਂ ਬਾਹਰ ਆਏ ਸਨ। ਸੋਸਾਇਟੀ ਨੇ ਰਿੱਟ ਦਾਇਰ ਕਰਕੇ ਜੇ ਤਫ਼ਤੀਸ਼ ਸੀ.ਬੀ.ਆਈ. ਦੇ ਹਵਾਲੇ ਕਰਵਾ ਦਿੱਤੀ ਤਾਂ ਇਸ ਮੁਕੱਦਮੇ ਦੇ ਨਾਲ-ਨਾਲ ਉਨ੍ਹਾਂ ਵਿਰੁਧ ਕਈ ਹੋਰ ਮੁਕੱਦਮੇ ਦਰਜ ਹੋ ਜਾਣੇ ਸਨ। ਪੁਲਿਸ ਅਫ਼ਸਰਾਂ ਅਤੇ ਸਿਆਸੀ ਨੇਤਾਵਾਂ ਦਾ ਭਵਿੱਖ ਦਾਅ ਤੇ ਲੱਗ ਜਾਣਾ ਸੀ।

ਜੇ ਚਲਾਨ ਲੇਟ ਹੋ ਗਿਆ ਤਾਂ ਸੋਸਾਇਟੀ ਮੁੜ ਪੜਤਾਲ ਕਰਵਾ ਸਕਦੀ ਸੀ। ਸੋਸਾਇਟੀ ਨੇ ਪੜਤਾਲੀਆ ਅਫ਼ਸਰ ਦੇ ਕੋਲ ਖੜੇ ਕੇ ਆਪਣੇ ਹੱਕ ਵਿਚ ਸਬੂਤ ਭੁਗਤਾਉਣੇ ਸਨ। ਪਹਿਲੀ ਪੜਤਾਲ ਰੱਦ ਹੋ ਕੇ ਨਵੀਂ ਪੜਤਾਲ ਵਿਚ ਉਨ੍ਹਾਂ ਨੂੰ ਦੋਬਾਰਾ ਦੋਸ਼ੀ ਠਹਿਰਾਇਆ ਜਾ ਸਕਦਾ ਸੀ।

ਪੰਕਜ ਦੇ ਵਕੀਲਾਂ ਦੀ ਰਾਏ ਸੀ ਚਲਾਨ ਤੁਰੰਤ ਅਦਾਲਤ ਵਿਚ ਪੇਸ਼ ਕਰਵਾਇਆ ਜਾਵੇ। ਮਾਮਲਾ ਜ਼ੇਰ-ਸਮਾਇਤ ਹੋਣ ਨਾਲ ਕੁਝ ਬਚਾਅ ਹੋ ਸਕਦਾ ਸੀ।

ਤਾਰਾਂ ਅਤੇ ਖ਼ਬਰਾਂ ਤੋਂ ਡਰੇ ਕਪਤਾਨ ਨੇ ਝੱਟ ਮਿਸਲ ਥਾਣੇ ਭਿਜਵਾ ਦਿੱਤੀ। ਨਾਲੇ ਆਪਣੇ ਰੀਡਰ ਨੂੰ ਹਦਾਇਤ ਕੀਤੀ। ਮਿਸਲ ਕਪਤਾਨ ਦੇ ਦਫ਼ਤਰ ਤਲਬ ਕਰਨ ਦਾ ਕੋਈ ਰਿਕਾਰਡ ਉਪਰ ਨਾ ਰਹੇ।

ਇਸ ਤੋਂ ਪਹਿਲਾਂ ਕਿ ਕੋਈ ਉਪਰਲਾ ਅਫ਼ਸਰ ਚਲਾਨ ਸਮੇਂ ਸਿਰ ਪੇਸ਼ ਨਾ ਹੋਣ ਕਾਰਨ ਕਪਤਾਨ ਤੋਂ ਪੁੱਛ ਪੜਤਾਲ ਕਰੇ, ਕਪਤਾਨ ਨੇ ਪਹਿਲਾਂ ਹੀ ਮੁੱਖ-ਅਫ਼ਸਰ ਨੂੰ ਇਸ ਅਣਗਹਿਲੀ ਕਾਰਨ ਕਾਰਨ-ਦੱਸੋ ਨੋਟਿਸ ਜਾਰੀ ਕਰ ਦਿੱਤਾ।

"ਬੰਤ ਸਿੰਘ ਤੇਰੀ ਪਹਿਲੀ ਗਲਤੀ ਮੈਂ ਸੰਭਾਲ ਲਵਾਂਗਾ। ਹੋਰ ਕੋਈ ਦੋਸ਼ੀ ਬਾਹਰ ਨਾ ਆਵੇ। ਚਲਾਨ ਤੁਰੰਤ ਪੇਸ਼ ਕਰਕੇ ਖਹਿੜਾ ਛੁਡਾ।"

ਨੋਟਿਸ ਜਾਰੀ ਕਰਨ ਬਾਅਦ ਕਪਤਾਨ ਨੇ ਬੰਤ ਸਿੰਘ ਦੀ ਪਿੱਠ ਵੀ ਥਾਪੜੀ।

ਠੇਕੇਦਾਰ ਨੂੰ ਜੇਲ੍ਹ ਗਿਆਂ ਅੱਜ ਅਨੰਨਵਾਂ ਦਿਨ ਸੀ।

ਜੇ ਚੌਵੀ ਘੰਟੇ ਦੇ ਅੰਦਰ-ਅੰਦਰ ਚਲਾਨ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋ ਜਾਵੇ ਤਾਂ ਉਸਦੀ ਜ਼ਮਾਨਤ ਦੀ ਦਰਖ਼ਾਸਤ ਰੱਦ ਹੋ ਸਕਦੀ ਸੀ।

ਬਦਲੇ ਹਾਲਾਤ ਮੁਤਾਬਕ ਬੰਤ ਸਿੰਘ ਨੇ ਇਕ ਵਾਰ ਫੇਰ ਮਿਸਲ ਦਾ ਮੁਆਇਨਾ ਕੀਤਾ।

ਸਾਰੀ ਤਫ਼ਤੀਸ਼ ਪਹਿਲੇ ਅਫ਼ਸਰਾਂ ਵੱਲੋਂ ਹੋਈ ਸੀ। ਪਰ ਚਲਾਨ ਉਪਰ ਦਸਤਖ਼ਤ ਮੌਜੂਦਾ ਅਫ਼ਸਰ ਦੇ ਹੋਣੇ ਸਨ। ਭਾਵ ਰਿਪੋਰਟ ਪਹਿਲਾਂ ਹੋਈ ਤਫ਼ਤੀਸ਼ ਦੇ ਆਧਾਰ ’ਤੇ ਤਿਆਰ ਹੋਣੀ ਸੀ ਪਰ ਦਸਤਖ਼ਤ ਕਰਨ ਵਾਲੇ ਅਫ਼ਸਰ ਦੀ ਜ਼ਿੰਮੇਵਾਰੀ ਬਰਾਬਰ ਦੀ ਬਣਦੀ ਸੀ।

ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਬੰਤ ਸਿੰਘ ਨੇ ਸਾਰੇ ਸਬੂਤਾਂ ਨੂੰ ਘੋਖਿਆ। ਗਵਾਹਾਂ ਦੇ ਬਿਆਨਾਂ, ਫਰਦਾਂ ਅਤੇ ਜ਼ਿਮਨੀਆਂ ’ਤੇ ਨਜ਼ਰ ਮਾਰੀ। ਮਿਸਲ ਵਿਚ ਕੱਖ ਨਹੀਂ ਸੀ। ਇਸ ਤਰ੍ਹਾਂ ਜੇ ਚਲਾਨ ਤਿਆਰ ਕਰ ਦਿੱਤਾ ਜਾਵੇ ਤਾਂ ਦੋਸ਼ੀਆਂ ਵਿਰੁੱਧ ਚੋਰੀ ਦਾ ਮਾਲ ਬਰਾਮਦ ਹੋਣ ਦਾ ਮਾਮੂਲੀ ਜਿਹਾ ਜੁਰਮ ਸਾਬਤ ਹੋਣਾ ਸੀ। ਕਤਲ ਦੀ ਸਾਜ਼ਿਸ਼ ਘੜਨ ਜਾਂ ਕਤਲ ਕਰਨ ਦਾ ਕੋਈ ਸਬੂਤ ਮਿਸਲ ’ਤੇ ਨਹੀਂ ਸੀ ਲਿਆਂਦਾ ਗਿਆ। ਮੌਜੂਦਾ ਸਬੂਤਾਂ ਦੇ ਆਧਾਰ ’ਤੇ ਕਤਲ ਅਤੇ ਡਕੈਤੀ ਦਾ ਚਲਾਨ ਤਿਆਰ ਕਰਕੇ ਬੰਤ ਸਿੰਘ ਵੱਲੋਂ ਦਸਤਖ਼ਤ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਸਾਰੀ ਮਿਸਲ ਦੋਬਾਰਾ ਲਿਖਣ ਦਾ ਨਾ ਬੰਤ ਸਿੰਘ ਕੋਲ ਵਕਤ ਸੀ ਨਾ ਅਧਿਕਾਰ। ਸਾਰੀ ਮਿਸਲ ਉਪਰ ਪਹਿਲੇ ਮੁੱਖ ਅਫ਼ਸਰਾਂ ਦੇ ਦਸਤਖ਼ਤ ਹੋਏ ਸਨ। ਦੋਬਾਰਾ ਦਸਤਖ਼ਤ ਕਰਾਉਣ ਲਈ ਉਨ੍ਹਾਂ ਨੂੰ ਬੁਲਾਉਣਾ ਪੈਣਾ ਸੀ। ਪਤਾ ਕਰਨ ’ਤੇ ਪਤਾ ਲੱਗਾ ਪਹਿਲਾਂ ਮੁੱਖ ਅਫ਼ਸਰ ਮੁੱਖ ਮੰਤਰੀ ਦੇ ਨਾਲ ਕਲਕੱਤੇ ਘੁੰਮ ਰਿਹਾ ਸੀ। ਹਵਾਈ ਜਹਾਜ਼ ਰਾਹੀਂ ਵੀ ਉਹ ਸਮੇਂ ਸਿਰ ਮਾਇਆ ਨਗਰ ਨਹੀਂ ਸੀ ਆ ਸਕਦਾ। ਨਾਲੇ ਇਸ ਨਾਲ ਬੰਤ ਸਿੰਘ ਨੂੰ ਕੀ ਸੀ। ਆਪਣੀ ਮਾੜੀ ਤਫ਼ਤੀਸ਼ ਲਈ ਪਹਿਲਾ ਅਫ਼ਸਰ ਖ਼ੁਦ ਜ਼ਿੰਮੇਵਾਰ ਸੀ। ਜੋ ਕੁਝ ਬੰਤ ਸਿੰਘ ਕਰ ਸਕਦਾ ਸੀ ਉਹ ਕਰਨ ਲਈ ਤਿਆਰ ਸੀ।

ਬੰਤ ਸਿੰਘ ਦਾ ਭਲਾ ਇਸੇ ਵਿਚ ਸੀ ਕਿ ਕਬਰ ਪੁੱਟ ਕੇ ਮੁਰਦਾ ਕੱਢਣ ਦੀ ਥਾਂ, ਚਲਾਨ ਤੁੱਥ-ਮੁੱਥ ਕਰਕੇ ਪੇਸ਼ ਕਰ ਦਿੱਤਾ ਜਾਵੇ।

ਪੰਕਜ ਮੁੱਖ ਅਫ਼ਸਰ ਨੂੰ ਲੱਭ ਰਿਹਾ ਸੀ ਅਤੇ ਮੁੱਖ ਅਫ਼ਸਰ ਪੰਕਜ ਨੂੰ। ਦੋਹਾਂ ਨੂੰ ਚਲਾਨ ਪੇਸ਼ ਕਰਾਉਣ ਦੀ ਕਾਹਲ ਸੀ।

ਪਹਿਲੀਆਂ ਸ਼ਰਤਾਂ ਰੱਦ ਕੀਤੀਆਂ ਗਈਆਂ। ਨਵੀਆਂ ਸ਼ਰਤਾਂ ਤਹਿਤ ਹੇਠਲੇ ਦੋ ਸਰਕਾਰੀ ਵਕੀਲਾਂ ਨੂੰ ਬੰਤ ਸਿੰਘ ਨੇ ਸੰਭਾਲਣਾ ਸੀ। ਜ਼ਿਲ੍ਹਾ ਅਟਾਰਨੀ ਦੀ ਤਸੱਲੀ ਪੰਕਜ ਨੇ ਕਰਾਉਣੀ ਸੀ। ਉਸਨੂੰ ਸੰਭਾਲਣਾ ਬੰਤ ਸਿੰਘ ਦੇ ਵਸ ਵਿਚ ਨਹੀਂ ਸੀ। ਉਹ ਮੂੰਹ ਵੀ ਵੱਡਾ ਅੱਡਦਾ ਸੀ ਅਤੇ ਜ਼ੁਬਾਨ ਵੀ ਉਸਦੀ ਕੌੜੀ ਸੀ।

ਛੋਟੇ ਸਰਕਾਰੀ ਵਕੀਲਾਂ ਉਪਰ ਬੰਤ ਸਿੰਘ ਨੂੰ ਤੀਹ ਹਜ਼ਾਰ ਖ਼ਰਚ ਹੁੰਦਾ ਨਜ਼ਰ ਆ ਰਿਹਾ ਸੀ।

ਸਿੰਗਲੇ ਨੇ ਪੰਕਜ ਨੂੰ ਏ.ਪੀ.ਪੀ. ਦੀ ਫ਼ੀਸ ਇਕ ਹਜ਼ਾਰ ਅਤੇ ਧਰਮ ਸਿੰਘ ਦੀ ਫ਼ੀਸ



ਦੋ ਹਜ਼ਾਰ ਦੱਸੀ ਸੀ। ਬੰਤ ਸਿੰਘ ਨੇ ਏ.ਪੀ.ਪੀ. ਲਈ ਪੰਜ ਅਤੇ ਧਰਮ ਸਿੰਘ ਲਈ ਪੰਦਰਾਂ ਮੰਗਿਆ ਸੀ।

ਇਹ ਸਮਾਂ ਨਾ ਕਿਰਸ ਕਰਨ ਦਾ ਸੀ ਨਾ ਬਹਿਸ। ਨਵੀਂ ਗਲ ਪਈ ਬਲਾ ਨੂੰ ਲਾਹੁਣ ਦਾ ਸੀ।

ਪੰਕਜ ਝੱਟ ਬੰਤ ਸਿੰਘ ਨਾਲ ਸਹਿਮਤ ਹੋ ਗਿਆ।

ਬੰਤ ਸਿੰਘ ਨੇ ਪੰਕਜ ਨੂੰ ਸੰਤੋਖ ਸਿੰਘ ਨਾਲ ਸੰਪਰਕ ਕਰਨ ਲਈ ਦੌੜਾਇਆ। ਉਹ ਪੈਸੇ ਦੇਵੇ, ਵਿਧਾਇਕ ਤੋਂ ਫ਼ੋਨ ਕਰਵਾਏ ਜਾਂ ਮੁੱਖ ਮੰਤਰੀ ਤੋਂ। ਇਸ ਨਾਲ ਬੰਤ ਸਿੰਘ ਨੂੰ ਕੋਈ ਮਤਲਬ ਨਹੀਂ ਸੀ।

ਵੀਹ ਹਜ਼ਾਰ ਬੋਝੇ ਪਾ ਕੇ ਉਹ ਖ਼ੁਦ ਛੋਟੇ ਸਰਕਾਰੀ ਵਕੀਲਾਂ ਦਾ ਪ੍ਰਬੰਧ ਕਰਨ ਲੱਗਾ।

ਬੰਤ ਸਿੰਘ ਨੇ ਠੇਕੇ ਤੋਂ ਦੋ ਵਿਸਕੀ ਦੀਆਂ ਬੋਤਲਾਂ ਵਗਾਰ ਵਿਚ ਮੰਗਵਾਈਆਂ। ਸ਼ੇਰੇ ਪੰਜਾਬ ਢਾਬੇ ਦੇ ਮਾਲਕ ਨੂੰ ਫ਼ੋਨ ਕੀਤਾ। ਉਸਦਾ ਰੀਡਰ ਇਕ ਦੋ ਅਫ਼ਸਰਾਂ ਨੂੰ ਨਾਲ ਲੈ ਕੇ ਖਾਣਾ ਖਾਣ ਆ ਰਿਹਾ ਸੀ। ਉਪਰਲਾ ਕਮਰਾ ਸਾਫ਼ ਕਰਵਾ ਦਿੱਤਾ ਜਾਵੇ। ਅਫ਼ਸਰਾਂ ਦੀ ਖ਼ਾਤਰ ਵਿਚ ਕੋਈ ਕਮੀ ਨਾ ਰਹੇ।

ਦਾਰੂ ਸਿੱਕੇ ਦਾ ਪ੍ਰਬੰਧ ਕਰਕੇ ਉਸ ਨੇ ਆਪਣੇ ਰੀਡਰ ਨੂੰ ਕੋਲ ਬੁਲਾਇਆ। ਨਵੇਂ ਮਿਲੇ ਵੀਹ ਹਜ਼ਾਰ ਵਿਚੋਂ ਦੋ ਹਜ਼ਾਰ ਉਸ ਨੂੰ ਫੜਾਇਆ। ਫੇਰ ਹਦਾਇਤਾਂ ਜਾਰੀ ਕੀਤੀਆਂ :

“ਪੀ.ਪੀ. ਸਾਹਿਬ ਨੂੰ ਪਹਿਲਾਂ ਢਾਬੇ ਲਿਜਾਈਂ। ਜਦੋਂ ਉਹ ਚਾਰ ਪੈੱਗ ਲਾ ਲਏ ਤਾਂ ਪੰਜ ਪੰਜ ਸੌ ਦੇ ਦੋ ਨੋਟ ਉਸਦੇ ਬੋਝੇ ਪਾਈਂ। ਤੂੰ ਆਪ ਪੀਣ ਨਾ ਬੈਠ ਜਾਈਂ। ਜਦੋਂ ਤਕ ਉਹ ਸ਼ਰਾਬੀ ਹੋਵੇ ਤਾਂ ਉਸ ਵੱਲੋਂ ਮੀਮੋ ਲਿਖ ਲਈਂ। ਨੋਟ ਦੇਣ ਸਾਰ ਮੀਮੋ ’ਤੇ ਦਸਤਖ਼ਤ ਕਰਵਾ ਲਈਂ। ਸਾਰਾ ਕੰਮ ਮੁਕੰਮਲ ਕਰਕੇ ਉਠਣ ਦੇਈਂ। ਹਜ਼ਾਰ ’ਚ ਨਾ ਮੰਨੇ ਸੌ ਦੋ ਸੌ ਹੋਰ ਦੇ ਦੇਈਂ। ਦੋ ਹਜ਼ਾਰ ਤੈਨੂੰ ਦੇ ਦਿੱਤਾ। ਜੋ ਬਚਿਆ ਤੇਰਾ।”

“ਬਿਹਤਰ ਜਨਾਬ!” ਬੋਤਲਾਂ ਅਤੇ ਨੋਟ ਸੰਭਾਲਦਾ ਲਾਲੀ ਬਾਗੋ-ਬਾਗ ਹੋ ਗਿਆ।

“ਪਰ ਜਨਾਬ ਉਪ ਜ਼ਿਲ੍ਹਾ ਅਟਾਰਨੀ ਦਾ ਕੀ ਕਰੋਗੇ? ਉਸਨੂੰ ਮੁਦਈ ਧਿਰ ਮਿਲ ਕੇ ਗਈ ਹੈ। ਉਸਦੇ ਕਈ ਫ਼ੋਨ ਆ ਚੁੱਕੇ ਹਨ। ਪੁੱਛਦਾ ਹੈ ਚਲਾਨ ਤਿਆਰ ਕੀਤਾ ਕਿ ਨਹੀਂ ? ਉਸਨੇ ਅਸਾਨੀ ਨਾਲ ਚਲਾਨ ਪਾਸ ਨਹੀਂ ਕਰਨਾ। ਉਹ ਸ਼ਰਾਬ ਦੇ ਚਲਾਨ ਵਿਚੋਂ ਸੌ ਨੁਕਸ ਕੱਢ ਦਿੰਦਾ ਹੈ। ਇਹ ਕਤਲ ਕੇਸ ਹੈ। ਇਹ ਚਲਾਨ ਉਸਨੇ ਵੀਹ ਵਾਰੀ ਪੜ੍ਹਨੈ। ਉਸ ਕੋਲ ਤੁਸੀਂ ਜਾਣਾ।”

ਧਰਮ ਸਿੰਘ ਦਾ ਡਰ ਲਾਲੀ ਨੂੰ ਵੱਢ-ਵੱਢ ਖਾ ਰਿਹਾ ਸੀ। ਧਰਮ ਸਿੰਘ ਲਾਲਚ ਵਿਚ ਆਉਣ ਵਾਲਾ ਨਹੀਂ ਸੀ। ਆਪਣਾ ਕੰਮ ਉਹ ਸਹੀ ਰੱਖਦਾ ਸੀ। ਇਸ ਲਈ ਉਸਨੂੰ ਕਿਸੇ ਅਫ਼ਸਰ ਦਾ ਬਹੁਤਾ ਡਰ ਨਹੀਂ ਸੀ। ਅਫ਼ਸਰ ਨਾਲ ਹਿੱਕ ਤਾਣ ਕੇ ਗੱਲ ਕਰ ਸਕਦਾ ਸੀ।

ਸਾਰੀ ਮਿਸਲ ਲਾਲੀ ਦੇ ਹੱਥੀਂ ਤਿਆਰਾ ਹੋਈ ਸੀ। ਅਫ਼ਸਰ ਨੇ ਜਿਸ ਤਰ੍ਹਾਂ ਆਖਿਆ ਉਸਨੇ ਉਸੇ ਤਰ੍ਹਾਂ ਲਿਖਿਆ। ਜੱਜ ਭਾਵੇਂ ਮੁਦਈ ਦਾ ਬਾਪ ਲਗਦਾ ਹੋਵੇ ਦੋਸ਼ੀਆਂ ਨੂੰ ਚੋਰੀ ਦੇ ਜੁਰਮ ਤੋਂ ਵੱਧ ਸਜ਼ਾ ਨਹੀਂ ਕਰ ਸਕਦਾ।

ਪੁਲਿਸ ਦਾ ਇਸ ਤਰੁੱਟੀ ਨੂੰ ਧਰਮ ਸਿੰਘ ਨੇ ਆਪਣੀ ਟਿਪਣੀ ਵਿਚ ਲਿਖ ਦੇਣਾ ਸੀ। ਪਿਛੋਂ ਇਸੇ ਟਿਪਣੀ ਨੇ ਅਫ਼ਸਰਾਂ ਦੇ ਜੋੜਾਂ ਵਿਚ ਬੈਠਣਾ ਸੀ। ਜਦੋਂ ਦੋਸ਼ੀ ਬਰੀ ਹੋ ਗਏ, ਇਸ ਟਿਪਣੀ ਨੇ ਅਫ਼ਸਰਾਂ ਦੀ ਅਣਗਹਿਲੀ ਅਤੇ ਨਲਾਇਕੀ ਦਾ ਆਧਾਰ ਬਣਨਾ

ਸੀ।

"ਤੂੰ ਪਹਿਲੀ ਪੌੜੀ ਤਾਂ ਚੜ੍ਹ। ਧਰਮ ਸਿੰਘ ਬਾਰੇ ਮੈਂ ਸੋਚਦਾ ਹਾਂ।"

"ਵੈਸੇ ਇਸਦਾ ਇਕ ਹੱਲ ਹੈ। ਜ਼ਿਲ੍ਹਾ ਅਟਾਰਨੀ ਦੇ ਨਵੇਂ ਹੁਕਮਾਂ ਮੁਤਾਬਕ ਚਲਾਨ ਉਸ ਕੋਲ ਲਿਜਾਣਾ ਜ਼ਰੂਰੀ ਨਹੀਂ। ਥੋੜ੍ਹੀ ਜਿਹੀ ਬੁਰਕੀ ਵੱਧ ਪੈ ਜਾਵੇ ਤਾਂ ਉਹ ਚਲਾਨ ਸਿੱਧਾ ਪਾਸ ਕਰ ਦਿੰਦਾ ਹੈ। ਧਰਮ ਸਿੰਘ ਵਾਲੀ ਫ਼ੀਸ ਉਸਨੂੰ ਦਿਓ। ਧਰਮ ਸਿੰਘ ਦੇ ਝੰਜਟ ਤੋਂ ਬਚੋ।"

ਆਪਣਾ ਸਮਾਨ ਸੰਭਾਲਦੇ ਰੀਡਰ ਨੇ ਆਪਣਾ ਤਜਰਬਾ ਮੁੱਖ ਅਫ਼ਸਰ ਨਾਲ ਸਾਂਝਾ ਕੀਤਾ।

"ਪੰਕਜ ਨੂੰ ਭੇਜਿਆ ਹੈ ਡੀ.ਏ. ਵੱਲ। ਦੇਖਦੇ ਹਾਂ ਕੀ ਰਿਪੋਰਟ ਲਿਆਉਂਦਾ ਹੈ। ਉਸ ਮੁਤਾਬਕ ਸੋਚਾਂਗੇ। ਤੂੰ ਜਲਦੀ ਜਾਹ। ਫੇਰ ਮੈਂ ਡੀ.ਏ. ਵੱਲ ਵੀ ਜਾਣਾ ਹੈ।"

ਬੰਤ ਸਿੰਘ ਨੂੰ ਰੀਡਰ ਦਾ ਮਸ਼ਵਰਾ ਜਚਿਆ। ਧਰਮ ਸਿੰਘ ਵਾਲਾ ਦੋ ਹਜ਼ਾਰ ਡੀ.ਏ. ਨੂੰ ਦੇ ਦਿੱਤਾ ਜਾਵੇ। ਨਾਲੇ ਧਰਮ ਸਿੰਘ ਦੀ ਟਿਪਣੀ ਤੋਂ ਬਚਿਆ ਜਾਵੇ, ਨਾਲੇ ਉਸ ਪਿਛੇ ਫਿਰਨ ਦੀ ਖੱਜਲ-ਖੁਆਰੀ ਤੋਂ।

ਪੰਕਜ ਕੋਲੋਂ ਮਿਲੀ ਰਕਮ ਵਿਚੋਂ ਉਸਨੇ ਦੋ ਹਜ਼ਾਰ ਹੋਰ ਕੱਢਿਆ। ਇਕ ਲਿਫ਼ਾਫ਼ੇ ਵਿਚ ਪਾ ਕੇ ਪੈਕਟ ਤਿਆਰ ਕੀਤਾ।

ਪੰਕਜ ਆਪਣੇ ਵੱਲੋਂ ਡੀ.ਏ. ਨੂੰ ਜੋ ਮਰਜ਼ੀ ਦੇਵੇ। ਇਹ ਪੈਕਟ ਬੰਤ ਸਿੰਘ ਵੱਲੋਂ ਉਸਨੂੰ ਨਜ਼ਰਾਨਾ ਹੋਏਗਾ।

## -88-

ਪਿਛਲੇ ਤਿੰਨ ਮਹੀਨੇ ਤੋਂ ਪੰਕਜ ਦਾ ਸੰਤੋਖ ਨਾਲ ਵਾਹ ਪੈ ਰਿਹਾ ਸੀ। ਉਸਦੀ ਰਗ-ਰਗ ਤੋਂ ਉਹ ਵਾਕਿਫ਼ ਹੋ ਚੁੱਕਾ ਸੀ।

ਸੰਤੋਖ ਸਿੰਘ ਕਈ ਵਾਰ ਉਨ੍ਹਾਂ ਦੇ ਘਰ ਅਤੇ ਫੈਕਟਰੀ ਆ ਚੁੱਕਾ ਸੀ। ਕੋਟੀਆਂ, ਸਵਾਟਰ, ਕੰਬਲ ਅਤੇ ਹੋਰ ਨਿੱਕ-ਸੁੱਕ ਆਪਣੇ ਅਤੇ ਆਪਣੇ ਅਫ਼ਸਰਾਂ ਲਈ ਲਿਜਾ ਚੁੱਕਾ ਸੀ। ਉਹ ਵੱਡੀ ਗੱਡੀ ਦਾ ਸ਼ੌਕੀਨ ਸੀ। ਕਈ ਵਾਰ ਵੱਡੀ ਗੱਡੀ ਉਸਨੂੰ ਸ਼ਿਮਲੇ ਘੁਮਾ ਲਿਆਈ ਸੀ।

ਸੰਤੋਖ ਸਿੰਘ ਹਜ਼ਾਰ ਵਾਰ ਪੰਕਜ ਨੂੰ ਆਖ ਚੁੱਕਾ ਸੀ। ਉਹ ਹੁਣ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਬਣ ਚੁੱਕਾ ਸੀ। ਪਰ ਪੰਕਜ ਨੂੰ ਲਗਦਾ ਸੀ ਬਿਨਾਂ ਪੈਸੇ ਲਏ ਉਹ ਉਨ੍ਹਾਂ ਦਾ ਕੰਮ ਕਰਨ ਵਾਲਾ ਨਹੀਂ ਸੀ।

ਪੰਕਜ ਨੇ ਆਪਣੀ ਕਈ ਦੋਸਤਾਂ ਦੇ ਕੰਮ ਉਸ ਤੋਂ ਕਰਵਾਏ ਸਨ। ਉਸਨੇ ਸੰਤੋਖ ਸਿੰਘ ਨੂੰ ਰੱਜਵੀਂ ਫ਼ੀਸ ਦਿਵਾਈ ਸੀ। ਕਦੇ ਉਸਨੂੰ ਫ਼ੀਸ ਘੱਟ ਲਗਦੀ ਤਾਂ ਪੰਜ ਚਾਰ ਦਿਨਾਂ ਬਾਅਦ ਕੋਈ ਵਗਾਰ ਪਾ ਦਿੰਦਾ। ਦੋਸਤਾਂ ਲਈ ਪੰਕਜ ਬਹਾਨੇ ਘੜ ਲੈਂਦਾ ਸੀ। 'ਗਰੀਬ ਹੈ, ਮੰਦਾ ਚੱਲ ਰਿਹਾ ਹੈ, ਫੈਕਟਰੀ ਬੰਦ ਹੈ।' ਆਪਣੇ ਬਾਰੇ ਉਹ ਕੀ ਆਖੇਗਾ? ਪੰਕਜ ਦੇ ਪੋਤੜਿਆਂ ਤਕ ਦਾ ਸੰਤੋਖ ਸਿੰਘ ਵਾਕਿਫ਼ ਹੋ ਚੁੱਕਾ ਸੀ। ਨਕਦ ਨਾ ਲਏ ਤਾਂ ਕੋਈ ਵੱਡੀ ਵਗਾਰ ਪੈ ਸਕਦੀ ਸੀ। ਕਿਧਰੇ ਮੁੱਛਾਂ ਦਾੜ੍ਹੀ ਨਾਲੋਂ ਵੱਡੀਆਂ ਨਾ ਹੋ ਜਾਣ। ਇਹੋ ਸੋਚ ਕੇ ਪੰਕਜ ਨੇ ਨਕਦ ਫ਼ੀਸ ਦੇਣ ਦਾ ਫੈਸਲਾ ਕੀਤਾ ਸੀ।



ਪੰਕਜ ਕੋਲੋਂ ਫ਼ੀਸ ਤੈਅ ਕਰਦੇ ਸਮੇਂ ਦਲਾਲਾਂ ਵਾਂਗ ਵਾਧੇ ਘਾਟੇ ਨਹੀਂ ਸਨ ਹੋਣੇ। ਨਾਈ ਕੋਲੋਂ ਆਪਣਾ ਸਿਰ ਨਹੀਂ ਮੁੰਨਿਆ ਜਾਂਦਾ।

ਸਿਆਣਪ ਵਰਤਦਿਆਂ ਉਨ੍ਹਾਂ ਨੇ ਸਿੰਗਲਾ ਵਿਚ ਪਾ ਲਿਆ। ਹੁਣ ਤਕ ਸਿੰਗਲਾ ਕਈ ਵਾਰ ਪਰਖਿਆ ਜਾ ਚੁੱਕਾ ਸੀ। ਹਰ ਵਾਰ ਉਸਨੇ ਪੰਕਜ ਦਾ ਫ਼ਾਇਦਾ ਕੀਤਾ ਸੀ।

ਉਹੋ ਗੱਲ ਹੋਈ। ਸੰਤੋਖ ਸਿੰਘ ਨੇ ਪੁਲਿਸ ਦੀ ਰਿਪੋਰਟ ਉਪਰ ਆਪਣੀ ਸਹਿਮਤੀ ਪ੍ਰਗਟਾਉਣ ਦੀ ਕੀਮਤ ਪੰਜਾਹ ਹਜ਼ਾਰ ਪਾਈ।

ਸਿੰਗਲੇ ਨੂੰ ਸੰਤੋਖ ਸਿੰਘ ਦੇ ਇਸ ਤਰ੍ਹਾਂ ਮੂੰਹ ਅੱਡਣ 'ਤੇ ਹੈਰਾਨੀ ਹੋਈ। ਉਸਨੇ ਉਸਦੇ ਪੰਕਜ ਨਾਲ ਸੰਬੰਧਾਂ ਦੀ ਯਾਦ ਤਾਜ਼ਾ ਕਰਵਾਈ। ਪਹਿਲਾਂ ਕਈ ਵਾਰ ਉਹ ਉਸਨੂੰ ਫੀਸ ਦੇ ਚੁੱਕੇ ਸਨ। ਕਦੇ ਉਨ੍ਹਾਂ ਦਾ ਕੰਮ ਨਹੀਂ ਸੀ ਹੋਇਆ। ਫੇਰ ਵੀ ਉਨ੍ਹਾਂ ਨੇ ਫ਼ੀਸ ਵਾਪਸ ਕਰਨ ਦੀ ਕਦੇ ਗੱਲ ਛੇੜੀ ਤਕ ਨਹੀਂ ਸੀ। ਉਹ ਦਿਨ ਰਾਤ ਉਸ ਦੀਆਂ ਵਗਾਰਾਂ ਕਰਦੇ ਸਨ। ਉਨ੍ਹਾਂ ਦੇ ਨਮਕ ਦਾ ਮੁੱਲ ਪਾਇਆ ਜਾਣਾ ਚਾਹੀਦਾ ਸੀ।

"ਬਹੁਤਾ ਆਖਦਾ ਹੈਂ ਤਾਂ ਦਸ ਹਜ਼ਾਰ ਘੱਟ ਦਿਵਾ ਦੇ।" ਸੰਤੋਖ ਸਿੰਘ ਨੇ ਪੰਕਜ ਹੋਰਾਂ ਦੀ ਸੇਵਾ ਦਾ ਮੁੱਲ ਦਸ ਹਜ਼ਾਰ ਮੰਗਿਆ।

ਜਦੋਂ ਸਿੰਗਲੇ ਨੇ ਹੋਰ ਥੱਲੇ ਆਉਣ ਲਈ ਜ਼ੋਰ ਪਾਇਆ ਤਾਂ ਸੰਤੋਖ ਸਿੰਘ ਨੇ ਆਪਣੀਆਂ ਮਜਬੂਰੀਆਂ ਉਪਰ ਲੰਬਾ ਲੈਕਚਰ ਝਾੜਿਆ :

"ਮੈਨੂੰ ਮੁੱਖ ਮੰਤਰੀ ਦੇ ਰਿਸ਼ਤੇਦਾਰਾਂ ਤੋਂ ਲੈ ਕੇ ਆਪਣੇ ਮਹਿਕਮੇ ਦੇ ਚਪੜਾਸੀ ਤਕ ਦੀਆਂ ਵਗਾਰਾਂ ਕਰਨੀਆਂ ਪੈਂਦੀਆਂ ਹਨ। ਮਾਇਆ ਨਗਰ ਹੌਜ਼ਰੀ ਦਾ ਘਰ ਹੈ। ਕਿਸੇ ਨਾ ਕਿਸੇ ਅਫ਼ਸਰ ਦਾ ਟੱਬਰ ਖ਼ਰੀਦੋ-ਫ਼ਰੋਖ਼ਤ ਲਈ ਤੁਰਿਆ ਰਹਿੰਦਾ ਹੈ। ਓਸਵਾਲ ਵਰਗੇ ਵੱਡੇ ਘਰਾਣੇ ਮੇਰੇ ਵਰਗੇ ਅਫ਼ਸਰ ਦੀ ਪਰਵਾਹ ਨਹੀਂ ਕਰਦੇ। ਕਰਨ ਵੀ ਕਿਉਂ ? ਮਾਇਆ ਨਗਰ ਵਿਚ ਹਜ਼ਾਰ ਤਰ੍ਹਾਂ ਦੇ ਅਫ਼ਸਰ ਹਨ। ਇਨਕਮ-ਟੈਕਸ, ਸੇਲ-ਟੈਕਸ ! ਅਫ਼ਸਰਾਂ ਨੂੰ ਮੁਫ਼ਤ ਮਾਲ ਚੁਕਾਉਣ ਲੱਗਣ ਤਾਂ ਸ਼ਾਮ ਤਕ ਲੁੱਟੇ ਜਾਣ। ਉਹ ਅਫ਼ਸਰਾਂ ਦਾ ਮਾਣ ਕਰਦੇ ਹਨ। ਵੀਹ ਫੀਸਦੀ ਰਿਆਇਤ ਕਰਦੇ ਹਨ। ਬਾਕੀ ਦਾ ਬਿੱਲ ਅਫ਼ਸਰ ਪੱਲਿਉਂ ਥੋੜ੍ਹਾ ਭਰਦੇ ਹਨ ? ਸੰਤੋਖ ਸਿੰਘ ਨੂੰ ਫੜਾ ਦਿੰਦੇ ਹਨ। ਦੋ ਕੋਟੀਆਂ ਖਰੀਦਣ ਆਇਆ ਅਫ਼ਸਰ ਕਾਰ ਭਰ ਕੇ ਲੈ ਜਾਂਦਾ ਹੈ। ਉਪਰਲਾ ਅਮਲਾ ਫੈਲਾ ਨਹੀਂ ਮਾਣ। ਕੋਈ ਬੀਬੀ ਨੂੰ ਆਖ ਕੇ ਕੋਟੀ ਮੰਗ ਲੈਂਦਾ ਹੈ, ਕੋਈ ਲੋਈ। ਵਗਾਰ ਪਾਉਣਾ ਅਫ਼ਸਰਾਂ ਦਾ ਜਨਮ-ਸਿੱਧ ਅਧਿਕਾਰ ਹੈ। ਮੇਰੇ ਪੱਲੇ ਤਾਂ ਬਦਨਾਮੀ ਪੈਂਦੀ ਹੈ। ਮਲਾਈ ਉਪਰਲੇ ਲਾਹ ਕੇ ਲੈ ਜਾਂਦੇ ਹਨ।"

"ਤੁਹਾਡੀ ਗੱਲ ਠੀਕ ਹੈ। ਪਰ ਇਹ ਆਪਣੇ ਬੰਦੇ ਹਨ। ਨਿਤ ਕੰਮ ਆਉਂਦੇ ਹਨ। ਹੁਣ ਇਨ੍ਹਾਂ ਦੀ ਛਿੱਲ ਤਾਂ ਨਹੀਂ ਲਾਹੁਣੀ?"

"ਸਿੰਗਲਾ ਮੈਨੂੰ ਤੇਰੀ ਸਮਝ ਨਹੀਂ ਆਉਂਦੀ ਤੂੰ ਕੀ ਕਰ ਰਿਹਾ ਹੈਂ? ਅਖੇ ਦਾਨੀ ਦਾਨ ਕਰੇ ਭੰਡਾਰੀ ਦਾ ਢਿੱਡ ਦੁਖੇ। ਪਾਰਟੀ ਪੈਸੇ ਖ਼ਰਚਣ ਨੂੰ ਤਿਆਰ ਹੈ, ਤੂੰ ਟੰਗ ਅੜਾਈ ਜਾਨੈਂ।"

ਸੰਤੋਖ ਸਿੰਘ ਸਿੰਗਲੇ ਦੀ ਜਿੱਤ 'ਤੇ ਖਿਝਣ ਲੱਗਾ।

"ਮੈਂ ਵਕੀਲ ਹਾਂ। ਮੇਰਾ ਪਹਿਲਾ ਫਰਜ਼ ਆਪਣੇ ਸਾਇਲ ਦੇ ਹਿੱਤਾਂ ਦਾ ਧਿਆਨ ਰੱਖਣਾ ਹੈ।"

"ਇਸ ਵਿਚ ਤੇਰਾ ਹਿੱਤ ਹੈ। ਜਿੰਨੇ ਵੱਧ ਦਿਵਾਏਂਗਾ ਉਨੇ ਵੱਧ ਲਏਂਗਾ।"

"ਮੇਰਾ ਆਪਣਾ ਸਵਾਰਥ ਦੂਜੇ ਨੰਬਰ ਉਪਰ ਹੈ।"

ਸਿੰਗਲਾ ਸੰਤੋਖ ਸਿੰਘ ਨੂੰ ਬਿਨਾਂ ਮਤਲਬ ਫ਼ੀਸ ਦਿਵਾਉਣ ਦੇ ਹੱਕ ਵਿਚ ਨਹੀਂ ਸੀ। ਉਸਨੂੰ ਪਤਾ ਸੀ ਦੋਸ਼ੀਆਂ ਨੂੰ ਇਕ ਆਈ.ਜੀ. ਰੈਂਕ ਦੇ ਅਫ਼ਸਰ ਨੇ ਮੁਕੱਦਮੇ ਵਿਚੋਂ ਕੱਢਿਆ ਸੀ। ਉਨ੍ਹਾਂ ਨੂੰ ਦੋਬਾਰਾ ਆਈ.ਜੀ. ਜਾਂ ਉਸ ਤੋਂ ਉਪਰ ਦੇ ਰੈਂਕ ਦਾ ਅਫ਼ਸਰ ਮੁਲਜ਼ਮ ਬਣਾ ਸਕਦਾ ਸੀ। ਸੰਤੋਖ ਸਿੰਘ ਉਨ੍ਹਾਂ ਦੇ ਵਿਰੁਧ ਜੋ ਮਰਜ਼ੀ ਲਿਖ ਦੇਵੇ। ਕੋਈ ਮੰਨਣ ਵਾਲਾ ਨਹੀਂ ਸੀ।

"ਪੈਸੇ ਮੈਂ ਵੱਧ ਦਿਵਾ ਦਿੰਦਾ ਹਾਂ। ਪਰ ਇਹ ਤਾਂ ਦੱਸੋ ਆਪਾਂ ਉਨ੍ਹਾਂ ਦਾ ਫ਼ਾਇਦਾ ਕੀ ਕਰ ਰਹੇ ਹਾਂ ?"

"ਤੂੰ ਮੈਨੂੰ ਬਹੁਤਾ ਕਾਨੂੰਨ ਨਾ ਪੜ੍ਹਾ। ਦੱਸ ਕਿੰਨਾ ਵੱਟਾ ਝੱਲਣਗੇ?"

ਸੰਤੋਖ ਸਿੰਘ ਨੂੰ ਆਪਣੀ ਹੈਸੀਅਤ ਦਾ ਪਤਾ ਸੀ। ਇਸੇ ਲਈ ਉਹ ਦੜ ਵੱਟਣ ਵਿਚ ਭਲਾ ਸਮਝ ਰਿਹਾ ਸੀ।

"ਪੰਜ ਹਜ਼ਾਰ !"

"ਇੰਨੇ ਮੇਰਾ ਏ.ਪੀ.ਪੀ. ਨਹੀਂ ਲੈਂਦਾ। ਵਿਚੋਂ ਦੋ ਤੇਰਾ। ਮੇਰੇ ਪੱਲੇ ਪਿਆ ਤਿੰਨ।"

"ਮੈਂ ਤੁਹਾਡਾ ਫ਼ਾਇਦਾ ਕਰਵਾ ਰਿਹਾ ਹਾਂ। ਪੰਕਜ ਤਾਂ ਕਹਿੰਦਾ ਹੈ ਉਪਰੋਂ ਫ਼ੋਨ ਕਰਵਾ ਦਿੰਦੇ ਹਾਂ। ਮੈਂ ਆਖਿਆ ਕਮਲਾ ਨਾ ਹੋ। ਹਰ ਥਾਂ ਫ਼ੋਨ ਨਹੀਂ ਖੜਕਾਈਦਾ। ਤਾਂ ਪੰਜ ਦੇਣ ਲਈ ਮੰਨਿਆ ਹੈ।"

ਸਿੰਗਲੇ ਨੇ ਸੰਤੋਖ ਸਿੰਘ ਦੇ ਚੜ੍ਹੇ ਪਾਰੇ ਨੂੰ ਹੇਠ ਲਿਆਉਣ ਲਈ ਪਹਿਲਾ ਤੀਰ ਛੱਡਿਆ।

ਸੰਤੋਖ ਸਿੰਘ ਸਮਝ ਗਿਆ। ਅੱਜ ਸਿੰਗਲਾ ਫ਼ੀਸ ਦਿਵਾਉਣ ਦੇ ਮੂਡ ਵਿਚ ਨਹੀਂ ਸੀ। ਉਹ ਸੰਤੋਖ ਸਿੰਘ ਦੀ ਦੁਖਦੀ ਰਗ 'ਤੇ ਹੱਥ ਰੱਖ ਰਿਹਾ ਸੀ। ਸਭ ਨੂੰ ਪਤਾ ਸੀ ਪੰਕਜ ਹੋਰਾਂ ਦਾ ਮੁੱਖ-ਮੰਤਰੀ ਨਾਲ ਚਲਾਨ ਪੇਸ਼ ਕਰਨ ਤਕ ਦਾ ਸੌਦਾ ਹੋਇਆ ਸੀ। ਉਸ ਸ਼ਰਤ ਤਹਿਤ ਸੰਤੋਖ ਸਿੰਘ ਨੂੰ ਝੱਟਪੱਟ ਚਲਾਨ ਪਾਸ ਕਰਨ ਲਈ ਕਿਸੇ ਪਾਸਿਉਂ ਵੀ ਫ਼ੋਨ ਆ ਸਕਦਾ ਸੀ।

"ਉੱਪਰਲੇ ਫ਼ੋਨਾਂ ਤੋਂ ਮੈਂ ਨਹੀਂ ਡਰਦਾ। ਸਭ ਅਫ਼ਸਰਾਂ ਦੀਆਂ ਵਗਾਰਾਂ ਕਰੀਦੀਆਂ ਹਨ। ਉਨ੍ਹਾਂ ਨੂੰ ਪਤਾ ਹੈ ਵਗਾਰਾਂ ਤਨਖ਼ਾਹ ਵਿਚੋਂ ਨਹੀਂ ਹੁੰਦੀਆਂ। ਉਂਝ ਮੈਂ ਤੇਰੀ ਮੰਨ ਲੈਂਦਾ ਹਾਂ। ਪੰਕਜ ਨੂੰ ਵੀਹ ਤਕ ਮਨਾ। ਦਸ ਤੂੰ ਰਖ ਲਈਂ।"

"ਕੋਸ਼ਿਸ਼ ਕਰਕੇ ਦੇਖ ਲੈਂਦਾ ਹਾਂ। ਪਰ ਕਿਧਰੇ ਬਟੇਰਾ ਪੈਰ ਹੇਠੋਂ ਨਿਕਲ ਨਾ ਜਾਵੇ।"

ਸਿੰਗਲੇ ਨੇ ਦੂਸਰਾ ਤੀਰ ਛੱਡਿਆ।

"ਫੇਰ ਮੁਫ਼ਤ ਕਰ ਦਿੰਦਾ ਹਾਂ।"

"ਮੁਫ਼ਤ ਕਿਉਂ ਕਰਨਾ ਹੈ। ਪਾਰਟੀ ਦਾ ਜਿਗਰਾ ਦੇਖੋ। ਬਿਨਾਂ ਮਤਲਬ ਪੰਜ ਹਜ਼ਾਰ ਦੇ ਰਹੀ ਹੈ।"

"ਚੱਲ ਜਿਵੇਂ ਤੇਰੀ ਮਰਜ਼ੀ ਹੈ ਕਰ ਲੈ।... ਹਾਂ ਪੰਕਜ ਨੂੰ ਮੇਰਾ ਇਕ ਸੁਨੇਹਾ ਦੇਈਂ। ਆਖੀਂ ਮੈਨੂੰ ਜਲਦੀ ਮਿਲੇ।"

"ਜਨਾਬ ਜੀ ਸਿਆਣੇ ਬਣੋ। ਸੋਸਾਇਟੀ ਨੇ ਕੇਸ ਆਪਣੇ ਹੱਥ ਲੈ ਲਿਆ ਹੈ। ਪੰਕਜ ਨਾਲ ਤੁਹਾਨੂੰ ਕਿਸੇ ਨੇ ਦੇਖ ਲਿਆ ਤਾਂ ਮੇਰੇ ਅਤੇ ਸਤਿੰਦਰ ਸਿੰਘ ਵਾਲੀ ਤੁਹਾਡੇ ਨਾਲ ਬਣੂ। ਛਪ ਗਈਆਂ ਸਨ ਨਾ ਸਾਡੀਆਂ ਫੋਟੋਆਂ ਅਖ਼ਬਾਰਾਂ ਵਿਚ।"



ਸੰਤੋਖ ਸਿੰਘ ਨੂੰ ਪੰਕਜ ਪਿਛੋਂ ਲਾਹੁਣ ਲਈ ਸਿੰਗਲੇ ਨੇ ਆਖ਼ਰੀ ਤੀਰ ਛੱਡਿਆ।

ਜਦੋਂ ਦਾ ਸੰਤੋਖ ਸਿੰਘ ਪੰਕਜ ਹੋਰਾਂ ਦਾ ਵਾਕਿਫ਼ ਬਣਿਆ ਸੀ ਸਿੰਗਲੇ ਦਾ ਤੋਰੀ ਫੁਲਕਾ ਬੰਦ ਹੋ ਗਿਆ ਸੀ। ਮੁਲਜ਼ਮਾਂ ਦੇ ਸਾਰੇ ਕੰਮ ਕਰਾਉਣ ਦਾ ਠੇਕਾ ਸੰਤੋਖ ਸਿੰਘ ਨੇ ਲੈ ਲਿਆ ਸੀ। ਜਿਵੇਂ ਉਹ ਸਰਕਾਰੀ ਵਕੀਲ ਨਾ ਹੋ ਕੇ ਮੁਲਜ਼ਮਾਂ ਦਾ ਦਲਾਲ ਹੋਵੇ।

"ਲੋਕ ਸੱਚ ਆਖਦੇ ਹਨ। ਬਾਣੀਆਂ ਦੀ ਕੌਮ ਬੜੀ ਸਿਆਣੀ ਕੌਮ ਹੈ। ਇਹ ਗੱਲ ਮੇਰੇ ਦਿਮਾਗ਼ ਵਿਚ ਨਹੀਂ ਆਈ। ਉਲਟਾ ਤੂੰ ਉਨ੍ਹਾਂ ਨੂੰ ਤਾੜ। ਨਾ ਮੈਨੂੰ ਮਿਲਣ ਨਾ ਫ਼ੋਨ ਕਰਨ।"

ਸਿੰਗਲੇ ਦੇ ਸਾਰੇ ਤੀਰ ਨਿਸ਼ਨੇ 'ਤੇ ਲੱਗੇ।

ਸੌਦਾ ਤੈਅ ਕਰਕੇ ਸਿੰਗਲੇ ਨੇ ਪੰਕਜ ਨੂੰ ਫ਼ੋਨ ਕੀਤਾ। ਪੰਕਜ ਨੇ ਬੰਤ ਸਿੰਘ ਨੂੰ।

ਬੰਤ ਸਿੰਘ ਨੇ ਝੱਟ ਸੰਤੋਖ ਸਿੰਘ ਤੋਂ ਮਿਲਣ ਦਾ ਟਾਈਮ ਲੈ ਲਿਆ।

## -89-

ਜ਼ਿਲ੍ਹਾ ਅਟਾਰਨੀ ਨੇ ਬੰਤ ਸਿੰਘ ਨੂੰ ਪੰਜ ਵਜੇ ਤੋਂ ਬਾਅਦ ਬੁਲਾਇਆ।

ਲੈਣ ਦੇਣ ਵਾਲੇ ਬੰਦਿਆਂ ਨੂੰ ਬੰਤ ਸਿੰਘ ਇਸੇ ਸਮੇਂ ਬੁਲਾਉਂਦਾ ਸੀ। ਉਸ ਸਮੇਂ ਤਕ ਦਫ਼ਤਰ ਦੇ ਕਲਰਕ ਅਤੇ ਸਟੈਨੋ ਛੁੱਟੀ ਕਰਕੇ ਘਰ ਨੂੰ ਮੁੜ ਗਏ ਹੁੰਦੇ ਸਨ। ਅਦਾਲਤੋਂ ਸੁਨੇਹਾ ਆਉਣ ਦਾ ਧੁੜਕੂ ਮੁੱਕ ਜਾਂਦਾ ਸੀ। ਖੁਲ੍ਹ ਕੇ ਗੱਲ ਕਰਨ ਲਈ ਉਸ ਕੋਲ ਵਿਹਲ ਹੀ ਵਿਹਲ ਹੁੰਦੀ ਸੀ।

ਇਸੇ ਨੀਤੀ ਤਹਿਤ ਬੰਤ ਸਿੰਘ ਨੂੰ ਪੰਜ ਵਜੇ ਤੋਂ ਬਾਅਦ ਬੁਲਾਇਆ ਗਿਆ ਸੀ।

ਆਖ਼ਰੀ ਬੰਦੇ ਦੇ ਦਫ਼ਤਰੋਂ ਬਾਹਰ ਨਿਕਲਦਿਆਂ ਹੀ ਬੰਤ ਸਿੰਘ ਨੇ ਸਲੂਟ ਮਾਰ ਦਿੱਤਾ।

"ਆ ਬਈ ਸੰਤ ਸਿਆਂ। ਕਿਥੇ ਰਹਿੰਦਾ ਹੈਂ? ਕਦੇ ਦਰਸ਼ਨ ਨਹੀਂ ਹੁੰਦੇ।"

ਸਹੀ ਵਕਤ 'ਤੇ ਆਏ ਬੰਤ ਸਿੰਘ ਦਾ ਸੰਤੋਖ ਸਿੰਘ ਨੇ ਖਿੜੇ ਮੱਥੇ ਸਵਾਗਤ ਕੀਤਾ।

"ਪਹਿਲਾਂ ਜਨਾਬ ਪੁਲਿਸ ਲਾਈਨ ਵਿਚ ਧੱਕੇ ਖਾਂਦੇ ਸਾਂ। ਮੱਥੇ ਲੱਗਣ ਜੋਗੇ ਨਹੀਂ ਸੀ। ਹੁਣ ਮਿਲਿਆ ਕਰਾਂਗੇ।"

"ਮਿਲਦਾ ਰਿਹਾ ਕਰ ! ਯਾਦ ਹੈ ਆਪਾਂ ਰੋਪੜ ਇਕੱਠੇ ਹੁੰਦੇ ਸੀ। ਉਹੋ ਜਿਹੇ ਦਿਨ ਆਪਾਂ ਇਥੇ ਕੱਟਣੇ ਨੇ। ਦੱਸ ਕਿਸ ਤਰ੍ਹਾਂ ਆਇਐਂ ?"

"ਇਕ ਮਰਿਆ ਸੱਪ ਗਲ ਪੈ ਗਿਆ। ਤੁਹਾਡੇ ਕੋਲੋਂ ਗਲੋਂ ਲਾਹੁਣੈ।"

ਕਮਲ ਕਤਲ ਕੇਸ ਜ਼ਿਲ੍ਹਾ ਅਟਾਰਨੀ ਅੱਗੇ ਰੱਖ ਕੇ ਬੰਤ ਸਿੰਘ ਨੇ ਬਨਾਉਟੀ ਲੇਲੜੀ ਕੱਢੀ।

"ਜੇ ਤੂੰ ਇਸ ਕੇਸ ਨੂੰ ਮਰਿਆ ਸੱਪ ਆਖਦਾ ਹੈਂ ਤਾਂ ਜਿਊਂਦਾ ਸੱਪ ਕਿਹੜਾ ਹੋਊ ! ਸਾਰੀ ਪੁਲਿਸ ਨੇ ਹੱਥ ਰੰਗ ਲਏ।"

"ਰੰਗ ਲਏ ਹੋਣਗੇ ਜਨਾਬ ! ਮੈਨੂੰ ਵਾਹਿਗੁਰੂ ਦੀ ਸਹੁੰ ਮੈਨੂੰ ਕਿਸੇ ਨੇ ਦੁਆਨੀ ਨਹੀਂ ਦਿੱਤੀ।"

"ਇਸ ਤਰ੍ਹਾਂ ਤੁਸੀਂ ਪੁਲਿਸ ਵਾਲੇ ਹਰ ਕੇਸ ਵਿਚ ਆਖਦੇ ਹੋ। ਚੱਲ ਰੋ ਨਾ। ਇਹ ਦੱਸ ਹੇਠਲੇ ਅਫ਼ਸਰਾਂ ਤੋਂ ਚਲਾਨ ਪਾਸ ਕਰਵਾ ਲਿਆ ?"

ਬੰਤ ਸਿੰਘ ਦੇ ਇਸ ਘਸੇ-ਪਿਟੇ ਬਹਾਨੇ ਉਪਰ ਸੰਤੋਖ ਸਿੰਘ ਨੂੰ ਖਿਝ ਆਈ।

"ਏ.ਪੀ.ਪੀ. ਸਾਹਿਬ ਤੋਂ ਕਰਵਾ ਲਿਆ।"

"ਕਿਹੜਾ ਏ.ਪੀ.ਪੀ. ਏ ਤੁਹਾਡਾ ?"

"ਮਹਿੰਦਰ ਸਿੰਘ।"

"ਉਸਨੇ ਸਵਾਹ ਚਲਾਨ ਚੈੱਕ ਕੀਤਾ ਹੋਣੈ। ਜਿਸ ਤਰ੍ਹਾਂ ਲੈ ਕੇ ਗਏ ਹੋਵੋਗੇ ਉਸੇ ਤਰ੍ਹਾਂ ਦਸਤਖ਼ਤ ਕਰਕੇ ਮੋੜ ਦਿੱਤਾ ਹੋਣੈ।"

ਸੰਤੋਖ ਸਿੰਘ ਨੂੰ ਮਹਿੰਦਰ ਸਿੰਘ ਦਾ ਨਾਂ ਸੁਣਕੇ ਹੋਰ ਗੁੱਸਾ ਚੜ੍ਹ ਗਿਆ। ਹੁਣ ਸਾਰੀ ਮਗਜ਼-ਖਪਾਈ ਸੰਤੋਖ ਸਿੰਘ ਨੂੰ ਕਰਨੀ ਪੈਣੀ ਸੀ।

"ਉੱਪ ਜ਼ਿਲ੍ਹਾ ਅਟਾਰਨੀ ਕਿਹੜਾ ਹੈ?"

"ਧਰਮ ਸਿੰਘ! ਉਸਨੂੰ ਬਹੁਤ ਲੱਭਿਆ, ਉਹ ਮਿਲਿਆ ਨਹੀਂ। ਕੱਲ੍ਹ ਨੂੰ ਨੱਬੇ ਦਿਨ ਪੂਰੇ ਹੁੰਦੇ ਹਨ। ਪਹਿਲਾਂ ਸਾਡੇ ਅਫ਼ਸਰ ਕਹਿੰਦੇ ਚਲਾਨ ਪੇਸ਼ ਨਹੀਂ ਕਰਨਾ। ਹੁਣ ਕਹਿੰਦੇ ਹੁਣੇ ਪੇਸ਼ ਕਰੋ। ਤੁਸੀਂ ਉਸਨੂੰ ਛੱਡੋ। ਸਿੱਧੇ ਕਿਰਪਾ ਕਰੋ।"

ਧਰਮ ਸਿੰਘ ਦਾ ਨਾਂ ਸੁਣਕੇ ਸੰਤੋਖ ਸਿੰਘ ਨੂੰ ਕੁਝ ਰਾਹਤ ਮਹਿਸੂਸ ਹੋਈ। ਧਰਮ ਸਿੰਘ ਨੇ ਚਲਾਨ ਦਾ ਅੱਖਰ-ਅੱਖਰ ਪੜ੍ਹਨਾ ਸੀ। ਸਾਰੀਆਂ ਕਮੀਆਂ-ਪੇਸ਼ੀਆਂ ਨੂੰ ਉਸਨੇ ਆਪਣੀ ਟਿਪਣੀ ਵਿਚ ਦਰਜ ਕਰਨਾ ਸੀ। ਇਸ ਨਾਲ ਸੰਤੋਖ ਸਿੰਘ ਨੂੰ ਦੂਹਰਾ ਫ਼ਾਇਦਾ ਹੋਣਾ ਸੀ। ਧਰਮ ਸਿੰਘ ਦੀ ਘੋਖ ਪੜਤਾਲ ਤੋਂ ਬਾਅਦ ਸੰਤੋਖ ਸਿੰਘ ਨੂੰ ਬਹੁਤੀ ਮਿਹਨਤ ਨਹੀਂ ਸੀ ਕਰਨੀ ਪੈਣੀ। ਦੂਜਾ ਉਸਨੇ ਬੰਤ ਸਿੰਘ ਨੂੰ ਗੇੜੇ ਮਰਵਾ-ਮਰਵਾ ਥਕਾ ਦੇਣਾ ਸੀ।

"ਸਰਕਾਰ ਦੀਆਂ ਨਵੀਆਂ ਹਦਾਇਤਾਂ ਆਈਆਂ ਹਨ। ਕਤਲ ਕੇਸ ਉੱਪਜ਼ਿਲ੍ਹਾ ਅਟਾਰਟਨੀ ਕੋਲੋਂ ਪਾਸ ਹੋਣਾ ਜ਼ਰੂਰੀ ਹੈ। ਇਸ ਮੁਕੱਦਮੇ ਦੇ ਬਹੁਤ ਚਰਚੇ ਹਨ। ਕੋਈ ਕਮੀ ਪੇਸ਼ੀ ਰਹਿ ਗਈ ਮੈਨੂੰ ਜਵਾਬ ਦੇਣਾ ਔਖਾ ਹੋ ਜਾਏਗਾ। ਮੈਂ ਕੋਈ ਪੰਗਾ ਨਹੀਂ ਲੈਣਾ। ਮੈਂ ਸਿੱਧਾ ਚਲਾਨ ਪਾਸ ਨਹੀਂ ਕਰਨਾ। ਹਦਾਇਤਾਂ ਦੀ ਪਾਲਨਾ ਕਰੋ।"

"ਤੁਸੀਂ ਉਸ ਉਪਰ ਖਰਚ ਕਿਉਂ ਕਰਾਉਂਦੇ ਹੋ? ਉਸ ਵਾਲੀ ਫ਼ੀਸ ਤੁਸੀਂ ਲੈ ਲਓ।"

ਬੰਤ ਸਿੰਘ ਨੇ ਪਹਿਲਾਂ ਤੋਂ ਤਿਆਰ ਕੀਤਾ ਪੈਕਟ ਜ਼ਿਲ੍ਹਾ ਅਟਾਰਨੀ ਦੇ ਮੇਜ਼ ਉੱਪਰ ਰੱਖ ਦਿੱਤਾ।

"ਕੀ ਹੈ ਇਸ ਵਿਚ ?" ਸੰਤੋਖ ਸਿੰਘ ਪੁਲਿਸ ਦੀਆਂ ਚਾਲਾਂ ਦਾ ਭੇਤੀ ਸੀ। ਬੰਦ ਲਿਫ਼ਾਫ਼ੇ, ਦੇਖਣ ਨੂੰ ਵੱਡੇ ਲਗਦੇ ਸਨ। ਅੰਦਰੋਂ ਦਸ ਦਸ ਦੇ ਨੋਟ ਨਿਕਲਦੇ ਸਨ।

"ਪੂਰੇ ਦੋ ਹਜ਼ਾਰ ਹੈ। ਇਹ ਮੈਂ ਆਪਣੇ ਕੋਲੋਂ ਦੇ ਰਿਹਾਂ।"

"ਹੂੰ! ਆਪਣੇ ਕੋਲੋਂ ਦੇਣ ਵਾਲਾ।" ਸੰਤੋਖ ਸਿੰਘ ਨੂੰ ਬੰਤ ਸਿੰਘ ਦੀ ਇਸ ਫੜ੍ਹ ਉਪਰ ਖਿਝ ਆਈ। ਪਰ ਇਹ ਸ਼ਬਦ ਉਸਨੇ ਆਪਣੇ ਮੂਹੋਂ ਬਾਹਰ ਨਹੀਂ ਕੱਢੇ।

"ਬਸ ? ਏਡਾ ਵੱਡਾ ਕੇਸ ਹੈ! ਤਕੜੀ ਅਸਾਮੀ ਹੈ! ਫ਼ੀਸ ਕੇਵਲ ਦੋ ਹਜ਼ਾਰ!"

"ਤੁਹਾਨੂੰ ਉਹ ਮਿਲਕੇ ਨਹੀਂ ਗਏ ਜਨਾਬ? ਮੈਨੂੰ ਕਹਿੰਦੇ ਅਸੀਂ ਮੱਥੇ ਲਗ ਆਏ।"

"ਕੀ ਸਵਾਹ ਮਿਲ ਗਏ। ਵਿਚ ਵਕੀਲ ਪਾ ਲਿਆ। ਉਹ ਆਪਣਾ ਹਿੱਸਾ ਮੰਗ ਰਿਹੈ।"

ਭਰਿਆ ਪੀਤਾ ਸੰਤੋਖ ਸਿੰਘ ਗੁੱਸਾ ਕੱਢਣ ਲੱਗਾ।

"ਜਨਾਬ ਸਾਨੂੰ ਅਸਲੀਅਤ ਦਾ ਕੀ ਪਤੈ ? ਮੈਨੂੰ ਕਹਿੰਦੇ ਸਾਡੀ ਸਾਹਿਬ ਨਾਲ ਇਕੋ ਗੱਲ ਹੈ। ਘਰ ਆਉਣ ਜਾਣ ਹੈ। ਬੁੱਕਲ ਸਾਂਝੀ ਹੈ। ਮੈਨੂੰ ਕੀ ਪਤਾ ਸੀ ਵਿਚ ਵਕੀਲ



ਪਾ ਲੈਣਗੇ। ਨਹੀਂ ਤਾਂ ਮੈਂ ਸਿੱਧੀ ਗੱਲ ਕਰਾਉਂਦਾ।"

"ਹੁਣ ਕਿਹੜਾ ਬਿੱਲੀ ਨਿੱਛ ਗਈ! ਹੁਣ ਕਰ ਲੈ ਗੱਲ! ਡਰਾ ਦੇ ਸਾਲਿਆਂ ਨੂੰ। ਆਖਦੇ ਉਨ੍ਹਾਂ ਨੇ ਵਕੀਲ ਦੀ ਨਹੀਂ ਮੰਨੀ।"

"ਦੇਖ ਲਉ। ਥੁੱਕ ਕੇ ਚੱਟਣਾ ਚੰਗਾ ਨਹੀਂ ਲਗਦਾ। ਨਾਲੇ ਵਕੀਲ ਨਰਾਜ਼ ਹੋਊ।"

ਬੰਤ ਸਿੰਘ ਕਟਾਕਸ਼ ਕਰਨ ਲੱਗਾ।

"ਤੂੰ ਆਹ ਚੱਕ ਆਪਣਾ ਦੋ ਹਜ਼ਾਰ। ਧਰਮ ਸਿੰਘ ਕੋਲ ਜਾ। ਇਹ ਫ਼ੀਸ ਉਸਨੂੰ ਦੇ। ਚਲਾਨ ਚੈੱਕ ਕਰਵਾ। ਮੈਂ ਹੁਕਮ ਕਰ ਦਿੰਦਾ ਹਾਂ। ਉਹ ਹੁਣੇ ਚਲਾਨ ਚੈੱਕ ਕਰਕੇ ਵਾਪਸ ਕਰੇਗਾ। ਮੈਂ ਸਾਰਾ ਬੋਝ ਆਪਣੇ ਸਿਰ ਕਿਉਂ ਲਵਾਂ? ਕੰਮ ਕਾਇਦੇ ਅਨੁਸਾਰ ਕਿਉਂ ਨਾ ਹੋਵੇ?"

ਦੋਹਾਂ ਪਾਸਿਆਂ ਤੋਂ ਚੰਗੀ ਫ਼ੀਸ ਨਾ ਮਿਲਣ 'ਤੇ ਉਦਾਸ ਹੋਇਆ ਸੰਤੋਖ ਸਿੰਘ ਕੰਮ ਵਿਚ ਟੰਗ ਅੜਾਉਣ ਲੱਗਾ।

"ਉਸਨੂੰ ਵਿਚੋਂ ਕੱਢੋ। ਮੈਨੂੰ ਕਪਤਾਨ ਸਾਹਿਬ ਨੇ ਆਖ ਕੇ ਭੇਜਿਆ ਹੈ। ਉਨ੍ਹਾਂ ਵੱਲੋਂ ਵੀ ਬੇਨਤੀ ਹੈ। ਆਖੋ ਤਾਂ ਫ਼ੋਨ 'ਤੇ ਗੱਲ ਕਰਵਾ ਦਿੰਦਾ ਹਾਂ।"

ਨੱਬੇ ਦਿਨ ਪੂਰੇ ਹੋਣ ਦੀ ਮਜਬੂਰੀ। ਕਪਤਾਨ ਦੀ ਦਖ਼ਲ-ਅੰਦਾਜ਼ੀ। ਸੰਤੋਖ ਸਿੰਘ ਕੋਲ ਹਥਿਆਰ ਸੁੱਟਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

ਲਿਫ਼ਾਫ਼ੇ ਨੂੰ ਜੇਬ ਵਿਚ ਪਾ ਕੇ ਸੰਤੋਖ ਸਿੰਘ ਮਿਸਲ ਪੜ੍ਹਨ ਲੱਗਾ।

"ਕਮਾਲ ਹੈ ਬਈ! ਹਾਲੇ ਤਕ ਮਜ਼ਰੂਬਾਂ ਦੇ ਬਿਆਨ ਨਹੀਂ ਲਿਖੇ? ਕਿਸ ਗਵਾਹ ਦੇ ਬਿਆਨ ਵਿਚ ਆਇਐ ਕਿ ਕਤਲ ਉਸਦੇ ਸਾਹਮਣੇ ਹੋਇਐ? ਕੁੜੀ ਕਿੱਥੇ ਕਹਿੰਦੀ ਹੈ ਕਿ ਕਿਸ ਮੁਲਜ਼ਮ ਨੇ ਉਸ ਨਾਲ ਬਲਾਤਕਾਰ ਕੀਤੈ? ਵੇਦ ਵੀ ਖ਼ਾਮੋਸ਼ ਹੈ। ਕਿਸ ਮੁਲਜ਼ਮ ਨੇ ਉਸਨੂੰ ਸੱਟ ਮਾਰੀ? ਉਸਦੇ ਬਿਆਨ ਵਿਚ ਕਿਧਰੇ ਜ਼ਿਕਰ ਨਹੀਂ?"

"ਤੁੱਥ-ਮੱਥ ਕੀਤਾ ਹੈ। ਪਹਿਲੇ ਤਫ਼ਤੀਸ਼ੀ ਨੇ ਕੱਖ ਨਹੀਂ ਕੀਤਾ। ਤਿੰਨ ਮਹੀਨੇ ਬਾਅਦ ਜੇ ਮੈਂ ਬਿਆਨ ਲਿਖਾਂ ਉਸਦੀ ਕੋਈ ਅਹਿਮੀਅਤ ਨਹੀਂ। ਜਿਸ ਤਰ੍ਹਾਂ ਹੈ ਉਸੇ ਤਰ੍ਹਾਂ ਰਹਿਣ ਦਿਓ।"

ਮੈਂ ਦੇਖ ਲਿਆ। ਬਿਨਾਂ ਪੜ੍ਹੇ ਇਹ ਚਲਾਨ ਪਾਸ ਕਰਨ ਵਾਲਾ ਨਹੀਂ। ਰੱਖ ਜਾ। ਮੈਂ ਪੜ੍ਹ ਲਵਾਂ।"

ਸੰਤੋਖ ਸਿੰਘ ਹਰ ਹੀਲੇ ਕੇਸ ਨੂੰ ਲਟਕਾਉਣ ਦਾ ਯਤਨ ਕਰ ਰਿਹਾ ਸੀ।

"ਮੈਂ ਬਾਹਰ ਬੈਠਦਾ ਹਾਂ। ਤੁਸੀਂ ਪੜ੍ਹ ਲਓ।" ਉਸੇ ਹੁਸ਼ਿਆਰੀ ਨਾਲ ਬੰਤ ਸਿੰਘ ਉਸਨੂੰ ਕੱਟਣ ਦਾ ਯਤਨ ਕਰ ਰਿਹਾ ਸੀ।

"ਮੈਂ ਕੋਈ ਕੰਪਿਊਟਰ ਹਾਂ। ਮਿਸਲ ਪੜ੍ਹਾਂਗਾ। ਸਮਝਾਂਗਾ। ਫੇਰ ਕੁਝ ਪੱਲੇ ਪਏਗਾ। ਫੇਰ ਤੇਰੇ ਪੱਲੇ ਪਾਵਾਂਗਾ।"

"ਤੁਸੀਂ ਬਹੁਤੀ ਮੀਨ-ਮੇਖ ਛੱਡੋ। ਤੁਸੀਂ ਮਿਸਲ ਪੜ੍ਹ ਲਓ। ਸ਼ਾਮ ਨੂੰ ਮੈਂ ਕੋਠੀ ਆਵਾਂਗਾ। ਮਹਾਰਾਜਾ ਹੋਟਲ ਚੱਲਾਂਗੇ। ਬਹੁਤ ਦੇਰ ਹੋ ਗਈ ਇਕੱਠੇ ਬੈਠਿਆਂ ਨੂੰ। ਜਸ਼ਨ ਮਨਾਵਾਂਗੇ।"

"ਸ਼ਾਮ ਦਾ ਪ੍ਰੋਗਰਾਮ ਕਿਸੇ ਹੋਰ ਨਾਲ ਹੈ। ਤੂੰ ਸਵੇਰੇ ਮਿਸਲ ਲੈ ਜਾਈਂ।"

ਸੰਤੋਖ ਸਿੰਘ ਦੋ ਘੁੱਟ ਦਾਰੂ 'ਤੇ ਧਿਜਨ ਵਾਲਾ ਨਹੀਂ।

ਬੰਤ ਸਿੰਘ ਸੰਤੋਖ ਸਿੰਘ ਨੂੰ ਕਾਬੂ ਕਰਨ ਵਿਚ ਅਸਫ਼ਲ ਰਿਹਾ ਸੀ। ਹਾਰ ਕੇ ਉਸਨੇ

ਤੇਵਰ ਢਿੱਲੇ ਕਰਨੇ ਸ਼ੁਰੂ ਕੀਤੇ।

"ਜਨਾਬ ਮੇਰੇ ਨਾਲ ਖੁੱਲ੍ਹ ਕੇ ਗੱਲ ਕਰੋ। ਮੈਂ ਮੁਲਜ਼ਮਾਂ ਨੂੰ ਤਾੜ ਦਿੰਦਾ ਹਾਂ। ਦਸੋ ਕਿੰਨੇ ਦੇ ਗਏ? ਕਿੰਨੇ ਹੋਰ ਚਾਹੀਦੇ ਹਨ?"

"ਪੰਜ ਆਇਆ ਹੈ। ਘੱਟੋ-ਘੱਟ ਪੰਦਰਾਂ ਤਾਂ ਹੋਰ ਮਿਲੇ!"

"ਮੈਂ ਕਰਦਾ ਹਾਂ ਗੱਲ! ਕੁਝ ਨਾ ਕੁਝ ਹੋਰ ਕਢਾਉਂਦਾ ਹਾਂ। ਪਰ ਮੈਂ ਚਲਾਨ ਅੱਜ ਪਾਸ ਜ਼ਰੂਰ ਕਰਾਉਣਾ ਹੈ।"

"ਗੱਲ ਕਰਕੇ ਦੱਸ ਕੀ ਕਹਿੰਦੇ ਹਨ? ਜੇ ਉਹ ਪੰਦਰਾਂ ਦਿੰਦੇ ਹਨ ਆਪਾਂ ਹੁਣੇ ਬੈਠ ਜਾਂਦੇ ਹਾਂ।"

ਸੰਤੋਖ ਸਿੰਘ ਕਾਹਲਾ ਪੈਣ ਲੱਗਾ।

ਬੰਤ ਸਿੰਘ ਨੇ ਫ਼ੋਨ ਘੁਮਾਇਆ। ਮੁਲਜ਼ਮਾਂ ਨੂੰ ਥਾਣੇ ਬੁਲਾਇਆ।

"ਤੁਸੀਂ ਕਮੀਆਂ ਨੋਟ ਕਰੋ। ਮੈਂ ਇੰਨੇ ਵਿਚ ਉਨ੍ਹਾਂ ਤੋਂ ਫ਼ੀਸ ਫੜ ਲਿਆਵਾਂ। ਉਨ੍ਹਾਂ ਨੂੰ ਤੁਹਾਡੇ ਦਫ਼ਤਰ ਬੁਲਾਉਣਾ ਖ਼ਤਰਨਾਕ ਹੈ।"

ਦਸਾਂ ਮਿੰਟਾਂ ਬਾਅਦ ਬੰਤ ਸਿੰਘ ਦਾ ਫ਼ੋਨ ਆ ਗਿਆ।

"ਫ਼ੀਸ ਮਿਲ ਗਈ। ਮੈਂ ਮਹਾਰਾਜਾ ਵਿਚੋਂ ਬੋਲ ਰਿਹਾ ਹਾਂ। ਤੁਹਾਡਾ ਇੰਤਜ਼ਾਰ ਕਰ ਰਿਹਾ ਹਾਂ।"

ਪੰਦਰਾਂ ਹਜ਼ਾਰ ਦੇ ਨੋਟ। ਨਾਲੇ ਤਿੰਨ ਤਾਰਾ ਹੋਟਲ ਵਿਚ ਬੈਠਣ ਦਾ ਸੱਦਾ।

ਸੰਤੋਖ ਸਿੰਘ ਦੀਆਂ ਬਾਗਾਂ ਖਿੜ ਗਈਆਂ।

## -90-

ਪਹਿਲਾ ਪੈੱਗ ਅੰਦਰ ਜਾਂਦੇ ਹੀ ਸੰਤੋਖ ਸਿੰਘ ਦਾ ਥਕੇਵਾਂ ਲਹਿ ਗਿਆ। ਦੂਜੇ ਪੈੱਗ ਨੇ ਉਸਨੂੰ ਤਾਜ਼ਾ ਦਮ ਕਰ ਦਿੱਤਾ।

ਪੰਦਰਾਂ ਹਜ਼ਾਰ ਦੇ ਨੋਟਾਂ ਨੇ ਉਸਦੇ ਦਿਮਾਗ਼ ਦੀਆਂ ਖਿੜਕੀਆਂ ਖੋਲ੍ਹ ਦਿੱਤੀਆਂ। ਕੰਪਿਊਟਰ ਵਾਂਗ ਉਹ ਮੁਕੱਦਮੇ ਦੀਆਂ ਖਾਮੀਆਂ ਫੜਨ ਲੱਗਾ।

ਇਥੇ ਬੰਤ ਸਿੰਘ ਦਾ ਕੋਈ ਕੰਮ ਨਹੀਂ ਸੀ। ਸੰਤੋਖ ਸਿੰਘ ਨੇ ਖ਼ਾਮੀਆਂ ਫੜਨੀਆਂ ਸਨ। ਰੀਡਰ ਨੇ ਦੂਰ ਕਰਨੀਆਂ ਸਨ। ਬੰਤ ਸਿੰਘ ਨੂੰ ਕਬਾਬ ਵਿਚ ਹੱਡੀ ਨਹੀਂ ਸੀ ਬਨਣਾ ਚਾਹੀਦਾ।

ਬੰਤ ਸਿੰਘ ਨੇ ਹੋਟਲ ਦੇ ਮੈਨੇਜਰ ਨੂੰ ਹਦਾਇਤ ਕੀਤੀ। ਇਸ ਖ਼ਰਚੇ ਨੂੰ ਵਗਾਰ ਨਾ ਸਮਝਿਆ ਜਾਵੇ। ਬਿਲ ਦਾ ਭੁਗਤਾਨ ਪੰਕਜ ਕਰੇਗਾ। ਚੀਜ਼ ਵਸਤ ਵਰਤਾਉਣ ਵਿਚ ਕਿਰਸ ਨਾ ਕੀਤੀ ਜਾਵੇ।

ਸਾਹਿਬ ਦਾ ਫ਼ੋਨ ਆਉਣ ਦੇ ਬਹਾਨੇ ਬੰਤ ਸਿੰਘ ਉਥੋਂ ਖਿਸਕ ਗਿਆ।

ਤੁਰਨ ਤੋਂ ਪਹਿਲਾਂ ਉਸਨੇ ਰੀਡਰ ਨੂੰ ਹਦਾਇਤ ਕੀਤੀ। ਜੇ ਚਲਾਨ 'ਤੇ ਪਹਿਲਾਂ ਦਸਤਖ਼ਤ ਹੋ ਜਾਣ ਤਾਂ ਠੀਕ। ਨਹੀਂ ਤਾਂ ਜਦੋਂ ਸੰਤੋਖ ਸਿੰਘ ਖਾਣੇ ਦਾ ਆਰਡਰ ਲਿਖਵਾਵੇ ਰੀਰਡ ਬੰਤ ਸਿੰਘ ਨੂੰ ਫ਼ੋਨ ਕਰ ਦੇਵੇ। ਉਹ ਵਾਪਸ ਆ ਕੇ ਆਪੇ ਚਲਾਨ ਪਾਸ ਕਰਵਾ ਲਏਗਾ।

"ਪੰਕਜ ਅਤੇ ਨੀਰਜ ਨੂੰ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਜ਼ਿਸ਼



ਹੁੰਦੀ ਕਿਸ ਗਵਾਹ ਨੇ ਸੁਣੀ ਸੀ? ਉਹ ਬਿਆਨ ਕਿਥੇ ਹੈ? ਮੈਨੂੰ ਲੱਭ ਨਹੀਂ ਰਿਹਾ।"

ਬੰਤ ਸਿੰਘ ਦੇ ਤੁਰ ਜਾਣ 'ਤੇ ਖੁਲ੍ਹ ਮਹਿਸੂਸ ਕਰਦੇ ਸੰਤੋਖ ਸਿੰਘ ਨੇ ਪਹਿਲਾ ਨੁਕਤਾ ਉਠਾਇਆ।

"ਉਹ ਬੇ-ਕਸੂਰ ਸਾਬਤ ਹੋ ਗਏ ਹਨ। ਅਫ਼ਸਰਾਂ ਨੇ ਉਹ ਬਿਆਨ ਲੁਹਾ ਦਿੱਤਾ। ਉਸ ਬਿਆਨ ਦੀ ਹੁਣ ਕੋਈ ਜ਼ਰੂਰਤ ਨਹੀਂ।"

"ਬਹੁਤ ਜ਼ਰੂਰਤ ਹੈ। ਪੁਲਿਸ ਰਿਮਾਂਡ ਲੈਣ ਸਮੇਂ ਉਸ ਬਿਆਨ ਦਾ ਜ਼ਿਕਰ ਦਰਖ਼ਾਸਤ ਵਿਚ ਕੀਤਾ ਗਿਆ ਸੀ। ਮੁਦਈ ਧਿਰ ਨੇ ਆਖਣੈ ਪੁਲਿਸ ਨੇ ਉਹ ਬਿਆਨ ਖੁਰਦ-ਬੁਰਦ ਕਰ ਦਿੱਤੈ। ਮਿਸਲ ਵਿਚ ਰੱਦੋ-ਬਦਲ ਕਰ ਦਿੱਤੀ। ਪਹਿਲਾ ਬਿਆਨ ਜੇ ਹੈ ਤਾਂ ਉਹ ਲਾ। ਨਹੀਂ ਨਵਾਂ ਲਿਖ!"

"ਕਿਸ ਗਵਾਹ ਦਾ ਬਿਆਨ ਲਿਖਾਂ ਜਨਾਬ?"

"ਜਿਸਦਾ ਪਹਿਲਾਂ ਲਿਖਿਆ ਸੀ। ਕਹਾਣੀ ਨੂੰ ਕੁਦਰਤੀ ਰੰਗ ਦੇ। ਸਾਜ਼ਿਸ਼ ਫੈਕਟਰੀ ਵਿਚ ਘੜੀ ਦਿਖਾ। ਉਨ੍ਹਾਂ ਦੇ ਮੁਨੀਮ ਨੂੰ ਗਵਾਹ ਬਣਾ। ਸਾਜ਼ਿਸ਼ਾਂ ਸੱਤ ਦਰਵਾਜ਼ਿਆਂ ਅੰਦਰ ਬੰਦ ਹੋ ਕੇ, ਖਾਸ-ਖਾਸ ਬੰਦਿਆਂ ਵਿਚ ਬੈਠ ਕੇ ਘੜੀਆਂ ਜਾਂਦੀਆਂ ਹਨ।"

"ਠੀਕ ਹੈ ਜਨਾਬ! ਲਿਖ ਦਿੰਦਾ ਹਾਂ।"

"ਤੂੰ ਉਸਦਾ ਬਿਆਨ ਚੇਪ! ਮੈਂ ਸਿਮਲ ਅੱਗੇ ਪੜ੍ਹਦਾ ਹਾਂ।"

"ਗਵਾਹਾਂ ਤੋਂ ਮੁਲਜ਼ਮਾਂ ਦੀ ਸ਼ਨਾਖ਼ਤ ਨਹੀਂ ਕਰਵਾਈ?"

"ਨਹੀਂ ਜਨਾਬ! ਇਕ ਗਵਾਹ ਹਾਲੇ-ਤੱਕ ਬੇਹੋਸ਼ ਹੈ। ਦੂਜੇ ਦੇ ਜੁਬਾੜੇ ਦੀ ਹੱਡੀ ਟੁੱਟੀ ਹੋਈ ਹੈ। ਨਾ ਬੋਲਣ ਦੇ ਕਾਬਲ ਸੀ ਨਾ ਤੁਰਨ ਫਿਰਨ ਦੇ। ਕੁੜੀ ਨੂੰ ਨਾ ਘਰ ਦੇ ਮੁਲਜ਼ਮਾਂ ਸਾਹਮਣੇ ਕਰਨਾ ਚਾਹੁੰਦੇ ਸਨ, ਨਾ ਡਾਕਟਰ। ਸ਼ਨਾਖ਼ਤ ਪਰੇਡ ਕਿਸ ਤਰ੍ਹਾਂ ਹੁੰਦੀ?"

"ਇਸ ਮਜਬੂਰੀ ਦਾ ਜ਼ਿਕਰ ਜਿਮਨੀ ਵਿਚ ਕੀਤਾ ਹੈ? ਜੇ ਨਹੀਂ ਤਾਂ ਹੁਣ ਕਰ! ਕੱਲ੍ਹ ਨੂੰ ਮੁਦਈ ਧਿਰ ਨੇ ਆਖਣਾ ਹੈ ਸਾਨੂੰ ਕਿਸੇ ਨੇ ਬੁਲਾਇਆ ਨਹੀਂ। ਅਸੀਂ ਸ਼ਨਾਖ਼ਤ ਕਰਨ ਲਈ ਤਿਆਰ ਸੀ। ਪਿਛੋਂ ਤਫ਼ਤੀਸ਼ੀ ਨੂੰ ਅਦਾਲਤ ਵਿਚ ਸ਼ਹਾਦਤ ਦੇਣ ਗਏ ਨੂੰ ਖਹਿੜਾ ਛੁਡਾਉਣਾ ਔਖਾ ਹੋ ਜਾਏਗਾ।"

"ਲਓ ਜਨਾਬ।"

"ਇਸ ਖ਼ਾਮੀ ਨੂੰ ਦੂਰ ਕਰਨ ਲਈ ਅਜਿਹੇ ਗਵਾਹ ਖੜ੍ਹੇ ਕਰ, ਜਿਨ੍ਹਾਂ ਸਾਹਮਣੇ ਦੋਸ਼ੀਆਂ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ ਹੋਵੇ। ਮਤਲਬ ਗੈਰ-ਅਦਾਲਤੀ ਇਕਬਾਲੀਆ ਬਿਆਨ ਲਿਖ।"

"ਵੇਦ ਅਤੇ ਨੇਹਾ ਦੇ ਤਤੀਮੇ ਬਿਆਨ ਲਿਖ। ਇਨ੍ਹਾਂ ਵਿਚ ਮੁਲਜ਼ਮਾਂ ਦੇ ਨਾਂ ਅਤੇ ਹੁਲੀਏ ਲਿਖ। ਪੰਚਮ ਨੂੰ ਕਮਲ ਦਾ ਕਤਲ ਕਰਦੇ ਦਿਖਾ। ਦੀਨੇ ਨੂੰ ਬਲਾਤਕਾਰ। ਠੇਕੇਦਾਰ ਨੀਲਮ ਦੇ ਸੱਟਾਂ ਮਾਰੇ ਅਤੇ ਕਾਲੀਆ ਵੇਦ ਦੇ। ਪੰਡਿਤ ਤੋਂ ਲੁੱਟ-ਖਸੁੱਟ ਕਰਵਾ।"

"ਇਸ ਤਰਾਂ ਕਰਨ ਨਾਲ ਦੋਸ਼ੀਆਂ ਦਾ ਨੁਕਸਾਨ ਹੋ ਜਾਏਗਾ। ਸਾਡੇ ਅਫ਼ਸਰ ਨਰਾਜ਼ ਹੋਣਗੇ। ਜੇ ਗਵਾਹ ਇਸੇ ਤਰ੍ਹਾਂ ਗਵਾਹੀ ਦੇ ਗਏ ਫੇਰ?"

"ਕਿਸੇ ਦਾ ਨੁਕਸਾਨ ਹੁੰਦਾ ਹੈ ਹੁੰਦਾ ਰਹੇ। ਮੈਂ ਕੱਚਾ ਚਲਾਨ ਪਾਸ ਨਹੀਂ ਕਰਨਾ। ਅਫ਼ਸਰਾਂ ਨੂੰ ਰਿਆਇਤ ਮਨਜ਼ੂਰ ਹੈ ਪੰਕਜ ਅਤੇ ਨੀਰਜ ਦੀ। ਉਸਦਾ ਹੱਲ ਆਪਣੇ ਕੋਲ ਹੈ। ਗਵਾਹ ਉਨ੍ਹਾਂ ਦੀ ਮਰਜ਼ੀ ਦੇ ਖੜ੍ਹੇ ਕਰ। ਜਿਹੜੇ ਉਨ੍ਹਾਂ ਦੇ ਆਖੇ ਅਦਾਲਤ ਵਿੱਚ ਮੁੱਕਰ ਜਾਣ। ਇਸ ਤਰ੍ਹਾਂ ਕਰਨ ਨਾਲ ਨਾਲੇ ਸੱਪ ਮਰ ਜਾਏਗਾ ਨਾਲੇ ਸੋਟੀ ਬਚ ਰਹੇਗੀ।

ਅਸੀਂ ਆਖ ਸਕਾਂਗੇ ਮਿਸਲ 'ਤੇ ਸਬੂਤ ਲਿਆਂਦੇ ਗਏ ਸਨ। ਗਵਾਹ ਮੁੱਕਰ ਗਏ ਤਾਂ ਅਸੀਂ ਕੀ ਕਰੀਏ?"

"ਕਮਾਲ ਹੈ ਜਨਾਬ ਦੇ ਦਿਮਾਗ਼ ਦੀ। ਮੈਂ ਬਹੁਤ ਸਿਆਣੇ-ਸਿਆਣੇ ਥਾਣੇਦਾਰਾਂ ਨਾਲ ਕੰਮ ਕੀਤਾ ਹੈ। ਤੁਹਾਡੇ ਵਰਗੀ ਹੁਸ਼ਿਆਰੀ ਪਹਿਲੀ ਵਾਰੀ ਦੇਖੀ ਹੈ। ਬੜੀ ਚੁਸਤੀ ਨਾਲ ਮਿਸਲ ਬਣਾਈ ਹੈ। ਸਭ ਦੀਆਂ ਪੌਂ ਬਾਰਾਂ ਹੋ ਗਈਆਂ।"

"ਫੂਕ ਨਾ ਛਕਾ। ਕੰਮ ਕਰ।"

ਅੱਧੀ ਰਾਤ ਤਕ ਸੰਤੋਖ ਸਿੰਘ ਖਾਮੀਆਂ ਫੜਦਾ ਰਿਹਾ। ਰੀਡਰ ਉਨ੍ਹਾਂ ਨੂੰ ਦੂਰ ਕਰਦਾ ਰਿਹਾ।

ਕੁਝ ਗਵਾਹ ਰੀਡਰ ਨੇ ਆਪਣੀ ਮਰਜ਼ੀ ਦੇ ਘਸੋੜ ਲਏ। ਗਵਾਹੀ ਸਮੇਂ ਉਹ ਉਨ੍ਹਾਂ ਦਾ ਮੁੱਲ ਵੱਟੇਗਾ। ਰੀਡਰ ਆਖੇਗਾ ਉਹ ਗਵਾਹੀ ਦੇਣਗੇ। ਆਖੇਗਾ ਮੁੱਕਰ ਜਾਣਗੇ।

ਸਭ ਦੇ ਉੱਲੂ ਸਿੱਧੇ ਹੁੰਦਿਆਂ ਹੀ ਚਲਾਨ ਪਾਸ ਹੋ ਗਿਆ।

## -91-

ਚਲਾਨ ਦੇ ਅਦਾਲਤ ਵਿਚ ਪੇਸ਼ ਹੁੰਦਿਆਂ ਹੀ ਸੋਸਾਇਟੀ ਦੀਆਂ ਵੱਖ-ਵੱਖ ਇਕਾਈਆਂ ਆਪਣੇ ਆਪ ਹਰਕਤ ਵਿਚ ਆ ਗਈਆਂ।

ਸੋਸਾਇਟੀ ਦਾ ਸ਼ਕਤੀਸ਼ਾਲੀ ਪ੍ਰਾਪੇਗੰਡਾ ਸੈੱਲ ਸੀਨੀਅਰ ਐਡਵੋਕੇਟ ਸੁਰਿੰਦਰ ਨਾਥ ਦੀ ਦੇਖ-ਰੇਖ ਵਿਚ ਕੰਮ ਕਰਦਾ ਸੀ। ਉਹ ਐਲ.ਐਲ਼.ਐਮ. ਪਾਸ ਸੀ। 'ਫੌਜਦਾਰੀ ਨਿਆਂ-ਪ੍ਰਬੰਧ' ਉਪਰ ਉਸਨੇ ਖੋਜ ਕੀਤੀ ਸੀ। ਉਸਦੇ ਖੋਜ-ਪੱਤਰ ਦੇਸ਼ ਦੇ ਪ੍ਰਸਿੱਧ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪਦੇ ਸਨ। ਪੰਜਾਬ ਪੁਲਿਸ ਅਕਾਦਮੀ ਦਾ ਉਹ ਵਿਜ਼ਟਿੰਗ ਪ੍ਰੋਫ਼ੈਸਰ ਸੀ। ਅਦਾਲਤਾਂ ਅਤੇ ਪੁਲਿਸ ਦੇ ਕੰਮ-ਕਾਜ ਦਾ ਉਸਨੂੰ ਡੂੰਘਾ ਅਧਿਐਨ ਸੀ। ਬਹਿਸ-ਮੁਬਾਹਸਿਆਂ ਲਈ ਉਸਨੂੰ ਰੇਡੀਓ ਅਤੇ ਟੀ.ਵੀ. ਉਪਰ ਬੁਲਾਇਆ ਜਾਂਦਾ ਸੀ। ਕਾਨੂੰਨ ਦੇ ਮੁਲਜ਼ਮਾਂ ਦੇ ਹੱਕ ਵਿਚ ਭੁਗਤਣ ਦੇ ਰੁਝਾਨ ਤੋਂ ਉਹ ਬਹੁਤ ਦੁਖੀ ਸੀ। ਇਸ ਲਈ ਮੁਲਜ਼ਮਾਂ ਹੱਥੋਂ ਪੀੜਤ ਹੋਏ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਾ ਸੀ।

ਇਹ ਸੈੱਲ ਮੁਕੱਦਮੇ ਦੀਆਂ ਖਾਮੀਆਂ ਦੇ ਨਾਲ-ਨਾਲ ਮੁਕੱਦਮੇ ਨਾਲ ਜੁੜੇ ਹਰ ਅਫ਼ਸਰ ਦੀਆਂ ਗਤੀਵਿਧੀਆਂ ਉਪਰ ਨਜ਼ਰ ਰੱਖਦਾ ਸੀ। ਅਫ਼ਸਰਾਂ ਦੀਆਂ ਅਣਗਹਿਲੀਆਂ ਅਤੇ ਲਾਪਰਵਾਹੀਆਂ ਨੂੰ ਮੀਡੀਏ ਰਾਹੀਂ ਲੋਕਾਂ ਸਾਹਮਣੇ ਲਿਆਉਂਦਾ ਸੀ। ਇਸ ਤਰ੍ਹਾਂ ਮੁਕੱਦਮੇ ਦੇ ਛਪੇ ਤੱਥ ਅਤੇ ਪੱਖ ਜੱਜਾਂ ਸਾਹਮਣੇ ਆਉਂਦੇ ਸਨ। ਅਖ਼ਬਾਰਾਂ ਰਾਹੀਂ ਮਿਲੀ ਜਾਣਕਾਰੀ ਜੱਜਾਂ ਦੇ ਮਨਾਂ ਨੂੰ ਪ੍ਰਭਾਵਿਤ ਕਰਦੀ ਸੀ। ਪ੍ਰਭਾਵਿਤ ਹੋਏ ਮਨ ਸਹੀ ਫੈਸਲਾ ਕਰਨ ਲਈ ਪ੍ਰੇਰਿਤ ਹੁੰਦੇ ਸਨ। ਇਹੋ ਇਸ ਸੈੱਲ ਦਾ ਉਦੇਸ਼ ਸੀ।

ਮੁਕੱਦਮੇ ਦੇ ਕਾਨੂੰਨੀ ਨੁਕਤਿਆਂ ਦੀ ਘੋਖ ਕਰਨ ਦੀ ਜ਼ਿੰਮੇਵਾਰੀ ਲੀਗਲ ਸੈੱਲ ਦੀ ਸੀ। ਇਹ ਸੈੱਲ ਫ਼ੌਜਦਾਰੀ ਕਾਨੂੰਨ ਦੇ ਤਿੰਨ ਮਾਹਿਰ ਵਕੀਲਾਂ ਰਾਹੀਂ ਚਲਾਇਆ ਜਾ ਰਿਹਾ ਸੀ। ਊਧਮ ਸਿੰਘ ਸੈੱਲ ਦਾ ਸਰਪ੍ਰਸਤ ਸੀ। ਉਸਦੀ ਲਿਆਕਤ ਦਾ ਸਿੱਕਾ ਦਿੱਲੀ ਤਕ ਚਲਦਾ ਸੀ। ਵੈਸੇ ਉਸਦੀ ਫ਼ੀਸ ਇਕ ਲੱਖ ਰੁਪਿਆ ਸੀ। ਸੋਸਾਇਟੀ ਦੀ ਸੇਵਾ ਉਹ ਮੁਫ਼ਤ ਕਰਦਾ ਸੀ।

ਊਧਮ ਸਿੰਘ ਨੇ ਆਪਣੇ ਚੇਲਿਆਂ ਨੂੰ ਸਰਗਰਮ ਕੀਤਾ। ਉਹ ਇਕ-ਇਕ ਗਵਾਹ



ਦਾ ਬਿਆਨ ਪੜ੍ਹਨ। ਜ਼ਿਮਨੀਆਂ ਦਾ ਅਧਿਐਨ ਕਰਨ। ਡਾਕਟਰੀ ਰਿਪੋਰਟਾਂ ਘੋਖਣ। ਖ਼ਾਮੀਆਂ ਨੂੰ ਫੜਨ। ਊਧਮ ਸਿੰਘ ਨੂੰ ਦੱਸਣ।

ਸੋਸਾਇਟੀ ਦੀ ਨਿਸ਼ਕਾਮ ਸੇਵਾ ਨੇ ਕਈ ਸਮਾਜ-ਸੇਵੀ ਸੰਸਥਾਵਾਂ ਅਤੇ ਸਮਾਜ ਸੇਵਕਾਂ ਨੂੰ ਪ੍ਰੇਰਿਤ ਕੀਤਾ ਸੀ। ਕੁਝ ਸੇਵਾ-ਮੁਕਤ ਪੁਲਿਸ ਅਫ਼ਸਰ, ਮਾਲ ਅਫ਼ਸਰ, ਹੱਥ-ਲਿਖਤ ਮਾਹਿਰ, ਡਾਕਟਰ ਅਤੇ ਪ੍ਰਾਈਵੇਟ ਜਾਸੂਸਾਂ ਨੇ ਆਪਣੀਆਂ ਸੇਵਾਵਾਂ ਸੋਸਾਇਟੀ ਨੂੰ ਸਮਰਪਿਤ ਕੀਤੀਆਂ ਹੋਈਆਂ ਸਨ। ਜਿਥੇ ਪੁਲਿਸ ਨਹੀਂ ਸੀ ਪੁੱਜਦੀ ਉੱਥੇ ਇਹ ਪੁੱਜ ਜਾਂਦੇ ਸਨ। ਇਸ ਸੈੱਲ ਦਾ ਨਾਂ ਪੈਰਵਾਈ ਸੈੱਲ ਸੀ।

ਮਾਇਕ ਸਹਾਇਤਾ ਲਈ ਕਲੱਬ ਹਾਜ਼ਰ ਸਨ। ਲਾਇਨ ਅਤੇ ਰੋਟਰੀ ਕਲੱਬ ਨੇ ਬੱਝਵੀਂ ਸਹਾਇਤਾ ਲਾਈ ਹੋਈ ਸੀ। ਭਗਤ ਸਿੰਘ ਕਲੱਬ ਅਤੇ ਨਹਿਰੂ ਕਲੱਬ ਲੋੜ ਪੈਣ 'ਤੇ ਵੱਡੀਆਂ ਰਕਮਾਂ ਲੈ ਕੇ ਹਾਜ਼ਰ ਹੋ ਜਾਂਦੇ ਸਨ।

ਮੁਨਸ਼ੀ, ਟਾਈਪਿਸਟ, ਸਟੈਨੋ ਅਤੇ ਕਲਰਕ ਵੀ ਪਿੱਛੇ ਨਹੀਂ ਸਨ। ਆਪਣੀ ਆਪਣੀ ਹੈਸੀਅਤ ਅਨੁਸਾਰ ਉਹ ਵੀ ਹਿੱਸਾ ਪਾ ਰਹੇ ਸਨ।

ਇਨ੍ਹਾਂ ਇਕਾਈਆਂ ਦੇ ਕੰਮ ਵਿਚ ਇਕਸੁਰਤਾ ਰੱਖਣ ਲਈ ਇਕ ਤਾਲ-ਮੇਲ ਕਮੇਟੀ ਬਣੀ ਹੋਈ ਸੀ। ਇਸ ਕਮੇਟੀ ਦੀ ਦੇਖ-ਰੇਖ ਹਰੀਸ਼ ਰਾਏ ਕੋਲ ਸੀ।

ਸੋਸਾਇਟੀ ਦੇ ਮੁਕੱਦਮਾ ਆਪਣੇ ਹੱਥ ਲੈਂਦਿਆਂ ਹੀ ਨਤੀਜੇ ਸਾਹਮਣੇ ਆਉਣ ਲਗੇ।

ਪੰਚਮ ਦੀ ਜ਼ਮਾਨਤ ਦੀ ਦਰਖ਼ਾਸਤ ਦੀ ਸੁਣਵਾਈ ਤੋਂ ਪਹਿਲਾਂ-ਪਹਿਲਾਂ ਪੈਰਵਾਈ ਸੈੱਲ ਨੇ ਆਪਣੀ ਰਿਪੋਰਟ ਪੇਸ਼ ਕੀਤੀ।

ਪੰਚਮ ਦਾ ਪਿੰਡ ਉਹ ਨਹੀਂ ਸੀ ਜੋ ਪੁਲਿਸ ਆਖ ਰਹੀ ਸੀ। ਨਾ ਉਸਦੇ ਪੰਜ ਭਾਈ ਸਨ ਅਤੇ ਤਿੰਨ ਭੈਣਾਂ। ਉਸਦੀ ਮਾਂ ਦਾ ਨਾਂ ਉਹ ਨਹੀਂ ਸੀ ਜੋ ਮਿਸਲ ਵਿਚ ਦਰਜ ਕੀਤਾ ਗਿਆ ਸੀ। ਉਹ ਸੀਤਾ ਮੜੀ ਦਾ ਰਹਿਣ ਵਾਲਾ ਸੀ। ਛੋਟੇ ਹੁੰਦਿਆਂ ਉਸਦੇ ਮਾਂ-ਬਾਪ ਹੜ੍ਹਾਂ ਵਿਚ ਰੁੜ੍ਹ ਗਏ ਸਨ। ਭੁੱਖਾ ਮਰਦਾ ਅਤੇ ਧੱਕੇ ਖਾਂਦਾ ਖਾਂਦਾ ਉਹ ਪੰਜਾਬ ਪੁੱਜ ਗਿਆ। ਪੰਜ ਸਾਲ ਤੋਂ ਮਾਇਆ ਨਗਰ ਵਿਚ ਰਹਿ ਰਿਹਾ ਸੀ। ਮਿਹਨਤ ਕਰਕੇ ਇਥੇ ਵੀ ਪੇਟ ਨਹੀਂ ਸੀ ਭਰਦਾ। ਛੋਟੇ-ਛੋਟੇ ਜੁਰਮ ਕਰਦਾ ਉਹ ਡਾਕੇ ਮਾਰਨ ਲਗ ਪਿਆ। ਉਸ 'ਤੇ ਪਹਿਲਾਂ ਵੀ ਕਈ ਮੁਕੱਦਮੇ ਦਰਜ ਸਨ। ਪੁਲਿਸ ਨੇ ਉਸਨੂੰ ਬਿਹਾਰੋਂ ਨਹੀਂ ਸੀ ਫੜਿਆ। ਇਸ ਨਗਰ ਵਿਚੋਂ ਫੜਿਆ ਸੀ। ਉਸਦੀ ਉਮਰ ਚੌਵੀ ਪੱਚੀ ਸਾਲ ਸੀ। ਆਪਣੇ ਪਾਲੇ ਤੋਂ ਡਰਦੀ ਪੁਲਿਸ ਮਿਸਲ ਵਿਚ ਦਰਜ ਉਸਦੇ ਫਰਜ਼ੀ ਪਿੰਡ ਅਤੇ ਜਨਮ-ਮਿਤੀ ਦੀ ਘੋਖ ਕਰਨ ਨਹੀਂ ਸੀ ਗਈ। ਅਗਲੀ ਪੇਸ਼ੀ 'ਤੇ ਨਾ ਡਾਕਟਰ ਨੇ ਆਉਣਾ ਸੀ, ਨਾ ਪੁਲਿਸ ਨੇ ਰਿਪੋਰਟ ਪੇਸ਼ ਕਰਨੀ ਸੀ। ਡਾਕਟਰ ਨੇ ਪੰਕਜ ਹੋਰਾਂ ਦੇ ਪਿੱਛੇ ਲੱਗ ਕੇ ਝੂਠੀ ਰਿਪੋਰਟ ਤਿਆਰ ਕੀਤੀ ਸੀ। ਜਾਣ ਬੁਝ ਕੇ ਉਸਨੇ ਐਕਸਰੇ ਫਿਲਮਾਂ ਰਿਪੋਰਟ ਨਾਲ ਨਹੀਂ ਸਨ ਲਾਈਆਂ। ਹੁਣ ਉਹ ਪੇਸ਼ ਹੋਣੋਂ ਡਰ ਰਿਹਾ ਸੀ।

ਇੰਝ ਹੀ ਹੋਇਆ। ਮੁਖ ਅਫ਼ਸਰ ਨੇ ਦਰਖ਼ਾਸਤ ਭੇਜੀ। ਜ਼ਰੂਰੀ ਰੁਝੇਵਿਆਂ ਕਾਰਨ ਉਹ ਬਿਹਾਰ ਨਹੀਂ ਜਾ ਸਕਿਆ। ਹੋਰ ਪੇਸ਼ੀ ਦਿੱਤੀ ਜਾਵੇ। ਡਾਕਟਰ ਨੇ ਆਪਣੀ ਮਜਬੂਰੀ ਜ਼ਾਹਿਰ ਕੀਤੀ। ਉਸਨੂੰ ਪਟਿਆਲੇ ਦੇ ਸੈਸ਼ਨ ਜੱਜ ਨੇ ਗਵਾਹੀ ਲਈ ਬੁਲਾ ਲਿਆ ਸੀ। ਉਸ ਕੇਸ ਨੂੰ ਜਲਦੀ ਨਬੇੜਨ ਦੇ ਹੁਕਮ ਹਾਈ ਕੋਰਟ ਵੱਲੋਂ ਆਏ ਸਨ। ਉਸਦਾ ਪਟਿਆਲੇ ਜਾਣਾ ਜ਼ਰੂਰੀ ਸੀ। ਉਸਨੂੰ ਵੀ ਪੇਸ਼ੀ ਚਾਹੀਦੀ ਸੀ।

ਸਫ਼ਾਈ ਧਿਰ ਜਾਣੋ-ਜਾਣ ਸੀ।

ਉਹ ਦਰਖ਼ਾਸਤ ਉਪਰ ਬਹਿਸ ਕਰਨ ਤੋਂ ਟਲ ਗਈ।

ਇਸ ਟਾਲੇ ਦੇ ਕਈ ਕਾਰਨ ਸਨ।

ਪਹਿਲਾ ਕਾਰਨ ਇਹ ਸੀ ਕਿ ਬਦਲੇ ਹਾਲਾਤ ਵਿਚ ਪੰਚਮ ਨੂੰ ਅਠਾਰਾਂ ਸਾਲ ਤੋਂ ਘੱਟ ਉਮਰ ਦਾ ਸਾਬਤ ਕਰਨਾ ਮੁਸ਼ਕਿਲ ਸੀ।

ਦੂਜਾ ਕਾਰਨ ਇਹ ਸੀ ਕਿ ਉਸਦੀ ਟੁੱਟੀ ਲੱਤ ਦੀ ਹਾਲਤ ਬਹੁਤ ਭੈੜੀ ਸੀ। ਹੱਡ ਜੁੜ ਨਹੀਂ ਸਨ ਰਹੇ। ਪੀਕ ਕਾਬੂ ਵਿਚ ਨਹੀਂ ਸੀ ਆ ਰਹੀ। ਲੱਤ ਕਿਸੇ ਵੀ ਸਮੇਂ ਕੱਟੀ ਜਾ ਸਕਦੀ ਸੀ। ਜੇਲ੍ਹ ਅੰਦਰ ਰਹਿ ਕੇ ਲੱਤ ਕਟਵਾਈ ਤਾਂ ਖ਼ਰਚਾ ਸਰਕਾਰ ਦਾ ਹੋਣਾ ਸੀ। ਬਾਹਰ ਆ ਕੇ ਇਲਾਜ ਕਰਾਉਣ ਦਾ ਖ਼ਰਚਾ ਪੰਕਜ ਨੂੰ ਭਰਨਾ ਪੈਣਾ ਸੀ। ਖ਼ਰਚਾ ਲੱਖ ਤਕ ਆ ਸਕਦਾ ਸੀ। ਉਸਨੂੰ ਜ਼ਮਾਨਤ 'ਤੇ ਰਿਹਾਅ ਕਰਾਉਣਾ ਬਹੁਤ ਮਹਿੰਗਾ ਪੈਣਾ ਸੀ।

ਤੀਜਾ ਕਾਰਨ ਇਹ ਸੀ ਕਿ ਪੰਡਿਤ ਦੀ ਜ਼ਮਾਨਤ ਮਨਜ਼ੂਰ ਹੋ ਚੁੱਕੀ ਸੀ। ਉਸ ਤੋਂ ਇਕ-ਇਕ ਲੱਖ ਰੁਪਏ ਦੀ ਜ਼ਮਾਨਤ ਦੇਣ ਵਾਲੇ ਦੋ ਜਾਮਨ ਮੰਗੇ ਗਏ ਸਨ। ਇਹ ਵੀ ਸ਼ਰਤ ਸੀ ਕਿ ਜਾਮਨ ਪੰਜਾਬੀ ਹੋਣ ਅਤੇ ਉਨ੍ਹਾਂ ਦੀ ਜਾਇਦਾਦ ਤਹਿਸੀਲਦਾਰ ਵੱਲੋਂ ਤਸਦੀਕ ਹੋਵੇ। ਅਜਿਹੇ ਜ਼ਮਾਨਤੀ ਪੰਡਿਤ ਨੂੰ ਨਹੀਂ ਸਨ ਲੱਭਣੇ। ਉਸਨੇ ਜੇ ਬਾਹਰ ਆਉਣਾ ਸੀ ਤਾਂ ਉਸ ਨੂੰ ਪੰਕਜ ਦੀ ਸ਼ਰਨ ਆਉਣਾ ਪੈਣਾ ਸੀ।

ਪੰਡਿਤ ਨੇ ਉਹ ਸਭ ਸ਼ਰਤਾਂ ਮੰਨ ਲਈਆਂ ਜਿਹੜੀਆਂ ਪੰਚਮ ਅੱਗੇ ਰੱਖੀਆਂ ਗਈਆਂ ਸਨ।

ਫੇਰ ਨਵੀਂ ਖੀਰ ਪਕਾਉਣ ਨਾਲੋਂ ਪੱਕੀ ਖੀਰ ਕਿਉਂ ਨਾ ਖਾਧੀ ਜਾਵੇ।

ਪੰਚਮ ਨੂੰ ਕਿਸ਼ੋਰ ਘੋਸ਼ਿਤ ਹੋਣ ਤੋਂ ਰੋਕਣਾ ਸੋਸਾਇਟੀ ਦੀ ਪਹਿਲੀ ਜਿੱਤ ਸੀ।

## -92-

ਸੋਸਾਇਟੀ ਦਾ ਮੁੱਖ ਉਦੇਸ਼ ਮੁਕੱਦਮੇ ਨੂੰ ਤੇਜ਼ੀ ਨਾਲ ਚਲਾਉਣਾ ਸੀ। ਜਿੰਨੇ ਗਵਾਹ ਤੇਜ਼ੀ ਨਾਲ ਭੁਗਤਣਗੇ ਉਨੇ ਨਤੀਜੇ ਚੰਗੇ ਨਿਕਲਣਗੇ।

ਇਸ ਨੀਤੀ ਤਹਿਤ ਸੋਸਾਇਟੀ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ।

ਸੁਸਤ ਪੈ ਚੁੱਕੇ ਮੀਡੀਏ ਨੂੰ ਮੁੜ ਚੁਸਤ ਕੀਤਾ ਗਿਆ। ਮੁਕੱਦਮੇ ਦੀ ਹਰ ਅਦਾਲਤੀ ਕਾਰਵਾਈ ਦੀ ਰਿਪੋਰਟ ਟਿਪਣੀ ਸਹਿਤ ਹਰ ਛੋਟੇ ਵੱਡੇ ਅਖ਼ਬਾਰ ਵਿਚ ਛਪਣ ਲੱਗੀ। ਇਨ੍ਹਾਂ ਰਿਪੋਰਟਾਂ ਦਾ ਅਫ਼ਸਰਾਂ 'ਤੇ ਅਸਰ ਹੋਣ ਲੱਗਾ।

ਸਫ਼ਾਈ ਧਿਰ ਦੇ ਵਕੀਲਾਂ ਨੂੰ ਬਿਨਾਂ ਮਤਲਬ ਤਰੀਕਾਂ ਲੈਣ ਵਿਚ ਦਿੱਕਤ ਆਉਣ ਲੱਗੀ।

ਕੋਈ ਸਾਧਾਰਨ ਮੁਕੱਦਮਾ ਹੁੰਦਾ ਤਾਂ ਮੁਲਜ਼ਮਾਂ ਦੇ ਵਕੀਲਾਂ ਨੇ ਦੋਸ਼ੀਆਂ ਨੂੰ ਚਲਾਨ ਦੀਆਂ ਮਿਲੀਆਂ ਨਕਲਾਂ ਦੇ ਅਧੂਰੀਆਂ ਹੋਣ ਦੇ ਬਹਾਨੇ, ਤਰੀਕਾਂ 'ਤੇ ਤਰੀਕਾਂ ਲਈ ਜਾਣੀਆਂ ਸਨ। ਨਕਲਾਂ ਪੂਰੀਆਂ ਕਰਨ ਲਈ ਜੱਜ ਨੇ ਸਰਕਾਰੀ ਵਕੀਲ ਨੂੰ ਹੁਕਮ ਦੇਣਾ ਸੀ। ਸਰਕਾਰੀ ਵਕੀਲ ਨੇ ਵੱਟਾ ਮੁੱਖ ਅਫ਼ਸਰ ਵੱਲ ਰੋੜ੍ਹ ਦੇਣਾ ਸੀ। ਮੁੱਖ ਅਫ਼ਸਰ ਨੇ ਕਿਸੇ ਹੌਲਦਾਰ ਦੀ ਡਿਊਟੀ ਲਾ ਦੇਣੀ ਸੀ। ਹੌਲਦਰ ਨੇ ਸੌ ਦੋ ਸੌ ਰੁਪਏ ਪੱਲਿਉਂ ਖ਼ਰਚਣ ਤੋਂ ਕਤਰਾਉਣਾ ਸੀ। ਆਨੇ-ਬਹਾਨੇ ਤਰੀਕ ਲੈ ਲੈਣੀ ਸੀ। ਅਗਲੀ ਪੇਸ਼ੀ 'ਤੇ ਨਵਾਂ ਹੌਲਦਾਰ



ਆਉਣਾ ਸੀ। ਪਿਛਲੀ ਕਾਰਵਾਈ ਫੇਰ ਦੁਹਰਾਈ ਜਾਣੀ ਸੀ। ਸੌ ਰੁਪਏ ਦੇ ਖ਼ਰਚੇ ਦਾ ਮੁੱਲ ਦਸ ਪੇਸ਼ੀਆਂ ਪੈਣਾ ਸੀ। ਹਾਰ ਕੇ ਜੱਜ ਨੇ ਸਫ਼ਾਈ ਧਿਰ ਦੇ ਵਕੀਲਾਂ ਨੂੰ ਨਕਲਾਂ ਆਪਣੇ ਖ਼ਰਚੇ 'ਤੇ ਕਰਵਾਉਣ ਦੀ ਬੇਨਤੀ ਕਰਨੀ ਸੀ। ਮੁਕੱਦਮਾ ਲਟਕਾਉਣ ਦੇ ਮਕਸਦ ਵਿਚ ਕਾਮਯਾਬ ਹੋਏ ਵਕੀਲਾਂ ਨੇ ਉਧਰ ਉਸਦਾ ਹੁਕਮ ਮੰਨਣ ਦਾ ਅਹਿਸਾਨ ਕਰਨਾ ਸੀ। ਨਕਲਾਂ ਮੰਗਣ ਦੀ ਮੰਗ ਵਿੱਚੇ ਛੱਡ ਦੇਣੀ ਸੀ।

ਇਸ ਕੇਸ ਵਿਚ ਇੰਝ ਨਹੀਂ ਸੀ ਹੋਇਆ। ਪਹਿਲੀ ਹੀ ਪੇਸ਼ੀ ਜੱਜ ਨੇ ਸਰਕਾਰੀ ਵਕੀਲ ਅਤੇ ਸਫ਼ਾਈ ਧਿਰ ਦੇ ਵਕੀਲਾਂ ਨੂੰ ਘੇਰ ਲਿਆ ਸੀ। ਉਨੀ ਦੇਰ ਉਨ੍ਹਾਂ ਨੂੰ ਬਾਹਰ ਨਹੀਂ ਸੀ ਜਾਣ ਦਿੱਤਾ, ਜਿੰਨਾ ਚਿਰ ਮੁੱਖ ਅਫ਼ਸਰ ਨੇ ਨਕਲਾਂ ਪੂਰੀਆਂ ਨਹੀਂ ਕਰ ਦਿੱਤੀਆਂ।

ਅਗਲੀ ਕਾਰਵਾਈ ਮੈਜਿਸਟਰੇਟ ਵੱਲੋਂ ਚਲਾਨ ਸੈਸ਼ਨ ਸਪੁਰਦ ਕਰਨ ਦੀ ਸੀ।

ਸਾਧਾਰਨ ਮੁਕੱਦਮਾ ਹੁੰਦਾ ਤਾਂ ਮੈਜਿਸਟਰੇਟ ਨੇ ਇਹ ਹੁਕਮ ਲਿਖਾਉਂਦੇ ਦੋ ਤਿੰਨ ਪੇਸ਼ੀਆਂ ਲੰਘਾ ਦੇਣੀਆਂ ਸਨ। ਹੁਕਮ ਲਿਖਾਉਣ ਲਈ ਉਸਨੂੰ ਮਿਸਲ ਪੜ੍ਹਨੀ ਪੈਣੀ ਸੀ। ਚਾਰ ਪੰਨਿਆਂ ਦਾ ਹੁਕਮ ਲਿਖਾਉਣਾ ਪੈਣਾ ਸੀ। ਇੰਨੀ ਹਿੰਮਤ ਬਟੋਰਨ ਲਈ ਜੱਜ ਨੂੰ ਦੋ ਤਿੰਨ ਮਹੀਨੇ ਲਗ ਜਾਣੇ ਸਨ।

ਇਸ ਮੁਕੱਦਮੇ ਵਿਚ ਇੰਝ ਨਹੀਂ ਸੀ ਹੋਇਆ। ਮੈਜਿਸਟਰੇਟ ਨੂੰ ਪਤਾ ਸੀ ਉਸਨੇ ਆਲਸ ਕੀਤੀ ਤਾਂ ਕਿਸੇ ਪਾਸਿਉਂ ਅਖ਼ਬਾਰ ਵਿਚ ਸੁਰਖੀ ਲਗ ਜਾਣੀ ਸੀ। "ਮੈਜਿਸਟਰੇਟ ਦੀ ਅਣਗਹਿਲੀ ਕਾਰਨ ਚਾਰ ਮੁਲਜ਼ਮ ਦੋ ਮਹੀਨੇ ਦੀ ਵਾਧੂ ਕੈਦ ਕੱਟਣ ਲਈ ਮਜਬੂਰ।" ਇਸ ਖ਼ਬਰ ਨਾਲ ਮੈਜਿਸਟਰੇਟ ਦੀ ਖਿਚਾਈ ਹੋਣੀ ਸੀ।

ਡਰਦੇ ਮੈਜਿਸਟਰੇਟ ਨੇ ਮੁਕੱਦਮਾ ਸੈਸ਼ਨ ਜੱਜ ਵੱਲ ਤੋਰ ਦਿੱਤਾ।

ਸੈਸ਼ਨ ਜੱਜ ਵੀ ਅਖ਼ਬਾਰ ਪੜ੍ਹਦਾ ਸੀ। ਪਤਾ ਸੀ ਅੱਜ ਦੀ ਕਰਵਾਈ ਦੀ ਰਿਪੋਰਟ ਅਖ਼ਬਾਰ ਵਿਚ ਛਪੇਗੀ। ਜੋ ਹੋਰ ਤਰੀਕ ਪਾਈ ਤਾਂ ਨੁਕਤਾਚੀਨੀ ਹੋਏਗੀ। ਮੁਕੱਦਮਾ ਕਿਸ ਐਡੀਸ਼ਨਲ ਸੈਸ਼ਨ ਜੱਜ ਕੋਲ ਭੇਜਿਆ ਜਾਵੇ ਇਹ ਸੋਚਣ ਲਈ ਜੱਜ ਨੂੰ ਤਿੰਨ ਤਰੀਕ ਪਾਉਣ ਦੀ ਹਿੰਮਤ ਨਾ ਪਈ। ਮੁਕੱਦਮਾ ਗੁੰਝਲਦਾਰ ਸੀ। ਪਹਿਲੀ ਪੇਸ਼ੀ ਮੁਕੱਦਮਾ ਸਾਧੂ ਸਿੰਘ ਦੇ ਹਵਾਲੇ ਹੋ ਗਿਆ। ਆਪਣਾ ਦਾਮਨ ਬਚਾ ਕੇ ਜੇ ਕੋਈ ਜੱਜ ਇਨਸਾਫ਼ ਕਰ ਸਕਦਾ ਸੀ ਤਾਂ ਉਹ ਸਾਧੂ ਸਿੰਘ ਹੀ ਸੀ।

ਸਾਧੂ ਸਿੰਘ ਨੇ ਵੀ ਕੋਈ ਢਿੱਲ ਨਾ ਦਿਖਾਈ। ਸਫ਼ਾਈ ਧਿਰ ਨੂੰ ਜੇ ਦੋਸ਼ੀਆਂ ਉਪਰ ਲੱਗੇ ਦੋਸ਼ਾਂ ਉਪਰ ਕੋਈ ਇਤਰਾਜ਼ ਸੀ ਤਾਂ ਉਹ ਅਗਲੀ ਪੇਸ਼ੀ ਬਹਿਸ ਕਰਨ। ਬਹਿਸ ਦੀ ਤਿਆਰੀ ਲਈ ਇਕ ਹਫ਼ਤੇ ਦਾ ਸਮਾਂ ਦਿੱਤਾ ਗਿਆ।

ਸਾਧਾਰਨ ਮੁਕੱਦਮਾ ਹੁੰਦਾ ਤਾਂ ਇਹ ਬਹਿਸ ਕਈ ਪੇਸ਼ੀਆਂ ਲਟਕਦੀ। ਕਦੇ ਸੀਨੀਅਰ ਵਕੀਲ ਕਿਧਰੇ ਰੁੱਝਾ ਹੁੰਦਾ। ਕਦੇ ਵਕੀਲ ਦੀਆਂ ਕਿਤਾਬਾਂ ਵਿਹਲੀਆਂ ਨਾ ਹੁੰਦੀਆਂ। ਜੱਜ ਨੂੰ ਵੀ ਕੋਈ ਕਾਹਲ ਨਹੀਂ ਸੀ ਹੋਣੀ। ਉਸਦੀ ਅਦਾਲਤ ਵਿਚ ਸੱਤ-ਸੱਤ ਅੱਠ-ਅੱਠ ਸਾਲ ਪੁਰਾਣੇ ਕਈ ਮੁਕੱਦਮੇ ਚੱਲਦੇ ਸਨ। ਹਾਈ ਕੋਰਟ ਪੁਰਾਣੇ ਕੇਸਾਂ ਦਾ ਫੈਸਲਾ ਜਲਦੀ ਕਰਨ 'ਤੇ ਜ਼ੋਰ ਦਿੰਦੀ ਸੀ। ਫੈਸਲੇ ਜਲਦੀ ਕਿਉਂ ਨਹੀਂ ਹੋ ਰਹੇ ਇਸ ਬਾਰੇ ਜੱਜ ਤੋਂ ਪੁੱਛਦੀ ਸੀ। ਇਸ ਲਈ ਨਵੇਂ ਮੁਕੱਦਮੇ ਵੱਲ ਜੱਜ ਦਾ ਧਿਆਨ ਓਨਾ ਚਿਰ ਨਹੀਂ ਸੀ ਜਾਂਦਾ, ਜਿੰਨਾ ਚਿਰ ਮੁਕੱਦਮਾ ਪੁਰਾਣਾ ਨਹੀਂ ਸੀ ਹੋ ਜਾਂਦਾ। ਨਵੇਂ ਕੇਸ ਦੀ ਸੁਣਵਾਈ ਕਰਨ ਲਈ ਜੱਜ ਨੂੰ ਦੋ ਮਿੰਟ ਕੱਢਣੇ ਦੁਸ਼ਵਾਰ ਲਗਦੇ ਹਨ।

ਇਸ ਮੁਕੱਦਮੇ ਵਿਚ ਇੰਞ ਨਹੀਂ ਸੀ ਹੋਇਆ। ਜੱਜ ਬਹਿਸ ਸੁਣਨ ਲਈ ਤਿਆਰ ਸੀ। ਸਰਕਾਰੀ ਵਕੀਲ ਮਿਸਲ ਪੜ੍ਹਕੇ ਆਇਆ ਸੀ।

ਸਫ਼ਾਈ ਧਿਰ ਦੇ ਵਕੀਲਾਂ ਨੇ ਇਕ ਦਿਨ ਪਹਿਲਾਂ ਮੀਟਿੰਗ ਕੀਤੀ। ਨਤੀਜਾ ਕੱਢਿਆ, ਬਹਿਸ ਕਰਨ ਦਾ ਕੋਈ ਲਾਭ ਨਹੀਂ ਸੀ। ਫੈਸਲਾ ਗਵਾਹੀਆਂ ਦੇ ਆਧਾਰ 'ਤੇ ਹੋਣਾ ਸੀ। ਦੋਸ਼ੀਆਂ ਉਪਰ ਅਦਾਲਤ ਜੋ ਦੋਸ਼ ਲਾਉਂਦੀ ਹੈ, ਲੱਗਣ ਦਿੱਤੇ ਜਾਣ।

ਸਫ਼ਾਈ ਧਿਰ ਦੇ ਬਿਨਾਂ ਬਹਿਸ ਕੀਤਿਆਂ ਕਾਰਵਾਈ ਅੱਗੇ ਤੋਰਨ ਨਾਲ ਜੱਜਾ ਜਾ ਇਕ ਘੰਟਾ ਬਚ ਗਿਆ।

ਸਾਧੂ ਸਿੰਘ ਨੂੰ ਸਫ਼ਾਈ ਧਿਰ ਦੇ ਇਸ ਮਿਲਵਰਤਣ ਭਰਪੂਰ ਫੈਸਲੇ 'ਤੇ ਖ਼ੁਸ਼ੀ ਹੋਈ। ਸਭ ਨੂੰ ਪਤਾ ਸੀ ਬਹਿਸ ਦੀ ਕੋਈ ਕਾਨੂੰਨੀ ਅਹਿਮੀਅਤ ਨਹੀਂ ਸੀ। ਮਕਸਦ ਰੌਲਾ ਪਾ ਕੇ ਸਾਇਲਾਂ ਨੂੰ ਖ਼ੁਸ਼ ਕਰਨਾ ਸੀ। ਇਥੇ ਸਾਇਲਾਂ ਨੂੰ ਖ਼ੁਸ਼ ਕਰਨ ਦੀ ਕਿਸੇ ਨੂੰ ਜ਼ਰੂਰਤ ਨਹੀਂ ਸੀ।

"ਜਿਹੜੇ ਦੋਸ਼ੀ ਬੇਕਸੂਰ ਦੱਸੇ ਗਏ ਹਨ, ਉਨ੍ਹਾਂ ਨੂੰ ਬੁਲਾਉਣ ਦੀ ਸਲਾਹ ਹੈ ਜਾਂ ਨਹੀਂ?"

ਅਗਲੀ ਤਾਰੀਖ਼ ਪਾਉਣ ਤੋਂ ਪਹਿਲਾਂ ਸਾਧੂ ਸਿੰਘ ਨੇ ਸਰਕਾਰੀ ਵਕੀਲ ਕੋਲੋਂ ਪੁੱਛਿਆ।

ਬੁਲਾਉਣੇ ਨੇ ਜਨਾਬ!" ਸਰਕਾਰੀ ਵਕੀਲ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਰਾਮ ਨਾਥ ਬੋਲ ਪਿਆ।

"ਤੁਹਾਡੀ ਨਹੀਂ, ਮਰਜ਼ੀ ਸਰਕਾਰੀ ਵਕੀਲ ਦੀ ਚੱਲਣੀ ਹੈ, ਮੈਂ ਉਸ ਕੋਲੋਂ ਪੁੱਛਿਆ ਹੈ।"

ਰਾਮ ਨਾਥ ਦੇ ਜਵਾਬ ਉਪਰ ਇਤਰਾਜ਼ ਕਰਦਿਆਂ ਸਾਧੂ ਸਿੰਘ ਨੇ ਉਸਨੂੰ ਆਪਣੇ ਅਧਿਕਾਰਾਂ ਦਾ ਅਹਿਸਾਸ ਕਰਾਇਆ ਅਤੇ ਸਰਕਾਰੀ ਵਕੀਲ ਤੋਂ ਇਕ ਵਾਰ ਫੇਰ ਆਪਣੇ ਪ੍ਰਸ਼ਨ ਦਾ ਉੱਤਰ ਪੁੱਛਿਆ।

"ਬੁਲਾਣੇ ਪੈਣੇ ਹਨ ਜਨਾਬ।"

ਸਰਕਾਰੀ ਵਕੀਲ ਢਿੱਲੀ ਜਿਹੀ ਆਵਾਜ਼ ਵਿਚ ਬੋਲਿਆ ਜਿਵੇਂ ਚਾਹੁੰਦਾ ਹੋਵੇ ਉਸਦੇ ਸ਼ਬਦ ਕਿਸੇ ਹੋਰ ਦੇ ਕੰਨ ਵਿਚ ਨਾ ਪੈਣ।

"ਫੇਰ ਸਾਰੇ ਗਵਾਹ ਬੁਲਾਉਣੇ ਹਨ ਜਾਂ ਉਨ੍ਹਾਂ ਨਾਲ ਸੰਬੰਧਤ?"

"ਸਾਰੇ ਕੀ ਕਰਨੇ ਨੇ ਜਵਾਬ! ਪਹਿਲਾਂ ਇਕੱਲਾ ਮੁਦਈ ਬੁਲਾਵਾਂਗੇ। ਬਾਕੀ ਗਵਾਹ ਪੰਕਜ ਹੋਰਾਂ ਦੇ ਤਲਬ ਹੋਣ ਬਾਅਦ ਬੁਲਾਵਾਂਗੇ।"

ਜੱਜ ਇਹੋ ਸੁਣਨਾ ਚਾਹੁੰਦਾ ਸੀ।

"ਠੀਕ ਹੈ। ਜਿਹੜਾ-ਜਿਹੜਾ ਗਵਾਹ ਬੁਲਾਉਣਾ ਹੋਵੇ ਉਸ ਦਾ ਨਾਂ ਸਟੈਨੋ ਨੂੰ ਲਿਖਾ ਦੇਣਾ। ਉਹ ਉਸੇ ਗਵਾਹ ਨੂੰ ਤਲਬ ਕਰਨ ਦਾ ਹੁਕਮ ਕਰ ਦੇਵੇਗਾ।"

ਦੋਹਾਂ ਧਿਰਾਂ ਦੀ ਸਹੂਲਤ ਮੁਤਾਬਕ ਜੱਜ ਨੇ ਗਵਾਹੀਆਂ ਲਈ ਤਾਰੀਖ਼ ਨਿਸ਼ਚਤ ਕੀਤੀ।

ਬਾਕੀ ਦਾ ਕੰਮ ਸਰਕਾਰੀ ਵਕੀਲ 'ਤੇ ਛੱਡ ਕੇ ਜੱਜ ਬਾਕੀ ਕੰਮ ਭਗਤਾਉਣ ਲੱਗਾ।



## -93-

ਅਗਲੀ ਪੇਸ਼ੀ ਉਪਰ ਨੇਹਾ ਦਾ ਬਿਆਨ ਹੋਣਾ ਸੀ।

ਆਪਣੇ ਬਿਆਨ ਰਾਹੀਂ ਨੇਹਾ ਨੇ ਆਪਣੀ ਹੱਡ-ਬੀਤੀ ਅਤੇ ਅੱਖੀਂ ਦੇਖੀ ਘਟਨਾ ਜੱਜ ਨੂੰ ਸੁਣਾਉਣੀ ਸੀ।

ਸਫ਼ਾਈ ਧਿਰ ਨੇ ਉਸ ਕਹਾਣੀ ਨੂੰ ਝੂਠਾ ਸਾਬਤ ਕਰਨ ਲਈ ਉਸ ਉਪਰ ਪ੍ਰਸ਼ਨਾਂ ਦੀ ਝੜੀ ਲਾਉਣੀ ਸੀ। ਪ੍ਰਸ਼ਨਾਂ ਦੀ ਇਸ ਝੜੀ ਨੂੰ ਕਾਨੂੰਨੀ ਭਾਸ਼ਾ ਵਿਚ ਜਿਰ੍ਹਾ ਆਖਦੇ ਹਨ।

ਜਿਰ੍ਹਾ ਵਿਚ ਕਿਹੜੇ ਸਵਾਲ ਪੁੱਛੇ ਜਾ ਸਕਦੇ ਸਨ ਅਤੇ ਉਨ੍ਹਾਂ ਦਾ ਕੀ ਉੱਤਰ ਹੋਣਾ ਚਾਹੀਦਾ ਸੀ, ਇਸ ਬਾਰੇ ਨੇਹਾ ਨੂੰ ਸੋਸਾਇਟੀ ਦੇ ਵਕੀਲਾਂ ਵੱਲੋਂ ਸਮਝਾਇਆ ਜਾਣਾ ਸੀ।

ਜੇ ਅੱਖੀ ਦੇਖੀ ਘਟਨਾ ਬਿਆਨ ਕਰਨੀ ਹੈ, ਫੇਰ ਇਸ ਵਿਚ ਸਮਝਣ ਸਮਝਾਉਣ ਵਾਲੀ ਕਿਹੜੀ ਗੱਲ ਹੈ?

ਪੁੱਛਣ 'ਤੇ ਮਾਮੇ ਨੇ ਉਸਨੂੰ ਇਸ ਨੁਕਤੇ 'ਤੇ ਪਿਛਲਾ ਭੇਤ ਸਮਝਾਇਆ ਸੀ।

ਫੌਜਦਾਰੀ ਕਾਨੂੰਨ ਦੋਸ਼ੀਆਂ ਨੂੰ ਬੇਕਸੂਰ ਮੰਨ ਕੇ ਚਲਦਾ ਸੀ। ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਲਈ ਮੁਦਈ ਧਿਰ ਨੂੰ ਠੋਸ ਸਬੂਤ ਪੇਸ਼ ਕਰਨੇ ਪੈਂਦੇ ਸਨ। ਠੋਸ ਸਬੂਤਾਂ ਦਾ ਮਤਲਬ ਸੀ ਉਹ ਤੱਥ ਜਿਨ੍ਹਾਂ ਤੋਂ ਦੋਸ਼ੀ ਦਾ ਸੌ ਫ਼ੀ ਸਦੀ ਮੁਲਜ਼ਮ ਹੋਣਾ ਸਿੱਧ ਹੁੰਦਾ ਹੋਵੇ। ਜੇ ਕਹਾਣੀ ਸ਼ੱਕੀ ਲੱਗਣ ਲੱਗੇ, ਇਸਦਾ ਫ਼ਾਇਦਾ ਦੋਸ਼ੀਆਂ ਨੂੰ ਮਿਲਦਾ ਸੀ। ਸ਼ੱਕ ਦੇ ਆਧਾਰ 'ਤੇ ਉਸਨੂੰ ਬਰੀ ਕਰ ਦਿੱਤਾ ਜਾਂਦਾ ਸੀ।

ਆਪਣੀ ਗੱਲ ਸਪੱਸ਼ਟ ਕਰਨ ਲਈ ਮਾਮੇ ਨੇ ਇਕ ਉਦਾਹਰਣ ਦਿੱਤੀ। ਚਾਰ ਦੋਸ਼ੀਆਂ ਨੇ ਇਕ ਬੰਦੇ ਨੂੰ ਡਾਂਗਾਂ ਨਾਲ ਕੁੱਟ-ਕੁੱਟ ਮਾਰ ਦਿੱਤਾ। ਡਾਕਟਰ ਦੀ ਰਾਏ ਵਿਚ ਮੌਤ ਸਿਰ ਵਿਚ ਲੱਗੀ ਇਕ ਸੱਟ ਕਾਰਨ ਹੋਈ ਸੀ। ਗਵਾਹ ਇਹ ਦੱਸਣੋਂ ਉੱਕ ਗਏ ਕਿ ਸਿਰ ਵਿਚ ਸੱਟ ਕਿਸਨੇ ਮਾਰੀ ਸੀ। ਅਦਾਲਤ ਨੂੰ ਕਾਤਲ ਪਛਾਨਣਾ ਮੁਸ਼ਕਲ ਹੋ ਗਿਆ। ਸ਼ੱਕ ਦੇ ਆਧਾਰ 'ਤੇ ਚਾਰੇ ਦੋਸ਼ੀ ਬਰੀ ਹੋ ਗਏ।

ਜੇ ਇਹ ਗਵਾਹ ਕਿਸੇ ਚੰਗੇ ਵਕੀਲ ਦੇ ਚੰਡੇ ਹੁੰਦੇ ਉਹ ਝੱਟ ਆਖ ਦਿੰਦੇ "ਮਰਨ ਵਾਲੇ ਦਾ ਸਿਰ ਨੱਥਾ ਸਿੰਘ ਨੇ ਪਾੜਿਆ ਸੀ।" ਇੰਨਾ ਆਖਣ ਨਾਲ ਨੱਥਾ ਸਿੰਘ ਨੂੰ ਉਮਰ ਕੈਦ ਹੋ ਜਾਣੀ ਸੀ।

ਕਾਨੂੰਨ ਦੀ ਇਸ ਲੋੜ ਨੂੰ ਪੂਰਾ ਕਰਨ ਲਈ ਮੁਦਈ ਧਿਰ ਨੂੰ ਸੱਚ ਵਿਚ ਝੂਠ ਰਲਾਉਣਾ ਪੈਂਦਾ ਸੀ। ਕਹਾਣੀ ਨੂੰ ਕਾਨੂੰਨੀ ਨੁਕਤਿਆਂ ਅਨੁਸਾਰ ਢਾਲਣਾ ਪੈਂਦਾ ਸੀ।

ਇਸ ਲਈ ਨੇਹਾ ਨੂੰ ਬਿਆਨ ਸਮਝਾਉਣਾ ਜ਼ਰੂਰੀ ਸੀ।

ਬਿਆਨ, ਠੋਸ ਸਬੂਤ, ਸੱਚ ਨੂੰ ਝੂਠ ਦੀ ਪਾਣ। ਨੇਹਾ ਦੇ ਕੁਝ ਪੱਲੇ ਨਹੀਂ ਸੀ ਪੈ ਰਿਹਾ।

ਜਦੋਂ ਪੁਲਿਸ ਵੱਲੋਂ ਤੋੜ ਮਰੋੜ ਕੇ ਲਿਖੇ ਨੇਹਾ ਦੇ ਬਿਆਨ ਉਸਨੂੰ ਯਾਦ ਕਰਨ ਲਈ ਫੜਾਏ ਗਏ, ਉਸਨੂੰ ਮਾਮੇ ਦੀਆਂ ਗੱਲਾਂ ਦੀ ਸਮਝ ਪੈਣ ਲੱਗੀ।

ਜੋ ਘਟਨਾ ਨੇਹਾ ਦੇ ਪਰਿਵਾਰ ਨਾਲ ਵਾਪਰੀ ਸੀ ਉਹ ਇਸ ਪ੍ਰਕਾਰ ਸੀ। ਅੱਧੀ ਰਾਤ ਦਾ ਸਮਾਂ ਸੀ। ਨੇਹਾ ਆਪਣੇ ਕਮਰੇ ਵਿਚ ਸੁੱਤੀ ਪਈ ਸੀ। ਕਮਲ ਆਪਣੇ ਕਮਰੇ ਵਿਚ ਸੀ। ਮੰਮੀ ਪਾਪਾ ਆਪਣੇ ਬੈੱਡ-ਰੂਮ ਵਿਚ। ਪਹਿਲਾਂ ਕੀ ਹੋਇਆ ਨੇਹਾ ਨੂੰ ਕੁਝ

ਪਤਾ ਨਹੀਂ। ਉਸਨੂੰ ਉਸ ਸਮੇਂ ਪਤਾ ਲੱਗਾ ਜਦੋਂ ਇਕ ਨੌਜਵਾਨ ਉਸਦੇ ਬੈੱਡ ਉਪਰ ਆ ਚੜ੍ਹਿਆ। ਕਮਰੇ ਦੀ ਬੱਤੀ ਬੰਦ ਸੀ। ਦੋਸ਼ੀ ਦੇ ਹੱਥ ਵਿਚ ਫੜੀ ਬੈਟਰੀ ਦੀ ਰੋਸ਼ਨੀ ਨੇਹਾ ਦੀਆਂ ਅੱਖਾਂ ਵਿਚ ਪੈ ਰਹੀ ਸੀ। ਨੇਹਾ ਨੇ ਨਾਇਟੀ ਪਹਿਨੀ ਹੋਈ ਸੀ। ਬਿਜਲੀ ਦੇ ਡਿੱਗਣ ਵਾਂਗ ਉਹ ਸਿੱਧਾ ਉਸ ਉਪਰ ਆ ਡਿਗਿਆ। ਬੈਟਰੀ ਇਕ ਪਾਸੇ ਸੁੱਟ ਕੇ ਉਸਨੇ ਖਾਲੀ ਹੋਏ ਹੱਥ ਨਾਲ ਨੇਹਾ ਦਾ ਮੂੰਹ ਬੰਦ ਕਰ ਦਿੱਤਾ। ਦੂਜੇ ਹੱਥ ਨਾਲ ਉਸਨੇ ਮਿੰਟੀ-ਸਕਿੰਟੀ ਉਸਦੇ ਕੱਪੜੇ ਪਾੜ ਦਿੱਤੇ। ਫਿਲਮਾਂ ਵਿਚ ਦਿਖਾਏ ਜਾਂਦੇ ਬਲਾਤਕਾਰ ਵਰਗਾ ਕੁਝ ਨਹੀਂ ਸੀ ਵਾਪਰਿਆ। ਨਾ ਨੇਹਾ ਨੂੰ ਭੱਜਣ ਦਾ ਮੌਕਾ ਮਿਲਿਆ ਸੀ ਨਾ ਫੜਫੜਾਉਣ ਦਾ। ਨਾ ਟੇਬਲ-ਲੈਂਪ ਜਾਂ ਕੁਰਸੀ ਨਾਲ ਬਲਾਤਕਾਰੀ 'ਤੇ ਹਮਲਾ ਕਰਨ ਦਾ। ਨੇਹਾ ਥੋੜ੍ਹਾ ਬਹੁਤ ਜੁਡੋ ਕਰਾਟੇ ਜਾਣਦੀ ਸੀ। ਪਰ ਕੋਈ ਦਾਅ ਬਲਾਤਕਾਰੀ ਨੂੰ ਉਪਰੋਂ ਲਾਹੁਣ ਵਿਚ ਕਾਮਯਾਬ ਨਹੀਂ ਸੀ ਹੋਇਆ। ਉਹ ਨੇਹਾ ਉਪਰ ਪਹਾੜ ਵਾਂਗ ਜੰਮ ਕੇ ਬੈਠ ਗਿਆ। ਭਿੱਜੇ ਖੰਭਾਂ ਵਾਲੀ ਚਿੜੀ ਵਾਂਗ ਉਹ ਫੜਫੜਾਉਣ ਤੋਂ ਸਿਵਾ ਕੁਝ ਨਹੀਂ ਸੀ ਕਰ ਸਕੀ।

ਇੰਨੇ ਵਿਚ ਬਾਹਰੋਂ ਕਮਲ ਦੇ ਭੱਜੇ ਆਉਣ ਦੀ ਆਹਟ ਸੁਣਾਈ ਦਿੱਤੀ। ਕਮਲ ਨੇ ਕਮਰੇ ਵਿਚ ਵੜਦਿਆਂ ਹੀ ਪਹਿਲਾਂ ਬਿਜਲੀ ਦਾ ਬਟਨ ਦਬਾਇਆ। ਅਚਾਨਕ ਹੋਈ ਰੋਸ਼ਨੀ ਕਾਰਨ ਬਲਾਤਕਾਰੀ ਬੁਖਲਾ ਗਿਆ। ਉਸਨੇ ਨੇਹਾ ਨੂੰ ਛੱਡ ਕੇ ਕਮਲ 'ਤੇ ਹਮਲਾ ਕਰ ਦਿੱਤਾ।

ਨੇਹਾ ਦੇ ਬੈੱਡ ਤੋਂ ਉੱਠ ਕੇ ਸੰਭਲਣ ਤੋਂ ਪਹਿਲਾਂ ਹੀ ਉਹ ਹੱਥੋਪਾਈ ਹੁੰਦੇ ਹੁੰਦੇ ਲਾਬੀ ਵਿਚ ਪਹੁੰਚ ਗਏ। ਕਮਲ ਅਤੇ ਬਲਾਤਕਾਰੀ ਨੂੰ ਗੁਥਮ-ਗੁਥਾ ਹੋਇਆ ਦੇਖ ਕੇ ਇਕ ਨਕਾਬ-ਪੋਸ਼ ਨੇ ਚਾਕੂ ਦੇ ਦੋ ਵਾਰ ਕਮਲ ਦੇ ਢਿੱਡ ਵਿਚ ਕਰ ਦਿੱਤੇ। ਕਮਲ ਉਥੇ ਹੀ ਢੇਰ ਹੋ ਗਿਆ।

ਨੇਹਾ ਪਹਿਲਾਂ ਆਪਣਾ ਨੰਗੇਜ਼ ਢੱਕੇ, ਕਮਲ ਨੂੰ ਸੰਭਾਲੇ ਜਾਂ ਕਾਤਲਾਂ ਦਾ ਪਿੱਛਾ ਕਰੇ? ਨੇਹਾ ਨੂੰ ਕੁਝ ਨਹੀਂ ਸੀ ਸੁਝਿਆ।

ਦੇਖਦੇ-ਦੇਖਦੇ ਦੋ ਨਕਾਬ-ਪੋਸ਼ ਵੇਦ ਅਤੇ ਨੀਲਮ ਨੂੰ ਲਾਬੀ ਵਿਚ ਲਿਆਏ। ਉਨ੍ਹਾਂ ਕੋਲੋਂ ਗਹਿਣੇ ਅਤੇ ਨਕਦੀ ਮੰਗਣ ਲਗੇ। ਕੁੱਟ-ਮਾਰ ਕਰਕੇ ਪੇਟੀਆਂ ਅਤੇ ਅਲਮਾਰੀਆਂ ਦੇ ਜਿੰਦੇ ਖੋਲ੍ਹਣ ਲਈ ਮਜਬੂਰ ਕਰਨ ਲਗੇ।

ਨੇਹਾ ਭੱਜ ਕੇ ਉਨ੍ਹਾਂ ਵੱਲ ਹੋਈ ਤਾਂ ਇਕ ਨਕਾਬ-ਪੋਸ਼ ਨੇ ਉਸਦੀ ਹਿੱਕ ਵਿਚ ਕੱਸ ਕੇ ਘਸੁੰਨ ਜੜ ਦਿੱਤਾ। ਉਹ ਬੇਹੋਸ਼ ਹੋ ਗਈ। ਪਿੱਛੋਂ ਕੀ ਹੋਇਆ ਉਸਨੂੰ ਕੁਝ ਪਤਾ ਨਹੀਂ ਸੀ।

ਪਿੱਛੋਂ ਟੁੱਟੀ ਕੜੀ ਨੂੰ ਵੇਦ ਨੇ ਜੋੜਿਆ ਸੀ। ਚਾਰ ਨਕਾਬਪੋਸ਼ ਪਤਾ ਨਹੀਂ ਕਿਸ ਤਰ੍ਹਾਂ ਕੋਠੀ ਅੰਦਰ ਘੁਸ ਆਏ। ਇਕ ਨੇਹਾ ਦੇ ਕਮਰੇ ਅੱਗੇ ਖੜੋ ਗਿਆ ਇਕ ਕਮਲ ਦੇ। ਦੋ ਨਕਾਬਪੋਸ਼ਾਂ ਨੇ ਨੀਲਮ ਅਤੇ ਵੇਦ ਨੂੰ ਉਠਾ ਲਿਆ। ਉਹ ਨਕਦੀ ਅਤੇ ਗਹਿਣਾ ਮੰਗਣ ਲਗੇ। ਬਚਾਅ ਦਾ ਕੋਈ ਸਾਧਨ ਨਹੀਂ ਸੀ। ਜੋ ਕੁਝ ਘਰ ਵਿਚ ਸੀ ਉਹ ਉਨ੍ਹਾਂ ਨੇ ਚੋਰਾਂ ਦੇ ਹਵਾਲੇ ਕਰ ਦਿੱਤਾ। ਚੋਰਾਂ ਨੂੰ ਸ਼ਾਇਦ ਆਸ ਨਾਲੋਂ ਘੱਟ ਮਾਲ ਮਿਲਿਆ ਸੀ। ਉਹ ਹੋਰ ਮਾਲ ਦੀ ਮੰਗ ਕਰਨ ਲੱਗੇ। ਘਰ ਵਿਚ ਕੁਝ ਹੋਰ ਹੁੰਦਾ ਤਾਂ ਉਹ ਦਿੰਦੇ। ਖਿਝੇ ਮੁਲਜ਼ਮ ਕੁੱਟ-ਮਾਰ ਕਰਨ ਲੱਗੇ।

ਇੰਨੇ ਵਿਚ ਨੇਹਾ ਦੇ ਕਮਰੇ ਅੱਗੇ ਖੜ੍ਹੇ ਨਕਾਬਪੋਸ਼ ਨੂੰ ਪਤਾ ਨਹੀਂ ਕੀ ਭੂਤ ਚੜ੍ਹਿਆ। ਉਹ ਨੇਹਾ ਦੇ ਕਮਰੇ ਅੰਦਰ ਵੜ ਗਿਆ। ਅੱਗੇ ਕੀ ਹੋਇਆ ਨੇਹਾ ਨੂੰ ਪਤਾ ਸੀ।



ਬਿਜਲੀ ਦੀ ਲਿਸ਼ਕੋਰ ਵਾਂਗ ਘੜੀ ਇਸ ਘਟਨਾ ਦੌਰਾਨ ਨੇਹਾ ਨੂੰ ਨਕਾਬਪੋਸ਼ਾਂ ਦੀ ਉਮਰ, ਬੋਲੀ, ਹੁਲੀਏ ਜਾਂ ਨਾਂ-ਪਤਿਆਂ ਦਾ ਕੁਝ ਪਤਾ ਨਹੀਂ ਸੀ ਲੱਗਾ। ਉਸਨੂੰ ਇਕੋ ਚੀਜ਼ ਯਾਦ ਸੀ। ਉਸਦੇ ਬਲਾਤਕਾਰੀ ਵਿਚੋਂ ਆਉਂਦੀ ਬੂ, ਉਸਦਾ ਭਾਰ, ਉਸਦੀ ਜਕੜ।

ਮਾਮਾ ਆਖਦਾ ਸੀ ਨੇਹਾ ਵੱਲੋਂ ਇੰਝ ਬਿਆਨਿਆ ਸੱਚ ਅਦਾਲਤ ਲਈ ਦੋਸ਼ੀਆਂ ਨੂੰ ਸਜ਼ਾ ਕਰਨ ਲਈ ਕਾਫ਼ੀ ਨਹੀਂ ਸੀ। ਇੰਝ ਨਾ ਕਮਲ ਦੇ ਕਾਤਲ ਦੀ ਪਹਿਚਾਣ ਹੁੰਦੀ ਸੀ, ਨਾ ਵੇਦ ਅਤੇ ਨੀਲਮ ਨੂੰ ਸੱਟਾਂ ਮਾਰਨ ਵਾਲੇ ਦੀ। ਨਾ ਨੇਹਾ ਨੂੰ ਕਿਸੇ ਦੋਸ਼ੀ ਦਾ ਨਾਂ-ਪਤਾ, ਪਤਾ ਸੀ, ਨਾ ਹੁਲੀਆ। ਅਦਾਲਤ ਦੇ ਹੱਥ ਵਿਚ ਇਨਸਾਫ਼ ਦੀ ਤੱਕੜੀ ਸੀ। ਉਸ ਲਈ ਦੋਵੇਂ ਪੱਲੜੇ ਬਰਾਬਰ ਸਨ। ਸ਼ੱਕ ਦੇ ਆਧਾਰ 'ਤੇ ਭੈੜੇ ਤੋਂ ਭੈੜੇ ਬੰਦੇ ਨੂੰ ਵੀ ਸਜ਼ਾ ਨਹੀਂ ਸੀ ਕੀਤੀ ਜਾ ਸਕਦੀ।

ਇਸੇ ਸ਼ੱਕ ਨੂੰ ਦੂਰ ਕਰਨ ਲਈ ਪੁਲਿਸ ਨੇ ਨੇਹਾ ਦੇ ਬਿਆਨ ਨੂੰ ਤੋੜਿਆ ਮਰੋੜਿਆ ਸੀ।

ਜਦੋਂ ਪਰਚਾ ਕੱਟਿਆ ਗਿਆ, ਉਸ ਸਮੇਂ ਨੇਹਾ ਬੇਹੋਸ਼ ਸੀ। ਪੁਲਿਸ ਨੂੰ ਕਾਰਵਾਈ ਮੁਕੰਮਲ ਕਰਨ ਦੀ ਕਾਹਲ ਸੀ। ਲੋੜ ਅਨੁਸਾਰ ਨੇਹਾ ਦਾ ਬਿਆਨ ਲਿਖ ਲਿਆ ਗਿਆ ਸੀ।

ਪਿਛੋਂ ਹਾਲਾਤ ਬਦਲ ਗਏ। ਦੋਸ਼ੀ ਫੜੇ ਗਏ। ਮਾਲ ਬਰਾਮਦ ਹੋ ਗਿਆ। ਨੇਹਾ ਨੂੰ ਹੋਸ਼ ਆ ਗਈ। ਘਟੀ ਘਟਨਾ ਦੇ ਵੇਰਵੇ ਪ੍ਰਾਪਤ ਹੋ ਗਏ।

ਬਦਲੇ ਹਾਲਾਤ ਅਨੁਸਾਰ ਪਰਚੇ, ਅਸਲੀਅਤ ਅਤੇ ਕਾਨੂੰਨ ਦੀਆਂ ਲੋੜਾਂ ਵਿਚ ਤਾਲਮੇਲ ਬਿਠਾਉਣ ਲਈ ਪੁਲਿਸ ਨੇ ਨਵੇਂ ਬਿਆਨ ਘੜ ਲਏ।

ਨੇਹਾ ਨੂੰ ਜਿਸ ਨਵੇਂ ਬਿਆਨ ਨੂੰ ਯਾਦ ਕਰਨ ਲਈ ਆਖਿਆ ਜਾ ਰਿਹਾ ਸੀ ਉਹ ਇਸ ਪ੍ਰਕਾਰ ਸੀ :

ਘਟਨਾ ਵਾਲੀ ਰਾਤ ਸਾਰਾ ਪਰਿਵਾਰ ਆਪਣੇ-ਆਪਣੇ ਕਮਰਿਆਂ ਵਿਚ ਸੁੱਤਾ ਹੋਇਆ ਸੀ। ਚਾਰ ਬੰਦੇ ਕੋਠੀ ਦੀਆਂ ਕੰਧਾਂ ਟੱਪ ਕੇ ਉਨ੍ਹਾਂ ਦੀ ਕੋਠੀ ਵਿਚ ਦਾਖ਼ਲ ਹੋ ਗਏ। ਖੜਕਾ ਸੁਣ ਕੇ ਨੇਹਾ ਦੀ ਅੱਖ ਖੁਲ੍ਹ ਗਈ। ਖੜਕਾ ਕਿਸ ਕਾਰਨ ਹੋਇਆ ਹੈ? ਅੱਧ-ਸੁੱਤੀ ਅਵਸਥਾ ਵਿਚ ਉਹ ਜਾਇਜ਼ਾ ਲੈਣ ਲੱਗੀ। ਉਸਨੇ ਦੇਖਿਆ ਦੋ ਬੰਦੇ ਨੀਲਮ ਅਤੇ ਵੇਦ ਦੇ ਕਮਰੇ ਵਿਚ ਖੜ੍ਹੇ ਸੇਫ਼ ਦੀਆਂ ਚਾਬੀਆਂ ਮੰਗ ਰਹੇ ਸਨ। ਵੇਦ ਨੇ ਅਲਮਾਰੀ ਵਿਚ ਪਿਆ ਸੋਨਾ ਅਤੇ ਨਕਦੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਉਹ ਸਮਾਨ ਆਪਣੀਆਂ ਜੇਬਾਂ ਵਿਚ ਪਾ ਲਿਆ। ਉਹ ਹੋਰ ਗਹਿਣੇ ਮੰਗਣ ਲੱਗੇ। ਵੇਦ ਹੋਰਾਂ ਦੇ ਮਜਬੂਰੀ ਜ਼ਾਹਿਰ ਕਰਨ ਤੇ ਉਹ ਉਨ੍ਹਾਂ ਨੂੰ ਕੁੱਟਣ ਲੱਗੇ। ਨੀਲਮ ਦੇ ਸਿਰ ਵਿਚ ਰਾਡ ਮਾਰਨ ਵਾਲੇ ਦਾ ਨਾਂ ਪੰਡਤ, ਵੇਦ ਦੀਆਂ ਲੱਤਾਂ ਬਾਹਾਂ ਤੋੜਨ ਵਾਲੇ ਦਾ ਨਾਂ ਕਾਲੀਆ ਸੀ। ਮਾਂ-ਬਾਪ ਨੂੰ ਬਚਾਉਣ ਲਈ ਨੇਹਾ ਅੱਗੇ ਆਈ। ਉਸਦੇ ਕਮਰੇ ਦੀ ਬੱਤੀ ਜਗਦਿਆਂ ਹੀ ਉਸਦੇ ਦਰਵਾਜ਼ੇ ਅੱਗੇ ਖੜ੍ਹਾ ਇਕ ਦੋਸ਼ੀ ਉਸਦੇ ਕਮਰੇ ਵਿਚ ਆ ਵੜਿਆ। ਉਹ ਦੀਨਾ ਸੀ। ਚਾਕੂ ਦਿਖਾ ਕੇ ਉਸਨੇ ਨੇਹਾ ਨੂੰ ਚੁੱਪ ਕਰਵਾ ਦਿੱਤਾ। ਜ਼ਬਰਦਸਤੀ ਉਸ ਨਾਲ ਮੂੰਹ ਕਾਲਾ ਕੀਤਾ। ਛੱਟਪਟਾਉਂਦੀ ਨੇਹਾ ਕੋਲੋਂ ਮੇਜ਼ ਤੇ ਪਿਆ ਟੇਬਲ-ਲੈਂਪ ਜ਼ਮੀਨ ਉਪਰ ਡਿਗ ਗਿਆ। ਹੋਏ ਖੜਕੇ ਨਾਲ ਕਮਲ ਜਾਗ ਪਿਆ। ਉਹ ਨੇਹਾ ਦੇ ਕਮਰੇ ਵੱਲ ਦੌੜਿਆ। ਉਸਦੇ ਕਮਰੇ ਅੱਗੇ ਖੜ੍ਹੇ ਪੰਚਮ ਨੇ ਉਸਨੂੰ ਦਬੋਚ ਲਿਆ। ਨੇਹਾ ਦੇ ਦੇਖਦੇ-ਦੇਖਦੇ ਉਸਨੇ ਕਮਲ ਦੇ ਢਿੱਡ ਵਿਚ ਚਾਕੂ ਮਾਰ ਦਿੱਤੇ। ਉਹ ਉੱਥੇ ਹੀ ਢੇਰ ਹੋ ਗਿਆ।

ਠੇਕੇਦਾਰ ਨਾਂ ਦੇ ਦੋਸ਼ੀ ਨੇ ਉਨ੍ਹਾਂ ਨੂੰ ਹੁਕਮ ਦਿੱਤਾ, "ਸਮਾਨ ਚੁੱਕ ਕੇ ਭੱਜ ਚੱਲੋ।" ਜਾਂਦੇ-ਜਾਂਦੇ ਉਹ ਨੇਹਾ ਦੀ ਹਿੱਕ ਵਿੱਚ ਦੋ ਤਿੰਨ ਘਸੁੰਨ ਮਾਰ ਗਏ। ਉਹ ਬੇਹੋਸ਼ ਹੋ ਗਈ।

ਇਸ ਵਾਰਦਾਤ ਦੌਰਾਨ ਦੋਸ਼ੀਆਂ ਨੇ ਆਪਸ ਵਿਚ ਗੱਲਾਂ ਕੀਤੀਆਂ ਸਨ। ਉਹ ਗੱਲਬਾਤ ਤੋਂ ਭਈਏ ਜਾਪਦੇ ਸਨ। ਗੱਲਾਂ ਕਰਦੇ ਉਹ ਇਕ ਦੂਜੇ ਦਾ ਨਾਂ ਲੈਂਦੇ ਸਨ। ਪਹਿਲਾ ਦੂਜੇ ਨੂੰ ਪੰਡਿਤ ਆਖਦਾ ਸੀ, ਦੂਜਾ ਤੀਜੇ ਨੂੰ ਦੀਨਾ। ਉਨ੍ਹਾਂ ਦੇ ਨਾਵਾਂ ਦੇ ਨਾਲ-ਨਾਲ ਨੇਹਾ ਨੇ ਉਨ੍ਹਾਂ ਦੇ ਕੱਦ, ਹੁਲੀਏ ਤੇ ਉਮਰ ਯਾਦ ਕਰ ਲਈ ਸੀ, ਜਿਸ ਬਾਰੇ ਪਿਛੋਂ ਉਸਨੇ ਪੁਲਿਸ ਨੂੰ ਦੱਸ ਦਿੱਤਾ ਸੀ।

ਇਸ ਮੁੱਖ ਬਿਆਨ ਤੋਂ ਇਲਾਵਾ ਕੁਝ ਛੋਟੇ ਬਿਆਨ ਵੀ ਲਿਖੇ ਗਏ ਸਨ। ਕਿਸੇ ਵਿੱਚ ਨੇਹਾ ਵੱਲੋਂ ਥਾਣੇ ਆ ਕੇ ਦੋਸ਼ੀਆਂ ਕੋਲੋਂ ਬਰਾਮਦ ਹੋਏ ਸਮਾਨ ਨੂੰ ਸ਼ਨਾਖ਼ਤ ਕਰਨ ਬਾਰੇ ਦਰਜ ਸੀ ਅਤੇ ਕਿਸੇ ਵਿਚ ਦੋਸ਼ੀਆਂ ਦੇ ਵਾਰਦਾਤ ਸਮੇਂ ਪਹਿਨੇ ਕਪੜਿਆਂ ਨੂੰ ਸ਼ਨਾਖ਼ਤ ਕਰਨ ਬਾਰੇ।

ਇਨ੍ਹਾਂ ਬਿਆਨਾਂ ਵਿਚ ਦਰਜ ਕੁਝ ਵੀ ਇੰਝ ਨੇਹਾ ਦੇ ਸਾਹਮਣੇ ਨਹੀਂ ਸੀ ਵਾਪਰਿਆ। ਇਸ ਲਈ ਬਿਆਨ ਯਾਦ ਕਰਨ ਵਿਚ ਉਸਨੂੰ ਦਿਕਤ ਮਹਿਸੂਸ ਹੋ ਰਹੀ ਸੀ।

"ਮਾਮਾ ਮੈਥੋਂ ਏਡਾ ਵੱਡਾ ਝੂਠ ਨਹੀਂ ਬੋਲਿਆ ਜਾਣਾ।" ਖਿਝੀ ਨੇਹਾ ਨੇ ਮਾਮੇ ਕੋਲ ਮਜਬੂਰੀ ਜ਼ਾਹਰ ਕੀਤੀ।

"ਬੋਲਣਾ ਪੈਣਾ ਹੈ ਧੀਏ! ਸਾਡੇ ਕਾਨੂੰਨ ਦਾ ਇਹੋ ਦੁਖਾਂਤ ਹੈ। ਸੱਚ ਬੋਲੀਏ ਤਾਂ ਦੋਸ਼ੀ ਬਰੀ ਹੋ ਜਾਂਦੇ ਹਨ। ਝੂਠ ਬੋਲੀਏ ਤਾਂ ਨਿਰਦੋਸ਼ ਵੀ ਸਜ਼ਾ ਪਾ ਜਾਂਦੇ ਹਨ।"

ਭੰਬਲ-ਭੂਸੇ ਵਿਚ ਪਈ ਨੇਹਾ ਕੋਲ ਚੁੱਪ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

## -94-

ਲੱਖ ਯਤਨ ਕਰਨ 'ਤੇ ਵੀ ਨੇਹਾ ਨੂੰ ਬਿਆਨ ਯਾਦ ਨਹੀਂ ਸੀ ਹੋ ਰਿਹਾ।

ਬਿਆਨ ਰਾਹੀਂ ਉਸਨੂੰ ਵਾਰਦਾਤ ਯਾਦ ਕਰਨ ਲਈ ਆਖਿਆ ਜਾ ਰਿਹਾ ਸੀ।

ਵਾਰਦਾਤ ਯਾਦ ਆਉਂਦਿਆਂ ਹੀ ਉਸਦਾ ਸਾਰਾ ਸਰੀਰ ਕੰਬਣ ਲਗਦਾ। ਦਿਮਾਗ ਫਟਨ ਲਗਦਾ। ਸਾਰਾ ਸਰੀਰ ਬਦਬੂ ਨਾਲ ਭਰ ਜਾਂਦਾ। ਉਸਨੂੰ ਆਪਣੇ ਆਪ ਨਾਲ, ਆਪਣੇ ਸਰੀਰ ਨਾਲ ਘਿਰਣਾ ਹੋਣ ਲਗਦੀ।

ਉਸਦੀ ਇੱਜ਼ਤ ਲੁੱਟੀ ਗਈ ਸੀ। ਨਾਲ ਹੀ ਉਸਦਾ ਭਵਿੱਖ ਲੁੱਟਿਆ ਗਿਆ ਸੀ। ਨੇਹਾ ਦਾ ਸ਼ਹਿਰ ਛੁੱਟ ਗਿਆ ਸੀ। ਉਸਦੀ ਪੜ੍ਹਾਈ ਛੁੱਟ ਗਈ ਸੀ। ਉਸਦਾ ਪ੍ਰੇਮੀ ਉਸਨੂੰ ਛੱਡ ਗਿਆ ਸੀ। ਨੇਹਾ ਦੇ ਵਿਆਹ ਦੇ ਸੁਪਨੇ ਚਕਨਾਚੂਰ ਹੋ ਗਏ ਸਨ। ਕਿਸੇ ਪੜ੍ਹੇ-ਲਿਖੇ ਛੈਲ-ਛਬੀਲੇ ਨੌਜਵਾਨ ਨਾਲ ਜ਼ਿੰਦਗੀ ਬਸਰ ਕਰਨ ਦਾ ਸੁਪਨਾ ਇਕ ਹਵਾਈ ਕਿਲ੍ਹਾ ਬਣ ਕੇ ਰਹਿ ਗਿਆ ਸੀ। ਹੁਣ ਉਸਦੇ ਪੱਲੇ ਕੋਈ ਦਹਾਜੂ, ਚਾਰ ਬੱਚਿਆਂ ਦਾ ਬਾਪ, ਅਪਾਹਜ ਜਾਂ ਮੰਦ-ਬੁੱਧੀ ਪੈਣਾ ਸੀ। ਕਿਸੇ ਲੋੜਵੰਦ ਨੇ ਪਹਿਲਾਂ ਉਸਨੂੰ ਚੱਟ ਚੁੰਮ ਕੇ ਪਰਵਾਨ ਕਰਨਾ ਸੀ, ਪਿੱਛੋਂ ਬਲਾਤਕਾਰ ਨੂੰ ਯਾਦ ਕਰਵਾ ਕਰਵਾ ਉਸਨੂੰ ਤੁਨਦੇ ਰਹਿਣਾ ਸੀ।

ਬਿਆਨ ਯਾਦ ਕਰਦਿਆਂ ਕਮਲ ਦੇ ਪੇਟ ਵਿਚ ਵੱਜਦੇ ਛੁਰਿਆਂ ਦਾ ਦ੍ਰਿਸ਼ ਤਾਜ਼ਾ ਹੋ ਜਾਂਦਾ ਸੀ। ਕਮਲ ਦੇ ਤਰਲੇ ਅਤੇ ਚੀਕਾਂ ਉਸਦੇ ਕੰਨਾਂ ਨੂੰ ਚੀਰਨ ਲਗਦੇ ਸਨ। ਉਸਨੂੰ ਆਪਣੇ ਆਪ 'ਤੇ ਅਫ਼ਸੋਸ ਹੁੰਦਾ ਸੀ। ਕਮਲ ਦੀ ਮੌਤ ਦੀ ਜ਼ਿੰਮੇਵਾਰ ਉਹ ਸੀ। ਨਾ ਉਹ



ਪੈਦਾ ਹੁੰਦੀ ਨਾ ਕੋਈ ਉਸਦੀ ਇੱਜ਼ਤ ਲੁੱਟਦਾ। ਨਾ ਕਮਲ ਮੁਕਾਬਲਾ ਕਰਦਾ, ਨਾ ਕਤਲ ਹੁੰਦਾ।

ਹੁਣ ਕਮਲ ਬਿਨਾਂ ਸਾਰੇ ਟੱਬਰ ਦੀ ਜ਼ਿੰਦਗੀ ਨਰਕ ਬਣੀ ਪਈ ਸੀ। ਮਾਂ-ਬਾਪ ਦਾ ਜ਼ਿੰਦਗੀ ਦਾ ਉਦੇਸ਼ ਖ਼ਤਮ ਹੋ ਗਿਆ ਸੀ। ਵੇਦ ਨੇ ਹੁਣ ਕੰਮ-ਕਾਰ, ਭੱਜ-ਨੱਠ ਅਤੇ ਕਮਾਈ ਕਿਸ ਲਈ ਕਰਨੀ ਸੀ?

ਹੁਣ ਨੇਹਾ ਬਿਨਾਂ ਭਰਾਵਾਂ ਵਾਲੀ ਭੈਣ ਸੀ। ਬਿਨਾਂ ਭਰਾਵਾਂ ਵਾਲੀਆਂ ਕੁੜੀਆਂ ਨਾਲ ਕੋਈ ਨਾਤਾ ਨਹੀਂ ਜੋੜਦਾ। ਮਾਂ ਬਾਪ ਨੇ ਸਦਾ ਥੋੜ੍ਹਾ ਬੈਠਾ ਰਹਿਣਾ ਹੈ? ਮਾਂ ਬਾਪ ਦੇ ਮਰਨ ਬਾਅਦ ਕੁੜੀਆਂ ਦਾ ਪੇਕਿਆਂ ਨਾਲੋਂ ਰਿਸ਼ਤਾ ਟੁੱਟ ਜਾਂਦਾ ਹੈ। ਨੇਹਾ ਵੈਸੇ ਵੀ ਚੰਗੇ ਵਰ ਦੇ ਕਾਬਲ ਨਹੀਂ ਸੀ ਰਹੀ। ਕਮਲ ਦੀ ਘਾਟ ਉਸਦੇ ਜ਼ਖ਼ਮਾਂ 'ਤੇ ਹੋਰ ਨਮਕ ਛਿੜਕਦੀ ਸੀ।

ਵੇਦ ਤੁਰਨ ਫਿਰਨ ਤਾਂ ਲੱਗ ਗਿਆ ਸੀ ਪਰ ਉਸਦੇ ਜੋੜਾਂ ਵਿਚ ਚੌਵੀ ਘੰਟੇ ਦਰਦ ਹੁੰਦਾ ਰਹਿੰਦਾ ਸੀ। ਖਾਣ ਪੀਣ ਵਿਚ ਦਿਕਤ ਆਉਂਦੀ ਸੀ। ਕੰਮ-ਕਾਰ ਠੱਪ ਸੀ। ਪਹਿਲਾ ਪੈਸਾ ਖ਼ੂਹ-ਖਾਤੇ ਪੈ ਚੁੱਕਾ ਸੀ। ਨਵਾਂ ਕਾਰੋਬਾਰ ਸ਼ੁਰੂ ਕਰਨ ਨੂੰ ਉਸਦਾ ਦਿਲ ਨਹੀਂ ਸੀ ਕਰਦਾ। ਪੈਸੇ ਦੀ ਦੌੜ ਨੇ ਉਸਨੂੰ ਪਹਿਲਾਂ ਹੀ ਨਾਨਕੇ ਯਾਦ ਕਰਵਾ ਰੱਖੇ ਸਨ। ਘਰ ਬੈਠ ਕੇ ਝੂਰਣ ਤੋਂ ਸਿਵਾ ਉਹ ਕੁਝ ਨਹੀਂ ਸੀ ਕਰਦਾ।

ਨੀਲਮ ਉੱਠਣ ਬੈਠਣ ਲਗ ਗਈ ਸੀ। ਪਰ ਦਿਮਾਗੀ ਸੱਟ ਕਾਰਨ ਉਸਨੂੰ ਬਹੁਤਾ ਕੁਝ ਯਾਦ ਨਹੀਂ ਸੀ ਰਹਿੰਦਾ। ਕਦੇ-ਕਦੇ ਉਸਨੂੰ ਕਮਲ ਦੀ ਮੌਤ ਦਾ ਅਹਿਸਾਸ ਹੁੰਦਾ। ਉਸ ਸਮੇਂ ਉਹ ਇਉਂ ਵੈਣ ਪਾ-ਪਾ ਉਸਨੂੰ ਰੋਣ ਲਗਦੀ ਜਿਵੇਂ ਪੰਜਾਹ ਸਾਲ ਪਹਿਲਾਂ ਬੁੜ੍ਹੀਆਂ ਸਿਆਪਾ ਕਰਦੇ ਸਮੇਂ ਵੈਣ ਪਾਉਂਦੀਆਂ ਸਨ। ਨੇਹਾ ਨਾਲ ਹੋਏ ਬਲਾਤਕਾਰ ਦੀ ਜੇ ਕਦੇ ਉਸਨੂੰ ਯਾਦ ਆਉਂਦੀ ਤਾਂ ਉਹ ਉਸਨੂੰ ਹਿੱਕ ਨਾਲ ਲਾ ਕੇ ਡੁਸਕਣ ਲਗਦੀ। ਉਸਦਾ ਬਿਨਾਂ ਮਤਲਬ ਸਿਰ ਪਲੋਸਦੀ ਰਹਿੰਦੀ। ਵਾਰ-ਵਾਰ ਚੁੰਮਣ ਲਗਦੀ।

ਕਦੇ ਉਹ ਸਭ ਕੁਝ ਭੁੱਲ ਜਾਂਦੀ। ਕਮਲ ਦੇ ਦੇਰ ਤਕ ਘਰ ਨਾ ਮੁੜਨ ਅਤੇ ਨੇਹਾ ਦੇ ਕਾਲਜ ਨਾ ਜਾਣ ਦੇ ਕਾਰਨ ਪੁੱਛਦੀ।

"ਕਾਰ ਕੌਣ ਲੈ ਗਿਆ? ਮੋਟਰ ਸਾਈਕਲ ਕਿੱਥੇ ਹੈ? ਤੂੰ ਸਾਦੇ ਕੱਪੜੇ ਕਿਉਂ ਪਾਏ ਹਨ?"

ਅਜਿਹੇ ਪ੍ਰਸ਼ਨ ਪੁੱਛ-ਪੁੱਛ ਉਹ ਨੇਹਾ ਨੂੰ ਰੋਣ ਲਈ ਮਜਬੂਰ ਕਰ ਦਿੰਦੀ।

ਨੀਲਮ ਜ਼ਿੰਦਾ ਲਾਸ਼ ਵਾਂਗ ਸੀ। ਡਾਕਟਰ ਦੀ ਰਾਏ ਸੀ, ਉਸਦੀ ਸਿਹਤ ਵਿਚ ਦਸ ਪੰਦਰਾਂ ਫੀ ਸਦੀ ਹੋਰ ਸੁਧਾਰ ਹੋ ਸਕਦਾ ਸੀ। ਇਸ ਤੋਂ ਵੱਧ ਨਹੀਂ।

ਉਂਝ ਨੀਲਮ ਤਕੜੀ ਦਿਸਦੀ ਸੀ। ਆਪਣੀ ਕਿਰਿਆ ਆਪ ਸੋਧ ਰਹੀ ਸੀ। ਦਿਨੋ-ਦਿਨ ਉਹ ਬੁਢਾਪੇ ਵੱਲ ਵੱਧ ਰਹੀ ਸੀ। ਵੇਦ ਦੇ ਹੱਡ ਕਮਜ਼ੋਰ ਪੈ ਗਏ ਸਨ। ਉਸ ਤੋਂ ਆਪਣਾ ਆਪ ਨਹੀਂ ਸੀ ਸੰਭਲਦਾ। ਨੇਹਾ ਪਿਛੋਂ ਇਨ੍ਹਾਂ ਨੂੰ ਕੌਣ ਸੰਭਾਲੇਗਾ ? ਇਹੋ ਸੋਚ-ਸੋਚ ਨੇਹਾ ਪਾਗਲਾਂ ਵਰਗੀ ਹੋ ਜਾਂਦੀ ਸੀ।

ਨਾਨਕੇ ਆ ਕੇ ਮਾਹੌਲ ਕੁਝ ਬਦਲਿਆ ਸੀ। ਨਵਾਂ ਆਂਢ-ਗੁਆਂਢ। ਨਵੇਂ ਰਿਸ਼ਤੇਦਾਰ। ਮਾਮੇ ਮਾਮੀਆਂ। ਉਨ੍ਹਾਂ ਦੇ ਬੱਚੇ। ਆਥਣ ਉੱਗਣ ਕੋਈ ਨਾ ਕੋਈ ਉਨ੍ਹਾਂ ਦੇ ਘਰ ਆ ਜਾਂਦਾ। ਨੇਹਾ ਨੂੰ ਸਮਝਾ ਜਾਂਦਾ :

"ਹੁਣ ਤੂੰ ਹੀ ਕਮਲ ਦੀ ਥਾਂ ਲੈਣੀ ਹੈ। ਆਪਣੇ ਉਜੜੇ ਪਰਿਵਾਰ ਨੂੰ ਸੰਭਾਲਣਾ

ਹੈ। ਜ਼ਮਾਨਾ ਬਹੁਤ ਅੱਗੇ ਲੰਘ ਚੁੱਕਾ ਹੈ। ਪਰਾਏ ਮਰਦਾਂ ਨਾਲ ਸਬੰਧ ਹੁਣ ਪਹਿਲਾਂ ਜਿੰਨੇ ਇਤਰਾਜ਼-ਯੋਗ ਨਹੀਂ ਰਹੇ। ਤੇਰੇ ਵਰਗੀ ਪੜ੍ਹੀ-ਲਿਖੀ ਕੁੜੀ ਦਾ ਰਿਸ਼ਤਾ ਲੋਕਾਂ ਨੇ ਮੰਗ ਕੇ ਲੈਣਾ ਹੈ। ਆਪਣੇ ਆਪ ਨੂੰ ਸੰਭਾਲ, ਆਪਣੇ ਭੂਤ ਨੂੰ ਭੁੱਲ ਜਾ।"

ਪਰ ਮਾਮਾ ਨੇਹਾ ਨੂੰ ਭੂਤ ਭੁੱਲਣ ਨਹੀਂ ਸੀ ਦਿੰਦਾ। ਉਹ ਨੇਹਾ ਨੂੰ ਵਾਰਦਾਤ ਦੀ ਹਰ ਬਰੀਕੀ ਯਾਦ ਕਰਨ ਲਈ ਮਜਬੂਰ ਕਰ ਰਿਹਾ ਸੀ।

ਜਦੋਂ ਨੇਹਾ ਨੂੰ ਵਿਹਲ ਮਿਲਦੀ ਉਹ ਰਾਮ ਨਾਥ ਦੀ ਲਾਇਬਰੇਰੀ ਵਿਚ ਜਾ ਬੈਠਦੀ- ਕਾਨੂੰਨ ਗਵਾਹਾਂ ਕੋਲੋਂ ਝੂਠ ਕਿਉਂ ਬੁਲਵਾਉਂਦਾ ਹੈ? ਇਸ ਪਹੇਲੀ ਨੂੰ ਸੁਲਝਾਉਣ ਲਈ ਪਹਿਲਾਂ ਹੋਏ ਫੈਸਲੇ ਪੜ੍ਹਨ ਲਗਦੀ।

ਕਿਤਾਬਾਂ ਪੜ੍ਹਦੀ-ਪੜ੍ਹਦੀ ਉਹ ਵੱਡਾ ਵਕੀਲ ਬਣਨ ਦੇ ਸੁਪਨੇ ਦੇਖਣ ਲਗਦੀ। ਕਦੇ ਉਸਨੂੰ ਲਗਦਾ ਉਹ ਕਾਲਾ ਕੋਟ ਪਾਈ ਧੂੰਆਂਧਾਰ ਬਹਿਸ ਕਰ ਰਹੀ ਹੈ। ਕਦੇ ਲਗਦਾ ਧੜਾਧੜ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਸਜ਼ਾ ਕਰਵਾ ਰਹੀ ਹੈ।

ਪਰ ਆਪਣਾ ਬਿਆਨ ਯਾਦ ਕਰਦੀ ਨੇਹਾ ਨੂੰ ਤ੍ਰੇਲੀਆਂ ਆਉਣ ਲਗਦੀਆਂ।

ਜਿਉਂ-ਜਿਉਂ ਗਵਾਹੀ ਦੀ ਤਾਰੀਖ ਨੇੜੇ ਆ ਰਹੀ ਸੀ, ਤਿਉਂ-ਤਿਉਂ ਉਸਦੀ ਭੁੱਖ ਮਰਦੀ ਜਾ ਰਹੀ ਸੀ। ਮਨ ਉਖੜਦਾ ਜਾ ਰਿਹਾ ਸੀ। ਉਹ ਚਾਦਰ ਓੜ ਕੇ ਪੈ ਜਾਂਦੀ। ਘੰਟਿਆਂ-ਬੱਧੀ ਪਈ ਰਹਿੰਦੀ। ਛੱਤ ਵੱਲ ਤੱਕਦੀ ਰਹਿੰਦੀ। ਛੱਤ ਉਪਰ ਕਤਲ, ਬਲਾਤਕਾਰ ਅਤੇ ਲੁੱਟ ਖੋਹ ਦੇ ਦ੍ਰਿਸ਼ ਉਘੜਨ ਲਗਦੇ। ਇਹ ਦ੍ਰਿਸ਼ ਦੇਖ-ਦੇਖ ਉਸਦਾ ਮਨ ਚੀਕਾਂ ਮਾਰਨ ਅਤੇ ਰੋਣ ਕੁਰਲਾਉਣ ਨੂੰ ਕਰਨ ਲਗਦਾ।

ਪੇਸ਼ੀ ਵਿਚ ਬਹੁਤ ਦਿਨ ਬਾਕੀ ਸਨ। ਉਸ ਦਿਨ ਤਕ ਉਹ ਪਾਗਲ ਹੋ ਜਾਏਗੀ ? ਬਿਆਨ ਯਾਦ ਕਰਦੀ ਨੇਹਾ ਨੂੰ ਮਹਿਸੂਸ ਹੋਣ ਲਗਦਾ।

"ਮਾਮਾ ਜੀ ਬਿਆਨ ਦਿੱਤੇ ਬਿਨਾਂ ਨਹੀਂ ਸਰਦਾ?" ਅਜਿਹੀ ਮਨੋ-ਸਥਿਤੀ ਤੋਂ ਘਬਰਾਈ ਨੇਹਾ ਰਾਮ ਨਾਥ ਨਾਲ ਤੌਖਲਾ ਸਾਂਝਾ ਕਰਨ ਲਗਦੀ।

"ਬਿਆਨ ਪੜ੍ਹਦਿਆਂ ਮੈਨੂੰ ਟੈਨਸ਼ਨ ਹੋਣ ਲਗਦੀ ਹੈ। ਸਭ ਕੁਝ ਭੁੱਲ ਜਾਂਦਾ ਹੈ। ਕਮਲ ਯਾਦ ਆ ਜਾਂਦਾ ਹੈ। ਮੇਰਾ ਮਨ ਰੋਣ ਨੂੰ ਕਰਨ ਲਗਦਾ ਹੈ। ਜੋ ਅਸਲ ਵਾਪਰਿਆ, ਉਹ ਸਭ ਯਾਦ ਹੈ। ਜੋ ਵੱਧ ਘਸੋੜਿਆ ਹੈ ਉਸਦਾ ਇਕ ਅੱਖਰ ਵੀ ਯਾਦ ਨਹੀਂ ਹੁੰਦਾ। ਦੋਸ਼ੀਆਂ ਦੇ ਨਾਂ ਉਲਟ-ਪੁਲਟ ਹੋ ਜਾਂਦੇ ਹਨ। ਹੁਲੀਏ ਭੁੱਲ ਜਾਂਦੇ ਹਨ। ਕੋਈ ਇੰਨਾ ਕੁਝ ਕਿਸ ਤਰ੍ਹਾਂ ਯਾਦ ਰੱਖ ਸਕਦਾ ਹੈ?"

"ਤੇਰੀ ਗੱਲ ਠੀਕ ਹੈ। ਪਰ ਕਾਨੂੰਨ ਅੰਨ੍ਹਾ ਅਤੇ ਨਿਰਦਈ ਹੈ। ਉਹ ਇਹੋ ਮੰਗ ਕਰਦਾ ਹੈ।"

"ਕਦੇ ਜੱਜ ਦੇ ਕਿਸੇ ਨੇ ਸੱਟ ਨਹੀਂ ਮਾਰੀ ਹੋਣੀ। ਨਹੀਂ ਤਾਂ ਉਹ ਇਸ ਤਰ੍ਹਾਂ ਦੀ ਮੰਗ ਕਦੇ ਨਾ ਕਰਦਾ।"

"ਰਾਜਧਾਨੀਆਂ ਵਿਚ ਬੈਠੇ ਕਾਲਿਆਂ ਸ਼ੀਸ਼ਿਆਂ ਵਾਲੀਆਂ ਗੱਡੀਆਂ ਵਿਚ ਘੁੰਮਦੇ ਅਤੇ ਏਅਰ-ਕੰਡੀਸ਼ਨ ਦਫ਼ਤਰਾਂ ਵਿਚ ਬੈਠ ਕੇ ਫੈਸਲੇ ਕਰਨ ਵਾਲੇ ਜੱਜਾਂ ਨੂੰ ਆਮ ਜਨਤਾ ਦੇ ਦੁੱਖਾਂ ਦਾ ਕੀ ਪਤੈ? ਉਨ੍ਹਾਂ ਨੂੰ ਮੁਲਜ਼ਮ ਦੇ ਮਨੁੱਖੀ ਅਧਿਕਾਰਾਂ ਦਾ ਖ਼ਿਆਲ ਤਾਂ ਰਹਿੰਦਾ ਹੈ ਪਰ ਮੁਦਈ ਦੇ ਦੁੱਖਾਂ ਦਾ ਨਹੀਂ।"

"ਤੁਸੀਂ ਕਹਿੰਦੇ ਸੀ ਮੈਂ ਬਲਾਤਕਾਰ ਵਾਲੀ ਗੱਲ ਲੁਕੋ ਲਈ ਹੈ। ਪਰ ਮੇਰੇ ਬਿਆਨ ਵਿਚ ਇਸਦਾ ਜ਼ਿਕਰ ਹੈ।"



ਨੇਹਾ ਨੂੰ ਦਸਿਆ ਗਿਆ ਸੀ। ਬਦਨਾਮੀ ਤੋਂ ਬਚਣ ਲਈ ਬਲਾਤਕਾਰ ਵਾਲੀ ਘਟਨਾ ਨੂੰ ਛੁਪਾ ਲਿਆ ਗਿਆ ਸੀ। ਪਰ ਉਸਦੇ ਬਿਆਨ ਵਿਚ ਇਸ ਘਟਨਾ ਦਾ ਜ਼ਿਕਰ ਸੀ। ਬਲਾਤਕਾਰ ਦੀਨੇ ਨੇ ਕੀਤਾ ਸੀ। ਇਹ ਵੀ ਲਿਖਿਆ ਸੀ। ਖਿਝੀ ਨੇਹਾ ਮਾਮੇ ਤੋਂ ਸਪਸ਼ਟੀਕਰਨ ਮੰਗ ਰਹੀ ਸੀ।

"ਆਪਣੀ ਡਾਕਟਰੀ ਰਿਪੋਰਟ ਦੇਖ। ਡਾਕਟਰ ਨੇ ਸਾਫ਼ ਲਿਖਿਆ ਹੈ। ਲੜਕੀ ਪਾਕ ਹੈ। ਪਰਚੇ ਵਿਚ ਬਲਾਤਕਾਰ ਦਾ ਜ਼ਿਕਰ ਨਹੀਂ। ਪਿੱਛੋਂ ਪਤਾ ਨਹੀਂ ਪੁਲਿਸ ਨੇ ਇਸ ਜੁਰਮ ਨੂੰ ਕਿਉਂ ਘਸੋੜ ਲਿਆ?"

"ਮਾਮਾ ਫੇਰ ਇਹ ਮੇਰਾ ਬਿਆਨ ਕਿਸ ਤਰ੍ਹਾਂ ਹੋਇਆ? ਬਿਆਨ ਲਿਖਣ ਤੋਂ ਪਹਿਲਾਂ ਮੈਨੂੰ ਕਿਸੇ ਨੇ ਪੁੱਛਿਆ ਕਿਉਂ ਨਹੀਂ?"

"ਪੁਲਿਸ ਵਾਲੇ ਬਿਆਨ ਆਪ ਲਿਖ ਲੈਂਦੇ ਹਨ। ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ। ਗਵਾਹ ਕਚਹਿਰੀ ਵਿਚ ਜਾ ਕੇ ਫਸ ਜਾਂਦਾ ਹੈ। ਪੁਲਿਸ ਵੱਲੋਂ ਆਪੇ ਲਿਖੇ ਬਿਆਨ ਨੂੰ ਸਹੀ ਮੰਨੇ ਤਾਂ ਵਾਰਦਾਤ ਦੀ ਤਰਤੀਬ ਬਦਲ ਜਾਂਦੀ ਹੈ। ਨਾ ਮੰਨੇ ਤਾਂ "ਬਿਆਨ ਸੋਧ ਲਿਆ" ਇਹ ਆਖ ਦਿੱਤਾ ਜਾਂਦਾ ਹੈ। ਦੋਵੀਂ ਪਾਸੀਂ ਫ਼ਾਇਦਾ ਦੋਸ਼ੀ ਨੂੰ ਹੁੰਦਾ ਹੈ। ਕੀ ਕਰਿਆ ਜਾਵੇ? ਕਾਨੂੰਨ ਨੇ ਪੁਲਿਸ ਨੂੰ ਅੰਨ੍ਹੇ ਅਖ਼ਤਿਆਰ ਦਿੱਤੇ ਹੋਏ ਹਨ।"

"ਹੁਣ ਮੈਨੂੰ ਦਸੋ ਮੈਂ ਕੀ ਬਿਆਨ ਦੇਵਾਂ? ਆਹ ਹੋਰ ਊਟ-ਪਟਾਂਗ ਜਿਹਾ ਵੀ ਲਿਖਿਆ ਹੋਇਐ।"

ਮਹਾਂਨਗਰ ਵਿਚ ਪਲਣ ਕਰਕੇ ਨੇਹਾ ਖੁਲ੍ਹੇ ਵਿਚਾਰਾਂ ਦੀ ਸੀ। ਔਰਤ ਮਰਦ ਦੇ ਰਿਸ਼ਤਿਆਂ ਬਾਰੇ ਉਹ ਮਾਮੇ ਨਾਲ ਖੁਲ੍ਹ ਕੇ ਗੱਲ ਕਰ ਸਕਦੀ ਸੀ। ਫੇਰ ਵੀ ਬਿਆਨਾਂ ਵਿਚ ਦਰਜ ਕੁਝ ਤੱਥਾਂ ਬਾਰੇ ਗੱਲ ਕਰਨ ਤੋਂ ਉਹ ਝਿਜਕ ਰਹੀ ਸੀ।

ਮਾਮਾ ਵੀ ਧਰਤੀ ਵਿਚ ਧੱਸਦਾ ਜਾ ਰਿਹਾ ਸੀ। ਬੇਟੀਆਂ ਵਰਗੀ ਭਾਣਜੀ ਨੂੰ ਬਲਾਤਕਾਰ ਦੀਆਂ ਬਾਰੀਕੀਆਂ ਸਮਝਾਉਂਦਿਆਂ ਉਸਨੂੰ ਸ਼ਰਮ ਆ ਰਹੀ ਸੀ।

ਨੇਹਾ ਦਾ ਇਸ਼ਾਰਾ ਪੁਲਿਸ ਵੱਲੋਂ ਕਬਜ਼ੇ ਵਿਚ ਲਏ ਗਏ ਉਸਦੇ ਅੰਡਰਵੀਅਰ ਬਾਰੇ ਸੀ। ਅੰਡਰਵੀਅਰ ਉਪਰ ਲੱਗੇ ਖ਼ੂਨ ਦੇ ਧੱਬਿਆਂ ਬਾਰੇ ਸੀ। ਉਸਦਾ ਇਸ਼ਾਰਾ ਬੈੱਡ 'ਤੇ ਵਿਛੀ ਚਾਦਰ ਅਤੇ ਦੋਸ਼ੀ ਦੇ ਕਪੜਿਆਂ ਵੱਲ ਸੀ, ਜਿਨ੍ਹਾਂ ਉਪਰ ਵੀਰਯ ਦੇ ਧੱਬੇ ਹੋਣ ਦਾ ਜ਼ਿਕਰ ਸੀ।

"ਦੋਸ਼ੀ ਬਰੀ ਹੁੰਦਾ ਹੈ ਹੋ ਜਾਵੇ। ਆਪਾਂ ਇਸ ਗਵਾਹੀ ਤੋਂ ਮੁੱਕਰ ਜਾਵਾਂਗੇ। ਮੈਂ ਤੇਰੇ ਭਵਿੱਖ ਉਪਰ ਕਾਲੇ ਧੱਬੇ ਨਹੀਂ ਲੱਗਣ ਦੇਣੇ।"

ਨੇਹਾ ਦਾ ਇਸ਼ਾਰਾ ਸਮਝ ਕੇ ਰਾਮ ਨਾਥ ਉਸ ਦੀਆਂ ਚਿੰਤਾਵਾਂ ਨੂੰ ਮਿਟਾਉਣ ਦਾ ਯਤਨ ਕਰਨ ਲੱਗਾ।

"ਪਿਛੋਂ ਪੁਲਿਸ ਦੋਸ਼ੀਆਂ ਦੇ ਹੱਕ ਵਿਚ ਹੋ ਗਈ। ਕਿਹੜਾ ਆਪਾਂ ਨੂੰ ਕਿਸੇ ਨੇ ਪੁੱਛ ਕੇ ਕੁਝ ਕੀਤੈ। ਜੋ ਦਿਲ ਆਇਆ ਲਿਖ ਲਿਆ।"

"ਹੁਣ ਮੈਂ ਸੱਚ ਬੋਲਾਂ ਕਿ ਝੂਠ?"

"ਮੈਂ ਕੀ ਦੱਸਾਂ ! ਕਾਨੂੰਨ ਸਾਨੂੰ ਨਾ ਸੱਚ ਬੋਲਣ ਦਿੰਦੈ ਨਾ ਝੂਠ। ਸੱਚ ਬੋਲਾਂਗੇ ਤਾਂ ਤੱਥਾਂ ਨੇ ਕਾਨੂੰਨ ਦੁਆਰਾ ਘੜੀ ਜੁਰਮ ਦੀ ਪਰਿਭਾਸ਼ਾ ਵਿਚ ਫਿਟ ਨਹੀਂ ਬੈਠਣਾ। ਦੋਸ਼ੀ ਬਰੀ ਹੋ ਜਾਣਗੇ। ਇਕ ਝੂਠ ਬੋਲਿਆ ਤਾਂ ਉਸਨੂੰ ਛੁਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਣਗੇ। ਝੂਠ ਫੜਿਆ ਜਾਏਗਾ। ਸਾਡੀ ਕਹਾਣੀ ਸ਼ੱਕੀ ਕਹਿਲਾਏਗੀ। ਫ਼ਾਇਦਾ ਫੇਰ ਦੋਸ਼ੀਆਂ

ਨੂੰ ਪੁੱਜੇਗਾ।"

"ਮਤਲਬ ਦੋਸ਼ੀ ਕਿਸੇ ਤਰ੍ਹਾਂ ਵੀ ਸਜ਼ਾ ਦੇ ਭਾਗੀ ਨਹੀਂ ਹੋਣਗੇ?"

"ਹੋਣਗੇ ਕਿਉਂ ਨਹੀਂ? ਆਪਾਂ ਕਰਵਾ ਕੇ ਛੱਡਾਂਗੇ। ਆਪਾਂ ਸੱਚ ਅਤੇ ਝੂਠ ਦਾ ਇਹੋ ਜਿਹਾ ਮਿਸ਼ਰਣ ਕਰਾਂਗੇ ਕਿ ਸੱਚ ਵਿਚੋਂ ਝੂਠ ਲੱਭਣਾ ਮੁਸ਼ਕਲ ਹੋ ਜਾਏਗਾ। ਤੂੰ ਹਾਲੇ ਆਪਣੇ ਬਿਆਨ ਯਾਦ ਕਰ। ਫੇਰ ਮੈਂ ਤੈਨੂੰ ਜਿਰ੍ਹਾ ਸਮਝਾਵਾਂਗਾ। ਫੇਰ ਤੈਨੂੰ ਊਧਮ ਸਿੰਘ ਵੀ ਜਿਰ੍ਹਾ ਸਮਝਾਉਣਗੇ। ਉਨ੍ਹਾਂ ਦਾ ਬਹੁਤ ਤਜਰਬਾ ਹੈ। ਉਨ੍ਹਾਂ ਦੇ ਸਮਝਾਉਣ ਤੋਂ ਬਾਅਦ ਸਫ਼ਾਈ ਧਿਰ ਦੇ ਵਕੀਲ ਤੈਨੂੰ ਇਕ ਵੀ ਪ੍ਰਸ਼ਨ ਵਿਚ ਨਹੀਂ ਉਲਝਾ ਸਕਣਗੇ।"

ਰਾਮਨਾਥ ਨੇਹਾ ਦਾ ਮਨੋਬਲ ਉੱਚਾ ਚੁਕਣ ਦਾ ਯਤਨ ਕਰਨ ਲੱਗਾ। "ਗਵਾਹ ਬਿਆਨ ਆਪ ਦੇਵੇ। ਦੋਸ਼ੀ ਵੱਲੋਂ ਸਵਾਲ ਉਸਦਾ ਵਕੀਲ ਪੁੱਛੇ। ਇਹ ਬੜੀ ਬੇ-ਇਨਸਾਫ਼ੀ ਹੈ, ਨਾ-ਬਰਾਬਰੀ ਹੈ। ਜਾਂ ਮੁਦਈ ਤੋਂ ਸਵਾਲ ਦੋਸ਼ੀ ਪੁੱਛੇ। ਜਾਂ ਮੁਦਈ ਵੱਲੋਂ ਜਵਾਬ ਉਸਦਾ ਵਕੀਲ ਦੇਵੇ। ਫੇਰ ਤਾਂ ਗੱਲ ਬਣੇ।"

ਸਫ਼ਾਈ ਧਿਰ ਵੱਲੋਂ ਬਲਾਤਕਾਰ ਦੀ ਪੀੜਾ ਝੱਲਦੀ ਲੜਕੀ ਕੋਲੋਂ ਕਿਹੋ ਜਿਹੇ ਪ੍ਰਸ਼ਨ ਪੁੱਛੇ ਜਾਂਦੇ ਹਨ, ਇਸ ਦੇ ਕੁਝ ਨਮੂਨੇ ਨੇਹਾ ਨੂੰ ਆਪਣੇ ਮਾਮੇ ਦੀਆਂ ਮਿਸਲਾਂ ਵਿਚੋਂ ਮਿਲੇ ਸਨ। ਅਜਿਹੇ ਘਿਣਾਉਣੇ ਸਵਾਲਾਂ ਦਾ ਉਹ ਕੀ ਜਵਾਬ ਦੇਵੇਗੀ? ਇਹੋ ਸੋਚ ਸੋਚ ਨੇਹਾ ਘਬਰਾ ਰਹੀ ਸੀ। ਇਸੇ ਘਬਰਾਹਟ ਦਾ ਹੱਲ ਉਹ ਮਾਮੇ ਕੋਲੋਂ ਪੁੱਛ ਰਹੀ ਸੀ।

ਰਾਮ ਨਾਥ ਕੋਲ ਨੇਹਾ ਦੇ ਹਰ ਪ੍ਰਸ਼ਨ ਦਾ ਇਕੋ ਘਸਿਆ-ਪਿੱਟਿਆ ਉੱਤਰ ਸੀ :

"ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ।"

"ਫੇਰ ਅਜਿਹੇ ਕਾਨੂੰਨ ਨੂੰ ਬਦਲ ਕਿਉਂ ਨਹੀਂ ਦਿੱਤਾ ਜਾਂਦਾ?"

"ਬਦਲੇ ਕੌਣ ? ਬਦਲਣ ਵਾਲੇ ਖ਼ੁਦ ਮੁਜਰਮ ਹਨ। ਇਹ ਖ਼ਾਮੀਆਂ ਉਨ੍ਹਾਂ ਨੂੰ ਰਾਸ ਆਉਂਦੀਆਂ ਹਨ। ਲੋਕਾਂ ਨਾਲੋਂ ਉਨ੍ਹਾਂ ਨੂੰ ਆਪਣੀ ਵੱਧ ਚਿੰਤਾ ਹੈ।"

ਨੇਹਾ ਚੁੱਪ ਕਰ ਗਈ। ਅੱਗੇ ਨਾ ਨੇਹਾ ਕੋਲ ਕੁਝ ਪੁੱਛਣ ਲਈ ਸੀ ਨਾ ਰਾਮ ਨਾਥ ਕੋਲ ਕੁਝ ਦੱਸਣ ਲਈ।

## -95-

ਨੇਹਾ ਦਾ ਬਿਆਨ ਸ਼ੁਕਰਵਾਰ ਨੂੰ ਹੋਣਾ ਸੀ।

ਘਰ ਬੈਠੀ ਨੇਹਾ ਆਪਣੇ ਬਿਆਨਾਂ ਨੂੰ ਘੋਟਾ ਲਾ ਰਹੀ ਸੀ। ਜਿਰ੍ਹਾ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਅਤੇ ਉੱਤਰਾਂ ਵਿਚ ਤਾਲ-ਮੇਲ ਬਿਠਾ ਰਹੀ ਸੀ।

ਐਤਵਰ ਨੂੰ ਉਸਨੂੰ ਮਾਇਆ ਨਗਰ ਬੁਲਾਇਆ ਗਿਆ ਸੀ। ਸੋਸਾਇਟੀ ਦੇ ਵਕੀਲਾਂ ਵੱਲੋਂ ਉਸਦੀ ਤਿਆਰੀ ਦਾ ਜਾਇਜ਼ਾ ਲਿਆ ਜਾਣਾ ਸੀ। ਰਹਿੰਦੀ ਕਮੀ ਨੂੰ ਦੂਰ ਕੀਤਾ ਜਾਣਾ ਸੀ।

ਰਾਮ ਨਾਥ ਇਹਨੀਂ ਦਿਨੀਂ ਆਪਣੇ ਇਕ ਕੇਸ ਦੀ ਤਿਆਰੀ ਵਿਚ ਰੁੱਝਾ ਹੋਇਆ ਸੀ। ਇਹ ਬਲਾਤਕਾਰ ਦਾ ਕੇਸ ਸੀ। ਕੁਝ ਦਿਨਾਂ ਤੋਂ ਉਹ ਗਵਾਹਾਂ ਦੇ ਬਿਆਨਾਂ ਅਤੇ ਕਾਨੂੰਨ ਦੀਆਂ ਕਿਤਾਬਾਂ ਨਾਲ ਘੌਲ ਰਿਹਾ ਸੀ। ਜਾਪਦਾ ਸੀ ਉਸਤੋਂ ਬਹਿਸ ਤਿਆਰ ਨਹੀਂ ਸੀ ਹੋ ਰਹੀ।

ਨੇਹਾ ਨੂੰ ਬਲਾਤਕਾਰ ਨਾਲ ਸਬੰਧਤ ਮੁਕੱਦਮਾ ਪੜ੍ਹਨਾ ਚੰਗਾ ਲਗਦਾ ਸੀ।



ਮਾਮੇ ਨੂੰ ਕੇਸ ਵਿਚ ਖੁੱਭਿਆ ਦੇਖ ਕੇ ਨੇਹਾ ਕੇਸ ਦੇ ਤੱਥ ਜਾਨਣ ਲਈ ਉਤਾਵਲੀ ਹੋਣ ਲਗਦੀ।

ਇਕ ਰਾਤ ਉਸਨੇ ਮਿਸਲ ਚੁੱਕੀ ਅਤੇ ਪੜ੍ਹਨੀ ਸ਼ੁਰੂ ਕਰ ਦਿੱਤੀ।

ਖੇਤਾਂ ਵਿਚ ਕੱਖ ਚੁਗਣ ਗਈ ਛਿੰਦੋ ਨਾਲ ਹਰਬੰਸ ਨੇ ਜਬਰੀ ਮੂੰਹ ਕਾਲਾ ਕੀਤਾ ਸੀ। ਕੁੜੀ ਕੰਮੀਆਂ ਦੀ ਸੀ ਅਤੇ ਮੁੰਡਾ ਜ਼ਿਮੀਦਾਰਾਂ ਦਾ। ਪਿੰਡ ਵਿਚ ਵਾਪਰੀ ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਮੁੱਢ-ਕਦੀਮ ਤੋਂ ਇਸੇ ਤਰ੍ਹਾਂ ਹੁੰਦਾ ਆਇਆ ਸੀ। ਜ਼ਮੀਨਾਂ ਵਾਂਗ ਕੰਮੀਆਂ ਦੀਆਂ ਨੂੰਹਾਂ ਧੀਆਂ ਨੂੰ ਜ਼ਿਮੀਦਾਰ ਆਪਣੀ ਮਲਕੀਅਤ ਸਮਝਦੇ ਆ ਰਹੇ ਸਨ। ਉਹ ਜਦੋਂ ਚਾਹੁਣ ਉਨ੍ਹਾਂ ਨੂੰ ਵਰਤ ਸਕਦੇ ਸਨ।

ਪਹਿਲਾਂ ਮੁੰਡਿਆਂ ਦੀ ਝਾੜ-ਝੰਬ ਕਰਕੇ ਮਸਲਾ ਪਿੰਡ ਪੱਧਰ 'ਤੇ ਨਿਬੇੜ ਲਿਆ ਜਾਂਦਾ ਸੀ। ਇਸ ਵਾਰ ਵੀ ਸਰਪੰਚ ਤੋਂ ਲੈ ਕੇ ਪੁਲਿਸ ਤਕ ਨੇ ਮਸਲਾ ਰਫ਼ਾ-ਦਫ਼ਾ ਕਰਨ ਦਾ ਯਤਨ ਕੀਤਾ ਸੀ। ਮੁਆਫ਼ੀ ਦੇ ਨਾਲ-ਨਾਲ ਮੁਆਵਜ਼ੇ ਦੀ ਪੇਸ਼ਕਸ਼ ਹੋਈ ਸੀ। ਪਰ ਪਿੰਡ ਵਿਚ ਨਵੀਂ ਬਣੀ ਖੇਤ ਮਜ਼ਦੂਰ ਸਭਾ ਨੇ ਪੇਸ਼ ਨਾ ਜਾਣ ਦਿੱਤੀ।

ਜਲਸੇ ਜਲੂਸਾਂ ਤੋਂ ਡਰਦੀ ਪੁਲਿਸ ਨੂੰ ਪਰਚਾ ਦਰਜ ਕਰਨਾ ਪਿਆ।

ਖਿਝੀ ਪੁਲਿਸ ਨੇ ਦੋਸ਼ੀ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਕੁਆਰੀ ਕੁੜੀ ਨੂੰ ਉਨ੍ਹਾਂ ਪੇਸ਼ਾਵਰ ਔਰਤ ਬਣਾ ਦਿੱਤਾ। ਡਾਕਟਰ ਨੇ ਪੁਲਿਸ ਕਾਰਵਾਈ ਉਪਰ ਮੋਹਰ ਲਾ ਦਿੱਤੀ। ਉਸਨੇ ਕੁੜੀ ਨੂੰ ਸੰਭੋਗ ਕਰਨ ਦੀ ਆਦੀ ਬਣਾ ਦਿੱਤਾ।

ਰਾਮ ਨਾਥ ਹਰਬੰਸ ਦਾ ਵਕੀਲ ਸੀ। ਉਸਨੇ ਛਿੰਦੋ ਤੋਂ ਜਿਰ੍ਹਾ ਸਮੇਂ ਜੋ ਸਵਾਲ ਪੁੱਛੇ ਉਹ ਬਲਾਤਕਾਰ ਨਾਲੋਂ ਵੱਧ ਸ਼ਰਮਨਾਕ ਅਤੇ ਦਰਦਨਾਕ ਸਨ।

ਸਵਾਲ ਜਵਾਬ ਪੜ੍ਹਦੀ ਨੇਹਾ ਨੂੰ ਲੱਗਣ ਲੱਗਾ ਜਿਵੇਂ ਉਹ ਅਦਾਲਤ ਵਿਚ ਖੜ੍ਹੀ ਸੀ ਅਤੇ ਸਵਾਲ ਉਸੇ ਨੂੰ ਪੁੱਛੇ ਜਾ ਰਹੇ ਸਨ।

ਨੇਹਾ ਨੂੰ ਆਪਣੇ ਵਕੀਲ ਮਾਮੇ 'ਤੇ ਗੁੱਸਾ ਆਇਆ। ਉਸਨੇ ਆਪਣੀ ਧੀਆਂ ਵਰਗੀ ਕੁੜੀ ਨੂੰ ਭਰੀ ਕਚਹਿਰੀ ਵਿਚ ਨੰਗਿਆਂ ਕੀਤਾ ਸੀ।

ਇਹ ਕੋਈ ਪੁੱਛਣ ਵਾਲਾ ਸਵਾਲ ਸੀ ਕਿ ਉਸਨੇ ਸਭ ਤੋਂ ਪਹਿਲਾਂ ਕਿਸ ਨਾਲ ਸੰਭੋਗ ਕੀਤਾ ਸੀ? ਡਾਕਟਰ ਕਹਿੰਦਾ ਸੀ ਛਿੰਦੋ ਦਾ ਕੁਆਰ ਪਰਦਾ ਬਹੁਤ ਪਹਿਲਾਂ ਦਾ ਫਟਿਆ ਹੋਇਆ ਸੀ। ਮਾਮੇ ਨੇ ਪੁੱਛਿਆ ਸੀ ਛਿੰਦੋ ਨੇ ਇਹ ਕੁਆਰ ਪਰਦਾ ਕਿਸ ਕੋਲੋਂ ਫੜਵਾਇਆ ਸੀ? ਦੋਸ਼ੀ ਨੇ ਛਿੰਦੋ ਦੇ ਕਪੜੇ ਕਿਸ ਤਰ੍ਹਾਂ ਲਾਹੇ? ਖਿਚ ਧੂਹ ਵਿਚ ਕਪੜੇ ਫਟੇ ਕਿਉਂ ਨਾ? ਸਲਵਾਰ ਦਾ ਨਾਲਾ ਟੁੱਟਾ ਜਾਂ ਨਹੀਂ? ਬਿਨਾਂ ਨਾਲੇ ਦੇ ਉਸਨੇ ਸਲਵਾਰ ਕਿਸ ਤਰ੍ਹਾਂ ਪਾਈ? ਉਸਦਾ ਅੰਡਰ-ਵੀਅਰ ਕਿਸ ਨੇ ਲਾਹਿਆ? ਬਰੈਜਰ ਦੀ ਹੱਕ ਟੁੱਟੀ ਜਾਂ ਨਾ? ਉਸਨੂੰ ਜ਼ਮੀਨ ਉਪਰ ਲਿਟਾਇਆ ਜਾਂ ਮੰਜੇ ਉੱਪਰ? ਮੰਜੇ ਉਪਰ ਚਾਦਰ ਵਿਛੀ ਸੀ ਜਾਂ ਉਹ ਖੁਰਦੜਾ ਸੀ? ਸਰੀਰ 'ਤੇ ਝਰੀਟਾਂ ਕਿਉਂ ਨਹੀਂ ਵੱਜੀਆਂ? ਛਿੰਦੋ ਨੇ ਹਰਬੰਸ ਦੇ ਮੂੰਹ 'ਤੇ ਨਹੁੰਦਰਾਂ ਕਿਉਂ ਨਹੀਂ ਮਾਰੀਆਂ? ਸੰਭੋਗ ਕਿਰਿਆ ਕਿੰਨਾ ਚਿਰ ਚੱਲੀ? ਕਪੜੇ ਪਹਿਲਾਂ ਕਿਸ ਨੇ ਪਾਏ? ਅੰਡਰ-ਵੀਅਰ 'ਤੇ ਖ਼ੂਨ ਕਿਉਂ ਨਹੀਂ ਲੱਗਾ ? ਦੋਸ਼ੀ ਨੇ ਉਸਨੂੰ ਚੁੰਮਿਆਂ ? ਛਿੰਦੋ ਨੇ ਦੰਦੀਆਂ ਕਿਉਂ ਨਾ ਵੱਢੀਆਂ? ਛਾਤੀਆਂ ਪੁੱਟੀਆਂ? ਛਿੰਦੋ ਚੁੱਪ-ਚਾਪ ਸਭ ਕੁਝ ਕਿਉਂ ਬਰਦਾਸ਼ਤ ਕਰਦੀ ਰਹੀ?

ਫੇਰ ਮਾਮੇ ਨੇ ਛਿੰਦੋ ਸਿਰ ਦੋਸ਼ ਮੜ੍ਹੇ। ਛਿੰਦੋ ਦੇ ਆਪਣੇ ਵਿਹੜੇ ਦੇ ਧੀਰੇ ਨਾਲ ਸਬੰਧ ਸਨ। ਹਰਬੰਸ ਨੇ ਛਿੰਦੋ ਨੂੰ ਕਈ ਵਾਰ ਉਸ ਨਾਲ ਮੂੰਹ ਕਾਲਾ ਕਰਦੀ ਨੂੰ ਫੜਿਆ ਸੀ।

ਇਸੇ ਲਈ ਛਿੰਦੋ ਨੂੰ ਹਰਬੰਸ ਨਾਲ ਚਿੜ ਸੀ।

ਜਵਾਬ ਦਿੰਦੀ ਛਿੰਦੋ ਦਾ ਕੀ ਹਾਲ ਹੋਇਆ ਹੋਏਗਾ, ਨੇਹਾ ਇਹ ਮਹਿਸੂਸ ਕਰ ਸਕਦੀ ਸੀ।

ਛਿੰਦੋ ਤੋਂ ਇਕ ਵਕੀਲ ਨੇ ਸਵਾਲ ਪੁੱਛੇ ਸਨ। ਨੇਹਾ ਤੋਂ ਪੰਜ ਵਕੀਲਾਂ ਨੇ ਸਵਾਲ ਪੁੱਛਣੇ ਸਨ। ਮਾਇਆ ਨਗਰ ਦੇ ਚੁਸਤ ਚਲਾਕ ਵਕੀਲਾਂ ਨੇ ਨੇਹਾ ਦੀ ਕਈ ਗੁਣਾ ਦੁਰਗਤ ਕਰਨੀ ਸੀ।

ਛਿੰਦੋ ਵਾਲੀ ਮਿਸਲ ਪੜ੍ਹਨ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗੀ। ਉਹ ਆਪਣੇ ਹੋਣ ਵਾਲੇ ਚੀਰ ਹਰਨ ਤੋਂ ਡਰਨ ਲਗੀ।

"ਮਾਮਾ ਜੀ ਤੁਸੀਂ ਮੈਨੂੰ ਕਦੇ ਇਹ ਤਾਂ ਦਸਿਆ ਨਹੀਂ ਕਿ ਮੇਰੇ ਕੋਲੋਂ ਇਹੋ ਜਿਹੇ ਪ੍ਰਸ਼ਨ ਪੁੱਛੇ ਜਾਣਗੇ? ਨਾ ਉਨ੍ਹਾਂ ਦਾ ਉੱਤਰ ਸਮਝਾਇਆ।"

ਊਟ-ਪਟਾਂਗ ਸਵਾਲਾਂ ਤੋਂ ਘਬਰਾਈ ਨੇਹਾ ਨੇ ਮਾਮੇ ਨੂੰ ਘੇਰ ਲਿਆ।

ਸ਼ਰਮ ਦੇ ਮਾਰੇ ਰਾਮ ਨਾਥ ਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕਣ ਲੱਗੀਆਂ। ਰਾਮ ਨਾਥ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਨੇਹਾ ਕਦੇ ਇਸ ਮਿਸਲ ਨੂੰ ਪੜ੍ਹ ਲਏਗੀ। ਰਾਮ ਨਾਥ ਵੱਲੋਂ ਕੀਤੀ ਜਿਰ੍ਹਾ ਉਪਰ ਕਿੰਤੂ ਕਰੇਗੀ।

ਰਾਮ ਨਾਥ ਨੂੰ ਆਪਣੇ ਆਪ ਅਤੇ ਆਪਣੇ ਕਿੱਤੇ ਨਾਲ ਘ੍ਰਿਣਾ ਹੋਣ ਲੱਗੀ।

ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਪੜ੍ਹਾਇਆ ਗਿਆ ਸੀ। ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ ਸੀ। ਉਸਦਾ ਫਰਜ਼ ਸਚਾਈ ਸਾਹਮਣੇ ਲਿਆ ਕੇ ਜੱਜ ਨੂੰ ਸਚਾਈ ਤਕ ਪੁੱਜਣ ਵਿਚ ਮਦਦ ਕਰਨਾ ਸੀ। ਹੋ ਇਸਦੇ ਉਲਟ ਰਿਹਾ ਸੀ। ਵਕੀਲ ਦਾ ਇਕੋ-ਇਕ ਉਦੇਸ਼ ਹਰ ਹੀਲੇ ਆਪਣੀ ਧਿਰ ਨੂੰ ਬਚਾਉਣਾ ਬਣ ਗਿਆ ਸੀ। ਜਿੱਤ ਹਾਸਲ ਕਰਨ ਲਈ ਅਸਲੀਅਤ ਨੂੰ ਛੁਪਾਇਆ ਹੀ ਨਹੀਂ ਉਲਟਾ ਤੋੜ ਮਰੋੜ ਕੇ ਆਪਣੇ ਹੱਕ ਵਿਚ ਭੁਗਤਾਇਆ ਜਾਂਦਾ ਸੀ।

ਆਪਣੇ ਹੱਡਾਂ 'ਤੇ ਦੁੱਖ ਹੰਢਾ ਕੇ ਰਾਮ ਨਾਥ ਨੂੰ ਮੁਦਈ ਦੀ ਪੀੜ ਸਮਝ ਆਈ ਸੀ। ਬਹਿਸ ਦੀ ਤਿਆਰੀ ਕਰਦੇ ਸਮੇਂ ਰਾਮ ਨਾਥ ਨੂੰ ਛਿੰਦੋ ਵਿਚੋਂ ਨੇਹਾ ਨਜ਼ਰ ਆਉਣ ਲਗਦੀ ਸੀ। ਹਰਬੰਸ ਨੂੰ ਨਿਰਦੋਸ਼ ਸਾਬਤ ਕਰਦੇ ਰਾਮ ਨਾਥ ਨੂੰ ਉਸਦੀ ਆਤਮਾ ਲਾਹਨਤਾਂ ਪਾਉਣ ਲਗਦੀ ਸੀ। ਰਾਮ ਨਾਥ ਵੱਲੋਂ ਵਰਤੀਆਂ ਕਾਨੂੰਨੀ ਚਾਲਾਂ ਕਾਰਨ ਹਰਬੰਸ ਨੇ ਬਰੀ ਹੋ ਜਾਣਾ ਸੀ। ਸਭ ਕੁਝ ਲੁਟਾ ਚੁੱਕੀਆਂ ਛਿੰਦੋਆਂ ਅਤੇ ਨੇਹਾ ਦੇ ਪੱਲੇ ਇਨਸਾਫ਼ ਦੀ ਥਾਂ ਉਮਰ ਭਰ ਦੀਆਂ ਆਹਾਂ ਪੈਣੀਆਂ ਸਨ।

ਰਾਮ ਨਾਥ ਹਰਬੰਸ ਦੇ ਹੱਕ ਵਿਚ ਬਹਿਸ ਕਰੇ ਜਾਂ ਮਿਸਲ ਉਸਦੇ ਹੱਥ ਫੜਾ ਦੇਵੇ? ਕੁਝ ਦਿਨਾਂ ਤੋਂ ਰਾਮ ਨਾਥ ਇਸ ਸਮੱਸਿਆ ਨਾਲ ਜੂਝ ਰਿਹਾ ਸੀ।

ਰਾਮ ਨਾਥ ਦੇ ਇਕ ਮੁਕੱਦਮਾ ਛੱਡ ਦੇਣ ਨਾਲ ਸਮੱਸਿਆ ਦਾ ਹੱਲ ਨਹੀਂ ਸੀ ਹੋ ਜਾਣਾ। ਕਿਸੇ ਹੋਰ ਵਕੀਲ ਨੇ ਹਰਬੰਸ ਨੂੰ ਬੋਚ ਲੈਣਾ ਸੀ। ਉਸਨੂੰ ਬਰੀ ਕਰਵਾ ਦੇਣਾ ਸੀ।

ਪਰ ਕਦੇ ਤਾਂ ਕਿਸੇ ਨੂੰ ਇਨਸਾਫ਼ ਦੇ ਪੱਖ ਵਿਚ ਖਲੋਣ ਦੀ ਪਹਿਲ ਕਰਨੀ ਪੈਣੀ ਸੀ। ਇਹ ਸੋਚ ਕੇ ਉਹ ਝੂਠ ਦੇ ਇਸ ਪਲੰਦੇ ਨੂੰ ਠੋਕਰ ਮਾਰਨੀ ਚਾਹੁੰਦਾ ਸੀ।

ਇਸੇ ਮਾਨਸਿਕ ਦੁਬਿਧਾ ਕਾਰਨ ਉਸ ਤੋਂ ਬਹਿਸ ਤਿਆਰ ਨਹੀਂ ਸੀ ਹੋ ਰਹੀ।

ਨੇਹਾ ਦੇ ਇਸ ਪ੍ਰਸ਼ਨ ਨੇ ਉਸਦੇ ਅੰਦਰ ਉੱਠੇ ਜਵਾਰ-ਭਾਟੇ ਨੂੰ ਹੋਰ ਉਛਾਲ ਦਿੱਤਾ।



ਕਦੇ ਦੁਸ਼ਾਸ਼ਣ ਬਣ ਕੇ ਰਾਮ ਨਾਥ ਨੇ ਛਿੰਦੋ ਦੇ ਚੀਰ ਹਰਣ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ ਨੇਹਾ ਬੇਟੀ ਦਾ ਚੀਰ ਹਰਣ ਕਰਨਾ ਸੀ। ਭੀਸ਼ਮ ਪਿਤਾਮਾ ਵਾਂਗ ਮਜਬੂਰ ਰਾਮ ਨਾਥ ਨੇ ਛਟਪਟਾ ਕੇ ਰਹਿ ਜਾਣਾ ਸੀ।

"ਮੈਂ ਤੈਨੂੰ ਕੀ ਸਮਝਾਉਂਦਾ! ਮੈਨੂੰ ਆਪਣੇ ਆਪ 'ਤੇ ਸ਼ਰਮ ਆਉਂਦੀ ਸੀ। ਅਸੀਂ ਸਭ ਵਕੀਲ, ਸਭ ਛਿੰਦੋਆਂ ਅਤੇ ਨੇਹਾ ਦੇ ਗੁਨਾਹਗਾਰ ਹਾਂ। ਬੇਟੀਓ ਮੈਨੂੰ ਮੁਆਫ਼ ਕਰੋ।"

ਆਖਦਾ ਰਾਮ ਨਾਥ ਬੱਚਿਆਂ ਵਾਂਗ ਰੋਣ ਲੱਗਾ। ਉਸਦੀਆਂ ਅੱਖਾਂ ਵਿਚੋਂ ਵਹੇ ਹੰਝੂ ਉਸਦੇ ਮਨ ਦੀ ਮੈਲ ਧੋਣ ਲੱਗੇ।

## -96-

ਸ਼ਹਿਰ ਆ ਕੇ ਵੇਦ ਪਰਿਵਾਰ ਸੰਭਲਣ ਲੱਗਾ।

ਨੀਲਮ ਦਾ ਦੁੱਖ ਘਰ ਦੇ ਕੰਮ ਭੁਲਾ ਦਿੰਦਾ। ਵੇਦ ਨੇ ਕੁਝ ਦੋਸਤ ਬਣਾ ਲਏ। ਉਹ ਉਨ੍ਹਾਂ ਕੋਲ ਬੈਠਣ ਲੱਗਾ। ਦੁੱਖ ਸਾਂਝਾ ਕਰਨ ਦੀ ਠਾਹਰ ਬਣ ਗਈ। ਨੇਹਾ ਮਾਮੇ, ਮਾਮੀਆਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਪਰਚੀ ਰਹਿੰਦੀ। ਕਦੇ-ਕਦੇ ਉਹ ਕਾਨੂੰਨ ਦੀਆਂ ਕਿਤਾਬਾਂ ਪੜ੍ਹਨ ਲਗਦੀ। ਕਾਨੂੰਨ ਦੀਆਂ ਕਲਾਬਾਜ਼ੀਆਂ ਸਮਝਦੀ-ਸਮਝਦੀ ਮਨ ਦੀ ਕੁੜੱਤਣ ਭੁੱਲ ਜਾਂਦੀ।

ਰਾਮ ਨਾਥ ਨੂੰ ਲੱਗਦਾ ਸੀ ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਕੁਝ ਮਹੀਨਿਆਂ ਵਿਚ ਹਾਲਾਤ ਆਮ ਵਰਗੇ ਹੋ ਜਾਣਗੇ।

ਪਰ ਜਦੋਂ ਤੋਂ ਨੇਹਾ ਗਵਾਹੀ ਦੀ ਤਿਆਰੀ ਕਰਨ ਲੱਗੀ ਸੀ ਉਦੋਂ ਤੋਂ ਉਹ ਉੱਖੜੀ ਉੱਖੜੀ ਰਹਿਣ ਲੱਗੀ ਸੀ।

ਰਾਮ ਨਾਥ ਉਸ ਦੀ ਬੇਚੈਨੀ ਦਾ ਕਾਰਨ ਸਮਝਦਾ ਸੀ। ਤਾਜ਼ਾ ਹੋਈਆਂ ਯਾਦਾਂ ਉਸਦੇ ਮਨ ਦੇ ਟਿਕੇ ਪਾਣੀਆਂ ਵਿਚ ਰੋੜੇ ਸੁੱਟ ਰਹੀਆਂ ਸਨ।

ਰਾਮ ਨਾਥ ਨੇ ਪੂਰਾ ਜ਼ੋਰ ਲਾਇਆ ਹੋਇਆ ਸੀ। ਕਿਸੇ ਨਾ ਕਿਸੇ ਤਰ੍ਹਾਂ ਇਸ ਵਾਰ ਨੇਹਾ ਦਾ ਬਿਆਨ ਹੋ ਜਾਵੇ। ਉਸਦਾ ਅਤੀਤ ਨਾਲੋਂ ਖਹਿੜਾ ਛੁੱਟ ਜਾਵੇ। ਉਹ ਭਵਿੱਖ ਨਾਲ ਲੜਨ ਦੇ ਯੋਗ ਹੋ ਜਾਵੇ।

ਪਰ ਸਭ ਕੁਝ ਮਰਜ਼ੀ ਅਨੁਸਾਰ ਥੋੜ੍ਹਾ ਵਾਪਰਦਾ ਹੈ!

ਸ਼ਨੀਵਾਰ ਨੂੰ ਮਾਇਆ ਨਗਰੋਂ ਸੁਨੇਗਾ ਆ ਗਿਆ। ਐਤਵਾਰ ਨੂੰ ਆਉਣ ਦੀ ਲੋੜ ਨਹੀਂ ਹੈ।

ਪਿਛਲੀ ਵਾਰੀ ਸਰਕਾਰੀ ਵਕੀਲ ਤੋਂ ਗ਼ਲਤੀ ਹੋਈ ਸੀ। ਮੁਕੱਦਮੇ ਨੂੰ ਉਸਨੇ ਗਹਿਰਾਈ ਨਾਲ ਨਹੀਂ ਸੀ ਘੋਖਿਆ। ਸਾਧਾਰਨ ਕੇਸਾਂ ਵਾਂਗ ਪਰਚਾ ਦਰਜ ਕਰਾਉਣ ਵਾਲੇ ਗਵਾਹ ਨੂੰ ਪਹਿਲਾਂ ਬੁਲਾ ਲਿਆ ਸੀ। ਇਸ ਮੁਕੱਦਮੇ ਦੇ ਹਾਲਾਤ ਹੋਰ ਤਰ੍ਹਾਂ ਦੇ ਸਨ। ਪੰਕਜ ਅਤੇ ਨੀਰਜ ਨੇ ਵਾਰਦਾਤ ਵਿਚ ਸਿੱਧਾ ਹਿੱਸਾ ਨਹੀਂ ਸੀ ਲਿਆ। ਉਨ੍ਹਾਂ ਉਪਰ ਸਾਜ਼ਿਸ਼ ਰਚ ਕੇ ਜੁਰਮ ਕਰਾਉਣ ਦਾ ਦੋਸ਼ ਸੀ। ਨੇਹਾ ਨੂੰ ਇਸ ਸਾਜ਼ਿਸ਼ ਬਾਰੇ ਕੁਝ ਪਤਾ ਨਹੀਂ ਸੀ। ਮਿਸਲ ਮੁਤਾਬਕ ਸਾਜ਼ਿਸ਼ ਪੰਕਜ ਦੇ ਮੁਨੀਮ ਦੀ ਹਾਜ਼ਰੀ ਵਿਚ ਘੜੀ ਗਈ ਸੀ। ਪੰਕਜ ਹੋਰਾਂ ਦਾ ਜੁਰਮ ਸਾਬਤ ਕਰਨ ਲਈ ਪਹਿਲਾਂ ਮੁਨੀਮ ਦੀ ਗਵਾਹੀ ਹੋਣੀ ਚਾਹੀਦੀ ਸੀ। ਗੇਟ-ਕੀਪਰ ਨੇ ਠੇਕੇਦਾਰ ਨੂੰ ਫੈਕਟਰੀ ਆਉਂਦੇ ਜਾਂਦੇ ਦੇਖਿਆ ਸੀ। ਉਸਦੇ

ਫੈਕਟਰੀ ਅੰਦਰ ਜਾਣ ਦਾ ਇੰਦਰਾਜ਼ ਗੇਟ-ਕੀਪਰ ਦੇ ਰਜਿਸਟਰ ਵਿਚ ਹੋਇਆ ਸੀ। ਨਾਲੇ ਰਜਿਸਟਰ ਉਪਰ ਠੇਕੇਦਾਰ ਦੇ ਦਸਤਖ਼ਤ ਸਨ। ਠੇਕੇਦਾਰ ਦੀ ਪੰਕਜ ਹੋਰਾ ਨਾਲ ਹੋਈ ਮੁਲਾਕਾਤ ਗੇਟ-ਕੀਪਰ ਨੇ ਸਾਬਤ ਕਰਨੀ ਸੀ। ਫੈਕਟਰੀ ਵਿਚੋਂ ਵਾਰਦਾਤ ਕਰਨ ਲਈ ਠੇਕੇਦਾਰ ਨੂੰ ਦੋ ਬੈਗ ਅਤੇ ਦੋ ਲੋਹੇ ਦੇ ਰਾਡ ਦਿੱਤੇ ਗਏ ਸਨ। ਇਸ ਸੰਬੰਧੀ ਇੰਦਰਾਜ ਸਟੋਰ-ਕੀਪਰ ਨੇ ਆਪਣੇ ਰਜਿਸਟਰ ਵਿਚ ਕੀਤਾ ਸੀ। ਇਹ ਰਾਡ ਅਤੇ ਬੈਗ ਮੌਕੇ ਤੋਂ ਬਰਾਮਦ ਹੋਏ ਸਨ। ਇਹ ਸਬੂਤ ਸਟੋਰ-ਕੀਪਰ ਨੇ ਦੇਣੇ ਸਨ। ਠੇਕੇਦਾਰ ਨੇ ਵਾਰਦਾਤ ਤੋਂ ਕੁਝ ਦਿਨ ਪਹਿਲਾਂ ਅਤੇ ਫੇਰ ਵਾਰਦਾਤ ਵਾਲੇ ਦਿਨ ਦੋਹਾਂ ਭਰਾਵਾਂ ਨਾਲ ਮੋਬਾਇਲ ਫ਼ੋਨ 'ਤੇ ਗੱਲ ਕੀਤੀ ਸੀ। ਇਹ ਗੱਲਬਾਤ ਸਾਜ਼ਿਸ਼ ਨੂੰ ਸਿਰੇ ਚੜ੍ਹਾਉਣ ਬਾਰੇ ਹੋਈ ਸੀ। ਇਸ ਲਈ ਮੋਬਾਇਲ ਫ਼ੋਨ ਕੰਪਨੀ ਦੇ ਮੁਲਾਜ਼ਮ ਦੀ ਗਵਾਹੀ ਨੇਹਾ ਤੋਂ ਪਹਿਲਾਂ ਹੋਣੀ ਚਾਹੀਦੀ ਸੀ।

ਸਰਕਾਰੀ ਵਕੀਲ ਦੀ ਇਸ ਗ਼ਲਤੀ ਕਾਰਨ ਅਗਲੀ ਪੇਸ਼ੀ 'ਤੇ ਕੋਈ ਕਾਰਵਾਈ ਨਹੀਂ ਹੋ ਸਕੇਗੀ। ਪਹਿਲਾਂ ਸਾਜ਼ਿਸ਼ ਸਾਬਤ ਕਰਨ ਵਾਲੇ ਗਵਾਹਾਂ ਨੂੰ ਬੁਲਾਇਆ ਜਾਏਗਾ। ਫੇਰ ਪੰਕਜ ਹੋਰੇ ਮੁਲਜ਼ਮ ਬਣਦੇ ਹਨ ਜਾਂ ਨਹੀਂ ? ਇਸ ਮੁੱਦੇ ਉਪਰ ਬਹਿਸ ਹੋਏਗੀ। ਜੇ ਜੱਜ ਮੁਦਈ ਧਿਰ ਨਾਲ ਸਹਿਮਤ ਹੋਇਆ ਤਾਂ ਪੰਕਜ ਹੋਰਾਂ ਨੂੰ ਅਦਾਲਤ ਵਿਚ ਪੇਸ਼ ਹੋਣ ਦਾ ਹੁਕਮ ਹੋਏਗਾ। ਪੰਕਜ ਹੋਰੇ ਹਾਈ ਕੋਰਟ ਅਪੀਲ ਕਰਨਗੇ। ਪਤਾ ਨਹੀਂ ਕਿੰਨੇ ਸਾਲ ਮਾਮਲਾ ਹਾਈ ਕੋਰਟ ਵਿਚ ਲਟਕੇਗਾ।

ਫੇਰ ਨੇਹਾ ਦੀ ਗਵਾਹੀ ਦੇਣ ਦੀ ਵਾਰੀ ਆਏਗੀ। ਉਸ ਸਮੇਂ ਤਕ ਨੇਹਾ ਸਾਰੀ ਗਵਾਹੀ ਭੁੱਲ ਚੁੱਕੀ ਹੋਏਗੀ। ਹੁਣੇ ਉਸ ਦੇ ਮਨ 'ਤੇ ਬੋਝ ਪਾਉਣ ਦਾ ਕੋਈ ਫ਼ਾਇਦਾ ਨਹੀਂ ਸੀ।

ਪ੍ਰਧਾਨ ਦੇ ਇਸ ਸੁਨੇਹੇ 'ਤੇ ਰਾਮ ਨਾਥ ਨੂੰ ਸਰਕਾਰੀ ਵਕੀਲ ਨਾਲੋਂ ਵੱਧ ਆਪਣੇ ਆਪ 'ਤੇ ਗਿਲਾ ਹੋਇਆ। ਸਰਕਾਰੀ ਵਕੀਲ ਸਰਕਾਰੀ ਮੁਲਾਜ਼ਮ ਸੀ। ਗ਼ਲਤੀਆਂ ਕਰਨਾ ਉਸ ਦਾ ਹੱਕ ਸੀ। ਉਸਦੀ ਤਨਖ਼ਾਹ ਉਪਰ ਇਨ੍ਹਾਂ ਗ਼ਲਤੀਆਂ ਦਾ ਕੋਈ ਅਸਰ ਨਹੀਂ ਸੀ। ਰਾਮ ਨਾਥ ਨੇ ਅਣਗਹਿਲੀ ਕਿਉਂ ਕੀਤੀ? ਜੇ ਉਸਨੇ ਮਿਸਲ ਧਿਆਨ ਨਾਲ ਪੜ੍ਹੀ ਹੁੰਦੀ ਤਾਂ ਉਸਨੇ ਪਹਿਲੇ ਦਿਨ ਹੀ ਗ਼ਲਤੀ ਫੜੀ ਹੁੰਦੀ। ਨੇਹਾ ਨੂੰ ਇਸ ਵਾਧੂ ਦੀ ਮਾਨਸਿਕ ਪੀੜਾ ਤੋਂ ਬਚਾਇਆ ਹੁੰਦਾ।

ਜੋ ਹੋ ਗਿਆ ਸੋ ਹੋ ਗਿਆ। ਮੁੜ ਅਜਿਹੀ ਗ਼ਲਤੀ ਨਾ ਹੋਵੇ ਇਸ ਲਈ ਰਾਮ ਨਾਥ ਨੇ ਮਿਸਲ ਦਾ ਅੱਖਰ-ਅੱਖਰ ਪੜ੍ਹਿਆ। ਹਰ ਚੰਗਾ ਮਾੜਾ ਨੁਕਤਾ ਵਿਚਾਰਿਆ।

ਮਿਸਲ ਪੜ੍ਹ ਕੇ ਰਾਮ ਨਾਥ ਦਾ ਦਿਲ ਧੱਕ-ਧੱਕ ਕਰਨ ਲੱਗਾ। ਸਾਰੀ ਮਿਸਲ ਕਮਜ਼ੋਰੀਆਂ ਨਾਲ ਭਰੀ ਪਈ ਸੀ। ਵੇਦ, ਨੀਲਮ ਅਤੇ ਨੇਹਾ ਤੋਂ ਬਿਨਾਂ ਬਾਕੀ ਦੇ ਸਾਰੇ ਗਵਾਹ ਪੰਕਜ ਹੋਰਾਂ ਨੂੰ ਪੁੱਛ ਕੇ ਰੱਖੇ ਗਏ ਲਗਦੇ ਸਨ। ਗੇਟ-ਕੀਪਰ, ਸਟੋਰ-ਕੀਪਰ ਅਤੇ ਮੁਨੀਮ ਪੰਕਜ ਹੋਰਾਂ ਦੇ ਟੁਕੜਿਆਂ 'ਤੇ ਪਲਦੇ ਸਨ। ਕਿਸੇ ਵੀ ਕੀਮਤ ਉਪਰ ਉਹ ਮਾਲਕਾਂ ਦੇ ਵਿਰੁਧ ਨਹੀਂ ਸਨ ਭੁਗਤ ਸਕਦੇ।

ਇਨ੍ਹਾਂ ਦੀ ਗਵਾਹੀ ਬਿਨਾਂ ਮਿਸਲ 'ਤੇ ਕੋਈ ਸਬੂਤ ਨਹੀਂ ਸੀ ਆਉਣਾ। ਬਿਨਾਂ ਠੋਸ ਸਬੂਤਾਂ ਦੇ ਕਿਸੇ ਨੇ ਪੰਕਜ ਹੋਰਾਂ ਨੂੰ ਬਤੌਰ ਮੁਲਜ਼ਮ ਨਹੀਂ ਸੀ ਬੁਲਾਉਣਾ।

ਰਾਮ ਨਾਥ ਨੂੰ ਲੱਗਣ ਲੱਗਾ ਉਸ ਨਾਲ ਧੋਖਾ ਹੋਇਆ ਸੀ। ਦੋਵੇਂ ਭਰਾ ਪੱਕੇ ਤੌਰ 'ਤੇ ਮੁਕੱਦਮੇ ਵਿਚੋਂ ਨਿਕਲ ਚੁੱਕੇ ਸਨ।

ਰਾਮ ਨਾਥ ਨੂੰ ਆਪਣੀ ਕੰਜੂਸੀ ਅਤੇ ਅਣਗਹਿਲੀ ਉਪਰ ਪਛਤਾਵਾ ਹੋਣ ਲੱਗਾ।



ਲੋਕਾਂ ਨੂੰ ਉਹ ਸਰਕਾਰੀ ਵਕੀਲਾਂ ਨੂੰ ਮਿਲ ਕੇ ਖਾਮੀਆਂ ਦੂਰ ਕਰਾਉਣ ਦੀ ਸਲਾਹ ਦਿੰਦਾ ਸੀ। ਖ਼ੁਦ ਉਹ ਘੇਸਲ ਵੱਟ ਗਿਆ ਸੀ।

ਜੇ ਉਹ ਪੁਲਿਸ ਦੀ ਗੱਲ ਮੰਨ ਕੇ ਸਰਕਾਰੀ ਵਕੀਲ ਨੂੰ ਮਿਲਿਆ ਹੁੰਦਾ ਤਾਂ ਸ਼ਾਇਦ ਮੁਕੱਦਮੇ ਦਾ ਇਹ ਹਸ਼ਰ ਨਾ ਹੁੰਦਾ।

ਵੈਸੇ ਇਹ ਕੋਈ ਸਾਧਾਰਨ ਮੁਕੱਦਮਾ ਨਹੀਂ ਸੀ । ਮਾਮਲਾ ਪੁਲਿਸ ਮੁਖੀ ਤਕ ਵਿਚਾਰਿਆ ਜਾ ਚੁਕਾ ਸੀ । ਕਈਆਂ ਅਫ਼ਸਰਾਂ ਦੀਆਂ ਮਿਸਲ ਉਪਰ ਟਿਪਣੀਆਂ ਆ ਚੁਕੀਆਂ ਸਨ। ਮਿਸਲ ਵਿਚ ਰੱਦੋ-ਬਦਲ ਕਰਨਾ ਨਾ ਸਰਕਾਰੀ ਵਕੀਲ ਦੇ ਵੱਸ ਵਿਚ ਸੀ ਨਾ ਥਾਣੇਦਾਰ ਦੇ। ਪੈਸੇ ਖ਼ਰਚ ਕੇ ਵੀ ਉਹੋ ਹੋਣਾ ਸੀ ਜੋ ਹੋਇਆ ਹੋਇਆ ਸੀ ।

ਆਪਣੇ ਹੱਕ ਵਿਚ ਤਰਕ ਘੜ ਕੇ ਰਾਮ ਨਾਥ ਨੇ ਆਪਣੇ ਪ੍ਰਤੀ ਆਪਣੇ ਮਨ ਵਿਚ ਜਾਗੀ ਗਲਿਆਨੀ ਨੂੰ ਦੂਰ ਕੀਤਾ ।

ਸਟੋਰ-ਕੀਪਰ ਅਤੇ ਗੇਟ-ਕੀਪਰ ਮੁਕੱਦਮੇ ਦੇ ਅਹਿਮ ਗਵਾਹ ਸਨ । ਉਨ੍ਹਾਂ ਦੀ ਥਾਂ ਕਿਸੇ ਹੋਰ ਗਵਾਹ ਨੂੰ ਖੜ੍ਹਾ ਨਹੀਂ ਸੀ ਕੀਤਾ ਜਾ ਸਕਦਾ । ਮੁਨੀਮ ਦੀ ਥਾਂ ਕੋਈ ਹੋਰ ਗਵਾਹ ਖੜ੍ਹਾ ਕੀਤਾ ਜਾ ਸਕਦਾ ਸੀ । ਉਹ ਗਵਾਹ ਮਾਇਆ ਨਗਰ ਦਾ ਹੋਣਾ ਚਾਹੀਦਾ ਸੀ। ਰਾਮ ਨਾਥ ਨੂੰ ਮਾਇਆ ਨਗਰ ਦੀ ਚਿੜੀ ਤਕ ਨਹੀਂ ਸੀ ਜਾਣਦੀ । ਜੇ ਪੁਲਿਸ ਰਾਮ ਨਾਥ ਦੀ ਗੱਲ ਮੰਨ ਲੈਂਦੀ ਅਤੇ ਮੁਨੀਮ ਦੀ ਥਾਂ ਕੋਈ ਹੋਰ ਗਵਾਹ ਮੰਗਦੀ ਤਾ ਰਾਮ ਨਾਥ ਮਾਇਆ ਨਗਰ ਦੇ ਰਈਸਾਂ ਵਿਰੁਧ ਗਵਾਹੀ ਦੇ ਸਕਣ ਵਾਲਾ ਬੰਦਾ ਕਿਥੋਂ ਲਿਆਉਂਦਾ ? ਉਸ ਗਵਾਹ ਦੀਆਂ ਅੱਖਾਂ ਵੀ ਪੈਸੇ ਦੀ ਚਕਾ-ਚੌਂਧ ਵਿਚ ਚੁੰਧਿਆ ਜਾਣੀਆਂ ਸਨ । ਅਦਾਲਤ ਵਿਚ ਆ ਕੇ ਉਸਨੇ ਵੀ ਉਹੋ ਆਖਣਾ ਸੀ ਜੋ ਹੁਣ ਮੁਨੀਮ ਨੇ ਆਖਣਾ ਸੀ ।

ਮੁਨੀਮ ਸਾਹਮਣੇ ਸਾਜ਼ਿਸ਼ ਨਹੀਂ ਸੀ ਘੜੀ ਗਈ । ਮੁਨੀਮ ਨੂੰ ਬਿਨਾਂ ਪੁੱਛੇ ਪੁਲਿਸ ਨੇ ਉਸਦਾ ਬਿਆਨ ਲਿਖ ਲਿਆ ਸੀ । ਉਸਨੂੰ ਝੂਠ ਬੋਲਣ ਲਈ ਮਜਬੂਰ ਨਹੀ ਸੀ ਕੀਤਾ ਜਾ ਸਕਦਾ । ਪਰ ਜੋ ਗਵਾਹ ਸੱਚੇ ਸਨ, ਉਨ੍ਹਾਂ ਤੋਂ ਤਾਂ ਸੱਚ ਅਖਵਾਇਆ ਜਾ ਸਕਦਾ ਸੀ । ਰਾਮ ਨਾਥ ਨੂੰ ਲਗਦਾ ਸੀ ਨਾ ਸਟੋਰ-ਕੀਪਰ ਨੇ ਸੱਚ ਬੋਲਣਾ ਸੀ ਨਾ ਗੇਟ-ਕੀਪਰ ਨੇ ।

ਇਨ੍ਹਾਂ ਗਵਾਹਾਂ ਤੋਂ ਸੱਚ ਕਿਸ ਤਰ੍ਹਾਂ ਬੁਲਵਾਇਆ ਜਾਵੇ ? ਰਾਮ ਨਾਥ ਤੋਂ ਇਹ ਗੁੱਥੀ ਸੁਲਝ ਨਹੀਂ ਸੀ ਰਹੀ ।

ਪੇਸ਼ੀ ਪਵਾ ਕੇ ਰਾਮ ਨਾਥ ਪ੍ਰਧਾਨ ਦੁਆਲੇ ਹੋ ਗਿਆ ।

"ਇਹੋ ਰੋਣਾ ਹੈ । ਜੱਜ ਫੜ੍ਹਾਂ ਮਾਰਦੇ ਹਨ । ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਅਸੀਂ ਕਰਦੇ ਹਾਂ । ਅਸਲ ਵਿਚ ਫੈਸਲੇ ਦੀ ਵਾਗਡੋਰ ਗਵਾਹ ਦੇ ਹੱਥ ਵਿਚ ਹੈ । ਉਹ ਜੇ ਝੂਠ-ਮੂਠ ਆਖ ਦੇਵੇ ਜੁਰਮ ਉਸਦੇ ਸਾਹਮਣੇ ਹੋਇਆ ਹੈ ਤਾਂ ਦੋਸ਼ੀ ਨੂੰ ਸਜ਼ਾ । ਉਹ ਅੱਖਾਂ ਸਾਹਮਣੇ ਹੋਏ ਜੁਰਮ ਤੋਂ ਜੇ ਅੱਖਾਂ ਮੀਚ ਲਏ ਤਾਂ ਦੋਸ਼ੀ ਬਰੀ । ਗਵਾਹ ਦੀ ਲਗਾਮ ਕਿਸੇ ਦੇ ਹੱਥ ਨਹੀਂ । ਉਹ ਸੱਚ ਬੋਲੇ ਜਾਂ ਝੂਠ ਕੋਈ ਪੁੱਛ ਪੜਤਾਲ ਨਹੀਂ ।"

ਪ੍ਰਧਾਨ ਰਾਮ ਨਾਥ ਨਾਲ ਸਹਿਮਤ ਸੀ। ਗਵਾਹ ਕੁਝ ਵੀ ਆਖ ਸਕਦੇ ਸਨ। ਮੁਦਈ ਧਿਰ ਨੂੰ ਨੁਕਸਾਨ ਪਹੁੰਚਾ ਸਕਦੇ ਸਨ।

"ਪਰ ਕਸੂਰ ਗਵਾਹਾਂ ਦਾ ਨਹੀਂ ਸਾਡੇ ਢਾਂਚੇ ਦਾ ਹੈ । ਵਿਗਿਆਨ ਚੰਦ ਦੀ ਹਿੱਕ

'ਤੇ ਪੈਰ ਰੱਖ ਕੇ ਮੰਗਲ-ਗ੍ਰਹਿ ਤਕ ਪੁੱਜ ਗਿਆ ਹੈ। ਅਸੀਂ ਅਠਾਰਾਂ ਸੋ ਬਹੱਤਰ ਦੇ ਕਾਨੂੰਨ ਨੂੰ ਜੱਫ਼ਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮ-ਦੀਦ ਗਵਾਹ ਚਾਹੀਦੇ ਹਨ। ਵਿਗਿਆਨਿਕ-ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ। ਹਨ੍ਹੇਰੇ ਕਮਰਿਆਂ ਵਿਚ ਘੜੀਆਂ ਸਾਜ਼ਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ ? ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜ੍ਹੇ ਕੀਤੇ ਜਾਣਗੇ। ਝੂਠ ਦੇ ਪੈਰ ਨਹੀਂ ਹੁੰਦੇ। ਕਹਾਣੀ ਸ਼ੱਕੀ ਬਣੇਗੀ। ਸ਼ੱਕ ਦਾ ਫ਼ਾਇਦਾ ਮੁਲਜ਼ਮ ਨੂੰ ਮਿਲੇਗਾ। ਉਹ ਬਰੀ ਹੋ ਜਾਏਗਾ। ਮੁਦਈ ਦੇਖਦਾ ਰਹਿ ਜਾਏਗਾ। ਇਸੇ ਬੇਇਨਸਾਫ਼ੀ ਵਿਰੁਧ ਸਾਡੀ ਲੜਾਈ ਹੈ।"

ਪ੍ਰਧਾਨ ਇਕੱਲੇ ਰਾਮ ਨਾਥ ਦੀ ਨਹੀਂ ਸਮੁੱਚੀ ਸਮੱਸਿਆ ਦੇ ਹੱਲ ਲਈ ਜੂਝ ਰਿਹਾ ਸੀ।

"ਕਾਨੂੰਨ ਪਤਾ ਨਹੀਂ ਕਦੋਂ ਬਦਲੇਗਾ? ਆਪਾਂ ਆਪਣੀ ਬਣੀ ਅੱਜ ਨਬੇੜਨੀ ਹੈ।"

ਰਾਮ ਨਾਥ ਨੂੰ ਪ੍ਰਧਾਨ ਦੀਆਂ ਸੁਪਨਮਈ ਗੱਲਾਂ ਵਿਚ ਬਹੁਤੀ ਦਿਲਚਸਪੀ ਨਹੀਂ ਸੀ। ਉਸਨੂੰ ਆਪਣੀ ਚਿੰਤਾ ਖਾ ਰਹੀ ਸੀ।

"ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਅਵਾਜ਼ ਇਕ ਮੁਕੱਦਮੇ ਵਿਚ ਉੱਠੇਗੀ। ਦੇਖੋ ਦੇਖੀ ਸਭ ਵਿਚ ਉੱਠਣ ਲੱਗੇਗੀ। ਇਕ ਦਿਨ ਇਹ ਅਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ 'ਤੇ ਆ ਜਾਏਗੀ। ਸਰਕਾਰ ਦੇ ਕੰਨ 'ਤੇ ਜੂੰਅ ਸਰਕੇਗੀ। ਤਖ਼ਤ ਹਿੱਲਣਗੇ। ਨਵੇਂ ਕਾਨੂੰਨ ਬਨਣਗੇ।"

"ਆਪਾਂ ਉਸ ਸਮੇਂ ਤਕ ਇੰਤਜ਼ਾਰ ਨਹੀਂ ਕਰ ਸਕਦੇ। ਆਪਣੀ ਪੇਸ਼ੀ ਵਿਚ ਇਕ ਮਹੀਨਾ ਬਾਕੀ ਹੈ। ਆਪਾਂ ਨੂੰ ਹੁਣੇ ਕੋਈ ਇੰਤਜ਼ਾਮ ਕਰਨਾ ਪੈਣਾ ਹੈ।"

ਰਾਮ ਨਾਥ ਨੇ ਇਕ ਵਾਰ ਫੇਰ ਪ੍ਰਧਾਨ ਨੂੰ ਆਪਣੇ ਮੁਕੱਦਮੇ ਵੱਲ ਮੋੜਿਆ।

"ਤੁਸੀਂ ਘਬਰਾਓ ਨਾ। ਅਸੀਂ ਇਸ ਮੁਕੱਦਮੇ ਦੇ ਇਕ-ਇਕ ਗਵਾਹ ਨੂੰ ਮਿਲਾਂਗੇ। ਉਸਦੀ ਆਤਮਾ ਨੂੰ ਝੰਜੋੜਾਂਗੇ। ਅਦਾਲਤ ਵਿਚ ਸਹੁੰ ਖਵਾਉਣ ਦੀ ਰਸਮ ਫਰਜ਼ੀ ਹੁੰਦੀ ਹੈ। ਅਸੀਂ ਗਵਾਹਾਂ ਦੇ ਘਰ ਧਰਮ-ਗ੍ਰੰਥ ਲੈ ਕੇ ਜਾਵਾਂਗੇ। ਉਨ੍ਹਾਂ ਉਪਰ ਹੱਥ ਰਖਵਾ ਕੇ ਸੱਚ ਬੋਲਣ ਦੀ ਸਹੁੰ ਖਵਾਵਾਂਗੇ। ਮੈਨੂੰ ਆਸ ਹੈ ਸਾਨੂੰ ਕਾਮਯਾਬੀ ਮਿਲੇਗੀ।"

"ਜੇ ਪੈਸੇ ਨੇ ਧਾਰਮਿਕ ਭਾਵਨਾਵਾਂ ਨੂੰ ਦਬਾ ਦਿੱਤਾ?"

"ਫੇਰ ਵਿਗਿਆਨਕ ਢੰਗ ਤਰੀਕੇ ਅਪਨਾਵਾਂਗੇ। ਸਟੋਰ-ਕੀਪਰ ਦੀਆਂ ਹੱਥ-ਲਿਖਤਾਂ ਦੇ ਸੈਂਕੜੇ ਨਮੂਨੇ ਆਪਾਂ ਨੂੰ ਮਿਲ ਜਾਣਗੇ। ਉਹ ਹਾਸਿਲ ਕਰਕੇ ਉਨ੍ਹਾਂ ਦਾ ਮਿਲਾਨ ਰਜਿਸਟਰਾਂ ਨਾਲ ਕਰਵਾਵਾਂਗੇ। ਠੇਕੇਦਾਰ ਦੇ ਦਸਤਖ਼ਤ ਮਿਸਲ ਉਪਰ ਮੌਜੂਦ ਹਨ। ਉਸਦਾ ਮਿਲਾਨ ਗੇਟ-ਕੀਪਰ ਦੇ ਰਜਿਸਟਰ ਉਪਰਲੇ ਉਸਦੇ ਦਸਤਖ਼ਤਾਂ ਨਾਲ ਕਰਵਾਵਾਂਗੇ। ਜਦੋਂ ਮਾਹਿਰਾਂ ਨੇ ਰਜਿਸਟਰਾਂ ਵਿਚਲੀਆਂ ਉਨ੍ਹਾਂ ਦੀਆਂ ਲਿਖਤਾਂ ਨੂੰ ਉਨ੍ਹਾਂ ਦਾ ਹੋਣਾ ਕਰਾਰ ਦੇ ਦਿੱਤਾ ਫੇਰ ਗਵਾਹ ਕਿਵੇਂ ਮੁੱਕਰਨਗੇ ?"

"ਅਦਾਲਤ ਨੇ ਸਾਨੂੰ ਮਾਹਿਰ ਬੁਲਾਉਣ ਦੀ ਇਜਾਜ਼ਤ ਨਹੀਂ ਦੇਣੀ। ਜਦੋਂ ਲਿਖਤਾਂ ਲਿਖਣ ਵਾਲੇ ਖ਼ੁਦ ਹਾਜ਼ਰ ਹੋਣਗੇ ਤਾਂ ਦੂਜੇ ਦਰਜੇ ਦੀ ਸ਼ਹਾਦਤ ਦੀ ਇਜਾਜ਼ਤ ਕੌਣ ਦੇਵੇਗਾ ?"

"ਇਜਾਜ਼ਤ ਲਵਾਂਗੇ ! ਨਹੀਂ ਦੇਵੇਗੀ ਅਸੀਂ ਜੱਦੋਜਹਿਦ ਕਰਾਂਗੇ।"



"ਮੁਨੀਮ ਦਾ ਕੀ ਕਰਾਂਗੇ ?"

"ਉਸਨੂੰ ਅਸੀਂ ਨਹੀਂ ਛੇੜਾਂਗੇ। ਉਸਨੂੰ ਸੱਚ ਬੋਲਣ ਦੀ ਖੁੱਲ੍ਹ ਹੋਵੇਗੀ। ਤੁਸੀਂ ਆਪਣੇ ਤੌਰ 'ਤੇ ਗਵਾਹਾਂ ਨੂੰ ਮਿਲੋ। ਉਨ੍ਹਾਂ ਨੂੰ ਸੱਚ ਬੋਲਣ ਲਈ ਪ੍ਰੇਰੋ। ਸ਼ਾਇਦ ਮਿਹਨਤ ਪੱਲੇ ਪੈ ਜਾਵੇ।"

"ਮੈਂ ਕੋਸ਼ਿਸ਼ ਕਰ ਚੁੱਕਾ ਹਾਂ। ਉਨ੍ਹਾਂ ਦੀ ਫੈਕਟਰੀ ਕਿਲ੍ਹੇ ਵਰਗੀ ਹੈ। ਬਿਨਾਂ ਮਾਲਕਾਂ ਦੀ ਇਜਾਜ਼ਤ ਦੇ ਉਥੇ ਪਰਿੰਦਾ ਵੀ ਫਰ ਨਹੀਂ ਮਾਰ ਸਕਦਾ। ਮੇਰਾ ਗਵਾਹਾਂ ਨੂੰ ਮਿਲਣਾ ਅਸੰਭਵ ਹੈ।"

"ਹਿੰਮਤ ਨਹੀ ਹਾਰਨੀ। ਯਤਨ ਕਰਨਾ ਸਾਡਾ ਫਰਜ਼ ਹੈ। ਫੈਕਟਰੀ ਜਾਣ ਦੀ ਥਾਂ ਉਨ੍ਹਾਂ ਦੇ ਘਰ ਜਾਓ। ਰਿਸ਼ਤੇਦਾਰਾਂ ਰਾਹੀਂ ਮਿਲੋ। ਤੁਸੀਂ ਆਪਣੇ ਯਤਨ ਕਰੋ। ਸੋਸਾਇਟੀ ਆਪਣੇ ਯਤਨ ਕਰੇਗੀ। ਆਸ ਹੈ ਕੋਈ ਸਿੱਟਾ ਜ਼ਰੂਰ ਨਿਕਲੇਗਾ।"

"ਜਿਵੇਂ ਤੁਹਾਡੀ ਮਰਜ਼ੀ।"

"ਤੁਸੀਂ ਕੱਲ੍ਹ ਨੂੰ ਆ ਕੇ ਰੀਡਰ ਤੋਂ ਸੰਮਨ ਤਿਆਰ ਕਰਵਾ ਲਓ। ਮੈਂ ਕਪਤਾਨ ਨੂੰ ਆਖ ਕੇ ਮੁੱਖ ਅਫ਼ਸਰ 'ਤੇ ਜ਼ੋਰ ਪਵਾਵਾਂਗਾ। ਗਵਾਹਾਂ ਦੇ ਬਿਆਨ ਜਿਸ ਤਫ਼ਤੀਸ਼ੀ ਨੇ ਲਿਖੇ ਹਨ ਉਹ ਉਸ ਤੋਂ ਸੱਚ ਬੁਲਵਾਏ। ਮੁਲਜ਼ਮ ਧਿਰ ਦੇ ਪ੍ਰੈਸ਼ਰ ਤੋਂ ਗਵਾਹਾਂ ਨੂੰ ਬਚਾਏ।"

ਪ੍ਰਧਾਨ ਨਾਲ ਵਿਚਾਰ-ਵਟਾਂਦਰਾ ਕਰਕੇ ਰਾਮ ਨਾਥ ਨੂੰ ਕੁਝ ਰਾਹਤ ਮਹਿਸੂਸ ਹੋਈ।

ਉਸਨੂੰ ਲੱਗਾ ਕੁਝ ਨਾ ਕੁਝ ਉਨ੍ਹਾਂ ਦੇ ਹੱਕ ਵਿਚ ਜ਼ਰੂਰ ਹੋਏਗਾ।

## -97-

ਪੁਲਿਸ ਖਾਧਾ ਨਮਕ ਇੰਨੀ ਜਲਦੀ ਹਰਾਮ ਕਰ ਦੇਵੇਗੀ, ਪੰਕਜ ਨੂੰ ਇਹ ਆਸ ਨਹੀਂ ਸੀ।

ਅੱਗੇ ਮੁੱਕਦਮੇ ਬਾਰੇ ਜੋ ਕਿਧਰੇ ਨਿੱਛ ਵੀ ਵੱਜਦੀ ਸੀ ਤਾਂ ਉਸਨੂੰ ਕਈ ਪਾਸਿਉਂ ਖ਼ਬਰ ਮਿਲ ਜਾਂਦੀ ਸੀ। ਮੁਨਸ਼ੀ ਦੀ ਕੋਸ਼ਿਸ਼ ਸੀ ਉਹ ਸਭ ਤੋਂ ਪਹਿਲਾਂ ਖ਼ਬਰ ਦੇ ਕੇ ਇਨਾਮ ਦਾ ਹੱਕਦਾਰ ਬਣੇ। ਰੀਡਰ ਉਸ ਤੋ ਕਾਹਲਾ ਹੁੰਦਾ ਸੀ। ਮੁੱਖ ਅਫ਼ਸਰ ਵੀ ਪਿੱਛੇ ਨਹੀਂ ਸੀ ਰਹਿੰਦਾ। ਇਕ ਦੋ ਵਾਰ ਤਾਂ ਕਪਤਾਨ ਨੇ ਖੁਦ ਉਸਨੂੰ ਉਪਰੋਂ ਮੰਡਰਾ ਰਹੇ ਖ਼ਤਰੇ ਬਾਰੇ ਸਾਵਧਾਨ ਕੀਤਾ ਸੀ।

ਇਸ ਵਾਰ ਸਾਰੀ ਕਾਰਵਾਈ ਚੁੱਪ-ਚਾਪ ਹੋਈ ਸੀ।

ਅਗਲੀ ਪੇਸ਼ੀ ਵਿਚ ਇਕ ਮਹੀਨਾ ਬਾਕੀ ਸੀ। ਪੰਕਜ ਨੇ ਸੋਚਿਆ ਸੀ ਗਵਾਹਾਂ ਦੇ ਸੰਮਨ ਦੋ ਚਾਰ ਦਿਨ ਪਹਿਲਾਂ ਆਉਣਗੇ। ਅੱਗੇ ਇਸੇ ਤਰ੍ਹਾਂ ਹੁੰਦਾ ਸੀ। ਸੰਮਨ ਤਾਮੀਲ ਕਰਾਉਣ ਵਾਲਾ ਸਿਪਾਹੀ ਸਿੱਧਾ ਉਨ੍ਹਾਂ ਦੀ ਫੈਕਟਰੀ ਆਉਂਦਾ ਸੀ। ਸੌ ਦੋ ਸੌ ਲੈ ਕੇ ਉਸਦੀ ਮਰਜ਼ੀ ਪੁੱਛਦਾ ਸੀ। ਜਿਸ ਗਵਾਹ ਦੇ ਸੰਮਨ ਤਾਮੀਲ ਕਰਾਉਣ ਲਈ ਪੰਕਜ ਕਹਿੰਦਾ, ਉਸੇ ਦੇ ਸੰਮਨ ਤਾਮੀਲ ਹੁੰਦੇ ਸਨ। ਬਾਕੀ ਦੇ ਸੰਮਨ ਬਹਾਨਿਆਂ ਨਾਲ ਵਾਪਸ ਹੋ ਜਾਂਦੇ ਸਨ।

ਵਕੀਲਾਂ ਨੇ ਪੰਕਜ ਨੂੰ ਸਲਾਹ ਦਿੱਤੀ ਸੀ। ਪੇਸ਼ੀ ਤੋਂ ਇਕ ਹਫ਼ਤਾ ਪਹਿਲਾਂ ਗਵਾਹਾਂ ਨੂੰ ਪਿੰਡ ਭੇਜ ਦਿੱਤਾ ਜਾਵੇ। ਮੁਨੀਮ ਦੀ ਤਾਮੀਲ ਕਰਵਾ ਦਿੱਤੀ ਜਾਵੇ। ਮੁਨੀਮ ਦੀ ਗਵਾਹੀ ਜ਼ਬਾਨੀ ਸੀ। ਉਸਨੂੰ ਇਸ ਪੇਸ਼ੀ 'ਤੇ ਮੁਕਰਾ ਲਿਆ ਜਾਵੇ। ਬਾਕੀ ਗਵਾਹਾਂ ਨੇ ਗਵਾਹੀ ਰਿਕਾਰਡ ਮੁਤਾਬਕ ਦੇਣੀ ਸੀ। ਉਨ੍ਹਾਂ ਨੂੰ ਪੂਰੀ ਤਰ੍ਹਾਂ ਮੁਕਰਾਉਣਾ ਮੁਸ਼ਕਲ ਸੀ। ਸੋਚ ਵਿਚਾਰ ਕੇ ਕਿਸੇ ਹੋਰ ਪੇਸ਼ੀ ਤੇ ਉਨ੍ਹਾਂ ਨੂੰ ਭੁਗਤਾ ਲਿਆ ਜਾਏਗਾ।

ਸਭ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ।

ਪੇਸ਼ੀ ਦੇ ਅਗਲੇ ਹੀ ਦਿਨ ਪੁਲੀਸ ਨੇ ਚਾਰਾਂ ਗਵਾਹਾਂ ਦੇ ਸੰਮਨ ਕਟਵਾ ਲਏ। ਸੰਮਨ ਤਾਮੀਲ ਕਰਾਉਣ ਮੁੱਖ ਅਫ਼ਸਰ ਖ਼ੁਦ ਗਿਆ। ਪਰਿਵਾਰ ਦੇ ਮੈਂਬਰਾਂ ਦੇ ਸਾਹਮਣੇ ਉਸ ਨੇ ਗਵਾਹਾਂ ਨੂੰ ਤਾੜਿਆ।

"ਸੱਚ ਬੋਲਣਾ ਹੈ। ਕਿਸੇ ਲਾਲਚ ਵਿਚ ਆ ਕੇ ਝੂਠ ਬੋਲਿਆ ਤਾਂ ਨਤੀਜੇ ਭੈੜੇ ਨਿਕਲਣਗੇ। ਗਵਾਹੀ ਦੇਣ ਜ਼ਰੂਰ ਆਉਣਾ ਹੈ। ਨਾ ਆਏ ਤਾਂ ਗ੍ਰਿਫ਼ਤਾਰੀ ਵਾਰੰਟ ਨਿਕਲਣਗੇ। ਕੁਝ ਦਿਨ ਲਈ ਜੇਲ੍ਹ ਯਾਤਰਾ ਕਰਨੀ ਪਏਗੀ।"

ਮੁੱਖ ਅਫ਼ਸਰ ਦੀ ਧਮਕੀ ਦਾ ਗਵਾਹਾਂ 'ਤੇ ਅਸਰ ਹੋਇਆ ਸੀ। ਉਹ ਡਰੇ ਬੈਠੇ ਸਨ। ਪੰਕਜ ਨੇ ਹਜ਼ਾਰ ਵਾਰ ਸਮਝਾਇਆ। ਇਹ ਬਾਂਦਰ ਘੁਰਕੀ ਸੀ। ਪਰ ਉਨ੍ਹਾਂ ਦੇ ਮਨੋਂ ਡਰ ਨਿਕਲ ਨਹੀਂ ਸੀ ਰਿਹਾ।

ਮੁੱਖ ਅਫ਼ਸਰ ਨੇ ਸੋਚ ਸਮਝ ਕੇ ਧਮਕੀ ਦਿੱਤੀ ਸੀ। ਕਵਾਹਾਂ ਨੂੰ ਸੱਚ ਬੋਲਣ ਅਤੇ ਹਾਜ਼ਰ ਹੋਣ ਲਈ ਆਖਿਆ ਸੀ। ਇਸ ਧਮਕੀ ਵਿਰੁਧ ਕੋਈ ਕਾਨੂੰਨੀ ਚਾਰਾਜੋਈ ਸੰਭਵ ਨਹੀਂ ਸੀ।

ਹੈਰਾਨੀ ਦੀ ਗੱਲ ਹੋਰ ਸੀ। ਸੱਚੇ ਗਵਾਹਾਂ ਦਾ ਝੂਠ ਬੋਲਣ ਤੋਂ ਡਰਨਾ ਜਾਇਜ਼ ਸੀ। ਪਰ ਮੁਨੀਮ ਉਪਰ ਸੱਚ ਬੋਲਣ ਉਪਰ ਕਿਸੇ ਨੇ ਕੋਈ ਪਾਬੰਦੀ ਨਹੀਂ ਸੀ ਲਾਈ। ਸਭ ਨੂੰ ਪਤਾ ਸੀ ਉਸਦੇ ਸਾਹਮਣੇ ਕਿਸੇ ਨੇ ਕੋਈ ਸਾਜ਼ਿਸ਼ ਨਹੀਂ ਘੜੀ। ਇਹੋ ਉਸਨੇ ਜੱਜ ਨੂੰ ਦੱਸਣਾ ਸੀ। ਉਹ ਸੱਚ ਬੋਲਣ ਤੋਂ ਟਲ ਰਿਹਾ ਸੀ।

ਗਵਾਹ ਜੇ ਮਿਸਲ ਮੁਤਾਬਕ ਗਵਾਹੀ ਦੇ ਗਏ ਪੰਕਜ ਹੋਰਾਂ ਦਾ ਭੱਠਾ ਬੈਠ ਜਾਣਾ ਸੀ।

ਪੰਕਜ ਨੇ ਮੁੱਖ ਅਫ਼ਸਰ ਕੋਲੋਂ ਇਸ ਕਰੋਪੀ ਦਾ ਕਾਰਨ ਪੁੱਛਿਆ। ਉਸਨੇ ਗੇਂਦ ਕਪਤਾਨ ਦੇ ਪਾਲੇ ਵੱਲ ਰੇੜ੍ਹ ਦਿੱਤੀ। ਕਪਤਾਨ ਨੇ ਅੱਗੇ ਖਿਸਕਾ ਦਿੱਤੀ। ਹੁਕਮ ਮੁੱਖ-ਮੰਤਰੀ ਦਾ ਸੀ ਪਰ ਆਇਆ ਪੁਲਿਸ ਮੁਖੀ ਰਾਹੀਂ ਸੀ।

ਪੁਲੀਸ ਮੁਖੀ ਤਕ ਪੰਕਜ ਦੀ ਸਿੱਧੀ ਪਹੁੰਚ ਨਹੀਂ ਸੀ। ਉਸਨੇ ਬਘੇਲ ਸਿੰਘ ਨਾਲ ਗੱਲ ਕੀਤੀ।

ਹੁਣ ਉਨ੍ਹਾਂ ਤੋਂ ਕੀ ਗੁਸਤਾਖ਼ੀ ਹੋਈ ਸੀ? ਵਾਅਦੇ ਅਨੁਸਾਰ ਪੂਰੀ ਰਕਮ ਵਿਧਾਇਕ ਕੋਲ ਪੁੱਜ ਚੁੱਕੀ ਸੀ। ਮੁੱਖ-ਮੰਤਰੀ ਨਰਾਜ਼ ਕਿਉਂ ਸੀ ? ਕੋਈ ਨਵੀਂ ਵਗਾਰ ਕਰਨੀ ਸੀ ਤਾਂ ਉਹ ਤਿਆਰ ਸਨ। ਉਨ੍ਹਾਂ ਨੂੰ ਮੁੜ ਖੂਹ ਵਿਚ ਕਿਉਂ ਸੁੱਟਿਆ ਜਾ ਰਿਹਾ ਸੀ ?

ਬਘੇਲ ਸਿੰਘ ਨੇ ਸਹੁੰ ਖਾਧੀ। ਉਸਨੂੰ ਇਸ ਕਾਰਵਾਈ ਦਾ ਕੋਈ ਇਲਮ ਨਹੀਂ ਸੀ। ਉਹ ਕਦੋਂ ਦਾ ਮੁਕੱਦਮੇ ਨਾਲੋਂ ਨਾਤਾ ਤੋੜ ਚੁੱਕਾ ਸੀ। ਮੁੱਖ-ਮੰਤਰੀ ਵੱਲੋਂ ਕੋਈ ਇਸ਼ਾਰਾ ਹੋਇਆ ਹੋਵੇ, ਇਹ ਉਹ ਪੁੱਛ ਕੇ ਦੱਸ ਸਕਦਾ ਸੀ।



ਬਘੇਲ ਸਿੰਘ ਨੇ ਪੜਤਾਲ ਕਰਕੇ ਦੱਸਿਆ। ਮੁੱਖ-ਮੰਤਰੀ ਵੱਲੋਂ ਕੋਈ ਇਸ਼ਾਰਾ ਨਹੀਂ ਸੀ। ਮੁਕਾਮੀ ਪੁਲਿਸ ਸੋਸਾਇਟੀ ਕੋਲੋਂ ਡਰ ਰਹੀਂ ਸੀ। ਅਫ਼ਸਰ ਤਫ਼ਤੀਸ਼ ਦੌਰਾਨ ਵੱਡੀਆਂ ਗ਼ਲਤੀਆਂ ਕਰ ਬੈਠੇ ਸਨ। ਉਨ੍ਹਾਂ ਨੂੰ ਆਪਣਾ ਪਾਲਾ ਮਾਰ ਰਿਹਾ ਸੀ। ਡਰਦੇ ਉਹ ਪ੍ਰਧਾਨ ਦੇ ਇਸ਼ਾਰਿਆਂ 'ਤੇ ਨੱਚ ਰਹੇ ਸਨ।

ਇਹ ਅਦਾਲਤ ਦਾ ਮਾਮਲਾ ਸੀ। ਅਦਾਲਤ ਦੇ ਮਾਮਲੇ ਵਿਚ ਮੁੱਖ-ਮੰਤਰੀ ਦਖ਼ਲ ਨਹੀਂ ਸੀ ਦੇ ਸਕਦਾ। ਚੋਣਾਂ ਸਿਰ 'ਤੇ ਸਨ। ਉਹ ਸੋਸਾਇਟੀ ਨੂੰ ਨਰਾਜ਼ ਕਰਕੇ ਮੀਡੀਏ ਨੂੰ ਆਪਣੇ ਵਿਰੁਧ ਅੱਗ ਉਗਲਣ ਦਾ ਮੌਕਾ ਵੀ ਨਹੀਂ ਸੀ ਦੇ ਸਕਦਾ।

ਪੰਕਜ ਨੇ ਫੇਰ ਵਕੀਲਾਂ ਨਾਲ ਸਲਾਹ ਕੀਤੀ।

ਵਕੀਲਾਂ ਨੂੰ ਖ਼ਤਰੇ ਦੀ ਘੰਟੀ ਵੱਜਦੀ ਸੁਣਾਈ ਦੇਣ ਲੱਗੀ।

ਸਭ ਤੋਂ ਅਹਿਮ ਗਵਾਹ ਮੁਨੀਮ ਸੀ। ਪੁਲੀਸ ਨੇ ਉਸਨੂੰ ਵੀ ਸੱਚ ਬੋਲਣ ਲਈ ਆਖਿਆ ਸੀ। ਸੱਚ ਬੋਲਣ ਤੋਂ ਗੁਰੇਜ਼ ਕਰਕੇ ਉਹ ਸ਼ਰਾਰਤ ਕਰ ਰਿਹਾ ਸੀ। ਲਗਦਾ ਸੀ ਕਾਨੂੰਨ ਦੇ ਕਿਸੇ ਭੇਤੀ ਨੇ ਉਸਨੂੰ ਉਸਦੀ ਗਵਾਈ ਦੀ ਅਹਿਮੀਅਤ ਸਮਝਾ ਦਿੱਤੀ ਸੀ। ਉਹ ਸੱਚ ਬੋਲਣ ਦਾ ਮੁੱਲ ਮੰਗ ਰਿਹਾ ਸੀ। ਉਸਦੀ ਰਮਜ਼ ਸਮਝੋ। ਉਸ ਨਾਲ ਗੱਲ ਕਰੋ। ਉਸਦਾ ਬਣਦਾ ਮੁੱਲ ਪਾਵੋ।

ਸਟੋਰ-ਕੀਪਰ ਅਤੇ ਗੇਟ-ਕੀਪਰ ਡਰੇ ਹੋਏ ਸਨ। ਉਨ੍ਹਾਂ ਦੇ ਡਰ ਨੂੰ ਧਿਆਨ ਵਿਚ ਰੱਖਿਆ ਜਾਵੇ। ਰਜਿਸਟਰਾਂ ਵਿਚ ਇੰਦਰਾਜ ਉਨ੍ਹਾਂ ਦੇ ਕਲਮੀ ਹਨ, ਇਹ ਉਨ੍ਹਾਂ ਤੋਂ ਮੰਨਵਾ ਲਿਆ ਜਾਵੇ। ਜੇ ਲਿਖਤਾਂ ਤੋਂ ਉੱਕਾ ਹੀ ਮੁਕਰਿਆ ਗਿਆ ਤਾਂ ਅਦਾਲਤ ਨੇ ਰਾਏ ਲਈ ਹੱਥ-ਲਿਖਤਾਂ ਦੇ ਮਾਹਿਰਾਂ ਨੂੰ ਬੁਲਾ ਲੈਣਾ ਸੀ। ਮਾਹਿਰਾਂ ਨੂੰ ਲਿਖਤਾਂ ਉਨ੍ਹਾਂ ਦੇ ਕਲਮੀ ਹੋਣਾ ਮੰਨਣਾ ਪੈਣਾ ਸੀ। ਗੇਟ-ਕੀਪਰ ਨਾਲੋਂ ਮਾਹਿਰਾਂ ਦੀ ਗਵਾਹੀ ਨੇ ਵੱਧ ਮਹੱਤਵ-ਪੂਰਣ ਬਣ ਜਾਣਾ ਸੀ। ਇਹ ਗਵਾਹਾਂ ਲਈ ਖ਼ਤਰਨਾਕ ਹੋਣਾ ਸੀ ਅਤੇ ਮੁਲਜ਼ਮਾਂ ਲਈ ਵੀ।

ਪੰਕਜ ਹੋਰਾਂ ਦੇ ਬਚਾਅ ਲਈ ਗਵਾਹਾਂ ਤੋਂ ਸਪਸ਼ਟੀਕਰਣ ਲੈ ਲਿਆ ਜਾਵੇ। ਇਹ ਇੰਦਰਾਜ ਪੁਲੀਸ ਨੇ ਉਨ੍ਹਾਂ ਨੂੰ ਡਰਾ ਕੇ ਅਤੇ ਥਾਣੇ ਬਿਠਾ ਕੇ ਕਰਾਏ ਸਨ। ਨਾ ਉਹ ਕਿਸੇ ਠੇਕੇਦਾਰ ਨੂੰ ਜਾਣਦੇ ਸਨ, ਨਾ ਉਹ ਕਦੇ ਉਨ੍ਹਾਂ ਦੀ ਫੈਕਟਰੀ ਆਇਆ ਸੀ।

ਅਜਿਹੇ ਬਿਆਨਾਂ ਨਾਲ ਸੱਪ ਵੀ ਮਰ ਜਾਣਾ ਸੀ ਅਤੇ ਲਾਠੀ ਵੀ ਬਚ ਰਹਿਣੀ ਸੀ।

ਮੁਨੀਮ ਦੇ ਮਨ ਦੀ ਘੁੰਡੀ ਖੋਹਲੀ ਜਾਵੇ। ਜਿੰਨਾ ਚਿਰ ਪੂਰੀ ਤਸੱਲੀ ਨਹੀਂ ਹੁੰਦੀ, ਉਸਨੂੰ ਅਦਾਲਤ ਵਿਚ ਪੇਸ਼ ਹੋਣ ਤੋਂ ਰੋਕਿਆ ਜਾਵੇ।

ਸਾਰੇ ਗਵਾਹ ਪੰਜ-ਪੰਜ ਛੇ-ਛੇ ਸਾਲ ਤੋਂ ਉਨ੍ਹਾਂ ਕੋਲ ਨੌਕਰ ਸਨ। ਉਨ੍ਹਾਂ ਨੂੰ ਮਾਲਕਾਂ ਦੇ ਖਾਧੇ ਨਮਕ ਦੀ ਸ਼ਰਮ ਸੀ। ਮਾਲਕਾਂ ਨਾਲ ਅੱਖ ਮਿਲਾ ਕੇ ਮਾਲਕਾਂ ਵਿਰੁਧ ਗਵਾਹੀ ਦੇਣ ਦੀ ਉਨ੍ਹਾਂ ਦੀ ਜੁਅਰਤ ਨਹੀਂ ਸੀ।

ਪਰ ਗਵਾਈ ਸਮੇਂ ਪੰਕਜ ਹੋਰਾਂ ਨੇ ਅਦਾਲਤ ਵਿਚ ਹਾਜ਼ਰ ਨਹੀਂ ਸੀ ਹੋਣਾ। ਇਹ ਕਾਨੂੰਨੀ ਦਿਕਤ ਉਨ੍ਹਾਂ ਦੇ ਵਿਰੁਧ ਜਾ ਰਹੀ ਸੀ।

ਹਾਲ ਦੀ ਘੜੀ ਪੰਕਜ ਅਤੇ ਨੀਰਜ ਦੋਸ਼ੀ ਨਹੀਂ ਸਨ। ਦੋਸ਼ੀ ਬਣੇ ਬਿਨਾਂ ਉਹ ਕਾਰਵਾਈ ਵਿਚ ਹਿੱਸਾ ਨਹੀਂ ਸਨ ਲੈ ਸਕਦੇ। ਗਵਾਹ ਉਨ੍ਹਾਂ ਦੇ ਵਿਰੁਧ ਭੁਗਤਣੇ ਸਨ

। ਪਰ ਭੁਗਤਣੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਸਨ।

ਸਾਧੂ ਸਿੰਘ ਕਾਇਦਾ ਕਾਨੂੰਨ ਜਾਣਦਾ ਸੀ। ਕਾਨੂੰਨ ਦੀ ਉਸਨੇ ਸਖ਼ਤੀ ਨਾਲ ਪਾਲਣਾ ਕਰਨੀ ਸੀ। ਇਨ੍ਹਾਂ ਗਵਾਹਾਂ ਨੇ ਗਵਾਹੀ ਪੰਕਜ ਹੋਰਾਂ ਵਿਰੁਧ ਦੇਣੀ ਸੀ ਜਾਂ ਠੇਕੇਦਾਰ ਵਿਰੁਧ। ਬਾਕੀ ਦੇ ਵਕੀਲਾਂ ਨੂੰ ਉਸਨੇ ਇਨ੍ਹਾਂ ਗਵਾਹਾਂ ਉਪਰ ਜਿਰ੍ਹਾ ਨਹੀਂ ਸੀ ਕਰਨ ਦੇਣੀ। ਠੇਕੇਦਾਰ ਦਾ ਵਕੀਲ ਅਣਜਾਨ ਸੀ। ਉਸਨੇ ਪੰਕਜ ਹੋਰਾਂ ਦਾ ਪੱਖ ਤਾਂ ਕੀ ਪੂਰਨਾ ਸੀ, ਉਸਤੋਂ ਠੇਕੇਦਾਰ ਦਾ ਪੱਖ ਵੀ ਨਹੀਂ ਸੀ ਪੂਰਿਆ ਜਾਣਾ।

ਇਸ ਅੜਚਨ ਦੇ ਦੋ ਹੱਲ ਸਨ। ਪਹਿਲਾ ਇਹ ਕਿ ਠੇਕੇਦਾਰ ਨੂੰ ਕੋਈ ਚੰਗਾ ਵਕੀਲ ਕਰ ਕੇ ਦਿੱਤਾ ਜਾਵੇ। ਇਸ ਲਈ ਠੇਕੇਦਾਰ ਸਹਿਮਤ ਨਹੀਂ ਸੀ। ਉਹ ਪੰਕਜ ਉਪਰ ਯਕੀਨ ਨਹੀਂ ਸੀ ਕਰ ਰਿਹਾ। ਉਹ ਪਹਿਲਾਂ ਉਸ ਨੂੰ ਫਸਾ ਚੁੱਕੇ ਸਨ। ਆਪ ਨਿਕਲ ਗਏ ਸਨ। ਅੱਗੇ ਵੀ ਉਨ੍ਹਾਂ ਇੰਝ ਹੀ ਕਰਨਾ ਸੀ। ਚੰਗਾ ਮਾੜਾ ਉਸਨੂੰ ਆਪਣੇ ਵਕੀਲ ਤੇ ਯਕੀਨ ਸੀ।

ਦੂਜਾ ਰਸਤਾ ਇਹ ਸੀ ਕਿ ਠੇਕੇਦਾਰ ਦੇ ਵਕੀਲ ਨੂੰ ਤਿਆਰੀ ਕਰਵਾ ਦਿੱਤੀ ਜਾਵੇ।

ਦੂਸਰਾ ਰਸਤਾ ਅਪਣਾਇਆ ਗਿਆ।

ਪੇਸ਼ੀ ਵਾਲੇ ਦਿਨ ਚਾਰਾਂ ਵਿਚੋਂ ਤਿੰਨ ਗਵਾਹ ਪੇਸ਼ ਕੀਤੇ ਗਏ।

ਗਵਾਹਾਂ ਉਪਰ ਸੋਸਾਇਟੀ ਵਾਲਿਆਂ ਨੇ ਪਤਾ ਨਹੀਂ ਕੀ ਟੂਣਾ ਝਾੜਿਆ ਸੀ। ਕਚਹਿਰੀ ਵੜਦਿਆਂ ਹੀ ਉਨ੍ਹਾਂ ਦੀ ਯਾਦਦਾਸ਼ਤ ਕਮਜ਼ੋਰ ਹੋ ਗਈ। ਪੰਕਜ ਵੱਲੋਂ ਸਮਝਾਇਆ ਇਕ ਵੀ ਨੁਕਤਾ ਉਨ੍ਹਾਂ ਨੂੰ ਯਾਦ ਨਾ ਰਿਹਾ।

ਗੀਤਾ ਤੇ ਹੱਥ ਰੱਖ ਕੇ ਸਹੁੰ ਖਾਣ ਬਾਅਦ ਉਨ੍ਹਾਂ ਦੀਆਂ ਲੱਤਾਂ ਕੰਬਣ ਲਗ ਪਈਆਂ। ਰੱਬ ਦੀ ਮਾਰ ਤੋਂ ਡਰਦੇ ਉਹ ਝੂਠ ਬੋਲਣਾ ਭੁੱਲ ਗਏ।

ਸਰਕਾਰੀ ਵਕੀਲ ਨੇ ਦੋ-ਦੋ ਤਿੰਨ-ਤਿੰਨ ਹੀ ਪ੍ਰਸ਼ਨ ਪੁੱਛੇ।

“ਕੀ ਤੁਸੀਂ ਠੇਕੇਦਾਰ ਨੂੰ ਪਹਿਚਾਣਦੇ ਹੋ ? ਕੀ ਉਹ ਕਦੇ ਤੁਹਾਡੀ ਫੈਕਟਰੀ ਆਇਆ ? ਕੀ ਤੁਸੀਂ ਉਸਦੀ ਆਮਦ ਦਾ ਇੰਦਰਾਜ ਆਪਣੇ ਰਜਿਸਟਰ ਵਿਚ ਕੀਤਾ ? ਉਹ ਫੈਕਟਰੀਉਂ ਕੀ-ਕੀ ਸਮਾਨ ਲੈ ਕੇ ਗਿਆ ? ਉਸਦਾ ਜ਼ਿਕਰ ਤੁਸੀਂ ਆਪਣੇ ਸਟਾਕ ਰਜਿਸਟਰ ਵਿਚ ਕੀਤਾ ?”

ਗਵਾਹ ਝੋਟੇ ਵਾਂਗ ਹਾਂ ਵਿਚ ਸਿਰ ਹਿਲਾਉਂਦੇ ਰਹੇ।

ਠੇਕੇਦਾਰ ਦੇ ਵਕੀਲ ਨੂੰ ਜੱਜ ਨੇ ਬਹੁਤੀ ਜਿਰ੍ਹਾ ਦੀ ਇਜਾਜ਼ਤ ਨਾ ਦਿੱਤੀ। ਗਵਾਹਾਂ ਨੇ ਇਕ ਵਾਰ ਫੇਰ ਗਵਾਹੀ ਦੇਣ ਆਉਣਾ ਸੀ। ਉਸ ਸਮੇਂ ਉਸਨੂੰ ਖੁੱਲ੍ਹੀ ਜਿਰ੍ਹਾ ਦਾ ਮੌਕਾ ਮਿਲਣਾ ਸੀ।

ਮੁਨੀਮ ਦੀ ਥਾਂ ਮੁਨੀਮ ਦਾ ਮੁੰਡਾ ਹਾਜ਼ਰ ਹੋਇਆ।

ਮੁਨੀਮ ਬਿਮਾਰ ਸੀ। ਉਸਨੂੰ ਟੱਟੀਆਂ ਲੱਗੀਆਂ ਸਨ। ਉਹ ਤੁਰਨ ਫਿਰਨ ਦੇ ਕਾਬਲ ਨਹੀਂ ਸੀ। ਸਬੂਤ ਵਜੋਂ ਮੁੰਡਾ ਡਾਕਟਰ ਕੋਲੋਂ ਸਰਟੀਫਿਕੇਟ ਲੈ ਕੇ ਆਇਆ ਸੀ।

ਮੁਨੀਮ ਦੀ ਇਸ ਚਲਾਕੀ ਨੇ ਸਾਧੂ ਸਿੰਘ ਦਾ ਪਾਰਾ ਚਾੜ੍ਹ ਦਿੱਤਾ।

“ਟੱਟੀਆਂ ਲੱਗੀਆਂ ਨਹੀਂ, ਲੱਗ ਜਾਣਗੀਆਂ। ਪਰਸੋਂ ਨੂੰ ਪੇਸ਼ ਕਰੋ। ਨਹੀਂ ਤਾਂ ਉਹ ਜੇਲ੍ਹ ਜਾਣ ਲਈ ਤਿਆਰ ਰਹੇ।”



ਸਾਧੂ ਸਿੰਘ ਨੇ ਮੁਨੀਮ ਦੇ ਮੁੰਡੇ ਨੂੰ ਦਬਕਾਇਆ। ਨਾਲ ਡਾਕਟਰ ਨੂੰ ਨੋਟਿਸ ਜਾਰੀ ਕੀਤਾ। ਮੁਨੀਮ ਦੀ ਬਿਮਾਰੀ ਦਾ ਰਿਕਾਰਡ ਲੈ ਕੇ ਉਹ ਵੀ ਹਾਜ਼ਰ ਹੋਵੇ।

## -98-

ਤਿੰਨ ਦਿੰਨਾਂ ਦੀ ਪੇਸ਼ੀ।

ਜੱਜ ਦਾ ਤੇਜ਼ੀ ਨਾਲ ਮੁਕੱਦਮਾ ਚਲਾਉਣਾ ਪੰਕਜ ਹੋਰਾਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ।

ਉਨ੍ਹਾਂ ਨੇ ਅਖ਼ਬਾਰਾਂ ਵਿਚ ਪੜ੍ਹਿਆ ਸੀ ਫ਼ੌਜਦਾਰੀ ਮੁਕੱਦਮੇ ਸਾਲਾਂ-ਬੱਧੀ ਚੱਲਦੇ ਰਹਿੰਦੇ ਸਨ। ਤਿੰਨ ਸਾਲ ਦੀ ਸਜ਼ਾ ਵਾਲੇ ਜੁਰਮਾਂ ਵਿਚ ਦੋਸ਼ੀਆਂ ਨੂੰ ਬਾਰਾਂ-ਬਾਰਾਂ ਸਾਲ ਜੇਲ੍ਹ ਵਿਚ ਬੈਠਿਆਂ ਲੰਘ ਜਾਂਦੇ ਸਨ। ਉਨ੍ਹਾਂ ਦੇ ਮੁਕੱਦਮਿਆਂ ਦੀ ਸਮਾਇਤ ਪੂਰੀ ਨਹੀਂ ਸੀ ਹੁੰਦੀ।

ਉਪਰਲੀਆਂ ਅਦਾਲਤਾਂ ਹੇਠਲੀਆਂ ਅਦਾਲਤਾਂ ਨੂੰ ਝਾੜਾਂ ਪਾਉਂਦੀਆਂ ਸਨ। ਮੁਕੱਦਮੇ ਜਲਦੀ ਨਬੇੜੋ। ਮੁਕੱਦਮੇ ਫੇਰ ਵੀ ਲਟਕਦੇ ਰਹਿੰਦੇ ਸਨ।

ਇਥੇ ਉਲਟ ਹੋ ਰਿਹਾ ਸੀ। ਮੁਲਜ਼ਮ ਮੁਕੱਦਮਾ ਲਟਕਾਉਣਾ ਚਾਹੁੰਦੇ ਸਨ। ਜੱਜ ਮੁਕਾਉਣਾ ਚਾਹੁੰਦਾ ਸੀ।

ਪੂਰਾ ਜ਼ੋਰ ਲਾਉਣ ਦੇ ਬਾਵਜੂਦ ਪਹਿਲੇ ਦੋਂ ਗਵਾਹ ਉਨ੍ਹਾਂ ਦੇ ਉਲਟ ਭੁਗਤੇ ਸਨ।

ਮੁਨੀਮ ਅੰਦਰ ਜਾ ਕੇ ਕੀ ਆਖੇਗਾ ? ਇਕ ਮਹੀਨੇ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਵੀ ਉਹ ਉਸਦੀ ਚੁੱਪ ਨਹੀਂ ਸਨ ਤੁੜਵਾ ਸਕੇ।

ਪੰਕਜ ਦੇ ਸੂਹੀਏ ਮੁਨੀਮ ’ਤੇ ਨਜ਼ਰ ਰੱਖ ਰਹੇ ਸਨ। ਉਨ੍ਹਾਂ ਨੇ ਰਿਪੋਰਟ ਦਿੱਤੀ ਸੀ। ਸੋਸਾਇਟੀ ਵਾਲਿਆਂ ਨੇ ਹਾਲੇ ਤਕ ਉਸ ਨਾਲ ਸੰਪਰਕ ਨਹੀਂ ਸੀ ਕੀਤਾ।

ਇਕ ਅਹਿਮ ਗਵਾਹ ਨਾਲ ਮੁਦਈ ਨੇ ਸੰਪਰਕ ਨਾ ਕੀਤਾ ਹੋਵੇ, ਇਹ ਨਾ ਪੰਕਜ ਮੰਨਣ ਲਈ ਤਿਆਰ ਸੀ, ਨਾ ਉਸਦੇ ਵਕੀਲ।

ਸਭ ਨੂੰ ਸ਼ੱਕ ਸੀ ਮੁਦਈ ਧਿਰ ਨੇ ਮੁਨੀਮ ਨਾਲ ਕੋਈ ਗੁਪਤ ਸਮਝੌਤਾ ਕੀਤਾ ਸੀ। ਇਸੇ ਕਾਰਨ ਉਹ ਖ਼ਾਮੋਸ਼ ਸੀ। ਪੰਕਜ ਨਾਲ ਇਸੇ ਲਈ ਉਹ ਕੋਈ ਵਾਅਦਾ ਕਰਨ ਲਈ ਤਿਆਰ ਨਹੀਂ ਸੀ।

ਪੰਕਜ ਦੇ ਵਕੀਲਾਂ ਨੇ ਸਲਾਹ ਦਿੱਤੀ। ਗਵਾਹੀ ਤਕ ਉਸਨੂੰ ਪਲੋਸ ਕੇ ਰੱਖਿਆ ਜਾਵੇ। ਉਸਦਾ ਹਰ ਨਖਰਾ ਬਰਦਾਸ਼ਤ ਕੀਤਾ ਜਾਵੇ।

ਪੰਕਜ ਪਹਿਲਾਂ ਹੀ ਹੁਸ਼ਿਆਰੀ ਵਰਤ ਰਿਹਾ ਸੀ। ਜਿਸ ਦਿਨ ਤੋਂ ਪੁਲਿਸ ਨੇ ਮੁਨੀਮ ਨੂੰ ਗਵਾਹ ਰੱਖਿਆ ਸੀ, ਉਸੇ ਦਿਨ ਤੋਂ ਉਸਦੀ ਸੇਵਾ ਜਵਾਈਆਂ ਵਾਂਗ ਹੋ ਰਹੀ ਸੀ।

ਮੁਨੀਮ ਨੂੰ ਵੀ ਆਪਣੇ ਵਿਸ਼ੇਸ਼ ਰੁਤਬੇ ਦਾ ਅਹਿਸਾਸ ਸੀ। ਆਪਣੇ ਅੜੇ ਕੰਮ ਕਢਾਉਣ ਦਾ ਉਸਨੂੰ ਮਸਾਂ ਮੌਕਾ ਮਿਲਿਆ ਹੋਇਆ ਸੀ।

ਕਾਫ਼ੀ ਦੇਰ ਤੋਂ ਉਹ ਆਪਣੇ ਜਵਾਈ ਲਈ ਕਿਸ਼ਤਾਂ ਉਪਰ ਪਲਾਟ ਦੀ ਮੰਗ ਕਰਦਾ ਆ ਰਿਹਾ ਸੀ। ਕਿਸ਼ਤ ਰਕਮ ਦੇ ਵਿਆਜ ਨਾਲੋਂ ਘੱਟ ਦੇਣਾ ਚਾਹੁੰਦਾ ਸੀ। ਇਸ ਕਾਰਨ

ਪੰਕਜ ਉਸਨੂੰ ਟਾਲਦਾ ਆ ਰਿਹਾ ਸੀ। ਹੁਣ ਜਦੋਂ ਉਸਨੇ ਇਹ ਮੰਗ ਦੁਹਰਾਈ ਤਾਂ ਉਹ ਨਾਂਹ ਨਹੀਂ ਸੀ ਕਰ ਸਕਿਆ।

ਕਿਸ਼ਤਾਂ ਪੂਰੀਆਂ ਹੋਣ ਤੋਂ ਪਹਿਲਾਂ ਹੀ ਉਸਨੇ ਰਜਿਸਟਰੀ ਵੀ ਕਰਵਾ ਦਿੱਤੀ।

"ਤੇਰਾ ਜਵਾਈ ਸਾਡਾ ਵੀ ਕੁਝ ਲਗਦਾ ਹੈ। ਉਸਨੂੰ ਕਹਿ ਬਾਕੀ ਬਚਦੀ ਰਕਮ ਦੇ ਦੋ ਕਮਰੇ ਉਸਾਰ ਲਵੇ। ਸਿਰ ਘਸੋਣ ਜੋਗਾ ਹੋ ਜਾਵੇ।"

ਪੰਜਾਹ ਹਜ਼ਾਰ ਦੀ ਛੋਟ ਦਿੰਦੇ ਪੰਕਜ ਨੇ ਮੁਨੀਮ ਨੂੰ ਮਸ਼ਵਰਾ ਦਿੱਤਾ ਸੀ।

ਪੰਕਜ ਦੇ ਸਾਲੇ ਦੇ ਸੁਸਰਾਲ ਦੀ ਸਾਈਕਲ ਬਣਾਉਣ ਦੀ ਫ਼ੈਕਟਰੀ ਸੀ। ਉਨ੍ਹਾਂ ਦੇ ਸਾਈਕਲਾਂ ਦੀ ਮੰਡੀ ਵਿਚ ਪੂਰੀ ਮੰਗ ਸੀ। ਪਿੰਡਾਂ ਦੀਆਂ ਦੁਕਾਨਾਂ ਵਾਲੇ ਵੀ ਦੋ ਤਿੰਨ ਸਾਈਕਲ ਹਰ ਰੋਜ਼ ਵੇਚ ਦਿੰਦੇ ਸਨ। ਮੁਨੀਮ ਦਾ ਵੱਡਾ ਮੁੰਡਾ ਸਾਈਕਲ ਰਿਪੇਅਰ ਦੀ ਦੁਕਾਨ ਦਰਦਾ ਸੀ। ਮੁਨੀਮ ਪੰਕਜ ਦੇ ਕਈ ਵਾਰ ਹਾੜੇ ਕੱਢ ਚੁੱਕਾ ਸੀ। ਜੇ ਉਸਦੇ ਮੁੰਡੇ ਨੂੰ ਏਜੰਸੀ ਮਿਲ ਜਾਵੇ ਉਸਦੇ ਵਾਰੇ ਨਿਆਰੇ ਹੋ ਜਾਣ।

ਏਜੰਸੀ ਉਹ ਮਨਿਸਟਰ ਦੇ ਆਖੇ ਨਹੀਂ ਸਨ ਦਿੰਦੇ। ਏਜੰਸੀ ਦਾ ਮਤਲਬ ਸੀ ਤੀਹ ਚਾਲੀ ਹਜ਼ਾਰ ਰੁਪਏ ਪ੍ਰਤੀ ਮਹੀਨੇ ਦੀ ਕਮਾਈ। ਪੰਕਜ ਨੇ ਰਿਸ਼ਤੇਦਾਰਾਂ ਨੂੰ ਅਜਿਹਾ ਸਵਾਲ ਨਹੀਂ ਸੀਂ ਪਾਇਆ।

ਹੁਣ ਮੁਨੀਮ ਇਹ ਮੰਗ ਵੀ ਦੁਹਰਾ ਰਿਹਾ ਸੀ।

ਪੰਕਜ ਨੇ ਆਪਣੀ ਪਤਨੀ ਨਾਲ ਗੱਲ ਕੀਤੀ। ਉਸਨੂੰ ਮੁਨੀਮ ਦੀ ਗਵਾਹੀ ਦੀ ਅਹਿਮੀਅਤ ਸਮਝਾਈ। ਪੇਕਿਆਂ ਕੋਲੋਂ ਏਜੰਸੀ ਦੇਣ ਦੀ ਸਿਫਾਰਿਸ਼ ਕਰਾਈ।

ਮੁਨੀਮ ਦਾ ਢਿੱਡ ਭਰ ਨਹੀਂ ਸੀ ਰਿਹਾ। ਹਰ ਰੋਜ਼ ਉਹ ਨਵੀਂ ਸਕੀਮ ਘੜ ਲਿਆਉਂਦਾ ਸੀ।

ਵਕੀਲਾਂ ਦੀ ਸਲਾਹ 'ਤੇ ਪੰਕਜ ਹਰ ਕੌੜਾ ਘੁੱਟ ਭਰਦਾ ਜਾ ਰਿਹਾ ਸੀ।

ਅਗਲੀ ਪੇਸ਼ੀ ਦੋ ਦਿਨਾਂ ਬਾਅਦ ਹੋਣੀ ਸੀ। ਮੁਨੀਮ ਇਨ੍ਹਾਂ ਦੋ ਦਿਨਾਂ ਦਾ ਭਰਪੂਰ ਫ਼ਾਇਦਾ ਉਠਾ ਰਿਹਾ ਸੀ। ਜਿਵੇਂ ਉਸਨੂੰ ਪਤਾ ਸੀ, ਗਵਾਹੀ ਬਾਅਦ ਉਸਦੀ ਨੌਕਰੀਉਂ ਛੁੱਟੀ ਹੋਣ ਵਾਲੀ ਸੀ।

ਪੰਕਜ ਦਾ ਦਿਲ ਧੜਕ ਰਿਹਾ ਸੀ। ਮੁਨੀਮ ਦੇ ਲਾਲਚ ਕਾਰਨ ਉਸਨੂੰ ਚਿੰਤਾ ਹੋ ਰਹੀ ਸੀ। ਉਹ ਡਰ ਰਿਹਾ ਸੀ, ਮੁਨੀਮ ਕਿਧਰੇ ਫ਼ਾਇਦੇ ਉਠਾ ਕੇ ਵੀ ਉਨ੍ਹਾਂ ਦੇ ਉਲਟ ਨਾ ਭੁਗਤ ਜਾਵੇ।

ਪੰਕਜ ਦਾ ਸ਼ੱਕ ਫਜ਼ੂਲ ਸੀ। ਮੁਨੀਮ ਨੇ ਲਾਲਚ ਜ਼ਰੂਰ ਕੀਤਾ ਸੀ ਪਰ ਬੇਵਫ਼ਾਈ ਨਹੀਂ।

ਅਦਾਲਤ ਵਿਚ ਉਹ ਨਿਧੜਕ ਹੋ ਕੇ ਮਾਲਕਾਂ ਨਾਲ ਖਲੋਇਆ। ਉਸਦੇ ਸਾਹਮਣੇ ਕਦੇ ਕਿਸੇ ਨੇ ਕੋਈ ਸਾਜ਼ਿਸ਼ ਨਹੀਂ ਸੀ ਘੜੀ।

ਮੁਨੀਮ ਨੂੰ ਭੁਗਤਾ ਕੇ ਪੰਕਜ ਨੇ ਮਸਾਂ ਸੁਖ ਦਾ ਸਾਹ ਲਿਆ।

-99-



ਪੰਕਜ ਹੋਰਾਂ ਦੇ ਸੁਖਾਂ ਦੇ ਸਾਹਾਂ ਦੀ ਗਿਣਤੀ ਦਸ ਤਕ ਵੀ ਨਹੀਂ ਸੀ ਪੁੱਜੀ ਕਿ ਜੱਜ ਨੇ ਉਨ੍ਹਾਂ ਦੀ ਜਾਨ ਫੇਰ ਸੁੱਕਣੇ ਪਾ ਦਿੱਤੀ।

"ਕਿਉਂ ਪੀ.ਪੀ. ਸਾਹਿਬ, ਪੰਕਜ ਹੋਰਾਂ ਨੂੰ ਤਲਬ ਕਰਨ ਦੀ ਦਰਖ਼ਾਸਤ ਦੇਣੀ ਹੈ?"

ਮੁਨੀਮ ਦੀ ਗਵਾਹੀ ਖ਼ਤਮ ਹੁੰਦਿਆਂ ਹੀ ਜੱਜ ਨੇ ਸਰਕਾਰੀ ਵਕੀਲ ਤੋਂ ਪੁੱਛਿਆ।

ਦਰਸ਼ਕਾਂ ਵਾਲੇ ਬੈਂਚਾਂ ਉਪਰ ਬੈਠੇ ਪੰਕਜ ਉਪਰ ਇਹ ਸਵਾਲ ਬੰਬ ਵਾਂਗ ਵੱਜਾ।

ਪੰਕਜ ਨੂੰ ਦੱਸਿਆ ਗਿਆ ਸੀ, ਸਰਕਾਰੀ ਵਕੀਲ ਪਹਿਲੀ ਪੇਸ਼ੀ ਉਪਰ ਉਨ੍ਹਾਂ ਨੂੰ ਤਲਬ ਕਰਨ ਦੀ ਦਰਖ਼ਾਸਤ ਨਹੀਂ ਦੇਵੇਗਾ। ਉਹ ਕੁਝ ਦਿਨਾਂ ਦਾ ਸਮਾਂ ਮੰਗੇਗਾ। ਅਗਲੀ ਪੇਸ਼ੀ 'ਤੇ ਜੇ ਲੋੜ ਪਈ ਤਾਂ ਦਰਖ਼ਾਸਤ ਦਿੱਤੀ ਜਾਵੇਗੀ। ਦਰਖ਼ਾਸਤ ਦਾ ਜਵਾਬ ਦੇਣ ਲਈ ਵਕੀਲ ਸਮਾਂ ਮੰਗਣਗੇ। ਜਵਾਬ ਦਿੰਦਿਆਂ, ਬਹਿਸ ਕਰਦਿਆਂ ਕਈ ਪੇਸ਼ੀਆਂ ਪੈ ਜਾਣਗੀਆਂ।

ਜ਼ਿਲ੍ਹਾ ਅਟਾਰਨੀ ਨੇ ਪੰਕਜ ਨੂੰ ਵਿਸ਼ਵਾਸ ਦਿਵਾਇਆ ਸੀ। ਜਿਥੋਂ ਤਕ ਹੋ ਸਕਿਆ ਦਰਖ਼ਾਸਤ ਦੇਣ ਤੋਂ ਟਲਿਆ ਜਾਏਗਾ। ਉਨ੍ਹਾਂ ਖ਼ਿਲਾਫ਼ ਦਰਖ਼ਾਸਤ ਦੇਣ ਜੋਗੇ ਸਬੂਤ ਮਿਸਲ 'ਤੇ ਨਹੀਂ ਸਨ ਆਏ। ਮੁਨੀਮ ਆਪਣੇ ਬਿਆਨ ਤੋਂ ਮੁੱਕਰ ਗਿਆ ਸੀ। ਸਟੋਰ-ਕੀਪਰ ਅਤੇ ਗੇਟ-ਕੀਪਰ ਠੇਕੇਦਾਰ ਦੇ ਫੈਕਟਰੀ ਆਉਣ ਨੂੰ ਤਾਂ ਸਾਬਤ ਕਰਦੇ ਸਨ, ਘੜੀ ਸਾਜ਼ਿਸ਼ ਨੂੰ ਨਹੀਂ। ਠੇਕੇਦਾਰ ਮਜ਼ਦੂਰਾਂ ਦਾ ਨੇਤਾ ਸੀ। ਲੇਬਰ ਦਾ ਠੇਕੇਦਾਰ ਸੀ। ਆਪਣੇ ਬੰਦਿਆਂ ਨੂੰ ਮਿਲਣ ਉਹ ਫੈਕਟਰੀ ਆਉਂਦਾ ਜਾਂਦਾ ਰਹਿੰਦਾ ਸੀ। ਮਾਲਕ ਆਪਣੇ ਵਰਕਰਾਂ ਨੂੰ ਬੈਗ ਤੋਹਫ਼ੇ ਵਜੋਂ ਦਿੰਦੇ ਰਹਿੰਦੇ ਸਨ। ਕਿਸੇ ਵਰਕਰ ਨੇ ਆਪਣਾ ਬੈਗ ਠੇਕੇਦਾਰ ਨੂੰ ਦਿਵਾ ਦਿੱਤਾ ਹੋਵੇ ਇਸ ਵਿਚ ਕਿਹੜੀ ਅਣ-ਹੋਣੀ ਗੱਲ ਸੀ। ਬੈਗ ਦੀ ਕੀਮਤ ਪੰਦਰਾਂ ਵੀਹ ਰੁਪਏ ਸੀ। ਠੇਕੇਦਾਰ ਨੂੰ ਵੀ ਇਹ ਤੋਹਫ਼ੇ ਵਿਚ ਦਿੱਤੇ ਜਾ ਸਕਦੇ ਸਨ। ਦੋ ਬੈਗ ਦੇਣ ਨਾਲ ਸਾਜ਼ਿਸ਼ ਸਾਬਤ ਨਹੀਂ ਹੋ ਜਾਂਦੀ। ਆਈ. ਜੀ. ਵਰਗਾ ਉੱਚ ਅਧਿਕਾਰੀ ਪੰਕਜ ਹੋਰਾਂ ਨੂੰ ਬੇ-ਕਸੂਰ ਕਰਾਰ ਦੇ ਚੁੱਕਾ ਸੀ। ਉਸ ਸਮੇਂ ਵੀ ਇਨ੍ਹਾਂ ਗਵਾਹਾਂ ਦੇ ਬਿਆਨ ਮਿਸਲ ਉਪਰ ਆ ਚੁੱਕੇ ਸਨ। ਆਈ. ਜੀ. ਇਨ੍ਹਾਂ ਗਵਾਹੀਆਂ ਨਾਲ ਸਹਿਮਤ ਨਹੀਂ ਸੀ ਹੋਇਆ। ਉਸਨੇ ਇਨ੍ਹਾਂ ਗਵਾਹੀਆਂ ਨੂੰ ਝੂਠੀਆਂ ਆਖ ਕੇ ਪੰਕਜ ਹੋਰਾਂ ਨੂੰ ਸੱਚਾ ਆਖਿਆ ਸੀ। ਸਰਕਾਰੀ ਵਕੀਲਾਂ ਨੇ ਆਈ. ਜੀ. ਦੀ ਰਿਪੋਰਟ ਨਾਲ ਸਹਿਮਤੀ ਪ੍ਰਗਟਾਈ ਸੀ। ਸਰਕਾਰੀ ਵਕੀਲ ਦਾ ਆਪਣੀ ਰਿਪੋਰਟ ਦੇ ਵਿਰੁਧ ਜਾਣ ਦਾ ਮਤਲਬ ਹੀ ਨਹੀਂ ਸੀ।

ਜ਼ਿਲ੍ਹਾ ਅਟਾਰਨੀ ਨੇ ਇਹ ਵੀ ਯਕੀਨ ਦਿਵਾਇਆ ਸੀ। ਆਪਣੇ ਸਰਕਾਰੀ ਵਕੀਲ ਨੂੰ ਉਸਨੇ ਇਸ ਆਸ਼ੇ ਸੰਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ। ਉਹ ਅਗਲੀ ਪੇਸ਼ੀ ਤੋਂ ਪਹਿਲਾਂ ਉਸਨੂੰ ਮਿਲ ਕੇ ਆਪਣੀ ਤਸੱਲੀ ਕਰ ਲੈਣ।

ਪਰ ਸਾਧੂ ਸਿੰਘ ਨੇ ਪੰਕਜ ਹੋਰਾਂ ਨੂੰ ਸਰਕਾਰੀ ਵਕੀਲ ਨੂੰ ਮਿਲਣ ਦਾ ਮੌਕਾ ਹੀ ਨਹੀਂ ਸੀ ਦਿੱਤਾ।

"ਜੀ ਜਨਾਬ!" ਸਰਕਾਰੀ ਵਕੀਲਾਂ ਅਤੇ ਪ੍ਰਧਾਨ ਦੇ ਮੂੰਹੋਂ ਇਕੱਠਿਆਂ ਇਹ ਸ਼ਬਦ ਨਿਕਲੇ।

"ਲਿਆਓ ਫੇਰ।"

"ਦਰਖ਼ਾਸਤ ਹਾਲੇ ਤਿਆਰ ਕਰਨੀ ਹੈ। ਜਨਾਬ ਛੋਟੀ ਜਿਹੀ ਤਾਰੀਖ਼ ਪਾ ਦਿਓ।"

ਜ਼ਿਲ੍ਹਾ ਅਟਾਰਨੀ ਦੀਆਂ ਹਦਾਇਤਾਂ ਮੁਤਾਬਕ ਸਰਕਾਰੀ ਵਕੀਲ ਨੇ ਪੇਸ਼ੀ ਮੰਗੀ।

"ਦਰਖ਼ਾਸਤ ਮੈਂ ਤਿਆਰ ਕਰ ਰੱਖੀ ਹੈ।"

ਆਖ ਕੇ, ਪ੍ਰਧਾਨ ਨੇ ਆਪਣੇ ਲਿਫ਼ਾਫ਼ੇ ਵਿਚੋਂ ਦਰਖ਼ਾਸਤ ਕੱਢ ਕੇ ਸਰਕਾਰੀ ਵਕੀਲ ਦੇ ਅੱਗੇ ਰੱਖ ਦਿੱਤੀ।

"ਕਰੋਗੇ ਇਸ ਉਪਰ ਆਪਣੇ ਦਸਤਖ਼ਤ ?"

ਅਚਾਨਕ ਸਾਹਮਣੇ ਆ ਟਿਕੀ ਦਰਖ਼ਾਸਤ ਦੇਖ ਕੇ ਡੌਰ-ਭੌਰ ਹੋਏ ਸਰਕਾਰੀ ਵਕੀਲ ਤੋਂ ਪ੍ਰਧਾਨ ਨੇ ਵਿਅੰਗਮਈ ਅੰਦਾਜ਼ ਨਾਲ ਪੁੱਛਿਆ। ਸਖ਼ਤ ਰਵੱਈਆ ਅਪਣਾ ਕੇ ਪ੍ਰਧਾਨ ਸਰਕਾਰੀ ਵਕੀਲ ਨੂੰ ਇਹ ਜਤਾਉਣਾ ਚਾਹੁੰਦਾ ਸੀ ਕਿ ਉਸਨੂੰ ਅਫ਼ਸਰਾਂ ਅਤੇ ਮੁਲਜ਼ਮਾਂ ਵਿਚਕਾਰ ਪੱਕ ਰਹੀ ਖਿਚੜੀ ਦਾ ਪਤਾ ਸੀ।

"ਕਿਉਂ ਨਹੀਂ!" ਨਾਂਹ ਕਰਨ ਦਾ ਸਰਕਾਰੀ ਵਕੀਲ ਕੋਲ ਕੋਈ ਬਹਾਨਾ ਨਹੀਂ ਸੀ। ਬੁਝੇ ਮਨ ਨਾਲ ਉਸਨੇ ਦਸਤਖ਼ਤ ਝਰੀਟ ਦਿੱਤੇ।

"ਸਾਨੂੰ ਇਸ ਦਰਖ਼ਾਸਤ ਦੀ ਨਕਲ ਦਿਓ। ਅਸੀਂ ਬਹਿਸ ਕਰਾਂਗੇ।" ਮੁਲਜ਼ਮਾਂ ਦੇ ਵਕੀਲ ਦਰਖ਼ਾਸਤ ਦੀ ਨਕਲ ਮੰਗਣ ਲਗੇ।

"ਇਹ ਦਰਖ਼ਾਸਤ ਅਦਾਲਤ ਅਤੇ ਪੰਕਜ ਹੋਰਾਂ ਦੇ ਵਿਚਕਾਰ ਹੈ। ਉਨ੍ਹਾਂ ਦੋਸ਼ੀਆਂ ਦੇ ਤੁਸੀਂ ਵਕੀਲ ਨਹੀਂ। ਤੁਹਾਨੂੰ ਇਸ ਦਰਖ਼ਾਸਤ ਉਪਰ ਬਹਿਸ ਕਰਨ ਦਾ ਕੋਈ ਅਧਿਕਾਰ ਨਹੀਂ।"

ਸਫ਼ਾਈ ਧਿਰ ਦੀ ਬੇਨਤੀ ਜੱਜ ਨੇ ਠੁਕਰਾ ਦਿੱਤੀ।

ਝਟ ਸਰਕਾਰੀ ਵਕੀਲ ਦੀ ਦਰਖ਼ਾਸਤ ਮਨਜ਼ੂਰ ਹੋ ਗਈ।

ਪੰਕਜ ਅਤੇ ਨੀਰਜ ਨੂੰ ਦੋਸ਼ੀ ਠਹਿਰਾਇਆ ਗਿਆ। ਅਗਲੀ ਪੇਸ਼ੀ ਪੇਸ਼ ਹੋਣ ਦਾ ਹੁਕਮ ਸੁਣਾਇਆ ਗਿਆ।

## -100-

ਤਿੰਨ ਮਹੀਨਿਆ ਵਿਚ ਖਤਮ ਹੋਣ ਵਾਲੀ ਕਾਰਵਾਈ ਸਾਧੂ ਸਿੰਘ ਨੇ ਤਿੰਨ ਦਿਨਾਂ ਵਿਚ ਮੁਕਾ ਦਿੱਤੀ।

ਪੰਕਜ ਕੇਸ ਲਟਕਾਉਣਾ ਚਾਹੁੰਦਾ ਸੀ। ਉਹ ਮੁਦਈਆਂ ਨੂੰ ਥਕਾਉਣਾ ਅਤੇ ਗਵਾਹਾਂ ਨੂੰ ਭਜਾਉਣਾ ਚਾਹੁੰਦਾ ਸੀ।

ਜੇ ਸਾਧੂ ਸਿੰਘ ਇਸੇ ਤਰ੍ਹਾਂ ਕੇਸ ਪਿੱਛੇ ਲੱਗਾ ਰਿਹਾ ਤਾਂ ਉਨ੍ਹਾਂ ਦੇ ਸੀਖਾਂ ਪਿੱਛੇ ਜਾਣ ਨੂੰ ਬਹੁਤੀ ਦੇਰ ਨਹੀਂ ਸੀ ਲੱਗਣੀ

ਕਿਸੇ ਨਾ ਕਿਸੇ ਢੰਗ ਨਾਲ ਇਸ ਤੇਜ਼ੀ ਨੂੰ ਠੱਲ੍ਹ ਪੈਣੀ ਚਾਹੀਦੀ ਸੀ।

ਇਸ ਦੇ ਦੋ ਤਰੀਕੇ ਸਨ।

ਪਹਿਲਾ ਜੱਜ ਉਪਰ ਪੱਖਪਾਤੀ ਹੋਣ ਦਾ ਦੋਸ਼ ਲਾ ਕੇ ਮੁਕੱਦਮਾ ਉਸਦੀ ਅਦਾਲਤ ਵਿਚੋਂ ਬਦਲਵਾਇਆ ਜਾਵੇ। ਇੰਝ ਕਰਨਾ ਚੰਦ ਉਪਰ ਥੁੱਕਣ ਵਾਲੀ ਗੱਲ ਸੀ। ਹਾਈ ਕੋਰਟ ਨੇ ਦਰਖ਼ਾਸਤ ਵਗਾਹ ਕੇ ਮਾਰਨੀ ਸੀ।

ਦੂਜਾ ਤਰੀਕਾ ਸੀ ਸਾਧੂ ਸਿੰਘ ਦੇ ਹੁਕਮ ਵਿਰੁਧ ਹਾਈ ਕੋਰਟ ਅਪੀਲ ਕਰਨ ਦਾ।

ਪਰਚੇ ਵਿਚ ਉਨ੍ਹਾਂ ਦਾ ਨਾਂ ਨਹੀਂ ਸੀ। ਸਾਜ਼ਿਸ਼ ਦਾ ਮੁੱਖ ਗਵਾਹ ਅਦਾਲਤ ਵਿਚ



ਆ ਕੇ ਮੁੱਕਰ ਗਿਆ ਸੀ। ਪੁਲਿਸ ਦੇ ਉੱਚ-ਅਧਿਕਾਰੀ ਉਨ੍ਹਾਂ ਨੂੰ ਬੇ-ਕਸੂਰ ਸਾਬਤ ਕਰ ਚੁੱਕੇ ਸਨ। ਇਨ੍ਹਾਂ ਕਾਰਨਾਂ ਕਰਕੇ ਅਪੀਲ ਮਨਜ਼ੂਰ ਹੋਣ ਦੀ ਪੂਰੀ ਸੰਭਾਵਨਾ ਸੀ।

ਅਪੀਲ ਮਨਜ਼ੂਰ ਹੋ ਗਈ ਤਾਂ ਪੌਂ ਬਾਰਾਂ। ਪਹਿਲੀ ਪੇਸ਼ੀ ਮਨਜ਼ੂਰ ਨਾ ਹੋਈ ਤਾਂ ਸੁਣਵਾਈ ਲਈ ਰੱਖ ਲਈ ਜਾਏਗੀ। ਫੇਰ ਵੀ ਉਨ੍ਹਾਂ ਦਾ ਬੁੱਤਾ ਸਰ ਜਾਣਾ ਸੀ। ਮਿਸਲ ਹਾਈ ਕੋਰਟ ਚਲੀ ਜਾਣੀ ਸੀ। ਹੇਠਲੀ ਅਦਾਲਤ ਦੀ ਸਮਾਇਤ 'ਤੇ ਆਪੇ ਪਾਬੰਦੀ ਲਗ ਜਾਣੀ ਸੀ।

ਹਾਈ ਕੋਰਟ ਵਿਚ ਇਕ ਵਾਰ ਫਸਿਆ ਕੇਸ ਵੀਹ-ਵੀਹ ਸਾਲ ਨਹੀਂ ਨਿਕਲਦਾ। ਜਦੋਂ ਨੂੰ ਅਪੀਲ ਦੀ ਵਾਰੀ ਆਏਗੀ ਉਦੋਂ ਨੂੰ ਨੀਲਮ ਅਤੇ ਵੇਦ ਮਰ ਮੁੱਕ ਗਏ ਹੋਣਗੇ। ਨੇਹਾ ਕਿਸੇ ਪਾਗਲਖ਼ਾਨੇ ਬੈਠੀ ਹੋਏਗੀ। ਸਾਧੂ ਸਿੰਘ ਰਿਟਾਇਰ ਹੋ ਕੇ ਕਿਸੇ ਛੋਟੇ-ਮੋਟੇ ਸ਼ਹਿਰ ਵਿਚ ਵਕਾਲਤ ਕਰ ਰਿਹਾ ਹੋਏਗਾ। ਨਿਆ-ਪਾਲਿਕਾ ਦਾ ਦਿਨੋ-ਦਿਨ ਗਿਰ ਰਿਹਾ ਵਕਾਰ ਹੇਠਲੀ ਪੱਧਰ ਤਕ ਪੁੱਜ ਚੁੱਕਾ ਹੋਏਗਾ। ਹੁਣ ਸਰਕਾਰੀ ਵਕੀਲ ਕੰਮ ਕਰਾਉਣ ਲਈ ਮੁਲਜ਼ਮਾਂ ਪਿੱਛੇ ਦਲਾਲ ਭੇਜਦੇ ਹਨ। ਉਸ ਸਮੇਂ ਤਕ ਜੱਜ ਇਹ ਕੰਮ ਕਰਨ ਲੱਗ ਪੈਣਗੇ। ਫੇਰ ਪੰਕਜ ਦੀਆਂ ਪੰਜੇ ਉਂਗਲਾਂ ਘਿਓ ਵਿਚ ਹੋਣਗੀਆਂ।

ਇਹੋ ਜਿਹੇ ਸਬਜ਼-ਬਾਗ ਦਿਖਾ ਕੇ ਵਕੀਲਾਂ ਨੇ ਪੰਕਜ ਤੋਂ ਹਾਈ ਕੋਰਟ ਅਪੀਲ ਕਰਵਾ ਦਿੱਤੀ।

ਇਕ ਪਾਸੇ ਸਾਧੂ ਸਿੰਘ ਸ਼ਨੀ ਬਣਕੇ ਉਨ੍ਹਾਂ ਦੇ ਸਿਰ 'ਤੇ ਮੰਡਰਾਉਣ ਲੱਗਾ। ਦੂਜੇ ਪਾਸੇ ਸੋਸਾਇਟੀ ਰਾਹੂ ਕੇਤੂ ਬਣ ਕੇ ਉਨ੍ਹਾਂ ਨੂੰ ਬੁਰੇ ਦਾ ਘਰ ਦਿਖਾਉਣ 'ਤੇ ਤੁਲ ਗਈ।

ਸੋਸਾਇਟੀ ਦੀ ਹਾਈ ਕੋਰਟ ਵਾਲੀ ਇਕਾਈ ਪਹਿਲਾਂ ਹੀ ਬਿੱਲੀ ਵਾਂਗ ਤਾਕ ਲਾਈ ਬੈਠੀ ਸੀ। ਪਹਿਲੀ ਪੇਸ਼ੀ ਹੀ ਉਨ੍ਹਾਂ ਵਿਚ ਟੰਗ ਅੜਾ ਲਈ।

ਅਪੀਲ ਸੁਣਵਾਈ ਲਈ ਮਨਜ਼ੂਰ ਤਾਂ ਹੋਈ, ਪਰ ਨਾ ਮਿਸਲ ਤਲਬ ਹੋਈ, ਨਾ ਸਮਾਇਤ 'ਤੇ ਪਾਬੰਦੀ ਲੱਗੀ।

ਉਲਟਾ ਲੈਣੇ ਦੇ ਦੇਣੇ ਪੈ ਗਏ।

ਅਪੀਲ ਦਾ ਫੈਸਲਾ, ਹੁੰਦਿਆਂ ਹੀ ਸਾਧੂ ਸਿੰਘ ਮੁਕੱਦਮੇ ਨੂੰ ਬੇਹੇ ਕੜਾਹ ਵਾਂਗ ਪੈਣ ਲੱਗਾ।

ਗਵਾਹੀਆਂ ਲਈ ਇਕ ਮਹੀਨੇ ਦੀ ਤਾਰੀਖ਼ ਪਾਈ ਗਈ। ਸੁਣਵਾਈ ਲਗਾਤਾਰ ਦੋ ਦਿਨ ਰੱਖੀ ਗਈ। ਪਹਿਲੇ ਦਿਨ ਲਈ ਨੇਹਾ, ਵੇਦ ਅਤੇ ਨੀਲਮ ਨੂੰ ਬੁਲਾਇਆ ਗਿਆ। ਦੂਜਾ ਦਿਨ ਬਾਕੀ ਗਵਾਹਾਂ ਲਈ ਰੱਖਿਆ ਗਿਆ।

ਪੰਕਜ ਅੱਡੀ ਚੋਟੀ ਦਾ ਜ਼ੋਰ ਲਾ ਲਏ। ਮੁੱਕਦਮਾ ਛੇ ਮਹੀਨੇ ਤੋਂ ਵੱਧ ਨਹੀਂ ਸੀ ਲਟਕ ਸਕਦਾ। ਪੰਕਜ ਇਕ ਸਾਲ ਲੰਘਾਉਣਾ ਚਾਹੁੰਦਾ ਸੀ। ਇਕ ਸਾਲ ਬਾਅਦ ਸਾਧੂ ਸਿੰਘ ਨੇ ਬਦਲ ਜਾਣਾ ਸੀ। ਉਸਦੇ ਬਦਲਣ ਨਾਲ ਹੀ ਉਨ੍ਹਾਂ ਦੀ ਗ੍ਰਹਿ-ਦਿਸ਼ਾ ਬਦਲਣੀ ਸੀ। ਸਾੜ੍ਹ-ਸਤੀ ਟਲਣੀ ਸੀ।

"ਅਸੀਂ ਬੈਠੇ ਹਾਂ ਪੁੱਤਰਾ। ਇਕ ਸਾਲ ਕੀ ਦਸ ਸਾਲ ਲੰਘਾ ਦਿਆਂਗੇ। ਮੁੱਕਦਮਾ ਮੁਕਾਉਣਾ ਔਖਾ ਹੈ। ਲਟਕਾਉਣਾ ਸਾਡੇ ਖੱਬੇ ਹੱਥ ਦੀ ਖੇਡ ਹੈ।"

ਪੰਕਜ ਵੱਲੋਂ ਇਸ ਸਮੱਸਿਆ ਦਾ ਹੱਲ ਪੁੱਛਣ 'ਤੇ ਬਾਬੂ ਨੰਦ ਲਾਲ ਨੇ ਫੜ੍ਹ ਮਾਰੀ:

"ਤੁਸੀਂ ਹਰ ਵਾਰ ਪਿੱਠ ਥਾਪੜ ਦਿੰਦੇ ਹੋ। ਪਹਾੜ ਖੁਦਵਾ ਦਿੰਦੇ ਹੋ। ਹੇਠੋਂ ਚੂਹੀ

ਵੀ ਨਹੀਂ ਨਿਕਲਦੀ।"

ਪੰਕਜ ਨੰਦ ਲਾਲ ਦੇ ਫੋਕੇ ਥਾਪੜਿਆਂ ਤੋਂ ਖਿਝ ਚੁੱਕਾ ਸੀ।

"ਕੀ ਕਰੀਏ ਵੀਰ! ਹਰ ਵਾਰ ਵਾਹ ਡਾਢਿਆਂ ਨਾਲ ਪੈ ਜਾਂਦਾ ਹੈ। ਪਹਿਲਾਂ ਵਿਚ ਬਘੇਲ ਸਿੰਘ ਅੜ ਗਿਆ। ਹੁਣ ਸੋਸਾਇਟੀ ਆ ਟਪਕੀ। ਕੋਈ ਨਹੀਂ। ਫੇਰ ਵੀ ਤਿੰਨ ਚਾਰ ਸਾਲ ਮੁਕੱਦਮਾ ਲਟਕਾਉਣ ਦੀ ਮੇਰੀ ਗਾਰੰਟੀ ਹੈ।"

"ਅਜਿਹਾ ਕੀ ਜਾਦੂ ਮਾਰੋਗੇ?"

"ਪਹਿਲਵਾਨ ਕਦੇ ਆਪਣਾ ਦਾਅ ਨਹੀਂ ਦੱਸਦਾ। ਮੇਰੇ ਕੋਲ ਬਥੇਰੀਆਂ ਘੁੰਡੀਆਂ ਨੇ। ਆਪਣਾ ਇਕ ਮੁਲਜ਼ਮ ਜ਼ਮਾਨਤ ਤੇ ਹੈ। ਜੇ ਸਾਰੇ ਬਾਹਰ ਹੁੰਦੇ ਮੈਂ ਸੱਚਮੁੱਚ ਦਸ ਸਾਲ ਲੰਘਾ ਦਿੰਦਾ।"

"ਕੁਝ ਤਾਂ ਦੱਸੋ?"

"ਚੁੱਪ ਕਰਕੇ ਦੇਖਦਾ ਜਾ। ਮੇਰੀ ਇਕ ਗੱਲ ਮੰਨ। ਇਕ ਮੁਲਜ਼ਮ ਵੱਲੋਂ ਇਕ ਸ਼ਰਾਰਤੀ ਵਕੀਲ ਖੜ੍ਹਾ ਕਰ ਦੇ।"

"ਉਹ ਕਾਹਦੇ ਲਈ?"

"ਜੱਜ ਨਾਲ ਪੰਗਾ ਲੈਣ ਲਈ।"

"ਕੋਈ ਸਾਡੇ ਆਖੇ ਜੱਜ ਨਾਲ ਕਿਉਂ ਪੰਗਾ ਲਏਗਾ?"

"ਆਪਣੀ ਫ਼ੀਸ ਖਰੀ ਕਰਨ ਲਈ। ਉਸਨੂੰ ਫ਼ੀਸ ਜਦੋਂ ਇਸੇ ਕੰਮ ਦੀ ਦਿਆਂਗੇ। ਹਨ ਇਥੇ ਕਈ ਅਜਿਹੇ ਵਕੀਲ। ਉਨ੍ਹਾਂ ਦਾ ਇਹੋ ਕੰਮ ਹੈ। ਡਰਾਉਣ ਧਮਕਾਉਣ ਲਈ ਜੇ ਜੱਜ ਨਾਲ ਲੜਨਾ ਹੋਵੇ, ਉਹ ਝੱਟ ਡਾਂਗ ਕੱਢ ਲੈਂਦੇ ਹਨ। ਸਾਧੂ ਸਿੰਘ 'ਤੇ ਇਹ ਫਾਰਮੂਲਾ ਵਰਤਣਾ ਪੈਣਾ ਹੈ। ਨਹੀਂ ਤਾਂ ਛੇ ਮਹੀਨੇ ਦੇ ਅੰਦਰ-ਅੰਦਰ ਸਜ਼ਾ ਪੱਕੀ ਹੈ।"

"ਸਾਨੂੰ ਕੁਝ ਨਹੀਂ ਪਤਾ। ਇਕ ਵਕੀਲ ਕਰੋ, ਚਾਹੇ ਪੰਜ ਕਰੋ। ਬਸ ਸਾਡਾ ਖਹਿੜਾ ਛੁਡਾਓ।"

"ਇਕ ਗੱਲ ਹੋਰ ਦੱਸ, ਜਿਸ ਮੁਲਜ਼ਮ ਦੀ ਆਪਾਂ ਜ਼ਮਾਨਤ ਕਰਵਾਈ ਸੀ ਉਹ ਥੋਡੇ ਹੱਥ ਵਿਚ ਤਾਂ ਹੈ? ਲੋੜ ਪੈਣ 'ਤੇ ਦਸ ਪੰਜ ਦਿਨਾਂ ਲਈ ਜੇਲ੍ਹ ਜਾਣ ਲਈ ਤਿਆਰ ਹੈ?"

"ਉਹ ਪੂਰੀ ਤਰ੍ਹਾਂ ਆਪਣੀ ਮੁੱਠੀ ਵਿਚ ਹੈ। ਉਸਨੂੰ ਮੈਂ ਆਪਣੇ ਇਕ ਦੋਸਤ ਦੀ ਫੈਕਟਰੀ ਵਿਚ ਛੱਡਿਆ ਹੋਇਆ ਹੈ। ਫੈਕਟਰੀ ਉਪਰ ਚੌਵੀ ਘੰਟੇ ਪਹਿਰਾ ਰਹਿੰਦਾ ਹੈ। ਸਕਿਉਰਟੀ ਦੀ ਇਜਾਜ਼ਤ ਬਿਨਾਂ ਉਹ ਬਾਹਰ ਨਹੀਂ ਆ ਸਕਦਾ। ਚਾਰ ਪੈਸੇ ਹੋਰ ਦੇ ਦੇਵਾਂਗਾ। ਆਪਣੇ ਆਖੇ ਉਹ ਬੰਦਾ ਮਰਨ ਲਈ ਤਿਆਰ ਹੈ।"

"ਫੇਰ ਦੇਖ ਮੇਰਾ ਕਮਾਲ। ਸਾਧੂ ਸਿੰਘ ਦੋ ਦਿਨਾਂ ਵਿਚ ਗਵਾਹੀਆਂ ਖ਼ਤਮ ਕਰਨ ਨੂੰ ਫਿਰਦਾ ਹੈ। ਮੈਂ ਗਵਾਹੀ ਸ਼ੁਰੂ ਨਹੀਂ ਹੋਣ ਦੇਣੀ। ਆਵਾਜ਼ ਪੈਂਦੇ ਹੀ ਪੇਸ਼ੀ ਪਵਾ ਦੇਣੀ ਹੈ। ਦੋ ਦਿਨ ਵਿਹਲਾ ਬੈਠਾ ਜੱਜ ਮੱਖੀਆ ਮਾਰਦਾ ਰਹੇਗਾ।"

ਨੰਦ ਲਾਲ ਫੜ੍ਹ 'ਤੇ ਫੜ੍ਹ ਮਾਰ ਰਿਹਾ ਸੀ।

ਪਰ ਪੰਕਜ ਦਾ ਮਨ ਹੁਣ ਇਨ੍ਹਾਂ ਝੂਠੀਆਂ ਤਸੱਲੀਆਂ ਤੇ ਖ਼ੁਸ਼ ਹੋਣੋਂ ਹਟ ਗਿਆ ਸੀ।



## -101-

ਨੀਲਮ ਤੁਰਨ ਫਿਰਨ ਅਤੇ ਆਪਣਾ ਆਪ ਸੰਭਾਲਣ ਜੋਗੀ ਹੋ ਗਈ ਸੀ। ਪਰ ਉਸਦੀ ਯਾਦਦਾਸ਼ਤ ਵਿਚ ਬਹੁਤਾ ਸੁਧਾਰ ਨਹੀਂ ਸੀ ਹੋਇਆ। ਉਹ ਹਫ਼ਤੇ ਦੇ ਸੱਤਾਂ ਦਿਨਾਂ ਦੇ ਨਾਂ ਤਰਤੀਬਵਾਰ ਨਹੀਂ ਸੀ ਦੱਸ ਸਕਦੀ। ਉਸਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਂ ਭੁੱਲ ਜਾਂਦੇ ਸਨ। ਉਸਨੂੰ ਇਹ ਯਾਦ ਨਹੀਂ ਸੀ ਰਹਿੰਦਾ ਕਿ ਉਹ ਨਹਾ ਚੁੱਕੀ ਹੈ ਜਾਂ ਨਹੀਂ। ਕਈ ਵਾਰ ਉਹ ਦੁਬਾਰਾ ਨਹਾਉਣ ਲੱਗ ਜਾਂਦੀ ਸੀ।

ਅਜਿਹੀ ਯਾਦਦਾਸ਼ਤ ਵਾਲੇ ਬੰਦੇ ਨੂੰ ਬਤੌਰ ਗਵਾਹ ਨਹੀਂ ਸੀ ਭੁਗਤਾਇਆ ਜਾ ਸਕਦਾ।

ਕਾਨੂੰਨ ਨੂੰ ਕੋਰਾ ਸੱਚ ਸੁਣਕੇ ਤਸੱਲੀ ਨਹੀਂ ਸੀ ਹੋਣੀ। ਸੱਚ ਨੂੰ ਕਾਨੂੰਨ ਦੀ ਪਾਨ ਚਾੜ੍ਹਨੀ ਪੈਣੀ ਸੀ। ਬਹੁਤ ਸਾਰੇ ਤੱਥਾਂ ਦੀ ਤੋੜ-ਮਰੋੜ ਹੋਣੀ ਸੀ। ਮੁੱਖ ਕਹਾਣੀ ਵਿਚੋਂ ਕੁੱਝ ਛੋਟੀਆਂ ਕਹਾਣੀਆਂ ਘਟਾਈਆਂ ਜਾਣੀਆਂ ਸਨ, ਕੁਝ ਵਧਾਈਆਂ ਜਾਣੀਆਂ ਸਨ। ਨੀਲਮ ਤੋਂ ਵਾਪਰੀ ਘਟਨਾ ਵੀ ਹੂ-ਬ-ਹੂ ਨਹੀਂ ਸੀ ਬਿਆਨੀ ਜਾਣੀ। ਵਾਧ ਘਾਟ ਕਰਨ ਜਾਂ ਜਿਰ੍ਹਾ ਦਾ ਸਾਹਮਣਾ ਕਰਨਾ ਦੂਰ ਦੀ ਗੱਲ ਸੀ।

ਇਸ ਲਈ ਮੁਦਈ ਧਿਰ ਦੇ ਵਕੀਲਾਂ ਨੇ ਫੈਸਲਾ ਕੀਤਾ। ਉਸਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਾਵੇਗਾ। ਉਸਦੀ ਗਵਾਹੀ ਕਟਵਾ ਦਿੱਤੀ ਜਾਵੇਗੀ।

ਨੇਹਾ ਨੂੰ ਤਿੰਨ ਮਹੀਨੇ ਪਹਿਲਾਂ ਵੀ ਬਿਆਨ ਯਾਦ ਕਰਵਾਇਆ ਗਿਆ ਸੀ। ਪਹਿਲੀ ਮਿਹਨਤ ਕੰਮ ਆਉਣੀ ਸੀ। ਥੋੜ੍ਹੀ ਜਿਹੀ ਮਿਹਨਤ ਨਾਲ ਉਸਨੂੰ ਬਿਆਨ ਤੋਤੇ ਵਾਂਗ ਰੱਟ ਜਾਣਾ ਸੀ।

ਵੇਦ ਪੜ੍ਹਿਆ ਲਿਖਿਆ ਸੀ। ਦੋਸ਼ੀਆਂ ਦੇ ਨਾਂ, ਉਨ੍ਹਾਂ ਦੇ ਹੁਲੀਏ ਅਤੇ ਉਨ੍ਹਾਂ ਵੱਲੋਂ ਕੀਤੇ ਜੁਰਮ ਰਾਮ ਨਾਥ ਨੇ ਵੇਦ ਨੂੰ ਚੰਗੀ ਤਰ੍ਹਾਂ ਸਮਝਾ ਦਿੱਤੇ ਸਨ।

ਪਰ ਜਿਉਂ-ਜਿਉਂ ਗਵਾਹੀ ਦੀ ਤਾਰੀਖ਼ ਨੇੜੇ ਆ ਰਹੀ ਸੀ ਬਿਆਨ ਵਿਚ ਮਜ਼ਬੂਤੀ ਦੀ ਥਾਂ ਪਤਲਾਪਣ ਆ ਰਿਹਾ ਸੀ।

ਰਾਮ ਨਾਥ ਇਸਦਾ ਕਾਰਨ ਜਾਣਦਾ ਸੀ। ਦਿਨੋ ਦਿਨ ਵੇਦ ਅਤੇ ਨਿਹਾ ਦੀ ਵਿਆਕੁਲਤਾ ਵਧ ਰਹੀਂ ਸੀ। ਉਨ੍ਹਾਂ ਦੇ ਮਨ ਵਿਚ ਆਇਆ ਠਹਿਰਾਅ ਗਾਇਬ ਸੀ। ਕਮਲ ਦੀ ਯਾਦ ਉਨ੍ਹਾਂ ਨੂੰ ਮੁੜ ਸਤਾਉਣ ਲਗੀ ਸੀ। ਦੋਹਾਂ ਦੇ ਕਮਰਿਆਂ ਦੀਆਂ ਬੱਤੀਆਂ ਸਾਰੀ ਸਾਰੀ ਰਾਤ ਜਗਦੀਆਂ ਰਹਿੰਦੀਆਂ ਸਨ। ਸਾਰੀ ਰਾਤ ਉਹ ਕਰਵਟਾਂ ਲੈਂਦੇ ਸਨ।

ਵੇਦ ਨੇ ਆਪਣੀ ਵੇਦਨਾ ਆਪਣੇ ਮਨ ਵਿਚ ਛੁਪਾ ਲਈ ਸੀ। ਕਮਲ ਦੇ ਕਾਤਲਾਂ ਤੋਂ ਬਦਲਾ ਲੈਣਾ ਹੈ। ਡੋਲਦੇ ਮਨ ਨੂੰ ਕਾਬੂ ਕਰਨ ਲਈ ਕਦੇ ਕਦੇ ਉਹ 'ਕਾਮਪੋਜ਼' ਦੀਆਂ ਗੋਲੀਆਂ ਦਾ ਸਹਾਰਾ ਲੈਣ ਲੱਗਾ ਸੀ।

ਨੇਹਾ ਤੋਂ ਆਪਣੀ ਬੇਚੈਨੀ ਛੁਪਾਈ ਨਹੀਂ ਸੀ ਜਾ ਰਹੀਂ। ਰਾਮ ਨਾਥ ਦੇ ਨਾਲ ਨਾਲ ਕਈ ਵਾਰ ਉਹ ਪ੍ਰਧਾਨ ਨੂੰ ਆਖ ਚੁੱਕੀ ਸੀ। ਉਹ ਬੀਤੇ ਕੱਲ੍ਹ ਨੂੰ ਭੁਲਾਉਣਾ ਚਾਹੁੰਦੀ ਸੀ। ਉਸਨੂੰ ਆਪਣੇ ਭਰਾ ਦੇ ਕਾਤਲਾਂ ਅਤੇ ਆਪਣੀ ਇੱਜ਼ਤ ਦੇ ਲੁਟੇਰਿਆਂ ਅੱਗੇ ਖੜੋਣ ਤੋਂ ਡਰ ਲੱਗਦਾ ਸੀ।

ਪਰ ਕਿਸੇ ਕੋਲ ਨੇਹਾ ਦੀ ਸਮੱਸਿਆ ਦਾ ਹੱਲ ਨਹੀਂ ਸੀ। ਕਾਨੂੰਨ ਦੀ ਮੰਗ ਪੂਰੀ

ਕਰਨੀ ਹੀ ਪੈਣੀ ਸੀ।

ਰਾਮ ਨਾਥ ਦੇ ਨਾਲ-ਨਾਲ ਸੋਸਾਇਟੀ ਦਾ ਵੀ ਜ਼ੋਰ ਲੱਗਾ ਹੋਇਆ ਸੀ। ਗਵਾਹ ਅਗਲੀ ਪੇਸ਼ੀ ਹਰ ਹਾਲ ਵਿਚ ਭੁਗਤ ਜਾਣ। ਸਾਧੂ ਸਿੰਘ ਵਰਗਾ ਜੱਜ ਉਨ੍ਹਾਂ ਦੇ ਮੁਕੱਦਮੇ ਦੀ ਸਮਾਇਤ ਕਰ ਰਿਹਾ ਸੀ। ਉਹ ਇਕ ਪਲ ਵੀ ਅਜਾਈਂ ਨਹੀਂ ਸੀ ਜਾਣ ਦੇਣਾ ਚਾਹੁੰਦੇ।

ਸੋਸਾਇਟੀ ਦੇ ਵਕੀਲਾਂ ਨੇ ਗਵਾਹਾਂ ਦੀ ਤਿਆਰੀ ਕਰਾਉਣ ਲਈ ਦਿਨ ਰਾਤ ਇਕ ਕਰ ਰੱਖਿਆ ਸੀ। ਗਵਾਹਾਂ ਦੀ ਯਾਦਦਾਸ਼ਤ ਪਹਿਲਾਂ ਜੂਨੀਅਰ ਵਕੀਲ ਪਰਖਦੇ ਸਨ। ਫੇਰ ਸੀਨੀਅਰ। ਛੋਟੀਆਂ-ਮੋਟੀਆਂ ਤਰੁੱਟੀਆਂ ਛੱਡ ਕੇ ਬਾਕੀ ਸਭ ਅੱਛਾ ਸੀ।

ਪੂਰੀ ਤਸੱਲੀ ਹੋਣ ਬਾਅਦ ਗਵਾਹਾਂ ਨੂੰ ਕਚਹਿਰੀ ਲਿਆਂਦਾ ਗਿਆ।

ਜੱਜ ਨੇ ਕੁਰਸੀ ’ਤੇ ਬੈਠਦਿਆਂ ਹੀ ਹਾਜ਼ਰ ਗਵਾਹਾਂ ਦੀ ਸੂਚੀ ਉਸਨੂੰ ਫੜਾਈ ਗਈ।

ਨੰਦ ਲਾਲ ਅਤੇ ਸਿੰਗਲਾ ਸਭ ਤੋਂ ਪਹਿਲਾਂ ਆਏ ਸਨ।

ਠੇਕੇਦਾਰ ਦੇ ਵਕੀਲ ਦਾ ਮੁਨਸ਼ੀ ਆਇਆ ਸੀ। ਉਸਨੇ ਆਪਣੇ ਵਕੀਲ ਦਾ ਸੁਨੇਹਾ ਦਿੱਤਾ। ਅਦਾਲਤ ਗਵਾਹੀ ਸ਼ੁਰੂ ਕਰ ਲਏ। ਆਪਣੀ ਜਿਰ੍ਹਾ ਉਹ ਆ ਕੇ ਕਰ ਲਏਗਾ।

ਪੰਡਤ ਨੇ ਆਪਣਾ ਵਕੀਲ ਬਦਲ ਲਿਆ ਸੀ। ਹੁਣ ਚੌਧਰੀ ਉਸਦਾ ਵਕੀਲ ਸੀ।

ਸਮੇਂ ਸਿਰ ਆ ਕੇ ਚੌਧਰੀ ਨੇ ਆਪਣਾ ਵਕਾਲਤ-ਨਾਮਾ ਪੇਸ਼ ਕੀਤਾ। ਕਾਰਵਾਈ ਵਿਚ ਹਿੱਸਾ ਲੈਣ ਲਈ ਉਹ ਤਿਆਰ ਸੀ।

ਕਾਲੀਏ ਨੂੰ ਭਾਰੀ ਪਈ ਹੋਈ ਸੀ। ਉਸਦਾ ਵਕੀਲ ਉਸਨੂੰ ਰਾਹ ਨਹੀਂ ਸੀ ਦੇ ਰਿਹਾ। ਵਕੀਲ ਮੋਟੀ ਫ਼ੀਸ ਮੰਗ ਰਿਹਾ ਸੀ। ਕਾਲੀਏ ਕੋਲ ਫੁੱਟੀ ਕੌਡੀ ਨਹੀਂ ਸੀ।

ਕਾਰਵਾਈ ਵਿਚ ਵਿਘਨ ਪੈਣ ਲੱਗਾ। ਜੱਜ ਨੂੰ ਗੁੱਸਾ ਆਉਣ ਲੱਗਾ।

“ਪਹਿਲੇ ਫ਼ੀਸ ਨਹੀਂ ਦੀ ਥੀ ?”

“ਪਤਾ ਨਹੀਂ ਸਾਹਿਬ ! ਘਰ ਵਾਲੋਂ ਨੇ ਉਸ ਸੇ ਬਾਤ ਕੀ ਥੀ !” ਕਾਲੀਏ ਨੇ ਨੰਦ ਲਾਲ ਵੱਲੋਂ ਸਮਝਾਇਆ ਉੱਤਰ ਸੁਣਾਇਆ।

“ਅਬ ਘਰ ਵਾਲੇ ਕਹਾਂ ਹੈਂ ?

“ਪਤਾ ਨਹੀਂ ਸਾਹਿਬ ! ਕੋਈ ਪੀਛੇ ਨਹੀਂ ਆਇਆ।”

ਜੱਜ ਦੇ ਅਗਲੇ ਪ੍ਰਸ਼ਨ ਦਾ ਉੱਤਰ ਵੀ ਕਾਲੀਏ ਨੂੰ ਸਮਝਾਇਆ ਗਿਆ ਸੀ।

“ਚੱਲ ਗਿਆਰਾਂ ਵਜੇ ਤਕ ਆਪਣੇ ਵਕੀਲ ਕੋ ਮਨਾ ਕੇ ਲੈ ਆ। ਨਹੀਂ ਤਾਂ ਮੈਂ ਬਿਨਾਂ ਵਕੀਲ ਦੇ ਗਵਾਹੀ ਲਿਖ ਲੈਣੀ ਹੈ। ਤੁਝੇ ਸਜ਼ਾ ਹੋ ਸਕਤੀ ਹੈ।”

ਖਿਝੇ ਜੱਜ ਨੇ ਕਾਲੀਏ ਨੂੰ ਧਮਕੀ ਦਿੱਤੀ।

ਜੱਜ ਦੇ ਇਸ ਡਰਾਵੇ ਦਾ ਕਾਲੀਏ ’ਤੇ ਕੋਈ ਅਸਰ ਨਹੀਂ ਸੀ। ਨੰਦ ਲਾਲ ਨੇ ਉਸਨੂੰ ਸਮਝਾ ਰੱਖਿਆ ਸੀ। ਇਹ ਕਤਲ ਵਰਗੇ ਸੰਗੀਨ ਜੁਰਮ ਦਾ ਮੁਕੱਦਮਾ ਸੀ। ਮੁਲਜ਼ਮ ਦੇ ਵਕੀਲ ਦੀ ਗੈਰ-ਹਾਜ਼ਰੀ ਵਿਚ ਕੋਈ ਕਾਰਵਾਈ ਨਹੀਂ ਹੋ ਸਕਦੀ। ਉਹ ਜੱਜ ਦੀਆਂ ਬਾਂਦਰ-ਘੁਰਕੀਆਂ ਤੋਂ ਨਾ ਡਰੇ। ਕਾਲੀਏ ਦਾ ਵਕੀਲ ਗੈਰ-ਹਾਜ਼ਰ ਕਰਕੇ ਉਨ੍ਹਾਂ ਅੱਜ ਪੇਸ਼ੀ ਲੈਣੀ ਸੀ।

“ਜੀ ਸਾਹਿਬ।” ਆਖਦਾ ਕਾਲੀਆ ਕਚਹਿਰੀਉਂ ਬਾਹਰ ਨਿਕਲ ਗਿਆ।

* * *



ਗਿਆਰਾਂ ਵੱਜਣ ਵਿੱਚ ਪੌਣਾ ਘੰਟਾ ਬਾਕੀ ਸੀ।

“ਜਨਾਬ ਅਸੀਂ ਹੋਰ ਕੰਮ ਦੇਖ ਆਈਏ? ਗਿਆਰਾਂ ਵਜੇ ਹਾਜ਼ਰ ਹੋ ਜਾਵਾਂਗੇ।” ਨੰਦ ਲਾਲ ਨੇ ਇਜਾਜ਼ਤ ਮੰਗੀ।

ਜੱਜ ਮਸਾਂ ਇਕੱਠੇ ਹੋਏ ਵਕੀਲਾਂ ਨੂੰ ਖਿੰਡਾਉਣਾ ਤਾਂ ਨਹੀਂ ਸੀ ਚਾਹੁੰਦਾ। ਪਰ ਬਿਨਾਂ ਮਤਲਬ ਉਨ੍ਹਾਂ ਨੂੰ ਰੋਕਿਆ ਵੀ ਨਹੀਂ ਸੀ ਜਾ ਸਕਦਾ। ਮਜਬੂਰੀ-ਵੱਸ ਉਸਨੂੰ ਹਾਂ ਵਿਚ ਸਿਰ ਹਿਲਾਉਣਾ ਪਿਆ।

ਗਵਾਹਾਂ ਨੂੰ ਵੀ ਕਚਹਿਰੀ ਵਿਚ ਬੈਠਾਉਣ ਦਾ ਕੋਈ ਫ਼ਾਇਦਾ ਨਹੀਂ ਸੀ। ਵਕੀਲਾਂ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਗਿਆਰਾਂ ਵਜੇ ਤਕ ਘੁੰਮ ਫਿਰ ਆਉਣ ਦੀ ਇਜਾਜ਼ਤ ਮਿਲ ਗਈ।

ਸਵੇਰ ਦੀ ਨੇਹਾ ਡਾਢੇ ਮਾਨਸਿਕ ਤਨਾਅ ਵਿਚ ਸੀ। ਉਸਦਾ ਦਿਮਾਗ਼ ਭਾਰਾ ਹੁੰਦਾ ਜਾ ਰਿਹਾ ਸੀ। ਉਸਦੀ ਯਾਦਦਾਸ਼ਤ ਜਵਾਬ ਦਿੰਦੀ ਜਾ ਰਹੀ ਸੀ। ਉਸਨੂੰ ਸਭ ਕੁਝ ਭੁੱਲਦਾ ਜਾ ਰਿਹਾ ਸੀ। ਮੁਲਜ਼ਮਾਂ ਦੇ ਨਾਂ, ਹੁਲੀਏ। ਕਿਸ ਨੇ, ਕਿਸ ਨੂੰ, ਕਿਸ ਹਥਿਆਰ ਨਾਲ ਕਿੱਥੇ ਸੱਟ ਮਾਰੀ। ਕਦੇ ਉਸਨੂੰ ਯਾਦ ਆ ਜਾਂਦਾ ਸੀ, ਕਦੇ ਭੁੱਲ ਜਾਂਦਾ ਸੀ। ਇਸ ਤਨਾਅ ਕਾਰਨ ਉਸਨੂੰ ਵਾਰ ਵਾਰ ਪਿਆਸ ਲੱਗ ਰਹੀ ਸੀ।

ਕਚਹਿਰੀ ਵਿਚ ਦੂਰ-ਦੂਰ ਤਕ ਪਾਣੀ ਦਾ ਇੰਤਜ਼ਾਮ ਨਹੀਂ ਸੀ। ਪਿਆਸੇ ਬੰਦਿਆਂ ਨੂੰ ਪਿਆਸ ਬੁਝਾਉਣ ਲਈ ਰੇਹੜੀ ਵਾਲਿਆਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਸੀ। ਘਟੀਆ ਸੋਢੇ ਪਿਆਸ ਬੁਝਾਉਣ ਦੀ ਥਾਂ ਹੋਰ ਭੜਕਾ ਦਿੰਦੇ ਸਨ।

ਇਸ ਸਮੱਸਿਆ ਨੂੰ ਸਮਝਦੇ ਹੋਏ ਰਾਮ ਨਾਥ ਨੇ ਪਾਣੀ ਵਾਲੀ ਕੇਨੀ ਨਾਲ ਲਿਆਂਦੀ ਸੀ।

ਛੁੱਟੀ ਮਿਲਦੇ ਹੀ ਨੇਹਾ ਗੱਡੀ ਵੱਲ ਦੌੜ ਪਈ। ਪਿਆਸ ਬੁਝਾਏ ਬਿਨਾਂ ਗਵਾਹੀ ਦੇਣੀ ਮੁਸ਼ਕਲ ਸੀ।

## -102-

ਗਿਆਰਾਂ ਵਜੇ ਵੀ ਪ੍ਰਨਾਲਾ ਉੱਥੇ ਦਾ ਉੱਥੇ ਸੀ।

ਕਾਲੀਏ ਦੇ ਵਕੀਲ ਦੀ ਥਾਂ ਉਸਦਾ ਸੁਨੇਹਾ ਆਇਆ ਸੀ। ਉਹ ਕਾਲੀਏ ਦਾ ਵਕੀਲ ਨਹੀਂ ਸੀ।

ਕੁਲਦੀਪ ਸਿੰਘ ਦੀ ਇਸ ਬੇਰੁੱਖੀ ਨੇ ਸਾਧੂ ਸਿੰਘ ਦੇ ਸੱਤੀਂ ਕਪੜੀਂ ਅੱਗ ਲਾ ਦਿੱਤੀ। ਜੇ ਉਸਨੇ ਕਾਲੀਏ ਦੀ ਪੈਰਵਾਈ ਨਹੀਂ ਸੀ ਕਰਨੀ ਤਾਂ ਉਸਨੂੰ ਅਦਾਲਤ ਨੂੰ ਪਹਿਲਾਂ ਸੂਚਿਤ ਕਰਨਾ ਚਾਹੀਦਾ ਸੀ। ਅਦਾਲਤ ਕੋਈ ਹੋਰ ਇੰਤਜ਼ਾਮ ਕਰਦੀ। ਮੌਕੇ ’ਤੇ ਭੱਜਣਾ ਆਪਣੇ ਫਰਜ਼ਾਂ ਨਾਲ ਕੁਤਾਹੀ ਸੀ।

“ਹੁਣ ਉਹ ਕਾਲੀਏ ਦਾ ਵਕੀਲ ਕਿਉਂ ਨਹੀਂ ਰਿਹਾ?” ਆਪਣਾ ਪੱਖ ਪੇਸ਼ ਕਰਨ ਲਈ ਉਸਨੂੰ ਅਦਾਲਤ ਵਿਚ ਹਾਜ਼ਰ ਹੋਣ ਦਾ ਹੁਕਮ ਸੁਣਾਇਆ ਗਿਆ। ਹਾਜ਼ਰੀ ਯਕੀਨੀ ਬਣਾਉਣ ਲਈ ਅਰਦਲੀ ਹੱਥ ਸੁਨੇਹਾ ਲਾਇਆ ਗਿਆ।

ਘੰਟੇ ਕੁ ਬਾਅਦ ਵਕੀਲ ਦੀ ਥਾਂ ਉਸਦਾ ਮੁਨਸ਼ੀ ਆ ਗਿਆ। ਕੁਲਦੀਪ ਸਿੰਘ ਵੱਡੇ

ਜੱਜ ਦੀ ਅਦਾਲਤ ਵਿਚ ਕਤਲ ਕੇਸ ਕਰਵਾ ਰਿਹਾ ਸੀ। ਗਵਾਹੀ ਦੁਪਹਿਰ ਤਕ ਚੱਲਣੀ ਸੀ। ਉਹ ਬਾਅਦ-ਦੁਪਹਿਰ ਪੇਸ਼ ਹੋ ਸਕਦਾ ਸੀ। ਜਦੋਂ ਉਹ ਕਾਲੀਏ ਦਾ ਵਕੀਲ ਨਹੀਂ ਸੀ, ਕਾਲੀਏ ਦੀ ਵਕਾਲਤ ਕਰਨ ਲਈ ਉਸਨੂੰ ਉਡੀਕਣਾ ਫਜ਼ੂਲ ਸੀ।

ਸਾਧੂ ਸਿੰਘ ਦਾ ਪਾਰਾ ਹੋਰ ਚੜ੍ਹ ਗਿਆ। ਉਹ ਮੁਨਸ਼ੀ ਨੂੰ ਭੱਜ ਭੱਜ ਪੈਣ ਲੱਗਾ।

"ਇਸ ਗਰੀਬ 'ਤੇ ਗੁੱਸਾ ਨਾ ਉਤਾਰੋ। ਉਸਨੇ ਜੋ ਆਖਿਆ, ਇਸਨੇ ਸੁਣਾ ਦਿੱਤਾ। ਮੁਫ਼ਤ ਵਿਚ ਉਸਨੂੰ ਮਗਜ਼-ਖਪਾਈ ਕਰਨ ਦੀ ਕੀ ਲੋੜ ਹੈ? ਤਾਰੀਖ਼ ਪਾਉ, ਵਿਹਲੇ ਹੋਈਏ।"

ਨੰਦ ਲਾਲ ਨੇ ਸਾਧੂ ਸਿੰਘ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਾਉਣ ਲਈ ਵਿਅੰਗ ਕੱਸਿਆ।

"ਤਾਰੀਖ਼ ਨਹੀਂ ਪੈਣੀ। ਗਵਾਹ ਲਿਖੇ ਜਾਣਗੇ। ਕਾਲੀਏ ਨੂੰ ਜਿਰ੍ਹਾ ਦਾ ਮੌਕਾ ਪਿੱਛੋਂ ਦੇ ਦਿੱਤਾ ਜਾਏਗਾ।"

ਜੱਜ ਦਾ ਪਾਰਾ ਠੰਡਾ ਨਹੀਂ ਸੀ ਹੋ ਰਿਹਾ। ਨੰਦ ਲਾਲ ਦੇ ਕਟਾਕਸ਼ ਦੀ ਉਸਨੂੰ ਕੋਈ ਪਰਵਾਹ ਨਹੀਂ ਸੀ।

"ਜਨਾਬ ਕਾਨੂੰਨ ਦੀ ਪਾਲਣਾ ਕਰਨ ਲਈ ਮਸ਼ਹੂਰ ਹਨ। ਮੁਲਜ਼ਮ ਦੇ ਵਕੀਲ ਦੀ ਗੈਰ-ਹਾਜ਼ਰੀ ਵਿਚ ਗਵਾਹ ਭੁਗਤਾ ਕੇ ਤੁਸੀਂ ਨਿਯਮਾਂ ਦੀ ਉਲੰਘਣਾ ਨਹੀਂ ਕਰ ਰਹੇ ਹੋਵੋਗੇ?" ਚੌਧਰੀ ਨੂੰ ਜਿਸ ਉਦੇਸ਼ ਲਈ ਵਕੀਲ ਕੀਤਾ ਗਿਆ ਸੀ ਉਹ ਪੂਰਾ ਕਰਨ ਲਈ ਉਸਨੇ ਆਪਣੇ ਤਰਕਸ਼ ਵਿਚੋਂ ਪਹਿਲਾ ਤੀਰ ਛੱਡਿਆ।

"ਇਕ ਮੁਲਜ਼ਮ ਦਾ ਜੇ ਵਕੀਲ ਹਾਜ਼ਰ ਨਹੀਂ ਫੇਰ ਕੀ ਹੋਇਆ? ਛੇ ਮੁਲਜ਼ਮਾਂ ਦੇ ਵਕੀਲ ਤਾਂ ਹਾਜ਼ਰ ਹਨ। ਸਤਵੇਂ ਮੁਲਜ਼ਮ ਨਾਲ ਕੋਈ ਧੱਕਾ ਨਹੀਂ ਹੋ ਰਿਹਾ।"

ਸਾਧੂ ਸਿੰਘ ਨੇ ਆਪਣੀ ਕਾਰਵਾਈ ਨੂੰ ਠੀਕ ਠਹਿਰਾਉਂਦਿਆਂ ਸਪਸ਼ਟੀਕਰਣ ਦਿੱਤਾ।

"ਨਿਯਮ ਨਿਯਮ ਹਨ। ਇਕ ਦੋਸ਼ੀ ਦਾ ਪੱਖ ਪੂਰਣ ਦੀ ਕਿਸੇ ਹੋਰ ਵਕੀਲ ਨੂੰ ਕੀ ਲੋੜ ਹੈ? ਇਕ ਮੁਲਜ਼ਮ ਦਾ ਨੁਕਸਾਨ ਦੂਸਰੇ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਮੇਰੀ ਰਾਏ ਹੈ ਕਿ ਕਾਨੂੰਨ ਦੀ ਪਾਲਣਾ ਹੋਣੀ ਚਾਹੀਦੀ ਹੈ।"

ਚੌਧਰੀ ਆਪਣੇ ਨੁਕਤੇ 'ਤੇ ਅੜਨ ਲੱਗਾ।

"ਤੁਸੀਂ ਮੈਨੂੰ ਸਹਿਯੋਗ ਦਿਓ। ਤਾਰੀਖ਼ ਪਾਉਣ ਨਾਲ ਅਦਾਲਤ ਦੇ ਦੋ ਕੀਮਤੀ ਦਿਨ ਬਰਬਾਦ ਹੋ ਜਾਣਗੇ। ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ।"

"ਹੁਣ ਤੁਸੀਂ ਵਕੀਲਾਂ ਦਾ ਸਮਾਂ ਬਰਬਾਦ ਕਰ ਰਹੇ ਹੋ। ਪਹਿਲਾਂ ਛੇ ਵਕੀਲ ਗਿਆਰਾਂ ਵਜੇ ਹਾਜ਼ਰ ਆਏ, ਫੇਰ ਬਾਰਾਂ ਵਜੇ। ਹੁਣ ਆਖੋਗੇ ਬਾਅਦ ਦੁਪਹਿਰ ਆਉਣਾ। ਬਾਅਦ ਦੁਪਹਿਰ ਤਾਰੀਖ਼ ਪਾ ਦੇਵੋਗੇ। ਸਾਡਾ ਸਮਾਂ, ਸਮਾਂ ਨਹੀਂ?"

ਚੌਧਰੀ ਦੇ ਚੜ੍ਹਦੇ ਤੇਵਰਾਂ ਅੱਗੇ ਸਾਧੂ ਸਿੰਘ ਕੋਲ ਝੁਕਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਹਾਈ ਕੋਰਟ ਦੇ ਨਿਯਮ ਚੌਧਰੀ ਵਾਲੀ ਬੋਲੀ ਬੋਲਦੇ ਸਨ। ਕਾਰਵਾਈ ਵਕੀਲ ਦੀ ਹਾਜ਼ਰੀ ਵਿਚ ਹੋਣੀ ਚਾਹੀਦੀ ਸੀ। ਮੁਲਜ਼ਮ ਵਕੀਲ ਨਹੀਂ ਕਰ ਸਕਦਾ ਤਾਂ ਉਸਨੂੰ ਸਰਕਾਰੀ ਖ਼ਰਚੇ 'ਤੇ ਵਕੀਲ ਕਰਕੇ ਦੇਵੋ। ਸਾਧੂ ਸਿੰਘ ਨਿਯਮਾਂ ਦੀ ਉਲੰਘਣਾ ਕਰਨ ਤੋਂ ਝਿਜਕਣ ਲੱਗਾ।

"ਜਿਵੇਂ ਤੁਹਾਡੀ ਮਰਜ਼ੀ! ਤੁਸੀਂ ਬਾਅਦ ਦੁਪਹਿਰ ਆ ਜਾਣਾ। ਦੇਖਦੇ ਹਾਂ ਊਂਠ



ਕਿਸ ਕਰਵਟ ਬੈਠਦਾ ਹੈ।"

ਠੰਡੇ ਪਏ ਜੱਜ ਨੇ ਇਕ ਵਾਰ ਫੇਰ ਕਾਰਵਾਈ ਟਾਲੀ।

ਬਾਅਦ-ਦੁਪਹਿਰ ਕੁਲਦੀਪ ਸਿੰਘ ਨੇ ਜੱਜ ਦੇ ਹੁਕਮਾਂ ਦੀ ਪਾਲਨਾ ਕੀਤੀ।

"ਤੁਹਾਡੇ ਸਾਇਲ ਅਤੇ ਅਦਾਲਤ ਪ੍ਰਤੀ ਕੁਝ ਇਖਲਾਕੀ ਫਰਜ਼ ਵੀ ਹਨ। ਪੈਸਾ ਸਭ ਕੁਝ ਨਹੀਂ ਹੁੰਦਾ।"

ਕੁਲਦੀਪ ਸਿੰਘ ਦੇ ਅੰਦਰ ਵੜਦਿਆਂ ਹੀ ਸਾਧੂ ਸਿੰਘ ਆਪਣੀ ਨਰਾਜ਼ਗੀ ਪ੍ਰਗਟਾਉਣ ਲੱਗਾ।

"ਪੈਸੇ ਦਾ ਸਵਾਲ ਕਿਥੇ ਹੈ ਜਨਾਬ? ਮੈਂ ਅੱਜ ਤੱਕ ਇਸ ਤੋਂ ਇਕ ਕੌਡੀ ਨਹੀਂ ਲਈ।"

"ਫੇਰ ਹੋਰ ਕੀ ਸਮੱਸਿਆ ਹੈ?"

"ਕੋਈ ਸਮੱਸਿਆ ਨਹੀਂ। ਮੈਂ ਕਦੇ ਇਸ ਦਾ ਵਕੀਲ ਨਹੀਂ ਬਣਿਆ। ਇਕ ਵਾਰ ਕੋਈ ਇਸ ਵੱਲੋਂ ਮੈਨੂੰ ਵਕੀਲ ਕਰਨ ਆਇਆ ਸੀ। ਮੈਥੋਂ ਫ਼ੀਸ ਪੁੱਛ ਕੇ ਮੁੜ ਗਿਆ। ਅੱਜ ਤਕ ਵਾਪਿਸ ਨਹੀਂ ਆਇਆ। ਦੱਸੋ ਮੈਂ ਇਸਦਾ ਵਕੀਲ ਕਿਸ ਤਰ੍ਹਾਂ ਬਣ ਗਿਆ?"

"ਤੁਹਾਡੀ ਇਸ ਕੇਸ ਵਿਚ ਹਾਜ਼ਰੀ ਕਿਸ ਤਰ੍ਹਾਂ ਲੱਗ ਰਹੀ ਹੈ?"

"ਇਸ ਬਾਰੇ ਮੈਂ ਕੀ ਕਹਿ ਸਕਦਾ ਹਾਂ? ਜਨਾਬ ਕੋਲ ਕਈ ਪੇਸ਼ੀਆਂ ਪੈ ਚੁੱਕੀਆਂ ਹਨ। ਦੱਸੋ ਮੈਂ ਕਿਸ ਪੇਸ਼ੀ 'ਤੇ ਹਾਜ਼ਰ ਹੋਇਆ ਹਾਂ। ਜਿਸ ਤਰ੍ਹਾਂ ਤੁਸੀਂ ਮੇਰੀ ਹਾਜ਼ਰੀ ਪਾ ਲਈ, ਇਸੇ ਤਰ੍ਹਾਂ ਦੂਜੀਆਂ ਅਦਾਲਤਾਂ ਨੇ ਪਾ ਲਈ।"

ਸਾਧੂ ਸਿੰਘ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਕੁਲਦੀਪ ਸਿੰਘ ਕਦੇ ਵੀ ਉਸ ਅੱਗੇ ਪੇਸ਼ ਨਹੀਂ ਸੀ ਹੋਇਆ। ਪਿਛਲੇ ਹੁਕਮਾਂ ਦੇ ਆਧਾਰ 'ਤੇ ਉਸਦੀ ਹਾਜ਼ਰੀ ਲਗ ਰਹੀ ਸੀ।

"ਤੁਸੀਂ ਹੁਣ ਇਸਦੇ ਵਕੀਲ ਬਣ ਜਾਓ। ਤੁਹਾਨੂੰ ਸਰਕਾਰ ਵੱਲੋਂ ਇਸਦਾ ਵਕੀਲ ਕਰ ਦਿੰਦੇ ਹਾਂ।"

ਛਿੱਥਾ ਪੈਂਦੇ ਜੱਜ ਨੇ ਪੈਂਤਰਾ ਬਦਲਿਆ।

"ਇਹ ਮੁਕੱਦਮਾ ਬਹੁਤ ਮਿਹਨਤ ਮੰਗਦਾ ਹੈ। ਸਰਕਾਰ ਨੇ ਮਿਹਨਤ ਜਿੰਨੀ ਫ਼ੀਸ ਨਹੀਂ ਦੇਣੀ।"

"ਦਿਵਾ ਦੇਵਾਂਗੇ। ਦੱਸੋ ਕਿੰਨੀ ਫ਼ੀਸ ਹੈ ਤੁਹਾਡੀ?"

"ਮੈਂ ਸੀਨੀਅਰ ਐਡਵੋਕੇਟ ਹਾਂ। ਮੇਰੀ ਫ਼ੀਸ ਲੱਖਾਂ ਵਿਚ ਹੈ। ਸਰਕਾਰ ਤੋਂ ਪਚਵੰਜਾ ਹਜ਼ਾਰ ਲੈ ਲਵਾਂਗਾ।"

"ਮੈਂ ਇੰਨੀ ਫ਼ੀਸ ਦੀ ਸਿਫਾਰਸ਼ ਕਰ ਦੇਵਾਂਗਾ। ਤੁਹਾਨੂੰ ਇਸਦਾ ਵਕੀਲ ਨਿਯੁਕਤ ਕੀਤਾ। ਅੱਜ ਇਕ ਗਵਾਹ ਲਿਖ ਲੈਂਦੇ ਹਾਂ। ਵਿਚਾਰੀ ਕੁੜੀ ਨੂੰ ਫਾਰਗ ਕਰ ਦਿਓ। ਬਾਕੀ ਕੱਲ੍ਹ ਲਿਖ ਲਵਾਂਗੇ।"

"ਹੁਣੇ? ਕਤਲ, ਡਕੈਤੀ ਦੇ ਕੇਸ ਵਿਚ ਝੱਟਪੱਟ ਜਿਰ੍ਹਾ? ਮੈਨੂੰ ਪੈਸੇ ਦਾ ਲਾਲਚ ਨਹੀਂ ਜਨਾਬ! ਮੁਕੱਦਮਾ ਦੇਣਾ ਹੈ ਤਾਂ ਵਕਤ ਵੀ ਦੇਵੋ। ਮੈਂ ਆਪਣੇ ਸਾਇਲ ਨਾਲ ਇਨਸਾਫ਼ ਵੀ ਕਰ ਸਕਾਂ।"

"ਛੇ ਵਕੀਲ ਹੋਰ ਹਨ। ਤੁਹਾਡੀ ਹਾਜ਼ਰੀ ਜ਼ਾਬਤਾ ਪੂਰਾ ਕਰਨ ਲਈ ਹੈ।"

"ਮੈਂ ਜ਼ਾਬਤਾ ਪੂਰਾ ਕਰਨ ਵਾਲਾ ਵਕੀਲ ਨਹੀਂ ਹਾਂ। ਮੁਕੱਦਮਾ ਫੜ ਲਿਆ ਤਾਂ ਪੂਰੀ ਮਿਹਨਤ ਕਰਾਂਗਾ। ਹਾਲ ਦੀ ਘੜੀ ਮੇਰੇ ਕੋਲ ਇਸ ਕੇਸ ਦਾ ਇਕ ਵਰਕਾ ਵੀ ਨਹੀਂ। ਮਿਸਲ ਲਵਾਂਗਾ। ਸਾਇਲ ਤੋਂ ਪੁੱਛ-ਗਿੱਛ ਕਰਾਂਗਾ। ਆਪਣੇ ਨੋਟਸ ਤਿਆਰ ਕਰਾਂਗਾ। ਫੇਰ ਜਿਰ੍ਹਾ ਹੋ ਸਕੇਗੀ। ਜ਼ਾਬਤਾ ਪੂਰਾ ਕਰਨਾ ਹੈ ਤਾਂ ਕਿਸੇ ਨਵੇਂ ਮੁੰਡੇ ਨੂੰ ਖੜਾ ਕਰ ਦਿਓ। ਨਾਲੇ ਉਸਦਾ ਜੇਬ ਖ਼ਰਚ ਨਿਕਲ ਜਾਏਗਾ।"

ਕੁਲਦੀਪ ਸਿੰਘ ਨੇ ਮੁਲਜ਼ਮ ਦਾ ਵਕੀਲ ਬਣਨ ਦੀ ਸ਼ਰਤ ਰੱਖੀ।

ਸਾਧੂ ਸਿੰਘ ਦੀ ਸਮੱਸਿਆ ਜਿਉਂ ਦੀ ਤਿਉਂ ਕਾਇਮ ਸੀ। ਉਹ ਗਵਾਹੀ ਲਿਖਣਾ ਚਾਹੁੰਦਾ ਸੀ। ਪਰ ਲੱਗਦਾ ਸੀ ਸਾਰੇ ਵਕੀਲ ਕੇਸ ਲਟਕਾਉਣ ਦੀ ਸਲਾਹ ਕਰਕੇ ਆਏ ਸਨ।

"ਕੱਲ੍ਹ ਬਾਰੇ ਕੀ ਵਿਚਾਰ ਹੈ?"

"ਕੱਲ੍ਹ ਨੂੰ ਬਹੁਤ ਕੰਮ ਲੱਗਾ ਹੈ। ਮਿੰਟ ਦੀ ਵਿਹਲ ਨਹੀਂ।" ਆਪਣੀ ਡਾਇਰੀ ਦੇਖ ਕੇ ਕੁਲਦੀਪ ਸਿੰਘ ਨੇ ਮਜਬੂਰੀ ਜ਼ਾਹਰ ਕੀਤੀ।

"ਗਵਾਹਾਂ ਦਾ ਚੀਫ਼ ਲਿਖ ਲੈਂਦੇ ਹਾਂ। ਜਿਰ੍ਹਾ ਕੱਲ੍ਹ ਕਰ ਲੈਣਾ। ਕੋਈ ਕਾਰਵਾਈ ਤਾਂ ਪਵੇ। ਮੇਰਾ ਸਾਰਾ ਦਿਨ ਬਰਬਾਦ ਹੋ ਗਿਆ।"

"ਜਨਾਬ ਮੈਨੂੰ ਇਸ ਮੁਕੱਦਮੇ ਬਾਰੇ ਕੱਖ ਨਹੀਂ ਪਤਾ। ਵਕੀਲ 'ਚੀਫ਼' ਸਮੇਂ ਵੀ ਤਿਆਰ ਹੋਣਾ ਚਾਹੀਦਾ ਹੈ।"

ਵਕੀਲ ਕਿਸੇ ਵੀ ਤਰ੍ਹਾਂ ਪੈਰਾਂ 'ਤੇ ਪਾਣੀ ਨਹੀਂ ਸਨ ਪੈਣ ਦੇ ਰਹੇ।

ਕੁਲਦੀਪ ਸਿੰਘ ਨੂੰ ਕਾਲੀਏ ਦਾ ਵਕੀਲ ਨੰਦ ਲਾਲ ਨੇ ਕਰਵਾਇਆ ਸੀ। ਫ਼ੀਸ ਪੰਕਜ ਨੇ ਦਿੱਤੀ ਸੀ। ਕੁਲਦੀਪ ਸਿੰਘ ਆਈ ਫ਼ੀਸ ਦਾ ਮੁੱਲ ਉਤਾਰ ਰਿਹਾ ਸੀ। ਸਵੇਰੇ ਨੰਦ ਲਾਲ ਨੇ ਉਸ ਨੂੰ ਹਦਾਇਤ ਕੀਤੀ ਸੀ। ਅੱਜ ਗਵਾਹ ਨਹੀਂ ਭੁਗਤਣੇ ਚਾਹੀਦੇ। ਜੇ ਸਾਧੂ ਸਿੰਘ ਜੱਜ ਸੀ ਤਾਂ ਕੁਲਦੀਪ ਸਿੰਘ ਵੀ ਨਾਮਵਰ ਵਕੀਲ ਸੀ। ਗੱਲਾਂ ਵਿਚ ਜੱਜ ਉਸਨੂੰ ਮਾਤ ਨਹੀਂ ਸੀ ਦੇ ਸਕਦਾ। ਬੜੀ ਹੁਸ਼ਿਆਰੀ ਨਾਲ ਕੁਲਦੀਪ ਸਿੰਘ ਜੱਜ ਦੀ ਹਰ ਤਜਵੀਜ਼ ਰੱਦ ਕਰਦਾ ਜਾ ਰਿਹਾ ਸੀ।

ਸਾਧੂ ਸਿੰਘ ਭਾਂਪ ਗਿਆ। ਸਾਰੇ ਵਕੀਲ ਇਕੋ ਥੈਲੀ ਦੇ ਚੱਟੇ-ਵੱਟੇ ਸਨ। ਡੱਡੂਆਂ ਵਾਂਗ ਸਾਰੇ ਇਕੋ ਰਾਗ ਅਲਾਪ ਰਹੇ ਸਨ। ਇਕੱਠੇ ਹੋ ਕੇ ਉਨ੍ਹਾਂ ਨੇ ਅਭਿਮਨੀਉਂ ਵਾਂਗ ਉਸਨੂੰ ਚੱਕਰਵਿਊ ਵਿਚ ਫਸਾ ਲਿਆ ਸੀ।

ਗਵਾਹੀ ਟਾਲਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

"ਚੱਲੋ ਅਗਲੇ ਹਫ਼ਤੇ ਦੇਖੋ ਕਿਹੜੀ ਤਾਰੀਖ਼ ਬੈਠਦੀ ਹੈ?'

ਸਾਰੇ ਵਕੀਲ ਆਪਣੀਆਂ-ਆਪਣੀਆਂ ਡਾਇਰੀਆਂ ਫਰੋਲਣ ਲੱਗੇ।

"ਪੰਜ ਤਾਰੀਖ! ਠੀਕ ਹੈ ?"

"ਨਹੀਂ ਜਨਾਬ! ਇਹ ਸਾਰਾ ਮਹੀਨਾ ਤਾਂ ਬੁੱਕ ਹੈ।" ਆਪਣੀ ਡਾਇਰੀ ਜੱਜ ਅੱਗੇ ਰੱਖ ਕੇ ਨੰਦ ਲਾਲ ਨੇ ਮਜਬੂਰੀ ਜ਼ਾਹਿਰ ਕੀਤੀ।

"ਸਾਰੇ ਗਵਾਹ ਆਏ ਬੈਠੇ ਹਨ। ਮਹੀਨੇ ਦਾ ਕੋਈ ਮਤਲਬ ਨਹੀਂ। ਮੈਂ ਵੀ ਕਿਸੇ ਨੂੰ ਜਵਾਬਦੇਹ ਹਾਂ। ਅੱਠ ਦਿਨਾਂ ਤੋਂ ਵੱਧ ਪੇਸ਼ੀ ਨਹੀਂ ਪੈਣੀ।"

"ਕਿਉਂ ਜਨਾਬ ਇਸ ਕੇਸ ਵਿਚ ਕੋਈ ਖ਼ਾਸ ਦਿਲਚਸਪੀ ਹੈ ? ਬੜੀ ਜਲਦੀ ਨਬੇੜਨ



'ਤੇ ਲਗੇ ਹੋਏ ਹੋ?"

ਜਦੋਂ ਸਾਧੂ ਸਿੰਘ ਇਕ ਮਹੀਨੇ ਤੋਂ ਵੱਧ ਪੇਸ਼ੀ ਦਿੰਦਾ ਨਜ਼ਰ ਨਾ ਆਇਆ ਤਾਂ ਚੌਧਰੀ ਨੇ ਆਪਣੇ ਫਰਜ਼ ਨਿਭਾਉਣੇ ਸ਼ੁਰੂ ਕੀਤੇ।

"ਕੀ ਮਤਲਬ ?"

"ਜਨਾਬ ਦੀ ਅਦਾਲਤ ਵਿਚ ਸੈਂਕੜੇ ਅਜਿਹੇ ਮੁਕੱਦਮੇ ਨੇ ਜਿਹੜੇ ਪੰਜ ਸਾਲ ਤੋਂ ਵੱਧ ਲਟਕ ਰਹੇ ਨੇ। ਹਾਈ ਕੋਰਟ ਕਹਿੰਦੀ ਹੈ, ਪਹਿਲਾਂ ਉਨ੍ਹਾਂ ਨੂੰ ਨਬੇੜੋ। ਜਨਾਬ ਉਨ੍ਹਾਂ ਕੇਸਾਂ ਵੱਲ ਧਿਆਨ ਨਹੀਂ ਦੇ ਰਹੇ। ਇਸ ਕੇਸ ਵਿਚ ਹਾਲੇ ਪਹਿਲੀ ਪੇਸ਼ੀ ਹੈ। ਜਨਾਬ ਬਹੁਤ ਕਾਹਲੇ ਪੈਣ ਲਗ ਪਏ। ਮੈਂ ਤਾਂ ਪੁੱਛਿਆ ਹੈ?"

ਚੌਧਰੀ ਨੂੰ ਜੱਜ ਦਾ ਆਤਮ-ਬਲ ਡੇਗਣ ਲਈ ਵਕੀਲ ਕੀਤਾ ਗਿਆ ਸੀ। ਇਸ ਆਸ਼ੇ ਨਾਲ ਚੌਧਰੀ ਨੇ ਸਾਧੂ ਸਿੰਘ ਵੱਲ ਦੂਜਾ ਤੀਰ ਛੱਡਿਆ।

ਲਿਆਕਤ ਵਿਚ ਚੌਧਰੀ ਦਰਮਿਆਨੇ ਵਕੀਲਾਂ ਵਿਚ ਗਿਣਿਆ ਜਾਂਦਾ ਸੀ। ਪਰ ਆਪਣੇ ਅੱਖੜ ਸੁਭਾਅ ਅਤੇ ਸੱਚੀ ਗੱਲ ਹੱਡ 'ਤੇ ਮਾਰਨ ਦੀ ਆਦਤ ਕਾਰਨ ਉਸ ਕੋਲੋਂ ਬਹੁਤ ਕੰਮ ਖੁੱਸ ਜਾਂਦਾ ਰਿਹਾ ਸੀ। ਮੂੰਹ-ਫੱਟ ਹੋਣ ਕਾਰਨ ਜੱਜ ਉਸ ਨਾਲ ਖੁੰਦਕ ਖਾਣ ਲੱਗਦੇ ਸਨ। ਮੁਕੱਦਮੇ ਉਸ ਦੇ ਉਲਟ ਕਰ ਦਿੰਦੇ ਸਨ। ਮਾਇਆ ਨਗਰ ਦੇ ਸਾਇਲ ਵਕੀਲ ਦੇ ਹਰ ਗੁਣ ਔਗੁਣ 'ਤੇ ਨਜ਼ਰ ਰੱਖਦੇ ਸਨ। ਪੰਗੇਬਾਜ ਵਕੀਲ ਕੋਲੋਂ ਉਨ੍ਹਾਂ ਆਪਣੇ ਕੇਸ ਦਾ ਭੱਠਾ ਥੋੜ੍ਹਾ ਬੈਠਾਉਣਾ ਸੀ। ਉਸਦੇ ਸਾਇਲਾਂ ਦਾ ਘੇਰਾ ਸੁੰਘੜ ਗਿਆ। ਹੁਣ ਉਸ ਕੋਲ ਉਹੋ ਸਾਇਲ ਆਉਂਦਾ ਸੀ, ਜਿਸ ਨੇ ਜੱਜ ਨਾਲ ਆਢਾ ਲਾਉਣਾ ਹੁੰਦਾ ਸੀ।

ਉਸਦਾ ਵਕਾਲਤ-ਨਾਮਾ ਆਉਂਦੇ ਹੀ ਜੱਜ ਸਮਝ ਜਾਂਦਾ ਸੀ। ਸਾਇਲ ਦਾ ਮੂਡ ਭਾਂਪ ਜਾਂਦਾ ਸੀ।

ਸਾਧੂ ਸਿੰਘ ਵੀ ਉਨ੍ਹਾਂ ਦੀ ਚਾਲ ਸਮਝ ਗਿਆ।

ਚੌਧਰੀ ਨੇ ਕਟਾਕਸ਼ ਭਾਵੇਂ ਮੰਦ ਭਾਵਨਾ ਨਾਲ ਕੀਤਾ ਸੀ, ਪਰ ਉਹ ਗ਼ਲਤ ਵੀ ਨਹੀਂ ਸੀ।

ਸਾਧੂ ਸਿੰਘ ਨੇ ਆਪਾ ਪੜਚੋਲ ਕੀਤੀ। ਸੱਚਮੁੱਚ ਉਹ ਆਪਣੇ ਨਿਰਪੱਖਤਾ ਦੇ ਫਰਜ਼ ਤੋਂ ਭਟਕ ਰਿਹਾ ਸੀ। ਉਸਦਾ ਝੁਕਾਅ ਮੁਦੱਈਆਂ ਵੱਲ ਹੋ ਰਿਹਾ ਸੀ। ਉਹ ਜੱਜ ਸੀ। ਜੱਜ ਭਾਵੁਕ ਨਹੀਂ ਹੋ ਸਕਦਾ। ਉਸਨੂੰ ਮਨ ਤਕੜਾ ਕਰਕੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਸੀ।

ਸਾਧੂ ਸਿੰਘ ਨੇ ਆਪਣੀ ਭੁੱਲ ਨੂੰ ਸੋਧਿਆ।

"ਦੱਸੋ ਤੁਸੀਂ ਕਦੋਂ ਵਿਹਲੇ ਹੋ? ਪਹਿਲਾਂ ਆਪਾਂ ਇਸ ਕੇਸ ਨੂੰ ਪੁਰਾਣਾ ਕਰ ਲੈਂਦੇ ਹਾਂ। ਜਦੋਂ ਗਵਾਹ ਪੇਸ਼ੀਆਂ ਭੁਗਤ-ਭੁਗਤ ਥੱਕ ਗਏ ਅਤੇ ਕਚਹਿਰੀ ਆਉਣੋਂ ਹਟ ਗਏ ਉਦੋਂ ਆਪਾਂ ਇਸ ਕੇਸ ਨੂੰ ਸ਼ੁਰੂ ਕਰ ਲਵਾਂਗੇ।"

ਬੁਝੇ ਮਨ ਨਾਲ ਸਾਧੂ ਸਿੰਘ ਬੁੜਬੜਾਉਣ ਲੱਗਾ।

"ਮੈਂ ਅਗਲੇ ਮਹੀਨੇ ਦੀ ਵੀਹ ਤੋਂ ਬਾਅਦ ਵਿਹਲਾ ਹਾਂ।"

"ਮਤਲਬ ਡੇਢ ਮਹੀਨੇ ਦੀ ਤਾਰੀਖ਼ ਚਾਹੀਦੀ ਹੈ।"

"ਜੀ ਜਨਾਬ!"

"ਠੀਕ ਹੈ! ਤੇਈ ਅਤੇ ਚੌਵੀ ਨੂੰ ਆਵੋ।"

ਆਖ ਕੇ ਖਿਝੇ ਜੱਜ ਨੇ ਮਿਸਲ ਹੇਠਾਂ ਸੁੱਟ ਦਿੱਤੀ।

ਬਾਹਰ ਆ ਕੇ ਨੰਦ ਲਾਲ ਨੇ ਚੌਧਰੀ ਨੂੰ ਜਿੱਤ ਦੀ ਵਧਾਈ ਦਿੱਤੀ।

"ਦੇਖੀ ਮੇਰੀ ਚਾਲ! ਅਸੀਂ ਸੱਤ ਮੁਲਜ਼ਮ ਹਾਂ। ਇਹ ਚਾਲ ਸੱਤ ਵਾਰ ਵੱਲ ਸਕਦੇ ਹਾਂ।"

"ਘਬਰਾਓ ਨਹੀਂ। ਮੇਰੀ ਅਗਲੀ ਚਾਲ ਇਸ ਤੋਂ ਵੀ ਖ਼ਤਰਨਾਕ ਹੋਏਗੀ। ਜੱਜ ਦੇ ਹੱਥ ਛੇ ਮਹੀਨੇ ਲਈ ਬੱਝ ਜਾਣਗੇ।"

ਪੰਕਜ ਨੂੰ ਰਾਹਤ ਮਹਿਸੂਸ ਹੋਈ।

ਨੰਦ ਲਾਲ ਨੇ ਪਹਿਲੀ ਵਾਰ ਆਪਣੇ ਬੋਲ ਪੁਗਾਏ ਸਨ।

## -103-

ਪਹਿਲੀ ਪੇਸ਼ੀ ਇਕੱਲੀ ਨੇਹਾ ਨੂੰ ਗਵਾਹੀ ਲਈ ਤਿਆਰ ਕੀਤਾ ਗਿਆ ਸੀ। ਉਸ ਦਿਨ ਤੋਂ ਅੱਜ ਤਕ ਉਹ ਤਾਬ ਨਹੀਂ ਸੀ ਆਈ।

ਇਸ ਵਾਰ ਨੇਹਾ ਦੇ ਨਾਲ ਨਾਲ ਵੇਦ ਦੀ ਵਾਰੀ ਸੀ।

ਬਿਆਨ ਯਾਦ ਕਰਦਾ-ਕਰਦਾ ਵੇਦ ਘਟਨਾਵਾਂ ਵਿਚ ਇੰਨਾ ਡੂੰਘਾ ਧਸ ਗਿਆ ਸੀ ਕਿ ਉਸਨੂੰ ਬਾਹਰ ਕੱਢਣਾ ਮੁਸ਼ਕਲ ਹੋ ਗਿਆ। ਪਹਿਲਾਂ ਉਸਨੂੰ ਕਮਲ ਦੀ ਮੌਤ ਦਾ ਇੰਨਾਂ ਦੁੱਖ ਨਹੀਂ ਸੀ। ਸ਼ਾਇਦ ਇੰਝ ਨਸ਼ੇ ਅਤੇ ਨੀਂਦ ਦੀਆਂ ਦਵਾਈਆਂ ਕਾਰਨ ਹੋਇਆ ਸੀ। ਹੁਣ ਉਸਨੂੰ ਇੰਝ ਲੱਗਦਾ ਸੀ ਜਿਵੇਂ ਕਮਲ ਅੱਜ ਮੋਇਆ ਸੀ।

ਵੇਦ ਨੇ ਘਰੋਂ ਨਿਕਲਣਾ ਬੰਦ ਕਰ ਦਿੱਤਾ। ਉਹ ਦਿਨ ਰਾਤ ਕਮਲ ਦੇ ਕਿੱਸੇ ਛੇੜੀ ਰੱਖਣ ਲੱਗਾ। ਸਾਰਾ ਦਿਨ ਨੀਲਮ ਨਾਲ ਉਸਦੀਆਂ ਗੱਲਾਂ ਕਰਦਾ ਰਹਿੰਦਾ। ਪਹਿਲਾਂ ਆਪ ਰੋ ਪੈਂਦਾ। ਫੇਰ ਨੀਲਮ ਨੂੰ ਰੁਆ ਦਿੰਦਾ। ਉਸਨੇ ਖਾਣਾ ਪੀਣਾ ਛੱਡ ਦਿੱਤਾ। ਕਈ ਕਈ ਦਿਨ ਨਹਾਉਂਦਾ ਨਹੀਂ ਸੀ। ਮੈਲੇ ਕਪੜੇ ਨਹੀਂ ਸੀ ਬਦਲਦਾ। ਦਵਾਈ ਨਹੀਂ ਸੀ ਲੈਂਦਾ। ਕਹਿੰਦਾ ਸੀ ਮੈਂ ਠੀਕ ਹੋ ਕੇ ਕੀ ਲੈਣਾ ਹੈ!

ਮਾਂ ਬਾਪ ਦੀ ਮੰਦੀ ਹਾਲਤ ਤੋਂ ਨੇਹਾ ਅਛੂਤੀ ਨਹੀਂ ਸੀ। ਕਦੇ ਉਹ ਮਾਂ ਦੀ ਕੁਛੜ ਵਿਚ ਬੈਠ ਕੇ ਰੋਣ ਲੱਗਦੀ ਕਦੇ ਬਾਪ ਦੇ ਗਲ ਲੱਗ ਕੇ।

ਪਿਛਲੀ ਪੇਸ਼ੀ ਉਪਰ ਨੇਹਾ ਦੀ ਮੁਲਾਕਾਤ ਬਲਾਤਕਾਰ ਦੇ ਇਕ ਕੇਸ ਵਿਚ ਗਵਾਹੀ ਦੇਣ ਆਈ ਇਕ ਕੁੜੀ ਨਾਲ ਹੋਈ ਸੀ।

ਪੰਦਰਾਂ ਸਾਲ ਦੀ ਅਣਭੋਲ ਉਮਰ ਵਿਚ ਸਰੁਤੀ ਗੁਆਂਢੀਆਂ ਦੇ ਮੁੰਡੇ ਨਾਲ ਅੱਖਾਂ ਚਾਰ ਕਰਨ ਦੀ ਗ਼ਲਤੀ ਕਰ ਬੈਠੀ ਸੀ। ਅੱਲੜ੍ਹ ਉਮਰ ਨੇ ਇਕ ਗਲਤੀ ਹੋਰ ਕਰਵਾ ਦਿੱਤੀ। ਮੁੰਡੇ ਦੀਆਂ ਗੱਲਾਂ ਵਿਚ ਆ ਕੇ ਉਹ ਘਰੋਂ ਭੱਜ ਗਈ।

ਡਾਢੇ ਮਾਂ ਬਾਪ ਨੇ ਪਿੱਛਾ ਕੀਤਾ। ਦਸਾਂ ਦਿਨਾਂ ਦੇ ਅੰਦਰ-ਅੰਦਰ ਪੁਲਿਸ ਨੇ ਉਨ੍ਹਾਂ ਨੂੰ ਦਬੋਚ ਲਿਆ।

ਪੁਲਿਸ ਤੇ ਜ਼ੋਰ ਪਾ ਕੇ ਮਾਪਿਆਂ ਨੇ ਮੁੰਡੇ ਨੂੰ ਅੰਦਰ ਕਰਵਾ ਦਿੱਤਾ। ਝੂਠੇ ਬਿਆਨ ਦਿਵਾ ਕੇ ਬਲਾਤਕਾਰ ਦਾ ਪਰਚਾ ਕਟਵਾ ਦਿੱਤਾ।

ਸਰੁਤੀ ਨੂੰ ਕਲਕੱਤੇ ਵਿਆਹ ਦਿੱਤਾ। ਸੋਚਿਆ ਸੀ ਕੁੜੀ ਦੇ ਕਾਲੇ ਕਾਰਨਾਮਿਆਂ



ਦੀ ਖ਼ਬਰ ਇੰਨੀ ਦੂਰ ਨਹੀਂ ਪਹੁੰਚੇਗੀ।

ਤਿੰਨ ਸਾਲ ਕਾਮਯਾਬੀ ਮਿਲਦੀ ਰਹੀ। ਜ਼ਿੰਦਗੀ ਖ਼ੁਸ਼ੀ-ਖ਼ੁਸ਼ੀ ਲੰਘਦੀ ਰਹੀ। ਦੋ ਬੱਚਿਆਂ ਨਾਲ ਸਰੁਤੀ ਦੀ ਗੋਦ ਭਰ ਗਈ।

ਫੇਰ ਕਾਲੇ ਬੱਦਲ ਸਿਰ 'ਤੇ ਮੰਡਰਾਉਣ ਲਗੇ। ਕੇਸ ਦੇ ਪੁਰਾਣਾ ਹੁੰਦਿਆਂ ਹੀ ਪੁਲਿਸ ਦੀ ਖਿਚਾਈ ਹੋਣ ਲੱਗੀ। ਗਵਾਹ ਪੇਸ਼ ਕਰਨ ਦੀ ਦੁਹਾਈ ਪੈਣ ਲੱਗੀ।

ਡਰੀ ਪੁਲਿਸ ਨੇ ਕੁੜੀ ਦਾ ਖੁਰਾ ਖੋਜ ਲਿਆ।

ਮਾਪਿਆਂ ਨੇ ਮਿੰਨਤ ਕੀਤੀ। ਉਹ ਆਪ ਕੁੜੀ ਨੂੰ ਕਚਹਿਰੀ ਪੇਸ਼ ਕਰਨਗੇ। ਜ਼ਮਾਨਤ ਜੁਰਮਾਨੇ ਲੈ ਕੇ ਮਸਾਂ ਪੁਲਿਸ ਕਲਕੱਤੇ ਜਾਣੋਂ ਹਟੀ।

ਆਨੇ-ਬਹਾਨੇ ਸਰੁਤੀ ਨੂੰ ਪੇਕੇ ਲਿਆਂਦਾ ਗਿਆ। ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਪਹਿਲੀ ਪੇਸ਼ੀ ਵਕੀਲਾਂ ਦੀ ਹੜਤਾਲ ਹੋ ਗਈ। ਦੂਜੀ ਪੇਸ਼ੀ ਜੱਜ ਛੁੱਟੀ ਤੁਰ ਗਿਆ।

ਤੀਜੀ ਪੇਸ਼ੀ ਬਿੱਲੀ ਬੋਰੇ ਵਿਚੋਂ ਬਾਹਰ ਆ ਗਈ। ਸਹੁਰਿਆਂ ਨੂੰ ਸ਼ੱਕ ਹੋ ਗਿਆ। ਆਏ ਮਹੀਨੇ ਬਹੂ ਪੇਕੇ ਜਾਂਦੀ ਹੈ। ਖ਼ੈਰ ਨਹੀਂ। ਤੀਜੀ ਵਾਰ ਪ੍ਰਾਹੁਣਾ ਨਾਲ ਤੁਰ ਪਿਆ। ਪ੍ਰਛਾਵੇਂ ਵਾਂਗ ਸਰੁਤੀ ਦੇ ਪਿੱਛੇ ਲੱਗ ਗਿਆ।

ਚੋਰੀ ਫੜੀ ਗਈ। ਪ੍ਰਾਹੁਣਾ ਕੁੜੀ ਨੂੰ ਪੇਕੇ ਬਿਠਾ ਗਿਆ। ਠੀਕ ਸੀ, ਉਹ ਗਰੀਬ ਸੀ। ਉਮਰ ਵੀ ਵੱਡੀ ਸੀ। ਪਰ ਘਰ ਇੱਜ਼ਤਦਾਰ ਸੀ, ਉਨ੍ਹਾਂ ਨੂੰ ਘਰੋਂ ਭੱਜੀ ਬਹੂ ਨਹੀਂ ਸੀ ਚਾਹੀਦੀ।

ਸਰੁਤੀ ਨੇਹਾ ਕੋਲ ਬੈਠੀ ਰੋਂਦੀ ਰਹੀ ਸੀ। ਨਾ ਉਹ ਘਰ ਦੀ ਰਹੀ ਸੀ, ਨਾ ਘਾਟ ਦੀ।

ਸਰੁਤੀ ਦੇ ਦੁੱਖੜੇ ਯਾਦ ਕਰ-ਕਰ ਨੇਹਾ ਰੋਣ ਲੱਗਦੀ ਸੀ। ਸਰੁਤੀ ਖ਼ੁਦ ਘਰੋਂ ਭੱਜੀ ਸੀ। ਉਸਨੇ ਗ਼ਲਤੀ ਕੀਤੀ ਸੀ। ਨੇਹਾ ਨਾਲ ਤਾਂ ਜ਼ਬਰਦਸਤੀ ਹੋਈ ਸੀ। ਨੇਹਾ ਕਿਸ ਕਸੂਰ ਦੀ ਸਜ਼ਾ ਭੁਗਤੇਗੀ? ਉਸਦਾ ਪਤੀ ਕਦੇ ਉਸਨੂੰ ਦਿਲੋਂ ਪਿਆਰ ਨਹੀਂ ਕਰ ਸਕੇਗਾ। ਸਾਰੀ ਉਮਰ ਦਰਾਣੀਆਂ ਜੇਠਾਣੀਆਂ ਉਸਨੂੰ ਮਿਹਣੇ ਮਾਰਨਗੀਆਂ। ਵੱਡੇ ਹੋ ਕੇ ਬੱਚੇ ਉਸਨੂੰ ਨਫ਼ਰਤ ਕਰਨਗੇ। ਇਹ ਕਲੰਕ ਮੜ੍ਹੀਆਂ ਤਕ ਉਸਦਾ ਪਿੱਛਾ ਕਰੇਗਾ।

ਰਾਮ ਨਾਥ ਨੇਹਾ ਦੇ ਪ੍ਰਸ਼ਨਾਂ ਦੇ ਉੱਤਰ ਦੇ ਦੇ ਥੱਕ ਚੁੱਕਾ ਸੀ। ਉਸਦੇ ਭਾਸ਼ਣ ਦਾ ਅਸਰ ਕੁਝ ਦੇਰ ਹੁੰਦਾ ਸੀ। ਰਾਮ ਨਾਥ ਦੇ ਘਰੋਂ ਜਾਂਦੇ ਹੀ ਉਦਾਸੀ ਉਸਨੂੰ ਆ ਘੇਰਦੀ ਸੀ।

ਇਨ੍ਹਾਂ ਸਮੱਸਿਆਵਾਂ ਦਾ ਇਕੋ ਹੱਲ ਸੀ। ਗਵਾਹੀ ਜਲਦੀ ਤੋਂ ਜਲਦੀ ਭੁਗਤਾਈ ਜਾਵੇ।

ਰਾਮ ਨਾਥ ਨੂੰ ਜਦੋਂ ਵੀ ਵਿਹਲ ਮਿਲਦੀ ਉਹ ਮਾਇਆ ਨਗਰ ਵਾਲੀ ਬੱਸ ਚੜ੍ਹ ਜਾਂਦਾ। ਪ੍ਰਧਾਨ ਦੇ ਸਰ੍ਹਾਣੇ ਬੈਠ ਕੇ ਦੁਖੜੇ ਰੋਣ ਲੱਗਦਾ।

"ਆਪਾਂ ਪਿਛਲੀਆਂ ਪੇਸ਼ੀਆਂ 'ਤੇ ਗਵਾਹ ਭਗਤਾਉਣ ਦਾ ਹਰ ਯਤਨ ਕੀਤਾ ਹੈ। ਵਕੀਲ ਮਕਾਰੀ ਕਰ ਗਏ। ਆਪਾਂ ਕੀ ਕਰ ਸਕਦੇ ਸਾਂ?"

ਪ੍ਰਧਾਨ ਰਾਮ ਨਾਥ ਦੀ ਮਜਬੂਰੀ ਸਮਝਦਾ ਸੀ। ਪਰ ਕਾਨੂੰਨੀ ਕਮਜ਼ੋਰੀਆਂ ਅੱਗੇ ਉਹ ਬੇਵੱਸ ਸੀ।

"ਜੱਜ ਕੋਲ ਸਿਫਾਰਸ਼ ਕਰਕੇ ਦੇਖ ਲਓ।"

"ਜੱਜ ਕੋਲ ਸਿਫਾਰਸ਼ ਤਾਂ ਕਰੀਏ ਜੇ ਉਹ ਗਵਾਹ ਟਾਲ ਰਿਹਾ ਹੋਵੇ। ਉਹ ਖ਼ੁਦ ਗਵਾਹ ਲਿਖਣ ਲਈ ਅੱਡੀ ਚੋਟੀ ਦਾ ਜ਼ੋਰ ਲਾਈ ਬੈਠਾ ਹੈ। ਸਾਧੂ ਸਿੰਘ ਮੁਦੱਈਆਂ ਦੇ ਦੁੱਖਾਂ ਨੂੰ ਸਮਝਦਾ ਹੈ। ਉਸਨੂੰ ਜਾ ਕੇ ਕੀ ਆਖਾਂਗੇ?"

ਵਕੀਲਾਂ ਨੂੰ ਬੇਨਤੀ ਕਰਕੇ ਦੇਖੀਏ? ਮੈਂ ਇਕ-ਇਕ ਨੂੰ ਜਾ ਕੇ ਮਿਲ ਲੈਂਦਾ ਹਾਂ। ਭਾਈਚਾਰੇ ਦਾ ਵਾਸਤਾ ਪਾ ਲੈਂਦਾ ਹਾਂ।"

"ਕੋਈ ਫ਼ਾਇਦਾ ਨਹੀਂ। ਵਕੀਲ ਨੇ ਆਪਣੇ ਸਾਇਲ ਨਾਲ ਵਫ਼ਾਦਾਰੀ ਕਰਨੀ ਹੈ। ਉਹ ਸਾਧੂ ਸਿੰਘ ਤੋਂ ਡਰਦੇ ਹਨ। ਉਹ ਸਾਧੂ ਸਿੰਘ ਦੇ ਬਦਲਣ ਤਕ ਕੇਸ ਲਟਕਾਉਣਾ ਚਾਹੁੰਦੇ ਹਨ।"

"ਫੇਰ ਤਾਂ ਸਾਲ ਲੱਗ ਜਾਏਗਾ। ਉਦੋਂ ਤਕ ਮੇਰੀ ਭਾਣਜੀ ਅਤੇ ਭਣੋਈਆ ਪਾਗਲ ਹੋ ਜਾਣਗੇ। ਇੰਨੀ ਦੇਰ ਉਹ ਮਾਨਸਿਕ ਤਨਾਅ ਵਿਚ ਨਹੀਂ ਰਹਿ ਸਕਦੇ।"

"ਤੁਸੀਂ ਵਕੀਲ ਹੋ। ਕਾਨੂੰਨੀ ਦਾਅ-ਪੇਚਾਂ ਨੂੰ ਜਾਣਦੇ ਹੋ। ਸਾਨੂੰ ਸਥਿਤੀਆਂ ਦਾ ਸਾਹਮਣਾ ਕਰਨਾ ਪਏਗਾ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। ਕਾਨੂੰਨ ਦੀਆਂ ਬੁਨਿਆਦੀ ਕਮਜ਼ੋਰੀਆਂ ਨੂੰ ਛੱਡ ਕੇ, ਕਿਸੇ ਹੋਰ ਕਾਰਨ ਕਰਕੇ ਮੁਕੱਦਮਾ ਇਕ ਦਿਨ ਨਹੀਂ ਲਟਕੇਗਾ। ਤੁਸੀਂ ਖ਼ੁਦ ਹਿੰਮਤ ਹਾਰੀ ਬੈਠੇ ਹੋ। ਪਹਿਲਾਂ ਤੁਸੀਂ ਆਪ ਸੰਭਲੋ। ਫੇਰ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲੋ। ਸੰਘਰਸ਼ ਕਰੋ। ਸੋਸਾਇਟੀ ਤੁਹਾਡੇ ਨਾਲ ਹੈ।"

ਪ੍ਰਧਾਨ ਕਈ ਦਿਨਾਂ ਤੋਂ ਇਸ ਮੌਕੇ ਦੀ ਤਲਾਸ਼ ਵਿਚ ਸੀ। ਮੌਕਾ ਤਾੜ ਕੇ ਉਸਨੇ ਰਾਮ ਨਾਥ ਦੇ ਵਿਗੜੇ ਮਾਨਸਿਕ ਸੰਤੁਲਨ ਦਾ ਉਸਨੂੰ ਅਹਿਸਾਸ ਕਰਾਇਆ।

ਉਸਦਾ ਵਾਰ-ਵਾਰ ਮਾਇਆ ਨਗਰ ਆਉਣਾ । ਵਾਰ-ਵਾਰ ਇਕੋ ਨੁਕਤੇ ਨੂੰ ਛੋਹਣਾ। ਇਹ ਚੰਗੇ ਚਿੰਨ੍ਹ ਨਹੀਂ ਸਨ।

ਰਾਮ ਨਾਥ ਝੱਟ ਪ੍ਰਧਾਨ ਦਾ ਇਸ਼ਾਰਾ ਸਮਝ ਗਿਆ।

ਇਕਾਂਤ ਵਿਚ ਬੈਠ ਕੇ ਉਸਨੇ ਆਪਾ ਪੜਚੋਲ ਕੀਤੀ। ਭੈਣ ਭਣੋਈਏ ਦੇ ਦੁੱਖ ਨੇ ਸੱਚਮੁੱਚ ਉਸਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਸੀ । ਜੱਜ ਕੋਲ ਸਿਫ਼ਾਰਿਸ਼ ਕਰਨਾ। ਵਿਰੋਧੀ ਧਿਰ ਦੇ ਵਕੀਲਾਂ ਤਕ ਪਹੁੰਚ ਕਰਨਾ। ਜਲਦੀ ਗਵਾਹ ਭੁਗਤਾਉਣ ਦੀ ਰੱਟ ਲਾਈ ਰੱਖਣਾ। ਇਹ ਪਾਗਲਪਣ ਵੱਲ ਵਧਣ ਦੀਆਂ ਨਿਸ਼ਾਨਿਆਂ ਹੀ ਤਾਂ ਸਨ।

ਰਾਮ ਨਾਥ ਦੇ ਮਨ ਵਿਚ ਆਇਆ। ਜੇ ਉਸ ਵਿਚ ਮੁਕੱਦਮਾ ਲੜਨ ਦੀ ਹਿੰਮਤ ਨਹੀਂ ਰਹੀ ਤਾਂ ਉਸਨੂੰ ਪਿੱਛੇ ਹਟ ਜਾਣਾ ਚਾਹੀਦਾ ਸੀ। ਹਾਲੇ ਕੁਝ ਨਹੀਂ ਸੀ ਵਿਗੜੀਆ। ਸਮਝੌਤੇ ਦੀਆਂ ਪੇਸ਼ਕਸ਼ਾਂ ਬਰਾਬਰ ਆ ਰਹੀਆਂ ਸਨ।

ਰਾਮ ਨਾਥ ਸੰਭਲਿਆ। ਨਹੀਂ, ਉਹ ਸਮਝੌਤਾ ਨਹੀਂ ਕਰੇਗਾ। ਉਹ ਆਪਣਾ ਕਰਮ ਕਰੇਗਾ।

ਨਤੀਜਾ ਕੁਝ ਵੀ ਨਿਕਲੇ, ਇਸਦੀ ਪਰਵਾਹ ਨਹੀਂ ਕਰੇਗਾ।





ਪ੍ਰਧਾਨ ਦੇ ਕੌੜੇ ਸ਼ਬਦ ਰਾਮ ਨਾਥ ਦੀ ਕਾਇਆ ਕਲਪ ਕਰਨ ਲੱਗੇ ।

ਅਸਫ਼ਲਤਾਵਾਂ ਤੋਂ ਹਤਾਸ਼ ਹੋ ਕੇ ਪਾਗਲਪਣ ਵੱਲ ਵਧਣ ਦੀ ਥਾਂ ਉਹ ਸਮੱਸਿਆਵਾਂ ਨੂੰ ਸੁਲਝਾਉਣ ਵੱਲ ਰੁਚਿਤ ਹੋਣ ਲੱਗਾ।

ਵਾਪਰੀਆਂ ਘਟਨਾਵਾਂ ਦੀ ਭਿਆਨਕਤਾ, ਲੰਬੀ-ਬਿਮਾਰੀ, ਧੁੰਦਲਾ ਭਵਿੱਖ ਅਤੇ ਚੌਵੀ ਘੰਟੇ ਦੀ ਵਿਹਲ ਉਨ੍ਹਾਂ ਕਾਰਨਾਂ ਵਿਚੋਂ ਕੁਝ ਸਨ, ਜਿਨ੍ਹਾਂ ਨੇ ਵੇਦ ਪਰਿਵਾਰ ਦੇ ਹੌਸਲੇ ਪਸਤ ਕੀਤੇ ਸਨ। ਗਵਾਹੀਆਂ ਭੁਗਤਣ ਵਿਚ ਵਿਰੋਧੀਆਂ ਵੱਲੋਂ ਅੜਾਏ ਜਾਂਦੇ ਅੜਿਕੇ ਬਲਦੀ 'ਤੇ ਤੇਲ ਪਾ ਰਹੇ ਸਨ।

ਹੱਲ ਲਈ ਰਾਮ ਨਾਥ ਨੇ ਆਪਣੇ ਸ਼ਹਿਰ ਦੇ ਮਨੋ-ਚਕਿਤਸਕ ਦੀ ਸਲਾਹ ਲਈ।

ਉਸਨੇ ਸੌ ਬਿਮਾਰੀਆਂ ਦਾ ਇਕੋ ਇਲਾਜ ਸੁਝਾਇਆ। ਪਰਿਵਾਰ ਨੂੰ ਉਸਾਰੂ ਕੰਮ ਵਿਚ ਉਲਝਾਈ ਰੱਖੋ।

ਅਜਿਹੇ ਹਾਲਾਤ ਵਿਚ ਪਰਿਵਾਰ ਨੂੰ ਕਿਸੇ ਆਹਰੇ ਲਾਇਆ ਜਾਵੇ? ਇਸ ਪ੍ਰਸ਼ਨ ਦਾ ਉੱਤਰ ਹਾਲੇ ਤਕ ਮਨੋ-ਚਕਿਤਸਕ ਲਈ ਵੀ ਉਲਝਣ ਬਣਿਆ ਹੋਇਆ ਸੀ।

ਪਰ ਜਦੋਂ ਇਹ ਸਮੱਸਿਆ ਸੁਲਝਣ ਵਿਚ ਆਈ ਤਾਂ ਮਿੰਟ ਵਿਚ ਸੁਲਝ ਗਈ।

ਰਾਮ ਨਾਥ ਦਾ ਸਕੂਲ ਦਾ ਜਮਾਤੀ ਪੰਡਿਤ ਪਰਮਾ ਨੰਦ ਤਿੰਨ ਸਾਲ ਤੋਂ ਅਮਰੀਕਾ ਗਿਆ ਹੋਇਆ ਸੀ। ਧਾਰਮਿਕ ਫਲਸਫ਼ੇ ਨੂੰ ਵਿਗਿਆਨਕ ਨਜ਼ਰੀਏ ਤੋਂ ਪਰਖਣ ਅਤੇ ਪ੍ਰਚਾਰਨ ਵਿਚ ਉਹ ਮਾਹਿਰ ਸੀ। ਉਸਦੇ ਗੁਰੂ ਦੀ ਉਸ ਉਪਰ ਖ਼ਾਸ ਮਿਹਰ ਸੀ। ਪੜ੍ਹੇ ਲਿਖੇ ਅਮਰੀਕਨਾਂ ਨੂੰ ਜੇ ਕੋਈ ਸਿੱਧੇ ਰਾਹ ਪਾ ਸਕਦਾ ਸੀ ਤਾਂ ਪਰਮਾ ਨੰਦ ਹੀ ਸੀ। ਇਸੇ ਲਈ ਗੁਰੂ ਜੀ ਨੇ ਆਪਣੇ ਅਮਰੀਕਾ ਵਾਲੇ ਸੈਂਟਰ ਦਾ ਮੁਖੀ ਬਣਾ ਕੇ ਉਸਨੂੰ ਅਮਰੀਕਾ ਭੇਜਿਆ ਸੀ। ਪਰਮਾਨੰਦ ਆਪਣੇ ਗੁਰੂ ਦੀਆਂ ਆਸਾਂ 'ਤੇ ਪੂਰਾ ਉਤਰ ਰਿਹਾ ਸੀ।

ਆਪਣੇ ਅਮਰੀਕਨ ਚੇਲਿਆਂ ਨੂੰ ਭਾਰਤ ਦਰਸ਼ਨ ਕਰਾਉਣ ਉਹ ਤਿੰਨ ਮਹੀਨੇ ਲਈ ਭਾਰਤ ਆਇਆ ਸੀ। ਆਉਂਦੇ ਹੀ ਉਸਨੂੰ ਰਾਮ ਨਾਥ ਉਪਰ ਟੁੱਟੇ ਮੁਸੀਬਤਾਂ ਦੇ ਪਹਾੜ ਦੀ ਖ਼ਬਰ ਮਿਲੀ ਸੀ। ਸਾਰੇ ਕੰਮ ਵਿਚੇ ਛੱਡ ਕੇ ਉਹ ਰਾਮ ਨਾਥ ਦਾ ਦੁੱਖ ਵੰਡਾਉਣ ਉਸਦੇ ਘਰ ਆਇਆ ਸੀ।

ਦਵਾਈ-ਬੂਟੀ ਅਤੇ ਮਨੋ-ਵਿਗਿਆਨਕ ਨੁਸਖਿਆਂ ਨੇ ਇਨ੍ਹਾਂ ਬਿਮਾਰਾਂ ਦਾ ਕੁਝ ਨਹੀਂ ਸੀ ਸੰਵਾਰਨਾ। ਉਨ੍ਹਾਂ ਉਪਰ ਪਰਮਾਨੰਦ ਦਾ ਜਾਦੂ ਚਲਣਾ ਸੀ।

ਰੁਝੇਵੇਂ ਲਈ ਉਨ੍ਹਾਂ ਨੂੰ ਪਾਠ-ਪੂਜਾ ਅਤੇ ਭਜਨ-ਬੰਦਗੀ ਚਾਹੀਦੀ ਸੀ। ਮਾਨਸਿਕ ਤਨਾਅ ਘਟਾਉਣ ਲਈ ਧਿਆਨ-ਯੋਗ ਸੀ। ਮੋਏ ਕਮਲ ਨਾਲੋਂ ਮੋਹ ਤੋੜਨ ਲਈ ਗਰੁੜ ਪੁਰਾਣ ਦੀ ਕਥਾ ਅਤੇ ਗੀਤਾ ਦਾ ਉਪਦੇਸ਼ ਚਾਹੀਦਾ ਸੀ।

ਅਗਲੇ ਹੀ ਦਿਨ ਘਰ ਵਿਚ ਹਵਨ, ਪੂਜਾ ਅਤੇ ਕਥਾ ਵਾਰਤਾ ਹੋਣ ਲੱਗੀ। ਹਵਨ-ਸਮੱਗਰੀ ਅਤੇ ਧੂਫ-ਬੱਤੀ ਨਾਲ ਘਰ ਮਹਿਕਣ ਲੱਗਾ। ਸੰਖ, ਘੰਟੀਆਂ ਅਤੇ ਖੜਤਾਲਾਂ ਕੰਨਾਂ ਵਿਚ ਅੰਮ੍ਰਿਤ ਘੋਲਣ ਲੱਗੀਆਂ। ਭਜਨ ਕੀਰਤਨ ਨਾਲ ਮਨ ਦੀ ਭਟਕਣ ਘਟਣ ਲੱਗੀ।

ਦੋਵੇਂ ਵਕਤ ਹੁੰਦੀ ਕਥਾ ਉਖੜੇ ਮਨਾਂ ਨੂੰ ਯਥਾਰਥ ਨਾਲ ਟਕਰਾਉਣ ਦਾ ਬਲ ਬਖਸ਼ਣ

ਲੱਗੀ। ਮੌਤ ਦੇ ਅਟੱਲ ਹੋਣ ਅਤੇ ਦੁਨਿਆਵੀ ਰਿਸ਼ਤਿਆਂ ਦੇ ਅਸਥਾਈ ਹੋਣ ਦੀ ਸਚਾਈ ਸਮਝ ਆਉਣ ਲੱਗੀ। ਮਨੁੱਖ ਦੇ ਹੱਥ ਕੁਝ ਵੀ ਨਹੀਂ ਸੀ। ਨਾ ਜਨਮ ਉਸ ਦੀ ਮਰਜ਼ੀ ਨਾਲ ਹੁੰਦਾ ਹੈ, ਨਾ ਮੌਤ ਪੁੱਛ ਕੇ ਆਉਂਦੀ ਹੈ। ਮਨੁੱਖ ਕੇਵਲ ਕਰਤਾ ਹੈ। ਕਰਨ ਕਰਾਉਣ ਵਾਲਾ ਪ੍ਰਮਾਤਮਾ ਹੈ। ਪ੍ਰਮਾਤਮਾ ਸਭ ਦਾ ਭਲਾ ਚਾਹੁੰਦਾ ਹੈ। ਉਸਦੀ ਰਜ਼ਾ ਵਿਚ ਰਹਿਣ ਵਿਚ ਹੀ ਸੁੱਖ ਹੈ। ਇਹ ਸੱਚ ਮਨ ਵਿਚ ਘਰ ਕਰਨ ਲੱਗਾ।

ਮਹਾਂਭਾਰਤ ਵਾਂਗ ਉਨ੍ਹਾਂ ਨਾਲ ਕਪਟ ਹੋਇਆ ਸੀ। ਉਨ੍ਹਾਂ ਦੇ ਨਿਹੱਥੇ ਅਭਿਮਨੀਉਂ ਦਾ ਕਤਲ ਹੋਇਆ ਸੀ। ਯੁੱਧ ਉਨ੍ਹਾਂ ਉਪਰ ਥੋਪਿਆ ਗਿਆ ਸੀ। ਉਨ੍ਹਾਂ ਨੇ ਹੱਕ ਸੱਚ ਦੀ ਲੜਾਈ ਹਿੱਕ ਤਾਣ ਕੇ ਲੜਨੀ ਸੀ। ਬਿਨਾਂ ਚੰਗੇ-ਮੰਦੇ ਨਤੀਜੇ ਦੀ ਪਰਵਾਹ ਕੀਤੇ ਉਨ੍ਹਾਂ ਨੂੰ ਗਵਾਹਾਂ ਵਾਲੇ ਕਟਹਿਰੇ ਵਿਚ ਖੜ੍ਹਨਾ ਸੀ। ਨਿਸ਼ਕਾਮ ਕਰਮ ਦਾ ਫਲ ਮਿੱਠਾ ਹੋਣਾ ਸੀ।

ਪਰਮਾਨੰਦ ਦੀ ਮਿਹਨਤ ਨੂੰ ਫਲ ਲੱਗਾ ਸੀ।

ਵੇਦ ਪਰਿਵਾਰ ਬਿਨਾਂ ਕਿਸੇ ਖ਼ੌਫ਼ ਦੇ ਗਵਾਹੀ ਦੇਣ ਚੱਲਿਆ ਸੀ। ਗਵਾਹੀ ਦਾ ਇਕ ਇਕ ਅੱਖ਼ਰ ਉਨ੍ਹਾਂ ਨੂੰ ਯਾਦ ਸੀ।

ਪਰ ਮਾਇਆ ਨਗਰ ਦੀ ਜੂਹ ਵਿਚ ਵੜਦਿਆਂ ਹੀ ਰਾਮ ਨਾਥ ਦਾ ਦਿਲ ਧੜਕਣ ਲੱਗਾ। ਅੰਦਰੋਂ ਅਵਾਜ਼ ਆਉਣ ਲੱਗੀ। ਗਵਾਹੀ ਅੱਜ ਵੀ ਨਹੀਂ ਹੋਏਗੀ। ਨੰਦ ਲਾਲ ਕੋਈ ਨਵੀਂ ਚਾਲ ਚੱਲੇਗਾ।

ਡੋਲਦੇ ਮਨ ਨਾਲ ਉਹ ਅਦਾਲਤ ਅੱਗੇ ਜਾ ਖੜ੍ਹੇ।

ਰਾਮ ਨਾਥ ਨੇ ਸਭ ਤੋਂ ਪਹਿਲਾਂ ਅਦਾਲਤ ਦੇ ਨੋਟਿਸ-ਬੋਰਡ ਉਪਰ ਲਟਕਦੀ ਅੱਜ ਦੇ ਕੇਸਾਂ ਦੀ ਲਿਸਟ ਉਪਰ ਝਾਤ ਮਾਰੀ। ਪਿਛਲੀ ਪੇਸ਼ੀ ਉਪਰ ਜੱਜ ਨੇ ਸੁਣਵਾਈ ਲਈ ਦੋ ਕੇਸ ਰੱਖੇ ਸਨ। ਉਨ੍ਹਾਂ ਵਿਚੋਂ ਅਹਿਮ ਕੇਸ ਉਨ੍ਹਾਂ ਵਾਲਾ ਸੀ। ਅੱਜ ਸਥਿਤੀ ਉਹ ਨਹੀਂ ਸੀ। ਅੱਜ ਸੁਣੇ ਜਾਣ ਵਾਲੇ ਕੇਸਾਂ ਦੀ ਲਿਸਟ ਬਹੁਤ ਲੰਬੀ ਸੀ।

ਸੁਣਵਾਈ ਲਈ ਲੱਗੇ ਕੇਸਾਂ ਦੀ ਗਿਣਤੀ ਦੇਖ ਕੇ ਰਾਮ ਨਾਥ ਨੂੰ ਆਪਣਾ ਸ਼ੱਕ ਯਕੀਨ ਵਿਚ ਬਦਲਦਾ ਨਜ਼ਰ ਆਉਣ ਲੱਗਾ। ਹੋ ਸਕਦਾ ਹੈ ਜੱਜ ਨੂੰ ਵੀ ਆਪਣੇ ਅੰਦਰੋਂ ਰਾਮ ਨਾਥ ਵਾਲੀ ਅਵਾਜ਼ ਸੁਣਾਈ ਦਿੱਤੀ ਹੋਵੇ। ਇਸ ਕੇਸ ਦੀ ਸੁਣਵਾਈ ਟਲ ਜਾਣ ਉਪਰ ਉਹ ਵਿਹਲਾ ਨਾ ਬੈਠਣਾ ਚਾਹੁੰਦਾ ਹੋਵੇ। ਇਸੇ ਲਈ ਉਸ ਨੇ ਆਪਣਾ ਦਿਨ ਰੁਝੇਵੇਂ-ਭਰਿਆ ਰੱਖਿਆ ਹੋਵੇ।

ਰਾਮ ਨਾਥ ਦੇ ਦਿਮਾਗ਼ ਵਿਚ ਕੁਝ ਫੁਰਨੇ ਫੁਰਨ ਲੱਗੇ। ਮੁਲਜ਼ਮ ਧਿਰ ਕਿਧਰੇ ਹਾਈ ਕੋਰਟੋਂ ਬੰਦੀ ਨਾ ਲੈ ਆਈ ਹੋਵੇ? ਕਿਧਰੇ ਵਕੀਲਾਂ ਨੇ ਹੜਤਾਲ ਨਾ ਕਰ ਦਿੱਤੀ ਹੋਵੇ? ਕੋਈ ਜੱਜ, ਮੰਤਰੀ ਜਾਂ ਵਕੀਲ ਨਾ ਮਰ ਗਿਆ ਹੋਵੇ? ਅਚਾਨਕ ਛੁੱਟੀ ਘੋਸ਼ਿਤ ਨਾ ਹੋ ਗਈ ਹੋਵੇ? ਮੁਲਜ਼ਮ ਧਿਰ ਦਾ ਕੋਈ ਵਕੀਲ ਆਪਣੀ ਕਿਸੇ ਮਜਬੂਰੀ ਦੇ ਬਹਾਨੇ ਤਾਰੀਖ਼ ਅੱਗੇ ਪਾਉਣ ਦੀ ਬੇਨਤੀ ਨਾ ਕਰ ਗਿਆ ਹੋਵੇ?

ਕੋਈ ਕਾਰਨ ਸੀ, ਜਿਸ ਕਾਰਨ ਜੱਜ ਨੇ ਸੁਣੇ ਜਾਣ ਵਾਲੇ ਮੁਕੱਦਮਿਆਂ ਦੀ ਗਿਣਤੀ ਇੰਨੀ ਲੰਬੀ ਰੱਖੀ ਸੀ।

ਰੀਡਰ ਨੂੰ ਮਿਲ ਕੇ ਰਾਮ ਨਾਥ ਨੂੰ ਤਸੱਲੀ ਹੋਈ। ਅਜਿਹੀ ਕੋਈ ਗੱਲ ਨਹੀਂ ਸੀ। ਬਾਕੀ ਦੇ ਮੁਕੱਦਮਿਆਂ ਵਿਚ ਛੋਟੀ ਮੋਟੀ ਕਾਰਵਾਈ ਬਾਕੀ ਸੀ। ਸਾਰਾ ਕੰਮ ਇਕ ਘੰਟੇ



ਵਿਚ ਨਿਬੜ ਜਾਣਾ ਸੀ।

ਸਾਢੇ ਦਸ ਵੱਜਦਿਆਂ ਹੀ ਮੁਲਜ਼ਮਾਂ ਦੇ ਵਕੀਲ ਇਕ-ਇਕ ਕਰਕੇ ਕਚਹਿਰੀ ਆਉਣ ਲੱਗੇ। ਸਾਰੇ ਵਕੀਲਾਂ ਦੀ ਗਿਣਤੀ ਪੂਰੀ ਹੋਣ ’ਤੇ ਰਾਮ ਨਾਥ ਨੇ ਸੁੱਖ ਦਾ ਸਾਹ ਲਿਆ।

ਗਿਆਰਾਂ ਵਜੇ ਕਮਲ ਕਤਲ ਕੇਸ ਨੂੰ ਅਵਾਜ਼ ਪੈ ਗਈ।

ਜੇਲ੍ਹ ਵਿਚ ਬੰਦ ਚਾਰੇ ਮੁਲਜ਼ਮ, ਸਿਪਾਹੀਆਂ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਗਏ। ਵਕੀਲਾਂ ਦੀਆਂ ਕੁਰਸੀਆਂ ਪਿੱਛੇ ਬੈਂਚਾਂ ਉਪਰ ਬੈਠੇ ਪੰਕਜ ਅਤੇ ਨੀਰਜ ਉਨ੍ਹਾਂ ਮੁਲਜ਼ਮਾਂ ਕੋਲ ਆ ਖੜੋਤੇ।

ਪੰਡਤ ਜ਼ਮਾਨਤ ਉਪਰ ਸੀ। ਉਹ ਹਾਲੇ ਤਕ ਅੰਦਰ ਨਹੀਂ ਸੀ ਆਇਆ।

ਕੁਝ ਮਿੰਟਾਂ ਲਈ ਕਚਹਿਰੀ ਵਿਚ ਖ਼ਾਮੋਸ਼ੀ ਛਾ ਗਈ। ਸਭ ਦੀਆਂ ਨਿਗਾਹਾਂ ਕਚਹਿਰੀ ਦੇ ਪ੍ਰਵੇਸ਼-ਦਵਾਰ ਉਪਰ ਟਿਕ ਗਈਆਂ। ਧੜਕਦੇ ਦਿਲ ਨਾਲ ਜੱਜ, ਅਹਿਲਕਾਰ, ਵਕੀਲ, ਗਵਾਹ ਅਤੇ ਬਾਕੀ ਦੇ ਮੁਲਜ਼ਮ ਪੰਡਿਤ ਦਾ ਇੰਤਜ਼ਾਰ ਕਰਨ ਲੱਗੇ।

“ਤੁਹਾਡਾ ਦੋਸ਼ੀ ਅੱਜ ਕਚਹਿਰੀ ਆਇਆ ਹੈ? ਤੁਹਾਨੂੰ ਬਾਹਰ ਮਿਲਿਆ ਹੈ?”

ਸਾਧੂ ਸਿੰਘ ਦਾ ਮੱਥਾ ਠਨਕ ਚੁੱਕਾ ਸੀ। ਫੇਰ ਵੀ ਸਥਿਤੀ ਸਪੱਸ਼ਟ ਕਰਨ ਲਈ ਉਸਨੇ ਚੌਧਰੀ ਤੋਂ ਪੁੱਛਿਆ।

“ਪਤਾ ਨਹੀਂ ਜਨਾਬ! ਮੈਂ ਘਰੋਂ ਸਿੱਧਾ ਕਚਹਿਰੀ ਵਿਚ ਆ ਗਿਆ। ਕੁਝ ਦੇਰ ਇੰਤਜਾਰ ਕਰਨਾ ਪੈਣਾ ਹੈ। ਲੇਟ ਹੋਣ ਦਾ ਕੋਈ ਖ਼ਾਸ ਕਾਰਨ ਹੋਣੈ।”

“ਹਾਂ, ਸਾਨੂੰ ਉਸ ਲਾਟ ਸਾਹਿਬ ਦਾ ਇੰਤਜਾਰ ਕਰਨਾ ਹੀ ਪੈਣਾ ਹੈ। ਹਾਈ ਕੋਰਟ ਦੀ ਹਦਾਇਤ ਜੋ ਹੋਈ। ਉਸਦਾ ਧਿਆਨ ਰੱਖਣਾ। ਜਦੋਂ ਆਏ ਦੱਸ ਦੇਣਾ। ਮੈਂ ਗਵਾਹੀ ਸ਼ੁਰੂ ਕਰ ਦੇਵਾਂਗਾ।”

ਇਸ ਵਾਰ ਸਾਧੂ ਸਿੰਘ ਮਨ ਨੂੰ ਸਮਝਾ ਕੇ ਆਇਆ ਸੀ। ਮੁਕੱਦਮਾ ਜਿਹੜਾ ਮਰਜ਼ੀ ਮੋੜ ਕੱਟੇ, ਉਹ ਗੁੱਸਾ ਨਹੀਂ ਕਰੇਗਾ। ਫੈਸਲਾ ਜੱਜ ਦੇ ਨਹੀਂ ਮੁਲਜ਼ਮ ਦੇ ਹੱਥ ਸੀ। ਸਾਧੂ ਸਿੰਘ ਨੇ ਥੋੜ੍ਹੀ ਜਿਹੀ ਤੇਜ਼ੀ ਫੜੀ ਤਾਂ ਸ਼ਰਾਰਤੀ ਵਕੀਲ ਨੇ ਉਸਨੂੰ ਝਿੜਕ ਦਿੱਤਾ। ਜੱਜ ਦੀਆਂ ਆਪਣੀਆਂ ਮਜਬੂਰੀਆਂ ਸਨ। ਉਸਨੇ ਮਨਮਾਨੀ ਕੀਤੀ ਤਾਂ ਮੁਲਜ਼ਮਾਂ ਨੇ ਦੋ ਪੈਸੇ ਦੇ ਕਾਰਡ ’ਤੇ ਸ਼ਿਕਾਇਤ ਲਿਖ ਕੇ ਹਾਈ ਕੋਰਟ ਨੂੰ ਭੇਜ ਦੇਣੀ ਸੀ। ਕਿਸੇ ਜੱਜ ਨੇ ਝੱਟ ਅਮਲਾ ਫੈਲਾ ਲੈ ਕੇ ਪੜਤਾਲ ਕਰਨ ਆ ਜਾਣਾ ਸੀ। ਸਾਧੂ ਸਿੰਘ ਦੀ ਖਿਚਾਈ ਹੋਣੀ ਸੀ। ਇਸ ਮੁਕੱਦਮੇ ਨੂੰ ਆਮ ਕੇਸਾਂ ਵਾਂਗ ਕਿਉਂ ਨਹੀਂ ਲਿਆ ਜਾਂਦਾ? ਸਾਧੂ ਸਿੰਘ ਇਸ ਕੇਸ ਨੂੰ ਸਾਧਾਰਨ ਨਹੀਂ ਸੀ ਸਮਝਦਾ। ਇਸ ਕੇਸ ਵਿਚ ਇਕੋ ਸਮੇਂ ਕਈ ਸੰਗੀਨ ਜੁਰਮ ਹੋਏ ਸਨ। ਮੁਦਈ ਪਰਿਵਾਰ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ। ਉਨ੍ਹਾਂ ਦੇ ਜ਼ਖ਼ਮਾਂ ਨੂੰ ਫੌਰੀ ਮਲ੍ਹਮ-ਪੱਟੀ ਦੀ ਜ਼ਰੂਰਤ ਸੀ। ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਜ਼ਾ ਹੋਣੀ ਚਾਹੀਦੀ ਸੀ। ਤਾਂ ਹੀ ਉਨ੍ਹਾਂ ਦੇ ਮਨਾਂ ਨੂੰ ਸਕੂਨ ਮਿਲਣਾ ਸੀ। ਸਾਧੂ ਸਿੰਘ ਇਹੋ ਕਰਨਾ ਚਾਹੁੰਦਾ ਸੀ। ਇਹ ਉਸਦਾ ਫਰਜ਼ ਵੀ ਸੀ। ਪਰ ਮੁਲਜ਼ਮਾਂ ਦੇ ਵਕੀਲਾਂ ਨੂੰ ਸਾਧੂ ਸਿੰਘ ਦਾ ਇਹ ਨਜ਼ਰੀਆ ਪਸੰਦ ਨਹੀਂ ਸੀ। ਕਾਨੂੰਨੀ ਕਲਾਬਾਜ਼ੀਆਂ ਦਾ ਉਹ ਭਰਪੂਰ ਫ਼ਾਇਦਾ ਉਠਾ ਰਹੇ ਸਨ। ਪਿਛਲੀ ਪੇਸ਼ੀ ਉਪਰ ਨਾਲੇ ਉਹ ਗਵਾਹ ਮੋੜਨ ਵਿਚ ਕਾਮਯਾਬ ਹੋ ਗਏ, ਨਾਲੇ ਦੁਆਨੀ ਦੇ ਮੁਲਜ਼ਮ ਲਈ ਲੱਖਾਂ ਰੁਪਏ ਫ਼ੀਸ ਲੈਣ ਵਾਲਾ ਵਕੀਲ ਕਰਵਾ ਗਏ।

ਸਾਧੂ ਸਿੰਘ ਦੀ ਤੀਖਣ ਬੁੱਧੀ ਤਾੜ ਗਈ। ਪੰਡਿਤ ਨੂੰ ਜਾਣ-ਬੁਝ ਕੇ ਗੈਰ-ਹਾਜ਼ਰ

ਕੀਤਾ ਗਿਆ ਹੈ। ਮਕਸਦ ਸਾਫ਼ ਸੀ। ਸਾਧੂ ਸਿੰਘ ਨੂੰ ਦੋ ਤਿੰਨ ਪੇਸ਼ੀਆਂ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਪਾਉਣੀਆਂ ਪੈਣੀਆਂ ਸਨ। ਹਰ ਪੇਸ਼ੀ ਘੱਟੋ ਘੱਟ ਪੰਦਰਾਂ ਦਿਨ ਦੀ ਹੋਣੀ ਸੀ। ਪੰਡਿਤ ਮੁਲਜ਼ਮਾਂ ਦੀ ਕਿਸੇ ਕਿਲ੍ਹੇ ਵਰਗੀ ਫੈਕਟਰੀ ਵਿਚ ਲੁਕਿਆ ਹੋਏਗਾ। ਪੁਲਿਸ ਉਸ ਤਕ ਪੁੱਜ ਨਹੀਂ ਸਕੇਗੀ। ਹਾਰ ਕੇ ਅਦਾਲਤ ਨੂੰ ਉਸਨੂੰ ਇਸ਼ਤਿਹਾਰੀ ਮੁਲਜ਼ਮ ਕਰਾਰ ਦੇਣਾ ਪਏਗਾ। ਇਸ ਕਾਰਵਾਈ ਨੂੰ ਮੁਕੰਮਲ ਕਰਨ ਲਈ ਦੋ ਤਿੰਨ ਮਹੀਨੇ ਹੋਰ ਲੱਗਣਗੇ। ਸਾਧੂ ਸਿੰਘ ਪੂਰਾ ਜ਼ੋਰ ਲਾ ਲਏ ਤਾਂ ਵੀ ਗਵਾਹੀਆਂ ਨੇ ਘੱਟੋ-ਘੱਟ ਛੇ ਮਹੀਨੇ ਲਈ ਲਟਕ ਜਾਣਾ ਸੀ।

ਫੇਰ ਮੁਲਜ਼ਮਾਂ ਨੇ ਕੋਈ ਹੋਰ ਮੋੜ੍ਹੀ ਗੱਡ ਦੇਣੀ ਸੀ। ਫੈਸਲਾ ਉਦੋਂ ਹੋਣਾ ਸੀ, ਜਦੋਂ ਮੁਲਜ਼ਮਾਂ ਨੇ ਚਾਹੁਣਾ ਸੀ। ਮੁਦਈ ਧਿਰ ਦੀ ਕੀ ਚੱਲਣੀ ਸੀ ? ਜੱਜ ਦੀ ਪੇਸ਼ ਨਹੀਂ ਸੀ ਜਾ ਰਹੀ।

ਇਹੋ ਸੋਚ ਕੇ ਸਾਧੂ ਸਿੰਘ ਠੰਡੇ ਦਿਮਾਗ਼ ਤੋਂ ਕੰਮ ਲੈ ਰਿਹਾ ਸੀ।

ਘੰਟੇ ਕੁ ਬਾਅਦ ਸਾਧੂ ਸਿੰਘ ਨੇ ਫੇਰ ਆਪਣੇ ਅਰਦਲੀ ਤੋਂ ਅਵਾਜ਼ ਮਰਵਾਈ। ਅਰਦਲੀ ਪਹਿਲਾਂ ਹੀ ਮੁਲਜ਼ਮ 'ਤੇ ਨਜ਼ਰ ਰੱਖ ਰਿਹਾ ਸੀ। ਉਹ ਹਾਲੇ ਤਕ ਉਸਨੂੰ ਨਜ਼ਰ ਨਹੀਂ ਸੀ ਆਇਆ।

"ਮੇਰਾ ਖ਼ਿਆਲ ਹੈ ਮੁਲਜ਼ਮ ਜਾਣ ਬੁੱਝ ਕੇ ਗੈਰ-ਹਾਜ਼ਰ ਹੋਇਆ ਹੈ। ਹੁਣ ਉਸਦੇ ਆਉਣ ਦੀ ਕੋਈ ਸੰਭਾਵਨਾ ਨਹੀਂ। ਗਵਾਹਾਂ ਨੂੰ ਹਾਲੇ ਭੇਜ ਦਿੰਦੇ ਹਾਂ। ਲੋੜ ਪਈ ਬਾਅਦ ਦੁਪਹਿਰ ਬੁਲਾ ਲਵਾਂਗੇ।"

ਬੁਝੇ ਮਨ ਨਾਲ ਸਾਧੂ ਸਿੰਘ ਨੇ ਮੂੰਹ ਲਟਕਾਈ ਖੜ੍ਹੇ ਰਾਮ ਨਾਥ ਨੂੰ ਅਗਲੀ ਕਾਰਵਾਈ ਸਮਝਾਈ।

ਰਾਮ ਨਾਥ ਨੇ ਅੰਦਰ ਬੈਠ ਕੇ ਕੀ ਕਰਨਾ ਸੀ? ਗਵਾਹਾਂ ਦੇ ਨਾਲ ਉਹ ਵੀ ਬਾਹਰ ਆ ਗਿਆ।

ਅਦਾਲਤ ਦਾ ਸਮਾਂ ਸਮਾਪਤ ਹੋਣ ਤਕ ਕਈ ਵਾਰ ਦੋਸ਼ੀ ਨੂੰ ਹਾਜ਼ਰ ਹੋਣ ਲਈ ਆਵਾਜ਼ਾਂ ਮਾਰਨ ਦੀ ਕਾਰਵਾਈ ਦੁਹਰਾਈ ਗਈ। ਨਾ ਉਸਨੇ ਹਾਜ਼ਰ ਹੋਣਾ ਸੀ, ਨਾ ਉਹ ਹਾਜ਼ਰ ਹੋਇਆ।

ਸਾਧੂ ਸਿੰਘ ਨੇ ਹੋਈ ਪ੍ਰੇਸ਼ਾਨੀ ਲਈ ਗਵਾਹਾਂ ਤੋਂ ਮੁਆਫ਼ੀ ਮੰਗੀ।

ਸਫ਼ਾਈ ਧਿਰ ਨੇ ਇਕੋ ਅਸਤਰ ਨਾਲ ਇਕੱਠਾ ਛੇ ਮਹੀਨੇ ਦਾ ਸਮਾਂ ਫੁੰਡ ਲਿਆ ਸੀ। ਬੜੀ ਚਲਾਕੀ ਨਾਲ ਉਨ੍ਹਾਂ ਨੇ ਫੈਸਲਾ ਅਗਲੇ ਜੱਜ ਦੇ ਆਉਣ ਤਕ ਟਾਲ ਲਿਆ ਸੀ।

ਦੋਬਾਰਾ ਗਵਾਹੀਆਂ ਵਾਲੀ ਪੇਸ਼ੀ ਪਤਾ ਨਹੀਂ ਕਦੋਂ ਆਏਗੀ ?

ਗਵਾਹਾਂ ਨਾਲ ਰਿਆਇਤ ਕੀਤੀ ਗਈ। ਉਨ੍ਹਾਂ ਨੂੰ ਤਦ ਤਕ ਅਦਾਲਤ ਆਉਣੋਂ ਛੋਟ ਦਿੱਤੀ ਗਈ।

ਖਾਲੀ ਹੱਥ ਮੁੜਦੇ ਰਾਮ ਨਾਥ ਨੂੰ ਇਕ ਵਾਰ ਫੇਰ ਪਹਿਲੀ ਚਿੰਤਾ ਸਤਾਉਣ ਲਗੀ।



# -105-

ਪੰਡਿਤ ਨੂੰ ਗੈਰ-ਹਾਜ਼ਰ ਕਰਦੇ ਸਮੇਂ ਨੰਦ ਲਾਲ ਨੇ ਹਿਸਾਬ ਲਾਇਆ ਸੀ। ਉਸਨੂੰ ਇਸ਼ਤਿਹਾਰੀ ਮੁਜਰਮ ਬਣਦੇ-ਬਣਦੇ ਇਕ ਸਾਲ ਲੱਗ ਜਾਣਾ ਸੀ।

ਮੁਕੱਦਮੇ ਨੂੰ ਦੁਬਾਰਾ ਗਵਾਹੀ 'ਤੇ ਲਾਉਣ ਤੋਂ ਪਹਿਲਾਂ ਅਦਾਲਤ ਨੂੰ ਵੀਹ ਕਾਰਵਾਈਆਂ ਕਰਨੀਆਂ ਪੈਣੀਆਂ ਸਨ। ਪੰਡਿਤ ਦੇ ਜ਼ਮਾਨਤੀ ਨੂੰ ਤਲਬ ਕੀਤਾ ਜਾਣਾ ਸੀ। ਉਸ ਨੂੰ ਦੋਸ਼ੀ ਨੂੰ ਪੇਸ਼ ਕਰਨ ਲਈ ਦੋ ਤਿੰਨ ਮੌਕੇ ਦੇਣੇ ਪੈਣੇ ਸਨ। ਫੇਰ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣੇ ਸਨ। ਵਾਰੰਟਾਂ ਦੀ ਤਾਮੀਲ ਲਈ ਪੁਲਿਸ ਨੇ ਉਸ ਦੀਆਂ ਛੁਪਣ ਵਾਲੀਆਂ ਥਾਵਾਂ 'ਤੇ ਛਾਪੇ ਮਾਰਨੇ ਸਨ। ਥੱਕ ਹਾਰ ਕੇ ਉਨ੍ਹਾਂ ਰਿਪੋਰਟ ਕਰਨੀ ਸੀ। 'ਪੰਡਤ ਦੇ ਮਿਲਣ ਦੇ ਕੋਈ ਆਸਾਰ ਨਹੀਂ।' ਫੇਰ ਪੰਡਿਤ ਨੂੰ ਪੇਸ਼ ਹੋਣ ਲਈ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਣਾ ਸੀ। ਇਸ ਇਸ਼ਤਿਹਾਰ ਨੂੰ ਪੰਡਿਤ ਦੇ ਦਰਵਾਜ਼ੇ ਅੱਗੇ ਚਿਪਕਾਉਣ ਲਈ ਇਕ ਸਿਪਾਹੀ ਨੂੰ ਬਾਹਰ ਜਾਣਾ ਪੈਣਾ ਸੀ। ਫੇਰ ਕਾਰਵਾਈ ਮੁਕੰਮਲ ਹੋਣੀ ਸੀ।

ਨੰਦ ਲਾਲ ਜੇ ਹਰ ਕਾਰਵਾਈ ਵਿਚ ਇਕ ਇਕ ਰੋੜਾ ਅਟਕਾਏ ਤਾਂ ਕਾਰਵਾਈ ਨੇ ਦੁਗਣਾ ਸਮਾਂ ਖਾ ਲੈਣਾ ਸੀ। ਕਦੇ ਜ਼ਾਮਨ ਦੀ ਤਾਮੀਲ ਟਾਲੀ ਜਾਣੀ ਸੀ, ਕਦੇ ਬਿਹਾਰ ਜਾਣ ਵਾਲੇ ਸਿਪਾਹੀ ਨੂੰ ਰਾਹ ਵਿਚ ਰੋਕਿਆ ਜਾਣਾ ਸੀ। ਕਦੇ ਵਾਰੰਟ ਗੁੰਮ ਹੋਣੇ ਸਨ ਅਤੇ ਕਦੇ ਇਸ਼ਤਿਹਾਰ।

ਪਰ ਪੰਡਿਤ ਨੂੰ ਭਗੌੜਾ ਕਰਾਰ ਦਿੱਤੇ ਜਾਣ ਵਾਲੀ ਕਾਰਵਾਈ ਵਿਚ ਨੰਦ ਲਾਲ ਦੀ ਇਕ ਨਾ ਚੱਲੀ। ਇਕ ਤਾਂ ਜੱਜ ਵਕੀਲਾਂ ਦੀ ਚਲਾਕੀ 'ਤੇ ਖਿਝਿਆ ਹੋਇਆ ਸੀ। ਉਸਨੂੰ ਪਤਾ ਸੀ ਮੁਲਜ਼ਮ ਨੂੰ ਜਾਣ ਬੁਝ ਕੇ ਗੈਰ-ਹਾਜ਼ਰ ਕੀਤਾ ਗਿਆ ਸੀ। ਦੂਜਾ ਸੋਸਾਇਟੀ ਕਿਸੇ ਕਾਗਜ਼ ਨੂੰ ਰੁਕਣ ਨਹੀਂ ਸੀ ਦੇ ਰਹੀ। ਤੀਜਾ ਇਹ ਕਾਰਵਾਈ ਗੈਰ-ਹਾਜ਼ਰ ਮੁਲਜ਼ਮ ਅਤੇ ਜੱਜ ਵਿਚਕਾਰ ਚੱਲ ਰਹੀ ਸੀ। ਨੰਦ ਲਾਲ ਨੂੰ ਇਸ ਕਾਰਵਾਈ ਵਿਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਸੀ।

ਸਾਲ ਵਿਚ ਮੁੱਕਣ ਵਾਲੀ ਕਾਰਵਾਈ ਚਾਰ ਮਹੀਨੇ ਵਿਚ ਮੁੱਕ ਗਈ।

ਸਾਧੂ ਸਿੰਘ ਦੇ ਹਾਲੇ ਵੀ ਚਾਰ ਮਹੀਨੇ ਬਾਕੀ ਸਨ। ਉਹ ਚਾਹੇ ਤਾਂ ਇੰਨੇ ਸਮੇਂ ਵਿਚ ਮੁਲਜ਼ਮਾਂ ਨੂੰ ਫਾਹੇ ਲਾ ਸਕਦਾ ਸੀ।

ਮੁਕੱਦਮੇ ਦੇ ਦੁਬਾਰਾ ਗਵਾਹੀਆਂ ਤੇ ਆ ਜਾਣ 'ਤੇ ਨੀਰਜ ਹੋਰਾਂ ਨੂੰ ਫ਼ਿਕਰ ਹੋਣ ਲੱਗਾ।

ਨੰਦ ਲਾਲ ਦਾ ਤਰਕਸ਼ ਇੰਨਾ ਗਰੀਬ ਨਹੀਂ ਸੀ। ਪਰ ਜੱਜ ਨੂੰ ਬਿਨਾਂ ਮਤਲਬ ਖਿਝਾਉਣਾ ਠੀਕ ਨਹੀਂ ਸੀ। ਬਾਕੀ ਦੇ ਚਾਰੇ ਮੁੱਖ ਦੋਸ਼ੀ ਜੇਲ੍ਹ ਵਿਚ ਸਨ। ਪੰਕਜ ਜਾਂ ਨੀਰਜ ਵਿਚੋਂ ਜੇ ਕਿਸੇ ਨੂੰ ਗੈਰ-ਹਾਜ਼ਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਕੁਝ ਦਿਨਾਂ ਲਈ ਜੇਲ੍ਹ ਦੀ ਹਵਾ ਖਾਣੀ ਪੈਣੀ ਸੀ। ਕਈ ਵਾਰ ਇਕ ਦੋ ਦਿਨਾਂ ਲਈ ਅੰਦਰ ਗਿਆ ਮੁਲਜ਼ਮ ਫੈਸਲੇ ਤਕ ਬਾਹਰ ਆਉਣ ਨੂੰ ਤਰਸਦਾ ਰਹਿ ਜਾਂਦਾ ਹੈ। ਨੰਦ ਲਾਲ ਕੋਈ ਜ਼ੋਖ਼ਮ ਲੈਣ ਨੂੰ ਤਿਆਰ ਨਹੀਂ ਸੀ। ਮੁਕੱਦਮਾ ਲਟਕਾਉਣ ਦੇ ਬਹੁਤ ਮੌਕੇ ਆਉਣੇ ਸਨ। ਤੀਹ ਗਵਾਹਾਂ ਨੇ ਗਵਾਹੀ ਦੇਣ ਆਉਣਾ ਸੀ। ਨੰਦ ਲਾਲ ਨੇ ਕਦੇ ਡਾਕਟਰ ਕੋਲੋਂ ਦਰਖ਼ਾਸਤ ਭਿਜਵਾ ਦੇਣੀ ਸੀ। ਉਹ ਐਮਰਜੈਂਸੀ ਮਰੀਜ਼ਾਂ ਨੂੰ ਦੇਖ ਰਿਹਾ ਸੀ। ਉਸਦਾ ਅਦਾਲਤ ਆਉਣਾ

ਸੰਭਵ ਨਹੀਂ ਸੀ। ਕਦੇ ਉਸਨੇ ਥਾਣੇਦਾਰ ਤੋਂ ਵਾਇਰਲੈਸ ਕਰਵਾ ਦੇਣੀ ਸੀ। ਉਹ ਮੁੱਖ-ਮੰਤਰੀ ਨਾਲ ਬਾਹਰ ਜਾ ਰਿਹਾ ਸੀ। ਅਦਾਲਤ ਨਾਲੋਂ ਮੁੱਖ-ਮੰਤਰੀ ਦੀ ਸੁਰੱਖਿਆ ਜ਼ਿਆਦਾ ਅਹਿਮ ਸੀ। ਫੇਰ ਮੁਲਜ਼ਮਾਂ ਨੂੰ ਸਫ਼ਾਈ ਦਾ ਮੌਕਾ ਮਿਲਣਾ ਸੀ। ਸਫ਼ਾਈ ਵਿਚ ਉਨ੍ਹਾਂ ਨੇ ਅਸਕਾਰਟ ਹਸਪਤਾਲ ਦੇ ਡਾਕਟਰ ਅਤੇ ਐਮ.ਪੀ. ਨੂੰ ਭੁਗਤਾਉਣਾ ਸੀ। ਅਜਿਹੇ ਅਹਿਮ ਵਿਅਕਤੀ ਸਫ਼ਾਈ ਧਿਰ ਦੇ ਜ਼ੋਰ ਲਾਉਣ 'ਤੇ ਨਹੀਂ ਆਉਂਦੇ। ਆਪੇ ਉਨ੍ਹਾਂ ਨੇ ਕਦੋਂ ਆਉਣਾ ਸੀ।

ਚਾਰ ਮਹੀਨੇ ਟਪਾਉਣੇ ਨੰਦ ਲਾਲ ਲਈ ਕੋਈ ਮੁਸ਼ਕਲ ਨਹੀਂ ਸੀ।

ਜੇ ਕੋਈ ਵੀ ਵੱਸ ਨਾ ਚਲਿਆ ਤਾਂ ਨੰਦ ਲਾਲ ਨੇ ਬ੍ਰਹਮ-ਅਸਤਰ ਕੱਢ ਲੈਣਾ ਸੀ। ਪੰਡਿਤ ਨੂੰ ਇਸੇ ਮੌਕੇ ਲਈ ਇਸ਼ਤਿਹਾਰੀ ਮੁਲਜ਼ਮ ਬਣਵਾਇਆ ਗਿਆ ਸੀ। ਫੈਸਲੇ ਵਾਲੇ ਦਿਨ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ। ਉਸ ਦੇ ਪੇਸ਼ ਹੁੰਦਿਆਂ ਹੀ ਸੱਪ-ਸੀੜ੍ਹੀ ਵਾਲੀ ਲੁੱਡੋ ਵਾਂਗ ਨੜਿਨਵੇਂ ਦੇ ਹਿੰਦਸੇ 'ਤੇ ਪੁੱਜੀ ਗੋਟੀ ਨੇ ਮੁੜ ਜ਼ੀਰੋ 'ਤੇ ਆ ਡਿੱਗਣਾ ਸੀ। ਪਹਿਲੇ ਗਵਾਹ ਤੋਂ ਲੈ ਕੇ ਸਾਰੀ ਕਾਰਵਾਈ ਫੇਰ ਦੁਹਰਾਈ ਜਾਣੀ ਸੀ।

ਨੰਦ ਲਾਲ ਦੀ ਗਾਰੰਟੀ ਸੀ। ਫੈਸਲਾ ਸਾਧੂ ਸਿੰਘ ਦੀ ਕਲਮ ਤੋਂ ਨਹੀਂ ਹੋਏਗਾ। ਪਰ ਇਹ ਕੀ ਗਾਰੰਟੀ ਸੀ ਕਿ ਸਾਧੂ ਸਿੰਘ ਦੀ ਥਾਂ ਆਉਣ ਵਾਲਾ ਜੱਜ ਸਾਧੂ ਸਿੰਘ ਵਰਗਾ ਨਹੀਂ ਹੋਏਗਾ। ਬਥੇਰੇ ਜੱਜ ਸਨ, ਜਿਹੜੇ ਪੈਸੇ ਦੇ ਜਾਲ ਵਿਚ ਨਹੀਂ ਫਸਦੇ। ਕਈਆਂ ਨੂੰ ਅਮੀਰ ਮੁਲਜ਼ਮਾਂ ਨੂੰ ਬਰੀ ਕਰਦੇ ਸਮੇਂ ਹੋਣ ਵਾਲੀ ਬਦਨਾਮੀ ਤੋਂ ਡਰ ਲੱਗਣਾ ਸੀ। ਡਰ ਡਰ ਵਿਚ ਉਨ੍ਹਾਂ ਨੇ ਪੰਕਜ ਹੋਰਾਂ ਨੂੰ ਸਜ਼ਾ ਸੁਣਾ ਦੇਣੀ ਸੀ। ਕਈਆਂ ਨੇ ਜੁਰਮ ਦੀ ਸੰਗੀਨਤਾ ਨੂੰ ਦੇਖਦੇ ਹੋਏ ਆਪਣੇ ਇਖਲਾਕੀ ਫਰਜ਼ ਤਹਿਤ ਉਨ੍ਹਾਂ ਨੂੰ ਫਾਹੇ ਲਾ ਦੇਣਾ ਸੀ।

ਮਰਜ਼ੀ ਦਾ ਜੱਜ ਲਿਆਉਣ ਲਈ ਹੁਣੇ ਤੋਂ ਯਤਨ ਆਰੰਭ ਹੋਣੇ ਚਾਹੀਦੇ ਸਨ।

ਨੰਦ ਲਾਲ ਦੀ ਨਜ਼ਰ ਵਿਚ ਕੁਝ ਅਜਿਹੇ ਜੱਜ ਸਨ ਜਿਹੜੇ ਉਪਰੋਂ ਈਮਾਨਦਾਰ ਨਜ਼ਰ ਆਉਂਦੇ ਸਨ, ਪਰ ਅੰਦਰੋਂ ਕਾਲੇ ਨਾਗ ਸਨ। ਉਹ ਪੈਸੇ ਲੈਂਦੇ ਸਨ ਪਰ ਕੜੀ ਵਿਚਾਰ ਕੇ। ਪੱਕਿਆ ਫਲ ਖਾਂਦੇ ਸਨ। ਮਿਸਲ ਦਾ ਢਿੱਡ ਵੀ ਭਰਦੇ ਸਨ ਅਤੇ ਆਪਣਾ ਵੀ। ਅਜਿਹੇ ਜੱਜਾਂ ਨੂੰ ਪੰਕਜ ਹੋਰਾਂ ਨੂੰ ਬਰੀ ਕਰਨ ਵਿਚ ਕੋਈ ਦਿੱਕਤ ਪੇਸ਼ ਨਹੀਂ ਆਉਣੀ। ਕੇਸ ਖਾਮੀਆਂ ਨਾਲ ਭਰਿਆ ਪਿਆ ਸੀ। ਜੇ ਉਨ੍ਹਾਂ ਵਿਚੋਂ ਕੋਈ ਜੱਜ ਸਾਧੂ ਸਿੰਘ ਦੀ ਥਾਂ ਆ ਗਿਆ ਤਾਂ ਫੈਸਲਾ ਨੰਦ ਲਾਲ ਦੀ ਮਰਜ਼ੀ ਅਨੁਸਾਰ ਹੋਣਾ ਸੀ।

ਪਰ ਮਰਜ਼ੀ ਦਾ ਜੱਜ ਆਏਗਾ ਕਿਸ ਤਰ੍ਹਾਂ? ਮਾਇਆ ਨਗਰ ਵਿਚ ਤਾਂ ਕਿਸੇ ਚਪੜਾਸੀ ਦੀ ਬਦਲੀ ਕਰਾਉਣੀ ਔਖੀ ਹੋ ਜਾਂਦੀ ਹੈ। ਇਹ ਐਡੀਸ਼ਨਲ ਸੈਸ਼ਨ ਜੱਜ ਦੀ ਨਿਯੁਕਤੀ ਦਾ ਮਾਮਲਾ ਸੀ।

ਇਸ ਦਾ ਹੱਲ ਵੀ ਨੰਦ ਲਾਲ ਕੋਲ ਸੀ।

ਹਾਈ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਹਜਾਰੀ ਲਾਲ ਦੀ ਤਰੱਕੀ ਹੋਣ ਵਾਲੀ ਸੀ। ਉਸਦਾ ਰਿਕਾਰਡ ਬਹੁਤਾ ਵਧੀਆ ਨਹੀਂ ਸੀ। ਇਹ ਰਿਕਾਰਡ ਉਸਦੀ ਤਰੱਕੀ ਵਿਚ ਰੋੜਾ ਨਹੀਂ ਸੀ ਬਣ ਰਿਹਾ ਪਰ ਉਸਨੂੰ ਇਸੇ ਹਾਈ ਕੋਰਟ ਦਾ ਚੀਫ਼ ਜਸਟਿਸ ਬਣਨ ਤੋਂ ਰੋਕ ਰਿਹਾ ਸੀ। ਹਜਾਰੀ ਲਾਲ ਆਪਣੇ ਘਰ ਵਿਚ ਰਹਿ ਕੇ ਸਰਦਾਰੀ ਕਰਨਾ ਚਾਹੁੰਦਾ ਸੀ। ਇਨ੍ਹੀਂ ਦਿਨੀਂ ਉਹ ਸਾਬਕਾ ਐਮ.ਪੀ. ਸ਼ੁਕਲਾ ਸਾਹਿਬ ਦੀ ਕੋਠੀ ਦੇ ਗੇੜੇ ਕੱਟ ਰਿਹਾ



ਸੀ। ਸਾਬਕਾ ਐਮ.ਪੀ. ਖ਼ੁਦ ਕੇਂਦਰ ਵਿਚ ਕਾਨੂੰਨ ਮੰਤਰੀ ਰਿਹਾ ਸੀ। ਮੌਜੂਦਾ ਕੇਂਦਰੀ ਮੰਤਰੀ ਉਸਦੀ ਪਾਰਟੀ ਦਾ ਤਾਂ ਸੀ ਹੀ, ਉਸਦਾ ਜਮਾਤੀ ਵੀ ਸੀ। ਸ਼ੁਕਲੇ ਨੇ ਹਜਾਰੀ ਲਾਲ ਦਾ ਕੰਮ ਕਰਵਾ ਦੇਣਾ ਸੀ, ਇਸ ਦਾ ਨੰਦ ਲਾਲ ਨੂੰ ਪਤਾ ਸੀ। ਅਹਿਸਾਨ ਹੇਠ ਦਬੇ ਚੀਫ਼ ਨੇ ਸ਼ੁਕਲਾ ਦੇ ਇਸ਼ਾਰੇ 'ਤੇ ਨੱਚਣਾ ਸੀ। ਦੂਰ ਦੀ ਸੋਚ ਕੇ ਪੰਕਜ ਹੋਰਾਂ ਨੂੰ ਹੁਣੇ ਤੋਂ ਸ਼ੁਕਲੇ ਦੇ ਲੜ ਲਗ ਜਾਣਾ ਚਾਹੀਦਾ ਸੀ। ਆਪਣੇ ਅਤੇ ਆਪਣੇ ਰਿਸ਼ਤੇਦਾਰਾਂ ਦੇ ਕੇਸ ਹੁਣੇ ਤੋਂ ਸ਼ੁਕਲਾ ਨੂੰ ਭੇਜਣੇ ਸ਼ੁਰੂ ਕਰ ਦੇਣੇ ਚਾਹੀਦੇ ਸਨ। ਬਾਕੀ ਨੰਦ ਲਾਲ ਜਾਣੇ, ਉਸ ਦਾ ਕੰਮ ਜਾਣੇ।

ਨਵੀਂ ਯੋਜਨਾ ਤਹਿਤ ਵਕੀਲਾਂ ਨੇ ਮਤਾ ਪਕਾਇਆ। ਹੁਣ ਸਾਧੂ ਸਿੰਘ ਤੋਂ ਡਰਨ ਦੀ ਜ਼ਰੂਰਤ ਨਹੀਂ। ਪੂਰਾ ਜ਼ੋਰ ਲਾ ਕੇ ਵੀ ਉਹ ਮੁਕੱਦਮੇ ਨੂੰ ਫੈਸਲੇ ਤਕ ਨਹੀਂ ਲਿਜਾ ਸਕਦਾ।

ਨਵੇਂ ਜੱਜ ਦੇ ਆਉਣ ਤਕ ਮੁਕੱਦਮਾ ਫੈਸਲੇ ਲਈ ਤਿਆਰ ਹੋਣਾ ਚਾਹੀਦਾ ਹੈ। ਨਵੇਂ ਜੱਜ ਦੇ ਕੰਮ ਦਾ ਆਗਾਜ਼ ਉਨ੍ਹਾਂ ਨੂੰ ਬਰੀ ਕਰਨ ਤੋਂ ਹੋਣਾ ਚਾਹੀਦਾ ਹੈ।

ਇਹ ਸੋਚ ਕੇ ਸਫ਼ਾਈ ਧਿਰ ਨੇ ਅਗਲੀ ਪੇਸ਼ੀ 'ਤੇ ਗਵਾਹ ਭੁਗਤਾਉਣ ਲਈ ਕਮਰਕੱਸੇ ਕੱਸ ਲਏ।

## -106-

ਸਫ਼ਾਈ ਧਿਰ ਦੀਆਂ ਚਾਲਾਂ ਤੇ ਮੁਦਈ ਧਿਰ ਨੇ ਤਾਂ ਦੁਖੀ ਹੋਣਾ ਹੀ ਸੀ, ਜੱਜ ਵੀ ਨਿਹੱਥਾ ਮਹਿਸੂਸ ਕਰ ਰਿਹਾ ਸੀ।

ਆਪਣਾ ਪੂਰਾ ਜ਼ੋਰ ਲਾ ਕੇ ਉਸਨੇ ਮੁਲਜ਼ਮ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਚਾਰ ਮਹੀਨੇ ਵਿਚ ਮੁਕਾਈ ਸੀ। ਪਰ ਉਸਨੂੰ ਅਗਲੀ ਕਾਰਵਾਈ ਸ਼ੁਰੂ ਹੋਣ ਦੀ ਉੱਕਾ ਹੀ ਆਸ ਨਹੀਂ ਸੀ।

ਪਿਛਲੀਆਂ ਪੇਸ਼ੀਆਂ 'ਤੇ ਗਵਾਹਾਂ ਦੀ ਡਾਰ ਹਾਜ਼ਰ ਹੁੰਦੀ ਰਹੀ ਸੀ। ਗਵਾਹਾਂ ਨੂੰ ਬੇਰੰਗ ਮੋੜ ਕੇ ਉਸਨੂੰ ਸ਼ਰਮਿੰਦਗੀ ਮਹਿਸੂਸ ਹੁੰਦੀ ਸੀ।

ਮੁਕੱਦਮੇ ਦੇ ਪਿਛੋਕੜ ਨੂੰ ਧਿਆਨ ਵਿਚ ਰੱਖਦੇ ਹੋਏ ਜੱਜ ਨੇ ਇਸ ਵਾਰ ਸੁਣਵਾਈ ਦੋ ਦਿਨ ਨਹੀਂ ਸੀ ਰੱਖੀ। ਸੁਣਵਾਈ ਲਈ ਇਕ ਦਿਨ ਖਾਲੀ ਰੱਖਿਆ ਸੀ। ਪਹਿਲਾਂ ਵਾਂਗ ਸਾਰੇ ਗਵਾਹ ਵੀ ਤਲਬ ਨਹੀਂ ਸਨ ਕੀਤੇ। ਕੇਵਲ ਚਸ਼ਮਦੀਦ ਗਵਾਹ ਬੁਲਾਏ ਗਏ ਸਨ।

ਦੋਸ਼ੀਆਂ ਉਪਰ ਕਤਲ ਦੇ ਨਾਲ ਨਾਲ ਬਲਾਤਕਾਰ ਦਾ ਵੀ ਦੋਸ਼ ਸੀ। ਬਲਾਤਕਾਰ ਕੇਸ ਦੀ ਸੁਣਵਾਈ ਕਰਦੇ ਸਮੇਂ ਸਾਧੂ ਸਿੰਘ ਨੂੰ ਬੁਖ਼ਾਰ ਚੜ੍ਹਨ ਲਗਦਾ ਸੀ। ਉਹ ਆਪਣੇ ਆਪ ਨੂੰ ਕੌਰਵ ਸਭਾ ਦਾ ਮੁਖੀ ਮਹਿਸੂਸ ਕਰਨ ਲਗਦਾ ਸੀ। ਇਕ ਮਾਸੂਮ ਕੁੜੀ ਨੂੰ ਵਕੀਲ ਨੇ ਸ਼ਬਦ-ਬਾਣਾਂ ਰਾਹੀਂ ਨਿਰਵਸਤਰ ਕਰਨਾ ਸੀ। ਮਰਿਆਦਾ ਵਿਚ ਬੰਨ੍ਹੇ ਜੱਜ ਨੇ ਨਾ ਚਾਹੁੰਦੇ ਹੋਏ ਵੀ ਮੂਕ ਦਰਸ਼ਕ ਬਣ ਕੇ ਰਹਿ ਜਾਣਾ ਸੀ।

ਪੰਡਿਤ ਪਰਮਾਨੰਦ ਨੇ ਨੇਹਾ ਨੂੰ ਮਾਇਆ ਨਗਰ ਵੱਲ ਤੁਰਨ ਤੋਂ ਪਹਿਲਾਂ ਛੋਟਾ ਜਿਹਾ ਉਪਦੇਸ਼ ਦਿੱਤਾ ਸੀ। ਅਦਾਲਤ ਉਸ ਲਈ ਕੁਰੂਕਸ਼ੇਤਰ ਦਾ ਮੈਦਾਨ ਸੀ। ਨੇਹਾ ਨੇ ਹੁੰਦੇ ਚੀਰ ਹਰਨ ਤੋਂ ਡਰ ਕੇ ਰਹਿਮ ਦੀ ਪੁਕਾਰ ਨਹੀਂ ਸੀ ਕਰਨੀ। ਉਸਨੇ ਅਰਜਨ

ਬਣਕੇ ਗਵਾਹੀ ਵਾਲੇ ਤੀਰ ਕੌਰਵਾਂ ਵੱਲ ਸੁੱਟਣੇ ਸਨ। ਇਨ੍ਹਾਂ ਤੀਰਾਂ ਨੇ ਮੁਲਜ਼ਮਾਂ ਲਈ ਫਾਂਸੀ ਦਾ ਫੰਦਾ ਬਨਣਾ ਸੀ।

ਨੇਹਾ ਨੇ ਗਵਾਹੀ ਦੇ ਨਾਲ-ਨਾਲ ਪੰਡਿਤ ਜੀ ਦੇ ਉਪਦੇਸ਼ ਨੂੰ ਰੱਟਾ ਲਾ ਰੱਖਿਆ ਸੀ। ਮੌਕਾ ਮਿਲਦੇ ਹੀ ਉਸਨੇ ਆਪਣੇ ਵੀਰ ਦੇ ਕਾਤਲਾਂ ਉਪਰ ਰਾਣੀ ਝਾਂਸੀ ਬਣਕੇ ਝਪਟਣਾ ਸੀ।

ਬਲਾਤਕਾਰ ਦਾ ਦੋਸ਼ ਹੋਣ ਕਾਰਨ ਅਦਾਲਤ ਦੀ ਕਾਰਵਾਈ ਬੰਦ ਕਮਰੇ ਵਿਚ ਹੋਣੀ ਸੀ। ਜੱਜ, ਸਰਕਾਰੀ ਵਕੀਲ, ਗਵਾਹ, ਦੋਸ਼ੀ ਅਤੇ ਦੋਸ਼ੀਆਂ ਦੇ ਵਕੀਲਾਂ ਤੋਂ ਇਲਾਵਾ ਹੋਰ ਕਿਸੇ ਨੂੰ ਅਦਾਲਤ ਵਿਚ ਖੜ੍ਹਨ ਦੀ ਇਜਾਜ਼ਤ ਨਹੀਂ ਸੀ ਹੋਣੀ।

ਆਵਾਜ਼ ਪੈਣ 'ਤੇ ਨੇਹਾ ਗਵਾਹਾਂ ਵਾਲੇ ਕਟਹਿਰੇ ਵਿਚ ਆ ਖੜੋਤੀ।

ਜੱਜ ਨੂੰ ਗਵਾਹੀ ਸ਼ੁਰੂ ਹੋਣ ਦਾ ਯਕੀਨ ਨਹੀਂ ਸੀ। ਤਸੱਲੀ ਕਰਨ ਲਈ ਉਸਨੇ ਵਕੀਲਾਂ ਕੋਲੋਂ ਪੁੱਛਿਆ :

"ਗਵਾਹੀ ਸ਼ੁਰੂ ਕਰੀਏ?"

"ਜੀ ਜਨਾਬ!" ਸਾਰੇ ਵਕੀਲਾਂ ਨੇ ਲਗਭਗ ਇਕੋ ਸਮੇਂ ਹੁੰਗਾਰਾ ਭਰਿਆ।

ਕਹਿਣ ਲਈ ਸੁਣਵਾਈ ਬੰਦ ਕਮਰੇ ਵਿਚ ਹੋ ਰਹੀ ਸੀ। ਪਰ ਅਦਾਲਤ ਤਮਾਸ਼-ਬੀਨਾਂ ਨਾਲ ਭਰੀ ਹੋਈ ਸੀ। ਛੇ ਦੋਸ਼ੀ ਅਤੇ ਉਨ੍ਹਾਂ ਦੇ ਛੇ ਵਕੀਲ ਇਕ ਪਾਸੇ ਖੜ੍ਹੇ ਸਨ। ਸੀਨੀਅਰ ਵਕੀਲਾਂ ਦੀ ਸਹਾਇਤਾ ਲਈ ਦੋ ਜੂਨੀਅਰ ਵਕੀਲ ਅਤੇ ਤਿੰਨ ਮੁਨਸ਼ੀਆਂ ਨੂੰ ਅੰਦਰ ਰਹਿਣ ਦੀ ਇਜਾਜ਼ਤ ਮਿਲ ਗਈ। ਮੁਲਜ਼ਮ ਧਿਰ ਵੱਲ ਕੁੱਲ ਮਿਲਾ ਕੇ ਸਤਾਰਾਂ ਬੰਦੇ ਖੜੇ ਸਨ।

ਮੁਦਈ ਧਿਰ ਦਾ ਪਲੜਾ ਹਲਕਾ ਸੀ। ਸਰਕਾਰੀ ਵਕੀਲ ਅਤੇ ਹਰੀਸ਼ ਰਾਏ ਮੁਦਈ ਧਿਰ ਦੇ ਵਕੀਲ ਸਨ। ਰਾਮ ਨਾਥ ਖ਼ੁਦ ਹੀ ਬਾਹਰ ਚਲਿਆ ਗਿਆ ਸੀ। ਉਸ ਦੀ ਧੀਆਂ ਵਰਗੀ ਭਾਣਜੀ ਨੂੰ ਛੇ ਵਕੀਲਾਂ ਦੀ ਜਿਰ੍ਹਾ ਦੇ ਚਾਕੂਆਂ ਵਰਗੇ ਵਾਰ ਸਹਿਣੇ ਪੈਣੇ ਸਨ। ਕੁਝ ਸਵਾਲ ਅਸਭਿਆ ਅਤੇ ਭੱਦੇ ਹੋਣੇ ਸਨ। ਰਾਮ ਨਾਥ ਦੀ ਹਾਜ਼ਰੀ ਵਿਚ ਨੇਹਾ ਨੂੰ ਅਜਿਹੇ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਪ੍ਰੇਸ਼ਾਨੀ ਹੋਣੀ ਸੀ।

ਸਰਕਾਰੀ ਵਕੀਲ ਦੀ ਮਦਦ ਲਈ ਇਕ ਨਾਇਬ ਕੋਰਟ ਸੀ, ਜਿਹੜਾ ਮਿਸਲ ਦੇ ਨਾਲ-ਨਾਲ ਪੇਸ਼ ਹੋਣ ਵਾਲੇ ਮਾਲ-ਮੁਕੱਦਮੇ ਨੂੰ ਸੰਭਾਲ ਰਿਹਾ ਸੀ।

ਗਵਾਹੀ ਸ਼ੁਰੂ ਹੋਣ ਤੋਂ ਪਹਿਲਾਂ ਨੇਹਾ ਨੂੰ ਸੱਚ ਬੋਲਣ ਲਈ ਧਰਮ ਦੀ ਸਹੁੰ ਖਵਾਈ ਗਈ।

ਸਹੁੰ ਖਾ ਕੇ ਨੇਹਾ ਵਾਪਰੀ ਘਟਨਾ ਦਾ ਵੇਰਵਾ ਦੇਣ ਲੱਗੀ।

ਦੀਪ ਨਗਰ ਮੁਹੱਲੇ ਦੀ ਗਲੀ ਨੰਬਰ ਚਾਰ ਵਿਚ ਉਨ੍ਹਾਂ ਦਾ ਘਰ ਸੀ। ਛੋਟਾ ਜਿਹਾ ਪਰਿਵਾਰ ਤੀਆਂ ਵਰਗੇ ਦਿਨ ਬਿਤਾਅ ਰਿਹਾ ਸੀ। ਕਮਲ ਯੂਨੀਵਰਸਿਟੀ ਵਿਚ ਐਮ.ਬੀ.ਏ. ਕਰ ਰਿਹਾ ਸੀ...।

ਕਮਲ ਦਾ ਨਾਂ ਜ਼ੁਬਾਨ 'ਤੇ ਆਉਂਦੇ ਹੀ ਨੇਹਾ ਦਾ ਗੱਚ ਭਰ ਗਿਆ। ਉਸਦੀ ਜ਼ੁਬਾਨ ਤਾਲੂਏ ਨਾਲ ਲੱਗ ਗਈ। ਅੱਖਾਂ ਨਮ ਹੋ ਗਈਆਂ। ਕੁਝ ਦੇਰ ਲਈ ਉਹ ਠਠੰਬਰੀ। ਝੱਟ ਉਸ ਨੂੰ ਪੰਡਿਤ ਪਰਮਾਨੰਦ ਦਾ ਸੰਦੇਸ਼ ਯਾਦ ਆਇਆ। ਉਸਨੇ ਡੋਲਣਾ ਨਹੀਂ ਸੀ। ਭਾਵੁਕ ਨਹੀਂ ਸੀ ਹੋਣਾ। ਭਰਾ ਨੂੰ ਯਾਦ ਕਰਕੇ ਰੋਣ ਲਈ ਸਾਰੀ ਉਮਰ ਬਾਕੀ ਸੀ। ਅਦਾਲਤ



ਵਿਚ ਉਸਨੂੰ ਯਾਦ ਕਰਕੇ ਨਹੀਂ ਸੀ ਰੋਣਾ। ਕਿਸੇ ਕਮਜ਼ੋਰੀ ਦਾ ਸਬੂਤ ਨਹੀਂ ਸੀ ਦੇਣਾ।

ਨੇਹਾ ਦੀ ਅਵਾਜ਼ ਦੇ ਥਿਰਕਣ ਨਾਲ ਵਕੀਲਾਂ ਵਿਚ ਹੁੰਦੀ ਘੁਸਰ-ਮੁਸਰ ਇਕ ਦਮ ਰੁਕ ਗਈ। ਚਾਰੇ ਪਾਸੇ ਸੰਨਾਟਾ ਛਾ ਗਿਆ।

"ਅਤੇ ਤੁਸੀਂ ਐਮ.ਏ. ਇੰਗਲਿਸ਼ ਕਰਦੇ ਸੀ... ਅੱਗੇ ਚੱਲੋ।"

ਜੱਜ ਨੇ ਅਧੂਰੇ ਫਿਕਰੇ ਨੂੰ ਪੂਰਾ ਕਰਕੇ ਰੁਕੀ ਗਵਾਹੀ ਨੂੰ ਚਾਲੂ ਕੀਤਾ।

ਜੱਜ ਦਾ ਗਵਾਹ ਨੂੰ ਇਸ ਤਰ੍ਹਾਂ ਉਤਸ਼ਾਹਤ ਕਰਨਾ ਗੈਰ-ਕਾਨੂੰਨੀ ਸੀ। ਇਸ ਨੁਕਤੇ ਨੂੰ ਦੋਵੇਂ ਧਿਰਾਂ ਜਾਣਦੀਆਂ ਸਨ।

ਹਰੀਸ਼ ਨੂੰ ਲੱਗਾ ਸੀ ਜੱਜ ਦੇ ਇਸ ਪੱਖਪਾਤੀ ਰਵੱਈਏ 'ਤੇ ਸਫ਼ਾਈ ਧਿਰ ਵੱਲੋਂ ਵਾ-ਵਰੋਲਾ ਖੜ੍ਹਾ ਕੀਤਾ ਜਾਣ ਵਾਲਾ ਸੀ। ਪਰ ਨੇਹਾ ਦੇ ਭਰ ਆਏ ਗਲੇ ਨੇ ਸਭ 'ਤੇ ਅਸਰ ਕੀਤਾ ਸੀ। ਕਿਸੇ ਪਾਸਿਓਂ ਕੋਈ ਇਤਰਾਜ਼ ਨਹੀਂ ਸੀ ਉੱਠਿਆ।

ਜੱਜ ਦੀ ਹੱਲਾਸ਼ੇਰੀ ਨਾਲ ਨੇਹਾ ਸੰਭਲ ਗਈ।

ਬਿਆਨ ਦੇ ਅਗਲੇ ਹਿੱਸੇ ਵਿਚ ਕਮਲ ਦਾ ਜ਼ਿਕਰ ਨਹੀਂ ਸੀ। ਅੱਧੀ ਰਾਤ ਦੇ ਵਕਤ ਹੋਣ ਅਤੇ ਉਨ੍ਹਾਂ ਦੇ ਆਪਣੇ-ਆਪਣੇ ਕਮਰੇ ਵਿਚ ਸੌਣ ਦਾ ਜ਼ਿਕਰ ਸੀ। ਦੋਸ਼ੀਆਂ ਦੇ ਧੋਖੇ ਨਾਲ ਉਨ੍ਹਾਂ ਦੀ ਕੋਠੀ ਵਿਚ ਦਾਖ਼ਲ ਹੋਣ ਦੀ ਕਹਾਣੀ ਸੁਣਾਉਣ ਵਿਚ ਉਸਨੂੰ ਕੋਈ ਦਿੱਕਤ ਮਹਿਸੂਸ ਨਹੀਂ ਸੀ ਹੋਈ।

ਪਰ ਜਦੋਂ ਉਸਨੇ ਕਮਲ ਦੇ ਢਿੱਡ ਵਿਚ ਪੰਚਮ ਵੱਲੋਂ ਛੁਰਾ ਮਾਰੇ ਜਾਣ ਦੀ ਗੱਲ ਛੇੜੀ ਤਾਂ ਉਹ ਲੱਖ ਯਤਨ ਕਰਨ 'ਤੇ ਵੀ ਆਪਣੇ ਅੰਦਰ ਰੁਕੇ ਹੰਝੂਆਂ ਦੇ ਹੜ੍ਹ ਨੂੰ ਰੋਕ ਨਾ ਸਕੀ।

"ਮੇਰੇ ਵੀਰ ਦੇ ਢਿਡ ਵਿਚ ਛੁਰਾ..." ਆਖਦੀ ਨੇਹਾ ਭੁਬਾਂ ਮਾਰ ਕੇ ਰੋ ਪਈ।

ਰੋਂਦੀ ਨੇਹਾ ਨੂੰ ਦੇਖ ਕੇ ਸਫ਼ਾਈ ਧਿਰ ਸਣੇ ਸਭ ਵਕੀਲਾਂ ਅਤੇ ਮੁਨਸ਼ੀਆਂ ਦੀਆਂ ਅੱਖਾਂ ਨਮ ਹੋ ਗਈਆਂ।

"ਬੇਟੀ ਹੌਂਸਲਾ ਰੱਖ। ... ਮੁੰਡਿਓ ਕੁੜੀ ਨੂੰ ਪਾਣੀ ਪਿਲਾਓ।"

ਘਬਰਾਈ ਨੇਹਾ 'ਤੇ ਸਭ ਤੋਂ ਪਹਿਲਾਂ ਨੰਦ ਲਾਲ ਨੂੰ ਤਰਸ ਆਇਆ ਸੀ।

ਗਵਾਹ ਦੇ ਸੰਭਲ ਜਾਣ ਤਕ ਕਾਰਵਾਈ ਕੁਝ ਦੇਰ ਲਈ ਰੁਕ ਗਈ।

ਢਿੱਡ ਦੀ ਭੜਾਸ ਨਿਕਲ ਜਾਣ ਕਾਰਨ ਅਤੇ ਦੋ ਗਲਾਸ ਠੰਡੇ ਪਾਣੀ ਦੇ ਅੰਦਰ ਜਾਣ ਕਾਰਨ ਨੇਹਾ ਆਪਣੇ ਆਪ ਨੂੰ ਤਕੜੀ ਮਹਿਸੂਸ ਕਰਨ ਲੱਗੀ।

ਕੁਝ ਦੇਰ ਆਰਾਮ ਕਰਕੇ ਉਸਨੇ ਖ਼ੁਦ ਹੀ ਕਾਰਵਾਈ ਸ਼ੁਰੂ ਕਰਵਾਈ।

ਕਮਲ ਨਾਲ ਸਬੰਧਤ ਬਾਕੀ ਦਾ ਬਿਆਨ ਜੱਜ ਨੇ ਆਪ ਮੁਕੰਮਲ ਕਰ ਦਿੱਤਾ। ਇਹ ਵੀ ਜੱਜ ਦੀ ਜ਼ਿਆਦਤੀ ਸੀ। ਚਾਹੀਦਾ ਇਹ ਸੀ ਜੋ ਗਵਾਹ ਬੋਲਦਾ, ਜੱਜ ਉਹੋ ਲਿਖਵਾਉਂਦਾ। ਪਰ ਗਮਗੀਨ ਮਾਹੌਲ ਨੇ ਸਫ਼ਾਈ ਧਿਰ ਦੇ ਵਕੀਲਾਂ ਨੂੰ ਆਪਣੇ ਅਧਿਕਾਰ ਭੁਲਾ ਦਿੱਤੇ ਸਨ।

ਪੰਡਤ ਵੱਲੋਂ ਨੀਲਮ, ਕਾਲੀਏ ਵੱਲੋਂ ਵੇਦ ਨੂੰ ਸੱਟਾਂ ਮਾਰਨ, ਦੀਨੇ ਵੱਲੋਂ ਉਸ ਨਾਲ ਖਿਚ ਧੂਹ ਕਰਨ, ਠੇਕੇਦਾਰ ਵੱਲੋਂ ਡਕੈਤੀ ਲਈ ਹੁਕਮ ਦੇਣ ਅਤੇ ਫੇਰ ਸਭ ਵੱਲੋਂ ਰਲ ਮਿਲ ਕੇ ਲੁੱਟ ਖੋਹ ਕਰਨ ਦੀ ਕਹਾਣੀ ਨੇਹਾ ਨੇ ਬਿਨਾਂ ਝਿਜਕ ਸੁਣਾ ਦਿੱਤੀ।

"ਵਟ ਅਬਾਉਟ ਰੇਪ?" ਨੇਹਾ ਨੇ ਦੀਨੇ ਵੱਲੋਂ ਉਸ ਨਾਲ ਕੀਤੇ ਬਲਾਤਕਾਰ ਦਾ

ਜ਼ਿਕਰ ਨਹੀਂ ਸੀ ਕੀਤਾ। ਸਪਸ਼ਟੀਕਰਨ ਲੈਣ ਲਈ ਜੱਜ ਨੇ ਸਰਕਾਰੀ ਵਕੀਲ ਤੋਂ ਪੁੱਛਿਆ।

'ਇਟ ਵਾਜ ਨਾਟ ਕਮਿਟਡ।" ਜੱਜ ਦੇ ਪ੍ਰਸ਼ਨ ਦਾ ਉੱਤਰ ਨੇਹਾ ਨੇ ਆਪ ਦੇ ਦਿੱਤਾ।

ਇਸ ਤੋਂ ਪਹਿਲਾਂ ਕਿ ਨੇਹਾ ਇਕ-ਇਕ ਮੁਲਜ਼ਮ ਵੱਲ ਉਂਗਲ ਕਰਕੇ ਦੱਸੇ ਕਿ ਕਾਲੀਆ ਕੌਣ ਅਤੇ ਪੰਡਿਤ ਕੌਣ ਹੈ, ਇਕ ਕਾਰਵਾਈ ਹੋਰ ਹੋਣੀ ਬਾਕੀ ਸੀ।

ਤਫ਼ਤੀਸ਼ ਦੌਰਾਨ ਪੁਲਿਸ ਨੂੰ ਕੁਝ ਅਹਿਮ ਸਬੂਤ ਮਿਲੇ ਸਨ, ਕੁਝ ਚੀਜ਼ਾਂ ਮੌਕੇ ਤੋਂ ਮਿਲੀਆਂ ਸਨ, ਜਿਹੜੀਆਂ ਦੋਸ਼ੀਆਂ ਦਾ ਉਥੇ ਹਾਜ਼ਰ ਹੋਣਾ ਸਾਬਤ ਕਰਦੀਆਂ ਸਨ। ਕੁਝ ਚੀਜ਼ਾਂ ਦੋਸ਼ੀਆਂ ਕੋਲੋਂ ਬਰਾਮਦ ਹੋਈਆਂ ਸਨ, ਜਿਹੜੀਆਂ ਉਨ੍ਹਾਂ ਦੇ ਵਾਰਦਾਤ ਵਿਚ ਸ਼ਾਮਲ ਹੋਣਾ ਸਾਬਤ ਕਰਦੀਆਂ ਸਨ। ਨੇਹਾ ਨੇ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸ਼ਨਾਖ਼ਤ ਕਰਨੀ ਸੀ।

ਸਭ ਤੋਂ ਪਹਿਲਾਂ ਕਮਲ ਦੇ ਖ਼ੂਨ ਨਾਲ ਲਿਬੜੇ ਕਪੜਿਆਂ ਦਾ ਪਾਰਸਲ ਖੋਲ੍ਹਿਆ ਗਿਆ। ਪੋਸਟ-ਮਾਰਟਮ ਕਰਦੇ ਸਮੇਂ ਇਹ ਕਪੜੇ ਡਾਕਟਰ ਨੇ ਆਪਣੇ ਕਬਜ਼ੇ ਵਿਚ ਲਏ ਸਨ। ਟੈਸਟ ਲਈ ਉਨ੍ਹਾਂ ਕਪੜਿਆਂ ਨੂੰ ਕੈਮੀਕਲ ਅਗਜਾਮੀਨਰ ਕੋਲ ਭੇਜਿਆ ਗਿਆ। ਘੁੰਮ-ਘੁੰਮਾ ਕੇ ਇਹ ਕੱਪੜੇ ਵਾਪਸ ਅਦਾਲਤ ਕੋਲ ਪੁੱਜ ਗਏ ਸਨ।

ਜੱਜ ਦੀ ਹਦਾਇਤ 'ਤੇ ਦੂਜਾ ਪਾਰਸਲ ਖੋਲ੍ਹਿਆ ਗਿਆ। ਇਸ ਵਿਚੋਂ ਖ਼ੂਨ ਨਾਲ ਲਿਬੜਿਆ ਉਹ ਛੁਰਾ ਨਿਕਲਿਆ ਜਿਹੜਾ ਕਮਲ ਦੇ ਢਿੱਡ ਵਿਚ ਖੋਭਿਆ ਗਿਆ ਸੀ। ਜਾਂਦਾ ਹੋਇਆ ਪੰਚਮ ਇਸ ਛੁਟੇ ਨੂੰ ਆਪਣੇ ਨਾਲ ਲੈ ਗਿਆ ਸੀ। ਪਿਛੋਂ ਕੁੱਟ ਕੇ ਪੁਲਿਸ ਨੇ ਉਸ ਕੋਲੋਂ ਬਰਾਮਦ ਕਰਵਾ ਲਿਆ ਸੀ।

ਪਾਰਸਲਾਂ ਦੇ ਖੁਲ੍ਹਦਿਆਂ ਹੀ ਸਲਾਬ ਅਤੇ ਖ਼ੂਨ ਦੀ ਰਲੀ-ਮਿਲੀ ਬਦਬੂ ਸਾਰੇ ਕਮਰੇ ਵਿਚ ਫੈਲ ਗਈ। ਕੁਝ ਵਕੀਲਾਂ ਨੇ ਨੱਕਾਂ ਉਪਰ ਰੁਮਾਲ ਰੱਖ ਲਏ, ਕੁਝ ਨੇ ਸਾਹ ਘੁੱਟ ਲਏ।

ਹੋਰਾਂ ਲਈ ਕਮਲ ਦੇ ਬੂ-ਮਾਰਦੇ ਕਪੜੇ ਘਿਨਾਉਣੀ ਚੀਜ਼ ਹੋ ਸਕਦੇ ਸਨ। ਪਰ ਨੇਹਾ ਲਈ ਉਹ ਅਨਮੋਲ ਖਜ਼ਾਨਾ ਸੀ।

ਕੁੜਤਾ ਪਜਾਮਾ ਸਾਹਮਣੇ ਹੁੰਦਿਆਂ ਹੀ ਜਿਉਂਦਾ ਜਾਗਦਾ ਕਮਲ ਉਸਦੀਆਂ ਅੱਖਾਂ ਅੱਗੇ ਆ ਖੜੋਤਾ।

ਕਮਲ ਦੇ ਪਿਛਲੇ ਜਨਮ ਦਿਨ 'ਤੇ ਨੇਹਾ ਨੇ ਇਹ ਕੁੜਤਾ ਪਜਾਮਾ ਉਸਨੂੰ ਤੋਹਫ਼ੇ ਵਿਚ ਦਿੱਤਾ ਸੀ। ਇਹ ਕੁੜਤਾ ਪਜਾਮਾ ਪਾ ਕੇ ਕਮਲ ਰਾਜਕੁਮਾਰਾਂ ਵਰਗਾ ਲੱਗਦਾ ਸੀ।

ਕੁੜਤਾ ਪਜਾਮਾ, ਕਮਲ, ਛੁਰਾ ਅਤੇ ਖ਼ੂਨ ਇਕ ਘੁੰਮਣਘੇਰੀ ਬਣਕੇ ਨੇਹਾ ਦੇ ਸਿਰ ਨੂੰ ਚੜ੍ਹਨ ਲੱਗੀ। ਕਮਲ ਦੇ ਪੇਟ ਵਿਚ ਖੁਭਦਾ ਛੁਰਾ, ਖ਼ੂਨ ਦੀਆਂ ਤਤੀਰੀਆਂ, ਬਾਹਰ ਨਿਕਲਦੀਆਂ ਆਂਤੜੀਆਂ ਅਤੇ ਤੜਫ਼ਦਾ ਕਮਲ ਨੇਹਾ ਅੱਗੇ ਸਾਕਾਰ ਹੋ ਗਿਆ।

ਨੇਹਾ ਦੀਆਂ ਅੱਖਾਂ ਅੱਗੇ ਤਾਰੇ ਨੱਚਣ ਲੱਗੇ। ਲੱਤਾਂ ਉਸਦਾ ਬੋਝ ਝੱਲਣ ਤੋਂ ਅਸਮਰਥਤਾ ਪ੍ਰਗਟਾਉਣ ਲੱਗੀਆਂ। ਨੇਹਾ ਨੂੰ ਲੱਗਾ ਉਹ ਡਿੱਗਣ ਲੱਗੀ ਸੀ।

ਫੇਰ ਰੌਲਾ ਪੈ ਗਿਆ, "ਸੰਭਾਲੋ, ਸੰਭਾਲੋ। ਕੁੜੀ ਬੇਹੋਸ਼ ਹੋ ਗਈ।"

ਪ੍ਰਧਾਨ ਨੇ ਅੱਗੇ ਹੋ ਕੇ ਨੇਹਾ ਨੂੰ ਸੰਭਾਲਿਆ। ਉਸਨੂੰ ਅਦਾਲਤ ਲਈ ਪਏ ਇਕ



ਬੈਂਚ ਉਪਰ ਬੈਠਾਇਆ ਅਤੇ ਫੇਰ ਲਿਟਾ ਦਿੱਤਾ।

ਸਾਂਭ ਸੰਭਾਲ ਲਈ ਰਾਮ ਨਾਥ ਨੂੰ ਅੰਦਰ ਬੁਲਾਇਆ ਗਿਆ।

ਕਚਹਿਰੀ ਵਿਚ ਇਕ ਵਾਰ ਫੇਰ ਸ਼ਮਸ਼ਾਨ ਵਰਗੀ ਚੁੱਪ ਛਾ ਗਈ।

ਮੂੰਹ ਅਤੇ ਅੱਖਾਂ 'ਤੇ ਛਿੱਟੇ ਮਾਰਕੇ ਰਾਮ ਨਾਥ ਨੇ ਨੇਹਾ ਨੂੰ ਹੋਸ਼ ਵਿਚ ਲਿਆਂਦਾ।

"ਅੱਗੋਂ ਗਵਾਹੀ ਕਰਵਾਈ ਜਾਵੇ ਜਾਂ ਨਾ?" ਇਸ ਮਸਲੇ 'ਤੇ ਪ੍ਰਧਾਨ ਨਾਲ ਮਸ਼ਵਰਾ ਕੀਤਾ।

ਹਰੀਸ਼ ਵੀ ਇਹੋ ਸੋਚ ਰਿਹਾ ਸੀ।

ਗਵਾਹੀ ਨੂੰ ਅੱਗੇ ਪਾਉਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਸੌ ਪਾਪੜ ਵੇਲ ਕੇ ਵਕੀਲਾਂ ਨੂੰ ਕਾਬੂ ਕੀਤਾ ਗਿਆ ਸੀ। ਇਕ ਦਿਨ ਇਸ ਤਰ੍ਹਾਂ ਹੋਣਾ ਹੀ ਹੋਣਾ ਸੀ। ਗਵਾਹੀ ਕਰਵਾ ਕੇ ਕੁੜੀ ਨੂੰ ਭਾਰ-ਮੁਕਤ ਕੀਤਾ ਜਾਵੇ।

ਗਵਾਹੀ ਬਹੁਤੀ ਨਹੀਂ ਸੀ ਰਹਿੰਦੀ। ਕੇਵਲ ਮੁਲਜ਼ਮਾਂ ਦੀ ਸ਼ਨਾਖ਼ਤ ਹੋਣੀ ਸੀ। ਨੇਹਾ ਨਾ ਸੰਭਲੀ ਤਾਂ ਜਿਰ੍ਹਾ ਲਈ ਤਾਰੀਖ਼ ਲੈ ਲਈ ਜਾਏਗੀ।

ਹੋਸ਼ ਆ ਜਾਣ ਬਾਅਦ ਰਾਮ ਨਾਥ ਨੇ ਇਕ ਵਾਰ ਫੇਰ ਤਸੱਲੀ ਕੀਤੀ। ਗਵਾਹੀ ਨਾਲੋਂ ਜ਼ਰੂਰੀ ਨੇਹਾ ਦੀ ਸਿਹਤ ਸੀ।

ਪਰ ਨੇਹਾ ਪੂਰੀ ਤਰ੍ਹਾਂ ਸੰਭਲ ਚੁੱਕੀ ਸੀ। ਉਸਨੂੰ ਹਰ ਮੁਲਜ਼ਮ ਦਾ ਨਾਂ ਅਤੇ ਹੁਲੀਆ ਪੂਰੀ ਤਰ੍ਹਾਂ ਯਾਦ ਸੀ।

"ਬੇਟਾ! ਤੂੰ ਪੂਰੀ ਤਰ੍ਹਾਂ ਠੀਕ ਵੀ ਏਂ? ਜੇ ਮਨ ਉਦਾਸ ਹੈ ਤਾਂ ਹੋਰ ਪੇਸ਼ੀ ਪਾ ਦਿੰਦੇ ਹਾਂ। ਕੋਈ ਮਜਬੂਰੀ ਨਹੀਂ।" ਨੇਹਾ ਨੂੰ ਕੋਲ ਬੁਲਾ ਕੇ ਸਾਧੂ ਸਿੰਘ ਨੇ ਪੁੱਛਿਆ।

"ਮੈਂ ਠੀਕ ਹਾਂ ਸਰ! ਗਵਾਹੀ ਸ਼ੁਰੂ ਕਰੋ।"

"ਬੜੀ ਸਿਆਣੀ ਕੁੜੀ ਹੈ।" ਜੱਜ ਨੇ ਨੇਹਾ ਦਾ ਹੌਸਲਾ ਵਧਾਇਆ।

"ਜਨਾਬ ਹੁਣ ਇਸ ਦਾ ਬਿਆਨ ਮੁਕੰਮਲ ਕਰ ਲਓ। ਜਿਰ੍ਹਾ ਬਾਅਦ ਦੁਪਹਿਰ ਕਰ ਲਵਾਂਗੇ।"

ਹਰੀਸ਼ ਦੇ ਇਸ ਸੁਝਾਅ ਨਾਲ ਸਭ ਧਿਰਾਂ ਸਹਿਮਤ ਹੋ ਗਈਆਂ।

ਬਿਆਨ ਮੁਕੰਮਲ ਕਰਾਉਣ ਲਈ ਨੇਹਾ ਮੁੜ ਪਹਿਲੀ ਥਾਂ 'ਤੇ ਆ ਕੇ ਖੜੋ ਗਈ।

ਮੁਕੱਦਮੇ ਦੀ ਇਕ ਅਹਿਮ ਕਾਰਵਾਈ ਸ਼ੁਰੂ ਹੋਣ ਵਾਲੀ ਸੀ। ਜੇ ਨੇਹਾ ਨੇ ਦੋਸ਼ੀਆਂ ਦੀ ਪਹਿਚਾਣ ਕਰ ਲਈ ਤਾਂ ਉਨ੍ਹਾਂ ਨੂੰ ਸਜ਼ਾ ਹੋ ਸਕਦੀ ਸੀ। ਜੇ ਪਹਿਚਾਣ ਨਾ ਹੋਈ ਤਾਂ ਉਨ੍ਹਾਂ ਨੇ ਕਤਲ ਅਤੇ ਡਕੈਤੀ ਦੇ ਦੋਸ਼ਾਂ ਤੋਂ ਬਰੀ ਹੋ ਜਾਣਾ ਸੀ। ਇਸ ਜੁਰਮ ਦੀ ਵੱਧੋ-ਵੱਧ ਸਜ਼ਾ ਤਿੰਨ ਸਾਲ ਸੀ। ਅੱਧੀ ਉਹ ਕੱਟ ਚੁੱਕੇ ਸਨ। ਬਾਕੀ ਕੈਦੀਆਂ ਨੂੰ ਮਿਲਦੀਆਂ ਛੋਟਾਂ ਕਾਰਨ ਮੁਆਫ਼ ਹੋ ਜਾਣੀ ਸੀ। ਫੈਸਲਾ ਹੁੰਦਿਆਂ ਹੀ ਉਨ੍ਹਾਂ ਬਾਹਰ ਆ ਜਾਣਾ ਸੀ।

ਸ਼ਨਾਖ਼ਤ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸਾਰੀਆਂ ਧਿਰਾਂ ਚੌਕਸ ਹੋ ਕੇ ਖੜੋ ਗਈਆਂ।

ਨੰਦ ਲਾਲ ਨੇ ਮੁਲਜ਼ਮਾਂ ਨੂੰ ਕੋਈ ਗੁਪਤ ਇਸ਼ਾਰਾ ਕੀਤਾ। ਸਿਰ ਹਿਲਾ ਕੇ ਮੁਲਜ਼ਮਾਂ ਨੇ ਇਸ਼ਾਰਾ ਸਮਝ ਜਾਣ ਦਾ ਹੁੰਗਾਰਾ ਭਰਿਆ।

ਮਜਬੂਰੀ-ਵਸ ਨੇਹਾ ਨੇ ਮੁਲਜ਼ਮਾਂ ਵੱਲ ਨਜ਼ਰ ਦੌੜਾਈ। ਦੋ ਉਸਦੇ ਚਚੇਰੇ ਭਰਾ ਸਨ। ਕਮਲ ਨੂੰ ਕਤਲ ਕਰਾਉਣ ਵਾਲੇ, ਨੇਹਾ ਨੂੰ ਨਿਰਵਸਤਰ ਕਰਾਉਣ ਵਾਲੇ। ਚਾਚੇ ਚਾਚੀ ਨੂੰ ਅਪਾਹਜ ਬਨਵਾਉਣ ਵਾਲੇ। ਸਾਰੇ ਪਰਿਵਾਰ ਨੂੰ ਰਾਜੇ ਤੋਂ ਰੰਕ ਬਨਾਉਣ ਵਾਲੇ।

ਕਹਿਰ-ਭਰੀ ਨਜ਼ਰ ਸੁੱਟ ਕੇ ਨੇਹਾ ਅੱਗੇ ਵਧੀ।

ਅਗਾਂਹ ਕੋਈ ਹੋਰ ਹੀ ਭਾਣਾ ਵਰਤਿਆ ਹੋਇਆ ਸੀ। ਚਾਰ ਦੀ ਥਾਂ ਛੇ ਮੁਲਜ਼ਮ ਖੜ੍ਹੇ ਸਨ। ਛੇਆਂ ਦੇ ਹੁਲੀਏ ਇਕੋ ਜਿਹੇ ਲੱਗਦੇ ਸਨ। ਦੋ ਮੁਲਜ਼ਮਾਂ ਦੇ ਕੁੜਤੇ ਪਜਾਮੇ ਚਿੱਟੇ ਸਨ, ਬਾਕੀਆਂ ਦੇ ਹਲਕੇ ਨੀਲੇ। ਸਭ ਦੇ ਗਲਾਂ ਵਿਚ ਕੇਸਰੀ ਪਰਨੇ ਸਨ ਅਤੇ ਸਿਰਾਂ ਉਪਰ ਡੱਬੀਦਾਰ ਪਰਨਿਆਂ ਦੇ ਮੜਾਸੇ, ਦਾੜ੍ਹੀ ਮੁੱਛਾਂ ਇਕੋ ਜਿਹੀਆਂ।

ਚਾਰ ਦੀ ਥਾਂ ਛੇ ਮੁਲਜ਼ਮ ਕਿਸ ਤਰ੍ਹਾਂ ਹੋ ਗਏ? ਨੇਹਾ ਨੇ ਆਪਣੀ ਦੁਬਿਧਾ ਦੂਰ ਕਰਨ ਲਈ ਆਪਣੇ ਵਕੀਲ ਵੱਲ ਤੱਕਿਆ। ਪਰ ਹਰੀਸ਼ ਨੂੰ ਆਪਣੇ ਸਾਇਲ ਦੀ ਸਹਾਇਤਾ ਕਰਨ ਦਾ ਅਧਿਕਾਰ ਨਹੀਂ ਸੀ। ਉਹ ਤਾਂ ਗਵਾਹ ਤੋਂ ਇਹ ਵੀ ਨਹੀਂ ਸੀ ਪੁੱਛ ਸਕਦਾ ਕਿ ਉਸਨੂੰ ਦੁਬਿਧਾ ਕੀ ਹੈ? ਉਹ ਕੇਵਲ ਸਫ਼ਾਈ ਧਿਰ ਦੇ ਗੈਰ-ਕਾਨੂੰਨੀ ਪ੍ਰਸ਼ਨਾਂ ਉਪਰ ਇਤਰਾਜ਼ ਕਰ ਸਕਦਾ ਸੀ।

ਪ੍ਰਧਾਨ ਨੇ ਨੇਹਾ ਦੀ ਸਮੱਸਿਆ ਸੁਲਝਾਉਣ ਲਈ ਜੱਜ ਵੱਲ ਤੱਕਿਆ।

ਸਾਧੂ ਸਿੰਘ ਨੇਹਾ ਦੀ ਸਮੱਸਿਆ ਸਮਝ ਚੁੱਕਾ ਸੀ। ਸਫ਼ਾਈ ਧਿਰ ਦੇ ਵਕੀਲਾਂ ਨੇ ਸ਼ਰਾਰਤ ਕੀਤੀ ਸੀ। ਮੁਨਸ਼ੀਆਂ ਦੇ ਬਹਾਨੇ ਉਨ੍ਹਾਂ ਨੇ ਦੋ ਅਜਿਹੇ ਬੰਦੇ ਅੰਦਰ ਲੈ ਆਂਦੇ ਸਨ, ਜਿਨ੍ਹਾਂ ਦੇ ਹੁਲੀਏ ਮੁਲਜ਼ਮਾਂ ਨਾਲ ਮਿਲਦੇ ਸਨ। ਗਵਾਹ ਨੂੰ ਭੰਬਲ- ਭੂਸੇ ਵਿਚ ਪਾਉਣ ਲਈ ਉਨ੍ਹਾਂ ਨੂੰ ਕਪੜੇ ਵੀ ਮੁਲਜ਼ਮਾਂ ਵਰਗੇ ਪਵਾ ਦਿੱਤੇ ਸਨ।

"ਮੁਨਸ਼ੀ ਜੀ ਤੁਸੀਂ ਮੁਲਜ਼ਮਾਂ ਕੋਲ ਖੜ੍ਹੇ ਕੀ ਕਰ ਰਹੇ ਹੋ? ਇਕ ਪਾਸੇ ਹਟੋ।"

ਜੱਜ ਦੇ ਇਸ ਹੁਕਮ 'ਤੇ ਸਫ਼ਾਈ ਧਿਰ ਨੂੰ ਸਖ਼ਤ ਇਤਰਾਜ਼ ਸੀ।

ਗਵਾਹ ਪਹਿਲੀ ਵਾਰ ਮੁਲਜ਼ਮਾਂ ਦੀ ਸ਼ਨਾਫ਼ਤ ਕਰ ਰਿਹਾ ਸੀ। ਕਾਇਦੇ ਅਨੁਸਾਰ ਇਹ ਸ਼ਨਾਖ਼ਤ ਦੋਸ਼ੀਆਂ ਦੇ ਫੜੇ ਜਾਣ ਦੇ ਤੁਰੰਤ ਬਾਅਦ ਹੋਣੀ ਚਾਹੀਦੀ ਸੀ। ਹੁਣ ਤਕ ਮੁਲਜ਼ਮ ਬੀਸੀਆਂ ਵਾਰ ਅਦਾਲਤ ਵਿਚ ਪੇਸ਼ ਹੋ ਚੁੱਕੇ ਸਨ। ਗਵਾਹ ਉਨ੍ਹਾਂ ਨੂੰ ਸੈਂਕੜੇ ਵਾਰ ਦੇਖ ਚੁੱਕੇ ਸਨ। ਇਕ ਮੁਲਜ਼ਮ ਦੀ ਲੱਤ ਕੱਟੀ ਜਾ ਚੁੱਕੀ ਸੀ। ਉਸਦੀ ਸ਼ਨਾਖ਼ਤ ਹੋਰ ਆਸਾਨ ਹੋ ਗਈ ਸੀ। ਮੁਲਜ਼ਮਾਂ ਨੂੰ ਇਨਸਾਫ਼ ਚਾਹੀਦਾ ਸੀ। ਉਨ੍ਹਾਂ ਨੂੰ ਨਿਰਪੱਖ ਸ਼ਨਾਖ਼ਤ ਕਰਾਉਣ ਦਾ ਅਧਿਕਾਰ ਸੀ। ਜੇ ਗਵਾਹ ਨੂੰ ਮੁਲਜ਼ਮਾਂ ਦੀ ਸਹੀ ਪਹਿਚਾਣ ਸੀ ਤਾਂ ਉਸਨੂੰ ਛੇ ਵਿਚੋਂ ਚਾਰ ਪਹਿਚਾਨਣ ਵਿਚ ਕੀ ਇਤਰਾਜ਼ ਸੀ?

ਪਰ ਜੱਜ ਨੂੰ ਇਤਰਾਜ਼ ਸੀ। ਜੇ ਮੁਲਜ਼ਮਾਂ ਨੇ ਸ਼ਨਾਖ਼ਤ ਪਰੇਡ ਕਰਾਉਣੀ ਸੀ ਤਾਂ ਉਨ੍ਹਾਂ ਨੂੰ ਬਕਾਇਦਾ ਇਸ ਬਾਰੇ ਜੱਜ ਨੂੰ ਦਰਖ਼ਾਸਤ ਦੇਣੀ ਚਾਹੀਦੀ ਸੀ। ਜੱਜ ਦੀ ਇਜਾਜ਼ਤ ਲੈਣੀ ਚਾਹੀਦੀ ਸੀ। ਆਪਣੇ ਆਪ ਇੰਝ ਕਰਕੇ ਮੁਲਜ਼ਮ ਧਿਰ ਨੇ ਅਦਾਲਤੀ ਕਾਰਵਾਈ ਵਿਚ ਵਿਘਨ ਪਾਇਆ ਸੀ। ਗਵਾਹ ਅਤੇ ਅਦਾਲਤ ਨੂੰ ਗੁਮਰਾਹ ਕੀਤਾ ਸੀ। ਅਦਾਲਤ ਦੀ ਮਾਨ-ਹਾਨੀ ਕਰਨ ਦੇ ਜੁਰਮ ਬਦਲੇ ਜੱਜ ਉਨ੍ਹਾਂ 'ਤੇ ਕਾਰਵਾਈ ਕਰ ਸਕਦਾ ਸੀ।

ਕੁਝ ਦੇਰ ਦੋਹਾਂ ਧਿਰਾਂ ਵੱਲੋਂ ਕਾਨੂੰਨੀ ਚਾਰਾਜੋਈ ਹੁੰਦੀ ਰਹੀ।

ਆਖ਼ਰ ਜੱਜ ਨੇ ਹੁਕਮ ਸੁਣਾਇਆ। ਮੁਨਸ਼ੀਆਂ ਨੂੰ ਬਾਹਰ ਭੇਜੋ।

ਨੇਹਾ ਦੀ ਸਮੱਸਿਆ ਹਾਲੇ ਵੀ ਹੱਲ ਨਹੀਂ ਸੀ ਹੋਈ। ਉਸਨੇ ਚਾਰਾਂ ਵਿਚੋਂ ਇਕ ਇਕ ਨੂੰ ਪਹਿਚਾਨਣਾ ਸੀ। ਇਹ ਕੰਮ ਉਸ ਲਈ ਆਸਾਨ ਨਹੀਂ ਸੀ।

ਨੇਹਾ ਨੂੰ ਚਾਰੇ ਮੁਲਜ਼ਮ ਇਕੋ ਜਿਹੇ ਜਾਪਣ ਲੱਗੇ। ਜਦੋਂ ਮੁਲਜ਼ਮ ਉਸਨੂੰ ਦਿਖਾਏ ਗਏ ਸਨ, ਉਸ ਸਮੇਂ ਠੇਕੇਦਾਰ ਵੱਡੀ ਉਮਰ ਦਾ ਲੱਗਦਾ ਸੀ। ਉਸਦੀ ਦਾੜ੍ਹੀ ਮੌਲਵੀ



ਕੱਟ ਸੀ ਅਤੇ ਕੁਝ ਵਾਲ ਚਿੱਟੇ ਸਨ। ਉਸ ਨੇ ਮੁੱਛਾਂ ਰੱਖੀਆਂ ਹੋਈਆਂ ਸਨ। ਬਾਕੀ ਮੁਲਜ਼ਮ ਸ਼ੇਵ ਕਰਦੇ ਸਨ। ਅੱਜ ਸਭਨਾਂ ਦੀਆਂ ਦਾੜ੍ਹੀ ਮੁੱਛਾਂ ਇਕੋ ਜਿਹੀਆਂ ਸਨ। ਸਭ ਦੇ ਵਾਲ ਕਾਲੇ ਸਨ। ਹੁਣ ਠੇਕੇਦਾਰ ਦੀ ਉਸ ਤੋਂ ਪਹਿਚਾਣ ਨਹੀਂ ਸੀ ਹੋ ਰਹੀ। ਕਾਲੀਏ ਦੇ ਸਿਰ ਦੇ ਵਾਲ ਛੋਟੇ ਹੁੰਦੇ ਸਨ। ਅੱਜ ਸਭ ਦੋਸ਼ੀਆਂ ਦੇ ਵਾਲ ਛੋਟੇ ਸਨ। ਉਸਦੇ ਇਕ ਕੰਨ ਵਿਚ ਨੱਤੀ ਪਾਈ ਹੋਈ ਸੀ ਬਾਕੀਆਂ ਦੇ ਕੰਨ ਖਾਲੀ ਸਨ। ਅੱਜ ਸਭ ਨੇ ਨੱਤੀਆਂ ਪਾ ਰੱਖੀਆਂ ਸਨ। ਪੰਚਮ ਦਾ ਰੰਗ ਬਾਕੀਆਂ ਨਾਲੋਂ ਕਾਲਾ ਸੀ। ਅੱਜ ਨੇਹਾ ਤੋਂ ਗੂੜ੍ਹੇ ਕਾਲੇ ਅਤੇ ਹਲਕੇ ਕਾਲੇ ਰੰਗ ਵਿਚੋਂ ਫਰਕ ਫੜਿਆ ਨਹੀਂ ਸੀ ਜਾ ਰਿਹਾ। ਜਿਵੇਂ ਸਭ ਨੇ ਪਿੰਡੇ 'ਤੇ ਕਾਲਖ਼ ਮਲ ਲਈ ਸੀ। ਦੀਨੇ ਦੀ ਪਹਿਚਾਣ ਨੇਹਾ ਨੇ ਉਸਦੀ ਫਟੀ ਪੈਂਟ ਕਮੀਜ਼ ਤੋਂ ਕਰਨੀ ਸੀ। ਹਰ ਪੇਸ਼ੀ ਉਹ ਇਨ੍ਹਾਂ ਹੀ ਕਪੜਿਆਂ ਵਿਚ ਆਉਂਦਾ ਸੀ। ਪਰ ਅੱਜ ਉਸਨੇ ਕੱਪੜੇ ਬਦਲੇ ਹੋਏ ਸਨ।

ਹੋਰ ਤਾਂ ਹੋਰ ਨੇਹਾ ਨੂੰ ਅੱਜ ਕਮਲ ਦੇ ਕਾਤਲ ਪੰਚਮ ਦੀ ਵੀ ਪਹਿਚਾਣ ਨਹੀਂ ਸੀ ਆ ਰਹੀ। ਉਹ ਵੀ ਫੌੜ੍ਹੀਆਂ ਦੀ ਥਾਂ ਨਕਲੀ ਟੰਗ ਲਗਵਾ ਕੇ ਆਇਆ ਸੀ।

"ਦੱਸ ਬੀਬੀ ਕਿਹੜਾ ਮੁਲਜ਼ਮ ਕਿਹੜਾ ਹੈ?" ਸਫ਼ਾਈ ਧਿਰ ਸ਼ਸ਼ੋਪੰਜ ਵਿਚ ਪਏ ਗਵਾਹ ਦੀ ਘਬਰਾਹਟ ਦਾ ਫ਼ਾਇਦਾ ਉਠਾਉਣਾ ਚਾਹੁੰਦੀ ਸੀ।

ਨੇਹਾ ਦਾ ਰੱਟਾ ਉਸ ਨੂੰ ਧੋਖਾ ਦੇ ਚੁੱਕਾ ਸੀ। ਸਫ਼ਾਈ ਧਿਰ ਦੇ ਵਕੀਲ ਉਸਨੂੰ ਉਲਝਾਉਣ ਵਿਚ ਕਾਮਯਾਬ ਹੋ ਚੁੱਕੇ ਸਨ।

ਰੱਟੇ ਦਾ ਖਹਿੜਾ ਛੱਡ ਕੇ ਨੇਹਾ ਆਪਣੀ ਯਾਦਦਾਸ਼ਤ ਉਪਰ ਜ਼ੋਰ ਪਾਉਣ ਲੱਗੀ। ਨੇਹਾ ਨੂੰ ਦੱਸਿਆ ਗਿਆ ਸੀ, ਇਹ ਵਾਰਦਾਤ ਇਨ੍ਹਾਂ ਹੀ ਮੁਲਜ਼ਮਾਂ ਨੇ ਕੀਤੀ ਸੀ। ਕੀਤੀ ਵੀ ਉਸੇ ਤਰ੍ਹਾਂ ਸੀ ਜਿਵੇਂ ਉਸਦੇ ਬਿਆਨ ਵਿਚ ਲਿਖਿਆ ਗਿਆ ਸੀ। ਫੇਰ ਨੇਹਾ ਨੂੰ ਕੀ ਘਬਰਾਹਟ ਸੀ ? ਨੇਹਾ ਨੂੰ ਮੁਲਜ਼ਮ ਆਪਣੀਆਂ ਗਿਆਨ ਇੰਦਰੀਆਂ ਦੇ ਆਧਾਰ 'ਤੇ ਪਹਿਚਾਨਣੇ ਚਾਹੀਦੇ ਸਨ।

ਦੀਨੇ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸਦੀ ਬਦਬੂ ਨੇਹਾ ਦੇ ਰੋਮ ਰੋਮ ਵਿਚ ਵੱਸੀ ਹੋਈ ਸੀ। ਇਸ ਬੂ ਨੂੰ ਉਹ ਮੀਲਾਂ ਤੋਂ ਪਹਿਚਾਣ ਸਕਦੀ ਸੀ।

ਅਦਾਲਤ ਦੀ ਇਜਾਜ਼ਤ ਲੈ ਕੇ ਉਹ ਇਕੱਲੇ-ਇਕੱਲੇ ਮੁਲਜ਼ਮ ਦੇ ਕੋਲ ਦੀ ਲੰਘੀ। ਝੱਟ ਦੀਨਾ ਉਸਦੀ ਪਕੜ ਵਿਚ ਆ ਗਿਆ।

ਕਮਲ ਦਾ ਖ਼ੂਨ ਉਸਦੀਆਂ ਅੱਖਾਂ ਅੱਗੇ ਹੋਇਆ ਸੀ। ਕਾਤਲ ਦੇ ਹੱਥ ਸਾਧਾਰਨ ਨਹੀਂ ਸਨ। ਹੱਥ ਪਾਥੀਆਂ ਵਰਗੇ ਅਤੇ ਉਂਗਲਾਂ ਸਪੋਲੀਆਂ ਵਰਗੀਆਂ ਸਨ। ਉਹ ਦਿਮਾਗ਼ 'ਤੇ ਜ਼ੋਰ ਪਾ ਕੇ ਹੱਥਾਂ ਨੂੰ ਪਹਿਚਾਣ ਸਕਦੀ ਸੀ।

ਮਨ ਇਕਾਗਰ ਕਰਨ ਲਈ ਨੇਹਾ ਨੇ ਅੱਖਾਂ ਮੀਚ ਲਈਆਂ। ਮਾਤਾ ਜੀ ਦੀ ਸਿਖਾਈ ਵਿਧੀ ਅਨੁਸਾਰ ਨੇਹਾ ਨੇ ਸਾਰਾ ਧਿਆਨ ਆਪਣੇ ਆਗਿਆ ਚੱਕਰ ਉਪਰ ਕੇਂਦਰਤ ਕੀਤਾ। ਫਿਲਮ ਦੀ ਰੀਲ ਵਾਂਗ ਸਾਰੀ ਘਟਨਾ ਦਿਮਾਗ਼ ਵਿਚ ਦੁਹਰਾਈ। ਹੱਥਾਂ 'ਤੇ ਆ ਕੇ ਉਸਨੇ ਫਿਲਮ ਰੋਕ ਲਈ।

ਨੇਹਾ ਦੇ ਕਹਿਣ 'ਤੇ ਸਾਰੇ ਮੁਲਜ਼ਮਾਂ ਦੇ ਹੱਥ ਉਸ ਅੱਗੇ ਕਰਵਾਏ ਗਏ। ਪੰਚਮ ਦੇ ਹੱਥ ਉਹੋ ਹੱਥ ਸਨ, ਜਿਨ੍ਹਾਂ ਨੇ ਵੇਦ ਪਰਿਵਾਰ ਦਾ ਸੰਸਾਰ ਉਜਾੜਿਆ ਸੀ।

ਪੰਚਮ ਦੀ ਸਹੀ ਸ਼ਨਾਖ਼ਤ ਨੇ ਨੇਹਾ ਦਾ ਹੌਸਲਾ ਵਧਾਇਆ।

ਬਾਕੀ ਬਚਦੇ ਦੋ ਮੁਲਜ਼ਮਾਂ ਵਿਚੋਂ ਉਸਨੂੰ ਠੇਕੇਦਾਰ ਪਹਿਚਾਨਣਾ ਚਾਹੀਦਾ ਸੀ। ਚੌਥੇ ਦੀ ਪਹਿਚਾਣ ਆਪੇ ਹੋ ਜਾਣੀ ਸੀ।

ਠੇਕੇਦਾਰ ਨੇ ਦਾੜ੍ਹੀ ਮੁੱਛਾਂ ਮੁਨਵਾ ਕੇ ਅਤੇ ਮੇਕ-ਅੱਪ ਕਰਵਾ ਕੇ ਉਮਰ ਤਾਂ ਛੁਪਾ ਲਈ ਸੀ, ਪਰ ਵਧਿਆ ਢਿੱਡ ਨਹੀਂ ਸੀ ਛੁਪਾ ਸਕਿਆ।

ਠੇਕੇਦਾਰ ਦੇ ਵੱਡੇ ਢਿੱਡ ਨੇ ਠੇਕੇਦਾਰ ਨੂੰ ਫਸਾ ਦਿੱਤਾ।

ਤਿੰਨ ਮੁਲਜ਼ਮਾਂ ਦੀ ਸ਼ਨਾਖ਼ਤ ਹੁੰਦੇ ਹੀ ਨੇਹਾ ਦਾ ਦਿਮਾਗ਼ ਫੁਰਤੀ ਫੜਨ ਲੱਗਾ।

ਉਸਨੇ ਮੁਲਜ਼ਮਾਂ ਦੇ ਕੰਨਾਂ ਨੂੰ ਗਹੁ ਨਾਲ ਤੱਕਿਆ। ਕਾਲੀਆ ਨੱਤੀ ਬਚਪਨ ਤੋਂ ਪਾਉਂਦਾ ਸੀ। ਉਸਦੇ ਕੰਨ ਦੀ ਗਲੀ ਵੱਡੀ ਹੋਣੀ ਚਾਹੀਦੀ ਸੀ। ਦੂਜੇ ਮੁਲਜ਼ਮਾਂ ਦੇ ਕੰਨਾਂ ਦੀਆਂ ਗਲੀਆਂ ਨਵੀਆਂ ਹੋਣਗੀਆਂ ਜਾਂ ਐਕਟਰਾਂ ਵਾਂਗ ਨਕਲੀ ਨੱਤੀਆਂ ਪਾਈਆਂ ਹੋਣਗੀਆਂ।

ਉਸਦਾ ਅੰਦਾਜ਼ਾ ਠੀਕ ਨਿਕਲਿਆ।

ਅਸਲੀ ਮੁਲਜ਼ਮ ਦੇ ਕੰਨ ਦੀ ਗਲੀ ਵੱਡੀ ਸੀ।

ਸ਼ਨਾਖ਼ਤ ਦੀ ਕਾਰਵਾਈ ਮੁਕੰਮਲ ਹੁੰਦੇ ਹੀ ਅਦਾਲਤ ਦੀ ਕਾਰਵਾਈ ਬਾਅਦ ਦੁਪਹਿਰ ਤਕ ਰੋਕ ਦਿੱਤੀ ਗਈ।

## -107-

ਠੇਕੇਦਾਰ ਨੂੰ ਛੱਡ ਕੇ ਬਾਕੀ ਸਭ ਦੋਸ਼ੀਆਂ ਨੂੰ ਵਕੀਲ ਪੰਕਜ ਨੇ ਕਰਕੇ ਦਿੱਤੇ ਸਨ। ਇਸ ਲਈ ਨੰਦ ਲਾਲ ਦੀ ਅਗਵਾਈ ਵਿਚ ਕੰਮ ਕਰਨਾ ਉਨ੍ਹਾਂ ਦਾ ਇਖਲਾਕੀ ਫਰਜ਼ ਸੀ।

ਠੇਕੇਦਾਰ ਦੀ ਸਥਿਤੀ ਭਿੰਨ ਸੀ। ਉਸ ਕੋਲ ਖਰਚਣ ਲਈ ਚਾਰ ਪੈਸੇ ਸਨ। ਪਹਿਲੇ ਦਿਨ ਤੋਂ ਉਸਨੇ ਆਪਣਾ ਵਕੀਲ ਆਪ ਖੜ੍ਹਾ ਕੀਤਾ ਸੀ। ਨਾ ਠੇਕੇਦਾਰ ਨੂੰ ਪੰਕਜ ਉਪਰ ਯਕੀਨ ਸੀ, ਨਾ ਉਸਦਾ ਵਕੀਲ ਨੰਦ ਲਾਲ ਦੀ ਗੱਲ ਮੰਨਦਾ ਸੀ। ਉਹ ਆਪਣੀ ਡਫਲੀ ਆਪ ਵਜਾ ਰਹੇ ਸਨ।

ਦੋ ਦਿਨਾਂ ਤੋਂ ਨੰਦ ਲਾਲ ਸਫ਼ਾਈ ਧਿਰ ਦੇ ਵਕੀਲਾਂ ਨੂੰ ਆਪਣੀ ਜਿਰ੍ਹਾ ਸਮਝਾ ਰਿਹਾ ਸੀ।

ਮੁਕੱਦਮਾ ਮੁੱਢੋਂ ਹੀ ਕਮਜ਼ੋਰ ਸੀ। ਪਰਚਾ ਕਟਵਾਉਣ ਵਾਲੇ ਨੇ ਪਰਚੇ ਵਿਚ ਨਾ ਦੋਸ਼ੀਆਂ ਦੇ ਨਾਂ-ਪਤੇ ਲਿਖਾਏ ਸਨ ਨਾ ਹੁਲੀਏ। ਕਿਸੇ ਖ਼ਾਸ ਸ਼ਨਾਖ਼ਤੀ ਨਿਸ਼ਾਨ ਦਾ ਵੀ ਕਿਧਰੇ ਕੋਈ ਜ਼ਿਕਰ ਨਹੀਂ ਸੀ। ਪਿਛੋਂ ਸ਼ਨਾਖ਼ਤ ਪਰੇਡ ਕਰਵਾ ਕੇ ਇਸ ਕਮੀ ਨੂੰ ਦੂਰ ਕੀਤਾ ਜਾ ਸਕਦਾ ਸੀ। ਪੁਲਿਸ ਨੇ ਇੰਝ ਨਹੀਂ ਸੀ ਕੀਤਾ। ਹੁਣ ਜੇ ਗਵਾਹ ਅਦਾਲਤ ਵਿਚ ਆ ਕੇ ਮੁਲਜ਼ਮਾਂ ਨੂੰ ਪਹਿਚਾਣ ਲੈਣ ਤਾਂ ਅਦਾਲਤ ਇਸ ਨੂੰ ਕੋਈ ਅਹਿਮੀਅਤ ਨਹੀਂ ਦੇਵੇਗੀ। ਇਸ ਲਈ ਸਫ਼ਾਈ ਧਿਰ ਦੇ ਵਕੀਲਾਂ ਨੂੰ ਬਹੁਤੀ ਮਿਹਨਤ ਦੀ ਜ਼ਰੂਰਤ ਨਹੀਂ ਸੀ।

ਦੀਨੇ ਉਪਰ ਬਲਾਤਕਾਰ ਦਾ ਦੋਸ਼ ਸੀ। ਇਸ ਦੋਸ਼ ਵਿਚ ਵੀ ਬਹੁਤਾ ਦਮ ਨਹੀਂ ਸੀ। ਨਾ ਪਰਚੇ ਵਿਚ ਬਲਾਤਕਾਰ ਦਾ ਜ਼ਿਕਰ ਸੀ ਨਾ ਡਾਕਟਰ ਇਸ ਦੀ ਤਾਈਦ ਕਰਦਾ



ਸੀ। ਪੁਲਿਸ ਨੇ ਨੇਹਾ ਦੇ ਮਹੀਨਾ ਪਿੱਛੋਂ ਲਿਖੇ ਇਕ ਬਿਆਨ ਵਿਚ ਇਸਦਾ ਜ਼ਿਕਰ ਕੀਤਾ ਸੀ। ਦੇਰ ਬਾਅਦ ਲੱਗੇ ਦੋਸ਼ ਨੂੰ ਵੀ ਅਦਾਲਤ ਬਹੁਤਾ ਨਹੀਂ ਗੌਲਦੀ।

ਰਹਿੰਦੀ-ਖੂੰਹਦੀ ਕਸਰ ਨੇਹਾ ਨੇ ਕੱਢ ਦਿੱਤੀ। ਉਸਨੇ ਖ਼ੁਦ ਹੀ ਦੀਨੇ ਨੂੰ ਬਲਾਤਕਾਰ ਦੇ ਦੋਸ਼ ਤੋਂ ਬਰੀ ਕਰ ਦਿੱਤਾ।

ਬੇਫ਼ਿਕਰ ਹੋਏ ਨੰਦ ਲਾਲ ਨੇ ਬਾਕੀ ਵਕੀਲਾਂ ਨੂੰ ਪਿਛੇ ਹਟਾ ਦਿੱਤਾ। ਸਾਰੇ ਵਕੀਲਾਂ ਵੱਲੋਂ ਜਿਰ੍ਹਾ ਦੀ ਕਮਾਨ ਖ਼ੁਦ ਸੰਭਾਲ ਲਈ।

"ਹਾਂ ਬੇਟਾ, ਪੁਲਿਸ ਨੇ ਤੇਰਾ ਬਿਆਨ ਕਿੰਨੀ ਵਾਰ ਲਿਖਿਆ ਸੀ?"

"ਤਿੰਨ ਵਾਰ।" ਨੇਹਾ ਨੂੰ ਇਸ ਸਵਾਲ ਦਾ ਇਹ ਜਵਾਬ ਸਮਝਾਇਆ ਗਿਆ ਸੀ।

ਪਹਿਲਾ ਬਿਆਨ ਹਸਪਤਾਲ ਵਿਚ ਹੋਇਆ ਸੀ, ਜਿਸਦੇ ਆਧਾਰ 'ਤੇ ਪਰਚਾ ਕੱਟਿਆ ਗਿਆ ਸੀ। ਦੂਜਾ ਬਿਆਨ ਪਲਵੀ ਦੇ ਘਰ ਹੋਇਆ ਸੀ, ਜਿਸ ਵਿਚ ਉਸਨੇ ਦੋਸ਼ੀਆਂ ਦੇ ਨਾਂ, ਹਥਿਆਰਾਂ ਅਤੇ ਕੀਤੇ ਜੁਰਮਾਂ ਦਾ ਵੇਰਵਾ ਦਿੱਤਾ ਸੀ। ਤੀਜਾ ਬਿਆਨ ਥਾਣੇ ਹੋਇਆ ਸੀ, ਜਦੋਂ ਉਹ ਦੋਸ਼ੀਆਂ ਕੋਲੋਂ ਫੜੀਆਂ ਚੀਜ਼ਾਂ ਦੀ ਸ਼ਨਾਖ਼ਤ ਕਰਨ ਗਈ ਸੀ।

"ਤਿੰਨੇ ਬਿਆਨ ਤੈਨੂੰ ਪੁਲਿਸ ਨੇ ਪੜ੍ਹਕੇ ਸੁਣਾਏ ਸਨ?"

"ਜੀ ਹਾਂ।" ਨੇਹਾ ਨੂੰ ਇਸ ਪ੍ਰਸ਼ਨ ਦਾ ਉੱਤਰ ਆਉਂਦਾ ਸੀ। ਉਸਨੂੰ ਇਹ ਵੀ ਪਤਾ ਸੀ ਕਿ ਉਸਦੇ ਪਹਿਲੇ ਬਿਆਨ ਉਪਰ ਦਸਤਖ਼ਤ ਹੋਏ ਸਨ। ਬਾਕੀਆਂ ਉਪਰ ਨਹੀਂ।

"ਹੁਣੇ ਤੂੰ ਆਖਿਆ ਹੈ ਤੇਰੇ ਨਾਲ ਕਿਸੇ ਨੇ ਬਲਾਤਕਾਰ ਨਹੀਂ ਕੀਤਾ।"

"ਜੀ ਹਾਂ ਆਖਿਆ ਹੈ। ਠੀਕ ਆਖਿਆ ਹੈ।"

"ਤੂੰ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਇਸ ਬਲਾਤਕਾਰ ਦਾ ਕਦੇ ਜ਼ਿਕਰ ਕੀਤਾ ਸੀ?"

"ਜਦੋਂ ਮੇਰੇ ਨਾਲ ਬਲਾਤਕਾਰ ਹੋਇਆ ਹੀ ਨਹੀਂ ਮੈਂ ਜ਼ਿਕਰ ਕਿਥੋਂ ਕਰਨਾ ਸੀ।"

"ਬੀਬਾ ਤੇਰੇ ਦੂਜੇ ਬਿਆਨ ਵਿਚ ਇਹ ਲਿਖਿਆ ਹੈ ਕਿ ਦੀਨੇ ਨੇ ਤੇਰੇ ਬੈੱਡ-ਰੂਮ ਵਿਚ ਆ ਕੇ ਤੇਰੇ ਨਾਲ ਬਲਾਤਕਾਰ ਕੀਤਾ। ਇਹ ਗੱਲ ਤੂੰ ਪੁਲਿਸ ਨੂੰ ਨਹੀਂ ਦੱਸੀ?"

"ਨਹੀਂ। ਮੈਂ ਨਹੀਂ ਲਿਖਾਈ।"

"ਮਤਲਬ ਇਹ ਕਿ ਇਹ ਗੱਲ ਪੁਲਿਸ ਨੇ ਆਪੇ ਲਿਖ ਲਈ?"

"ਹੋ ਸਕਦਾ ਹੈ।"

"ਇਸਦਾ ਇਹ ਮਤਲਬ ਹੋਇਆ ਕਿ ਪੁਲਿਸ ਨੇ ਤੈਨੂੰ ਦੂਜਾ ਬਿਆਨ ਪੜ੍ਹਕੇ ਨਹੀਂ ਸੁਣਇਆ। ਜੇ ਉਹ ਪੜ੍ਹਕੇ ਸੁਣਾਉਂਦੀ ਤਾਂ ਉਸਨੂੰ ਟੋਕ ਕੇ ਤੂੰ ਆਖਦੀ ਮੇਰਾ ਬਿਆਨ ਠੀਕ ਕਰ। ਠੀਕ ਏ ਨਾ ਬੇਟੀ?"

ਇਹ ਸਵਾਲ ਗੁੰਝਲਦਾਰ ਸੀ। ਨੇਹਾ ਨੂੰ ਸਮਝਾਇਆ ਗਿਆ ਸੀ ਕਿ ਉਸਨੇ ਬਲਾਤਕਾਰ ਵਾਲੇ ਹਿੱਸੇ ਤੋਂ ਮੁਕਰਨਾ ਸੀ। ਬਾਕੀ ਬਿਆਨ ਨੂੰ ਸਹੀ ਮੰਨਣਾ ਸੀ। ਹੁਣ ਉਹ ਕੀ ਕਰੇ? ਜੇ ਉਹ ਬਿਆਨ ਨੂੰ ਪੜ੍ਹਕੇ ਨਾ ਸੁਣਾਉਣ ਵਾਲੀ ਗੱਲ ਮੰਨਦੀ ਸੀ ਤਾਂ ਇਹ ਸਾਬਤ ਹੋਣਾ ਸੀ ਕਿ ਦੋਸ਼ੀਆਂ ਦੇ ਨਾਂ-ਪਤੇ ਪੁਲਿਸ ਨੇ ਆਪੇ ਲਿਖ ਲਏ। ਬਿਆਨ ਪੜ੍ਹਕੇ ਸੁਣਾਉਣ ਨੂੰ ਠੀਕ ਮੰਨਦੀ ਸੀ ਤਾਂ ਬਿਆਨ ਉਸਨੇ ਠੀਕ ਕਿਉਂ ਨਹੀਂ ਕਰਾਇਆ? ਇਹ ਪ੍ਰਸ਼ਨ ਉੱਠਣਾ ਸੀ, ਜਿਸਦਾ ਉਸ ਕੋਲ ਕੋਈ ਉੱਤਰ ਨਹੀਂ ਸੀ।

ਨੇਹਾ ਸੋਚਣ ਲੱਗੀ। ਕਿਸੇ ਇਸ਼ਾਰੇ ਦੀ ਇੱਛਾ ਨਾਲ ਉਹ ਆਪਣੇ ਵਕੀਲ ਵੱਲ ਤੱਕਣ ਲੱਗੀ।

ਪ੍ਰਧਾਨ ਉਸਦੀ ਦੁਬਿਧਾ ਸਮਝ ਕੇ ਵੀ ਚੁੱਪ ਖੜ੍ਹਾ ਰਿਹਾ। ਉਹ ਆਪਣੇ ਸਾਇਲ ਦੀ ਰਹਿਨੁਮਾਈ ਨਹੀਂ ਸੀ ਕਰ ਸਕਦਾ। ਉਸਨੂੰ ਪੁਲਿਸ ਨੂੰ ਬਿਨਾਂ ਗਵਾਹਾਂ ਨੂੰ ਪੁੱਛੇ ਆਪੇ ਬਿਆਨ ਲਿਖਣ ਦੇ ਅਧਿਕਾਰ 'ਤੇ ਖਿਝ ਆ ਰਹੀ ਸੀ। ਇਸ ਅਧਿਕਾਰ ਦੀ ਹੋਈ ਦੁਰਵਰਤੋਂ ਕਾਰਨ ਹੁਣ ਨੇਹਾ ਕੜਿਕੀ ਵਿਚ ਫਸੀ ਖੜ੍ਹੀ ਸੀ।

"ਬੋਲ ਬੀਬਾ ਜਲਦੀ ਬੋਲ। ਇਸ ਵਿਚ ਸੋਚਣ ਵਾਲੀ ਕਿਹੜੀ ਗੱਲ ਹੈ?"

ਨੰਦ ਲਾਲ ਗਵਾਹ ਨੂੰ ਬਹੁਤਾ ਸੋਚਣ ਦਾ ਮੌਕਾ ਨਹੀਂ ਸੀ ਦੇਣਾ ਚਾਹੁੰਦਾ। ਸੋਚ ਸੋਚ ਕੇ ਗਵਾਹ ਸਹੀ ਨਤੀਜੇ 'ਤੇ ਪੁੱਜ ਸਕਦਾ ਸੀ।

"ਸਰ ਇਸ ਸਵਾਲ ਬਾਰੇ ਮੈਂ ਆਪਣੇ ਵਕੀਲ ਨਾਲ ਰਾਏ ਕਰ ਲਵਾਂ?"

"ਨਹੀਂ ਬੀਬੀ ਤੂੰ ਇੰਝ ਨਹੀਂ ਕਰ ਸਕਦੀ।"

"ਸਰ ਜੇ ਮੁਲਜ਼ਮਾਂ ਨੂੰ ਅੱਧੀ ਦਰਜਨ ਵਕੀਲ ਕਰਨ ਦਾ ਅਧਿਕਾਰ ਹੈ ਤਾਂ ਮੈਨੂੰ ਇਕ ਵਕੀਲ ਨਾਲ ਰਾਏ ਕਰਨ ਦਾ ਅਧਿਕਾਰ ਕਿਉਂ ਨਹੀਂ?"

ਖਿਝੀ ਨੇਹਾ ਨੇ ਅਦਾਲਤ 'ਤੇ ਕਿੰਤੂ ਕੀਤਾ।

"ਕਾਨੂੰਨ ਇਸੇ ਤਰ੍ਹਾਂ ਆਖਦਾ ਹੈ।"

"ਪਰ ਇਸ ਤਰ੍ਹਾਂ ਕਿਉਂ ਆਖਦਾ ਹੈ ਸਰ?"

"ਤੂੰ ਚਸ਼ਮਦੀਦ ਗਵਾਹ ਹੈਂ। ਸੱਚ ਤੇਰੇ ਸਾਹਮਣੇ ਵਾਪਰਿਆ ਹੈ। ਸੱਚ ਨੂੰ ਕਿਸੇ ਠੁਮਣੇ ਦੀ ਜ਼ਰੂਰਤ ਨਹੀਂ ਹੁੰਦੀ।"

"ਪਰ ਸਰ ਇਹ ਭਾਣਾ ਇਨ੍ਹਾਂ ਮੁਲਜ਼ਮਾਂ ਨੇ ਵਰਤਾਇਆ ਹੈ। ਜੇ ਮੈਂ ਕੋਈ ਗ਼ਲਤ ਬਿਆਨੀ ਕਰਾਂ ਤਾਂ ਉਸ ਬਾਰੇ ਇਹ ਮੈਨੂੰ ਪੁੱਛਣ? ਇਨ੍ਹਾਂ ਵੱਲੋਂ ਸਵਾਲ ਪੁੱਛਣ ਲਈ ਵਕੀਲ ਕਿਉਂ ਖੜ੍ਹੇ ਹਨ?"

"ਕਾਨੂੰਨ ਮੁਲਜ਼ਮਾਂ ਨੂੰ ਧਰਮਰਾਜ ਦੇ ਪੁੱਤਰ ਸਮਝਦਾ ਹੈ। ਗਵਾਹਾਂ ਨੂੰ ਝੂਠ ਦੇ ਪਲੰਦੇ। ਇਸੇ ਲਈ ਗਵਾਹਾਂ ਵੱਲੋਂ ਬਿਆਨੇ ਜਾ ਰਹੇ ਅਖੌਤੀ ਝੂਠ ਵਿਚੋਂ ਸੱਚ ਲੱਭਣ ਲਈ ਵਕੀਲ ਖੜ੍ਹੇ ਕਰਨ ਦਾ ਅਧਿਕਾਰ ਦਿੰਦਾ ਹੈ।"

ਨੇਹਾ ਦੀ ਮਜਬੂਰੀ ਕਾਰਨ ਭਰੇ-ਪੀਤੇ ਪ੍ਰਧਾਨ ਨੇ ਪਹਿਲੀ ਵਾਰ ਆਪਣੇ ਮਨ ਦੀ ਭੜਾਸ ਕੱਢੀ।

"ਅਸੀਂ ਦੋ ਸੌ ਸਾਲ ਅੰਗਰੇਜ਼ਾਂ ਦੇ ਗੁਲਾਮ ਰਹੇ। ਆਪਣੇ ਸਿਧਾਂਤ ਉਹ ਸਾਡੇ ਉਪਰ ਠੋਸ ਗਏ। ਭਲੇ ਦਿਨਾਂ ਵਿਚ ਇਕ ਨਿਰਦੋਸ਼ ਨੂੰ ਫਾਂਸੀ ਹੋ ਗਈ। ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਲੋਕਾਂ ਦੇ ਰੋਹ ਤੋਂ ਡਰਦੇ ਕਾਨੂੰਨ ਨੇ ਸਿਧਾਂਤ ਘੜ ਦਿੱਤਾ। ਇਕ ਨਿਰਦੋਸ਼ ਨੂੰ ਸਜ਼ਾ ਦੇਣ ਨਾਲੋਂ ਸੌ ਦੋਸ਼ੀ ਬਰੀ ਕੀਤੇ ਚੰਗੇ। ਇਹ ਸਿਧਾਂਤ ਦੇਣ ਵਾਲੇ ਦੇਸ਼ ਨੇ ਤਫ਼ਤੀਸ਼ ਨੂੰ ਵਿਗਿਆਨਕ ਲੀਹਾਂ 'ਤੇ ਪਾ ਕੇ ਸ਼ੱਕ ਦੀ ਗੁੰਜਾਇਸ਼ ਨੂੰ ਸਿਫ਼ਰ 'ਤੇ ਲੈ ਆਂਦਾ। ਅਸੀਂ ਇਸ ਸਿਧਾਂਤ ਨੂੰ ਘਸਾ ਘਸਾ ਮੁਲਜ਼ਮਾਂ ਦੇ ਬਰੀ ਹੋਣ ਦਾ ਹਥਿਆਰ ਬਣਾ ਦਿੱਤਾ। ਕਹਾਣੀ ਨੂੰ ਸ਼ੱਕੀ ਬਣਾਉਣ ਲਈ ਦੋਸ਼ੀਆਂ ਨੂੰ ਵਕੀਲ ਦਿੱਤੇ ਜਾਂਦੇ ਹਨ। ਫੇਰ ਉਸ ਸ਼ੱਕ ਦੇ ਆਧਾਰ 'ਤੇ ਦੋਸ਼ੀ ਬਰੀ ਕਰ ਦਿੱਤੇ ਜਾਂਦੇ ਹਨ।"

ਆਪਣਾ ਫਰਜ਼ ਸਮਝ ਕੇ ਸਾਧੂ ਸਿੰਘ ਨੇ ਨੇਹਾ ਨੂੰ ਉਸਦੇ ਪ੍ਰਸ਼ਨ ਦਾ ਪਿਛੋਕੜ



ਸਮਝਾਇਆ।

"ਸਾਡਾ ਦੇਸ਼ ਕੁਰਬਾਨੀ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਸਾਨੂੰ ਪੁਰਾਣੇ ਸਿਧਾਂਤ ਨੂੰ ਬਦਲ ਦੇਣਾ ਚਾਹੀਦਾ ਹੈ। 'ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਜੇ ਇਕ ਨਿਰਦੋਸ਼ ਨੂੰ ਫਾਂਸੀ ਚੜ੍ਹਨਾ ਪਏ ਤਾਂ ਉਸਨੂੰ ਚੜ੍ਹ ਜਾਣਾ ਚਾਹੀਦਾ ਹੈ।' ਹੁਣ ਇਹ ਸਿਧਾਂਤ ਹੋਣਾ ਚਾਹੀਦਾ ਹੈ।"

ਚੱਲੀ ਬਹਿਸ ਨੂੰ ਪ੍ਰਧਾਨ ਅੱਗੇ ਤੋਰਨ ਲੱਗਾ।

"ਜਨਾਬ ਇਸ ਵਿਸ਼ੇ 'ਤੇ ਸੈਮੀਨਾਰ ਕਦੇ ਫੇਰ ਰੱਖ ਲਵਾਂਗੇ। ਹਾਲੇ ਇਕ ਗਵਾਹ ਹੋਰ ਰਹਿੰਦਾ ਹੈ। ਕੰਮ ਮੁਕਾਈਏ।"

ਮੁਕੱਦਮੇ ਤੋਂ ਹਟ ਕੇ ਚੱਲੀ ਬਹਿਸ ਨੂੰ ਠੱਲ੍ਹ ਪਾਉਣ ਲਈ ਨੰਦ ਲਾਲ ਨੇ ਸਾਧੂ ਸਿੰਘ ਨੂੰ ਟੋਕਿਆ।

"ਸਾਰੀ! ਹਾਂ, ਦੱਸ ਬੀਬਾ।" ਨੰਦ ਲਾਲ ਤੋਂ ਮੁਆਫ਼ੀ ਮੰਗ ਕੇ ਸਾਧੂ ਸਿੰਘ ਨੇ ਨੇਹਾ ਨੂੰ ਉੱਤਰ ਦੇਣ ਦਾ ਹੁਕਮ ਸੁਣਾਇਆ।"

"ਦੂਜਾ ਬਿਆਨ ਮੈਨੂੰ ਪੜ੍ਹਕੇ ਸੁਣਾਇਆ ਗਿਆ ਸੀ। ਉਸ ਸਮੇਂ ਇਸ ਘਟਨਾ ਦਾ ਉਸ ਵਿਚ ਜ਼ਿਕਰ ਨਹੀਂ ਸੀ।"

ਵਕੀਲਾਂ ਦੇ ਸਮਝਾਉਣ ਮੁਤਾਬਕ ਨੇਹਾ ਨੇ ਗੋਲ-ਮੋਲ ਜਵਾਬ ਦਿੱਤਾ।

ਇਸ ਜਵਾਬ ਨਾਲ ਨੰਦ ਲਾਲ ਦਾ ਬੁੱਤਾ ਸਰ ਗਿਆ। ਇਸ ਉੱਤਰ ਦਾ ਮਤਲਬ ਸੀ ਪੁਲਿਸ ਆਪਣੀ ਮਰਜ਼ੀ ਨਾਲ ਬਿਆਨ ਬਦਲਦੀ ਰਹੀ ਸੀ। ਇਹੋ ਨੰਦ ਲਾਲ ਸਾਬਤ ਕਰਨਾ ਚਾਹੁੰਦਾ ਸੀ।

"ਹੁਣ ਬੀਬੀ ਇਹ ਦੱਸ ਕਿ ਦੋਸ਼ੀਆਂ ਦੇ ਨਾਂ ਤੈਨੂੰ ਕਦੋਂ ਪਤਾ ਲਗੇ?"

"ਜਦੋਂ ਉਹ ਵਾਰਦਾਤ ਕਰ ਰਹੇ ਸਨ। ਕਦੇ-ਕਦੇ ਗੱਲਾਂ ਕਰਦੇ ਇਕ ਦੂਜੇ ਦਾ ਨਾਂ ਲੈਂਦੇ ਸਨ।"

"ਪੰਜ ਮੁਲਜ਼ਮ ਨੇ। ਸਭ ਦੇ ਨਾਂ ਤੂੰ ਠੀਕ ਦੱਸੇ ਨੇ। ਇਹ ਦੱਸ ਬੀਬਾ ਇਹ ਨਾਂ ਤੈਨੂੰ ਜ਼ੁਬਾਨੀ ਯਾਰ ਰਹੇ ਜਾਂ ਤੂੰ ਕਿਧਰੇ ਨੋਟ ਕੀਤੇ ਸਨ?"

"ਜ਼ੁਬਾਨੀ ਯਾਦ ਸਨ।" ਨੇਹਾ ਨੂੰ ਪਤਾ ਸੀ ਇਹ ਸਵਾਲ ਉਸ ਤੋਂ ਪੁੱਛਿਆ ਜਾਣਾ ਸੀ।

"ਪਰਚਾ ਦਰਜ ਕਰਾਉਣ ਸਮੇਂ ਤੂੰ ਪੁਲਿਸ ਨੂੰ ਕਿਉਂ ਨਹੀਂ ਦੱਸੇ?"

"ਮੈਥੋਂ ਕਿਸੇ ਨੇ ਪੁੱਛਿਆ ਨਹੀਂ।" ਇਸ ਸਵਾਲ ਦਾ ਇਹ ਢੁਕਵਾਂ ਜਵਾਬ ਸੀ। ਇਹ ਵੀ ਨੇਹਾ ਨੂੰ ਸਮਝਾਇਆ ਗਿਆ ਸੀ।

"ਹਸਪਤਾਲ ਦਾ ਰਿਕਾਰਡ ਦੱਸਦਾ ਹੈ ਸਭ ਤੋਂ ਪਹਿਲਾਂ ਤੇਰਾ ਮਾਮਾ ਤੈਨੂੰ ਹਸਪਤਾਲ ਵਿਚ ਮਿਲਿਆ। ਇਹ ਗੱਲ ਠੀਕ ਹੈ?"

"ਮੈਂ ਘਬਰਾਹਟ ਵਿਚ ਸੀ। ਮੈਨੂੰ ਕੁਝ ਯਾਦ ਨਹੀਂ।"

"ਚੱਲ ਇਉਂ ਦੱਸ ਕਿ ਹਸਪਤਾਲ ਛੁੱਟੀ ਹੋਣ ਬਾਅਦ ਉਹ ਪਲਵੀ ਦੇ ਘਰ ਜਾ ਕੇ ਤੈਨੂੰ ਹਰ ਰੋਜ਼ ਮਿਲਦਾ ਰਿਹਾ ਜਾਂ ਨਹੀਂ?"

"ਹਾਂ ਮਿਲਦਾ ਰਿਹਾ।"

"ਉਹ ਵਕੀਲ ਹੈ?"

"ਹਾਂ।"
"ਉਸਨੇ ਤੇਰੇ ਕੋਲੋਂ ਮੁਲਜ਼ਮਾਂ ਦੇ ਨਾਂ ਪੁੱਛੇ?"
"ਨਹੀਂ।"
"ਮਤਲਬ ਇਹ ਹੋਇਆ ਕਿ ਤੂੰ ਪਹਿਲੀ ਵਾਰੀ ਪੁਲਿਸ ਨੂੰ ਮੁਲਜ਼ਮਾਂ ਦੇ ਨਾਂ ਦੱਸੇ। ਉਹ ਵੀ ਪੰਦਰਾਂ ਦਿਨਾਂ ਬਾਅਦ। ਉਹ ਵੀ ਉਨ੍ਹਾਂ ਦੇ ਪੁੱਛਣ 'ਤੇ।"
"ਹਾਂ।"
"ਉਸ ਸਮੇਂ ਤਕ ਇਹ ਸਭ ਦੋਸ਼ੀ ਫੜੇ ਜਾ ਚੁੱਕੇ ਸਨ। ਇਨ੍ਹਾਂ ਦੇ ਨਾਂ, ਪਤੇ ਅਤੇ ਫੋਟੋਆਂ ਅਖ਼ਬਾਰਾਂ ਵਿਚ ਛਪ ਚੁੱਕੀਆਂ ਸਨ। ਤੈਨੂੰ ਪਤਾ ਹੈ?"
"ਨਹੀਂ। ਮੈਨੂੰ ਨਹੀਂ ਪਤਾ।"
"ਆਪਾਂ ਰਿਕਾਰਡ ਦੇਖ ਲਵਾਂਗੇ। ਇਸ ਤੋਂ ਪੁੱਛਣ ਦੀ ਕੀ ਲੋੜ ਹੈ?"
ਸਾਧੂ ਸਿੰਘ ਨੇ ਨੰਦ ਲਾਲ ਨੂੰ ਟੋਕਿਆ।
"ਬਿਹਤਰ ਜਨਾਬ! ਹੁਣ ਬੀਬੀ ਇਹ ਦੱਸ ਤੂੰ ਦੋਸ਼ੀਆਂ ਨੂੰ ਕਿਸ ਆਧਾਰ 'ਤੇ ਸ਼ਨਾਖ਼ਤ ਕੀਤਾ ਹੈ?"
ਇਨ੍ਹਾਂ ਦੇ ਸ਼ਨਾਖ਼ਤੀ ਨਿਸ਼ਾਨ ਦੇਖ ਕੇ।"
"ਉਹ ਕਿਹੜੇ-ਕਿਹੜੇ ਨਿਸ਼ਾਨ ਨੇ? ਬੇਟੀ ਜ਼ਰਾ ਸਾਨੂੰ ਵੀ ਦੱਸ?"
"ਪੰਚਮ ਦੇ ਹੱਥਾਂ ਦੀ ਬਨਾਵਟ, ਕਾਲੀਏ ਦੇ ਕੰਨ ਦੀ ਨੱਤੀ, ਠੇਕੇਦਾਰ ਦਾ ਵਧਿਆ ਢਿੱਡ..."
"ਪਰ ਇਹ ਸ਼ਨਾਖ਼ਤੀ ਨਿਸ਼ਾਨ ਤੂੰ ਆਪਣੇ ਬਿਆਨਾਂ ਵਿਚ ਤਾਂ ਨਹੀਂ ਸਨ ਲਿਖਾਏ? ਕਿਉਂ ਨਹੀਂ ਸਨ ਲਿਖਾਏ? ਕੋਈ ਕਾਰਨ ਦੱਸੋ?"
ਨੰਦ ਲਾਲ ਨੇ ਇਕ ਵਾਰ ਫੇਰ ਉਸਨੂੰ ਉਸਦੇ ਸਾਰੇ ਬਿਆਨ ਪੜ੍ਹ ਕੇ ਸੁਣਾਏ। ਕਿਸੇ ਵੀ ਬਿਆਨ ਵਿਚ ਇਨ੍ਹਾਂ ਸ਼ਨਾਖ਼ਤੀ ਨਿਸ਼ਾਨਾਂ ਦਾ ਜ਼ਿਕਰ ਨਹੀਂ ਸੀ।
ਨੇਹਾ ਨਿਰ-ਉੱਤਰ ਹੋ ਗਈ।
"ਦੇਖ ਬੀਬੀ ਤੂੰ ਝੂਠ ਬੋਲ ਰਹੀ ਹੈਂ। ਇਹ ਵਾਰਦਾਤ ਕਾਲੇ ਕੱਛਿਆਂ ਵਾਲੇ ਗਰੋਹ ਨੇ ਕੀਤੀ ਸੀ। ਤੂੰ ਆਪਣੇ ਭਰਾਵਾਂ ਨਾਲ ਕਿੜ ਕੱਢਣੀ ਚਾਹੁੰਦੀ ਸੀ। ਤੁਸੀਂ ਪੁਲਿਸ ਨਾਲ ਮਿਲ ਕੇ ਪੰਕਜ ਹੋਰਾਂ ਦੇ ਨਾਲ-ਨਾਲ ਇਹ ਭਈਏ ਵੀ ਫਸਾ ਲਏ। ਠੀਕ ਏ ਨਾ?"
"ਸਰ ਮੈਂ ਵਕੀਲ ਸਾਹਿਬ ਤੋਂ ਇਕ ਸਵਾਲ ਪੁੱਛਣਾ ਚਾਹੁੰਦੀ ਹਾਂ?"
"ਨਹੀਂ ਬੀਬਾ। ਤੈਨੂੰ ਨਾ ਕਿਸੇ ਵਕੀਲ ਤੋਂ ਸਵਾਲ ਪੁੱਛਣ ਦਾ ਅਧਿਕਾਰ ਹੈ ਨਾ ਕਿਸੇ ਮੁਲਜ਼ਮ ਤੋਂ।"
"ਸਰ ਇਹ ਕਮਾਲ ਦਾ ਕਾਨੂੰਨ ਹੈ! ਮੁਲਜ਼ਮ ਧੜਾਧੜ ਸਵਾਲ ਪੁੱਛੀ ਜਾਣ। ਗਵਾਹ ਇਕ ਸਵਾਲ ਨਹੀਂ ਪੁੱਛ ਸਕਦਾ।"
ਨੇਹਾ ਛਟ-ਪਟਾ ਕੇ ਰਹਿ ਗਈ।
ਆਪਣੇ ਅੰਦਰ ਪੈਦਾ ਹੋਈ ਜਗਿਆਸਾ ਨੂੰ ਸ਼ਾਂਤ ਕਰਨ ਲਈ ਸਾਧੂ ਸਿੰਘ ਨੇ ਨੇਹਾ ਦੇ ਮਨ ਦੀ ਗੱਲ ਪੁੱਛੀ।
"ਸਰ ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਮੈਨੂੰ ਅਸਲ ਕਾਤਲ ਛੱਡ ਕੇ ਇਨ੍ਹਾਂ ਨੂੰ ਫਸਾਣ ਦੀ ਕੀ ਜ਼ਰੂਰਤ ਹੈ?"



"ਜਦੋਂ ਮੌਕਾ ਆਇਆ ਇਹ ਵੀ ਦੱਸਾਂਗੇ ਕਿ ਇਨ੍ਹਾਂ ਨੂੰ ਕਿਉਂ ਫਸਾਇਆ ਹੈ?"
ਨੰਦ ਲਾਲ ਨੇ ਮੁੱਦੇ ਤੋਂ ਬਾਹਰ ਜਾਂਦੀ ਗੱਲਬਾਤ ਨੂੰ ਠੱਲ੍ਹ ਪਾਉਣ ਦਾ ਇਕ ਵਾਰ ਫੇਰ ਯਤਨ ਕੀਤਾ।
"ਚਲੋ ਖ਼ਤਮ ਕਰੋ। ਬਹੁਤ ਜਿਰ੍ਹਾ ਹੋ ਗਈ?"
ਸਾਧੂ ਸਿੰਘ ਨੇਹਾ ਨੂੰ ਜਲਦੀ ਤੋਂ ਜਲਦੀ ਫਾਰਗ ਕਰਨਾ ਚਾਹੁੰਦਾ ਸੀ।
"ਜਿਵੇ ਜਨਾਬ ਦਾ ਹੁਕਮ।"
ਆਖਦੇ ਨੰਦ ਲਾਲ ਨੇ ਝੱਟ ਜਿਰ੍ਹਾ ਬੰਦ ਕਰ ਦਿੱਤੀ।
ਠੇਕੇਦਾਰ ਦਾ ਵਕੀਲ ਵੱਖਰਾ ਰਾਗ ਅਲਾਪ ਰਿਹਾ ਸੀ।
ਠੇਕੇਦਾਰ ਵੱਲੋਂ ਜਿਰ੍ਹਾ ਕਰਨ ਦਾ ਉਸਨੂੰ ਵੱਖਰਾ ਮੌਕਾ ਦਿੱਤਾ ਗਿਆ।
ਬਾਕੀ ਦੇ ਸਾਰੇ ਸਵਾਲ ਨੰਦ ਲਾਲ ਪੁੱਛ ਚੁੱਕਾ ਸੀ। ਪਰ ਨੰਦ ਲਾਲ ਦੀ ਕਾਲੇ ਕੱਛਿਆਂ ਵਾਲੇ ਗਰੋਹ ਸਿਰ ਵਾਰਦਾਤ ਮੜ੍ਹਨ ਵਾਲੀ ਗੱਲ ਠੇਕੇਦਾਰ ਨੂੰ ਜਚੀ ਨਹੀਂ ਸੀ। ਸਫ਼ਾਈ ਧਿਰ ਦੀ ਇਸ ਦਲੀਲ ਨਾਲ ਪੰਕਜ ਅਤੇ ਨੀਰਜ ਤਾਂ ਬਚ ਸਕਦੇ ਸਨ ਪਰ ਭਈਆਂ ਨੂੰ ਇਹ ਪੱਖ ਫਸਾ ਸਕਦਾ ਸੀ। ਭਈਆਂ ਅਤੇ ਕਾਲੇ ਕੱਛਿਆਂ ਵਾਲਿਆਂ ਵਿਚ ਕੀ ਫਰਕ ਸੀ? ਇਹ ਠੇਕੇਦਾਰ ਤੋਂ ਸਿੱਧ ਨਹੀਂ ਸੀ ਹੋਣਾ।
ਠੇਕੇਦਾਰ ਦਾ ਵਕੀਲ ਆਪਣਾ ਪੱਖ ਸੋਚ ਕੇ ਆਇਆ ਸੀ।
ਆਪਣੀ ਸੋਚ ਅਨੁਸਾਰ ਉਹ ਨੇਹਾ ਨੂੰ ਆਪਣਾ ਪੱਖ ਸੁਝਾਉਣ ਲੱਗਾ।
"ਦੇਖ ਬੀਬੀ। ਤੇਰਾ ਯੂਨੀਵਰਸਿਟੀ ਦੇ ਇਕ ਮੁੰਡੇ ਨਾਲ ਇਸ਼ਕ ਚਲਦਾ ਸੀ। ਉਹ ਰਾਤ ਨੂੰ ਤੈਨੂੰ ਮਿਲਣ ਆਉਂਦਾ ਹੁੰਦਾ ਸੀ। ਉਸ ਰਾਤ ਵੀ ਉਹ ਤੇਰੇ ਕਮਰੇ ਵਿਚ ਸੀ। ਕਮਲ ਜਾਗ ਪਿਆ। ਉਸਨੇ ਤੁਹਾਨੂੰ ਦੇਖ ਲਿਆ। ਗੁੱਸੇ ਵਿਚ ਉਸਨੇ ਤੇਰੇ ਆਸ਼ਕ 'ਤੇ ਹਮਲਾ ਕਰ ਦਿੱਤਾ। ਆਸ਼ਕ ਨੇ ਕਮਲ ਨੂੰ ਮਾਰ ਦਿੱਤਾ। ਆਪਣੀ ਬਦਨਾਮੀ ਬਚਾਉਣ ਲਈ ਤੁਸੀਂ ਇਨ੍ਹਾਂ ਗਰੀਬ ਭਈਆਂ ਨੂੰ ਬਲੀ ਦਾ ਬਕਰਾ ਬਣਾ ਲਿਆ।"
ਇਸ ਨਵੀਂ ਕਹਾਣੀ ਨੇ ਨੇਹਾ ਦੀਆਂ ਅੱਖਾਂ ਫੇਰ ਛਲਕਾ ਦਿੱਤੀਆਂ।

## -108-

ਮੁਲਾਕਾਤ ਕਰਨ ਆਈ ਠੇਕੇਦਾਰ ਦੀ ਪਤਨੀ ਹਰ ਵਾਰ ਕਿਸੇ ਨਵੀਂ ਮੁਸੀਬਤ ਦੀ ਖ਼ਬਰ ਸੁਣਾ ਜਾਂਦੀ ਸੀ।
ਪਹਿਲੀ ਵਾਰ ਉਸਨੇ ਦੱਸਿਆ। ਠੇਕੇਦਾਰ ਦੇ ਇਕ ਚੇਲੇ ਨੇ ਉਸਦੇ ਸਾਰੇ ਕੰਮ ਹਥਿਆ ਲਏ। ਲੋਕਾਂ ਨੇ ਥੋੜ੍ਹੀ ਦੇਰ ਉਸਦਾ ਇੰਤਜ਼ਾਰ ਕੀਤਾ। ਫੇਰ ਸੋਚਿਆ ਉਹ ਕਤਲ ਦੇ ਮੁਕੱਦਮੇ ਵਿਚ ਫਸਿਆ ਹੋਇਆ ਹੈ। ਕੀ ਪਤਾ ਕਦੋਂ ਘਰ ਆਵੇ? ਲੋਕ ਆਪਣੇ ਕੰਮ ਨਹੀਂ ਸਨ ਰੋਕ ਸਕਦੇ। ਉਨ੍ਹਾਂ ਨੇ ਨਵੇਂ ਠੇਕੇਦਾਰ ਸਹੇੜ ਲਏ।
ਕੁਝ ਲੋਕ ਠੇਕੇਦਾਰ ਦਾ ਅਸਲੀ ਚਿਹਰਾ ਨੰਗਾ ਹੋ ਜਾਣ ਕਾਰਨ ਕੰਮ ਤੋਂ ਜਵਾਬ ਦੇ ਗਏ। ਉਨ੍ਹਾਂ ਨੂੰ ਕੀ ਪਤਾ ਸੀ ਠੇਕੇਦਾਰ ਲੁੱਟਾਂ-ਖੋਹਾਂ ਵੀ ਕਰਦਾ ਸੀ? ਠੇਕੇਦਾਰ ਅਤੇ ਮਾਲਕ ਦੀ ਬੁੱਕਲ ਸਾਂਝੀ ਹੁੰਦੀ ਹੈ। ਠੇਕੇਦਾਰ ਵੇਲੇ-ਕੁਵੇਲੇ ਜਦੋਂ ਚਾਹੇ ਮਾਲਕ ਦੇ ਘਰ ਗੇੜਾ ਮਾਰ ਸਕਦਾ ਹੈ। ਮਾਲਕ ਪੈਸਾ ਧੇਲਾ ਕਿੱਥੇ ਰੱਖਦਾ ਹੈ ਇਸ ਦਾ ਠੇਕੇਦਾਰ ਨੂੰ ਪਤਾ

ਹੁੰਦਾ ਹੈ। ਅਜਿਹੇ ਬੰਦੇ ਦਾ ਕੀ ਪਤਾ ਹੈ ਕਦੋਂ ਲੁੱਟਣ ਆ ਪਏ। ਦੇਖ ਕੇ ਮੱਖੀ ਨਿਗਲਣ ਨੂੰ ਕੋਈ ਤਿਆਰ ਨਹੀਂ ਸੀ।

ਦੂਸਰੀ ਵਾਰ ਉਸਨੇ ਦੱਸਿਆ। ਦੁਕਾਨ ਦੀ ਵਿਕਰੀ ਅੱਧੀ ਰਹਿ ਗਈ। ਉਨ੍ਹਾਂ ਦੀ ਦੁਕਾਨ ਠੇਕੇਦਾਰ ਨਾਲ ਕੰਮ ਕਰਦੇ ਮਜ਼ਦੂਰਾਂ ਦੇ ਸਿਰ 'ਤੇ ਚੱਲਦੀ ਸੀ। ਹੁਣ ਉਹ ਜਿਸ ਠੇਕੇਦਾਰ ਨਾਲ ਕੰਮ ਕਰਦੇ ਸਨ ਉਸੇ ਦੇ ਦੁਕਾਨਦਾਰ ਤੋਂ ਸੌਦਾ ਲੈਂਦੇ ਸਨ। ਥੋਕ ਦੇ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਉਧਰ ਸੌਦਾ ਦੇਣਾ ਬੰਦ ਕਰ ਦਿੱਤਾ ਸੀ। ਜੋ ਸੌਦਾ ਦੁਕਾਨ ਵਿਚ ਸੀ ਉਹ ਘਰੇ ਵਰਤਿਆ ਜਾ ਚੁੱਕਾ ਸੀ। ਦੁਕਾਨ ਵਿਚ ਚੂਹੇ ਨੱਚਦੇ ਸਨ। ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ। ਨੌਬਤ ਹੱਥ ਵਿਚ ਠੂਠਾ ਫੜਨ ਤਕ ਪੁੱਜਦੀ ਜਾ ਰਹੀ ਸੀ।

ਫੇਰ ਉਸਨੇ ਦੱਸਿਆ। ਮੁੰਡਾ ਵਿਗੜਨਾ ਸ਼ੁਰੂ ਹੋ ਗਿਆ। ਪਹਿਲਾਂ ਉਹ ਲੁਕ ਛਿਪ ਕੇ ਬੀੜੀ ਪੀਂਦਾ ਸੀ। ਹੁਣ ਸ਼ਰੇਆਮ ਪੀਣ ਲੱਗਾ ਸੀ। ਸ਼ਰਾਬ ਖਰੀਦਣ ਲਈ ਪੈਸੇ ਪਤਾ ਨਹੀਂ ਕਿਥੋਂ ਲੈਂਦਾ ਸੀ? ਸ਼ਾਮ ਨੂੰ ਪੀ ਕੇ ਆਉਂਦਾ ਸੀ। ਕੁੜੀ ਵਿਗੜਦੀ ਜਾ ਰਹੀ ਸੀ। ਕਈ ਵਾਰ ਉਸਨੇ ਕੁੜੀ ਨੂੰ ਪਰਾਏ ਮੁੰਡਿਆਂ ਨਾਲ ਹੱਸਦੇ ਦੇਖਿਆ ਸੀ। ਉਸਨੂੰ ਅੱਖ ਦੀ ਸ਼ਰਮ ਵੀ ਨਹੀਂ ਸੀ ਰਹੀ। ਤਾੜਨ 'ਤੇ ਸੂਈ ਬਘਿਆੜੀ ਵਾਂਗ ਪੈਂਦੀ ਸੀ। ਕਿਸੇ ਵੀ ਸਮੇਂ ਉਹ ਕਿਸੇ ਨਾਲ ਨਿਕਲ ਸਕਦੀ ਸੀ।

ਜੇ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਉਨ੍ਹਾਂ ਨੂੰ ਘਰ-ਬਾਰ ਵੇਚ ਕੇ ਕਿਸੇ ਵੀ ਸਮੇਂ ਦੇਸ਼ ਵੱਲ ਕੂਚ ਕਰਨਾ ਪੈ ਸਕਦਾ ਸੀ।

ਇਹੋ ਜਿਹੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਠੇਕੇਦਾਰ ਨੂੰ ਜੇਲ੍ਹ ਦੇ ਅੰਦਰ ਵੀ ਕਰਨਾ ਪੈ ਰਿਹਾ ਸੀ।

ਉਸਦੇ ਸਾਥੀ ਪੰਕਜ ਹੋਰਾਂ ਪਿੱਛੇ ਲਗੇ ਫਿਰਦੇ ਸਨ। ਜਿਸ ਤਰ੍ਹਾਂ ਸੇਠਾਂ ਦੇ ਵਕੀਲ ਆਖਦੇ ਸਨ ਉਹ ਉਸੇ ਤਰ੍ਹਾਂ ਕਰਦੇ ਸਨ। ਠੇਕੇਦਾਰ ਨੇ ਉਨ੍ਹਾਂ ਨੂੰ ਬਹੁਤ ਸਮਝਾਇਆ ਸੀ। ਸੇਠ ਆਪਣੇ ਬਰੀ ਹੋਣ ਵਾਲੀਆਂ ਚਾਲਾਂ ਚੱਲ ਰਹੇ ਸਨ। ਉਨ੍ਹਾਂ ਨੂੰ ਭਈਆਂ ਨਾਲ ਕੋਈ ਹਮਦਰਦੀ ਨਹੀਂ ਸੀ। ਉਨ੍ਹਾਂ ਨੂੰ ਨਾ ਕਿਸੇ ਨੇ ਬਰੀ ਕਰਾਉਣਾ ਸੀ ਨਾ ਕਿਸੇ ਨੇ ਬਰੀ ਕਰਨਾ ਸੀ। ਭਈਆਂ ਨੂੰ ਆਪਣੀ ਲੜਾਈ ਆਪ ਲੜਨੀ ਪੈਣੀ ਸੀ। ਪਰ ਉਹ ਉਸਦੀ ਇਕ ਨਹੀਂ ਸਨ ਸੁਣਦੇ। ਸੇਠਾਂ ਦੇ ਆਖੇ ਪੰਡਿਤ ਗੈਰ-ਹਾਜ਼ਰ ਹੋ ਚੁੱਕਾ ਸੀ। ਜਦੋਂ ਲੋੜ ਹੋਈ ਸੇਠਾਂ ਨੇ ਉਸਨੂੰ ਗ੍ਰਿਫ਼ਤਾਰ ਕਰਵਾ ਦੇਣਾ ਸੀ। ਮੁੜ ਉਸਨੂੰ ਸਾਰੀ ਉਮਰ ਜੇਲ੍ਹ ਵਿਚ ਸੜਨਾ ਪੈਣਾ ਸੀ।

ਠੇਕੇਦਾਰ ਆਰਾਮ-ਪ੍ਰਸਤ ਹੋ ਚੁੱਕਾ ਸੀ। ਜੇਲ੍ਹ ਵਿਚ ਉਸ ਤੋਂ ਹੁਣ ਕੰਮ ਨਹੀਂ ਸੀ ਹੁੰਦਾ। ਪਰ ਉਸਦੇ ਸਾਥੀਆਂ ਲਈ ਜੇਲ੍ਹ ਦੇ ਅੰਦਰਲੀ ਅਤੇ ਬਾਹਰਲੀ ਜ਼ਿੰਦਗੀ ਵਿਚ ਬਹੁਤਾ ਫ਼ਰਕ ਨਹੀਂ ਸੀ। ਬਾਹਰ ਉਹ ਇਕ ਕਮਰੇ ਵਿਚ ਦਸ-ਦਸ ਰਹਿੰਦੇ ਸਨ। ਨਾ ਬਿਜਲੀ, ਨਾ ਪਾਣੀ। ਸਾਰੀ ਰਾਤ ਉਨ੍ਹਾਂ ਨੂੰ ਮੱਛਰ ਖਾਂਦੇ ਸਨ। ਸਾਰਾ ਦਿਨ ਹੱਡ-ਤੋੜਵੀ ਮਿਹਨਤ ਕਰਕੇ ਮਸਾਂ ਢਿਡ ਭਰਨ ਜੋਗੀ ਰੋਟੀ ਨਸੀਬ ਹੁੰਦੀ ਸੀ। ਦਿਹਾੜੀ ਟੁੱਟ ਜਾਵੇ ਤਾਂ ਫਾਕੇ ਕੱਟਣੇ ਪੈਂਦੇ ਸਨ। ਉਨ੍ਹਾਂ ਨੂੰ ਜੇਲ੍ਹ ਵਿਚ ਆਰਾਮ ਨਜ਼ਰ ਆਉਂਦਾ ਸੀ। ਬੈਰਕਾਂ ਵਿਚ ਪੱਖੇ ਸਨ। ਨਹਾਉਣ ਲਈ ਟਿਊਬਵੈਲ ਸੀ। ਦੇਖਣ ਨੂੰ ਟੀ.ਵੀ. ਸੀ। ਇਲਾਜ ਮੁਫ਼ਤ ਹੁੰਦਾ ਸੀ। ਪੰਚਮ ਦੀ ਲੱਤ ਦਾ ਇਲਾਜ ਦਯਾਨੰਦ ਹਸਪਤਾਲ ਵਿਚ ਹੋਇਆ। ਬਾਹਰ ਹੁੰਦਾ ਤਾਂ



ਲੱਤ ਕਟਾਉਣ ਦਾ ਲੱਖ ਰੁਪਿਆ ਲਗਦਾ। ਪੈਸਿਆਂ ਦੀ ਘਾਟ ਕਾਰਨ ਉਸਨੇ ਰੁਲ ਖੁਲ ਕੇ ਮਰ ਜਾਣਾ ਸੀ।

ਇਸ ਲਈ ਠੇਕੇਦਾਰ ਦੇ ਸਾਥੀਆਂ ਨੂੰ ਬਾਹਰ ਆਉਣ ਦੀ ਕੋਈ ਕਾਹਲ ਨਹੀਂ ਸੀ।

ਪਰ ਠੇਕੇਦਾਰ ਬਾਹਰ ਆਉਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਨਾਲ ਦੇ ਕੈਦੀ-ਉਸਨੂੰ ਤੰਗ ਕਰ ਰਹੇ ਸਨ। ਉਸ ਨੂੰ ਜੇਲ੍ਹ ਵਿਚ ਬੈਠੇ ਨੂੰ ਇਕ ਸਾਲ ਤੋਂ ਵੱਧ ਹੋ ਗਿਆ ਸੀ। ਇਸੇ ਕਾਰਨ ਉਸਦਾ ਜ਼ਮਾਨਤ ਉਪਰ ਰਿਹਾਅ ਹੋਣ ਦਾ ਹੱਕ ਬਣ ਗਿਆ ਸੀ। ਕਾਨੂੰਨ ਮੁਲਜ਼ਮਾਂ ਦਾ ਪੱਖ ਪੂਰਦਾ ਸੀ। ਜੇ ਸੁਣਵਾਈ ਇਕ ਸਾਲ ਵਿਚ ਨਹੀਂ ਮੁੱਕਦੀ ਤਾਂ ਮੁਲਜ਼ਮ ਨੂੰ ਜ਼ਮਾਨਤ 'ਤੇ ਰਿਹਾਅ ਕਰੋ। ਉਸਨੂੰ ਸਾਰੀ ਉਮਰ ਤਾਂ ਜੇਲ੍ਹ ਵਿਚ ਨਹੀਂ ਡੱਕੀ ਰੱਖਣਾ।

ਸਾਥੀ ਕੈਦੀ ਪੁੱਛ ਰਹੇ ਸਨ ਉਹ ਹਾਈ ਕੋਰਟ ਵਿਚ ਜ਼ਮਾਨਤ ਦੀ ਅਰਜ਼ੀ ਕਿਉਂ ਨਹੀਂ ਲਾਉਂਦਾ?

ਹਾਈ ਕੋਰਟ ਦੇ ਵਕੀਲਾਂ ਦੀਆਂ ਫ਼ੀਸਾਂ ਤੋਂ ਡਰਨ ਦੀ ਜ਼ਰੂਰਤ ਨਹੀਂ ਸੀ। ਸ਼ਨੀਵਾਰ ਨੂੰ ਕੁਝ ਵਕੀਲ ਕੰਮ ਲੈਣ ਮਾਇਆ ਨਗਰ ਆਉਂਦੇ ਸਨ। ਇਹ ਉਹ ਵਕੀਲ ਸਨ ਜਿਹੜੇ ਨਵੇਂ ਸਨ ਜਾਂ ਜਿਨ੍ਹਾਂ ਦਾ ਕੰਮ ਘੱਟ ਚਲਦਾ ਸੀ। ਜਿਹੜੇ ਮੁਲਜ਼ਮ ਵੱਧ ਫ਼ੀਸ ਨਹੀਂ ਦੇ ਸਕਦੇ ਜਾਂ ਜਿਨ੍ਹਾਂ ਦੇ ਵਾਰਿਸ ਚੰਡੀਗੜ੍ਹ ਦੇ ਚੱਕਰ ਨਹੀਂ ਲਾ ਸਕਦੇ ਉਹ ਉਨ੍ਹਾਂ ਨੂੰ ਵਕੀਲ ਕਰ ਲੈਂਦੇ ਸਨ।

ਠੇਕੇਦਾਰ ਬਾਹਰ ਹੁੰਦਾ ਤਾਂ ਚੰਡੀਗੜ੍ਹ ਜਾ ਕੇ ਵਧੀਆ ਵਕੀਲ ਕਰਦਾ। ਉਸਦੀ ਪਤਨੀ ਨੇ ਕਦੇ ਮਾਇਆ ਨਗਰ ਦਾ ਬੱਸ ਅੱਡਾ ਨਹੀਂ ਸੀ ਦੇਖਿਆ। ਉਹ ਹਾਈ ਕੋਰਟ ਦੇ ਚੱਕਰ ਨਹੀਂ ਸੀ ਕੱਟ ਸਕਦੀ। ਉਨ੍ਹਾਂ ਕੋਲ ਵੱਡੇ ਵਕੀਲਾਂ ਨੂੰ ਦੇਣ ਜੋਗੀ ਫ਼ੀਸ ਵੀ ਨਹੀਂ ਸੀ।

ਉਹ ਕੋਈ ਗਹਿਣਾ-ਗੱਟਾ ਵੇਚ ਕੇ ਮਸਾਂ ਹਜ਼ਾਰ ਪੰਦਰਾਂ ਸੌ ਜੁਟਾ ਸਕਦੀ ਸੀ।

ਅਜਿਹੇ ਇਕ ਵਕੀਲ ਨੂੰ ਠੇਕੇਦਾਰ ਦੀ ਪਤਨੀ ਨੇ ਕਾਗਜ਼-ਪੱਤਰ ਦਿਖਾਏ। ਕਾਗਜ਼ ਪੜ੍ਹ ਕੇ ਵਕੀਲ ਨੇ ਹਿੱਕ ਥਾਪੜੀ। ਸੌ ਫ਼ੀ ਸਦੀ ਜ਼ਮਾਨਤ ਵਾਲਾ ਕੇਸ ਸੀ। ਪਰਚੇ ਵਿਚ ਉਸਦਾ ਨਾਂ ਨਹੀਂ ਸੀ। ਇਕ ਸਾਲ ਤੋਂ ਉਹ ਅੰਦਰ ਸੀ। ਮੁਕੱਦਮਾ ਹਾਲੇ ਬਹੁਤ ਦੇਰ ਚੱਲਣਾ ਸੀ। ਜ਼ਮਾਨਤ ਵੱਟ 'ਤੇ ਸੀ।

ਵਕੀਲ ਨੇ ਫ਼ੀਸ ਵੀ ਬਹੁਤੀ ਨਹੀਂ ਸੀ ਲਈ। ਬਾਈ ਸੌ ਰੁਪਏ ਫ਼ੀਸ ਅਤੇ ਪੰਜ ਸੌ ਰੁਪਏ ਖ਼ਰਚਾ। ਪੰਦਰਾਂ ਸੌ ਪਹਿਲਾਂ। ਬਾਕੀ ਕੰਮ ਹੋਣ ਤੋਂ ਬਾਅਦ।

ਹਾਈ ਕੋਰਟ ਦੇ ਵਕੀਲ ਨੇ ਜ਼ਮਾਨਤ ਦੀ ਅਰਜ਼ੀ ਲਾਈ। ਨਾਲ ਵੇਦ ਅਤੇ ਨੇਹਾ ਦੇ ਬਿਆਨਾਂ ਦੀਆਂ ਨਕਲਾਂ ਲਾਈਆਂ। ਕੋਈ ਬਿਆਨ ਇਕ ਦੂਜੇ ਨਾਲ ਮੇਲ ਨਹੀਂ ਸੀ ਖਾਂਦਾ। ਸਾਰੀ ਕਹਾਣੀ ਝੂਠੀ ਸਾਬਤ ਹੁੰਦੀ ਸੀ। ਗਰੀਬ ਅਤੇ ਪਰਵਾਸੀ ਹੋਣ ਕਾਰਨ ਠੇਕੇਦਾਰ ਨੂੰ ਜਾਣ ਬੁਝ ਕੇ ਫਸਾਇਆ ਗਿਆ ਸੀ।

ਹਾਲੇ ਦੋ ਗਵਾਹ ਭੁਗਤੇ ਸਨ। ਬੀਸੀਆਂ ਗਵਾਹ ਬਾਕੀ ਸਨ। ਨਿਰਦੋਸ਼ ਬੰਦੇ ਨੂੰ ਮੁਫ਼ਤ ਵਿਚ ਸਜ਼ਾ ਕੱਟਣੀ ਪੈ ਰਹੀ ਸੀ। ਦੋਸ਼ ਸਾਬਤ ਹੋਣ ਉਪਰ ਉਹ ਹਰ ਹੁਕਮ ਮੰਨਣ ਨੂੰ ਤਿਆਰ ਸਨ। ਪਹਿਲਾਂ ਹੀ ਉਸਦਾ ਟੱਬਰ ਨਾ ਰੋਲਿਆ ਜਾਵੇ।

ਅਦਾਲਤ ਨੇ ਦੋਹਾਂ ਧਿਰਾਂ ਦਾ ਪੱਖ ਪੂਰਿਆ।

ਹੇਠਲੀ ਅਦਾਲਤ ਨੂੰ ਹੁਕਮ ਹੋਇਆ। ਦੋ ਮਹੀਨੇ ਦੇ ਅੰਦਰ-ਅੰਦਰ ਮੁਕੱਦਮੇ ਦੀ

ਸੁਣਵਾਈ ਮੁਕੰਮਲ ਕਰੋ। ਜੇ ਕਿਸੇ ਕਾਰਨ ਸੁਣਵਾਈ ਲਟਕਦੀ ਨਜ਼ਰ ਆਵੇ ਤਾਂ ਠੇਕੇਦਾਰ ਨੂੰ ਜ਼ਮਾਨਤ 'ਤੇ ਰਿਹਾਅ ਕਰੋ।

## -109-

ਠੇਕੇਦਾਰ ਨੇ ਟਿਕੇ ਪਾਣੀਆਂ ਵਿਚ ਵੱਟਾ ਸੁੱਟ ਦਿੱਤਾ ਸੀ।

ਪਹਿਲੀ ਪੇਸ਼ੀ 'ਤੇ ਚੌਧਰੀ ਵੱਲੋਂ ਜੱਜ ਦੀ ਕੀਤੀ ਖਿਚਾਈ ਹੁਣ ਤਕ ਕੰਮ ਦੇ ਰਹੀ ਸੀ। ਸਾਧੂ ਸਿੰਘ ਕਾਹਲ ਕਰਨੋਂ ਹੱਟ ਗਿਆ ਸੀ। ਕੇਸ ਆਪਣੀ ਮਸਤ ਚਾਲ ਚੱਲ ਰਿਹਾ ਸੀ।

ਸਾਧੂ ਸਿੰਘ ਦੇ ਤਿੰਨ ਮਹੀਨੇ ਬਾਕੀ ਸਨ। ਮੁਕੱਦਮੇ ਨੂੰ ਖ਼ਤਮ ਹੁੰਦਿਆਂ ਤਿੰਨ ਸਾਲ ਲਗਣੇ ਸਨ। ਬੜੀ ਆਸਾਨੀ ਨਾਲ ਉਨ੍ਹਾਂ ਦਾ ਸਾਧੂ ਸਿੰਘ ਤੋਂ ਖਹਿੜਾ ਛੁੱਟ ਜਾਣਾ ਸੀ।

ਠੇਕੇਦਾਰ ਨਾਲੋਂ ਵੱਡੀ ਗਲਤੀ ਉਸਦੇ ਵਕੀਲ ਨੇ ਕੀਤੀ ਸੀ। ਫ਼ੀਸ ਦੇ ਲਾਲਚ ਵਿਚ ਉਹ ਮੁੰਡਪੁਣਾ ਕਰ ਗਿਆ। ਹਾਈ ਕੋਰਟ ਦੇ ਬੱਚੇ ਬੱਚੇ ਨੂੰ ਪਤਾ ਸੀ ਜਿਹੜਾ ਜੱਜ ਇਨ੍ਹੀ ਦਿਨੀਂ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਸੁਣ ਰਿਹਾ ਸੀ ਉਹ ਕਿਹੋ ਜਿਹੇ ਹੁਕਮ ਕਰਦਾ ਸੀ। ਮੁਕੱਦਮੇ ਨੂੰ ਤਿੰਨ ਮਹੀਨੇ ਵਿਚ ਖ਼ਤਮ ਕਰੋ, ਮੁਕੱਦਮੇ ਨੂੰ ਚਾਰ ਮਹੀਨੇ ਵਿਚ ਮੁਕਾਓ। ਅਜਿਹੇ ਹੁਕਮ ਨਾਲ ਫ਼ਾਇਦੇ ਦੀ ਥਾਂ ਮੁਲਜ਼ਮ ਦਾ ਨੁਕਸਾਨ ਹੁੰਦਾ ਸੀ। ਮਜਬੂਰੀ-ਵੱਸ ਜੱਜ ਨੂੰ ਸੁਣਵਾਈ ਮੁਕੰਮਲ ਕਰਨੀ ਪੈਂਦੀ ਸੀ। ਜ਼ਖ਼ਮ ਤਾਜ਼ੇ ਹੋਣ ਕਾਰਨ ਗਵਾਹਾਂ ਦਾ ਗੁੱਸਾ ਠੰਡਾ ਨਹੀਂ ਸੀ ਹੋਇਆ ਹੁੰਦਾ। ਬਰੀ ਹੋਣ ਦੀ ਥਾਂ ਮੁਲਜ਼ਮਾਂ ਨੂੰ ਸਜ਼ਾ ਹੋ ਜਾਂਦੀ ਸੀ।

ਸਾਧੂ ਸਿੰਘ ਤਾਂ ਪਹਿਲਾਂ ਹੀ ਮੁਦਈ ਦੇ ਹੱਕ ਵਿਚ ਚੱਲਣ ਵਾਲਾ ਜੱਜ ਜਾਣਿਆ ਜਾਂਦਾ ਸੀ। ਕੋਈ ਨਾ ਕੋਈ ਦਲੀਲ ਘੜ ਕੇ ਉਹ ਬਰੀ ਹੋਣ ਵਾਲੇ ਦੋਸ਼ੀਆਂ ਨੂੰ ਵੀ ਸਜ਼ਾ ਸੁਣਾ ਦਿੰਦਾ ਸੀ। ਉਸਦਾ ਮੱਤ ਸੀ ਦੋਸ਼ੀਆਂ ਨੂੰ ਸਜ਼ਾ ਕਰਕੇ ਹਾਈ ਕੋਰਟ ਤੋਰੋ। ਕਈ ਵਾਰ ਸਾਧੂ ਸਿੰਘ ਦੀ ਦਲੀਲ ਹਾਈ ਕੋਰਟ ਨੂੰ ਜਚ ਜਾਂਦੀ ਸੀ। ਦੋਸ਼ੀਆਂ ਨੂੰ ਹੋਈ ਸਜ਼ਾ ਬਹਾਲ ਰਹਿ ਜਾਂਦੀ ਸੀ। ਜੇ ਦੋਸ਼ੀ ਹਾਈ ਕੋਰਟ ਵਿਚੋਂ ਬਰੀ ਹੋਣ ਵਿਚ ਕਾਮਯਾਬ ਹੋ ਜਾਵੇ ਫੇਰ ਵੀ ਉਸਦੀ ਉਸ ਸਮੇਂ ਤਕ ਘੀਸੀ ਹੋ ਜਾਂਦੀ ਸੀ। ਅਪੀਲ ਦੀ ਸੁਣਵਾਈ ਤਕ ਜੇਲ੍ਹ ਵਿਚ ਰਹਿਣਾ ਪੈਂਦਾ ਸੀ। ਕਈ ਵਾਰ ਸੁਣਵਾਈ ਤਿੰਨ-ਤਿੰਨ ਸਾਲ ਨਹੀਂ ਸੀ ਹੁੰਦੀ। ਵਕੀਲਾਂ ਦੀਆਂ ਫੀਸਾਂ ਦੇ ਰੂਪ ਵਿਚ ਭਾਰੀ ਜੁਰਮਾਨਾ ਭਰਨਾ ਪੈਂਦਾ ਸੀ। ਸਜ਼ਾ ਦੇ ਡਰ ਦੀ ਤਲਵਾਰ ਸਿਰ 'ਤੇ ਲਟਕਦੀ ਰਹਿੰਦੀ ਸੀ। ਪੜ੍ਹੇ-ਲਿਖੇ ਅਮੀਰ ਮੁਲਜ਼ਮਾਂ ਲਈ ਇਹੋ ਖਿੱਚੋਤਾਣ ਬਥੇਰੀ ਸੀ।

ਜਦੋਂ ਹਾਈ ਕੋਰਟ ਦਾ ਇਹ ਹੁਕਮ ਸਾਧੂ ਸਿੰਘ ਨੂੰ ਮਿਲਿਆ ਉਸ ਸਮੇਂ ਅਗਲੀ ਪੇਸ਼ੀ ਵਿਚ ਇਕ ਹਫ਼ਤਾ ਬਾਕੀ ਸੀ। ਝੱਟ ਉਸ ਨੇ ਸਾਰੇ ਅਹਿਲਕਾਰ ਤਲਬ ਕਰ ਲਏ।

ਅਹਿਲਮੱਦ ਨੂੰ ਹੁਕਮ ਹੋਇਆ। ਹੁਣੇ ਸਾਰੇ ਗਵਾਹਾਂ ਦੇ ਸੰਮਨ ਕੱਟ ਕੇ ਉਸ ਅੱਗੇ ਪੇਸ਼ ਕੀਤੇ ਜਾਣ।

ਸਟੈਨੋ ਨੂੰ ਹੁਕਮ ਹੋਇਆ। ਉਹ ਹੁਣੇ ਪੁਲਿਸ ਕਪਤਾਨ ਦੇ ਨਾਂ ਉਸ ਵੱਲੋਂ ਇਕ ਵਿਸ਼ੇਸ਼ ਪੱਤਰ ਜਾਰੀ ਕਰੇ। ਹਾਈ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੱਤਾ ਜਾਵੇ। ਗਵਾਹਾਂ



ਦੀ ਤਾਮੀਲ ਵਿਚ ਵਰਤੀ ਗਈ ਢਿੱਲ ਹਾਈ ਕੋਰਟ ਦੇ ਹੁਕਮਾਂ ਦੀ ਤੌਹੀਨ ਹੋਏਗੀ। ਇਹ ਉਸਨੂੰ ਸਮਝਾਇਆ ਜਾਵੇ।

ਸਰਕਾਰੀ ਵਕੀਲ ਨੂੰ ਹਦਾਇਤ ਹੋਈ। ਉਹ ਮੁੱਖ ਅਫ਼ਸਰ ਨੂੰ ਹਾਈ ਕੋਰਟ ਦੇ ਹੁਕਮਾਂ ਤੋਂ ਜਾਣੂ ਕਰਾਏ। ਮਿਥੀ ਤਾਰੀਖ ਤੇ ਉਹ ਸਮੇਤ ਰਿਕਾਰਡ ਹਾਜ਼ਰ ਆਵੇ।

ਸਫ਼ਾਈ ਧਿਰ ਦੇ ਵਕੀਲਾਂ ਨੂੰ ਤਾੜਨਾ ਹੋਈ। ਅਗਲੀ ਪੇਸ਼ੀ ਸਭ ਹਾਜ਼ਰ ਰਹਿਣ। ਕਿਸੇ ਨੇ ਬਾਹਰ ਅੰਦਰ ਜਾਣਾ ਹੋਵੇ ਤਾਂ ਅਦਾਲਤ ਤੋਂ ਪਹਿਲਾਂ ਇਜਾਜ਼ਤ ਲੈਣ ਅਤੇ ਆਪਣੀ ਥਾਂ ਕਿਸੇ ਹੋਰ ਵਕੀਲ ਨੂੰ ਖੜ੍ਹਾ ਕਰਨ।

ਸਾਰੀਆਂ ਧਿਰਾਂ ਨੂੰ ਇਕ ਹੋਰ ਸਪਸ਼ਟੀਕਰਨ ਦਿੱਤਾ ਗਿਆ :

"ਮੈਂ ਦੋ ਮਹੀਨੇ ਦੇ ਅੰਦਰ-ਅੰਦਰ ਸੁਣਵਾਈ ਖ਼ਤਮ ਕਰਨੀ ਹੀ ਕਰਨੀ ਹੈ। ਸੁਣਵਾਈ ਜੇ ਮੈਨੂੰ ਹਰ ਰੋਜ਼ ਵੀ ਕਰਨੀ ਪਈ ਮੈਂ ਇਸ ਤੋਂ ਵੀ ਗੁਰੇਜ਼ ਨਹੀਂ ਕਰਨਾ। ਇਸ ਲਈ ਬਿਹਤਰੀ ਇਸੇ ਵਿਚ ਹੈ ਕਿ ਮੁਕੱਦਮਾ ਲਟਕਾਉਣ ਦੇ ਢੰਗ ਤਰੀਕੇ ਨਾ ਅਪਣਾਏ ਜਾਣ। ਫੈਸਲਾ ਗੁਣ-ਔਗੁਣਾਂ ਦੇ ਆਧਾਰ 'ਤੇ ਹੋਣ ਦਿੱਤਾ ਜਾਵੇ।"

ਅਚਾਨਕ ਆਏ ਇਸ ਭੁਚਾਲ ਨੇ ਸਫ਼ਾਈ ਧਿਰ ਦੇ ਮਨਸੂਬਿਆਂ ਨੂੰ ਝੰਜੋੜ ਕੇ ਰੱਖ ਦਿੱਤਾ।

ਪੰਕਜ ਹੋਰੇ ਢੇਰੀ ਢਾਹ ਕੇ ਬੈਠ ਗਏ। ਪਰ ਨੰਦ ਲਾਲ ਦਾ ਹੌਸਲਾ ਬੁਲੰਦ ਸੀ। ਸਾਧੂ ਸਿੰਘ ਜ਼ੋਰ ਲਾ ਲਏ ਉਹ ਆਪਣੀ ਕਲਮੀ ਇਸ ਮੁਕੱਦਮੇ ਦਾ ਫੈਸਲਾ ਨਹੀਂ ਲਿਖ ਸਕਦਾ।

ਦੋ ਮਹੀਨੇ ਮੁਦਈ ਧਿਰ ਦੇ ਗਵਾਹਾਂ ਨੂੰ ਭੁਗਤਦਿਆਂ ਲਗ ਜਾਣੇ ਸਨ। ਪੰਦਰਾਂ ਵੀਹ ਦਿਨ ਛੇ ਮੁਲਜ਼ਮਾਂ ਨੂੰ ਆਪਣੀ ਸਫ਼ਾਈ ਪੇਸ਼ ਕਰਦਿਆਂ ਲਗਣੇ ਸਨ। ਪੰਜ ਚਾਰ ਦਿਨ ਬਹਿਸ ਦੀ ਤਿਆਰੀ ਲਈ ਮਿਲਣੇ ਸਨ।

"ਢਾਈ ਮਹੀਨੇ ਵੀ ਮੁਕੱਦਮਾ ਲਟਕ ਗਿਆ ਤਾਂ ਸਮਝੋ ਬਾਜ਼ੀ ਜਿੱਤ ਲਈ।"

"ਉਹ ਕਿਸ ਤਰ੍ਹਾਂ?"

ਪੰਕਜ ਨੂੰ ਨੰਦ ਲਾਲ ਦੀ ਬੇ-ਫ਼ਿਕਰੀ ਦਾ ਕਾਰਨ ਸਮਝ ਨਹੀਂ ਸੀ ਆ ਰਿਹਾ।

"ਫੈਸਲੇ ਵਾਲੇ ਦਿਨ ਅਸੀਂ ਭਗੌੜੇ ਹੋਏ ਪੰਡਿਤ ਨੂੰ ਅਦਾਲਤ ਵਿਚ ਪੇਸ਼ ਕਰਾਂਗੇ। ਉਸਦੇ ਪੇਸ਼ ਹੁੰਦਿਆਂ ਹੀ ਸਾਰੀ ਕਾਰਵਾਈ ਇਕ ਵਾਰ ਫੇਰ ਦੁਹਰਾਈ ਜਾਏਗੀ। ਸਾਧੂ ਸਿੰਘ ਦਿਨ ਰਾਤ ਲੱਗਾ ਰਹੇ ਤਾਂ ਵੀ ਕਾਰਵਾਈ ਛੇ ਮਹੀਨੇ ਮੁਕੰਮਲ ਨਹੀਂ ਹੋਣੀ। ਇੰਨੇ ਵਿਚ ਸਾਧੂ ਸਿੰਘ ਸਾਡੇ ਗਲੋਂ ਲਹਿ ਜਾਏਗਾ। ਠੇਕੇਦਾਰ ਦੀ ਜ਼ਮਾਨਤ ਹੋ ਜਾਏਗੀ। ਉਹ ਟਿਕ ਕੇ ਬੈਠ ਜਾਏਗਾ। ਫੇਰ ਫੈਸਲਾ ਸਾਡੀ ਮਰਜ਼ੀ ਅਨੁਸਾਰ ਹੋਏਗਾ।"

ਲੰਬਾ ਚੌੜਾ ਭਾਸ਼ਣ ਦੇ ਕੇ ਨੰਦ ਲਾਲ ਨੇ ਪੰਕਜ ਨੂੰ ਸਮਝਾਇਆ।

ਇਹੋ ਚਾਲ ਚੱਲਣ ਲਈ ਨੰਦ ਲਾਲ ਨੇ ਪੰਡਿਤ ਨੂੰ ਭਗੌੜਾ ਬਨਾਉਣ ਵਾਲਾ ਮੋਹਰਾ ਤਿਆਰ ਕੀਤਾ ਸੀ।

## -110-

ਹਾਈ ਕੋਰਟ ਦੀ ਹੱਥ ਆਈ ਗਿਦੜ-ਸਿੰਗੀ ਦਾ ਜੱਜ ਪੂਰਾ ਫ਼ਾਇਦਾ ਉਠਾ ਰਿਹਾ ਸੀ।

ਨੰਦ ਲਾਲ ਦਾ ਚਾਲੀ ਸਾਲਾ ਤਜਰਬਾ ਮਿੱਟੀ ਵਿਚ ਮਿਲਦਾ ਜਾ ਰਿਹਾ ਸੀ। ਅੱਧੇ ਘੰਟੇ ਦੀ ਥਾਂ ਉਸਨੇ ਗਵਾਹਾਂ ਤੇ ਤਿੰਨ-ਤਿੰਨ ਘੰਟੇ ਜਿਰ੍ਹਾ ਕੀਤੀ। ਥਾਣੇ ਦੇ ਰੋਜ਼-ਨਾਮਚੇ ਤੋਂ ਲੈ ਕੇ ਟੈਲੀਫ਼ੋਨ ਕੰਪਨੀ ਦੇ ਰਿਕਾਰਡ ਤਕ ਨੂੰ ਤਲਬ ਕੀਤਾ। ਰਿਕਾਰਡ ਇਧਰ ਉੱਧਰ ਕਰਵਾਇਆ। ਸਾਧੂ ਸਿੰਘ ਨੇ ਉਸਦੀ ਇਕ ਨਾ ਚੱਲਣ ਦਿੱਤੀ। ਪਰਵਾਨਿਆਂ ਦੀ ਥਾਂ ਰਿਕਾਰਡ ਲੈਣ ਅਰਦਲੀ ਭੇਜੇ ਗਏ। ਨਾਲ ਹਦਾਇਤ ਹੋਈ ਹਨੂੰਮਾਨ ਵਾਂਗ ਸਾਰਾ ਪਹਾੜ ਚੁੱਕ ਲਿਆਂਦਾ ਜਾਵੇ। ਘੁੰਮ ਫਿਰ ਕੇ ਸਾਰਾ ਰਿਕਾਰਡ ਹਾਜ਼ਰ ਹੋ ਗਿਆ।

ਨੰਦ ਲਾਲ ਨੇ ਗਵਾਹਾਂ ਨੂੰ ਘਰੋਂ ਭਜਾਇਆ। ਕਿਸੇ ਨੂੰ ਬਿਮਾਰ ਬਣਾ ਕੇ ਮੈਡੀਕਲ ਸਰਟੀਫਿਕੇਟ ਭਿਜਵਾਇਆ। ਕਿਸੇ ਨੂੰ ਮਰਗ ਦੇ ਭੋਗ 'ਤੇ ਭਿਜਵਾਇਆ। ਜੱਜ ਨੇ ਪਹਿਲਾਂ ਹੀ ਗਵਾਹੀਆਂ ਲਈ ਤਿੰਨ ਦਿਨ ਮੁਕੱਰਰ ਕਰ ਦਿੱਤੇ। ਪੰਜ, ਵੀਹ ਅਤੇ ਤੀਹ ਤਾਰੀਖ। ਗਵਾਹ ਨੂੰ ਛੋਟ ਦੇ ਦਿੱਤੀ। ਉਹ ਆਪਣੀ ਸਹੂਲਤ ਅਨੁਸਾਰ ਆ ਜਾਵੇ। ਕੋਈ ਮਹੀਨਾ-ਮਹੀਨਾ ਘਰੋਂ ਥੋੜ੍ਹਾ ਟਲ ਸਕਦਾ ਸੀ। ਕੋਈ ਪੰਜ ਨੂੰ ਭੁਗਤ ਗਿਆ, ਕੋਈ ਵੀਹ ਨੂੰ। ਬਾਕੀ ਰਹਿੰਦੇ ਤੀਹ ਨੂੰ ਭੁਗਤ ਗਏ।

ਸਫ਼ਾਈ ਪੇਸ਼ ਕਰਨ ਲਈ ਦੋ ਮੌਕੇ ਦਿੱਤੇ ਗਏ। ਰੌਲਾ ਰੱਪਾ ਪਾ ਕੇ ਮਸਾਂ ਇਕ ਮੌਕਾ ਹੋਰ ਲਿਆ ਗਿਆ।

ਢਾਈ ਮਹੀਨੇ ਭਜਾ ਕੇ ਜੱਜ ਨੇ ਮੁਲਜ਼ਮ ਧਿਰ ਨੂੰ ਹੰਭਾ ਲਿਆ।

ਸਾਧੂ ਸਿੰਘ ਕੋਲ ਹਾਲੇ ਵੀ ਪੰਦਰਾਂ ਦਿਨ ਬਾਕੀ ਸਨ।

ਪੰਕਜ ਅਤੇ ਉਸਦੇ ਰਿਸ਼ਤੇਦਾਰਾਂ ਨੇ ਪੂਰੀ ਭੱਜ ਨੱਠ ਕੀਤੀ। ਜ਼ਮੀਨ ਅਸਮਾਨ ਇਕ ਕੀਤਾ। ਦਿੱਲੀ ਤੋਂ ਲੈ ਕੇ ਕਨੈਡਾ ਤਕ ਵੱਸੇ ਸਾਧੂ ਸਿੰਘ ਦੇ ਰਿਸ਼ਤੇਦਾਰਾਂ ਤਕ ਪਹੁੰਚ ਕੀਤੀ। ਕਿਧਰੋਂ ਹੁੰਗਾਰਾ ਨਾ ਮਿਲਿਆ। ਉਨ੍ਹਾਂ ਨੇ ਨੰਦ ਲਾਲ ਨੂੰ ਸੂਚਿਤ ਕੀਤਾ। ਜੇ ਫੈਸਲਾ ਸਾਧੂ ਸਿੰਘ ਹੱਥੋਂ ਹੋਇਆ ਤਾਂ ਉਨ੍ਹਾਂ ਨੂੰ ਸਜ਼ਾ ਹੋਣੀ ਹੀ ਹੋਣੀ ਸੀ।

ਤਿੰਨ ਮਹੀਨੇ ਤੋਂ ਨੰਦ ਲਾਲ ਇਸ ਕੇਸ ਵਿਚ ਉਲਝਿਆ ਹੋਇਆ ਸੀ। ਉਸਦੇ ਬਾਕੀ ਕੰਮ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਨੰਦ ਲਾਲ ਚਾਹੁੰਦਾ ਸੀ ਮੁਕੱਦਮਾ ਅਗਲੇ ਜੱਜ ਤਕ ਲਟਕ ਜਾਵੇ। ਉਸਨੂੰ ਦੋਬਾਰਾ ਸਾਰੀ ਕਾਰਵਾਈ ਦੁਹਰਾਉਣ ਦੀ ਜਹਿਮਤ ਨਾ ਉਠਾਉਣੀ ਪਵੇ।

ਪਰ ਹੁਣ ਦੋਬਾਰਾ ਕਾਰਵਾਈ ਚਲਾਉਣ ਦਾ ਹੂਲਾ ਫੱਕਣ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਸੀ।

ਮੁੱਖ ਅਫ਼ਸਰ ਨਾਲ ਗੱਲ ਹੋਈ। ਉਹ ਇਕ ਖ਼ਤਰਨਾਕ ਭਗੌੜੇ ਮੁਲਜ਼ਮ ਨੂੰ ਫੜ ਕੇ ਅਖ਼ਬਾਰਾਂ ਕੋਲੋਂ ਵਾਹ-ਵਾਹ ਖੱਟੇ। ਮਹਿਕਮੇ ਕੋਲੋਂ ਇਨਾਮ ਲਏ।

ਉਸਨੂੰ ਪੰਡਿਤ ਦੇ ਲੁਕਣ ਵਾਲੀ ਥਾਂ ਦਾ ਸਿਰਨਾਵਾਂ ਦੱਸਿਆ ਗਿਆ।

ਅਗਲੇ ਦਿਨ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਖ ਅਫ਼ਸਰ ਅਦਾਲਤ ਵਿਚ ਪੇਸ਼ ਹੋਇਆ। ਦੋਵੇਂ ਅੱਡੀਆਂ ਜੋੜ ਕੇ ਉਸਨੇ ਜੱਜ ਨੂੰ ਸਲੂਟ ਮਾਰਿਆ।

ਅਦਾਲਤ ਦੀ ਕਾਰਵਾਈ ਵਿਚ ਖਲਲ ਪਾਉਣ ਦਾ ਜੱਜ ਨੇ ਕਾਰਨ ਪੁੱਛਿਆ।

ਮੁੱਖ ਅਫ਼ਸਰ ਨੇ ਆਪਣੀ ਬਹਾਦਰੀ ਦੀ ਫੜ੍ਹ ਮਾਰੀ। ਭਗੌੜੇ ਮੁਲਜ਼ਮ ਨੂੰ ਹੱਥ-ਕੜੀਆਂ ਵਿਚ ਜਕੜ ਕੇ ਅਦਾਲਤ ਵਿਚ ਪੇਸ਼ ਕੀਤਾ।

ਪੰਡਤ ਨੂੰ ਅਦਾਲਤ ਵਿਚ ਪੇਸ਼ ਹੋਇਆ ਦੇਖ ਕੇ ਸਾਧੂ ਸਿੰਘ ਮਿਨਾ ਜਿਹਾ



ਮੁਸਕਾਇਆ। ਭਗੌੜੇ ਮੁਲਜ਼ਮ ਦੇ ਅਚਾਨਕ ਪੇਸ਼ ਹੋਣ ਉਪਰ ਉਸ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। "ਇੰਞ ਹੋਣਾ ਹੀ ਹੈ" ਇਸ ਬਾਰੇ ਜਿਵੇਂ ਉਸ ਨੂੰ ਪਹਿਲਾਂ ਹੀ ਪਤਾ ਸੀ।

"ਬੈਠਾ ਦੇ।" ਸਾਧੂ ਸਿੰਘ ਨੇ ਮੁੱਖ ਅਫ਼ਸਰ ਨੂੰ ਹੁਕਮ ਸੁਣਾਇਆ।

"ਹੁਣ ਜਨਾਬ?" ਨੰਦ ਲਾਲ ਨੂੰ ਪਤਾ ਸੀ ਅੱਗੇ ਕੀ ਹੋਣਾ ਹੈ। ਫੇਰ ਵੀ ਉਸਨੇ ਜਲਦੀ ਫਾਰਗ ਹੋਣ ਦੇ ਇਰਾਦੇ ਨਾਲ ਜੱਜ ਨੂੰ ਟੋਹਿਆ।

"ਤੇਰਾ ਕੋਈ ਵਕੀਲ ਹੈ? ਜਾਂ ਸਰਕਾਰੀ ਖਰਚੇ 'ਤੇ ਕਰ ਕੇ ਦੇਵਾਂ?" ਨੰਦ ਲਾਲ ਦੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਹੀ ਸਾਧੂ ਸਿੰਘ ਨੇ ਮੁਲਜ਼ਮ ਤੋਂ ਪੁੱਛਿਆ।

"ਜੀ ਕੋਈ ਨਹੀਂ।"

"ਠੀਕ ਕੋਈ ਨਹੀਂ।"

"ਠੀਕ ਹੈ। ਬਾਬੂ ਜੀ ਤੁਸੀਂ ਇਸ ਦੇ ਵੀ ਵਕੀਲ ਬਣ ਜਾਓ। ਮੈਂ ਸਰਕਾਰ ਨੂੰ ਤੁਹਾਡੀ ਫੀਸ ਬਾਰੇ ਲਿਖ ਦਿੰਦਾ ਹਾਂ। ਠੀਕ ਹੈ?"

"ਜੋ ਹੁਕਮ ਜਨਾਬ ਦਾ।"

"ਦਸੋ ਕਿਹੜੇ ਕਿਹੜੇ ਗਵਾਹ ਦੋਬਾਰਾ ਬੁਲਾਉਣੇ ਹਨ?"

"ਜਨਾਬ ਇਹ ਮੁਲਜ਼ਮ ਵਾਰਦਾਤ ਤੋਂ ਲੈ ਕੇ ਗ੍ਰਿਫ਼ਤਾਰੀ ਤਕ ਮੁਕੱਦਮੇ ਨਾਲ ਜੁੜਿਆ ਹੋਇਆ ਹੈ। ਇਸ ਨਾਲ ਹਰ ਗਵਾਹ ਸਬੰਧ ਰੱਖਦੈ। ਸਾਰੇ ਗਵਾਹ ਇਕ ਵਾਰ ਫੇਰ ਬੁਲਾਉਣੇ ਪੈਣਗੇ।"

"ਟੈਲੀਫ਼ੋਨ ਵਾਲੇ, ਸਟੋਰ-ਕੀਪਰ, ਗੇਟ-ਕੀਪਰ, ਦੂਜੇ ਦੋਸ਼ੀਆਂ ਕੋਲੋਂ ਸਮਾਨ ਬਰਾਮਦ ਕਰਾਉਣ ਵਾਲੇ। ਉਨ੍ਹਾਂ ਦਾ ਇਕ ਮੁਲਜ਼ਮ ਨਾਲ ਕੀ ਸਬੰਧ ਹੈ?"

"ਬਹੁਤ ਸਬੰਧ ਹੈ ਜਨਾਬ! ਫ਼ੌਜਦਾਰੀ ਮੁਕੱਦਮਾ ਹੈ। ਕੀ ਪਤੈ ਕਦੋਂ ਕੋਈ ਦਾਅ ਲਗ ਜਾਵੇ?"

"ਇਹ ਕਾਨੂੰਨ ਦੀ ਦੁਰਵਰਤੋਂ ਹੈ। ਸਮਾਂ ਬਰਬਾਦ ਕਰਨ ਵਾਲੀ ਗੱਲ ਹੈ। ਕੋਈ ਨਹੀਂ। ਜਿਵੇਂ ਤੁਹਾਡੀ ਮਰਜ਼ੀ।" ਸਾਧੂ ਸਿੰਘ ਨੇ ਆਪਣੀ ਬੇਵਸੀ ਜਿਤਾਈ।

"ਜਨਾਬ ਸਾਰੇ ਗਵਾਹ ਛੇ ਮਹੀਨਿਆਂ ਵਿਚ ਨਹੀਂ ਭੁਗਤਣੇ। ਮੇਰੇ ਸਾਇਲ ਦੀ ਜ਼ਮਾਨਤ ਕਰ ਦਿਓ।"

ਲਟਕੇ ਮੁਕੱਦਮੇ 'ਤੇ ਖ਼ੁਸ਼ੀ ਪਰਗਟਾਉਂਦੇ ਠੇਕੇਦਾਰ ਦੇ ਵਕੀਲ ਨੇ ਸਾਧੂ ਸਿੰਘ ਨੂੰ ਹਾਈ ਕੋਰਟ ਦੇ ਹੁਕਮ ਦੀ ਯਾਦ ਦਿਵਾਈ।

"ਹਾਲਾਤ ਬਦਲ ਗਏ ਹਨ। ਪੰਜ ਚਾਰ ਦਿਨਾਂ ਵਿਚ ਕੋਈ ਹੁਕਮ ਸੁਣਾਉਣੇ ਹਾਂ।"

ਫੈਸਲਾ ਸਾਧੂ ਸਿੰਘ ਦੇ ਹੱਥੋਂ ਨਹੀਂ ਹੋਣਾ ਇਹ ਉਸਨੂੰ ਪਹਿਲੇ ਦਿਨ ਤੋਂ ਪਤਾ ਸੀ। ਪਰ ਉਸਨੇ ਆਪਣੇ ਮਨ ਨਾਲ ਫ਼ੈਸਲਾ ਕੀਤਾ ਹੋਇਆ ਸੀ। ਆਪਣੀ ਡਿਊਟੀ ਦੇ ਆਖ਼ਰੀ ਪਲ ਤਕ ਉਹ ਮੁਕੱਦਮਾ ਸਿਰੇ ਚਾੜ੍ਹਨ ਦਾ ਯਤਨ ਕਰਦਾ ਰਹੇਗਾ। ਇਸੇ ਲਈ ਮੁਲਜ਼ਮਾਂ ਦੀ ਹਰ ਚਾਲ ਦਾ ਉਸਨੇ ਢੁਕਵਾਂ ਜਵਾਬ ਦਿੱਤਾ ਸੀ।

ਮੁਕੱਦਮੇ ਦੇ ਮੁੱਖ ਗਵਾਹਾਂ ਨੂੰ ਤਲਬ ਕਰਨ ਲਈ ਉਸਨੇ ਇਕ ਹਫ਼ਤੇ ਦੀ ਤਾਰੀਖ਼ ਪਾਈ। ਬਾਕੀ ਬਚਦੇ ਗਵਾਹਾਂ ਨੂੰ ਪੰਦਰਵੇਂ ਦਿਨ ਬੁਲਾਇਆ ਗਿਆ।

ਮੁਲਜ਼ਮਾਂ ਅਤੇ ਵਕੀਲਾਂ ਨੂੰ ਤੋਰ ਕੇ ਸਾਧੂ ਸਿੰਘ ਨੇ ਘੜੀ ਦੇਖੀ। ਹਾਲੇ ਗਿਆਰਾਂ ਵੱਜੇ ਸਨ। ਬਹਿਸ ਸਾਰਾ ਦਿਨ ਚਲਣੀ ਸੀ। ਇਸ ਲਈ ਉਸਨੇ ਹੋਰ ਕੋਈ ਕੇਸ ਸੁਣਵਾਈ

ਲਈ ਨਹੀਂ ਸੀ ਰੱਖਿਆ।

ਵਿਹਲੇ ਬੈਠੇ ਸਾਧੂ ਸਿੰਘ ਦੇ ਦਿਮਾਗ਼ ਵਿਚ ਫੁਰਨਾ ਫੁਰਿਆ। ਸਾਰੇ ਗਵਾਹਾਂ ਨੂੰ ਦੋਬਾਰਾ ਤਲਬ ਕਰਨ ਵਿਚ ਕੋਈ ਤੁਕ ਨਹੀਂ ਸੀ। ਕਾਨੂੰਨ ਭਾਵੇਂ ਸਾਰੇ ਗਵਾਹਾਂ ਨੂੰ ਤਲਬ ਕਰਨ ਦੀ ਹਦਾਇਤ ਕਰਦਾ ਸੀ ਪਰ ਲਗਦਾ ਸੀ ਕਦੇ ਕਿਸੇ ਮੁਕੱਦਮੇ ਦੇ ਹਾਲਾਤ ਅਨੁਸਾਰ ਘੜੇ ਨਿਯਮ ਦੀ ਹੁਣ ਦੁਰਵਰਤੋਂ ਹੋ ਰਹੀ ਸੀ। ਇਸ ਨਿਯਮ ਨੂੰ ਬਦਲਣ ਦੀ ਲੋੜ ਸੀ।

ਠੇਕੇਦਾਰ ਦੀ ਜ਼ਮਾਨਤ ਮਨਜ਼ੂਰ ਕਰਨ ਵਾਲੇ ਹੁਕਮ ਉਪਰ ਵੀ ਨਜ਼ਰਸਾਨੀ ਹੋਣੀ ਚਾਹੀਦੀ ਸੀ। ਹਾਈ ਕੋਰਟ ਦੇ ਹੁਕਮ ਦੀ ਇੰਨ-ਬਿੰਨ ਪਾਲਣਾ ਹੋਈ ਸੀ। ਜੇ ਮੁਲਜ਼ਮ ਕਾਨੂੰਨ ਦੀਆਂ ਰਿਆਇਤਾਂ ਦਾ ਨਜਾਇਜ਼ ਫ਼ਾਇਦਾ ਨਾ ਉਠਾਉਂਦੇ ਤਾਂ ਫੈਸਲਾ ਮਿਥੀ ਤਾਰੀਖ ਤੋਂ ਪਹਿਲਾਂ ਹੋ ਜਾਣਾ ਸੀ। ਮੁਕੱਦਮਾ ਅਦਾਲਤ ਦੀ ਕਮਜ਼ੋਰੀ ਕਾਰਨ ਨਹੀਂ, ਮੁਲਜ਼ਮਾਂ ਦੀ ਚਲਾਕੀ ਕਾਰਨ ਲਟਕਿਆ ਸੀ। ਇਸ ਚਲਾਕੀ ਦਾ ਫ਼ਾਇਦਾ ਠੇਕੇਦਾਰ ਨੂੰ ਨਹੀਂ ਸੀ ਮਿਲਣਾ ਚਾਹੀਦਾ। ਹਾਈ ਕੋਰਟ ਤੋਂ ਹੋਰ ਸਮੇਂ ਦੀ ਮੰਗ ਕੀਤੀ ਜਾਣੀ ਚਾਹੀਦੀ ਸੀ।

ਸਾਧੂ ਸਿੰਘ ਨੇ ਆਪਣਾ ਸਟੈਨੋ ਬੁਲਾਇਆ। ਚੀਫ਼ ਜਸਟਿਸ ਦੇ ਨਾਂ ਉਸਨੇ ਇਕ ਗੁਪਤ-ਪੱਤਰ ਲਿਖਵਾਇਆ।

ਹਾਈ ਕੋਰਟ ਵੱਲੋਂ ਦੋ ਮਹੀਨੇ ਦੇ ਅੰਦਰ-ਅੰਦਰ ਸੁਣਵਾਈ ਮੁਕੰਮਲ ਕਰਨ ਦੇ ਹੁਕਮ ਪਿੱਛੇ ਸ਼ੁਭ ਧਾਰਨਾ ਕੰਮ ਕਰਦੀ ਸੀ। ਇਸ ਤਰ੍ਹਾਂ ਹੋਣ ਨਾਲ ਦੋਹਾਂ ਧਿਰਾਂ ਨੂੰ ਇਨਸਾਫ਼ ਮਿਲਣਾ ਸੀ। ਜੇ ਦੋਸ਼ੀ ਬੇਕਸੂਰ ਹੋਇਆ ਤਾਂ ਉਸਨੂੰ ਵਾਧੂ ਜੇਲ੍ਹ ਵਿਚ ਸੜਨ ਦੀ ਜ਼ਰੂਰਤ ਨਹੀਂ ਸੀ। ਉਸਨੇ ਬਾਹਰ ਆ ਜਾਣਾ ਸੀ। ਦੂਜੇ ਪਾਸੇ ਗਵਾਹੀਆਂ ਭੁਗਤਣ ਤਕ ਦੋਸ਼ੀਆਂ ਦਾ ਜੇਲ੍ਹ ਵਿਚ ਰਹਿਣਾ ਜਾਇਜ਼ ਸੀ। ਬਾਹਰ ਆਉਣ ਨਾਲ ਗਵਾਹਾਂ ਵਿਚ ਦਹਿਸ਼ਤ ਪੈਣੀ ਸੀ।

ਸਾਧੂ ਸਿੰਘ ਨੇ ਹਾਈ ਕੋਰਟ ਦੇ ਮਨਸ਼ੇ ਨੂੰ ਚੰਗੀ ਤਰ੍ਹਾਂ ਸਮਝਿਆ ਸੀ ਅਤੇ ਉਸ ਉਪਰ ਫੁੱਲ ਚੜ੍ਹਾਏ ਸਨ।

ਪਰ ਹੁਣ ਹਾਲਾਤ ਬਦਲ ਗਏ ਸਨ। ਬਦਲੇ ਹਾਲਾਤ ਵਿਚ ਜੇ ਹਾਈ ਕੋਰਟ ਦੇ ਹੁਕਮ ਦੀ ਪਾਲਣਾ ਕਰਕੇ ਦੋਸ਼ੀ ਨੂੰ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ ਤਾਂ ਇਸ ਨਾਲ ਹੁਕਮ ਦੀ ਅਸਲ ਧਾਰਨਾ ਨਾਲ ਬੇ-ਇਨਸਾਫ਼ੀ ਹੋਣੀ ਸੀ। ਇਨਸਾਫ਼ ਮੰਗ ਕਰਦਾ ਸੀ, ਦੋਸ਼ੀ ਦੀ ਰਿਹਾਈ ਨੂੰ ਹੋਰ ਛੇ ਮਹੀਨੇ ਲਈ ਟਾਲ ਦੇਣਾ ਚਾਹੀਦਾ ਸੀ।

ਉਸਦੀ ਦੂਸਰੀ ਬੇਨਤੀ ਸਾਰੇ ਗਵਾਹਾਂ ਨੂੰ ਦੋਬਾਰਾ ਬੁਲਾਉਣ ਦੇ ਨਿਯਮ ਵਿਚ ਢਿੱਲ ਦੇਣ ਬਾਰੇ ਸੀ।

ਇਸ ਮੁਕੱਦਮੇ ਵਿਚ ਬਹੁਤ ਸਾਰੇ ਅਜਿਹੇ ਗਵਾਹ ਸਨ ਜਿਨ੍ਹਾਂ ਦੀ ਪੰਡਿਤ ਦਾ ਦੋਸ਼ ਸਿੱਧ ਕਰਨ ਵਿਚ ਕੋਈ ਭੂਮਿਕਾ ਨਹੀਂ ਸੀ। ਉਨ੍ਹਾਂ ਨੂੰ ਦੋਬਾਰਾ ਤਲਬ ਕਰਕੇ ਗਵਾਹੀ ਦੇਣ ਲਈ ਮਜਬੂਰ ਕਰਨ ਵਿਚ ਕੋਈ ਤੁਕ ਨਹੀਂ ਸੀ। ਅਜਿਹੇ ਗਵਾਹਾਂ ਨੂੰ ਤਲਬ ਕਰਨ ਤੋਂ ਛੋਟ ਮਿਲਣੀ ਚਾਹੀਦੀ ਸੀ।

ਮੌਕੇ ਦੇ ਜਿਨ੍ਹਾਂ ਗਵਾਹਾਂ ਉਪਰ ਜਿਹੜੇ ਦੋਸ਼ੀਆਂ ਵੱਲੋਂ ਪਹਿਲਾਂ ਜਿਰ੍ਹਾ ਹੋ ਚੁੱਕੀ ਸੀ ਉਨ੍ਹਾਂ ਨੂੰ ਦੋਬਾਰਾ ਜਿਰ੍ਹਾ ਕਰਨ ਦਾ ਮੌਕਾ ਨਹੀਂ ਸੀ ਦੇਣਾ ਚਾਹੀਦਾ। ਜਿਹੜਾ ਮੁਲਜ਼ਮ ਹੁਣ ਪੇਸ਼ ਹੋਇਆ ਸੀ ਉਸੇ ਨੂੰ ਜਿਰ੍ਹਾ ਦਾ ਮੌਕਾ ਮਿਲਣਾ ਚਾਹੀਦਾ ਸੀ।



ਇਹ ਤਰਕ ਸੰਗਤ ਵੀ ਸੀ ਅਤੇ ਇਸ ਨਾਲ ਅਦਾਲਤ ਦਾ ਕੀਮਤੀ ਸਮਾਂ ਵੀ ਬਚਣਾ ਸੀ।

ਅਗਲੀ ਪੇਸ਼ੀ ਤੋਂ ਪਹਿਲਾਂ ਚੀਫ਼ ਜਸਟਿਸ ਦਾ ਜਵਾਬ ਆ ਗਿਆ।

ਸਾਧੂ ਸਿੰਘ ਦੀਆਂ ਦੋਵੇਂ ਬੇਨਤੀਆਂ ਪਰਵਾਨ ਹੋ ਗਈਆਂ।

ਠੇਕੇਦਾਰ ਦੀ ਜ਼ਮਾਨਤ ਤਿੰਨ ਮਹੀਨੇ ਲਈ ਅੱਗੇ ਪਾ ਦਿੱਤੀ ਗਈ।

ਕੇਵਲ ਉਹੋ ਗਵਾਹ ਤਲਬ ਕੀਤੇ ਜਾਣ ਜਿਹੜੇ ਨਵੇਂ ਮੁਲਜ਼ਮ ਨਾਲ ਸਬੰਧਤ ਹੋਣ। ਗਵਾਹਾਂ ਨੂੰ ਦੋਬਾਰਾ ਬਿਆਨ ਦੇਣ ਦੀ ਜਹਿਮਤ ਨਾ ਦਿਤੀ ਜਾਵੇ। ਪਹਿਲਾਂ ਜੇ ਗਵਾਹ ਉਸਦੀ ਹਾਜ਼ਰੀ ਵਿਚ ਨਹੀਂ ਭੁਗਤਿਆ ਤਾਂ ਕਸੂਰ ਗਵਾਹ ਦਾ ਨਹੀਂ ਮੁਲਜ਼ਮ ਦਾ ਆਪਣਾ ਸੀ। ਪਹਿਲੇ ਬਿਆਨ ਸਮੇਂ ਛੇ ਵਕੀਲ ਹਾਜ਼ਰ ਸਨ। ਇਸ ਲਈ ਕਿਸੇ ਕੋਤਾਹੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਕੇਵਲ ਨਵੇਂ ਮੁਲਜ਼ਮ ਨੂੰ ਜਿਰ੍ਹਾ ਕਰਨ ਦਾ ਮੌਕਾ ਦਿੱਤਾ ਜਾਵੇ।

ਨਵੇਂ ਹੁਕਮ ਦਾ ਨੰਦ ਲਾਲ ਦੀ ਸਿਹਤ ਉਪਰ ਕੋਈ ਅਸਰ ਨਹੀਂ ਸੀ। ਉਨ੍ਹਾਂ ਦਾ ਮਕਸਦ ਪੰਦਰਾਂ ਵੀਹ ਦਿਨ ਲੰਘਾਉਣਾ ਸੀ। ਉਹ ਹੁਣ ਵੀ ਲੰਘ ਜਾਣੇ ਸਨ।

ਉਹ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਵਿਚ ਸਹਿਯੋਗ ਦੇਣ ਲੱਗੇ।

## -111-

ਇਸ ਕੁਰਸੀ ’ਤੇ ਸਾਧੂ ਸਿੰਘ ਦਾ ਅੱਜ ਆਖ਼ਰੀ ਦਿਨ ਸੀ।

ਉਸਨੂੰ ਅਫ਼ਸੋਸ ਸੀ ਉਹ ਮੁਕੱਦਮੇ ਦਾ ਫੈਸਲਾ ਖ਼ੁਦ ਨਹੀਂ ਸੀ ਕਰ ਸਕਿਆ। ਪਰ ਮਨ ਨੂੰ ਤਸੱਲੀ ਸੀ। ਆਪਣੀ ਨਿਯੁਕਤੀ ਦੇ ਆਖ਼ਰੀ ਮਿੰਟ ਤਕ ਉਹ ਕੇਸ ਨੂੰ ਸਿਰੇ ਚਾੜ੍ਹਨ ਲਈ ਯਤਨ ਕਰਦਾ ਰਿਹਾ ਸੀ।

ਫੈਸਲਾ ਨਹੀਂ ਹੋ ਸਕਿਆ ਨਾ ਸਹੀ। ਮੁਦਈ ਧਿਰ ਦੀਆਂ ਗਵਾਹੀਆਂ ਸੁੱਖ-ਸਾਂਦ ਨਾਲ ਭੁਗਤ ਗਈਆਂ, ਸਫ਼ਾਈ ਧਿਰ ਨੂੰ ਲੱਖ ਯਤਨ ਕਰਨ ਦੇ ਬਾਵਜੂਦ ਵੀ ਮਨਮਾਨੀ ਕਰਨ ਦਾ ਮੌਕਾ ਨਹੀਂ ਮਿਲਿਆ, ਸਾਧੂ ਸਿੰਘ ਦੀ ਇਹ ਪ੍ਰਾਪਤੀ ਘੱਟ ਨਹੀਂ ਸੀ।

ਸਾਧੂ ਸਿੰਘ ਦਾ ਉੱਤਰ-ਅਧਿਕਾਰੀ ਇਸ ਕੇਸ ਦਾ ਕੀ ਫੈਸਲਾ ਕਰਦਾ ਹੈ ਇਸ ਨਾਲ ਸਾਧੂ ਸਿੰਘ ਨੂੰ ਕੋਈ ਮਤਲਬ ਨਹੀਂ ਸੀ। ਪਰ ਜੇ ਸਾਧੂ ਸਿੰਘ ਨੇ ਫੈਸਲਾ ਕਰਨਾ ਹੁੰਦਾ, ਉਹ ਕੀ ਫੈਸਲਾ ਕਰਦਾ, ਇਸ ਬਾਰੇ ਉਹ ਸਪੱਸ਼ਟ ਸੀ।

ਕਾਨੂੰਨ ਦੀ ਕਸਵੱਟੀ ’ਤੇ ਸਬੂਤ ਖਰੇ ਉਤਰਣ ਜਾਂ ਨਾ ਪਰ ਸੱਚ ਉਹੋ ਸੀ ਜੋ ਗਵਾਹਾਂ ਨੇ ਬਿਆਨਿਆ ਸੀ। ਪੰਕਜ ਅਤੇ ਨੀਰਜ ਨੇ ਜਾਤੀ ਰੰਜਸ਼ ਕੱਢਣ ਲਈ ਇਹ ਸਾਜ਼ਿਸ਼ ਘੜੀ ਸੀ। ਠੇਕੇਦਾਰ ਅਤੇ ਉਸਦੇ ਸਾਥੀਆਂ ਨੇ ਇਹ ਵਾਰਦਾਤ ਕੀਤੀ ਸੀ। ਪੰਚਮ ਦੀ ਥਾਂ ਕਤਲ ਦੀਨੇ ਨੇ ਕੀਤਾ ਜਾਂ ਦੀਨੇ ਦੀ ਥਾਂ ਸੱਟਾਂ ਪੰਡਿਤ ਨੇ ਮਾਰੀਆਂ ਇਹ ਰੱਦੋ-ਬਦਲ ਹੋ ਸਕਦਾ ਸੀ। ਸਚਾਈ ਇਹ ਵੀ ਸੀ ਕਿ ਨੇਹਾ ਨਾਲ ਬਲਾਤਕਾਰ ਹੋਇਆ ਸੀ। ਪਰ ਬਦਨਾਮੀ ਤੋਂ ਡਰਦੀ ਉਹ ਆਪਣੇ ਬਲਾਤਕਾਰੀ ਨੂੰ ਦੋਸ਼ ਤੋਂ ਮੁਕਤ ਕਰਨ ਦਾ ਕੌੜਾ ਘੁੱਟ ਪੀ ਗਈ ਸੀ। ਘਰ ਵਿਚੋਂ ਸਮਾਨ ਲੁੱਟਿਆ ਗਿਆ ਸੀ ਅਤੇ ਫੇਰ ਦੋਸ਼ੀਆਂ ਵਿਚਕਾਰ ਵੰਡਿਆ ਗਿਆ ਸੀ। ਕਿਸ ਨੇ ਕਿਹੜਾ ਜੁਰਮ ਕਿਸ ਨੀਅਤ ਨਾਲ ਕੀਤਾ ਸੀ ਸਾਧੂ ਸਿੰਘ

ਨੇ ਇਨ੍ਹਾਂ ਝੰਜਟਾਂ ਵਿਚ ਨਹੀਂ ਸੀ ਪੈਣਾ। ਉਸਨੇ ਸਾਰੇ ਦੋਸ਼ੀਆਂ ’ਤੇ ‘ਸਾਂਝੀ ਨੀਯਤ’ ਦਾ ਸਿਧਾਂਤ ਲਗਾ ਕੇ ਸਭ ਨੂੰ ਕਤਲ ਅਤੇ ਡਕੈਤੀ ਦਾ ਦੋਸ਼ੀ ਗਰਦਾਨ ਦੇਣਾ ਸੀ। ਅਤੇ ਫਾਂਸੀ ਦੀ ਸਜ਼ਾ ਸੁਣਾ ਦੇਣੀ ਸੀ।

ਪੰਚਮ ਵੀਹ ਸਾਲ ਤੋਂ ਘੱਟ ਉਮਰ ਦਾ ਨਹੀਂ ਸੀ। ਹੁੰਦਾ ਵੀ ਫੇਰ ਵੀ ਸਾਧੂ ਸਿੰਘ ਨੇ ਉਸਨੂੰ ਵੀਹ ਸਾਲ ਤੋਂ ਘੱਟ ਉਮਰ ਦਾ ਨਹੀਂ ਸੀ ਮੰਨਣਾ। ਬੱਚਾ ਸਮਝ ਕੇ ਮੁਆਫ਼ ਕਰਨ ਦੀ ਥਾਂ ਉਸਨੇ ਉਸਨੂੰ ਵੀ ਫਾਂਸੀ ਦੇ ਫੰਦੇ ਤਕ ਪਹੁੰਚਾਉਣਾ ਸੀ। ਜ਼ਹਿਰੀਲੇ ਸੱਪਾਂ ਦੇ ਬਚਪਨ ਵਿਚ ਹੀ ਗਲ ਘੁੱਟ ਦੇਣ ਵਿਚ ਬਿਹਤਰੀ ਸੀ।

ਸ਼ਨਾਖ਼ਤ ਪਰੇਡ ਦੀ ਖਾਮੀ ਵੀ ਸਾਧੂ ਸਿੰਘ ਲਈ ਕੋਈ ਅਹਿਮੀਅਤ ਨਹੀਂ ਸੀ ਰੱਖਦੀ। ਇੱਕੀਵੀਂ ਸਦੀ ਵਿਚ ਜੱਜਾਂ ਨੂੰ ਉਨੀਵੀਂ ਸਦੀ ਦੇ ਕਾਨੂੰਨ ਮੰਨਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਨਵੇਂ ਸੰਦਰਭ ਵਿਚ ਨਵੇਂ ਕਾਨੂੰਨ ਬਨਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਸੀ। ਘਸੇ-ਪਿਟੇ ਕਾਨੂੰਨ ਨੂੰ ਸਿੱਧੀਆਂ ਲੀਹਾਂ ’ਤੇ ਪਾਉਣ ਦਾ ਜਿੰਨਾ ਕੁ ਅਧਿਕਾਰ ਸਾਧੂ ਸਿੰਘ ਨੂੰ ਪ੍ਰਾਪਤ ਸੀ ਉਸ ਦੀ ਵਰਤੋਂ ਉਸਨੇ ਖੁੱਲ੍ਹ ਕੇ ਕਰਨੀ ਸੀ। ਅਦਾਲਤ ਵਿਚ ਪਹਿਲੀ ਵਾਰ ਹੋਈ ਸ਼ਨਾਖ਼ਤ ਨੂੰ ਸਹੀ ਠਹਿਰਾਉਣ ਲਈ ਸਾਧੂ ਸਿੰਘ ਕੋਲ ਆਪਣਾ ਤਰਕ ਸੀ। ਸਦਮੇ ਕਾਰਨ ਜੇ ਕੁੜੀ ਫੌਰੀ ਤੌਰ ’ਤੇ ਸਾਰੀ ਘਟਨਾ ਦਾ ਬਿਆਨ ਹੂ-ਬ-ਹੂ ਨਹੀਂ ਕਰ ਸਕੀ ਤਾਂ ਇਸ ਵਿਚ ਉਸਦਾ ਕੀ ਦੋਸ਼ ਸੀ? ਪੁਲਿਸ ਨੇ ਆਪਣੀ ਸੁਵਿਧਾ ਅਨੁਸਾਰ ਉਸ ਦੇ ਬਿਆਨ ਆਪੇ ਲਿਖ ਲਏ ਤਾਂ ਇਸ ਵਿਚ ਉਸ ਦਾ ਕੀ ਦੋਸ਼ ਸੀ? ਕਸੂਰ ਕਾਨੂੰਨ ਦਾ ਸੀ ਜਿਸਨੇ ਪੁਲਿਸ ਨੂੰ ਅਜਿਹੇ ਅਧਿਕਾਰ ਦਿੱਤੇ ਸਨ। ਵਿਸ਼ੇਸ਼ ਚਿੰਨ੍ਹਾਂ ਦੇ ਆਧਾਰ ’ਤੇ ਦੋਸ਼ੀਆਂ ਦੀ ਸ਼ਨਾਖ਼ਤ ਕਿਉਂ ਨਹੀਂ ਹੋ ਸਕਦੀ? ਕਤਲ ਕਰਦੇ ਹੱਥ, ਬਲਾਤਕਾਰੀ ਦੇ ਸਰੀਰ ਵਿਚੋਂ ਆਉਂਦੀ ਬੂਦਬੂ... ਸਾਰੀ ਉਮਰ ਭੁਲਾਇਆਂ ਨਹੀਂ ਭੁਲਦੀ। ਇਨ੍ਹਾਂ ਚਿੰਨ੍ਹਾਂ ਦੇ ਆਧਾਰ ’ਤੇ ਹੋਈ ਸ਼ਨਾਖ਼ਤ ਸਹੀ ਸ਼ਨਾਖ਼ਤ ਸੀ। ਮਾਸੂਮ ਕੁੜੀ ਨੇ ਮੁਲਜ਼ਮਾਂ ਨਾਲ ਇਸ਼ਕ ਨਹੀਂ ਸੀ ਲੜਾਇਆ ਕਿ ਉਨ੍ਹਾਂ ਨੂੰ ਝਟ-ਪਟ ਪਹਿਚਾਣ ਜਾਂਦੀ। ਦੋਸ਼ੀਆਂ ਵੱਲ ਤੱਕਣ ਤੋਂ ਪਹਿਲਾਂ ਹੀ ਉਸਦਾ ਕਾਲਜਾ ਫਟਣ ਲਗਦਾ ਸੀ। ਗੁੱਸਾ ਨਾਲ ਉਹ ਲਾਲ-ਪੀਲੀ ਹੋ ਜਾਂਦੀ ਸੀ। ਕਈ ਵਾਰ ਬੇਹੋਸ਼ ਹੋਣ ਤੋਂ ਬਾਅਦ ਉਹ ਦੋਸ਼ੀਆਂ ਵੱਲ ਮੂੰਹ ਕਰ ਸਕੀ ਸੀ। ਉਸ ਨੂੰ ਝੂਠ ਬੋਲ ਕੇ ਇਨ੍ਹਾਂ ਨੂੰ ਫਸਾਉਣ ਦੀ ਕੀ ਜ਼ਰੂਰਤ ਸੀ? ਸਾਧੂ ਸਿੰਘ ਨੇ ਨਵਾਂ ਨਿਯਮ ਘੜ ਦੇਣਾ ਸੀ। ਅੱਗੇ ਹਾਈ ਕੋਰਟ ਜਾਣੇ ਅਤੇ ਉਸਦਾ ਕਾਨੂੰਨ ਜਾਣੇ।

ਉਹ ਪੰਕਜ ਅਤੇ ਨੀਰਜ ਨੂੰ ਵੀ ਬਖ਼ਸ਼ਣ ਵਾਲਾ ਨਹੀਂ ਸੀ। ਜਿੰਨੇ ਸਬੂਤ ਮਿਸਲ ਤੇ ਆਏ ਸਨ ਉਹ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਲਈ ਬਥੇਰੇ ਸਨ। ਸਾਧੂ ਸਿੰਘ ਨੂੰ ਸਾਜ਼ਿਸ਼ ਸੁਣਦੇ ਝੂਠੇ ਗਵਾਹਾਂ ਦੀ ਜ਼ਰੂਰਤ ਨਹੀਂ ਸੀ। ਸਾਜਿਸ਼ਾਂ ਕਦੇ ਕਿਸੇ ਦੇ ਸਾਹਮਣੇ ਨਹੀਂ ਘੜੀਆਂ ਜਾਂਦੀਆਂ। ਨਾ ਇਸਦਾ ਕੋਈ ਸਬੂਤ ਰਹਿਣ ਦਿੱਤਾ ਜਾਂਦਾ ਹੈ। ਸਾਜਿਸ਼ਾਂ ਦਾ ਅੰਦਾਜ਼ਾ ਹਾਲਾਤਾਂ ਤੋਂ ਲਾਇਆ ਜਾਂਦਾ ਹੈ। ਇਸ ਮੁਕੱਦਮੇ ਦੇ ਹਾਲਾਤ ਬਹੁਤ ਕੁਝ ਪੰਕਜ ਅਤੇ ਨੀਰਜ ਦੇ ਖ਼ਿਲਾਫ਼ ਬੋਲਦੇ ਸਨ।

ਪਰ ਸਾਧੂ ਸਿੰਘ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਅਗਲੀ ਪੇਸ਼ੀ ਪੰਡਿਤ ਦੇ ਸਫ਼ਾਈ ਪੇਸ਼ ਕਰਨ ਲਈ ਪੈਣੀ ਸੀ। ਸਫ਼ਾਈ ਪੇਸ਼ ਕਰਨ ਲਈ ਮੁਲਜ਼ਮ ਨੂੰ ਮੁਨਾਸਬ ਸਮਾਂ ਮਿਲਣਾ ਚਾਹੀਦਾ ਸੀ। ਬਦਲੇ ਹਾਲਾਤਾਂ ਵਿਚ ਇਹ ਮੁਨਾਸਬ ਸਮਾਂ ਦਸ ਦਿਨਾਂ ਤੋਂ ਘੱਟ ਕੀ ਹੋ ਸਕਦਾ ਸੀ ?



“ਹੁਣ ਤਾਂ ਖੁਸ਼ ਹੋ !” ਦਸਾਂ ਦਿਨਾਂ ਦੀ ਤਾਰੀਖ਼ ਪਾ ਕੇ ਸਾਧੂ ਸਿੰਘ ਨੇ ਵਿਅੰਗਮਈ ਮੁਸਕਾਨ ਹੋਠਾਂ ’ਤੇ ਲਿਆ ਕੇ ਨੰਦ ਲਾਲ ਤੋਂ ਪੁੱਛਿਆ।

ਸਾਧੂ ਸਿੰਘ ਦਾ ਇਸ਼ਾਰਾ ਸਮਝ ਕੇ ਨੰਦ ਲਾਲ ਸ਼ਰਮ ਨਾਲ ਪੀਲਾ-ਬਸਾਰ ਹੋ ਗਿਆ।

ਸਾਧੂ ਸਿੰਘ ਦੀ ਇਕੋ ਮੁਸਕਾਨ ਨੇ ਨੰਦ ਲਾਲ ਨੂੰ ਧੁਰ ਅੰਦਰ ਤਕ ਹਿਲਾ ਦਿੱਤਾ।

ਬਤੌਰ ਵਕੀਲ ਨੰਦ ਲਾਲ ਦਾ ਫਰਜ਼ ਸੀ ਇਨਸਾਫ਼ ਕਰਨ ਵਿਚ ਜੱਜ ਦੀ ਮਦਦ ਕਰਨਾ। ਪਰ ਉਸਨੇ ਇਨਸਾਫ਼ ਹੋਣ ਵਿਚ ਰੋੜਾ ਅਟਕਾਇਆ ਸੀ।

“ਕੀ ਇਹੋ ਉਸਦਾ ਫਰਜ਼ ਸੀ?” ਸਾਧੂ ਸਿੰਘ ਜਿਵੇਂ ਨੰਦ ਲਾਲ ਤੋਂ ਪੁੱਛ ਰਿਹਾ ਸੀ।

ਨੰਦ ਲਾਲ ਕੋਲੋਂ ਜੱਜ ਨਾਲ ਅੱਖ ਮਿਲਾਉਣ ਦੀ ਹਿੰਮਤ ਜਾਂਦੀ ਰਹੀ।

ਉਹ ਨੀਵੀਂ ਪਾ ਕੇ ਅਦਾਲਤੋਂ ਬਾਹਰ ਆ ਗਿਆ।

ਸਾਧੂ ਸਿੰਘ ਦੀ ਬਦਲੀ ਤੋਂ ਬਾਅਦ ਦੀ ਤਾਰੀਖ਼ ਮਿਲਣ ’ਤੇ ਸਾਰੀ ਸਫ਼ਾਈ ਧਿਰ ਜੇਤੂ ਮਹਿਸੂਸ ਕਰ ਰਹੀ ਸੀ।

ਪਰ ਨੰਦ ਲਾਲ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਜਿਵੇਂ ਉਸਦੀ ਹਾਰ ਹੋਈ ਸੀ।

## -112-

ਸਾਧੂ ਸਿੰਘ ਦੀ ਥਾਂ ਨੰਦ ਲਾਲ ਭਗਤ ਰਾਮ ਨੂੰ ਮਾਇਆ ਨਗਰ ਲਿਆਉਣਾ ਚਾਹੁੰਦਾ ਸੀ।

ਭਗਤ ਰਾਮ ਮਾਇਆ ਨਗਰ ਲੱਗਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਸੀ। ਉਹ ਹਰ ਕੇਸ ਵਿਚ ਰਿਸ਼ਵਤ ਨਹੀਂ ਸੀ ਲੈਂਦਾ। ਕਦੇ-ਕਦੇ, ਸੋਚ ਵਿਚਾਰ ਕੇ ਪੈਸ ਲੈਂਦਾ ਸੀ। ਇਸ ਲਈ ਉਸਦਾ ਨਾਂ ਈਮਾਨਦਾਰ ਜੱਜਾਂ ਦੀ ਲਿਸਟ ਵਿਚ ਆਉਂਦਾ ਸੀ। ਉਹ ਸਾਧੂ ਸਿੰਘ ਵਰਗਾ ਅੜੀਅਲ ਨਹੀਂ ਸੀ। ਬਿਨਾਂ ਲਾਲਚ ਕੀਤੇ ਅਫ਼ਸਰਾਂ ਦਾ ਕੰਮ ਕਰਦਾ ਸੀ। ਇਸ ਲਈ ਉਹ ਉੱਪਰਲਿਆਂ ਦਾ ਚਹੇਤਾ ਸੀ।

ਉਸਦੇ ਮਾਇਆ ਨਗਰ ਆਉਣ ਨਾਲ ਨੰਦ ਲਾਲ ਦਾ ਪਾਸਾ ਸਿੱਧਾ ਪੈਂਦਾ ਸੀ। ਨੰਦ ਲਾਲ ਮੋਟੀਆਂ ਅਸਾਮੀਆਂ ਦਾ ਵਕੀਲ ਬਣਦਾ ਸੀ। ਪੈਸੇ ਵਾਲੀਆਂ ਪਾਰਟੀਆਂ ਦਾ ਧਿਆਨ ਪੈਸੇ ਦੇ ਜ਼ੋਰ ’ਤੇ ਮੁਕੱਦਮਾ ਜਿੱਤਣ ਵੱਲ ਹੁੰਦਾ ਸੀ। ਵਕੀਲ ਨੂੰ ਫ਼ੀਸ ਦਿੰਦੇ ਸੌ ਕਿਰਸ ਕਰਨ ਪਰ ਜੱਜ ਨੂੰ ਮੂੰਹ-ਮੰਗੀ ਫ਼ੀਸ ਦਿੰਦੇ ਸਨ। ਮੋਟੀਆਂ ਫ਼ੀਸਾਂ ਵਿਚੋਂ ਨੰਦ ਲਾਲ ਨੂੰ ਮੋਟਾ ਹਿੱਸਾ ਮਿਲਦਾ ਸੀ। ਭਗਤ ਰਾਮ ਨਾਲ ਬੁੱਕਲ ਸਾਂਝੀ ਸੀ। ਉਸਦੇ ਮਾਇਆ ਨਗਰ ਆਉਂਦੇ ਹੀ ਨੰਦ ਲਾਲ ਦੀਆਂ ਪੌਂ ਬਾਰਾਂ ਹੋ ਜਾਣੀਆਂ ਸਨ।

ਹਜ਼ਾਰੀ ਲਾਲ ਨੂੰ ਚੀਫ਼ ਜਸਟਿਸ ਬਣਵਾ ਕੇ ਚੰਡੀਗੜ੍ਹ ਰਖਵਾਉਣ ਵਾਲਾ ਸਾਬਕਾ ਐਮ.ਪੀ. ਸ਼ੁਕਲਾ ਸੀ, ਇਹ ਸਾਰਾ ਹਾਈ ਕੋਰਟ ਜਾਣਦਾ ਸੀ। ਨੰਦ ਲਾਲ ਦੇ ਸ਼ੁਕਲੇ ਨਾਲ ਨਿੱਜੀ ਸਬੰਧ ਸਨ, ਇਹ ਕੇਵਲ ਭਗਤ ਰਾਮ ਜਾਣਦਾ ਸੀ। ਆਪਣੀ ਮਰਜ਼ੀ ਦਾ ਜੱਜ ਮਾਇਆ ਨਗਰ ਲਗਵਾਉਣ ਲਈ ਪੰਕਜ ਸ਼ੁਕਲੇ ਨੂੰ ਮੋਟੀ ਰਕਮ ਦੇ ਰਿਹਾ ਸੀ, ਇਹ ਕੇਵਲ ਨੰਦ ਲਾਲ ਜਾਣਦਾ ਸੀ।

ਪੰਕਜ ਜਿਸ ਜੱਜ ਨੂੰ ਮਾਇਆ ਨਗਰ ਲਿਆਉਣਾ ਚਾਹੁੰਦਾ ਸੀ, ਉਸਦਾ ਇਥੇ

ਆਉਣਾ ਅਸੰਭਵ ਸੀ। ਉਸਦਾ ਪਿਛਲਾ ਰਿਕਾਰਡ ਬਹੁਤ ਮਾੜਾ ਸੀ। ਹਰ ਸਟੇਸ਼ਨ 'ਤੇ ਉਸਦੇ ਵਿਰੁਧ ਰੌਲਾ ਪਿਆ ਸੀ। ਉਸਦੇ ਰਿਟਾਇਰ ਹੋਣ ਵਿਚ ਦੋ ਸਾਲ ਰਹਿੰਦੇ ਸਨ। ਉਹ ਅਗਲੀ ਪਿਛਲੀ ਕਸਰ ਪੂਰੀ ਕਰਨਾ ਚਾਹੁੰਦਾ ਸੀ। ਪੰਕਜ ਦੇ ਬਾਪ ਦਾ ਉਹ ਲੰਗੋਟੀਆ ਯਾਰ ਸੀ। ਪਹਿਲਾਂ ਤੋਂ ਪੰਕਜ ਦਾ ਉਸਦੇ ਘਰ ਆਉਣ-ਜਾਣ ਸੀ। ਪੰਕਜ ਨੂੰ ਬਰੀ ਕਰਨ ਦਾ ਉਸਨੇ ਭਰੋਸਾ ਦਿੱਤਾ ਸੀ। ਕੁਝ ਰਕਮ ਉਹ ਜੱਜ ਆਪਣੇ ਪੱਲਿਉਂ ਵੀ ਖ਼ਰਚ ਰਿਹਾ ਸੀ।

ਨੰਦ ਲਾਲ ਨੂੰ ਪਤਾ ਸੀ। ਸੋਸਾਇਟੀ ਦੇ ਜ਼ੋਰ ਕਾਰਨ ਉਸਨੂੰ ਮਾਇਆ ਨਗਰ ਮਿਲਣ ਵਾਲਾ ਨਹੀਂ ਸੀ।

ਇਸ ਲਈ ਨੰਦ ਲਾਲ ਨੇ ਪੰਕਜ ਦੇ ਚਹੇਤੇ ਜੱਜ ਦੇ ਨਾਲ-ਨਾਲ ਆਪਣੇ ਚਹੇਤੇ ਜੱਜ ਦਾ ਨਾਂ ਵੀ ਸ਼ੁਕਲੇ ਨੂੰ ਸੁਝਾਇਆ ਸੀ।

ਪਰ ਲਗਦਾ ਸੀ, ਹੁਣੇ ਚੀਫ਼ ਜਸਟਿਸ ਨੇ ਸ਼ੁਕਲੇ ਦੇ ਅਹਿਸਾਨ ਨੂੰ ਭੁਲਾ ਦਿੱਤਾ ਸੀ। ਦੋਹਾਂ ਵਿਚੋਂ ਕਿਸੇ ਵੀ ਜੱਜ ਨੂੰ ਮਾਇਆ ਨਗਰ ਨਹੀਂ ਸੀ ਲਾਇਆ ਗਿਆ। ਬੁੱਕਲ ਵਿਚੋਂ ਕੋਈ ਨਵਾਂ ਮੂੰਗਲਾ ਕੱਢ ਮਾਰਿਆ ਸੀ।

ਪੰਕਜ ਦੇ ਐਮ.ਪੀ. ਕੋਲੋਂ ਪੁੱਛਣ ਤੋਂ ਪਹਿਲਾਂ ਹੀ ਐਮ.ਪੀ. ਨੇ ਚੀਫ਼ ਕੋਲੋਂ ਪੁੱਛ ਲਿਆ। ਪਾਰਟੀ ਕੋਲੋਂ ਮਿਲੀ ਮੋਟੀ ਫ਼ੀਸ ਉਹ ਹਜ਼ਮ ਕਰ ਚੁੱਕਾ ਸੀ। ਉਹ ਪਾਰਟੀ ਨੂੰ ਕੀ ਮੂੰਹ ਦਿਖਾਏ?

"ਪੇੜ ਨਾ ਗਿਣੋ। ਅੰਬ ਖਾਓ। ਮੰਗਤ ਰਾਮ ਆਪਣੇ ਕੰਮ ਦੀ ਸ਼ੁਰੂਆਤ ਪੰਕਜ ਹੋਰਾਂ ਨੂੰ ਬਰੀ ਕਰਕੇ ਕਰੇਗਾ। ਬਿਨਾਂ ਕੋਈ ਝਾਕ ਰੱਖੋ।"

ਹਜ਼ਾਰੀ ਲਾਲ ਨੂੰ ਦੁੱਧ ਵਿਚ ਮੀਂਗਣਾ ਕਿਉਂ ਘੋਲਣੀਆਂ ਪਈਆਂ, ਇਸ ਦੇ ਕਾਰਨ ਵੀ ਉਸਨੇ ਸਪੱਸ਼ਟ ਕੀਤੇ।

"ਸੋਸਾਇਟੀ ਦਾ ਪ੍ਰਧਾਨ ਤੁਹਾਡੇ ਵੱਲੋਂ ਲੱਗੀ ਸਿਫਾਰਸ਼ ਦੀ ਸੂਹ ਕੱਢੀ ਫਿਰਦਾ ਹੈ। ਉਹ ਖ਼ੁਦ ਮੇਰੇ ਕੋਲ ਆ ਕੇ ਇਤਰਾਜ਼ ਕਰਕੇ ਗਿਆ ਹੈ। ਪੰਕਜ ਨੇ ਜਿਸ ਜੱਜ ਦੀ ਸਿਫਾਰਸ਼ ਕੀਤੀ ਸੀ, ਉਹ ਬੇਵਕੂਫ਼ ਕਈ ਵਾਰ ਸਰਕਾਰੀ ਗੱਡੀ ਵਿਚ ਇਨ੍ਹਾਂ ਦੀ ਕੋਠੀ ਆਇਆ ਸੀ। ਸਰਕਾਰੀ ਫ਼ੋਨ ਤੋਂ ਇਨ੍ਹਾਂ ਨੂੰ ਫ਼ੋਨ ਕਰਦਾ ਰਿਹਾ ਹੈ। ਪ੍ਰਧਾਨ ਸਾਰਾ ਰਿਕਾਰਡ ਚੁੱਕੀ ਫਿਰਦਾ ਹੈ। ਭਗਤ ਰਾਮ ਅਤੇ ਨੰਦ ਲਾਲ ਦੇ ਗੂੜ੍ਹੇ ਸੰਬੰਧਾਂ ਦਾ ਪੁਲੰਦਾ ਵੀ ਉਸ ਕੋਲ ਹੈ। ਦੋਹਾਂ ਵਿਚੋਂ ਜਿਸ ਜੱਜ ਨੂੰ ਵੀ ਮਾਇਆ ਨਗਰ ਲਾਇਆ ਜਾਂਦਾ ਹੈ, ਉਸ ਨੇ ਖ਼ਤਰੇ ਵਿਚ ਪੈ ਜਾਣਾ ਸੀ। ਆਪਣਾ ਕੰਮ ਉਸਨੇ ਕੀ ਕਰਨਾ ਸੀ, ਉਸਨੂੰ ਆਪਣੀ ਜਾਨ ਛੁਡਾਉਣੀ ਔਖੀ ਹੋ ਜਾਣੀ ਸੀ। ਆਪਣੀ ਦੋਹਾਂ ਦੀ ਬਦਨਾਮੀ ਮੁਫ਼ਤ ਵਿਚ ਹੋਣੀ ਸੀ।"

ਮੰਗਤ ਰਾਮ ਚੀਫ਼ ਦਾ ਵਫ਼ਾਦਾਰ ਸੀ। ਸਾਰੀਆਂ ਸ਼ਰਤਾਂ ਖੋਲ੍ਹ ਕੇ ਉਸਨੂੰ ਮਾਇਆ ਨਗਰ ਲਾਇਆ ਗਿਆ ਸੀ। ਉਹ ਬਹੁਤ ਹੁਸ਼ਿਆਰ ਸੀ। ਉਸਨੇ ਆਪਣੀ ਕਾਰਵਾਈ ਵੀ ਪਾ ਲੈਣੀ ਸੀ ਅਤੇ ਕਿਸੇ ਨੂੰ ਕੰਨੋਂ-ਕੰਨ ਖ਼ਬਰ ਵੀ ਨਹੀਂ ਸੀ ਹੋਣੀ।

ਸ਼ੁਕਲੇ ਨੂੰ ਚੀਫ਼ ਦੀਆਂ ਗੱਲਾਂ 'ਤੇ ਯਕੀਨ ਆ ਗਿਆ। ਪਰ ਨੰਦ ਲਾਲ ਨੂੰ ਸ਼ੁਕਲੇ ਦੀਆਂ ਗੱਲਾਂ 'ਤੇ ਯਕੀਨ ਨਾ ਆਇਆ। ਸਿਆਸੀ ਬੰਦਿਆਂ ਦੇ ਲਾਰਿਆਂ ਦੇ ਆਧਾਰ 'ਤੇ ਉਹ ਆਪਣੇ ਸਾਇਲਾਂ ਨੂੰ ਜੋਖ਼ਮ ਵਿਚ ਨਹੀਂ ਸੀ ਪਾ ਸਕਦਾ।

ਪੰਡਤ ਆਪਣੀ ਸਫ਼ਾਈ ਭੁਗਤਾ ਚੁੱਕਾ ਸੀ। ਬਾਕੀ ਦੋਸ਼ੀ ਪਹਿਲਾਂ ਹੀ ਸਫ਼ਾਈ ਬੰਦ



ਕਰ ਚੁੱਕੇ ਸਨ।

ਕੇਸ ਕਈ ਵਾਰ ਬਹਿਸ 'ਤੇ ਲੱਗ ਚੁੱਕਾ ਸੀ। ਪਰ ਪੱਕਾ ਯਕੀਨ ਹੋਣ ਤਕ ਨੰਦ ਲਾਲ ਕਿਸੇ ਨਾ ਕਿਸੇ ਬਹਾਨੇ ਬਹਿਸ ਟਾਲਦਾ ਆ ਰਿਹਾ ਸੀ।

ਚਾਰ ਤਾਰੀਖ਼ਾਂ ਪਾਉਣ ਬਾਅਦ ਮੰਗਤ ਰਾਮ ਨੂੰ ਹੋਰ ਤਾਰੀਖ਼ ਦੇਣ ਵਿਚ ਦਿੱਕਤ ਮਹਿਸੂਸ ਹੋਣ ਲੱਗੀ। ਬਹੁਤੀਆਂ ਤਾਰੀਖ਼ਾਂ ਦਾ ਮਤਲਬ ਸੀ ਜੱਜ ਕਿਸੇ ਧਿਰ ਨੂੰ ਰਿਸ਼ਵਤ ਲਈ ਉਡੀਕ ਰਿਹਾ ਸੀ। ਮੰਗਤ ਰਾਏ ਨੇ ਦੋ ਅਮੀਰ ਦੋਸ਼ੀਆਂ ਨੂੰ ਬਰੀ ਕਰਨਾ ਸੀ। ਸੋਸਾਇਟੀ ਇਸ ਦੀ ਸੂਹ ਕੱਢ ਸਕਦੀ ਸੀ।

ਫੈਸਲਾ ਲਟਕਾਉਣਾ ਸਭ ਲਈ ਖ਼ਤਰਨਾਕ ਸੀ।

ਇਕ ਦਿਨ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ ਜਾ ਕੇ ਮੰਗਤ ਰਾਮ ਨੇ ਮਾਮਲਾ ਚੀਫ਼ ਦੇ ਧਿਆਨ ਵਿਚ ਲਿਆਂਦਾ। ਕੋਈ ਹੀਮ-ਕੀਮ ਹੋ ਗਈ ਤਾਂ ਉਸਨੂੰ ਦੋਸ਼ ਨਾ ਦਿੱਤਾ ਜਾਵੇ।

ਚੀਫ਼ ਨੇ ਦੇਰ ਦਾ ਕਾਰਨ ਸ਼ੁਕਲਾ ਤੋਂ ਪੁੱਛਿਆ। ਸ਼ੁਕਲਾ ਨੇ ਨੰਦ ਲਾਲ ਤੋਂ। ਨੰਦ ਲਾਲ ਫੇਰ ਟਾਲ-ਮਟੋਲ ਕਰ ਗਿਆ।

ਜਦੋਂ ਅਗਲੀ ਤਾਰੀਖ਼ ਵੀ ਬਿਨਾਂ ਬਹਿਸ ਹੋਏ ਲੰਘ ਗਈ ਤਾਂ ਮੰਗਤ ਰਾਏ ਨੂੰ ਆਪਣਾ ਸਿੰਘਾਸਣ ਡੋਲਦਾ ਨਜ਼ਰ ਆਇਆ। ਦੋਹਾਂ ਪਾਸਿਆਂ ਤੋਂ ਖ਼ਤਰਾ ਵਧ ਰਿਹਾ ਸੀ। ਦੋਸ਼ੀ ਬਰੀ ਨਾ ਹੋ ਸਕੇ, ਚੀਫ਼ ਨੇ ਨਾਰਾਜ਼ ਹੋਣਾ ਸੀ। ਲਟਕਾ ਕੇ ਬਰੀ ਕੀਤੇ ਤਾਂ ਸੋਸਾਇਟੀ ਨੇ ਵੰਝ ਗੱਡ ਦੇਣਾ ਸੀ।

ਹਰੀਸ਼ ਲਟਕਦੀ ਬਹਿਸ 'ਤੇ ਗਿਲਾ ਕਰ ਚੁੱਕਾ ਸੀ। ਇਸ਼ਾਰੇ ਨਾਲ ਜੱਜ ਨੂੰ ਸਮਝਾ ਚੁੱਕਾ ਸੀ। ਪਾਰਟੀ ਬੰਦਾ ਲੱਭਦੀ ਫਿਰਦੀ ਸੀ। ਬਹਿਸ ਪੱਕੇ ਪ੍ਰਬੰਧਾਂ ਬਾਅਦ ਹੋਣੀ ਸੀ।

ਮੌਕਾ ਤਾੜ ਕੇ ਇਕ ਦਿਨ ਮੰਗਤ ਰਾਏ ਨੇ ਨੰਦ ਲਾਲ ਨੂੰ ਆਪਣੇ ਰਿਟਾਇਰਿੰਗ ਰੂਮ ਵਿਚ ਬੁਲਾਇਆ।

ਜੱਜ ਨੂੰ ਨੰਦ ਲਲ ਦੀ ਸਹਾਇਤਾ ਦੀ ਜ਼ਰੂਰਤ ਸੀ।

ਇਸ ਵਾਰ ਬਦਲੀਆਂ ਲੇਟ ਹੋਈਆਂ ਸਨ। ਕਾਲਜਾਂ ਵਿਚ ਦਾਖ਼ਲਾ ਲੈਣ ਦੀਆਂ ਤਾਰੀਖ਼ਾਂ ਨਿਕਲ ਗਈਆਂ ਸਨ। ਮੰਗਤ ਰਾਏ ਦੇ ਬੇਟੇ ਨੂੰ ਕਿਸੇ ਕਾਲਜ ਵਿਚ ਦਾਖ਼ਲਾ ਨਹੀਂ ਸੀ ਮਿਲ ਰਿਹਾ। ਮੰਗਤ ਰਾਏ ਹਰੀਸ਼ ਸਮੇਤ ਕਈਆਂ ਵਕੀਲਾਂ ਤੋਂ ਸਹਾਇਤਾ ਮੰਗ ਚੁੱਕਾ ਸੀ। ਸਭ ਨੇ ਨੰਦ ਲਾਲ ਦਾ ਨਾਂ ਸੁਝਾਇਆ ਸੀ। ਉਹ ਆਰੀਆ ਕਾਲਜ ਦਾ ਪ੍ਰਧਾਨ ਸੀ। ਉਸਦੀ ਕਲਮ ਦੇ ਇਕੋ ਝਟਕੇ ਨਾਲ ਮੁੰਡੇ ਨੂੰ ਦਾਖ਼ਲਾ ਮਿਲ ਜਾਣਾ ਸੀ।

ਇਸੇ ਬਹਾਨੇ ਉਸਨੇ ਨੰਦ ਲਾਲ ਨੂੰ ਆਪਣੇ ਕੋਲ ਬੁਲਾਇਆ ਸੀ।

"ਬਾਬੂ ਜੀ ਬਹਿਸ ਕਰੋ। ਚੀਫ਼ ਸਾਹਿਬ ਦਾ ਹੁਕਮ ਹੈ।"

ਕੁਰਸੀ 'ਤੇ ਬੈਠਣ ਤੋਂ ਪਹਿਲਾਂ ਹੀ ਮੰਗਤ ਰਾਏ ਨੇ ਨੰਦ ਲਾਲ ਨੂੰ ਸਮਝਾਇਆ।

ਇੱਧਰ-ਉੱਧਰ ਦੀਆਂ ਗੱਲਾਂ ਬਾਅਦ ਵਿਚ ਹੋਈਆਂ।

## -113-

ਵੇਦ ਪਰਿਵਾਰ ਦਾ ਪਹਿਲਾਂ ਮਾਇਆ ਨਗਰ ਨਾਲੋਂ ਮੋਹ ਟੁੱਟਿਆ। ਫੇਰ ਉਸ ਨਾਲ ਨਫ਼ਰਤ ਹੋ ਗਈ। ਕਦੇ-ਕਦੇ ਕਮਲ ਦੀਆਂ ਯਾਦਾਂ ਉਨ੍ਹਾਂ ਨੂੰ ਕੋਠੀ ਵੱਲ ਧੂਹ ਲਿਜਾਂਦੀਆਂ।

ਪਰ ਜਦੋਂ ਤੋਂ ਕੋਠੀ ਵਿਕੀ ਸੀ ਉਨ੍ਹਾਂ ਦਾ ਇਹ ਸੰਬੰਧ ਵੀ ਟੁੱਟ ਗਿਆ। ਮਾਇਆ ਨਗਰ ਦੇ ਲੋਕਾਂ ਨੇ ਵੇਦ ਹੋਰਾਂ ਨੂੰ ਵਿਸਾਰ ਦਿੱਤਾ ਅਤੇ ਉਨ੍ਹਾਂ ਨੇ ਪੂਰੇ ਮਾਇਆ ਨਗਰ ਨੂੰ।

ਵੇਦ ਦਾ ਕਾਰੋਬਾਰ ਠੱਪ ਸੀ। ਨੇਹਾ ਦੀ ਪੜ੍ਹਾਈ ਛੁੱਟ ਚੁੱਕੀ ਸੀ। ਨੀਲਮ ਘਰ ਜੋਗੀ ਰਹਿ ਗਈ ਸੀ। ਮਿਰਗੀ ਦੇ ਲਗਾਤਾਰ ਪੈਂਦੇ ਦੌਰਿਆਂ ਕਾਰਨ ਉਸਦਾ ਅੰਦਰ-ਬਾਹਰ ਜਾਣਾ ਵਰਜਿਤ ਸੀ।

ਵੇਦ ਪਰਿਵਾਰ ਨੂੰ ਇਸ ਸ਼ਹਿਰ ਵਿਚ ਆਇਆਂ ਡੇਢ ਸਾਲ ਹੋ ਗਿਆ ਸੀ। ਆਪਣਾ ਸਭ ਕੁਝ ਵੇਚ ਵੱਟ ਕੇ ਵੇਦ ਨੇ ਰੁਪਿਆ ਬੈਂਕ ਵਿਚ ਜਮ੍ਹਾਂ ਕਰਵਾ ਦਿੱਤਾ। ਜਦੋਂ ਤਕ ਉਹ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹੋ ਜਾਂਦਾ, ਉਦੋਂ ਤਕ ਉਹ ਨਵਾਂ ਕਾਰੋਬਾਰ ਸ਼ੁਰੂ ਨਹੀਂ ਕਰ ਸਕਦਾ। ਵਿਆਜ ਨਾਲ ਖਰਚਾ ਚੱਲ ਰਿਹਾ ਸੀ।

ਸਵੇਰੇ ਸ਼ਾਮ ਵੇਦ ਨੀਲਮ ਨੂੰ ਲੈ ਕੇ ਗੀਤਾ ਭਵਨ ਚਲਾ ਜਾਂਦਾ ਸੀ। ਉਥੇ ਕਥਾ ਵਾਰਤਾ ਚਲਦੀ ਰਹਿੰਦੀ ਸੀ। ਦੋਹਾਂ ਦਾ ਮਨ ਪਰਚ ਜਾਂਦਾ ਸੀ।

ਚਿੰਤਾ ਨੇਹਾ ਦੀ ਸੀ। ਵੇਦ ਆਥਣ-ਉੱਗਣ ਰਾਮ ਨਾਥ 'ਤੇ ਜ਼ੋਰ ਪਾ ਰਿਹਾ ਸੀ।

ਕੋਈ ਲੋੜੀਂਦਾ ਘਰ ਦੇਖ ਕੇ ਨੇਹਾ ਦੇ ਹੱਥ ਪੀਲੇ ਕਰ ਦਿੱਤੇ ਜਾਣ। ਰਾਮ ਨਾਥ ਵੀ ਇਸੇ ਵਿਚਾਰ ਦਾ ਸੀ। ਪਰ ਕੋਈ ਮੁੰਡਾ ਮਿਲੇ ਤਾਂ ਹੀ ਰਿਸ਼ਤਾ ਹੋਵੇ। ਰਾਮ ਨਾਥ ਨੇ ਸਾਰੇ ਵਾਕਫਾਂ ਕੋਲ ਮੁੰਡਾ ਦੱਸਣ ਦਾ ਸਵਾਲ ਪਾਇਆ ਸੀ। ਕਿਸੇ ਇਕ ਵੱਲੋਂ ਵੀ ਮੁੰਡੇ ਦੀ ਦੱਸ ਨਹੀਂ ਸੀ ਪਈ।

"ਕੁੜੀ ਨੂੰ ਖੂਹ-ਖ਼ਾਤੇ ਨਹੀਂ ਸੁੱਟਿਆ ਜਾ ਸਕਦਾ। ਕਦੇ ਨਾ ਕਦੇ ਹਾਲਾਤ ਬਦਲਣਗੇ। ਉਹ ਵੱਡੋ ਬਾਰ ਨਹੀਂ ਹੋ ਗਈ। ਆਪੇ ਠੀਕ ਰਿਸ਼ਤਾ ਹੋ ਜਾਏਗਾ।" ਆਖ ਕੇ ਉਹ ਵੇਦ ਦਾ ਮਨ ਰੱਖਦਾ ਆ ਰਿਹਾ ਸੀ।

ਇਸ ਸ਼ਹਿਰ ਵਿਚ ਉਚੇਰੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ। ਚਾਹੁੰਦੀ ਹੋਈ ਵੀ ਨੇਹਾ ਐਮ.ਏ. ਵਿਚ ਦਾਖ਼ਲਾ ਨਹੀਂ ਸੀ ਲੈ ਸਕਦੀ।

ਸਮੇਂ ਨੂੰ ਧੱਕਾ ਦੇਣ ਦਾ ਇਕੋ ਸਾਧਨ ਸੀ। ਕਾਨੂੰਨ ਦੀਆਂ ਕਿਤਾਬਾਂ ਨਾਲ ਮਗਜ਼ ਖਪਾਈ।

ਨੇਹਾ ਰੁੱਝੀ ਰਹਿਣਾ ਚਾਹੁੰਦੀ ਸੀ। ਕੰਮ ਕੋਈ ਵੀ ਹੋਵੇ। ਮਨੋ-ਚਕਿਤਸਕ ਦੇ ਸੁਝਾਅ 'ਤੇ ਰਾਮ ਨਾਥ ਉਸਨੂੰ ਰੁਝੇ ਰਹਿਣ ਵਿਚ ਮਦਦ ਕਰ ਰਿਹਾ ਸੀ।

ਰਾਮ ਨਾਥ ਆਪਣੇ ਵੱਲੋਂ ਲੜੇ ਜਾ ਰਹੇ ਕਿਸੇ ਮੁਕੱਦਮੇ ਦਾ ਪਹਿਲਾਂ ਉਸਨੂੰ ਪਿਛੋਕੜ ਸਮਝਾ ਦਿੰਦਾ। ਫੇਰ ਮੁਕੱਦਮੇ ਵਿਚ ਉੱਠਣ ਵਾਲੇ ਨੁਕਤਿਆਂ ਬਾਰੇ ਦੱਸ ਦਿੰਦਾ। ਉਨ੍ਹਾਂ ਨੁਕਤਿਆਂ ਉਪਰ ਹਾਈ ਕੋਰਟ, ਸੁਪਰੀਮ ਕੋਰਟ ਦਾ ਕੀ ਵਿਚਾਰ ਹੈ? ਉਨ੍ਹਾਂ ਫੈਸਲਿਆਂ ਦੀ ਲਿਸਟ ਬਣਾ ਦਿੰਦਾ। ਬਾਕੀ ਦੀ ਪੜ੍ਹਾਈ ਨੇਹਾ ਉਪਰ ਛੱਡ ਦਿੰਦਾ।

ਫੈਸਲੇ ਪੜ੍ਹਦੀ-ਪੜ੍ਹਦੀ ਨੇਹਾ ਵਕੀਲਾਂ ਅਤੇ ਜੱਜਾਂ ਦੀ ਚਤੁਰਾਈ 'ਤੇ ਹੈਰਾਨ ਹੋਣ ਲਗਦੀ। ਲਗਭਗ ਹਰ ਕੇਸ ਵਿਚ ਬੜੀ ਚਤੁਰਾਈ ਨਾਲ ਕੋਈ ਨਾ ਕੋਈ ਬਹਾਨਾ ਲੱਭ ਕੇ ਦੋਸ਼ੀ ਨੂੰ ਬਰੀ ਕਰ ਦਿੱਤਾ ਜਾਂਦਾ ਸੀ। ਨੇਹਾ ਵਰਗੇ ਲੋਕ ਵੀ ਮੁਕੱਦਮੇ ਦਾ ਹਿੱਸਾ ਸਨ। ਲਗਦਾ ਸੀ ਇਸ ਪੱਖ ਨੂੰ ਅਦਾਲਤ ਨੇ ਉੱਕਾ ਵਿਸਾਰ ਦਿੱਤਾ ਸੀ।

ਆਪਣੇ ਮੁਕੱਦਮੇ ਨਾਲ ਮਿਲਦੇ-ਜੁਲਦੇ ਫੈਸਲੇ ਪੜ੍ਹਕੇ ਨੇਹਾ ਨੂੰ ਲਗਦਾ ਸੀ ਕਿਸੇ ਨਾ ਕਿਸੇ ਬਹਾਨੇ ਉਨ੍ਹਾਂ ਦੇ ਮੁਲਜ਼ਮਾਂ ਨੂੰ ਵੀ ਬਰੀ ਕਰ ਦਿੱਤਾ ਜਾਣਾ ਸੀ।



ਮੁਦਈ ਦੀ ਹੁੰਦੀ ਦੁਰਦਸ਼ਾ ਦੇਖ ਕੇ ਨੇਹਾ ਦਾ ਮਨ ਕੁਝ ਕਰਨ ਲਈ ਤੜਪ ਉਠਦਾ ਸੀ। ਉਹ ਕੀ ਕਰੇ? ਇਹ ਪ੍ਰਸ਼ਨ ਉਹ ਮਾਮੇ ਕੋਲੋਂ ਕਈ ਵਾਰ ਪੁੱਛ ਚੁੱਕੀ ਸੀ।

ਦੁੱਖ ਹੰਢਾ ਕੇ ਰਾਮ ਨਾਥ ਨੇ ਕਈ ਸਬਕ ਸਿੱਖੇ ਸਨ। ਹੁਣ ਉਸਨੂੰ ਮੁਲਜ਼ਮ ਦਾ ਪੱਖ ਪੂਰਦੇ ਝਿਜਕ ਮਹਿਸੂਸ ਹੁੰਦੀ ਸੀ। ਲਗਦੀ ਵਾਹ ਉਹ ਮੁਦਈ ਧਿਰ ਦਾ ਵਕੀਲ ਬਣਦਾ ਸੀ। ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਉਹ ਦਿਨ ਰਾਤ ਇਕ ਕਰਕੇ ਸੰਘਰਸ਼ ਕਰਦਾ ਸੀ। ਇਸ ਤਰ੍ਹਾਂ ਉਸਨੂੰ ਸਕੂਨ ਮਿਲਦਾ ਸੀ।

ਸੋਸਾਇਟੀ ਦੇ ਅਸਲ ਉਦੇਸ਼ ਦੀ ਸਮਝ ਰਾਮ ਨਾਥ ਨੂੰ ਹੁਣ ਆਈ ਸੀ। ਜੇ ਨੇਹਾ ਵਕੀਲ ਹੁੰਦੀ ਤਾਂ ਸੋਸਾਇਟੀ ਦੇ ਕੰਮ ਵਿਚ ਹੱਥ ਵੰਡਾ ਦਿੰਦੀ। ਹੁਣ ਨੇਹਾ ਸੋਸਾਇਟੀ ਲਈ ਕੀ ਕਰ ਸਕਦੀ ਸੀ ? ਇਹ ਰਾਮ ਨਾਥ ਨੂੰ ਵੀ ਸਮਝ ਨਹੀਂ ਸੀ ਆਉਂਦੀ।

"ਮਾਮਾ ਜੀ ਮੈਨੂੰ ਲਾਅ ਵਿਚ ਦਾਖ਼ਲਾ ਨਹੀਂ ਮਿਲ ਸਕਦਾ? ਲਾਅ ਕਰਕੇ ਮੈਂ ਹਰੀਸ਼ ਅੰਕਲ ਦੀ ਸੋਸਾਇਟੀ ਦੀ ਮੈਂਬਰ ਬਣਾਂਗੀ। ਫੇਰ ਮੈਂ ਮੁਲਜ਼ਮ ਪੱਖੀ ਕਾਨੂੰਨ ਦੀਆਂ ਧੱਜੀਆਂ ਉਡਾਵਾਂਗੀ।"

ਨੇਹਾ ਨੂੰ ਅਚਾਨਕ ਇਕ ਦਿਨ ਫੁਰਨਾ ਫੁਰਿਆ ਸੀ।

"ਕਿਉਂ ਨਹੀਂ ਬੇਟਾ? ਤੇਰੇ ਗਰੈਜੂਏਸ਼ਨ ਵਿਚੋਂ ਇੰਨੇ ਨੰਬਰ ਹਨ ਕਿ ਮੈਰਿਟ ਲਿਸਟ ਵਿਚ ਤੇਰਾ ਨਾਂ ਪਹਿਲੇ ਪੰਜਾਂ ਵਿਚ ਹੋਣੈ। ਤੇਰਾ ਵਿਚਾਰ ਉੱਤਮ ਹੈ। ਰੱਬ ਤੈਨੂੰ ਸਫਲਤਾ ਬਖਸ਼ੇ।"

ਨੇਹਾ ਦੇ ਫੈਸਲੇ ਤੇ ਸਾਰੇ ਪਰਿਵਾਰ ਨੂੰ ਖ਼ੁਸ਼ੀ ਹੋਈ ਸੀ।

ਉਸਦੇ ਪੜ੍ਹਨੇ ਪੈ ਜਾਣ ਨਾਲ ਕਈ ਸਮੱਸਿਆਵਾਂ ਹੱਲ ਹੋ ਜਾਣੀਆਂ ਸਨ। ਨੇਹਾ ਨੇ ਤਿੰਨ ਸਾਲ ਲਈ ਕੰਮ ਲਗ ਜਾਣਾ ਸੀ। ਯੂਨੀਵਰਸਿਟੀ ਜਾ ਕੇ ਉਸਦਾ ਮਨ ਪਰਚ ਜਾਣਾ ਸੀ।

ਖ਼ੁਸ਼ੀ-ਖ਼ੁਸ਼ੀ ਨਵੇਂ ਦਾਖ਼ਲੇ ਦਾ ਇੰਤਜ਼ਾਰ ਹੋਣ ਲੱਗਾ।

## -114-

ਸਾਧੂ ਸਿੰਘ ਦੀ ਆਖ਼ਰੀ ਦਿਨ ਦੀ ਮੁਸਕਾਨ ਨੰਦ ਲਾਲ ਦੇ ਸੀਨੇ ਵਿਚ ਛੁਰੇ ਵਾਂਗ ਖੁਭੀ ਹੋਈ ਸੀ।

"ਹੁਣ ਤੇ ਖ਼ੁਸ਼ ਹੋ?" ਸਾਧੂ ਸਿੰਘ ਨੇ ਹੁੰਦੇ ਇਨਸਾਫ਼ ਵਿਚ ਰੋੜਾ ਅਟਕਾਉਣ ਵਿਚ ਮਿਲੀ ਕਾਮਯਾਬੀ ਕਾਰਨ ਨੰਦ ਲਾਲ ਨੂੰ ਵਧਾਈ ਦਿੱਤੀ ਸੀ।

"ਕੀ ਇਸੇ ਦਾ ਨਾਂ ਵਕਾਲਤ ਹੈ?" ਨੰਦ ਲਾਲ ਨੂੰ ਲਗਦਾ ਸੀ, ਜਿਵੇਂ ਸਾਧੂ ਸਿੰਘ ਵਾਰ-ਵਾਰ ਉਸ ਤੋਂ ਇਹ ਪ੍ਰਸ਼ਨ ਪੁੱਛ ਰਿਹਾ ਸੀ।

ਬੜਾ ਮਾਣ ਸੀ ਨੰਦ ਲਾਲ ਨੂੰ ਆਪਣੀ ਕਾਬਲੀਅਤ ਉੱਪਰ। ਕਿਸ ਕੰਮ ਆਈ ਇਹ ਲਿਆਕਤ? ਪੈਸਾ ਕਮਾਉਣ ਲਈ? ਪੈਸੇ ਵਾਲੇ ਮੁਜਰਮਾਂ ਨੂੰ ਬਰੀ ਕਰਾਉਣ ਲਈ? ਮੁਲਜ਼ਮਾਂ ਨੂੰ ਸਜ਼ਾ ਦੇ ਭੈਅ ਤੋਂ ਮੁਕਤ ਕਰਾਉਣ ਲਈ? ਜੁਰਮ ਦੇ ਵਧਣ ਫੁੱਲਣ ਵਿਚ ਸਹਾਈ ਹੋਣ ਲਈ?

ਆਪਾ ਪੜਚੋਲ ਕਰਦੇ ਨੰਦ ਲਾਲ ਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਹਾਂ ਵਿਚ ਮਿਲਦਾ

ਸੀ।

ਇਹ ਹਾਂ ਹੁਣ ਉਸਨੂੰ ਪਸ਼ਚਾਤਾਪ ਦੀ ਅੱਗ ਵਿਚ ਸਾੜ ਰਹੀ ਸੀ।

ਨੰਦ ਲਾਲ ਨੂੰ ਮੁਕੱਦਮੇ ਦੇ ਸਾਰੇ ਹਾਲਾਤ ਦਾ ਪਤਾ ਸੀ। ਸਾਰੇ ਦੋਸ਼ੀਆਂ ਉਪਰ ਲਗੇ ਦੋਸ਼ ਸਹੀ ਸਨ। ਨੰਦ ਲਾਲ ਨੇ ਗਲਤ ਢੰਗ ਤਰੀਕੇ ਵਰਤ ਕੇ ਸਾਰੇ ਸਬੂਤ ਮਿਟਵਾ ਦਿੱਤੇ ਸਨ। ਹੁਣ ਕੋਈ ਵੀ ਜੱਜ ਦੋਸ਼ੀਆਂ ਨੂੰ ਸਜ਼ਾ ਨਹੀਂ ਕਰ ਸਕਦਾ।

ਪਹਿਲਾਂ ਕਈ ਵਾਰ ਬਹਿਸ ਟਲ ਚੁੱਕੀ ਸੀ। ਇਸ ਵਾਰ ਬਹਿਸ ਹੋਣੀ ਸੀ। ਬਹਿਸ ਕਰਨ ਦਾ ਵਾਅਦਾ ਨੰਦ ਲਾਲ ਕਰਕੇ ਆਇਆ ਸੀ। ਹੋਰ ਤਾਰੀਖ਼ ਲੈਣੀ ਨਾ ਸਾਇਲਾਂ ਦੇ ਹਿਤ ਵਿਚ ਸੀ ਨਾ ਜੱਜ ਦੇ।

ਪਰ ਹੁਣ ਮੁਲਜ਼ਮਾਂ ਨੂੰ ਬਰੀ ਕਰਾਉਣ ਤੋਂ ਨੰਦ ਲਾਲ ਕਤਰਾ ਰਿਹਾ ਸੀ।

ਨੰਦ ਲਾਲ ਨੂੰ ਪੰਚਮ ਵਰਗੇ ਪੇਸ਼ਾਵਰ ਮੁਲਜ਼ਮਾਂ ਦਾ ਪੱਖ ਪੂਰਨ ਲਈ ਕਿਸ ਨੇ ਵਕੀਲ ਨਿਯੁਕਤ ਕੀਤਾ ਸੀ? ਪੇਸ਼ਾਵਰ ਮੁਲਜ਼ਮਾਂ ਨੂੰ ਚੋਟੀ ਦੇ ਵਕੀਲਾਂ ਦੀਆਂ ਸੇਵਾਵਾਂ ਮੁਹੱਈਆ ਕਰਵਾ ਕੇ ਨੰਦ ਲਾਲ ਨੇ ਆਪਣਾ ਕਿਹੜਾ ਫਰਜ਼ ਨਿਭਾਇਆ ਸੀ? ਕਿਉਂ ਨਿਜੀ ਰਸੂਖ਼ ਵਰਤ ਕੇ ਉਸਨੇ ਤਫ਼ਤੀਸ਼ ਵਿਚ ਰੋੜਾ ਅਟਕਾਇਆ? ਕਿਉਂ ਗਵਾਹ ਮੁਕਰਾਏ? ਕਿਉਂ ਸਾਧੂ ਸਿੰਘ ਨੂੰ ਫੈਸਲਾ ਕਰਨ ਤੋਂ ਰੋਕਿਆ? ਕਿਉਂ ਮੁਲਜ਼ਮਾਂ ਦੀ ਮਰਜ਼ੀ ਦਾ ਜੱਜ ਸਾਧੂ ਸਿੰਘ ਦੀ ਥਾਂ ਲਗਵਾਇਆ?

ਇਹ ਵਕਾਲਤ ਨਹੀਂ, ਕਾਨੂੰਨੀ ਅਪਰਾਧ ਸੀ। ਨੰਦ ਲਾਲ ਭਾਰਤੀ ਦੰਡਾਵਲੀ ਦੀਆਂ ਕਿਹੜੀਆਂ-ਕਿਹੜੀਆਂ ਧਾਰਾਵਾਂ ਤਹਿਤ ਮੁਜਰਮ ਬਣਦਾ ਸੀ? ਤਿੰਨ ਦਿਨਾਂ ਤੋਂ ਘਰ ਬੈਠਾ ਨੰਦ ਲਾਲ ਇਹੋ ਸੋਚ ਰਿਹਾ ਸੀ।

ਨੰਦ ਲਾਲ ਨੂੰ ਹੁਣ ਸਾਧੂ ਸਿੰਘ ਠੀਕ ਲਗ ਰਿਹਾ ਸੀ। ਹਰੀਸ਼ ਠੀਕ ਲਗ ਰਿਹਾ ਸੀ। ਪਰ ਕਮਾਨੋਂ ਨਿਕਲਿਆ ਤੀਰ ਵਾਪਸ ਨਹੀਂ ਸੀ ਆ ਸਕਦਾ।

ਭੁਲਿਆ ਬੰਦਾ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸਨੂੰ ਭੁੱਲਿਆ ਨਹੀਂ ਆਖਦੇ। ਪਰ ਜੇ ਕੋਈ ਸਾਰੀ ਉਮਰ ਹੀ ਭੁੱਲਿਆ ਰਿਹਾ ਹੋਵੇ? ਉਸਨੂੰ ਕੀ ਆਖਿਆ ਜਾਵੇ। ਕੋਈ ਲੱਤਾਂ ਕਬਰਾਂ ਵਿਚ ਜਾਣ ਸਮੇਂ ਘਰ ਮੁੜਿਆ ਤਾਂ ਕੀ ਮੁੜਿਆ?

ਜਦੋਂ ਜਾਗੋ, ਤਦੇ ਸਵੇਰਾ। ਇਹ ਸੋਚ ਕੇ ਨੰਦ ਲਾਲ ਨੇ ਸਿੰਗਲੇ ਨੂੰ ਆਪਣੇ ਘਰ ਬੁਲਾਇਆ।

ਸਿੰਗਲੇ ਨੂੰ ਸਾਰੀ ਸਥਿਤੀ ਸਮਝਾਈ।

ਨੰਦ ਲਾਲ ਦੀ ਤਬੀਅਤ ਖ਼ਰਾਬ ਸੀ। ਉਹ ਬਹਿਸ ਕਰਨ ਦੇ ਯੋਗ ਨਹੀਂ ਸੀ। ਬਹਿਸ ਇਕੱਲੇ ਸਿੰਗਲੇ ਨੂੰ ਕਰਨੀ ਪੈਣੀ ਸੀ।

ਸਿੰਗਲੇ ਨੂੰ ਘਬਰਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਦੇ ਦੋਹਾਂ ਸਾਇਲਾਂ ਨੇ ਬਰੀ ਹੋ ਜਾਣਾ ਸੀ। ਇਸ ਦਾ ਇੰਤਜ਼ਾਮ ਉਨ੍ਹਾਂ ਨੇ ਕਰ ਲਿਆ ਸੀ। ਵਕੀਲਾਂ ਸਿਰ ਵਡਿਆਈ ਦਾ ਸਿਹਰਾ ਮੁਫ਼ਤ ਵਿਚ ਬੱਝਣਾ ਸੀ। ਨੰਦ ਲਾਲ ਅਜਿਹੇ ਸਿਹਰੇ ਬੰਨ੍ਹਵਾ ਬੰਨ੍ਹਵਾ ਥੱਕ ਚੁੱਕਾ ਸੀ। ਹੁਣ ਵਾਰੀ ਉਸਦੇ ਚੇਲੇ ਦੀ ਸੀ।

ਸਰਕਾਰ ਨੇ ਨੰਦ ਲਾਲ ਨੂੰ ਪੰਡਿਤ ਦਾ ਵਕੀਲ ਨਿਯੁਕਤ ਕੀਤਾ ਸੀ। ਉਸਦੀ ਪੰਡਿਤ ਵੱਲੋਂ ਬਹਿਸ ਕਰਨ ਦੀ ਇੱਛਾ ਨਹੀਂ ਸੀ। ਸਰਕਾਰ ਵੱਲੋਂ ਮਿਲੀ ਫ਼ੀਸ ਉਹ ਵਾਪਸ ਕਰ ਚੁੱਕਾ ਸੀ। ਉਹ ਪੰਡਿਤ ਵੱਲੋਂ ਆਪਣਾ ਵਕਾਲਤ-ਨਾਮਾ ਵਾਪਸ ਲੈਂਦਾ ਹੈ। ਸਿੰਗਲੇ ਨੇ



ਇਸ ਦੀ ਸੂਚਨਾ ਜੱਜ ਨੂੰ ਦੇਣੀ ਸੀ।

ਨੰਦ ਲਾਲ ਨੇ ਆਪਣੇ ਚੇਲੇ ਨੂੰ ਇਕ ਹੋਰ ਨਸੀਅਤ ਕੀਤੀ।

"ਲਾਲਚ-ਵੱਸ ਤੂੰ ਗੁਰੂ ਦੀ ਥਾਂ ਪੰਡਿਤ ਦਾ ਵਕੀਲ ਨਾ ਬਣੀਂ। ਉਸਨੂੰ ਆਪਣੇ ਕੀਤੇ ਦੀ ਸਜ਼ਾ ਹੋਣ ਦੇਈਂ।"

ਬਾਬੂ ਨੰਦ ਲਾਲ ਠੀਕ ਤਾਂ ਸੀ? ਉਹ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਸੀ?

ਸਿੰਗਲੇ ਨੂੰ ਕੁਝ ਸਮਝ ਨਹੀਂ ਸੀ ਆਈ।

## -115-

ਨੀਲਮ ਦੀ ਦਿਮਾਗ਼ ਦੀ ਸੱਟ ਨੂੰ ਠੀਕ ਹੋਣ ਵਿਚ ਬਹੁਤ ਸਮਾਂ ਲੱਗਣਾ ਸੀ। ਡਾਕਟਰਾਂ ਦੀ ਸਲਾਹ ਸੀ, ਉਸਨੂੰ ਹਰ ਚਿੰਤਾ ਤੋਂ ਮੁਕਤ ਰੱਖਿਆ ਜਾਵੇ। ਚਿੰਤਾ ਕਾਰਨ ਉਸਦੇ ਦਿਮਾਗ਼ ਉਪਰ ਬੋਝ ਪੈਂਦਾ ਸੀ। ਪਏ ਬੋਝ ਕਾਰਨ ਉਸਨੂੰ ਦੌਰੇ ਪੈਣ ਲਗਦੇ ਸਨ। ਇਕ ਵਾਰ ਸ਼ੁਰੂ ਹੋਏ ਦੌਰੇ ਕਈ-ਕਈ ਦਿਨ ਚੱਲਦੇ ਸਨ।

ਇਸ ਲਈ ਹਰ ਭੈੜੀ ਖ਼ਬਰ ਨੀਲਮ ਤੋਂ ਛੁਪਾ ਕੇ ਰੱਖੀ ਜਾਂਦੀ ਸੀ।

ਪਰ ਕੱਲ੍ਹ ਨੂੰ ਹੋਣ ਵਾਲੇ ਫੈਸਲੇ ਦੀ ਭਿਣਖ ਪਤਾ ਨਹੀਂ ਉਸਨੂੰ ਕਿਥੋਂ ਪੈ ਗਈ? ਉਹ ਸਵੇਰ ਦੀ ਗੁੰਮ-ਸੁੰਮ ਸੀ।

ਉਸਦਾ ਗੁੰਮ-ਸੁੰਮ ਹੋਣਾ ਪਰਿਵਾਰ ਲਈ ਖ਼ਤਰੇ ਦੀ ਘੰਟੀ ਸੀ। ਉਸਨੂੰ ਕਿਸੇ ਵੀ ਸਮੇਂ ਦੌਰਾ ਪੈ ਸਕਦਾ ਸੀ।

ਨੇਹਾ ਨੇ ਨੀਲਮ ਨੂੰ ਕੰਮ ਨੂੰ ਹੱਥ ਨਹੀਂ ਸੀ ਲਾਉਣ ਦਿੱਤਾ। ਸਾਰਾ ਕੰਮ ਉਸਨੇ ਖ਼ੁਦ ਸਮੇਟਿਆ ਸੀ। ਨੀਲਮ ਨੂੰ ਆਰਾਮ ਦੀ ਜ਼ਰੂਰਤ ਸੀ। ਉਸਨੂੰ ਬਿਸਤਰੇ ਵਿਚੋਂ ਉਠਣ ਨਹੀਂ ਸੀ ਦਿੱਤਾ ਜਾ ਰਿਹਾ।

ਬਰਾਂਡੇ ਵਿਚ ਬੈਠ ਕੇ ਅਖ਼ਬਾਰ ਪੜ੍ਹਦਾ ਵੇਦ ਲਗਾਤਾਰ ਨੀਲਮ ਉਪਰ ਨਜ਼ਰ ਰੱਖ ਰਿਹਾ ਸੀ।

ਸੁੱਤੀ ਪਈ ਨੀਲਮ ਪਤਾ ਨਹੀਂ ਕਦੋਂ ਜਾਗੀ ਅਤੇ ਕਦੋਂ ਬਾਥਰੂਮ ਗਈ। ਵੇਦ ਨੂੰ ਉਸ ਸਮੇਂ ਹੀ ਪਤਾ ਲੱਗਾ ਜਦੋਂ ਧੜੱਮ ਕਰਕੇ ਡਿਗਦੀ ਨੀਲਮ ਨੇ ਸਾਰਾ ਘਰ ਹਿਲਾ ਦਿੱਤਾ।

ਅਚਾਨਕ ਆਈ ਇਸ ਮੁਸੀਬਤ ਕਾਰਨ ਵੇਦ ਬੌਂਦਲ ਗਿਆ। ਉਸਦਾ ਸਾਰਾ ਸਰੀਰ ਕੰਬਣ ਲਗਾ।

ਨੀਲਮ ਦੀ ਜਾਨ ਨੂੰ ਹੋਏ ਖ਼ਤਰੇ ਨੇ ਵੇਦ ਨੂੰ ਸਭ ਕੁਝ ਭੁਲਾ ਦਿੱਤਾ। ਉਹ ਭੁਲ ਗਿਆ, ਉਹ ਪਹਿਲਾਂ ਵਾਲਾ ਵੇਦ ਪਹਿਲਵਾਨ ਨਹੀਂ ਸੀ। ਹੁਣ ਉਸ ਦੀਆਂ ਲੱਤਾਂ ਬਾਹਾਂ ਕਮਜ਼ੋਰ ਸਨ। ਉਸ ਦਾ ਅੰਗ ਅੰਗ ਪਲੇਟਾਂ ਸਹਾਰੇ ਖੜ੍ਹਾ ਸੀ। ਉਸ ਨੂੰ ਚਾਰ ਕਦਮ ਚੱਲਣ ਲਈ ਸਹਾਰੇ ਦੀ ਜ਼ਰੂਰਤ ਪੈਂਦੀ ਸੀ। ਉਸਨੂੰ ਭਾਰ ਚੁੱਕਣ ਦੀ ਮਨਾਹੀ ਸੀ। ਚਾਰ ਕਦਮ ਤੇਜ਼ ਤੁਰਨ ਦੀ ਮਨਾਹੀ ਸੀ।

ਸਿਰ 'ਤੇ ਮੰਡਰਾਉਂਦੇ ਖ਼ਤਰੇ ਨੇ ਵੇਦ ਨੂੰ ਸਾਰੀਆਂ ਮਨਾਹੀਆਂ ਭੁਲਾ ਦਿੱਤੀਆਂ। ਉਸ ਦੇ ਸਰੀਰ ਵਿਚ ਕਿਧਰੋਂ ਅਥਾਹ ਸ਼ਕਤੀ ਆ ਗਈ। ਉਸ ਸ਼ਕਤੀ ਸਹਾਰੇ ਉਹ ਬਾਥਰੂਮ

ਵੱਲ ਦੌੜਿਆ।

ਨੀਲਮ ਫਰਸ਼ 'ਤੇ ਡਿੱਗੀ ਪਈ ਸੀ। ਉਸਦੇ ਮੂੰਹ ਵਿਚੋਂ ਖ਼ੂਨ ਨਿਕਲ ਰਿਹਾ ਸੀ। ਦੰਦਾਂ ਵਿਚ ਆ ਜਾਣ ਕਾਰਨ ਉਸਦੀ ਜੀਭ ਕੱਟੀ ਗਈ ਸੀ।

ਵੇਦ ਨੇ ਨੀਲਮ ਨੂੰ ਬਾਹਾਂ ਵਿਚ ਭਰਿਆ ਅਤੇ ਬੈੱਡ ਉਪਰ ਲਿਆ ਸੁੱਟਿਆ।

ਝੱਟ ਉਸਦੀ ਗੈਬੀ-ਸ਼ਕਤੀ ਅਲੋਪ ਹੋ ਗਈ। ਉਸ ਦੀਆਂ ਲੱਤਾਂ ਬਾਹਾਂ ਦਰਦ ਕਾਰਨ ਮੱਚਣ ਲੱਗੀਆਂ। ਉਸਦੀ ਸੱਜੀ ਲੱਤ ਉਪਰ ਆਰਾ ਚੱਲਣ ਲੱਗਾ।

ਨੇਹਾ ਘਰ ਨਾ ਹੁੰਦੀ ਤਾਂ ਸ਼ਾਇਦ ਕੋਈ ਭਾਣਾ ਵਰਤ ਜਾਂਦਾ।

ਝੱਟ ਨੇਹਾ ਨਾ ਹੁੰਦੀ ਤਾਂ ਸ਼ਾਇਦ ਕੋਈ ਭਾਣਾ ਵਰਤ ਜਾਂਦਾ।

ਝੱਟ ਨੇਹਾ ਨੇ ਰਾਮ ਨਾਥ ਨੂੰ ਬੁਲਾਇਆ।

ਰਾਮ ਨਾਥ ਨੇ ਡਾਕਟਰ ਇਕੱਠੇ ਕਰ ਲਏ।

ਨੀਲਮ ਨੂੰ ਬਹੁਤਾ ਖ਼ਤਰਾ ਨਹੀਂ ਸੀ। ਉਸਨੂੰ ਸਾਧਾਰਨ ਦੌਰਾ ਪਿਆ ਸੀ। ਇਕ ਦੋ ਦਿਨਾਂ ਵਿਚ ਉਸਨੇ ਤੁਰਨ ਫਿਰਨ ਲਗ ਜਾਣਾ ਸੀ।

ਵੇਦ ਦੀ ਹਾਲਤ ਚਿੰਤਾਜਨਕ ਸੀ। ਭਾਰ ਚੁਕਣ ਕਾਰਨ ਉਸ ਦੀਆਂ ਕਮਜ਼ੋਰ ਹੱਡੀਆਂ ਜਰਕ ਗਈਆਂ ਸਨ।

ਲੱਤਾਂ ਦੀ ਹਾਲਤ ਜ਼ਿਆਦਾ ਗੰਭੀਰ ਸੀ। ਲਗਦਾ ਸੀ ਭਾਰ ਪੈਣ ਕਾਰਨ ਪਲੇਟਾਂ ਵਿੰਗੀਆਂ ਹੋ ਗਈਆਂ ਸਨ।

ਜੇ ਇੰਝ ਹੋ ਗਿਆ ਹੋਇਆ ਤਾਂ ਫੌਰੀ ਅਪਰੇਸ਼ਨ ਕਰਨਾ ਪੈਣਾ ਸੀ। ਇਸ ਸ਼ਹਿਰ ਵਿਚ ਇਹ ਸੁਵਿਧਾ ਨਹੀਂ ਸੀ।

ਮਰੀਜ਼ ਨੂੰ ਫੌਰੀ ਤੌਰ 'ਤੇ ਦਯਾਨੰਦ ਹਸਪਤਾਲ ਲਿਜਾਣਾ ਚਾਹੀਦਾ ਸੀ।

ਸੋਗ ਵਿਚ ਡੁੱਬਾ ਪਰਿਵਾਰ ਮਾਇਆ ਨਗਰ ਜਾਣ ਦੀ ਤਿਆਰੀ ਕਰਨ ਲੱਗਾ।

## -116-

ਪੂਰੇ ਦੋ ਦਿਨ ਧੂੰਆਂ-ਧਾਰ ਬਹਿਸ ਹੁੰਦੀ ਰਹੀ।

ਸੁਪਰੀਮ ਕੋਰਟ ਦੇ ਬੀਸੀਆਂ ਫੈਸਲਿਆਂ ਦਾ ਹਵਾਲਾ ਦੇ ਕੇ ਸਫ਼ਾਈ ਧਿਰ ਨੇ ਸਿੱਧ ਕੀਤਾ ਕਿ ਦੋਸ਼ੀਆਂ ਦਾ ਮੌਕੇ ਉਪਰ ਹਾਜ਼ਰ ਹੋਣਾ ਅਤੇ ਵਾਰਦਾਤ ਵਿਚ ਸ਼ਾਮਲ ਹੋਣਾ ਸਾਬਤ ਨਹੀਂ ਹੁੰਦਾ।

ਉਨ੍ਹਾਂ ਦਾ ਤਰਕ ਸੀ ਕਿ ਵਾਰਦਾਤ ਕਾਲੇ ਕੱਛਿਆਂ ਵਾਲੇ ਕਿਸੇ ਗਰੋਹ ਨੇ ਕੀਤੀ ਸੀ। ਅਜਿਹੀ ਵਾਰਦਾਤ ਮਾਇਆ ਨਗਰ ਵਿਚ ਪਹਿਲੀ ਵਾਰ ਹੋਈ ਸੀ। ਡਰੇ ਲੋਕਾਂ ਦੀਆਂ ਭਾਵਨਾਵਾਂ ਨੂੰ ਪਰਗਟਾਉਣ ਲਈ ਅਖ਼ਬਾਰਾਂ ਨੇ ਮੁਕੱਦਮੇ ਨੂੰ ਤੂਲ ਦੇ ਦਿੱਤਾ। ਆਪਣਾ ਖਹਿੜਾ ਛੁਡਾਉਣ ਲਈ ਪੁਲਿਸ ਨੇ ਸਾਧਾਰਨ ਕਿਸਮ ਦੇ ਮੁਜਰਮਾਂ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਰਾਮ ਨਾਥ ਕਾਨੂੰਨ ਦਾ ਜਾਣਕਾਰ ਸੀ। ਜਾਤੀ ਰੰਜ਼ਸ਼ ਕੱਢਣ ਲਈ ਉਸਨੇ ਬੜੀ ਹੁਸ਼ਿਆਰੀ ਨਾਲ ਪੰਕਜ ਅਤੇ ਨੀਰਜ ਨੂੰ ਮੁਕੱਦਮੇ ਵਿਚ ਘੜੀਸ ਲਿਆ।

ਪਰਚਾ ਤਿੰਨਾਂ ਵਿਚੋਂ ਇਕ ਚਸ਼ਮਦੀਦ ਗਵਾਹ ਵੱਲੋਂ ਦਰਜ ਕਰਵਾਇਆ ਗਿਆ ਸੀ। ਜੇ ਡਾਕਟਰੀ ਰਿਪੋਰਟ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਨੇਹਾ ਦੇ ਕੋਈ ਗੰਭੀਰ



ਸੱਟ ਨਹੀਂ ਸੀ ਵੱਜੀ। ਬਿਆਨ ਦਰਜ ਕਰਾਉਣ ਸਮੇਂ ਉਹ ਪੂਰੇ ਹੋਸ਼ੋ-ਹਵਾਸ ਵਿਚ ਸੀ। ਜੇ ਉਸਨੂੰ ਮੁਲਜ਼ਮਾਂ ਦੇ ਨਾਵਾਂ ਦਾ ਪਤਾ ਹੁੰਦਾ ਤਾਂ ਉਹ ਉਸਨੇ ਆਪਣੇ ਪਰਚੇ ਵਿਚ ਲਿਖਾਏ ਹੁੰਦੇ। ਤਤੀਮਾਂ ਬਿਆਨ ਦੋਸ਼ੀਆਂ ਨੂੰ ਫੜਨ ਬਾਅਦ ਲਿਖਿਆ ਗਿਆ ਸੀ। ਇਹ ਤਤੀਮਾਂ ਬਿਆਨ ਕਿਹੜਾ ਸੱਚ ਸੀ? ਪੁਲਿਸ ਨੇ ਬਿਆਨ ਵਿਚ ਲਿਖਿਆ ਸੀ ਕਿ ਦੀਨੇ ਨੇ ਨੇਹਾ ਨਾਲ ਬਲਾਤਕਾਰ ਕੀਤਾ। ਨੇਹਾ ਅਤੇ ਡਾਕਟਰ ਇਸ ਦੋਸ਼ ਨੂੰ ਝੁਠਲਾਉਂਦੇ ਸਨ। ਇਸੇ ਲਈ ਸੁਪਰੀਮ ਕੋਰਟ ਵਾਰ-ਵਾਰ ਜ਼ੋਰ ਦਿੰਦਾ ਸੀ ਕਿ ਪਰਚੇ ਵਿਚ ਦਰਜ ਤੱਥਾਂ ਨੂੰ ਹੀ ਸਹੀ ਮੰਨਿਆ ਜਾਵੇ। ਤਤੀਮੇ ਬਿਆਨਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਵੇ। ਇਨ੍ਹਾਂ ਤਤੀਮੇ ਬਿਆਨਾਂ ਦੇ ਆਧਾਰ 'ਤੇ ਦੋਸ਼ੀ ਕਸੂਰਵਾਰ ਨਹੀਂ ਠਹਿਰਾਏ ਜਾ ਸਕਦੇ।

ਦੋਸ਼ੀਆਂ ਉਪਰ ਕਤਲ ਅਤੇ ਬਲਾਤਕਾਰ ਵਰਗੇ ਸੰਗੀਨ ਜੁਰਮ ਲੱਗੇ ਸਨ। ਦੋਸ਼ ਸਾਬਤ ਹੋਣ ਉਪਰ ਉਨ੍ਹਾਂ ਨੂੰ ਫਾਂਸੀ ਤਕ ਦੀ ਸਜ਼ਾ ਹੋ ਸਕਦੀ ਸੀ। ਅਦਾਲਤ ਦਾ ਫਰਜ਼ ਸੀ ਗਵਾਹੀਆਂ ਨੂੰ ਗਹੁ ਨਾਲ ਵਾਚੇ। ਜਿਥੇ ਕਿਤੇ ਕਹਾਣੀ ਦੇ ਸੱਚ ਹੋਣ 'ਤੇ ਸ਼ੱਕ ਪੈਦਾ ਹੋਵੇ ਉਸਦਾ ਫ਼ਾਇਦਾ ਦੋਸ਼ੀਆਂ ਨੂੰ ਦੇਵੇ।

ਇਹ ਵਾਰਦਾਤ ਇਨ੍ਹਾਂ ਹੀ ਦੋਸ਼ੀਆਂ ਨੇ ਕੀਤੀ ਸੀ। ਇਹ ਸਾਬਤ ਕਰਨ ਵਿਚ ਪੁਲਿਸ ਅਸਫ਼ਲ ਰਹੀ ਸੀ। ਪੁਲਿਸ ਨੇ ਜਾਣ-ਬੁਝ ਕੇ ਸ਼ਨਾਖ਼ਤ ਪਰੇਡ ਨਹੀਂ ਸੀ ਕਰਵਾਈ। ਵਾਰਦਾਤ ਅਚਾਨਕ ਹੋਈ ਸੀ। ਸੁੱਤੇ ਪਏ ਘਰ ਦੇ ਮੈਂਬਰਾਂ ਨੂੰ ਉਠਾ ਕੇ ਕੁਟਾਪਾ ਚਾੜ੍ਹ ਦਿੱਤਾ ਗਿਆ ਸੀ। ਕਿਸੇ ਗਵਾਹ ਵੱਲੋਂ ਕਿਸੇ ਮੁਲਜ਼ਮ ਨੂੰ ਉਸ ਸਮੇਂ ਪਹਿਚਾਣ ਲੈਣ ਦੀ ਕੋਈ ਸੰਭਾਵਨਾ ਨਹੀਂ ਸੀ। ਸ਼ਨਾਖ਼ਤ ਪਰੇਡ ਕਰਵਾ ਕੇ ਵੀ ਗਵਾਹਾਂ ਕੋਲੋਂ ਦੋਸ਼ੀ ਪਹਿਚਾਣੇ ਨਹੀਂ ਸਨ ਜਾਣੇ। ਇਸੇ ਲਈ ਗਵਾਹਾਂ ਦੇ ਬਿਮਾਰ ਹੋਣ ਦਾ ਬਹਾਨਾ ਲਾ ਕੇ ਸ਼ਨਾਖ਼ਤ ਪਰੇਡ ਟਾਲ ਦਿੱਤੀ ਗਈ ਸੀ। ਗਵਾਹ ਕਦੋਂ ਦੇ ਠੀਕ ਹੋ ਕੇ ਕੰਮੀ-ਕਾਰੀ ਲੱਗ ਚੁੱਕੇ ਸਨ। ਚਾਰ ਦੋਸ਼ੀ ਹਾਲੇ ਵੀ ਜੇਲ੍ਹ ਵਿਚ ਸਨ। ਉਨ੍ਹਾਂ ਦੇ ਠੀਕ ਹੋਣ ਬਾਅਦ ਸ਼ਨਾਖ਼ਤ ਪਰੇਡ ਕਰਾਈ ਜਾ ਸਕਦੀ ਸੀ। ਪਰ ਪੁਲਿਸ ਦੀ ਨੀਅਤ ਸਾਫ਼ ਨਹੀਂ ਸੀ। ਦੋਸ਼ੀਆਂ ਦੀਆਂ ਫ਼ੋਟੋਆਂ ਉਤਰਵਾਈਆਂ ਗਈਆਂ। ਉਨ੍ਹਾਂ ਦੀਆਂ ਕਾਪੀਆਂ ਗਵਾਹਾਂ ਨੂੰ ਦਿੱਤੀਆਂ ਗਈਆਂ। ਵਾਰ-ਵਾਰ ਮੁਲਜ਼ਮਾਂ ਨੂੰ ਗਵਾਹਾਂ ਸਾਹਮਣੇ ਪੇਸ਼ ਕੀਤਾ ਗਿਆ। ਜਦੋਂ ਮੁਲਜ਼ਮਾਂ ਦੀ ਸ਼ਨਾਖ਼ਤ ਪੱਕੀ ਹੋ ਗਈ ਫੇਰ ਉਨ੍ਹਾਂ ਨੂੰ ਅਦਾਲਤ ਵਿਚ ਖੜ੍ਹਾ ਕਰਕੇ ਸ਼ਨਾਖ਼ਤ ਕਰਵਾਇਆ ਗਿਆ। ਸੁਪਰੀਮ ਕੋਰਟ ਪੁਲਿਸ ਦੀ ਇਸ ਚਲਾਕੀ ਤੋਂ ਭਲੀ-ਭਾਂਤ ਵਾਕਿਫ਼ ਹੈ। ਇਸ ਲਈ ਉਹ ਅਦਾਲਤ ਵਿਚ ਪਹਿਲੀ ਵਾਰੀ ਹੋਈ ਸ਼ਨਾਖ਼ਤ ਨੂੰ ਕੋਈ ਅਹਿਮੀਅਤ ਨਹੀਂ ਦਿੰਦੀ। ਗਵਾਹਾਂ ਦੇ ਬਿਆਨ ਸੱਚੇ ਨਹੀਂ ਸਨ। ਗਵਾਹੀਆਂ ਸ਼ੱਕੀ ਸਨ। ਸ਼ੱਕ ਦਾ ਫ਼ਾਇਦਾ ਮੁਲਜ਼ਮਾਂ ਨੂੰ ਮਿਲਣਾ ਚਾਹੀਦਾ ਸੀ।

ਪੰਚਮ ਦੇ ਵਕੀਲ ਨੇ ਇਕ ਵੱਖਰਾ ਤਰਕ ਦਿੱਤਾ। ਡਾਕਟਰੀ ਰਿਪੋਰਟ ਅਨੁਸਾਰ ਉਸਦੀ ਉਮਰ ਵੀਹ ਸਾਲ ਤੋਂ ਘੱਟ ਸੀ। ਜੇ ਗਵਾਹਾਂ ਨੂੰ ਸਹੀ ਮੰਨ ਲਿਆ ਜਾਵੇ, ਫੇਰ ਵੀ ਉਸਨੂੰ ਵੱਧੋ-ਵੱਧ ਤਿੰਨ ਸਾਲ ਲਈ ਕਿਸ਼ੋਰ ਅਪਰਾਧੀਆਂ ਲਈ ਬਣੇ ਸੁਧਾਰ ਘਰ ਵਿਚ ਹੀ ਭੇਜਿਆ ਜਾ ਸਕਦਾ ਸੀ। ਕੋਈ ਹੋਰ ਸਜ਼ਾ ਉਸ ਨੂੰ ਨਹੀਂ ਸੀ ਦਿੱਤੀ ਜਾ ਸਕਦੀ।

ਜਦੋਂ ਮੁੱਖ ਦੋਸ਼ੀ ਹੀ ਦੋਸ਼ੀ ਸਾਬਤ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਪ੍ਰੇਰ ਕੇ ਜੁਰਮ ਕਰਾਉਣ ਦਾ ਦੋਸ਼ ਪੰਕਜ ਹੋਰਾਂ ਸਿਰ ਕਿਸ ਤਰ੍ਹਾਂ ਮੜ੍ਹਿਆ ਜਾ ਸਕਦਾ ਹੈ? ਸਿੰਗਲੇ ਨੇ ਪੰਕਜ ਹੋਰਾਂ ਦੇ ਹੱਕ ਵਿਚ ਇਹੋ ਤਰਕ ਦਿੱਤਾ ਸੀ।

ਬਹਿਸ ਦਾ ਜਵਾਬ ਦਿੰਦਿਆਂ ਮੁਦਈ ਧਿਰ ਨੇ ਦੋਸ਼ ਸਾਬਤ ਕਰਨ ਲਈ ਆਪਣੀਆਂ ਦਲੀਲਾਂ ਦਿੱਤੀਆਂ।

ਦੋਸ਼ੀ ਪੇਸ਼ਾਵਰ ਅਪਰਾਧੀ ਸਨ। ਚੋਰੀਆਂ ਅਤੇ ਖੋਹਾਂ ਦੇ ਮੁਕੱਦਮਿਆਂ ਵਿਚ ਉਹ ਕਈ ਵਾਰ ਜੇਲ੍ਹ ਜਾ ਚੁੱਕੇ ਸਨ। ਇਹੋ ਦੋਸ਼ੀ ਕਾਲੇ ਕੱਛਿਆਂ ਵਾਲੇ ਬਣਕੇ ਜੁਰਮ ਕਰਦੇ ਸਨ। ਇਸੇ ਲਈ ਇਨ੍ਹਾਂ ਦੇ ਫੜੇ ਜਾਣ ਬਾਅਦ ਮੁੜ ਅਜਿਹੀ ਵਾਰਦਾਤ ਨਹੀਂ ਸੀ ਹੋਈ। ਖ਼ੂਨ ਨਾਲ ਲਿਬੜੇ ਕੱਪੜੇ, ਹਥਿਆਰਾਂ ਅਤੇ ਚੋਰੀ ਦੇ ਮਾਲ ਦਾ ਬਰਾਮਦ ਹੋਣਾ ਦੋਸ਼ੀਆਂ ਨੂੰ ਵਾਰਦਾਤ ਨਾਲ ਜੋੜਦਾ ਸੀ।

ਠੇਕੇਦਾਰ ਇਸ ਤੋਂ ਪਹਿਲਾਂ ਕਦੇ ਫੈਕਟਰੀ ਆਇਆ ਹੋਵੇ, ਇਸਦਾ ਕੋਈ ਸਬੂਤ ਨਹੀਂ ਮਿਲਦਾ। ਕਿਸੇ ਮਜ਼ਦੂਰ ਨੂੰ ਉਸ ਨੇ ਪੰਕਜ ਕੋਲ ਕੰਮ 'ਤੇ ਲਗਵਾਇਆ ਹੋਵੇ ਸਫ਼ਾਈ ਧਿਰ ਨੇ ਅਜਿਹਾ ਕੋਈ ਸਬੂਤ ਪੇਸ਼ ਨਹੀਂ ਕੀਤਾ। ਪੰਕਜ ਅਤੇ ਠੇਕੇਦਾਰ ਵਿਚਕਾਰ ਫ਼ੋਨ ਤੇ ਕਿਸ ਮਸਲੇ ਬਾਰੇ ਗੱਲਬਾਤ ਹੋਈ, ਸਫ਼ਾਈ ਧਿਰ ਨੇ ਇਸਦਾ ਸਪਸ਼ਟੀਕਰਨ ਨਹੀਂ ਦਿੱਤਾ। ਮੁਨੀਮ ਇਨ੍ਹਾਂ ਦਾ ਕਰਿੰਦਾ ਸੀ। ਉਸਨੇ ਉਹੋ ਬੋਲਣਾ ਸੀ ਜੋ ਇਨ੍ਹਾਂ ਨੇ ਆਖਣਾ ਸੀ। ਪੰਕਜ ਹੋਰਾਂ ਦੀ ਆਪਣੀ ਫੈਕਟਰੀ ਦਾ ਰਿਕਾਰਡ ਉਨ੍ਹਾਂ ਦੀ ਠੇਕੇਦਾਰ ਨਾਲ ਮਿਲੀ-ਭੁਗਤ ਸਾਬਤ ਕਰਨ ਲਈ ਕਾਫ਼ੀ ਸੀ। ਪੰਕਜ ਹੋਰਾਂ ਦੀ ਸਾਜ਼ਿਸ਼ ਸਾਬਤ ਕਰਨ ਲਈ ਇਹ ਸਬੂਤ ਥੋੜ੍ਹੇ ਨਹੀਂ ਸਨ।

ਪੰਚਮ ਦੀ ਉਮਰ ਸਾਬਤ ਕਰਨ ਲਈ ਡਾਕਟਰ ਬਤੌਰ ਗਵਾਹ ਨਹੀਂ ਸੀ ਭੁਗਤਿਆ। ਨਾ ਮੁਦਈ ਧਿਰ ਨੂੰ ਉਸਦੀ ਅਸਲ ਉਮਰ ਸਾਬਤ ਕਰਨ ਦਾ ਮੌਕਾ ਦਿੱਤਾ ਗਿਆ ਸੀ। ਅਧੂਰੀ ਰਿਪੋਰਟ ਉਪਰ ਵਿਸ਼ਵਾਸ ਨਹੀਂ ਸੀ ਕੀਤਾ ਜਾ ਸਕਦਾ। ਉਹ ਕਿਸੇ ਰਹਿਮ ਦਾ ਹੱਕਦਾਰ ਨਹੀਂ ਸੀ।

ਜੱਜ ਨੇ ਆਪਣਾ ਮਨ ਬਨਾਉਣ ਅਤੇ ਫੈਸਲਾ ਲਿਖਾਉਣ ਲਈ ਇਕ ਦਿਨ ਦਾ ਸਮਾਂ ਲਿਆ ਸੀ।

## -117-

ਅੱਜ ਫੈਸਲਾ ਸੁਣਾਇਆ ਜਾਣਾ ਸੀ।

ਕੇਸ ਦੇ ਦੋ ਸਾਲ ਪੁਰਾਣਾ ਹੋ ਜਾਣ ਕਾਰਨ ਆਮ ਜਨਤਾ ਨੂੰ ਇਸ ਦੇ ਫੈਸਲੇ ਵਿਚ ਕੋਈ ਦਿਲਚਸਪੀ ਨਹੀਂ ਸੀ। ਇਸ ਘਟਨਾ ਤੋਂ ਬਾਅਦ ਹਜ਼ਾਰਾਂ ਗੰਭੀਰ ਮਸਲੇ ਉਭਰ ਆਏ ਸਨ। ਅੱਜ-ਕੱਲ੍ਹ ਅਖ਼ਬਾਰਾਂ ਵਿਚ ਉਨ੍ਹਾਂ ਦੀ ਚਰਚਾ ਹੁੰਦੀ ਸੀ।

ਫੇਰ ਵੀ ਇਹ ਮੁਕੱਦਮਾ ਕਈ ਮਹੀਨੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਰਿਹਾ ਸੀ। ਇਸ ਲਈ ਕੁਝ ਅਖ਼ਬਾਰਾਂ ਦੇ ਪੱਤਰਕਾਰ ਇਸ ਮੁਕੱਦਮੇ ਦਾ ਫ਼ੈਸਲਾ ਆਪਣੇ ਅਖ਼ਬਾਰਾਂ ਵਿਚ ਛਾਪਣਾ ਚਾਹੁੰਦੇ ਸਨ। ਉਹ ਫ਼ੈਸਲਾ ਸੁਣਨ ਖ਼ੁਦ ਨਹੀਂ ਸਨ ਆਏ। ਉਹ ਵਕੀਲਾਂ ਨਾਲ ਰਾਬਤਾ ਰੱਖ ਰਹੇ ਸਨ।

ਪੰਕਜ ਅਤੇ ਨੀਰਜ ਨੇ ਆਪਣੇ ਇਕ ਵੀ ਸਮਰਥਕ ਨੂੰ ਕਚਹਿਰੀ ਨਹੀਂ ਸੀ ਲਿਆਂਦਾ। ਸਿੰਗਲੇ ਦੇ ਕੈਬਨ ਵਿਚ ਬੈਠੇ ਉਹ ਆਰਾਮ ਨਾਲ ਫ਼ੈਸਲੇ ਦੀ ਉਡੀਕ ਕਰ ਰਹੇ ਸਨ।



ਠੇਕੇਦਾਰ ਦਾ ਸਾਰਾ ਪਰਿਵਾਰ ਕਚਹਿਰੀ ਆਇਆ ਹੋਇਆ ਸੀ। ਉਨ੍ਹਾਂ ਨੂੰ ਬੇਸਬਰੀ ਨਾਲ ਫ਼ੈਸਲੇ ਦੀ ਉਡੀਕ ਸੀ।

ਬਾਕੀ ਦੋਸ਼ੀ ਇਕੱਲੇ ਕਹਿਰੇ ਸਨ। ਕਿਸੇ ਦਾ ਕੋਈ ਸਮਰਥਕ ਨਹੀਂ ਸੀ।

ਮੁਦੱਈ ਧਿਰ ਵੱਲੋਂ ਨੇਹਾ ਅਤੇ ਰਾਮ ਨਾਥ ਆਏ ਸਨ।

ਅਦਾਲਤ ਦੇ ਬਾਹਰ ਕੋਈ ਗਹਿਮਾ-ਗਹਿਮੀ ਨਹੀਂ ਸੀ।

ਸਾਰਾ ਦਿਨ ਹੋਰ ਕੋਈ ਕਾਰਵਾਈ ਨਹੀਂ ਸੀ ਹੋਈ। ਜੱਜ ਅਤੇ ਸਟੈਨੋ ਫ਼ੈਸਲਾ ਲਿਖਾਉਣ ਅਤੇ ਟਾਇਪ ਕਰਨ ਵਿਚ ਮਸਰੂਫ਼ ਰਹੇ ਸਨ।

ਤਿੰਨ ਕੁ ਵਜੇ ਕਾਰਵਾਈ ਮੁਕੰਮਲ ਹੋ ਗਈ।

ਫ਼ੈਸਲਾ ਸੁਣਾਉਣ ਲਈ ਜੱਜ ਨੇ ਦੋਹਾਂ ਧਿਰਾਂ ਨੂੰ ਬੁਲਾ ਲਿਆ।

ਪੂਰੀ ਮਿਸਲ ਪੜ੍ਹਨ ਅਤੇ ਦੋਹਾਂ ਧਿਰਾਂ ਦੀ ਬਹਿਸ ਸੁਣਨ ਬਾਅਦ ਜੱਜ ਜਿਸ ਨਤੀਜੇ 'ਤੇ ਪੁੱਜਾ ਉਹ ਇਸ ਪ੍ਰਕਾਰ ਸੀ :

ਘਟਨਾ ਦੇ ਫ਼ੌਰੀ ਬਾਅਦ ਦਰਜ ਹੋਏ ਪਰਚੇ ਵਿਚ ਮੁਲਜ਼ਮਾਂ ਦੇ ਨਾਂ ਅਤੇ ਉਨ੍ਹਾਂ ਵੱਲੋਂ ਕੀਤੇ ਜੁਰਮਾਂ ਦਾ ਵੇਰਵਾ ਨਹੀਂ ਸੀ। ਇਸ ਲਈ ਮਾਮਲਾ ਸ਼ੱਕੀ ਲਗਦਾ ਸੀ। ਗਵਾਹਾਂ ਦੇ ਬਿਆਨ ਪੁਲਿਸ ਨੇ ਆਪਣੀ ਮਰਜ਼ੀ ਨਾਲ ਲਿਖੇ ਸਨ। ਇਹ ਤੱਥ ਨੇਹਾ ਦੇ ਆਪਣੇ ਬਿਆਨ ਤੋਂ ਸਾਬਤ ਹੁੰਦਾ ਸੀ। ਤਫ਼ਤੀਸ਼ੀ ਅਫ਼ਸਰ ਵੱਲੋਂ ਲਿਖੇ ਬਿਆਨ ਵਿਚ ਬਲਾਤਕਾਰ ਦਾ ਜ਼ਿਕਰ ਸੀ। ਨੇਹਾ ਕਹਿੰਦੀ ਸੀ ਇਹ ਗੱਲ ਉਸਨੇ ਨਹੀਂ ਲਿਖਾਈ। ਅਦਾਲਤ ਗਵਾਹ ਨੂੰ ਠੀਕ ਮੰਨੇ ਜਾਂ ਪੁਲਿਸ ਨੂੰ? ਮਾਮਲਾ ਸ਼ੱਕੀ ਬਣਦਾ ਸੀ। ਸ਼ੱਕ ਦਾ ਫ਼ਾਇਦਾ ਦੋਸ਼ੀਆਂ ਨੂੰ ਮਿਲਦਾ ਸੀ।

ਦੋਸ਼ੀ ਪਹਿਲਾਂ ਕਈ ਵਾਰ ਜੇਲ੍ਹ ਜਾ ਚੁੱਕੇ ਸਨ। ਉਨ੍ਹਾਂ ਦਾ ਕਾਨੂੰਨੀ ਦਾਅ-ਪੇਚਾਂ ਤੋਂ ਵਾਕਿਫ਼ ਹੋਣਾ ਕੁਦਰਤੀ ਸੀ। ਬੇਵਕੂਫ਼ ਤੋਂ ਬੇਵਕੂਫ਼ ਦੋਸ਼ੀ ਵੀ ਵਾਰਦਾਤ ਸਮੇਂ ਇਕ ਦੂਜੇ ਦਾ ਨਾਂ ਨਹੀਂ ਲਏਗਾ। ਨਾਂ ਲੈ ਵੀ ਲਏ ਤਾਂ ਵੀ ਸੱਟਾਂ ਖਾਂਦੇ ਮਜਰੂਬ ਨੂੰ ਨਾਂ ਯਾਦ ਨਹੀਂ ਰਹੇਗਾ। ਗਵਾਹਾਂ ਦੀ ਗਵਾਹੀ ਦਾ ਇਹ ਹਿੱਸਾ ਵੀ ਮੰਨਣ-ਯੋਗ ਨਹੀਂ।

ਸ਼ਨਾਖ਼ਤ ਪਰੇਡ ਨਾ ਕਰਵਾ ਕੇ ਪੁਲਿਸ ਨੇ ਗਵਾਹੀ 'ਤੇ ਯਕੀਨ ਕਰਨ ਦੀ ਮਾੜੀ ਮੋਟੀ ਗੁੰਜਾਇਸ਼ ਨੂੰ ਵੀ ਰੱਦ ਕਰਵਾ ਦਿੱਤਾ। ਵਾਰਦਾਤ ਦੇ ਸਾਲ ਬਾਅਦ ਹੋਈ ਸ਼ਨਾਖ਼ਤ ਦੀ ਕੋਈ ਅਹਿਮੀਅਤ ਨਹੀਂ ਸੀ। ਇਸ ਲਈ ਜੇ ਕਾਨੂੰਨ ਵੱਲੋਂ ਸਥਾਪਤ ਮਾਪ-ਦੰਡਾਂ ਅਨੁਸਾਰ ਗਵਾਹੀ ਨੂੰ ਘੋਖਿਆ ਜਾਵੇ ਤਾਂ ਦੋਸ਼ੀਆਂ ਦਾ ਵਾਰਦਾਤ ਸਮੇਂ ਮੌਕੇ 'ਤੇ ਹਾਜ਼ਰ ਹੋਣਾ ਸਾਬਤ ਨਹੀਂ ਹੁੰਦਾ।

ਪਰ ਜੱਜ ਨੇ ਇਨ੍ਹਾਂ ਤਰਕਾਂ ਨੂੰ ਦਰ-ਕਿਨਾਰ ਕਰ ਦਿੱਤਾ।

ਗਵਾਹਾਂ ਨੂੰ ਵੱਜੀਆਂ ਸੱਟਾਂ ਅਤੇ ਪਹੁੰਚੇ ਸਦਮੇ ਕਾਰਨ ਜੱਜ ਨੇ ਪੁਲਿਸ ਦੀ ਮਜਬੂਰੀ ਨੂੰ ਸਹੀ ਮੰਨ ਲਿਆ।

ਗਵਾਹਾਂ ਦੇ ਬਿਆਨਾਂ ਨੂੰ ਸਹੀ ਮੰਨ ਕੇ ਦੋਸ਼ੀਆਂ ਉਪਰ ਜੋ ਦੋਸ਼ ਸਾਬਤ ਹੁੰਦੇ ਸਨ ਉਹ ਇਸ ਤਰ੍ਹਾਂ ਸਨ :

ਦੋਹਾਂ ਧਿਰਾਂ ਨੇ ਮੰਨਿਆ ਸੀ ਕਿ ਪੰਜ ਮੁੱਖ-ਦੋਸ਼ੀਆਂ ਵਿਚੋਂ ਚਾਰ ਚੋਰੀ ਅਤੇ ਖੋਹ ਕਰਨ ਦੇ ਆਦੀ ਸਨ।ਮਿਸਲ 'ਤੇ ਲੱਗੇ ਫੈਸਲੇ ਸਾਬਤ ਕਰਦੇ ਸਨ ਕਿ ਉਨ੍ਹਾਂ ਨੂੰ ਇਨ੍ਹਾਂ ਜੁਰਮਾਂ ਵਿਚ ਕਈ ਵਾਰ ਤਿੰਨ ਤਿੰਨ, ਚਾਰ-ਚਾਰ ਮਹੀਨੇ ਦੀ ਕੈਦ ਹੋ ਚੁੱਕੀ ਸੀ। ਚੋਰੀ

ਉਨ੍ਹਾਂ ਨੇ ਕਦੇ ਸਕੂਟਰ ਦੀ ਕੀਤੀ ਸੀ, ਕਦੇ ਟੀ.ਵੀ. ਦੀ। ਖੋਹ ਬਟੂਏ ਦੀ ਜਾਂ ਚੈਨੀ ਦੀ। ਪਹਿਲਾਂ ਕੀਤੇ ਜੁਰਮਾਂ ਵਿਚ ਮੁਲਜ਼ਮਾਂ ਨੇ ਨਾ ਕਦੇ ਕਿਸੇ ਮਾਰੂ ਹਥਿਆਰ ਦੀ ਵਰਤੋਂ ਕੀਤੀ ਸੀ ਨਾ ਕਦੇ ਕਿਸੇ ਨੂੰ ਸੱਟ ਮਾਰੀ ਸੀ।

ਇਸ ਵਾਰਦਾਤ ਸਮੇਂ ਵੀ ਪੰਚਮ ਨੂੰ ਛੱਡ ਕੇ ਕਿਸੇ ਹੋਰ ਮੁਲਜ਼ਮ ਕੋਲ ਮਾਰੂ ਹਥਿਆਰ ਨਹੀਂ ਸੀ। ਨੀਲਮ ਅਤੇ ਵੇਦ ਨੂੰ ਰਾਡ ਨਾਲ ਸੱਟਾਂ ਮਾਰੀਆਂ ਗਈਆਂ ਸਨ। ਕਾਨੂੰਨ ਦੀ ਪਰਿਭਾਸ਼ਾ ਅਨੁਸਾਰ ਰਾਡ ਮਾਰੂ ਹਥਿਆਰ ਨਹੀਂ ਸੀ। ਦੋ ਮੁਲਜ਼ਮਾਂ ਦਾ ਵਾਰਦਾਤ ਸਮੇਂ ਖਾਲੀ ਹੱਥ ਹੋਣਾ ਸਾਬਤ ਹੁੰਦਾ ਸੀ। ਇਸ ਤਰ੍ਹਾਂ ਇਤਫ਼ਾਕਨ ਪੰਜ ਚੋਰਾਂ ਦਾ ਚੋਰੀ ਦੀ ਨੀਅਤ ਨਾਲ ਕਿਸੇ ਦੇ ਘਰ ਦਾਖ਼ਲ ਹੋਣ ਨਾਲ ਡਕੈਤੀ ਦਾ ਦੋਸ਼ ਸਾਬਤ ਨਹੀਂ ਹੋ ਜਾਂਦਾ। ਦੋਸ਼ੀਆਂ ਦਾ ਮਾਰੂ ਹਥਿਆਰਾਂ ਨਾਲ ਲੈਸ ਹੋਣਾ ਜ਼ਰੂਰੀ ਸੀ। ਮਾਰੂ ਹਥਿਆਰਾਂ ਦੀ ਅਣਹੋਂਦ ਇਹ ਸਿੱਧ ਕਰਦੀ ਸੀ ਕਿ ਦੋਸ਼ੀਆਂ ਦੀ ਘਰ ਦੇ ਮੈਂਬਰਾਂ ਨੂੰ ਸੱਟਾਂ ਮਾਰਨ ਦੀ ਨੀਅਤ ਨਹੀਂ ਸੀ। ਰਾਡ ਉਨ੍ਹਾਂ ਨੇ ਜਿੰਦੇ, ਅਲਮਾਰੀਆਂ ਤੋੜਨ ਲਈ ਨਾਲ ਲਏ ਸਨ। ਅਚਾਨਕ ਜਾਗੇ ਮੈਂਬਰਾਂ ਨਾਲ ਹੋਈ ਹੱਥੋਪਾਈ ਵਿਚ ਸੱਟਾਂ ਅਚਾਨਕ ਵੱਜੀਆਂ ਸਨ।

ਨਤੀਜਨ ਦੋਸ਼ੀਆਂ ਉਪਰ ਡਕੈਤੀ ਦਾ ਦੋਸ਼ ਸਾਬਤ ਨਹੀਂ ਸੀ ਹੁੰਦਾ।

ਮਾਰੂ ਹਥਿਆਰ ਕੇਵਲ ਪੰਚਮ ਕੋਲ ਸੀ। ਉਸੇ ਨੇ ਕਮਲ 'ਤੇ ਹਮਲਾ ਕੀਤਾ ਸੀ। ਉਸਦੇ ਕਾਰਨਾਮੇ ਲਈ ਦੂਜਿਆਂ ਨੂੰ ਦੋਸ਼ੀ ਨਹੀਂ ਸੀ ਠਹਿਰਾਇਆ ਜਾ ਸਕਦਾ। ਬਾਕੀ ਦੋਸ਼ੀਆਂ ਦਾ ਕਮਲ ਨੂੰ ਕਤਲ ਕਰਨ ਲਈ ਪੰਚਮ ਨਾਲ ਸਹਿਮਤ ਹੋਣ ਦਾ ਕੋਈ ਸਬੂਤ ਮਿਸਲ ਉਪਰ ਨਹੀਂ ਸੀ। ਇਸ ਲਈ ਪੰਚਮ ਆਪਣੇ ਕੀਤੇ ਦਾ ਆਪ ਜ਼ਿੰਮੇਵਾਰ ਸੀ।

ਪੰਚਮ ਦੀ ਉਮਰ ਸੰਬੰਧੀ ਇਕ ਰਿਪੋਰਟ ਮਿਸਲ ਉਪਰ ਮੌਜੂਦ ਸੀ। ਉਸ ਅਨੁਸਾਰ ਪੰਚਮ ਦੀ ਉਮਰ ਵੀਹ ਸਾਲ ਤੋਂ ਘੱਟ ਬਣਦੀ ਸੀ। ਮੁਦਈ ਧਿਰ ਨੇ ਇਸ ਰਿਪੋਰਟ ਨੂੰ ਝੁਠਲਾਉਣ ਲਈ ਕੋਈ ਸਬੂਤ ਪੇਸ਼ ਨਹੀਂ ਸੀ ਕੀਤਾ। ਮੁਦਈ ਧਿਰ ਦੇ ਇਸ ਤਰਕ ਵਿਚ ਕੋਈ ਦਮ ਨਹੀਂ ਸੀ ਕਿ ਸਫ਼ਾਈ ਧਿਰ ਨੇ ਪਹਿਲਾਂ ਇਹ ਪੱਖ ਵਿਚੇ ਛੱਡ ਦਿੱਤਾ ਸੀ ਅਤੇ ਪਿਛੋਂ ਡਾਕਟਰ ਦੀ ਰਿਪੋਰਟ ਸਾਬਤ ਨਹੀਂ ਸੀ ਕੀਤੀ। ਕਿਸ਼ੋਰ ਅਪਰਾਧੀਆਂ ਦੇ ਹਿੱਤਾਂ ਦੀ ਰਾਖੀ ਕਰਨਾ ਅਦਾਲਤ ਦੀ ਜ਼ਿੰਮੇਵਾਰੀ ਸੀ। ਜੱਜ ਡਾਕਟਰ ਦੀ ਰਿਪੋਰਟ ਨੂੰ ਨਜ਼ਰ-ਅੰਦਾਜ਼ ਨਹੀਂ ਸੀ ਕਰ ਸਕਦਾ।

ਪੰਚਮ ਨੂੰ ਕਮਲ ਦਾ ਕਾਤਲ ਠਹਿਰਾਇਆ ਗਿਆ। ਉਸਨੂੰ ਕਿਸ਼ੋਰ ਮੰਨਦੇ ਹੋਏ ਤਿੰਨ ਸਾਲ ਲਈ ਸੁਧਾਰ ਘਰ ਭੇਜਿਆ ਗਿਆ।

ਪੰਡਤ ਅਤੇ ਕਾਲੀਏ ਦੀ ਸਥਿਤੀ ਵੀ ਇਹੋ ਜਿਹੀ ਸੀ। ਉਨ੍ਹਾਂ ਨੇ ਵੇਦ ਅਤੇ ਨੀਲਮ ਨੂੰ ਰਾਡ ਨਾਲ ਸੱਟਾਂ ਮਾਰੀਆਂ ਸਨ। ਰਾਡ ਮਾਰੂ ਹਥਿਆਰ ਨਹੀਂ ਸੀ। ਇਸ ਲਈ ਉਹ ਵੀ ਤਿੰਨ ਸਾਲ ਦੀ ਕੈਦ ਦੇ ਹੱਕਦਾਰ ਸਨ।

ਚੋਰੀ ਕਰਨ ਦੀ ਨੀਅਤ ਨਾਲ ਕਿਸੇ ਦੇ ਘਰ ਦਾਖ਼ਲ ਹੋਣ, ਚੋਰੀ ਕਰਨ ਅਤੇ ਚੋਰੀ ਦਾ ਮਾਲ ਬਰਾਮਦ ਹੋਣ ਦੇ ਦੋਸ਼ ਪੰਜਾਂ ਦੋਸ਼ੀਆਂ ਉਪਰ ਸਾਬਤ ਹੁੰਦੇ ਹਨ। ਇਨ੍ਹਾਂ ਦੋਸ਼ਾਂ



ਵਿਚ ਵੱਧੋ-ਵੱਧ ਸਜ਼ਾ ਪੰਜ ਸਾਲ ਤਕ ਸੀ। ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ।

ਫੈਸਲਾ ਸੁਣਾਉਂਦੇ ਸਮੇਂ ਜੱਜ ਨੇ ਇਕ ਨੁਕਤਾ ਸਪੱਸ਼ਟ ਕੀਤਾ। ਇਨ੍ਹਾਂ ਸਜ਼ਾਵਾਂ ਦਾ ਜੋੜ ਨਹੀਂ ਹੋਣਾ। ਸਾਰੀਆਂ ਸਜ਼ਾਵਾਂ ਨੇ ਇਕੱਠੇ ਚੱਲਣਾ ਸੀ। ਮਤਲਬ ਵੱਧੋ-ਵੱਧ ਉਨ੍ਹਾਂ ਨੂੰ ਤਿੰਨ ਸਾਲ ਜੇਲ੍ਹ ਵਿਚ ਰਹਿਣਾ ਪੈਣਾ ਸੀ। ਛੇ, ਨੌਂ ਜਾਂ ਬਾਰਾਂ ਸਾਲ ਲਈ ਨਹੀਂ।

ਜਦੋਂ ਮੁੱਖ-ਦੋਸ਼ੀਆਂ ਉਪਰ ਸੋਚ ਸਮਝ ਕੇ ਕਤਲ ਕਰਨ ਜਾਂ ਡਾਕਾ ਮਾਰਨ ਦਾ ਦੋਸ਼ ਸਾਬਤ ਨਹੀਂ ਹੋਇਆ ਤਾਂ ਸਾਜ਼ਿਸ਼ ਕਰਕੇ ਇਨ੍ਹਾਂ ਜੁਰਮਾਂ ਨੂੰ ਕਰਾਉਣ ਕਾਰਨ ਕਟਹਿਰੇ ਵਿਚ ਖੜ੍ਹੇ ਦੋਸ਼ੀਆਂ ਨੂੰ ਮੁਜਰਮ ਕਿਸ ਤਰ੍ਹਾਂ ਘੋਸ਼ਿਤ ਕੀਤਾ ਜਾ ਸਕਦਾ ਸੀ?

ਪੰਕਜ ਅਤੇ ਨੀਰਜ ਨੂੰ ਬਾ-ਇੱਜ਼ਤ ਬਰੀ ਕੀਤਾ ਗਿਆ।

ਫੈਸਲਾ ਸੁਣਾ ਕੇ ਜੱਜ ਉੱਠਿਆ ਅਤੇ ਰਿਟਾਇਰਿੰਗ ਰੂਮ ਵਿਚ ਚਲਾ ਗਿਆ।

ਪੰਕਜ ਅਤੇ ਨੀਰਜ ਚੁਪਕੇ ਜਿਹੇ ਖਿਸਕ ਗਏ।

"ਮੁਲਜ਼ਮਾਂ ਨੂੰ ਸਜ਼ਾ ਹੋ ਗਈ" ਇਹ ਸੁਣਕੇ ਠੇਕੇਦਾਰ ਦਾ ਪਰਿਵਾਰ ਠੇਕੇਦਾਰ ਨਾਲ ਚਿੰਬੜ ਕੇ ਧਾਹਾਂ ਮਾਰਨ ਲੱਗਾ।

ਬਾਕੀ ਦੋਸ਼ੀਆਂ ਦੇ ਵਕੀਲ ਫ਼ੈਸਲਾ ਸੁਣਨ ਨਹੀਂ ਸਨ ਆਏ। ਇਕੱਲਾ ਠੇਕੇਦਾਰ ਦਾ ਵਕੀਲ ਆਇਆ ਸੀ।

"ਉਏ ਸਜ਼ਾ ਕਿਥੇ ਹੋਈ ਹੈ? ਇਹ 'ਤੇ ਬਰੀ ਹੋ ਗਿਆ। ਕੁੱਲ ਤਿੰਨ ਸਾਲ ਦੀ ਸਜ਼ਾ ਹੋਈ ਹੈ। ਦੋ ਸਾਲ ਕੱਟੇ ਗਏ। ਇਕ ਸਾਲ ਦੀ ਸਜ਼ਾ ਸਰਕਾਰ ਨੇ ਮੁਆਫ਼ ਕਰ ਰੱਖੀ ਹੈ। ਇਹ 'ਤੇ ਸ਼ਾਮ ਨੂੰ ਘਰ ਆਇਆ ਲਓ। ਲਿਆਓ ਮੇਰਾ ਇਨਾਮ ਕੱਢੋ।"

ਮੁਲਜ਼ਮ ਅਤੇ ਉਸਦੇ ਪਰਿਵਾਰ ਦਾ ਹੌਸਲਾ ਵਧਾਉਂਦਾ ਵਕੀਲ ਫੁੱਲਿਆ ਨਹੀਂ ਸੀ ਸਮਾਉਂਦਾ।

ਸੁੰਨ-ਵੱਟਾ ਬਣੀ ਖੜ੍ਹੀ ਨੇਹਾ ਫ਼ੈਸਲੇ ਦੇ ਅਰਥ ਕੱਢਣ ਲੱਗੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਦੋਸ਼ੀ ਸਜ਼ਾ ਹੋਏ ਹਨ ਜਾਂ ਬਰੀ ?

ਪਿਛੇ ਖੜ੍ਹਕੇ ਫ਼ੈਸਲਾ ਸੁਣਦਾ ਹਰੀਸ਼ ਨੇਹਾ ਦੀ ਦੁਬਿਧਾ ਤਾੜ ਗਿਆ।

"ਮਜ਼ਰੂਬ ਹਸਪਤਾਲ ਵਿਚ ਪਏ ਹਨ। ਦੋਸ਼ੀ ਘਰ ਨੂੰ ਚੱਲੇ ਹਨ।"

ਅੱਗੇ ਵਧ ਕੇ ਨੇਹਾ ਦੇ ਸਿਰ 'ਤੇ ਹੱਥ ਰੱਖ ਕੇ ਨਾਲੇ ਹਰੀਸ਼ ਨੇ ਨੇਹਾ ਨਾਲ ਹਮਦਰਦੀ ਪਰਗਟਾਈ ਨਾਲੇ ਫ਼ੈਸਲੇ ਦੇ ਅਰਥ ਸਮਝਾਏ।

"ਹੌਸਲਾ ਰੱਖ ਧੀਏ! ਇਸ ਅਦਾਲਤ ਦਾ ਫ਼ੈਸਲਾ ਅੰਤਿਮ ਨਹੀਂ। ਆਪਾਂ ਉਪਰ ਅਪੀਲ ਕਰਾਂਗੇ।"

ਨੇਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਇਹ ਆਖਿਆ ਜ਼ਰੂਰ। ਉਂਝ ਉਸ ਨੂੰ ਪਤਾ ਸੀ ਉਪਰ ਵੀ ਇਹੋ ਕੁਝ ਹੋਣ ਵਾਲਾ ਸੀ।